Digitized by Arya Samaj Foundation Chennai and eGangotri

# ਵਾਣੀ ਗੁਰੂ ਬੰਦਨ

ਡਾ. ਮਹਿੰਦਰ ਕੌਰ ਗਿਲ

CC-0. In Public Domain. Gurukul Kangri Collection, Haridwar

ya Samaj Foundation Chennai

# वृत्तिः दुःखम्

डॉ० मीनाक्षी शर्मा

Domain. Gurukul Kangri Colle

Digitized by Arya Samaj Foundation Chennai and eGangotri

ਡਾ. ਮਹਿੰਦਰ ਕੌਰ ਗਿਲ ਬੜੇ ਅਰਸੇ ਤੋਂ ਗੁਰਬਾਣੀ ਤੇ ਗੁਰਮਤਿ ਦੀ ਵਿਆਖਿਆ ਸਮਕਾਲੀ ਸਾਹਿਤਕ ਮੁਹਾਵਰੇ ਵਿਚ ਕਰਨ ਦੀ ਭੂਮਿਕਾ ਨਿਭਾਉਣ ਦਾ ਅਣਥੱਕ ਜਤਨ ਕਰਦੇ ਆਏ ਹਨ। ਬਾਣੀ ਚਿੰਤਨ, ਬਾਣੀ ਬਿਬੇਕ, ਬਾਣੀ ਵਿਧਾਨ, ਬਾਣੀ ਅਧਿਐਨ, ਬਾਣੀ ਸਾਰ, ਬਾਣੀ ਮੰਡਲ, ਬਾਣੀ ਚੇਤਨਾ,ਬਾਣੀ : ਰੂਪ-ਪ੍ਰਬੰਧ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ,ਆਦਿ-ਗ੍ਰੰਥ ਛੰਤ-ਵਿਵੇਚਨ ਆਦਿ ਪੁਸਤਕਾਂ ਉਹਨਾਂ ਦੇ ਅਵਿਰਲ ਜੱਤਨਾਂ ਦਾ ਭਰਪੂਰ ਪ੍ਰਮਾਣਿਕ ਸਿੱਟਾ ਹਨ।

ਬਾਣੀ ਦੇ ਬੌਧਿਕ ਅਧਿਐਨ ਵਿਚ ਉਹਨਾ ਦਾ ਮੁਹਾਂਦਰਾ ਲਗਾਤਾਰ ਵਿਲੱਖਣ,ਤੇ ਯੋਗਦਾਨ ਪ੍ਰਭਾਵਸ਼ਾਲੀ ਰਿਹਾ ਹੈ। ਇਸੇ ਕਾਰਣ ਅਨੇਕਾਂ ਵੱਖ ਵੱਖ ਧਾਰਮਕ ਤੇ ਸਾਹਿੱਤਕ ਸੰਸਥਾਵਾਂ ਵਲੋਂ ਉਹਨਾਂ ਦੀਆਂ ਰਚਨਾਵਾਂ ਨੂੰ ਸੁਯੋਗ ਸਨਮਾਨ ਪ੍ਰਾਪਤ ਹੋਇਆ ਹੈ।

ਹੱਥਲੀ ਪੁਸਤਕ 'ਬਾਣੀ : ਰੂਪ-ਪ੍ਰਬੰਧ', ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਤੇ ਸਾਹਿੱਤਕ ਰੂਪਾਵਲੀ ਦੀ ਗੰਭੀਰ ਪੇਸ਼ਕਾਰੀ ਕਰਦੀ ਹੈ। ਇਸ ਅੰਦਰ ਲੋਕ ਪਰੰਪਰਾ ਤੋਂ ਲੈ ਕੇ ਸਾਹਿੱਤ ਰੂਪਾਂ ਤੇ ਸਾਹਿੱਤ ਸਮੀਖਿਆ ਤਕ ਦੀਆਂ ਅੰਤਰ ਸੋਝੀਆਂ ਕਿਧਰੇ ਨਵੇਕਲੀਆਂ ਤੇ ਕਿਧਰੇ ਮਿਸ਼੍ਰਤ ਹੋ ਕੇ ਉਚਿਤ ਭੂਮਿਕਾਵਾਂ ਨਿਭਾਉਂਦੀਆਂ ਦਿਸ ਆਉਂਦੀਆਂ ਹਨ।

ਸੁਘੜ ਲੇਖਕਾ ਨੇ ਕਈ ਵਿਵਾਦੀ ਪਹਿਲੂਆਂ ਬਾਰੇ ਵੀ ਨਿਰਣਾ ਲੈਣ ਦਾ ਉਪਰਾਲਾ ਕੀਤਾ ਹੈ। ਬਾਣੀ ਦੇ ਅੰਕਣ-ਪ੍ਰਬੰਧ, ਰਾਗ-ਪ੍ਰਬੰਧ, ਘਰ-ਪ੍ਰਬੰਧ, ਰਹਾਉ-ਪ੍ਰਬੰਧ ਆਦਿ ਬਾਰੇ ਵੀ ਵਿਚਾਰ ਪ੍ਰਸਤੁਤ ਕੀਤੇ ਹਨ। ਇਸ ਦੇ ਸਾਹਿੱਤ ਰੂਪਾਂ ਦੀ ਵਿਸਤ੍ਰਿਤ ਚਰਚਾ ਕਰ ਕੇ, ਤੇ ਇਸ ਦੇ ਸੰਗ੍ਰਹੀਤ ਰੂਪ ਨੂੰ ਵਿਚਾਰਦਿਆਂ ਲੇਖਕਾ ਨੇ ਬਾਣੀ ਦਾ ਵਿਲੱਖਣ ਰੂਪ ਉਘਾੜਿਆ ਹੈ।

ਗੁਰਬਾਣੀ ਦੇ ਸਿਖਿਆਰਥੀਆਂ ਲਈ ਇਹ ਰਚਨਾ ਅਵੱਸ਼ ਇਕ ਪਾਠ-ਪੁਸਤਕ ਦਾ ਦਰਜਾ ਰਖਦੀ ਹੈ।

—ਡਾ. ਜਸਵੰਤ ਸਿੰਘ ਨੇਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7732

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਣੀ : ਰੂਪ ਮੂਰੀਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬਾਣੀ : ਰੂਪ ਪ੍ਰਬੰਧ

ਡਾ. ਮਹਿੰਦਰ ਕੌਰ ਗਿਲ

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



7732

DONATION

## ਇਸੇ ਕਲਮ ਤੋਂ—

**ਸਮੀਖਿਆ**—ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਗੁਰੂ ਤੇਗ ਬਹਾਦਰ ਬਾਣੀ ਅਧਿਐਨ, ਬਾਣੀ ਚਿੰਤਨ, ਬਾਣੀ ਚੇਤਨਾ, ਆਦਿ ਗ੍ਰੰਥ ਛੰਤ-ਵਿਵੇਚਨ, ਗੁਰੂ ਅਮਰਦਾਸ ਬਾਣੀ ਵਿਚਾਰ,ਆਦਿ ਗ੍ਰੰਥ ਲੋਕ ਰੂਪ, ਵੇਕੀ, ਪ੍ਰਗੀਤ, ਬਾਣੀ ਵਿਧਾਨ, ਬਾਣੀ ਅਧਿਐਨ, ਅੰਤਰਮੁਖੀ, ਬਾਣੀ ਬਿਬੇਕ, ਸਾਹਿਤ ਵਿਹਾਰ,ਬਾਣੀ ਸਾਰ, ਆਦਿ ਗ੍ਰੰਥ ਰਚਨਾ ਰੂਪ,ਬਾਣੀ ਮੰਡਲ, ਬਾਣੀ : ਰੂਪ-ਪ੍ਰਬੰਧ, ਬਾਣੀ ਲੋਕ

**ਜੀਵਨੀ**—ਮਾਤਾ ਸੁੰਦਰੀ ਜੀ, ਗੁਰੂ ਮਹਿਲ ਗਾਥਾ, ਪੰਜਾਬ ਦੀਆਂ ਬੀਰ ਨਾਰੀਆਂ

**ਕਵਿਤਾ**—ਕਾਤਰਾਂ, ਹੁਣ ਤੂੰ ਸਾਲਗ੍ਰਾਮ ਨਹੀਂ, ਹਵਾ ਠਹਿਰ ਗਈ

**ਅਨੁਵਾਦਿਤ**—ਜ਼ਖਮੀ ਪਰਛਾਵੇਂ, ਮਰਿਆ ਹੋਇਆ ਚੰਨ, ਸਿਸਦਰ ਨਿਵੇਦਤਾ

**ਟੈਕਸਟ**—ਬਾਣੀ ਬੋਧ, ਵਿਹਾਰਕ ਪੰਜਾਬੀ, ਕਾਵਿ ਕਮਾਈ (ਸਾਂਝੀ)

**ਸੰਪਾਦਿਤ**—ਗੁਰਮਤਿ ਕਾਵਿ ਸੈਮੀਨਾਰ, ਸੁਖਨਵਰ : ਡਾ. ਹਰਿਭਜਨ ਸਿੰਘ,ਕਥਾਕਾਰ : ਕਰਤਾਰ ਸਿੰਘ ਦੁਗਲ, ਲੋਕਯਾਨ ਯਾਤਰੀ : ਦਵਿੰਦਰ ਸਤਿਆਰਥੀ, ਹਾਸ ਸੈਲਾਨੀ : ਪਿਆਰਾ ਸਿੰਘ ਦਾਤਾ, ਪੰਜਾਬੀ ਵਾਰਤਕ ਸੈਮੀਨਾਰ, ਕੰਪੋਜ਼ਿਟ ਸਾਹਿਤ, ਕਲਾ ਕਰਮੀ : ਡਾ. ਜਸਵੰਤ ਸਿੰਘ ਨੇਕੀ, ਸੁਹਜ ਸਿਰਜੀ : ਡਾ. ਹਰਿਭਜਨ ਸਿੰਘ, ਧਰਮ ਮੂਰਤਿ : ਮਾਤਾ ਸੁੰਦਰੀ ਜੀ (ਪੰਜਾਬੀ,ਹਿੰਦੀ,ਅੰਗ੍ਰੇਜ਼ੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

BANI : ROOP PARBANDH

by Dr. M. K. Gill, Principal
Mata Sundri College, New Delhi

Published by
NATIONAL BOOK SHOP
Pleasure Garden Market,
Chandni Chowk, Delhi-110006 Ph. 3278392

ISBN. 81—7116—106-5

1991 : ਮੁਲ 200 ਰੁਪਏ : ਪ੍ਰਕਾਸ਼ਕ—ਨੈਸ਼ਨਲ ਬੁਕ ਸ਼ਾਪ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿਲੀ-110006 : ਆਰਟਿਸਟ—ਸੁਭਾਸ਼ ਮਦਾਨ : ਪ੍ਰਿੰਟਰ ਨੈਸ਼ਨਲ ਪ੍ਰੈਸ ਆਫ਼ ਇੰਡੀਆ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿਲੀ : © ਲੇਖਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਣੀ ਰਸੀਏ

ਤ੍ਰਿਲੋਚਨ ਸਿੰਘ ਵੀਰ ਜੀ

ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਤਤਕਰਾ


| | |
|---|---|
| ਭੂਮਿਕਾ | 10 |
| **ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ** | 17 |
| ਪ੍ਰਾਕਥਨ | 19 |
| ਸੰਕਲਨ ਕਾਰਨ | 23 |
| ਬਾਣੀ ਇਕੱਤਰ ਕਰਨ ਦੇ ਸ੍ਰੋਤ | 27 |
| ਬਾਣੀਕਾਰਾਂ ਤੇ ਬਾਣੀ ਦਾ ਅੰਕਣ-ਪ੍ਰਬੰਧ | 33 |
| ਮੰਗਲ ਪ੍ਰਬੰਧ | 40 |
| ਰਾਗ ਪ੍ਰਬੰਧ | 70 |
| ਅੰਕ-ਅੰਕਣ ਪ੍ਰਬੰਧ | 79 |
| ਆਦਿ ਗ੍ਰੰਥ ਦਾ ਸਿਰਲੇਖ ਪ੍ਰਬੰਧ | 99 |
| ਆਦਿ ਗ੍ਰੰਥ ਦਾ ਘਰ-ਪ੍ਰਬੰਧ | 105 |
| ਆਦਿ ਗ੍ਰੰਥ ਦਾ ਰਹਾਉ-ਪ੍ਰਬੰਧ | 109 |
| ਆਦਿ ਗ੍ਰੰਥ ਰਾਗ ਮੁਕਤ ਰਚਨਾ ਦਾ ਪ੍ਰਬੰਧ | 118 |
| ਸਾਰ | 128 |
| **ਗੁਰੂ ਗ੍ਰੰਥ ਸਾਹਿਬ ਸਾਹਿਤਕ ਰੂਪ** | 135 |
| ਰਚਨਾ-ਰੂਪ : ਇਕ ਅਧਿਐਨ | 137 |
| ਰੂਪ ਵੰਡ | 160 |
| ਵਿਲੱਖਣ ਰੂਪ | 140 |
| ਸੰਗ੍ਰੀਹਤ ਰੂਪ | 174 |
| ਸਾਹਿਤਕ ਰੂਪ | 179 |
| ਅਸਟਪਦੀਆਂ | 197 |
| ਵਾਰ | 207 |
| ਪਉੜੀ | 218 |
| ਸਲੋਕ | 223 |
| ਕਾਫ਼ੀ | 226 |


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਨ ਅਖਰੀ 231
ਪਟੀ 238
ਗੋਸ਼ਟ 241
ਸੋਲਹੇ 245
ਸਾਰ 250
**ਗੁਰੂ ਗ੍ਰੰਥ ਸਾਹਿਬ : ਲੋਕ ਰੂਪ** 255
ਪ੍ਰਾਕਥਨ 257
ਲੋਕ ਕਾਵਿ-ਪਿੱਠ ਭੂਮੀ 263
ਅਨੁਸ਼ਾਨਿਕ ਰੂਪ 280
ਛੰਤ ਸੂਚੀ 285
ਗੁਰੂ ਨਾਨਕਦੇਵ ਜੀ ਰਚਿਤ ਛੰਤਾਂ ਦਾ ਸੰਗਠਨਾਤਮਕ ਅਧਿਐਨ 302
ਘੋੜੀਆਂ 316
ਅਲਾਹਣੀਆਂ 320
ਅੰਜਲੀਆਂ 325
ਸਦ 329
ਮੁੰਦਾਵਣੀ 333
ਤਿਥੀ ਵਾਰਕ ਰੂਪ 335
ਪਹਿਰੇ 343
ਦਿਨ ਰੈਣਿ 346
ਵਾਰਸਤ 349
ਥਿਤੀ 355
ਰੁਤੀ 361
ਸੋਹਿਲਾ ਆਤਮਕ-ਰੂਪ 369
ਆਰਤੀ 372
ਮੰਗਲ 377
ਉਦਯੋਗਾਤਮਕ ਰੂਪ 381
ਕਰਹਲੇ 381
ਵਣਜਾਰਾ 385
ਲੋਕ ਮੁਹਾਵਰਾ ਬੋਧਕ 389



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭੂਮਿਕਾ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਬਹੁਤ ਵਡੇ ਅਕਾਰ ਵਾਲਾ ਗ੍ਰੰਥ ਹੈ । ਇਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਾਰਤ ਦੇ ਪੰਦਰਾਂ ਸੰਤਾਂ ਭਗਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਿਲ ਹੈ । ਬਾਣੀ ਦਾ ਪਾਠ-ਅਭਿਆਸ ਅਤੇ ਅਧਿਐਨ-ਕਰਮ ਦੋ ਵਖੋ ਵਖ ਸ਼ੈਲੀਆਂ ਨਾਲ ਸੰਬੰਧਿਤ ਹੈ । ਬਾਣੀ-ਬੋਹਿਥ ਵਿਚੋਂ ਬਾਣੀਕਾਰ ਵਿਸ਼ੇਸ਼ ਦੀ ਰਚਨਾ ਤੇ ਉਸ ਦੁਆਰਾ ਰਚੇ ਗਏ ਅਨੇਕ ਤਰ੍ਹਾਂ ਦੇ ਰਚਨਾ-ਰੂਪਾਂ ਨੂੰ ਹੋਰ ਬਾਣੀਕਾਰਾਂ ਨਾਲੋਂ ਕਿਸ ਤਰ੍ਹਾਂ ਨਿਖੇੜਿਆ ਜਾ ਸਕਦਾ ਹੈ, ਜਾਂ ਜੋੜ ਕੇ ਵੇਖਿਆ ਜਾ ਸਕਦਾ ਹੈ ? ਆਦਿ, ਨੂੰ ਸਮਝਣ ਲਈ ਗੁਰੂ ਗ੍ਰੰਥ ਸਾਹਿਬ ਦੀਆਂ ਸੰਪਾਦਕੀ ਜੁਗਤਾਂ ਨੂੰ ਜਾਣਨਾ ਲਾਜ਼ਮੀ ਹੈ । ਬਾਣੀ-ਰਚਨਾ ਦੀ ਇਕ ਰਸ, ਇਕ ਰੂਪ ਪ੍ਰਭਾਵ-ਸਿਰਜਣਾ ਮਹਿਜ਼ ਸੰਜੋਗ ਨਹੀਂ । ਸਗੋਂ ਇਸ ਦੇ ਇਕ ਰਸ, ਇਕ ਰੂਪ ਪ੍ਰਭਾਵ ਨੂੰ ਬਣਾਈ ਰੱਖਣ ਲਈ ਇਸ ਵਿਚ ਇਕ ਖ਼ਾਸ ਤਰ੍ਹਾਂ ਦੀ ਵਿਧੀ-ਵਿਉਂਤ ਵੀ ਵਿਆਪਕ ਹੈ । ਦਰਅਸਲ, ਬਾਣੀਰਚਨਾ ਦੀ ਅੰਤਰੰਗ ਤੇ ਬਹਿਰੰਗ ਬਣਤਰ ਵਿਚ ਇਕ ਖ਼ਾਸ ਤਰ੍ਹਾਂ ਦੀ ਇਕਸੁਰਤਾ (Harmony) ਵਿਆਪਕ ਹੈ । ਇਹੋ ਸੰਪਾਦਨ-ਕਲਾ ਦੀ ਉਚੇਰੀ ਸੂਝ ਅਤੇ ਕਲਾਕਾਰੀ ਦਾ ਉੱਤਮ ਨਮੂਨਾ ਹੈ । ਸਾਰੀ ਦੀ ਸਾਰੀ ਬਾਣੀ ਰਾਗ ਬੱਧ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚੋਂ ਰਾਗ-ਲਿਪੀ ਅਸਲੋਂ ਗ਼ਾਇਬ ਹੈ । ਬਾਣੀਕਾਰ ਵਿਸ਼ੇਸ਼ ਦਾ ਨਾਮ ਅਲੋਪ ਹੈ ਪਰ ਨਾਮ-ਸੰਕੇਤ ਮੌਜੂਦ ਹੈ । ਬਾਣੀ-ਰਚਨਾ ਵਿਚ ਮਹਲਾ-ਅੰਕ ਇਸੇ ਤੱਥ ਦਾ ਸੂਚਕ ਹੈ । ਸਾਰੀ ਦੀ ਸਾਰੀ ਬਾਣੀ ਸਾਹਿਤਕ ਰਚਨਾ-ਰੂਪਾਂ ਅਤੇ ਲੋਕ ਕਾਵਿ-ਰੂਪਾਂ ਦੀ ਤਰਜ਼ ਤੇ ਉਚਾਰੀ ਗਈ ਹੈ । ਪਰ ਇਸਦਾ ਨਿਖੇੜਾ ਕੇਵਲ ਸਿਰਲੇਖ, ਉਪਸਿਰਲੇਖ ਜਾਂ ਅਨੁ ਸਿਰਲੇਖ ਰਾਹੀਂ ਕਰ ਦਿੱਤਾ ਗਿਆ ਹੈ ।

ਇਥੇ ਧਿਆਨ ਯੋਗ ਨੁਕਤਾ ਤਾਂ ਇਹ ਹੈ, ਇਹ ਸਿਰਲੇਖ ਨਿਰੇ ਉਚਾਰਣ ਮਾਤ੍ਰ ਨਹੀਂ ਸਗੋਂ ਇਹਨਾਂ ਦਾ ਗੁਰਬਾਣੀ ਦੀ ਵਸਤੂ-ਸਾਮਗ੍ਰੀ ਨਾਲ ਬਹੁਤ ਗਹਿਰਾ ਸੰਬੰਧ ਹੈ । ਇਹ ਸਿਰਲੇਖ ਇਕ ਖ਼ਾਸ ਤਰ੍ਹਾਂ ਦੀ ਦਿਸ਼ਾ ਪ੍ਰਦਾਨ ਕਰਦੇ ਹਨ । ਮਹਿਲਾ-ਅੰਕ ਕ੍ਰਮਵਾਰ ਚਲਦੇ ਰਹਿੰਦੇ ਹਨ ਪਰ ਅੰਤਿਮ ਪੰਕਤੀ ਵਿਚਲਾ 'ਨਾਨਕ' ਪਦ ਬਾਣੀ-ਰਚਨਾ ਵਿਚ ਇਕ ਰਸ ਇਕ ਰੂਪਤਾ ਬਣਾਈ ਰੱਖਣ ਵਿਚ ਕਾਰਗਰ ਸਾਧਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਬਾਣੀ ਬੋਹਿਥ ਵਿਚੋਂ ਬਾਣੀ ਵਿਸ਼ੇਸ਼ ਤਾਂ ਹੀ ਲੱਭੀ ਜਾ ਸਕਦੀ ਹੈ, ਜੇ ਬਾਣੀ-ਅੰਕਣ ਦੀ ਤਰਤੀਬ ਦਾ ਪਤਾ ਹੋਵੇ। ਮੈਨੂੰ ਯਾਦ ਹੈ, ਇਕ ਵੇਰਾਂ ਮੈਂ ਐਮ.ਏ. ਦੇ ਵਿਦਿਆਰਥੀਆਂ ਨੂੰ 'ਮਲਾਰ ਦੀ ਵਾਰ' ਦਾ ਪਾਠ ਕਰ ਕੇ ਆਉਣ ਲਈ ਕਿਹਾ ਸੀ, ਅਗਲੇ ਪੀਰੀਅਡ ਵਿਚ ਪੁੱਛਣ ਦੇ ਇਕ ਨੂੰ ਛੱਡ ਕੇ ਸਭ ਨੇ ਕਿਹਾ ਸੀ, "ਜੀ ਅਸੀਂ ਸ਼ਬਦਾਰਥ ਵੇਖਦੇ ਰਹੇ ਪਰ ਮਲਾਰ ਦੀ ਵਾਰ ਨਹੀਂ ਲੱਭੀ।" ਸਾਫ਼ ਹੈ, ਬਾਣੀ-ਬੋਹਿਥ ਵਿਚੋਂ ਰਚਨਾ-ਵਿਸ਼ੇਸ਼ ਤਾਂ ਹੀ ਲੱਭੀ ਜਾ ਸਕਦੀ ਹੈ ਜੇ ਬਾਣੀ-ਅੰਕਣ ਦੀ ਤਰਤੀਬ ਦਾ ਪਤਾ ਹੋਵੇ।

ਰਾਗਬੱਧ ਬਾਣੀ ਵਿਚ 'ਰਹਾਉ' ਇਕ ਜੁਗਤ ਹੈ। ਇਸਦੇ ਅਨੇਕ ਅਰਥ ਹਨ। ਇਹ ਬਹੁ-ਮੁਖੀ ਅਰਥ ਰੱਖਣ ਦੇ ਬਾਵਜੂਦ ਵੀ ਆਪਣਾ ਵਜੂਦ ਭਾਰੀ ਨਹੀਂ ਹੋਣ ਦੇਂਦੀ, ਸਗੋਂ ਬਾਣੀ-ਰਚਨਾ ਵਿਚ ਸਹਿਜ ਰੂਪ ਵਿਚ ਸਮਾਈ ਰਹਿੰਦੀ ਹੈ। ਇਹੋ ਹਾਲ ਘਰ-ਸੰਕੇਤ ਦਾ ਹੈ। ਇਸ ਸੰਦਰਭ ਵਿਚ ਜਾਣਨ ਯੋਗ ਤੱਥ ਤਾਂ ਇਹ ਹੈ 'ਰਹਾਉ' ਕਦੇ ਸਿਰਲੇਖ-ਰੂਪ ਕਰਕੇ ਨਹੀਂ ਵਰਤਿਆ ਗਿਆ। ਇਹ ਹਮੇਸ਼ਾ ਸ਼ਬਦ-ਰਚਨਾ ਦੇ ਦਰਮਿਆਨ ਜਾਂ ਰਤਾ ਉਰਾਂ ਪਰਾਂ ਹੁੰਦਾ ਹੈ। ਘਰ-ਸੰਕੇਤ ਹਮੇਸ਼ਾ ਅਨੁ ਸਿਰਲੇਖ ਹੀ ਹੁੰਦਾ ਹੈ, ਰਚਨਾ ਦੇ ਵਿਚਕਾਰ ਨਹੀਂ। ਇਸੇ ਤੋਂ ਇਹ ਟੂਹ ਪ੍ਰਾਪਤ ਹੁੰਦੀ ਹੈ, ਸੰਪਾਦਕ ਬਾਣੀਕਾਰ ਨੇ ਆਪਣੀਆਂ ਸੰਪਾਦਕੀ ਜੁਗਤਾਂ ਦੀਆਂ ਬਰੀਕੀਆਂ ਦੇ ਸਪਸ਼ਟ ਸੰਕੇਤ ਲਈ ਇਹਨਾਂ ਦਾ ਨਿਸਚਿਤ ਸਥਾਨ ਮੁਕੱਰਰ ਕਰ ਰੱਖਿਆ ਹੈ,ਜਿਥੋਂ ਅਧਿਐਨ ਕਰਤਾ ਨੂੰ ਇਕ ਦਿਸ਼ਾ ਮਿਲ ਜਾਂਦੀ ਹੈ। ਬਾਣੀ ਦੇ ਸਿਰਲੇਖ, ਉਪਸਿਰਲੇਖ ਤੇ ਅਨੁ-ਸਿਰਲੇਖ ਇਕ ਖ਼ਾਸ ਤਰ੍ਹਾਂ ਦੀ ਦਿਸ਼ਾ ਪ੍ਰਦਾਨ ਕਰਦੇ ਹਨ। ਸਿਰਲੇਖ-ਸੰਕੇਤ ਬਾਣੀ ਦੇ ਬਾਹਰਲੇ ਸਰੂਪ ਜਾਂ ਬਾਹਰਲੀ ਬਣਤਰ ਨੂੰ ਸਪਸ਼ਟ ਕਰਦੇ ਹਨ। ਚਉਪਦਾ ਆਪਣੇ ਆਪ ਵਿਚ ਪਦਾ-ਰੂਪ ਦੀ ਇਕ ਕਿਸਮ ਹੈ। ਪਦਾ-ਰੂਪ ਦੀਆਂ ਅਨੇਕ ਵੰਨਗੀਆਂ ਹਨ। ਇਸ ਦਾ ਸੰਬੰਧ ਸਾਹਿਤਕ-ਰੂਪਾਂ ਨਾਲ ਹੈ। 'ਪਦਾ'-ਸੰਕੇਤ ਜਿਥੇ ਪਦਾ-ਰੂਪ ਦੀਆਂ ਵੰਨਗੀਆਂ ਦਾ ਸੰਕੇਤਕ ਹੈ ਉਥੇ ਇਸ ਦੀ ਸਾਹਿਤਕ ਵਿਧਾ ਨੂੰ ਵੀ ਜਣਾਉਂਦਾ ਹੈ। ਸਾਹਿਤ ਆਚਾਰੀਆਂ ਨੇ ਪਦਾ-ਰੂਪ ਨੂੰ ਪ੍ਰਗੀਤ-ਕੋਟੀ ਦੇ ਅੰਤਰਗਤ ਵਿਚਾਰਿਆ ਹੈ। ਸੰਖੇਪ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਉਪਰ ਅੰਕਿਤ ਸਿਰਲੇਖ ਬਾਣੀ ਦੇ ਰੂਪ-ਪ੍ਰਬੰਧ ਨੂੰ ਸਮਝਣ ਵਿਚ ਨਾ ਕੇਵਲ ਦਿਸ਼ਾ ਪ੍ਰਦਾਨ ਕਰਦੇ ਹਨ, ਸਗੋਂ ਰਚਨਾ-ਵਿਸ਼ੇਸ਼ ਦੇ ਸਹੀ ਰੂਪ ਨੂੰ ਵੀ ਜਣਾਉਂਦੇ ਹਨ। ਮਿਸਾਲ ਵਜੋਂ 'ਸਿਧ ਗੋਸਟਿ' ਇਥੇ 'ਗੋਸਟਿ' ਬਾਣੀ ਦੇ ਰੂਪ ਦਾ ਸੰਕੇਤਕ ਹੈ ਤੇ 'ਸਿਧ' ਉਹ ਲੋਕ ਜਿਨ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਨੇ ਗੋਸਟੀ ਕੀਤੀ ਸੀ ਨੂੰ ਜਣਾਉਂਦਾ ਹੈ। ਇਥੇ ਹੀ ਇਹ ਸੰਕੇਤ ਵੀ ਪ੍ਰਾਪਤ ਹੈ 'ਗੋਸਟਿ' ਆਪਣੇ ਆਪ ਵਿਚ ਸਾਹਿਤਕ ਰੂਪ ਹੈ। ਇਸ ਦੀ ਪ੍ਰਮੁਖ ਜੁਗਤ ਸੰਬਾਦ ਹੈ, ਜਿਸ ਵਿਚ ਦੋ ਧਿਰਾਂ ਹੁੰਦੀਆਂ ਹਨ। ਦੋਵੇਂ ਆਪੋ ਆਪਣੇ ਮਤ ਨੂੰ ਵਾਦ-ਵਿਵਾਦ ਰਾਹੀਂ ਸਪਸ਼ਟ ਕਰਦੀਆਂ ਹਨ। ਇਸ ਵਿਚ ਬੌਧਿਕਤਾ ਦਾ ਬੋਲਬਾਲਾ ਹੁੰਦਾ ਹੈ। ਸਪਸ਼ਟ ਹੈ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਗੋਸਟਿ' ਲੋਕ-ਰੂਪ ਨਹੀਂ । ਇਹ ਚਿੰਤਨਸ਼ੀਲ ਰਚਨਾ ਹੈ । ਚਿੰਤਨ ਆਮ ਲੋਕਾਂ ਦੀ ਸਮਝ ਨਾਲੋਂ ਉਚੇਰੀ ਵਸਤੂ ਹੈ । ਇਸ ਤੱਥ ਦਾ ਸਹੀ-ਸਪਸ਼ਟ ਬੋਧ ਇਸ ਰਚਨਾ ਦੇ ਸਿਰਲੇਖ ਤੋਂ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ।

ਨਾਲੇ, ਇਕ ਗੱਲ ਹੋਰ ਵੀ ਵਾਚਣ ਯੋਗ ਹੈ, ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀਆਂ ਅਜੇਹੀਆਂ ਹਨ, ਜੋ ਨਾਮ ਜਾਂ ਸਿਰਲੇਖ ਵਿਸ਼ੇਸ਼ ਕਰਕੇ ਜਾਣੀਆਂ ਜਾਂਦੀਆਂ ਹਨ, ਜੇਹਾ ਕਿ—

ਜਪੁਜੀ ਸਾਹਿਬ, ਸੁਖਮਨੀ ਸਾਹਿਬ, ਅਨੰਦੁ ਸਾਹਿਬ

ਸੁਆਲ ਹੈ, ਅਜੇਹੀਆਂ ਬਾਣੀਆਂ ਦੀ ਗਣਨਾ ਸਾਹਿਤਕ ਰੂਪਾਂ ਵਿਚ ਕੀਤੀ ਜਾਣੀ ਚਾਹੀਦੀ ਹੈ ਜਾਂ ਲੋਕ-ਰੂਪਾਂ ਵਿਚ ਜਾਂ ਇਹਨਾਂ ਦੀ ਰੂਪ-ਵਿਧੀ ਅਸਲੋਂ ਵਿਲੱਖਣ ਹੋਣ ਕਰ ਕੇ ਦੋਹਾਂ ਤੋਂ ਵਖਰੀ ਹੈ ? ਦਰਅਸਲ ਰੂਪ ਤਾਂ ਰੂਪ ਹੈ । ਸਾਹਿਤਕ ਰੂਪ ਜਾਂ ਲੋਕ ਰੂਪ ਤਾਂ ਉਹ ਵੰਡ-ਪ੍ਰਕਾਰ ਹੈ, ਜਿਥੋਂ ਇਹ ਥਹੁ ਮਿਲਦੀ ਹੈ ਕਿ ਕੁਝ ਬਾਣੀਆਂ ਅਜੇਹੀਆਂ ਹਨ ਜਿਨ੍ਹਾਂ ਨੂੰ ਲੋਕ ਸਾਂਸਕ੍ਰਿਤੀ ਦੀ ਪੁੱਠ ਚਾੜ੍ਹੀ ਗਈ ਹੈ ਤੇ ਕੁਝ ਅਜੇਹੀਆਂ ਜੋ ਰਤਾ ਕੁ ਇਹਨਾਂ ਤੋਂ ਵਿਥ 'ਤੇ ਹਨ ਅਤੇ ਉਹਨਾਂ ਬਾਰੇ ਸਾਹਿਤ ਆਚਾਰੀਆਂ ਨੇ ਸਾਹਿਤ-ਰੂਪਾਂ ਦੀ ਵੰਨ ਸਵੰਨ ਅਨੇਕਤਾ ਅਧੀਨ ਨਿੱਠ ਕੇ ਵਿਚਾਰ ਕੀਤੀ ਹੋਈ ਹੈ । ਅਧਿਐਨ-ਕਰਮ ਦੀ ਮੂਲ ਸ਼ਰਤ ਨਿਖੇੜਾ ਕਰਨਾ ਹੈ। ਸੰਕਲਪ ਤੋਂ ਸੰਕਲਪ ਨੂੰ ਨਿਖੇੜਨਾ, ਵਸਤੂ ਤੋਂ ਵਸਤੂ ਨੂੰ ਨਿਖੇੜਨਾ, ਰੂਪ ਤੋਂ ਰੂਪ ਨੂੰ ਨਿਖੇੜਨਾ, ਹਰ ਰੂਪ ਦੀ ਆਪਣੀ ਨਿਵੇਕਲੀ ਨੁਹਾਰ ਨੂੰ ਪਛਾਣਨਾ ਹੈ । ਇਸੇ ਕਰਕੇ ਸੰਗ੍ਰੀਹਤ ਰੂਪ : ਸੋਦਰੁ ਤੇ ਸੋਹਿਲਾ ਆਪਣੇ ਵਖਰੇ ਵਖਰੇ ਸਰੂਪ ਦੇ ਧਾਰਣੀ ਹਨ। ਪਦਾ, ਇਕਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ, ਛਿਪਦਾ ਤੇ ਅਸਟ-ਪਦੀ ਆਪਣੇ ਨਿਵੇਕਲੇ ਸਰੂਪ ਦੇ ਸੁਆਮੀ ਹਨ, ਇਹਨਾਂ ਦੇ ਗੁਣ-ਲੱਛਣ ਸਾਹਿਤ ਸ਼ਾਸਤਰੀਆਂ ਨੇ ਨਿਸਚਿਤ ਕੀਤੇ ਹਨ । ਇਸੇ ਤਰ੍ਹਾਂ ਪਉੜੀ, ਸਲੋਕ, ਕਾਫ਼ੀ, ਬਾਵਨ ਅਖਰੀ, ਪਟੀ ਤੇ ਸੋਲਹੇ ਆਦਿ ਦਾ ਨਿਵੇਕਲਾ ਰੂਪ ਨਿਸਚਿਤ ਹੈ । ਸੁਆਲ ਹੋ ਸਕਦਾ ਹੈ, ਗਾਥਾ, ਫੁਨਹੇ ਤੇ ਚਉਬੋਲੇ ਨੂੰ ਕਿਸ ਕੋਟੀ ਵਿਚ ਆਂਕਿਆ ਜਾਣਾ ਚਾਹੀਦਾ ਹੈ ? ਕੀ ਇਹ ਆਪਣਾ ਨਿਵੇਕਲਾ ਰੂਪ ਧਾਰਨ ਕਰੀ ਬੈਠੇ ਹਨ ? ਰੂਪ ਗਤ ਅਧਿਐਨ ਨੂੰ ਇਹਨਾਂ ਪ੍ਰਸ਼ਨਾਂ ਦਾ ਉੱਤਰ ਲੱਭਣਾ ਚਾਹੀਦਾ ਹੈ ਤਾਂ ਜੁ ਰਚਨਾ-ਰੂਪਾਂ ਨਾਲ ਸਹੀ ਰਿਸ਼ਤਾ ਪਾਇਆ ਜਾ ਸਕੇ ।

ਇਥੇ ਇਹ ਸਪਸ਼ਟ ਕਰਨਾ ਉਚਿਤ ਪ੍ਰਤੀਤ ਹੋ ਰਿਹਾ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ-ਰਚਨਾ ਦੇ ਤਿੰਨ ਭਾਗ ਪ੍ਰਮੁਖ ਹਨ—

1. **ਨਿਤਨੇਮ ਦੀਆਂ ਬਾਣੀਆਂ:** ਇਹਨਾਂ ਦਾ ਸੰਬੰਧ ਵਿਲੱਖਣ ਰੂਪਾਂ ਨਾਲ ਵੀ ਹੈ ਤੇ ਸੰਗ੍ਰੀਹਤ ਰੂਪਾਂ ਨਾਲ ਵੀ ।
2. **ਰਾਗ ਬੱਧ ਬਾਣੀ :** ਇਸ ਭਾਗ ਵਿਚ ਸਾਹਿਤਕ ਰੂਪ ਵੀ ਆਉਂਦੇ ਹਨ ਤੇ ਲੋਕ ਰੂਪ ਵੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. **ਰਾਗ ਮੁਕਤ ਬਾਣੀ :** ਇਸ ਭਾਗ ਦਾ ਸੰਬੰਧ ਛੰਦ ਬੱਧ ਰੂਪਾਂ ਨਾਲ ਹੈ। ਸੁਆਲ ਹੋ ਸਕਦਾ ਹੈ, ਰਾਗ ਬੱਧ ਬਾਣੀ ਦੇ ਅੰਤਰਗਤ ਆਉਣ ਵਾਲੇ ਰੂਪ ਵੀ ਤਾਂ ਛੰਦ ਬੱਧ ਹੁੰਦੇ ਹਨ। ਇਹੋ ਤਾਂ ਅੰਤਰ ਹੈ ਦੋਹਾਂ ਦੀ ਰੂਪ-ਵਿਧੀ ਵਿਚ। ਛੰਦ ਬੱਧ ਰੂਪਾਂ ਦੀ ਬੰਦਿਸ਼ ਰਾਗ ਤੋਂ ਸੁਤੰਤਰ ਹੈ। ਇਹਨਾਂ ਦੀ ਹੋਂਦ ਇਕ ਤਰ੍ਹਾਂ ਵਿਲੱਖਣ ਰੂਪਾਂ ਵਾਲੀ ਹੈ। ਪਰ ਉਥੇ ਵੀ ਧਿਆਨ ਰੱਖਣ ਯੋਗ ਨੁਕਤਾ ਇਹੋ ਹੈ ਕਿ ਅਨੰਦੁ ਸਾਹਿਬ ਅਤੇ ਸੁਖਮਨੀ ਸਾਹਿਬ ਰਾਗ ਵਿਸ਼ੇਸ਼ ਦੀ ਬੰਦਿਸ਼ ਵਿਚ ਰੂਪਮਾਨ ਹੋਏ ਹਨ ਪਰ ਗਾਥਾ ਚਉਬੋਲੇ ਤੇ ਫੁਨਹੇ ਨਿਰੋਲ ਛੰਦ ਬੱਧ ਹਨ। ਇਹਨਾਂ ਦੀ ਵਸਤੂਸਾਮਗ੍ਰੀ ਬਾਣੀ ਦੀ ਅਨੁਸਾਰੀ ਹੈ ਤੇ ਰੂਪ-ਵਿਧੀ ਰਾਗ ਤੋਂ ਮੁਕਤ ਹੈ।

ਇਹੋ ਗੱਲ ਲੋਕ-ਰੂਪਾਂ ਬਾਰੇ ਵੀ ਕਹੀ ਜਾ ਸਕਦੀ ਹੈ। ਰਚਨਾ-ਵਿਸ਼ੇਸ਼ ਦਾ ਸਿਰਲੇਖ ਹੀ ਉਸਦੀ ਬਾਹਰਲੀ ਬਣਤਰ ਦਾ ਸੂਚਕ ਹੈ। ਉਦਾਹਰਣ ਲਈ ਛੰਤ, ਘੋੜੀਆਂ, ਅੰਜਲੀਆਂ, ਅਲਾਹਣੀਆਂ, ਪਹਿਰੇ ਆਦਿ ਇਕ ਪਾਸੇ, ਆਪੋ ਆਪਣੇ ਲੋਕ-ਸੰਦਰਭ ਨੂੰ ਪੇਸ਼ ਕਰਦੇ ਹਨ। ਦੂਜ ਪਾਸੇ, ਆਪਣੀ ਨਿਵੇਕਲੀ ਵਸਤੂ-ਸਾਮਗ੍ਰੀ ਨੂੰ। ਦਰਅਸਲ, ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰਚਨਾ-ਰੂਪ ਇਕ ਵਡੇਰੇ ਸੰਚਾਰ-ਪ੍ਰਬੰਧ ਦੀ ਥਹੁ ਵੀ ਦੇਂਦੇ ਹਨ ਤੇ ਆਪਣੀ ਸ਼ਬਦ-ਬੁਣਤੀ ਰਾਹੀਂ ਆਪਣਾ ਰੂਪ-ਵਿਸ਼ੇਸ਼ ਵੀ ਜਣਾਉਂਦੇ ਹਨ। ਖ਼ੂਬਸੂਰਤੀ ਇਹ ਕਿ ਸਾਰੇ ਦੇ ਸਾਰੇ ਰਚਨਾਂ-ਰੂਪ ਆਪਣੇ ਮੂਲ ਨੁਕਤੇ 'ਪਾਰਗਾਮੀ ਹੋਂਦ' ਨੂੰ ਵੰਨਸਵੰਨੇ ਰੂਪਾਂ ਵਿਚ ਵੀ ਚਿਹਨਿਤ ਕਰਦੇ ਰਹਿੰਦੇ ਹਨ। ਸਦੀਆਂ ਤੋਂ ਤੁਰੀ ਆਉਂਦੀ ਮੌਖਿਕ ਲੋਕ-ਪਰੰਪਰਾ ਗੁਰਬਾਣੀ ਰਾਹੀਂ ਲਿਪੀ ਬੱਧ ਵੀ ਹੋਈ ਹੈ ਤੇ ਆਪਣੀ ਪ੍ਰਮਾਣਿਕਤਾ ਵੀ ਸਿੱਧ ਕੀਤੀ ਹੈ। ਗੁਰਬਾਣੀ ਰਾਹੀਂ ਇਹਨਾਂ ਰਚਨਾ-ਰੂਪਾਂ ਦਾ ਇਕ ਆਪਣਾ ਮੂਲ-ਪਾਠ, ਰਚਨਾ-ਬਣਤਰ ਤੇ ਸੰਦਰਭ ਉਜਾਗਰ ਹੋਇਆ ਹੈ। ਇਥੇ ਧਿਆਨ ਯੋਗ ਨੁਕਤਾ ਇਹ ਹੈ, ਕਿ ਲੋਕ ਰਚਨਾਂ-ਰੂਪਾਂ ਨੇ ਰੂਪਾਂਤਰਣ-ਪ੍ਰਕਿਰਿਆ ਥਾਣੀਂ ਲੰਘ ਕੇ ਹੀ ਸਾਹਿਤਕ-ਰੂਪਾਂ ਦਾ ਸਰੂਪ ਧਾਰਣ ਕੀਤਾ ਹੈ। ਇਹ ਰਚਨਾ-ਰੂਪ ਇਕ ਅਜਿਹੀ ਯਾਤਰਾ-ਤੋਰ ਵਲ ਸੰਕੇਤ ਕਰਦੇ ਹਨ ਕਿ ਸਮੇਂ ਨਾਲ ਲੋਕ ਰਚਨਾ ਰੂਪ ਆਪਣੇ ਵਥ ਵਿਚ ਤਾਂ ਫ਼ਰਕ ਪਾ ਜਾਂਦੇ ਹਨ ਪਰ ਉਨ੍ਹਾਂ ਦਾ ਸਾਮਾਜਿਕ ਸੰਦਰਭ ਜਿਉਂ ਦਾ ਤਿਉਂ ਬਣਿਆ ਰਹਿੰਦਾ ਹੈ। ਇਸੇ ਕਰਕੇ ਇਹਨਾਂ ਦੀ ਸ਼ਬਦ-ਬੁਣਤੀ ਚਿਹਨਿਤ ਹੁੰਦੀ ਹੋਈ ਇਹਨਾਂ ਨੂੰ ਵਸ਼ਿਸ਼ਟ ਸਾਹਿਤ ਦੀ ਪਦਵੀ ਤੇ ਪੁਚਾ ਦੇਂਦੀ ਹੈ। ਇਹ ਯਾਤਰਾ ਇਕ ਤਰ੍ਹਾਂ ਉਸ ਪ੍ਰਕਿਰਿਆ ਨੂੰ ਰੂਪਮਾਨ ਕਰਦੀ ਹੈ, ਜਿਸ ਵਿਚ ਲੋਕ-ਦ੍ਰਿਸ਼ਟੀ ਧਰਮ-ਦ੍ਰਿਸ਼ਟੀ ਵਿਚ ਰੂਪਾਂਤਰਿਤ ਹੋ ਜਾਂਦੀ ਹੈ।

ਜਾਣਨ ਯੋਗ ਤੱਥ ਤਾਂ ਇਹ ਹੈ ਕਿ ਗੁਰਬਾਣੀ ਵਿਚ ਰੂਪਮਾਨ ਹੋਏ ਲੋਕ ਰੂਪ ਆਪਣਾ ਸਾਮਾਜਿਕ ਸੰਦਰਭ ਗੁਆਉਂਦੇ ਨਹੀਂ। ਸਗੋਂ ਬਾਣੀਕਾਰ ਇਸਦੇ ਸੰਦਰਭ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਇਕ ਨਵਾਂ ਅਰਥ ਪ੍ਰਦਾਨ ਕਰਦੇ ਹਨ, ਜਿਸਦਾ ਨਤੀਜਾ ਇਹ ਹੁੰਦਾ ਹੈ, ਬਾਣੀ-ਸੰਸਾਰ ਵਿਚਲੇ ਲੋਕ-ਰੂਪ ਇਕ ਪਾਸੇ, ਆਪਣਾ ਸੰਦਰਭ ਵਿਸ਼ੇਸ਼ ਜਣਾਉਂਦੇ ਹਨ। ਦੂਜੇ ਪਾਸੇ, ਪਾਰਗਾਮੀ ਹੋਂਦ ਨਾਲ ਜੁੜੇ ਸਰਬਕਾਲੀ ਸਤਿ ਨਾਲ ਜੋੜਦੇ ਹਨ। ਦਰਅਸਲ, ਗੁਰੂ ਸਾਹਿਬਾਨ ਲੋਕ-ਮਾਧਿਅਮ ਰਾਹੀਂ ਆਪਣਾ ਉਚੇਰਾ ਸੰਦੇਸ਼ ਵੀ ਪਰਸਾਰਦੇ ਰਹਿੰਦੇ ਹਨ। ਉਦਾਹਰਣ ਵਜੋਂ—

ਅਲਾਹਣੀ, ਘੋੜੀਆਂ, ਸਦ, ਸੋਹਿਲਾ

ਆਪੋ ਆਪਣਾ ਪ੍ਰਕਰਣ ਵੀ ਉਸਾਰਦੇ ਹਨ ਤੇ ਜੀਵਨ ਗਤੀ ਨਾਲ ਜੁੜੇ ਹੋਏ ਬੁਨਿਆਦੀ ਸਰੋਕਾਰਾਂ ਬਾਰੇ ਗਿਆਨ ਮੁਖ ਹੋ ਕੇ ਸੁਨੇਹਾ ਵੀ ਦੇਂਦੇ ਹਨ। ਇਹ ਗਲ ਪਹਿਰੇ, ਦਿਨ ਰੈਣਿ, ਵਾਰਸਤ, ਥਿਤੀ, ਰੁਤੀ, ਬਾਰਾਂਮਾਹ ਬਾਰੇ ਵੀ ਸੱਚ ਹੈ। ਹੋਰ ਤਾਂ ਹੋਰ ਯਾਤਰਾ ਗੀਤਾ ਦੀ ਤਰਜ਼ ਤੇ ਉਚਾਰਣ ਕੀਤੇ ਗਏ "ਵਣਜਾਰਾ ਅਤੇ ਕਰਹਲੇ" ਬਾਣੀ-ਰੂਪਾਂ ਵਿਚ ਵੀ ਲੋਕ-ਪਰਲੋਕ ਦੇ ਵੇਰਵੇ ਇਕ ਦੂਜੇ ਵਿਚ ਇਕ ਰਸ ਸਮਾਏ ਨਜ਼ਰ ਆਉਂਦੇ ਹਨ। ਕਮਾਲ ਦੀ ਗੱਲ ਤਾਂ ਇਹ ਹੈ, ਉਹ ਕਾਵਿ-ਰੂਪ ਜੋ ਬਾਣੀਕਾਰਾਂ ਨੇ ਆਪਣੀ ਵਿਰਾਸਤ ਤੋਂ ਗ੍ਰਹਿਣ ਨਹੀਂ ਕੀਤੇ ਸਗੋਂ ਉਹਨਾਂ ਦੀ ਆਪਣੀ ਮੌਲਿਕ ਦੇਣ ਹਨ ਜਿਹਾ ਕਿ ਸੋਦਰੁ, ਸੋਪੁਰਖ, ਆਰਤੀ ਆਦਿ ਇਥੇ ਵੀ ਸਾਮਾਜਿਕ ਸੰਦਰਭ ਨੂੰ ਅਣਗੌਲਿਆ ਨਹੀਂ ਗਿਆ। ਇਥੋਂ ਹੀ ਇਹ ਟੁਹ ਪ੍ਰਾਪਤ ਹੁੰਦੀ ਹੈ। ਧਰਮ-ਸੰਸਾਰ ਦਾ ਮਰਮ ਲੋਕ-ਸੰਸਾਰ ਥਾਣੀਂ ਲੰਘ ਕੇ ਹੀ ਪ੍ਰਾਪਤ ਹੁੰਦਾ ਹੈ। ਲੋਕ ਉਹ ਪ੍ਰਯੋਗਸ਼ਾਲਾ ਹੈ ਜਿਥੇ ਧਰਮ-ਗਿਆਨ ਨੂੰ ਸਮਝਣ-ਬੁੱਝਣ ਦੇ ਅਨੇਕ ਮੁਖ ਸਾਧਨ, ਵਸੀਲੇ ਜੁਟਾਏ ਜਾਂਦੇ ਹਨ ਤਾਂ ਹੀ ਅਧਿਆਤਮ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ।

ਕੁਲ ਮਿਲਾ ਕੇ, ਇਹ ਕਿਹਾ ਜਾ ਸਕਦਾ ਹੈ ਕਿ ਬਾਣੀ ਦੇ ਰੂਪ-ਪ੍ਰਬੰਧ ਨੂੰ ਪੂਰੀ ਤਰ੍ਹਾਂ ਸਮਝੇ ਬਿਨਾਂ ਬਾਣੀ ਦੇ ਮਰਮ ਤਕ ਪਹੁੰਚਣਾ ਅਧਿਏਤਾ ਲਈ ਲਗਭਗ ਨਾ-ਮੁਮਕਿਨ ਹੈ। ਬਾਣੀ ਦਾਰਸ਼ਨਿਕ ਹੋ ਕੇ ਪਾਰਗਾਮੀ ਹੋਂਦ ਲਈ ਜਿਗਿਆਸਾ ਜਗਾਉਂਦੀ ਹੈ। ਲੋਕ-ਕਲਿਆਣ-ਮੁਖ ਹੋ ਕੇ ਇਸਨੂੰ ਸਾਮਾਜਿਕਤਾ ਪ੍ਰਦਾਨ ਕਰਦੀ ਹੈ। ਪਰ ਇਸ ਤੱਥ ਦੀ ਸਮਝ ਉਦੋਂ ਹੀ ਆਉਂਦੀ ਹੈ ਜਦੋਂ ਬਾਣੀ ਦਾ ਅਧਿਐਨ ਕੇਵਲ ਰੂਪ-ਪ੍ਰਬੰਧ ਨੂੰ ਕੇਂਦਰਿਤ ਕਰਕੇ ਹੀ ਨਹੀਂ ਕੀਤਾ ਜਾਂਦਾ, ਸਗੋਂ ਬਾਣੀ ਦੀ ਬਾਹਰਲੀ ਤੇ ਅੰਦਰਲੀ ਬੁਣਤਰ ਦੇ ਸਮੁੱਚ ਨੂੰ ਗ੍ਰਹਿਣ ਕੀਤਾ ਜਾਂਦਾ ਹੈ। ਕੁਲ ਮਿਲਾ ਕੇ, ਬਾਣੀ ਦੇ texture ਤੇ structure ਨੂੰ ਆਪਸ ਵਿਚ ਨਿਖੇੜਿਆ ਨਹੀਂ ਜਾ ਸਕਦਾ ਇਹਨਾਂ ਦਾ ਇਕਰਸ ਇਕ ਰੂਪ ਦੀਦਾਰ ਹੀ ਬਾਣੀ-ਪ੍ਰਬੰਧ ਦਾ ਖ਼ਾਸਾ ਹੈ।

ਇਸ ਪ੍ਰਸੰਗ ਵਿਚ ਇਕ ਹੋਰ ਨੁਕਤਾ ਵੀ ਵਿਚਾਰਣ ਯੋਗ ਹੈ। ਹਰ ਰਚਨਾ-ਕਿਰਤ ਦਾ ਆਪਣਾ ਪਿਛੋਕੜ ਤੇ ਪਰੰਪਰਾ ਹੁੰਦੀ ਹੈ। ਨਵੇਂ ਸੰਦਰਭ ਵਿਚ ਉਹ ਆਪਣੀ ਸ਼ਬਦ-ਬੁਣਤੀ ਕਰਕੇ ਵਖਰੀ ਹੁੰਦੀ ਹੈ, ਪਰ ਆਪਣੀ ਮੂਲ ਵਥ ਕਾਰਣ ਅਸਲੋਂ ਪ੍ਰਾਚੀਨਤਮ। ਬਾਣੀ-ਪ੍ਰਬੰਧ ਨੂੰ ਸਮਝਣ ਲਈ ਇਹ ਬੜਾ ਮਹੱਤਵ ਯੋਗ ਨੁਕਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਬਾਣੀ-ਪ੍ਰਬੰਧ ਆਪਣੇ ਬੁਨਿਆਦੀ ਰੂਪ ਵਿਚ ਪਰਾ ਪਰਾਥਮਿਕ ਹੌਂਦ ਨਾਲ ਇਕ ਰੂਪ ਇਕ ਰਸ ਜੁੜਿਆ ਹੋਇਆ ਹੈ। ਪਰ ਉਸ ਦੇ ਸਿਰਲੇਖ, ਉਪਸਿਰਲੇਖ ਰਚਨਾ-ਵਿਸ਼ੇਸ਼ ਦੇ ਬਾਹਰਲੇ ਸਮਾਜਿਕ ਸੰਦਰਭ ਨੂੰ ਵੀ ਨਾਲੋ ਨਾਲ ਉਜਾਗਰ ਕਰਦੇ ਹਨ। ਇਸ ਤਰ੍ਹਾਂ ਸਿਰਲੇਖ ਬਾਣੀ-ਪ੍ਰਬੰਧ ਦੇ ਦੂਹਰੇ ਕਿਰਦਾਰ ਨੂੰ ਸਮਝਣ ਯੋਗ ਬਣਾਉਂਦੇ ਹਨ। ਇਹ ਨਿਰੋਲ ਸਿਰਲੇਖ ਹੀ ਹਨ, ਜਿਨ੍ਹਾਂ ਤੋਂ ਅਧਿਏਤਾ ਨੂੰ ਉਹਨਾਂ ਦੇ ਰੂਪ ਵਿਸ਼ੇਸ਼ ਬਾਰੇ ਚਾਨਣ ਹੁੰਦਾ ਹੈ, ਅਥਵਾ ਕਿਸ ਬਾਣੀ ਦਾ ਸੰਬੰਧ ਸਾਹਿਤਕ-ਰੂਪਾਂ ਨਾਲ ਹੈ ਤੇ ਕਿਸਦਾ ਲੋਕ-ਰੂਪਾਂ ਨਾਲ। ਹਾਲਾਂ ਕਿ ਬਾਣੀ ਦਾ ਮੂਲ ਵਥ ਇਕੋ ਹੀ ਹੈ ਪਰ ਉਸ ਦੀ ਸ਼ਬਦ-ਬੁਣਤੀ ਉਸਨੂੰ ਨਿਵੇਕਲਾ ਅਰਥ ਪ੍ਰਦਾਨ ਕਰਨ ਵਿਚ ਕਾਰਗਰ ਸਾਧਨ ਹੈ। ਆਖਿਰ ਸੁਖਮਨੀ ਸਾਹਿਬ, ਬਾਵਨ ਅਖਰੀ, ਅਲਾਹਣੀ ਤੇ ਥਿਤੀ ਵਿਚ ਕੀ ਅੰਤਰ ਹੈ? ਵਸਤੂ-ਦ੍ਰਿਸ਼ਟੀ ਤੋਂ ਇਹਨਾਂ ਵਿਚ ਅੰਤਰ ਨਾ ਹੋਣ ਦੇ ਬਾਵਜੂਦ ਵੀ ਸੰਕਲਪ ਵਿਸ਼ੇਸ਼ ਦੇ ਬਲ ਅਬਲ ਰਾਹੀਂ ਇਹਨਾਂ ਵਿਚਲਾ ਅੰਤਰ ਪਛਾਣਿਆ ਜਾ ਸਕਦਾ ਹੈ। ਇਹੋ ਤਾਂ ਰੂਪ ਦੀ ਕਰਾਮਾਤ ਹੈ। ਅਲਾਹਣੀ ਸਿਰਲੇਖ ਇਕ ਵਿਸ਼ੇਸ਼ ਸੰਦਰਭ ਨਾਲ ਜੋੜਦਾ ਹੈ। ਬਾਵਨ ਅਖਰੀ ਅਖਰ-ਵਿਸ਼ੇਸ਼ ਰਾਹੀਂ ਇਸ ਖਾਸ ਤਰ੍ਹਾਂ ਦੇ ਸੰਕਲਪ ਦੀ ਵਿਆਖਿਆ ਪ੍ਰਦਾਨ ਕਰਦੀ ਹੈ। ਥਿਤੀ ਲੋਕ-ਵਿਸ਼ਵਾਸ ਵਿਚ ਪਏ ਹੋਏ ਵਹਿਮਾਂ-ਭਰਮਾਂ ਦਾ ਨਿਵਾਰਣ ਕਰਦੀ ਹੈ ਤੇ ਸੁਖਮਨੀ ਦਰਸ਼ਨ ਵਿਸ਼ੇਸ਼ ਦੀ ਉਸਾਰੀ ਕਰਦੀ ਹੈ। ਅਧਿਏਤਾ ਨੂੰ ਅਜੇਹੇ ਸਿਰਲੇਖਾਂ ਰਾਹੀਂ ਕੇਵਲ ਸੰਕੇਤ ਹੀ ਮਿਲਦਾ ਹੈ। ਵਸਤੂ-ਨਿਖੇੜਾ ਅਧਿਐਨ-ਕਰਮ ਰਾਹੀਂ ਹੀ ਪ੍ਰਾਪਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਦਾ ਰੂਪ ਆਤਮਕ ਅਧਿਐਨ ਇਕ ਨਵੀਂ ਦਿਸ਼ਾ ਵਲ ਸੰਕੇਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਅਥਾਹ ਸਮੁੰਦਰ ਹੈ। ਇਸਦਾ ਅਧਿਐਨ ਅਨੇਕ ਮੁਖ ਦ੍ਰਿਸ਼ਟੀਆਂ ਰਾਹੀਂ ਕੀਤਾ ਜਾ ਸਕਦਾ ਹੈ। ਹੁਣ ਤਕ ਬਾਣੀ-ਬੋਹਿਥ ਦਾ ਦਾਰਸ਼ਨਿਕ ਅਧਿਐਨ ਸਾਡੇ ਵਿਸ਼ੇਸ਼ ਆਕਰਸ਼ਣ ਦਾ ਕਾਰਣ ਰਿਹਾ ਹੈ। ਇਸਦਾ ਵਿਆਕਰਣਕ ਅਧਿਐਨ ਵੀ ਹੋਇਆ ਹੈ। ਇਸਦਾ ਭਾਸ਼ਾ ਸ਼ਾਸਤਰੀ ਅਧਿਐਨ ਅਜੇ ਬਿਲਕੁਲ ਅਛੂਤਾ ਹੈ। ਕਾਵਿਗਤ ਕੌਸ਼ਲ ਦੇ ਅੰਤਰਗਤ ਆਉਣ ਵਾਲੀਆਂ ਕੁਝ ਜੁਗਤਾਂ ਨੂੰ ਮੁਖ ਰਖਕੇ ਵੀ ਇਕਾ ਦੁਕਾ ਅਧਿਐਨ ਹੋਇਆ ਹੈ। ਇਹ ਪੁਸਤਕ ਆਪਣੇ ਮੂਲ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪਾਤਮਕ ਅਧਿਐਨ ਵਲ ਰੁਚਿਤ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖ ਇਹਨਾਂ ਰੂਪਾਂ ਵਲ ਸੰਕੇਤ ਕਰਦੇ ਹਨ। ਇਸੇ ਦਿਸ਼ਾ ਵਿਚ 'ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ' ਭਾਗ ਵਿਚ ਸੰਕੇਤ-ਮੁਖ ਅਧਿਐਨ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਰਾਗ-ਪ੍ਰਬੰਧ, ਘਰ-ਪ੍ਰਬੰਧ, ਰਹਾਉ-ਪ੍ਰਬੰਧ, ਸਿਰਲੇਖ-ਪ੍ਰਬੰਧ ਆਦਿ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਇਹ ਅਧਿਐਨ ਬਾਣੀ ਦੇ ਬਾਹਰਲੇ ਢਾਂਚੇ ਨਾਲ ਸੰਬੰਧਿਤ ਹੈ।

ਇਸ ਪੁਸਤਕ ਦਾ ਦੂਸਰਾ ਹਿੱਸਾ "ਆਦਿ ਗ੍ਰੰਥ : ਰਚਨਾ-ਰੂਪ" ਗੁਰੂ ਗ੍ਰੰਥ ਸਾਹਿਬ ਦੇ ਸਾਹਿਤਕ ਰੂਪਾਂ ਨਾਲ ਸੰਬੰਧਿਤ ਹੈ, ਜਿਸ ਵਿਚ ਬਾਣੀ-ਬੋਹਿਥ ਦੇ ਵੰਨਸਵੰਨ ਰੂਪਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਪਹਿਚਾਨਣ ਦਾ ਯਤਨ ਕੀਤਾ ਗਿਆ ਹੈ। ਅਜਿਹੇ ਅਧਿਐਨ-ਕਰਮ ਨਾਲ ਬਾਣੀ ਦੇ ਰੂਪ-ਪ੍ਰਬੰਧ ਨੂੰ ਸੁਚੇਤ ਪੱਧਰ 'ਤੇ ਕਾਵਿ ਅਤੇ ਲੋਕ ਕਾਵਿ ਨਾਲੋਂ ਨਿਖੇੜ ਕੇ ਵਾਚਿਆ ਗਿਆ ਹੈ। ਬਾਣੀਕਾਰ ਜਿਥੇ ਸੰਗੀਤਮੁਖ ਸਨ, ਉਥੇ ਉਹਨਾਂ ਨੇ ਜਨ ਸਾਧਾਰਣ ਨੂੰ ਅੱਖੋਂ ਓਹਲੇ ਨਾ ਕਰਕੇ ਗੁਰਬਾਣੀ ਵਿਚਲੇ ਪਦੇ ਨੂੰ ਰਾਗ ਦੇ ਨਾਲ ਨਾਲ ਤੁਕ-ਪ੍ਰਬੰਧ ਨਾਲ ਵੀ ਜੋੜ ਦਿਤਾ, ਜਿਸਦਾ ਅਰਥ ਹੈ, ਲੈਅਮੁਖ ਉਚਾਰਣ। ਇਸੇ ਕਰਕੇ ਤਾਂ ਬਾਣੀਕਾਰ ਜਿਥੇ ਪਦੇ ਦੀ ਵੰਨਗੀ ਦਾ ਸੰਕੇਤ ਦੇਂਦੇ ਹਨ, ਉਥੇ ਤੁਕ-ਸੰਕੇਤ ਵੀ ਨਾਲ ਨਾਲ ਦੇਂਦੇ ਹਨ। ਮਿਸਾਲ ਵਜੋਂ ਦੁਪਦੇ ਦੁਤੁਕੇ, ਚੁਪਦੇ ਚਉਤੁਕੇ, ਚਉਪਦੇ ਦੁਤੁਕੇ, ਚਉਪਦੇ ਚਉਤੁਕੇ ਆਦਿ ਸੰਕੇਤ ਬਾਣੀਕਾਰਾਂ ਦੀ ਸੂਖਮ ਨੀਝ ਨੂੰ ਸੁਦ੍ਰਿੜ ਕਰਾਉਂਦੇ ਹਨ।

ਇਸ ਪੁਸਤਕ ਦਾ ਤੀਸਰਾ ਭਾਗ "ਆਦਿ ਗ੍ਰੰਥ : ਲੋਕ ਰੂਪ" ਗੁਰੂ ਗ੍ਰੰਥ ਸਾਹਿਬ ਵਿਚ ਦਰਜ ਲੋਕ ਰੂਪਾਂ ਨੂੰ ਸਮਰਪਿਤ ਹੈ। ਨਾਮ ਵਿਸ਼ੇਸ਼ ਦੀ ਵਰਤੋਂ ਮਹਿਜ਼ ਲੋਕ ਰੂਪ ਦੀ ਤਰਜ਼ ਨੂੰ ਅਪਨਾਉਣਾ ਹੀ ਨਹੀਂ ਸਗੋਂ ਲੋਕ (Folk) ਦੀ ਧਰਮ ਸੰਸਾਰ ਵਿਚਲੀ ਪੀੜੀ ਪਕੜ ਨੂੰ ਜਨਾਉਣਾ ਹੈ। ਧਰਮ ਜਾਂ ਗਿਆਨ ਦੀ ਗੱਲ ਲੋਕਾਂ ਨੂੰ ਲੋਕਾਂ ਦੇ ਮਾਧਿਅਮ ਰਾਹੀਂ ਸਮਝਾਉਣੀ ਹੈ।

ਸ੍ਰੀ ਆਦਿ ਗ੍ਰੰਥ ਦੀਆਂ ਸੰਪਾਦਕੀ ਜੁਗਤਾਂ, ਇਸ ਵਿਚ ਰੂਪਮਾਨ ਹੋਏ ਸਾਹਿਤਕ ਰੂਪ ਅਤੇ ਲੋਕ ਰੂਪ ਤਿੰਨੇ ਗੁਰਬਾਣੀ ਦੇ ਰੂਪਾਤਮਕ ਅਧਿਐਨ ਨੂੰ ਸਮਰਪਿਤ ਹਨ। ਗੁਰੂ ਗ੍ਰੰਥ ਸਾਹਿਬ ਦੇ ਰੂਪ-ਪ੍ਰਬੰਧ ਨੂੰ ਇਕੋ ਥਾਂ ਇਕ ਵਾਰਗੀ ਨਜ਼ਰ ਭਰਕੇ ਵੇਖਣ ਹਿਤ ਹੀ ਉਪਰ ਸੰਕੇਤਕ ਤਿੰਨਾਂ ਪੁਸਤਕਾਂ ਦਾ ਸੰਕਲਨ ਕੁਝ ਵਧਾ ਘਟਾ ਕੇ ਇਕ ਥਾਂ ਬਾਣੀ ਰੂਪ-ਪ੍ਰਬੰਧ ਦੇ ਨਾਮ ਹੇਠ ਪੇਸ਼ ਕੀਤਾ ਜਾ ਰਿਹਾ ਹੈ। ਅਧਿਐਨ-ਕਰਮ ਦੀ ਪ੍ਰਮਾਣਿਕਤਾ ਨੂੰ ਬਰਕਰਾਰ ਰਖਣ ਲਈ ਜਿਥੇ ਕਿਧਰੇ ਬਾਣੀ ਦਾ ਆਕਾਰ ਛੋਟਾ ਸੀ ਉਥੇ ਮੂਲ-ਪਾਠ ਵੀ ਦੇ ਦਿੱਤਾ ਗਿਆ ਹੈ। ਜਿਥੇ ਸਰ ਸਕਦਾ ਸੀ ਉਥੇ ਮੂਲ-ਪਾਠ ਤੋਂ ਬਿਨਾਂ ਹੀ ਅਧਿਐਨ ਪੇਸ਼ ਕਰ ਦਿੱਤਾ ਗਿਆ ਹੈ। ਪਰ ਤਾਂ ਵੀ ਇਸ ਅਧਿਐਨ-ਕਰਮ ਵਿਚ ਨਿਸਚੇ ਹੀ ਕੁਝ ਉਕਾਈਆਂ ਰਹਿ ਗਈਆਂ ਹੋਣਗੀਆਂ। ਆਪਣੀ ਤੁੱਛ ਬੁਧੀ ਰਾਹੀਂ "ਬਾਣੀ : ਰੂਪ-ਪ੍ਰਬੰਧ" ਨੂੰ ਜਿੰਨਾ ਕੁ ਸਮਝ ਸਕੀ ਹਾਂ, ਤੁਹਾਡੇ ਸਾਰਿਆਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੀ ਹਾਂ ਤੇ ਪ੍ਰੈਸ ਦੀ ਅਣਗਹਿਲੀ ਕਾਰਨ ਨਿਹਾਇਤ ਪਸ਼ੇਮਾਨ ਵੀ ਹਾਂ। ਆਸ ਹੈ, ਤੁਸੀਂ ਅਸ਼ੁਧ ਸ਼ਬਦ-ਜੋੜਾਂ ਨੂੰ ਪਾਰ ਕਰਕੇ ਬਾਣੀ ਦੇ ਅਸਲੀ ਮਰਮ ਤਕ ਪੁਜੋਗे।

ਮਹਿੰਦਰ ਕੌਰ ਗਿਲ

ਮਿਤੀ 30-1-91



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਗ੍ਰੰਥ ਸਾਹਿਬ : ਸੰਪਾਦਨ-ਵਿਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪ੍ਰਾਕਥਨ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਇਸ਼ਟ ਹੈ। ਇਸ ਗ੍ਰੰਥ ਵਿਚ ਗੁਰੂਆਂ ਤੋਂ ਛੁੱਟ ਮਧਕਾਲੀ ਭਾਰਤ ਦੇ ਵਿਭਿੰਨ ਮਤ-ਮਤਾਂਤਰਾ ਨਾਲ ਸਬੰਧਿਤ ਪੰਦਰਾਂ ਸੂਫ਼ੀ ਸੰਤ-ਭਗਤਾਂ ਦੀ ਬਾਣੀ ਵੀ ਸੰਕਲਨ ਕੀਤੀ ਗਈ ਹੈ। ਇਸ ਦੇ ਸੰਪਾਦਕ ਪੰਚਮ ਗੁਰੂ ਅਰਜਨ ਦੇਵ ਜੀ ਹਨ। ਜਦੋਂ ਇਹ ਸੰਪਾਦਿਤ ਗਰੰਥ ਤਿਆਰ ਹੋ ਗਿਆ ਤਾਂ ਇਸਦੇ ਸੰਪਾਦਕ ਪੰਜਵੇਂ ਗੁਰੂ ਨੇ ਇਸ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਪ੍ਰਦਾਨ ਕੀਤੀ। ਆਦਿ ਸ੍ਰੀਗੁਰੂ ਗ੍ਰੰਥ ਨੂੰ ਸਾਧਾਰਣ ਸਾਹਿਤਕ ਗ੍ਰੰਥਾਂ ਨਾਲੋਂ ਕਿਤੇ ਵਧੀਕ ਮਹੱਤਵ ਮਿਲਣਾ ਹੀ ਸੀ। ਮਧਕਾਲੀ ਭਾਰਤੀ ਸਾਹਿਤ ਵਿਚ ਸ੍ਰੀ ਆਦਿ ਗ੍ਰੰਥ ਆਕਾਰ ਅਤੇ ਵਿਸ਼ੇ ਪੱਖੋਂ ਅਜਿਹਾ ਗਰੰਥ ਹੈ ਜੋ ਮਨੁੱਖ ਮਾਤਰ ਦੀ ਬਿਨਾਂ ਭੇਦ-ਭਾਵ ਸਰਬ ਪੱਖੀ ਰਾਹਨੁਮਾਈ ਕਰ ਸਕਦਾ ਹੈ। ਪਰ ਇਸ ਗਰੰਥ ਦੀ ਮਹੱਤਾ ਵੱਖਰੀ ਭਾਂਤ ਦੀ ਸੀ। ਕੁਰਾਨ ਮਜੀਦ ਇਸਲਾਮ ਮਤ ਦਾ ਪੂਜਨੀਕ ਗਰੰਥ ਹੈ ਪਰ ਇਸ ਨੂੰ ਰੱਖਣ ਲਈ ਕੋਈ ਵਿਸ਼ੇਸ਼ ਮਰਿਆਦਾ ਹੋਂਦ ਵਿਚ ਨਹੀਂ ਆਈ। ਮੁਸਲਮਾਨ ਕੁਰਾਨ ਨੂੰ ਕਪੜੇ ਵਿਚ ਵਲੇਟ ਕੇ, ਕੱਛ ਥੱਲੇ ਦਬਾ ਕੇ ਮਸਜਿਦ ਵਿਚ ਪਹੁੰਚ ਜਾਂਦਾ ਹੈ। ਮਸੀਤ ਖ਼ੁਦਾ ਦਾ ਘਰ ਮੰਨਿਆ ਜਾਂਦਾ ਹੈ। ਪਰ ਉਥੇ ਵੀ ਕੁਰਾਨ ਮਜੀਦ ਦਾ ਹੋਣਾ ਲਾਜ਼ਮੀ ਨਹੀਂ। ਕਿਸੇ ਤਰ੍ਹਾਂ ਚਾਰੇ ਵੇਦ ਹਿੰਦੂ ਧਰਮ ਦੇ ਪੂਜਨੀਕ ਗਰੰਥ ਹਨ। ਇਨ੍ਹਾਂ ਨੂੰ ਰੱਖਣ ਲਈ ਕੋਈ ਉਚੇਚਾ ਉਪਰਾਲਾ ਨਹੀਂ ਕੀਤਾ ਜਾਂਦਾ ਤੇ ਨਾ ਹੀ ਗੀਤਾ ਅਤੇ ਰਾਮਾਇਣ ਨੂੰ ਕਿਸੇ ਖ਼ਾਸ ਵਿਧੀ ਅਨੁਸਾਰ ਰੱਖਿਆ ਜਾਂਦਾ ਹੈ। ਇਸ ਤੋਂ ਉਲਟ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਵਿਸ਼ੇਸ਼ ਮਰਿਆਦਾ ਦੇ ਅਧਿਕਾਰੀ ਹਨ। ਸ੍ਰੀ ਆਦਿ ਗੁਰੂ ਗਰੰਥ ਦਾ ਪਹਿਲਾ ਪ੍ਰਕਾਸ਼ ਦਿਵਸ ਹੀ ਗੁਰ-ਇਤਿਹਾਸ ਅਨੁਸਾਰ ਬੜੇ ਉਚੇਚ ਨਾਲ ਮਨਾਇਆ ਗਿਆ ਸੀ ਤੇ ਅੱਜ ਤਕ ਵੀ ਇਹ ਸਮਾਰੋਹ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਇਸ ਦਿਨ ਖ਼ਾਸ ਜਲ-ਜਲੌਅ ਹੁੰਦਾ ਹੈ। ਸ੍ਰੀ ਆਦਿ ਗੁਰੂ ਗਰੰਥ ਦੀ ਮਰਿਆਦਿਤ ਸੇਵਾ ਸੰਭਾਲ ਲਈ ਬਾਬਾ ਬੁਢਾ ਜੀ ਨੂੰ ਪਹਿਲਾ ਗਰੰਥੀ ਥਾਪਿਆ ਗਿਆ ਤੇ ਅੱਜ ਤਕ ਵੀ ਗੁਰਦਵਾਰਿਆਂ ਵਿਚ ਗਰੰਥੀ ਸਿੰਘ ਇਸ ਸੇਵਾ ਲਈ ਥਾਪੇ ਜਾਂਦੇ ਹਨ। ਸ੍ਰੀ ਆਦਿ ਗੁਰੂ ਗਰੰਥ ਦੀ ਸੇਵਾ ਸੰਭਾਲ ਲਈ ਕੁਝ ਵਿਸ਼ੇਸ਼ ਨੇਮ ਹੋਂਦ ਵਿਚ ਆਏ। ਇਨ੍ਹਾਂ ਨੇਮਾਂ ਵਿਚ ਰਾਜ-ਜੋਗ ਵਾਲੀ ਮਿੱਸ ਹੈ ਜਾਂ ਇਉਂ ਕਹੋ ਰਾਜਿਆਂ ਮਹਾਰਾਜਿਆਂ ਵਾਲੀ ਸ਼ਾਨ-ਸ਼ੌਕਤ ਵੀ ਹੈ ਤੇ ਰਹੱਸਵਾਦੀਆਂ ਵਾਲੀ ਸ਼ਰਧਾਮਈ ਨਿਰਮਾਣਤਾ ਵੀ। ਰਾਜੇ ਮਹਾਰਾਜੇ ਤਖਤਾਂ ਉਪਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਾਜਦੇ ਸਨ ਤੇ ਸੰਤ-ਸਾਧੂ ਭੋਇੰ ਆਸਣੀ ਹੁੰਦੇ ਸਨ। ਸ੍ਰੀ ਆਦਿ ਗੁਰੂ ਗਰੰਥ ਨੂੰ ਰਾਜਿਆਂ ਵਾਂਗ ਪਾਲਕੀ ਵਿਚ ਲੈ ਆਉਣਾ, ਲੈ ਜਾਣਾ, ਉਪਰ ਚੰਦੋਆ ਤਾਣਨਾ, ਚਉਰ ਕਰਨਾ, ਪੀੜ੍ਹਾ, ਪਲਕ੍ਹਾਂ, ਸੁੰਦਰ ਰੁਮਾਲਾਂ ਦੀ ਵਰਤੋਂ ਕਰਕੇ ਪ੍ਰਕਾਸ਼ ਕਰਨਾ, ਖ਼ਾਸ ਵਿਧੀ ਅਨੁਸਾਰ ਰਾਤ ਸਮੇਂ ਪਲੰਘ ਉਪਰ ਸੁਖਾਸਨ ਕਰਨਾ ਆਦਿ ਰਸਮਾਂ ਵਿਚ ਸ਼ਾਹੀ ਸ਼ਾਨ-ਸ਼ੌਕਤ ਦੇ ਦਰਸ਼ਨ ਹੁੰਦੇ ਹਨ। ਗੁਰੂ ਗਰੰਥ ਸਾਹਿਬ ਦੇ ਸਨਮੁਖ ਖੜੇ ਹੋਕੇ ਅਰਦਾਸ ਕਰਨਾ, ਅੰਮ੍ਰਿਤ ਵੇਲੇ ਤੇ ਸੰਧਿਆ ਦੇ ਦੀਵਾਨ ਵਿਚ ਇਸ ਗਰੰਥ ਵਿਚੋਂ ਸੰਪਾਦਿਤ ਬਾਣੀ ਦਾ ਗਾਇਨ ਕਰਨਾ, ਸਮਾਪਤੀ ਤੋਂ ਪਹਿਲਾਂ ਇਸ ਵਿਚੋਂ ਵਾਕ ਲੈਣਾ ਤੇ ਇਸਨੂੰ ਗੁਰੂ-ਰੂਪ ਕਰਕੇ ਜਾਣਨਾ ਜਾਂ ਗੁਰੂ ਦਾ ਹੁਕਮਨਾਮਾ ਕਹਿਣਾ ਆਦਿ ਰਸਮਾਂ ਵਿਚੋਂ ਅਨੰਨ ਸ਼ਰਧਾਲੂਆਂ ਦੇ ਪੂਰਣ ਵਿਸ਼ਵਾਸ ਦਾ ਦੀਦਾਰ ਹੁੰਦਾ ਹੈ। ਸਪਸ਼ਟ ਹੈ, ਸ੍ਰੀ ਆਦਿ ਗਰੂ ਗਰੰਥ ਨੂੰ ਪ੍ਰਕਾਸ਼ ਅਤੇ ਸੁਨਸਾਨ ਕਰਨ ਦੀ ਰਹੁ-ਰੀਤ ਦੂਸਰੇ ਧਰਮ ਗਰੰਥਾਂ ਨਾਲੋਂ ਵਿਲੱਖਣ ਹੈ।

ਸੰਕੇਤ ਕੀਤਾ ਜਾ ਚੁੱਕਾ ਹੈ ਕਿ ਇਸ ਗਰੰਥ ਨੂੰ 'ਆਦਿ ਸ੍ਰੀ ਗੁਰੂ ਗਰੰਥ ਸਾਹਿਬ' ਦੀ ਪਦਵੀ ਪੰਜਵੇਂ ਗਰੂ ਨਾਨਕ ਨੇ ਦਿਤੀ। ਇਸ ਪਦਵੀ ਤੋਂ ਦੋ ਸਪਸ਼ਟ ਸੰਕੇਤ ਮਿਲਦੇ ਹਨ। ਪਹਿਲਾ, ਸ੍ਰੀ ਆਦਿ ਗਰੂ ਗਰੰਥ ਗੁਰਮਤ ਧਾਰਾ ਦਾ ਸਰਬ ਪ੍ਰਥਮ ਗਰੰਥ ਹੈ। ਦੂਜਾ, ਇਹ ਗੁਰੂ ਰੂਪ ਹੈ। ਇਹੀ ਕਾਰਣ ਹੈ, ਗੁਰੂ ਗਰੰਥ ਸਾਹਿਬ ਵਿਚੋਂ ਲਏ ਗਏ ਵਾਕ ਨੂੰ ਗੁਰੂ ਦਾ ਹੁਕਮਨਾਮਾ ਕਹਿ ਕੇ ਅੱਜ ਵੀ ਸਨਮਾਨਿਆ ਜਾਂਦਾ ਹੈ। ਪਰ ਇਕ ਸ਼ੰਕਾ ਪੈਦਾ ਹੋ ਸਕਦਾ ਹੈ ? ਕੀ ਪੰਜਵੇਂ ਗੁਰੂ ਨੇ ਹੀ ਬਾਣੀ ਨੂੰ ਗੁਰੂ-ਰੂਪ ਮੰਨਣ ਦਾ ਆਦੇਸ਼ ਦਿਤਾ ਜਾਂ ਪਹਿਲੇ ਚਾਰ ਗੁਰੂ ਵੀ ਕੋਈ ਇਸ ਤਰ੍ਹਾਂ ਦੇ ਸੰਕੇਤ ਦੇਂਦੇ ਰਹੇ ਹਨ ? ਇਸ ਤੱਥ ਨੂੰ ਗੁਰੂ ਕ੍ਰਮ ਦੀ ਇਤਿਹਾਸਕ ਗਤੀ ਵਿਚ ਰੱਖਕੇ ਵੇਖਣਾ ਵਧੇਰੇ ਉਚਿਤ ਹੈ।

ਬਾਣੀ ਨੂੰ ਇਲਾਹੀ ਪੈਗਾਮ ਦੇ ਰੂਪ ਵਿਚ ਮੰਨਣ ਦੀ ਭਾਵਨਾ ਗੁਰੂ ਨਾਨਕ ਦੇਵ ਤੋਂ ਹੀ ਆਰੰਭ ਹੋ ਗਈ ਸੀ—

ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨ ਵੇ ਲਾਲੋ ॥ ਤਿਲੰਗ ਮਹਲਾ ੧/੭੨੨

ਗੁਰੂ ਅੰਗਦ ਦੇਵ ਨੇ ਬਾਣੀ ਨੂੰ ਹੀ ਸਰਬ ਗਿਆਨ ਦਾ ਤਤ-ਸਾਰ ਮੰਨਿਆ ਤੇ ਇਸੇ ਨੂੰ ਮਨ ਬੁਧੀ, ਕਰਮ ਕਰਕੇ ਜਪਣ ਦਾ ਆਦੇਸ਼ ਦਿਤਾ ਹੈ—

ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੂਰਤੀ ਕਰਮ ਧਿਆਈ ॥
ਸਾਰੰਗ ਦੀ ਵਾਰ ਮਹਲਾ ੪—ਸਲੋਕ ਮਹਲਾ ੨/੧੨੪੩

ਗੁਰੂ ਅਮਰਦਾਸ ਨੇ ਬਾਣੀ ਦੀ ਸਿਰਮੌਰਤਾ ਉਪਰ ਬਲ ਦਿਤਾ ਹੈ—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਰਾਮਕਲੀ ਮਹਲਾ ੩/੯੨੦



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਰਾਮਦਾਸ ਨੇ ਬਾਣੀ ਨੂੰ ਗੁਰੂ-ਰੂਪ ਮੰਨਣ [illegible] ਦਿਤਾ ਹੈ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ [illegible] ਅਮ੍ਰਿਤੁ ਸਾਰੇ ॥

ਗੁਰਬਾਣੀ ਕਹੈ ਸੇਵਕੁ ਜਨੁ ਮਾ[illegible] ਪਰਤਖਿ ਗੁਰੂ ਨਿਸਤਾਰੇ ॥ਨਿਰ ਮ ੪/੮੨

ਪੰਚਮ ਗੁਰੂ ਨੇ ਵੀ ਗੁਰੂ ਅਤੇ ਬਾ[illegible] ਦੀ ਅਭੇਦਤਾ ਉਪਰ ਬਲ ਦਿਤਾ ਹੈ ਬ[illegible] ਇਥੋਂ ਤਕ ਵੀ ਕਿਹਾ ਕਿ ਗੁਰੂ ਦੀ ਬਾ[illegible] ਤੋ ਬਿਨਾ ਪਾਰਬ੍ਰਹਮ ਦੀ ਹਜ਼ੂਰੀ ਵਿਚ ਰਸਾਈ ਹੋ ਸਕਣੀ ਕਠਿਨ ਹੈ। ਬਾਣੀ ਤਾਂ ਬ੍ਰਹਮ ਦੀ ਮਨ ਰਿਝਾਉਣ ਵਾਲੀ [illegible]—

ਗੁਰ ਪੂਰੇ ਕੀ ਬਾਣੀ, ਪਾਰਬ੍ਰਹਮ ਮਨਿ ਭਾਣੀ ॥

ਨਾਨਕ ਦਾਸਿ ਵਖਾਣੀ, ਨਿਰਮਤ ਅਰਥ ਕਹਾਣੀ ॥ ਸੋਰਠ ਮਹਲਾ ੫/੬੨੯

ਸਪਸ਼ਟ ਹੈ, ਗਰੂ ਸਾਹਿਬਾਨ ਨੇ ਆਪ ਉਚਾਰੀ ਰਚਨਾ ਨੂੰ ਬਾਣੀ ਦਾ ਨਾਮ ਦਿਤਾ ਤੇ ਨਾਲ ਹੀ ਇਸ ਨੂੰ ਗੁਰੂ-ਰੂਪ ਮੰਨਣ ਦਾ ਆਦੇਸ਼ ਵੀ। ਪੰਜਵੇਂ ਗਰੂ ਨੇ ਤਾਂ ਇਕਤ੍ਰਿਤ ਬਾਣੀ ਨੂੰ ਮਰਿਆਦਤ ਰੂਪ ਪ੍ਰਦਾਨ ਕੀਤਾ ਅਥਵਾ ਬਾਣੀ ਦੇ ਪਠਨ-ਪਾਠਨ ਲਈ ਕੁਝ ਵਿਸ਼ੇਸ਼ ਰਸਮਾਂ ਹੋਂਦ ਵਿਚ ਆਈਆਂ ਜੋ ਬਾਅਦ ਵਿਚ ਗੁਰੂ ਸੰਸਥਾ ਦੀ ਮਰਿਆਦਾ ਦਾ ਰੂਪ ਗ੍ਰਹਿਣ ਕਰ ਗਈਆਂ। ਆਉਣ ਵਾਲੇ ਸਮੇਂ ਵਿਚ ਗੁਰਬਾਣੀ ਦਾ ਸਨਮਾਨ ਆਪਣੀ ਅੰਤਿਮ ਸਿਖਰ ਉਪਰ ਪੁੱਜ ਗਿਆ ਤੇ ਆਦਿ ਸ੍ਰੀ ਗੁਰੂ ਗ੍ਰੰਥ ਨੂੰ ਅਕਾਲੀ ਬਾਣੀ ਤੇ ਬਾਣੀ ਬੋਹਿਥ ਆਦਿ ਦੇ ਵਿਸ਼ੇਸ਼ਣ ਨਾਲ ਵੀ ਯਾਦ ਕੀਤਾ ਜਾਣ ਲੱਗ ਪਿਆ।

7736

ਪਰ ਇਕ ਪ੍ਰਸ਼ਨ ਸਹਿਜੇ ਹੀ ਸਾਹਮਣੇ ਆ ਖਲੋਂਦਾ ਹੈ—ਹਿੰਦੂ ਧਰਮ ਦੇ ਕੁਝ ਪ੍ਰਤਿਸਠਿਤ ਗ੍ਰੰਥ : ਰਾਮਾਇਣ ਆਦਿ ਨੂੰ ਵੀ ਬਾਣੀ ਕਹਿਲਾਣ ਦਾ ਮਾਣ ਪ੍ਰਾਪਤ ਨਹੀਂ ਹੋਇਆ। ਇਸਦੇ ਕਾਰਣਾਂ ਨੂੰ ਇਥੇ ਵਿਚਾਰਨਾ ਨਾ ਸੰਭਵ ਹੈ ਨਾ ਸੰਗਤ ਪਰ ਇਤਨਾ ਤਾਂ ਸਪਸ਼ਟ ਹੀ ਹੈ ਕਿ ਰਾਮਾਇਣ ਦਾ ਅਨੁਸ਼ਾਸਨ ਸ਼ੁਧ ਕਾਵਿਕ ਨਹੀਂ ਭਾਵੇਂ ਇਹ ਦਰਸ਼ਨ ਵਿਸ਼ੇਸ਼ ਨੂੰ ਵੀ ਰੂਪਮਾਨ ਕਰਦੀ ਹੈ। ਅਸਲ ਵਿਚ ਰਾਮਾਇਣ ਦਾ ਸੰਗਠਨ ਕਾਵਿਕ ਨਾਲੋਂ ਗਾਲਪਨਿਕ (fictional) ਵਧੇਰੇ ਹੈ। ਇਹ ਗ੍ਰੰਥ ਕਥਾ ਵਿਸ਼ੇਸ਼ ਨੂੰ ਕਾਵਿਗਤ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਹੀ ਬਾਈਬਲ ਅਤੇ ਕੁਰਾਨ ਦਾ ਸੰਜਮ ਵੀ ਗਾਲਪਨਿਕ ਹੈ। ਆਦਿ ਸ੍ਰੀ ਗੁਰੂ ਗ੍ਰੰਥ ਵਿਚ ਵੇਦ-ਬਾਣੀ ਵਾਂਗੂ ਗਲਪ ਦੇ ਅੰਸ਼ ਤਾਂ ਕਦੇ ਕਦਾਈਂ ਮਿਲ ਜਾਂਦੇ ਹਨ, ਉਸਦਾ ਆਪਣਾ ਸੰਗਠਨ ਸੰਕਲਪਨਿਕ(conceptual) ਅਤੇ ਕਾਵਿਕ ਹੀ ਹੈ। ਵਾਸਤਵ ਵਿਚ ਬਾਣੀ ਤੇ ਕਹਾਣੀ ਦਾ ਅੰਤਰ ਵਿਰੋਧ ਹੈ। ਨਿਰਸੰਦੇਹ ਆਦਿ ਸ੍ਰੀ ਗਰੂ ਗ੍ਰੰਥ ਸਾਹਿਬ ਦਾ ਸੰਗਠਨ ਸ਼ੁਧ ਕਾਵਿ ਵਾਲਾ ਨਹੀਂ। ਇਹ ਦਰਸ਼ਨ ਵਿਸ਼ੇਸ਼ ਨੂੰ ਨਾਥ-ਸਿੱਧ-ਸੰਤ ਬਾਣੀ ਵਾਂਗੂ ਕਾਵਿ ਬੱਧ ਵੀ ਕਰਦਾ ਹੈ ਤੇ ਰਾਗ ਬੱਧ ਵੀ। ਇਸ ਵਿਚ ਅਧਿਆਤਮਿਕਤਾ ਅਤੇ ਨੈਤਿਕਤਾ ਦੋਹਾਂ ਉਪਰ ਬਲ ਦਿਤਾ ਗਿਆ ਹੈ। ਇਸਦਾ ਕੇਂਦਰ-ਬਿੰਦੂ ਮਨੁੱਖ ਨਹੀਂ, ਬ੍ਰਹਮ ਹੈ। ਮਨੁੱਖੀ ਭਾਵ ਨਹੀਂ, ਮਨੁੱਖੀ ਭਾਵਾਂ ਦਾ ਵਿਵੇਚਨ ਹੈ। ਇਸ ਦੀ ਯਾਤਰਾ ਲੋਕ ਤੋਂ ਲੋਕ ਤਕ ਨਹੀਂ, ਪ੍ਰਲੋਕ ਵਲ ਹੈ। ਇਹ ਕਿਸੇ ਕਥਾ ਵਿਸ਼ੇਸ਼ ਨੂੰ ਰੂਪਮਾਨ ਨਹੀਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਸਗੋਂ ਰਹੱਸਾਤਮਕ ਅਨੁਭੂਤੀ ਨੂੰ ਪ੍ਰਗਟਾਵਾ ਦੇਂਦਾ ਹੈ। ਬਾਣੀ ਲੋਕ ਦੀ ਯਾਤਰਾ ਮਨੁੱਖ ਤੋਂ ਮਨੁੱਖ ਤੋਂ ਬ੍ਰਹਮ ਵਲ ਜਾਣ ਦੀ ਹੈ। ਇਹੀ ਕਾਰਣ ਹੈ ਰਾਮਾਇਣ ਬਾਣੀ ਘੇਰੇ ਵਿਚ ਨਹੀਂ ਆ ਸਕੀ ਜਦ ਕਿ ਨਾਥ-ਸਿੱਧ-ਸੰਤ ਬਾਣੀ ਦਾ ਅਨੁਸਾਸ਼ਨ ਕਥਾਤਮਕ ਨਾ ਹੋ ਕੇ ਸੰਕਲਪਨਾ-ਮਈ, ਕਾਵਿਮਈ ਅਤੇ ਰਾਗਮਈ ਹੈ।

ਇਥੇ ਇਕ ਹੋਰ ਨੁਕਤਾ ਵੀ ਧਿਆਨਜੋਗ ਹੈ। ਬਾਣੀ ਦਾ ਪੈਗ਼ਾਮ ਸੁਣਨ ਲਈ ਕਿਸੇ ਸ੍ਰੋਤੇ ਦਾ ਹੋਣਾ ਜ਼ਰੂਰੀ ਹੈ। ਨਾਥ-ਸਿਧ-ਸੰਤ ਪਰੰਪਰਾ ਗੁਰੂ-ਸ਼ਿਸ਼ ਨਾਲ ਜੁੜੀ ਹੋਈ ਹੈ। ਸ਼ਾਇਦ, ਇਹ ਵੀ ਇਕ ਕਾਰਣ ਹੈ ਕਿ ਇਨ੍ਹਾਂ ਦੀ ਰਚਨਾ ਵੀ ਬਾਣੀ ਦੇ ਘੇਰੇ ਵਿਚ ਆ ਜਾਂਦੀ ਹੈ। ਕੁਲ ਮਿਲਾਕੇ, ਬਾਣੀ ਸਾਹਿਤ ਦੀ ਨਿਖਰਵੀਂ ਨਿਵੇਕਲੀ ਨੁਹਾਰ ਦਾ ਰਾਜ਼ ਦਰਸ਼ਨ ਕਾਵਿਕ ਅਨੁਸ਼ਾਸਨ ਅਤੇ ਰਾਗ ਬੰਦਿਸ਼ ਦਾ ਸੁਮੇਲ ਹੈ। ਤੇ ਰਹੱਸਾਤਮਕ ਅਨੁਭੂਤੀ ਇਸ ਦਾ ਲਾਜ਼ਮੀ ਜੁਜ਼ ਹੈ। ਬਾਣੀਕਾਰ, ਸੰਕਲਪਨਾ ਅਤੇ ਸ੍ਰੋਤਾ ਇਸਦੇ ਉਪਕਰਣ ਹਨ।

ਗੁਰਮਤਿ ਦਰਸ਼ਨ ਨੇ ਬਹੁਤ ਸਾਰੇ ਸਿੱਖ ਵਿਦਵਾਨਾਂ ਤੇ ਕੁਝ ਗੈਰ ਸਿੱਖ ਵਿਦਵਾਨਾਂ ਦਾ ਧਿਆਨ ਆਪਣੇ ਵਲ ਖਿਚਿਆ ਹੈ। ਇਹ ਚਿੰਤਨ ਸ਼ਰਧਾ ਯੁਕਤ ਬਿਰਤੀ ਨਾਲ ਵੀ ਹੋਇਆ ਹੈ ਤੇ ਸ਼ਰਧਾ ਮੁਕਤੀ ਨਾਲ ਵੀ। ਪਰ ਆਦਿ ਸ੍ਰੀਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਦਾ ਪੱਖ ਅਣ-ਗੌਲਿਆ ਹੀ ਰਿਹਾ ਹੈ। ਸਮੂਹ ਸਿੱਖ ਸੰਗਤ ਅਤੇ ਹੋਰ ਪਾਠੀ ਜਨ ਪਾਠ ਕਰਦੇ ਸਮੇਂ ਸ਼ਬਦਾਂ ਉਪਰ ਅੰਕਿਤ ਸਿਰਲੇਖ ਉਪ-ਸਿਰਲੇਖ ਤਥਾ ਅਨੁ-ਸਿਰਲੇਖ ਦਾ ਉਚਾਰਨ ਵੀ ਕਰਦੇ ਹਨ, ਜੇਹਾ ਕਿ ਸੋਰਠ ਮਹਲਾ ੧ ਘਰ ੧ ਅਸ਼ਟ-ਪਦੀਆਂ ਚਉਤੁਕੀ ਇਹ ਸਿਰਲੇਖ ਰਚਨਹਾਰ, ਰਾਗ ਵਿਸ਼ੇਸ਼ ਦੀ ਸੁਰ, ਕਾਵਿ-ਰੂਪ ਅਤੇ ਤੁਕ-ਸੰਖਿਆ ਵਲ ਸੰਕੇਤ ਕਰਦਾ ਹੈ। ਇਹ ਚਾਰ ਨੁਕਤੇ ਕੀ ਹਨ? ਜਾਂ ਅਜਿਹੇ ਹੋਰ ਸਿਰਲੇਖਾਂ ਦਾ ਕੀ ਭਾਵ ਹੈ, ਨੂੰ ਸਪਸ਼ਟ ਸਮਝਣ ਦੀ ਲੋੜ ਮਹਿਸੂਸ ਨਹੀਂ ਕੀਤੀ ਗਈ। ਇਸਦਾ ਦੂਸਰਾ ਕਾਰਣ ਸ਼ਾਇਦ, ਆਦਿ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨ ਵਿਧੀ ਦੀ ਜਾਣਕਾਰੀ ਦੀ ਅਣਹੋਂਦ ਵੀ ਹੋ ਸਕਦੀ ਹੈ। ਇਸ ਤਰ੍ਹਾਂ ਦੀ ਘਾਟ ਦਾ ਅਹਿਸਾਸ ਮੈਨੂੰ ਖੋਜ ਕਰਨ ਦੇ ਦੌਰਾਨ ਹੀ ਹੋਇਆ ਸੀ। ਆਦਿ ਸ੍ਰੀਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਉਪਰੰਤ ਜਿਨ੍ਹਾਂ ਪਹਿਲੂਆਂ ਨੇ ਮੇਰਾ ਧਿਆਨ ਵਧੇਰੇ ਖਿਚਿਆ ਹੈ ਦਾ ਵਿਵੇਚਨ ਮੈਂ ਤੁਹਾਡੇ ਸਾਰਿਆਂ ਨਾਲ ਸਾਂਝਾ ਕਰਨ ਦਾ ਉਪਰਾਲਾ ਕੀਤਾ ਹੈ। ਨਿਰਸੰਦੇਹ, ਆਦਿ ਸ੍ਰੀ ਗੁਰੂ ਗਰੰਥ ਦੇ ਸੰਕਲਨ-ਕਾਰਨ ਅਤੇ ਬਾਣੀ ਇਕੱਤਰ ਕਰਨ ਦੇ ਸ੍ਰੋਤ ਸਿੱਧੇ ਤੌਰ ਤੇ ਸੰਪਾਦਨ-ਕਲਾ ਦਾ ਅੰਗ ਨਹੀਂ ਪਰ ਤਾਂ ਵੀ ਇਨ੍ਹਾਂ ਤੋਂ ਬਗੈਰ ਸਾਡਾ ਇਹ ਅਧਿਐਨ ਅਧੂਰਾ ਰਹਿ ਜਾਂਦਾ ਹੈ। ਇਹ ਕੋਈ ਦਾਹਵਾ ਨਹੀਂ ਕਿ ਇਹ ਵਿਵੇਚਨ ਆਪਣੇ ਆਪ ਵਿਚ ਹਰ ਪੱਖੋਂ ਸੰਪੂਰਣ ਹੈ। ਹਾਂ ਇਤਨੀ ਬੇਨਤੀ ਜ਼ਰੂਰੀ ਹੈ ਕਿ ਆਪਣੇ ਆਪ ਵਿਚ ਇਸ ਤਰ੍ਹਾਂ ਦਾ ਪਹਿਲਾ ਜਤਨ ਹੈ। ਇਸ ਮਾਰਗ ਵਿਚ ਜੋ ਵੀ ਮਾੜੀ ਮੋਟੀ ਲੱਭਤ ਮੈਨੂੰ ਹੋਈ ਹੈ, ਤੁਹਾਡੀ ਭੇਟ ਹੈ।

**—ਮਹਿੰਦਰ ਕੌਰ ਗਿੱਲ**



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸੰਕਲਨ-ਕਾਰਨ

ਬਾਣੀ-ਸੰਕਲਨ ਦਾ ਵਿਚਾਰ ਗੁਰੂ ਨਾਨਕ ਦੇਵ ਜੀ ਤੋਂ ਹੀ ਆਰੰਭ ਹੋ ਗਿਆ ਸੀ। ਇਸ ਤੱਥ ਦੀ ਪ੍ਰੌੜਤਾ ਭਾਈ ਗੁਰਦਾਸ ਅਤੇ ਹੋਰ ਗੁਰੂ-ਇਤਿਹਾਸਾਰਾਂ ਨੇ ਵੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਆਪਣੀ ਯਾਤਰਾ ਸਮੇਂ ਕਈ ਸੂਫੀ-ਸੰਤ-ਭਗਤਾਂ ਨੂੰ ਮਿਲੇ। ਅਨੁਮਾਨ ਹੈ, ਜਿਨ੍ਹਾਂ ਮਹਾਂਪੁਰਖਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਆਸ਼ੇ ਅਨੁਸਾਰ ਜਾਪੀ,ਉਨ੍ਹਾਂ ਨੇ ਇਕੱਤਰ ਕਰ ਲਈ। ਜਨਮ ਸਾਖੀਆਂ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਸੰਕੇਤ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਹਰ ਸਮੇਂ ਆਪਣੇ ਪਾਸ ਇਕ ਕਿਤਾਬ ਰੱਖਦੇ ਸੀ। ਇਹ ਪੁਸਤਕ ਉਨ੍ਹਾਂ ਦੇ ਆਪਣੇ ਰਬੀ ਕਲਾਮ ਤੇ ਹੋਰ ਸੂਫੀ-ਸੰਤ-ਭਗਤ ਬਾਣੀ ਦਾ ਸੰਗ੍ਰਹਿ ਹੀ ਹੋ ਸਕਦੀ ਹੈ। ਗੁਰੂ-ਪਰੰਪਰਾ ਅਨੁਸਾਰ ਹਰ ਗੁਰੂ ਨੇ ਗੁਰਗੱਦੀ ਦੇਣ ਸਮੇਂ ਆਪਣੇ ਅਧਿਕਾਰੀ ਗੁਰੂ ਨੂੰ ਆਪਣੀ ਤੇ ਆਪ ਤੋਂ ਪੂਰਬਵਰਤੀ ਗੁਰੂਆਂ ਦੀ ਸੰਗ੍ਰਹਿਤ ਬਾਣੀ ਵੀ ਗੁਰੂ ਗੱਦੀ ਦੇ ਨਾਲ ਹੀ ਦਿੱਤੀ। ਇਸ ਤਰ੍ਹਾਂ ਬਾਣੀ-ਸੰਕਲਨ ਦਾ ਪ੍ਰਵਾਹ ਵੀ ਬਾਣੀ-ਸਿਰਜਨ ਕਰਮ ਦੀ ਤਰ੍ਹਾਂ ਪੰਚਮ ਗੁਰੂ ਤਕ ਨਿਰੰਤਰ ਚਲਦਾ ਰਿਹਾ। ਤੇ, ਇਸੇ ਤਰ੍ਹਾਂ ਹੋ ਸਕਦਾ ਹੈ, ਕੁਝ ਸੂਫੀ-ਸੰਤ-ਭਗਤ ਬਾਣੀ ਵੀ ਗੁਰੂਜਨ ਦੀ ਤਰ੍ਹਾਂ ਇਕੱਤਰ ਕਰਦੇ ਰਹੇ ਹੋਣ। ਪਰ ਸਾਡਾ ਮੂਲ ਪ੍ਰਸ਼ਨ ਹੈ, ਆਦਿ ਸ੍ਰੀਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵਿਚਾਰ ਗੁਰੂ ਅਰਜਨਦੇਵ ਨੂੰ ਕਿਉਂ ਫੁਰਿਆ? ਸਾਡੇ ਅਧਿਐਨ ਅਨੁਸਾਰ ਇਸਦੇ ਨਿਮਨ ਅੰਕਿਤ ਕਾਰਨ ਹੋ ਸਕਦੇ ਹਨ :

1. ਸਾਡਾ ਮੁਢਲਾ ਸ੍ਰੋਤ ਬੰਸਾਵਲੀ ਨਾਮਾ[1], ਮਹਿਮਾ ਪ੍ਰਕਾਸ਼[2] ਅਤੇ ਗੁਰ ਪ੍ਰਤਾਪ[3] ਸੂਰਜ ਤਿੰਨੇ ਗ੍ਰੰਥ ਇਕ ਮਤ ਹਨ ਕਿ ਆਦਿ ਸ੍ਰੀ ਗੁਰੂ ਗ੍ਰੰਥ ਦੇ ਸੰਪਾਦਨ ਦਾ ਮੂਲ ਕਾਰਨ ਘਰੋਗੀ ਫੁੱਟ ਸੀ। ਪ੍ਰਿਥੀਚੰਦ ਨੇ ਗੁਰੂਗੱਦੀ ਪ੍ਰਾਪਤ ਕਰਨ ਲਈ ਗੁਰੂ ਅਰਜਨਦੇਵ ਦਾ ਅਸਫਲ ਵਿਰੋਧ ਕੀਤਾ। ਨਾਲ ਹੀ ਪ੍ਰਿਥੀ ਚੰਦ ਦੇ ਪੁੱਤਰ ਮੇਹਰਵਾਨ ਨੇ ਵੀ ਬਾਣੀ ਰਚਣੀ ਆਰੰਭ ਕਰ ਦਿਤੀ ਜਿਸ ਦਾ ਗਾਇਨ ਇਸ ਦੇ ਸੰਗੀ ਸਾਥੀ ਆਦਿ ਗੁਰੂਆਂ ਦੀ ਬਾਣੀ ਵਾਂਗੂ ਹੀ ਕਰਨ ਲੱਗੇ ਤੇ ਸ਼ਬਦ ਦੇ ਅੰਤ ਵਿਚ ਨਾਨਕ ਪਦ ਦੀ ਵਰਤੋਂ ਵੀ ਹੋਣ ਲੱਗ ਪਈ। ਇਸ ਤਰ੍ਹਾਂ ਗੁਰੂ-ਬਾਣੀ ਅਤੇ ਮਿਹਰਵਾਨ ਦੀ ਬਾਣੀ ਵਿਚ ਰਲਾ ਪੈ ਜਾਣਾ ਕੁਦਰਤੀ ਸੀ। ਗੁਰੂ ਪਰਿਵਾਰ ਦਾ ਅੰਗ ਹੋਣ ਕਰਕੇ ਮਿਹਰਵਾਨ ਵੀ ਬਹੁਤ ਸਾਰੀ ਗੁਰੂ ਸ਼ਬਦਾਵਲੀ ਜਾਣਦਾ ਸੀ ਤੇ ਉਸਦੀ ਵਰਤੋਂ ਵੀ ਕਰਦਾ ਸੀ। ਇਸ ਲਈ ਆਮ ਸਾਧਾਰਨ ਲੋਕਾਂ ਲਈ ਗੁਰੂ-ਬਾਣੀ ਅਤੇ ਮਿਹਰਵਾਨ ਦੀ ਬਾਣੀ ਦਾ ਵਖੇਵਾਂ ਕਰਨਾ ਕਠਿਨ ਹੋ ਜਾਂਦਾ। ਪੰਚਮ ਗੁਰੂ ਨੇ ਆਦਿ ਗੁਰੂਆਂ ਦੀ ਬਾਣੀ ਨੂੰ ਨਿਰੋਲ ਰੱਖਣ ਲਈ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਲਈ ਸੋਚਿਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਤਵਾਰੀਖ ਗੁਰੂ ਖਾਲਸਾ[4] ਅਤੇ ਗੁਰ ਪਰ ਪ੍ਰਕਾਸ਼[6] ਦੋਵੇਂ ਸਹਿਮਤ ਹਨ ਕਿ ਆਦਿ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨਾ ਗੁਰੂ ਸੰਪਰਦਾਇ ਦੇ ਅਸੂਲਾਂ ਨੂੰ ਸਦਾ-ਸਥਾਪਿਤ ਕਰਨ ਲਈ ਕੀਤੀ ਗਈ। ਸੰਸਾਰ ਦੇ ਸਭ ਧਰਮ ਆਪੋ ਆਪਣੀ ਧਰਮ-ਪੁਸਤਕ ਰੱਖਦੇ ਹਨ। ਜਿਹਾ ਕਿ ਮੂਸਾ ਨੇ ਤੌਰੇਤ, ਹਜ਼ਰਤ ਈਸਾ ਨੇ ਅੰਜੀਲ, ਜਰੁਸਤਮ ਨੇ ਦਸਾਤੀਰ ਮੁਹੰਮਦ ਨੇ ਕੁਰਾਨ, ਹਿੰਦੂਆਂ ਦੇ ਵੇਦ ਆਦਿ ਧਰਮ ਗ੍ਰੰਥ ਹਨ। ਇਨ੍ਹਾਂ ਦਾ ਅਨੁਸਰਣ ਕਰਦੇ ਹੋਏ ਹੀ ਪੰਜਵੇਂ ਗੁਰੂ ਨੇ ਆਦਿ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨਾ ਲਈ ਜਤਨ ਆਰੰਭੇ। ਪਰ ਇਹ ਗ੍ਰੰਥ ਉਨ੍ਹਾਂ ਦਾ ਪੂਰਾ ਪੂਰਾ ਅਨੁਸਰਣ ਵੀ ਨਹੀਂ। ਇਹ ਤਾਂ ਸਰਬ ਭਾਰਤੀ ਸੰਤਾਂ ਦੀ ਬਾਣੀ ਨੂੰ ਵੀ ਆਪਣੇ ਵਿਚ ਸਮੋਈ ਬੈਠਾ ਹੈ।

3. ਕਨਿੰਘਮ[6], ਮੈਕਾਲਫ਼[7], ਲੋਲਨ[8] ਤਿੰਨਾਂ ਦਾ ਮਤ ਹੈ ਕਿ ਗੁਰੂ ਅਰਜਨ ਦੇਵ ਨੇ ਆਦਿ ਸ੍ਰੀ ਗੁਰੂ ਗ੍ਰੰਥ ਦਾ ਸੰਕਲਨ ਕਰਕੇ ਸਿੱਖਾਂ ਲਈ ਧਾਰਮਿਕ ਅਤੇ ਸਦਾਚਾਰਕ ਰਹੁਰੀਤ ਕਾਇਮ ਕੀਤੀ ਜਿਸ ਨਾਲ ਸਿੱਖ-ਧਰਮ ਦੇ ਅਨੁਯਾਈ ਇਕ ਮੁੱਠ ਹੋ ਗਏ ਤੇ ਸਾਰੇ ਹੀ ਗੁਰੂ ਸਾਹਿਬਾਨ ਦੇ ਦੱਸੇ ਰਾਹ ਉੱਤੇ ਤੁਰਨ ਦਾ ਜਤਨ ਕਰਨ ਲਗੇ। ਗੁਰੂ ਅਰਜਨ ਦੇਵ ਨੇ ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਸੰਤਾਂ-ਭਗਤਾਂ ਦੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਇਸ ਕਰਕੇ ਨਹੀਂ ਸ਼ਾਮਲ ਕੀਤੀ ਕਿ ਉਹ ਸਿੱਖ-ਮਤ ਦਾ ਪ੍ਰਚਾਰ ਸਭ ਲੋਕਾਂ ਵਿਚ ਕਰਨਾ ਚਾਹੁੰਦੇ ਸੀ, ਸਗੋਂ ਉਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟਾਏ ਗਏ ਅੰਤਿਮ ਤੱਤ ਨੂੰ ਦੂਸਰੀਆਂ ਭਾਸ਼ਾਵਾਂ ਵਿਚ ਪ੍ਰਗਟਾ ਕੇ ਹੋਰ ਵਧੇਰੇ ਪ੍ਰਚਾਰਨਾ ਚਾਹੁੰਦੇ ਸਨ।[9]

4. ਕੁਝ ਲੇਖਕਾਂ ਨੇ ਆਦਿ ਸ੍ਰੀਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਸੰਬੰਧ ਜੀਵਕਾ ਉਪਾਰਜਨਾ ਨਾਲ ਵੀ ਜੋੜਿਆ[10] ਹੈ। ਪਰ ਸਾਡੀ ਜਾਚੇ ਅਜਿਹੇ ਕਾਰਨ ਨੂੰ ਇਸ ਮਹਾਨ ਉੱਦਮ ਦਾ ਮੁੱਖ ਕਾਰਣ ਨਹੀਂ ਮੰਨਿਆ ਜਾ ਸਕਦਾ।

5. ਗੁਰੂ ਅਰਜਨ ਦੇਵ ਜੀ ਸੰਤੁਲਿਤ ਜੀਵਨ ਦੀਆਂ ਸਰੀਰਕ ਅਤੇ ਰੂਹਾਨੀ ਲੋੜਾਂ ਵਲੋਂ ਸੁਚੇਤ ਸਨ। ਉਹ ਇਸ ਗਲੋਂ ਅਣਗਹਿਲ ਨਹੀਂ ਸਨ ਕਿ ਮਜ਼ਬ ਦੀ ਜੜ੍ਹ ਨੂੰ ਪੱਕਿਆਂ ਉਥੋਂ ਦੀ ਲੋਕ-ਭਾਸ਼ਾ ਵਿਚ ਕੀਤਾ ਪਰਚਾਰ ਹੀ ਕਰ ਸਕਦਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਤੋਂ ਪਹਿਲਾਂ ਬਹੁਤ ਸਾਰਾ ਧਾਰਮਿਕ ਸਾਹਿਤ ਸੰਸਕ੍ਰਿਤ ਅਤੇ ਇਸਲਾਮੀ ਭਾਸ਼ਾਵਾਂ ਵਿਚ ਵਿਦਮਾਨ ਸੀ। ਇਸ ਸਾਹਿਤ ਤੋਂ ਆਮ ਲੋਕ ਲਾਭ ਨਹੀਂ ਲੈ ਸਕਦੇ ਸੀ। ਆਦਿ ਸ੍ਰੀ ਗੁਰੂ ਗ੍ਰੰਥ ਨੂੰ ਗੁਰਮੁਖੀ ਲਿਪੀ ਵਿਚ ਅੰਕਿਤ ਕਰਕੇ ਪੰਚਮ ਗੁਰੂ ਨੇ ਇਕ ਉਸਾਰੂ ਕੰਮ ਕੀਤਾ।[11] ਇਹ ਲਿਪੀ ਸੁਖੈਨ ਸੀ। ਆਮ ਜਨਤਾ ਰੂਹਾਨੀਅਤ ਦੀ ਜਾਣਕਾਰੀ ਆਪਣੀ ਜਨ-ਭਾਸ਼ਾ ਵਿਚ ਕਰ ਸਕਦੀ ਸੀ। ਇਸ ਦਾ ਇਕ ਲਾਭ ਇਹ ਵੀ ਹੋਇਆ ਕਿ ਸਿੱਖਾਂ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਣ ਦਾ ਅਭਿਆਸ ਹੋ ਗਿਆ। ਸ਼ਰਧਾਲੂ ਸਿੱਖ ਗੁਰਮੁਖੀ ਅੱਖਰਾਂ ਵਿਚ ਪੜ੍ਹਨਾ-ਲਿਖਣਾ ਸਿੱਖ ਗਏ ਤੇ ਆਮ ਜਨਤਾ ਨੂੰ ਪੜ੍ਹਨ-ਪੜ੍ਹਾਨ ਦਾ ਇਕ ਨਵਾਂ ਰਾਹ ਲੱਭ ਪਿਆ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦੇ ਨਾਲ ਨ ਲੋਕਾਂ ਦੀ ਭਾਸ਼ਾ ਦੀ ਪ੍ਰਚਲਿਤ ਹੁੰਦੀ ਰਹੀ।

6. ਭਾਸ਼ਾ ਪੱਖੋਂ ਉਸ ਸਮੇਂ ਦੀਆਂ ਪ੍ਰਚਲਿਤ ਭਾਸ਼ਾਵਾਂ ਦੇ ਅਸਲੀ ਸਰੂਪ ਨੂੰ ਸੁਰਜੀਤ ਰੱਖਣ ਦਾ ਉਦੇਸ਼, ਸਾਹਮਣੇ ਰੱਖਿਆ ਪ੍ਰਤੀਤ ਹੁੰਦਾ ਹੈ। ਆਦਿ ਸ੍ਰੀ ਗ੍ਰੰਥ ਗ੍ਰੰਥ ਵਿਚ ਛੇ ਭਾਸ਼ਾਵਾਂ ਅਤੇ ਕਈ ਉਪ-ਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਹੈ।[12] ਪੰਜਾਬ ਵਿਚ ਲਗਪਗ ਪੰਜ ਸਦੀਆਂ (12 ਤੋਂ 17) ਦੇ ਦੌਰਾਨ ਜਿੰਨੀਆਂ ਵੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਰਹੀਆਂ ਹਨ, ਉਨ੍ਹਾਂ ਸਾਰੀਆਂ ਦਾ ਅਸਲੀ ਰੂਪ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਵਿਦਮਾਨ ਹੈ।

7. ਬਾਰ੍ਹਵੀਂ ਤੋਂ ਸਤਾਰ੍ਹਵੀਂ ਸਦੀ ਵਿਚ ਹੋਏ ਭਾਰਤੀ ਸੰਤਾਂ ਭਗਤਾਂ ਦੇ ਨਾਮ ਅਤੇ ਕਲਾਮ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਨੇ ਹਮੇਸ਼ਾ ਲਈ ਸੁਰਜੀਤ ਕਰ ਦਿਤਾ। ਭਾਰਤੀ ਲੋਕਾਂ ਦਾ ਕਵਿਤਾ ਲਈ ਕਿਤਨਾ ਅਥਾਹ ਪਿਆਰ ਹੈ, ਆਦਿ ਸ੍ਰੀ ਗੁਰੂ ਗ੍ਰੰਥ ਦਾ ਸੰਕਲਨ ਇਸ ਤੱਥ ਦਾ ਨਿਗਰ ਪਰਿਮਾਣ ਹੈ[13]। ਆਦਿ ਸ੍ਰੀ ਗੁਰੂ ਗ੍ਰੰਥ ਵਿਚ ਫ਼ਰੀਦ ਸੂਫ਼ੀ ਸ਼ੇਖ, ਕਬੀਰ ਜੁਲਾਹਾ, ਜੈਦੇਵ ਬ੍ਰਾਹਮਣ, ਨਾਮਦੇਵ ਛੀਂਬਾ, ਤ੍ਰਿਲੋਚਨ ਵੈਸ਼, ਸਦਨਾ ਕਸਾਈ, ਰਵਿਦਾਸ ਚਮਾਰ, ਭੀਖਨ ਮੁਸਲਮਾਨ ਆਦਿ ਦੀ ਰਚਨਾ ਬਿਨਾਂ ਕਿਸੇ ਭੇਦ-ਭਾਵ ਦੇ ਅੰਕਿਤ ਕਰ ਲੈਣਾ "ਏਕ ਪਿਤਾ ਏਕਸ ਕੇ ਹਮ ਬਾਰਕ" ਦੇ ਆਦਰਸ਼ ਨੂੰ ਦ੍ਰਿੜ ਕਰਾਉਣਾ ਹੈ।

8. ਭਾਰਤੀ ਦਾਰਸ਼ਨਿਕ ਮਤ-ਮਤਾਤਰਾਂ ਦੀ ਆਪਸੀ ਖਿਚੋਤਾਣ ਜਨਤਾ ਨੂੰ ਆਪਸ ਵਿਚ ਮੇਲਣ ਦੀ ਥਾਂ ਨਿਖੇੜਦੀ ਸੀ। ਹਾਲਾਂਕਿ ਉਨ੍ਹਾਂ ਸਾਰਿਆਂ ਦਾ ਮੂਲ ਆਸ਼ਾ ਇਕੋ ਹੀ ਹੈ। ਆਦਿ ਸ੍ਰੀ ਗੁਰੂ ਗ੍ਰੰਥ ਨੇ ਇਸ ਤੱਥ ਦੀ ਸਾਰਥਕਤਾ ਨੂੰ ਹੋਰ ਵਧੇਰੇ ਸਪਸ਼ਟ ਕੀਤਾ। ਲੋਕਾਂ ਨੂੰ ਇਸ ਭੇਦ ਤੋਂ ਜਾਣੂ ਕਰਵਾਉਣਾ ਵੀ ਆਦਿ ਗ੍ਰੰਥ ਦੇ ਸੰਕਲਨ-ਕਾਰਨਾਂ ਵਿਚੋਂ ਇਕ ਹੈ :

ਚਾਰਿ ਪੁਕਾਰਹਿ ਨਾ ਤੂ ਮਾਨਹਿ ਖਟੁ ਭੀ ਏਕਾ ਬਾਤ ਵਖਾਨਹਿ ॥
ਦਸ ਅਸਟਿ ਮਿਲਿ ਏਕੋ ਕਹਿਆ ਤਾਂ ਭੀ ਜੋਗੀ ਭੇਦੁ ਨ ਲਹਿਆ ॥
ਰਾਮਕਲੀ ਮਹਲਾ ੫/੮੮੬

ਸਾਰ—

ਬਾਣੀ ਨੂੰ ਲਿਖਿਤ ਰੂਪ ਵਿਚ ਸੁਰੱਖਿਅਤ ਰੱਖਣ ਦੀ ਪਰੰਪਰਾ ਗੁਰੂ ਨਾਨਕ ਦੇਵ ਦੇ ਵੇਲੇ ਤੋਂ ਹੀ ਤੁਰੀ ਆ ਰਹੀ ਸੀ। ਵਿਕੋਲਤ੍ਰੀ ਬਾਣੀ ਨੂੰ ਸੁਰੱਖਿਅਤ ਰੱਖਣੇ ਲਈ ਇਸ ਦਾ ਸੰਕਲਨ ਇਕੋ ਥਾਵੇਂ ਕਰਨਾ ਲਾਜ਼ਮੀ ਸੀ। ਅਜਿਹਾ ਉਚੇਚਾ ਉਦਮ ਤੀਸਰੇ ਗੁਰੂ ਦੇ ਵੇਲੇ ਤੋਂ ਆਰੰਭਿਆ ਗਿਆ। ਗੁਰੂ ਅਮਰਦਾਸ ਦੇ ਸਮੇਂ ਤੋਂ ਹੀ ਇਹ ਸੰਭਾਵਨਾ ਪੈਦਾ ਹੋ ਗਈ ਸੀ ਕਿ ਗੁਰੂ ਬਾਣੀ ਹੋਰਨਾਂ ਹੱਥਾਂ ਵਿਚ ਨਾ ਚਲੀ ਜਾਵੇ। ਇਸ ਤਰ੍ਹਾਂ ਗੁਰੂ ਘਰ ਦੀ ਇਕਮੁਠਤਾ ਦੇ ਖੰਡਿਤ ਹੋਣ ਦਾ ਵੀ ਅੰਦੇਸ਼ਾ ਸੀ। ਪੰਜਵੇਂ ਗੁਰੂ ਦੇ ਸਮੇਂ ਘਰੋਗੀ ਫੁਟ ਪ੍ਰਬਲ ਰੂਪ ਧਾਰਣ ਕਰ ਗਈ। ਗੁਰੂ-ਬਾਣੀ ਵਿਚ ਰਲਾ ਪੈਣਾ ਸੰਭਵ ਸੀ। ਗੁਰੂ ਬਾਣੀ ਦੇ ਮੂਲ ਰੂਪ ਨੂੰ ਸੁਰੱਖਿਅਤ ਰੱਖਣ ਲਈ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਸ੍ਰੀਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ ਗਿਆ। ਘਰੇਗੀ-ਫੁਟ ਸੰਕਲਨ-ਕਾਰਜ ਨੂੰ ਰਤਾ ਹੋਰ ਤੇਜ਼ ਤੋਰੇ ਨੇਪਰੇ ਚਾੜ੍ਹਨ ਵਿਚ ਸਹਾਇਕ ਸਾਬਤ ਹੋਈ। ਪੰਜਵੇਂ ਗੁਰੂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਇਕ ਨਵੇਕਲੀ ਧਾਰਮਕ ਸੰਸਥਾ ਸਥਾਪਿਤ ਕੀਤੀ ਜਿਸਨੇ ਸਿੱਖ ਧਰਮ ਨੂੰ ਸਦੀਵੀ ਹੋਂਦ ਦਾ ਅਹਿਸਾਸ ਦਿਤਾ। ਪੰਚਮ ਗੁਰੂ ਨੇ ਜਿਥੇ ਸਿੱਖ ਧਰਮ ਨੂੰ ਨਵੇਕਲੀ ਹੋਂਦ ਦਾ ਅਹਿਸਾਸ ਦਿਤਾ ਉਥੇ ਭਾਰਤੀ ਸੂਫੀ ਸੰਤਾਂ ਭਗਤਾਂ ਦੀ ਬਾਣੀ ਸੰਕਲਨ ਨਾਲ ਅਧਿਆਤਮਕ ਸਾਂਝ ਨੂੰ ਦ੍ਰਿੜ ਕਰਵਾਇਆ। ਉਚੇਰੀਆਂ, ਸਾਂਝੀਆਂ, ਮਾਨਵੀ ਕਦਰਾਂ ਦਾ ਅਹਿਸਾਸ ਕਰਾਉਣਾ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ-ਕਾਰਨ ਮਿਥੇ ਜਾ ਸਕਦੇ ਹਨ।

## ਫੁਟ ਨੋਟ

1. ਛਿੱਬਰ, ਕੇਸਰ ਸਿੰਘ, ਬੰਸਾਵਲੀ ਨਾਮਾ, ਪੰਨਾ ੪੮
2. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਸਾਖੀ ਅੰਕ ੧੩੨
3. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ, ੧੦੨੩
4. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ ੨੦੪
5. ਸੰਤਰੇਣ, ਪ੍ਰੇਮ ਸਿੰਘ, ਗੁਰ ਪੁਰ ਪ੍ਰਕਾਸ਼, ਪੰਨਾ ੩੯੨
6. Cunnigham J. D., History of the Sikhs. Page 46
7. Macauliffe, Max Arthar, The Sikh Religion, Vol. III, Page 55
8. Loehlin C.V., The Sikhs and their Scriptures Page 31
9. Ibid ,, 32
10. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ, ਪੰਨਾ ੧੦੨੫
11. ,, ,, ੧੦੪੨
12. Loehlin C. V., The Sikhs and their Scriptures, Page 32
13. Ibid Page 31



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬਾਣੀ ਇਕੱਤਰ ਕਰਨ ਦੇ ਸ੍ਰੋਤ

1. ਗੁਰੂ ਅਰਜਨ ਤੋਂ ਪੂਰਬਵਰਤੀ ਗੁਰੂਆਂ ਦੀ ਬਾਣੀ ਜੋ ਕਿ ਗੁਰੂ ਜਨ ਸਿਰਜਣ-ਉਪਰੰਤ ਇਕੱਤਰ ਕਰਦੇ ਰਹੇ, ਹੀ ਬਾਣੀ ਸੰਕਲਨ ਦਾ ਮੂਲ ਸੋਮਾ ਹੈ। ਇਸ ਸ੍ਰੋਤ ਦਾ ਹਵਾਲਾ ਲਗਪਗ ਹਰ ਗੁਰੂ ਇਤਿਹਾਸਕਾਰ ਨੇ ਦਿਤਾ ਹੈ। ਇਹ ਸੰਕਲਿਤ ਬਾਣੀ ਪੰਚਮ ਗੁਰੂ ਤਕ ਪੁਜਦਿਆਂ ਕਿਨ੍ਹਾਂ ਕਿਨ੍ਹਾਂ ਹੱਥਾਂ ਵਿਚੋਂ ਹੋ ਕੇ ਆਈ, ਇਸ ਬਾਰੇ ਤਾਂ ਮਤਭੇਦ ਹੈ ਪਰ ਇਸ ਗਲੋਂ ਕੋਈ ਵੀ ਲਿਖਾਰੀ ਇਨਕਾਰੀ ਨਹੀਂ ਕਿ ਗੁਰੂ ਨਾਨਕ ਦੇਵ ਤੋਂ ਹੀ ਬਾਣੀ ਦਾ ਇਕ ਜਗ੍ਹਾ ਉੱਤੇ ਇਕੱਤਰ ਹੋਣਾ ਆਰੰਭ ਹੋ ਗਿਆ ਸੀ।

ਸਰੂਪ ਦਾਸ ਭੱਲਾ[1] ਦੇ ਮਤ ਅਨੁਸਾਰ ਪਹਿਲੇ ਚਾਰ ਗੁਰੂਆਂ ਦੀ ਬਾਣੀ ਦਾ ਸੰਚੇ ਬਾਬੇ ਮੋਹਨ ਦੇ ਪੁਤਰ ਸੰਸਰਾਮ ਦੇ ਪਾਸ ਸੀ। ਪਰ ਗੁਰੂ ਇਤਿਹਾਸ ਅਨੁਸਾਰ ਬਾਬਾ ਮੋਹਨ ਗ੍ਰਹਿਸਤੀ ਨਹੀਂ ਸੀ। ਸੰਸਰਾਮ ਬਾਬਾ ਮੋਹਰੀ ਦਾ ਲੜਕਾ ਤੇ ਗੁਰੂ ਅਮਰਦਾਸ ਦਾ ਪੋਤਰਾ ਸੀ। ਭਾਈ ਸੰਤੋਖ ਸਿੰਘ[2] ਅਤੇ ਮੈਕਾਲਫ਼[3] ਦੋਵੇਂ ਇਕ ਮਤ ਹਨ ਕਿ ਬਾਣੀ ਦੀਆਂ ਪੋਥੀਆਂ ਗੁਰੂ ਅਮਰਦਾਸ ਦੇ ਵੱਡੇ ਸਪੁੱਤਰ ਬਾਬਾ ਮੋਹਨ ਕੋਲ ਸਨ। ਪੰਚਮ ਗੁਰੂ ਨੇ ਇਹ ਪੋਥੀਆਂ ਬੜੇ ਤਰੱਦਦ ਨਾਲ ਪ੍ਰਾਪਤ ਕੀਤੀਆਂ। ਪਹਿਲੀ ਵਾਰੀ ਭਾਈ ਗੁਰਦਾਸ, ਦੂਜੀ ਵਾਰੀ ਬਾਬਾ ਬੁੱਢਾ ਅਤੇ ਤੀਜੀ ਵਾਰੀ ਗੁਰੂ ਆਪ ਗੋਇੰਦਵਾਲ ਪਹੁੰਚੇ। ਤਦ ਜਾ ਕੇ ਇਨ੍ਹਾਂ ਸੰਚੀਆਂ ਨੂੰ ਪ੍ਰਾਪਤ ਕਰ ਸਕੇ।

2. ਦੂਜਾ ਸ੍ਰੋਤ ਗੁਰੂ ਸਾਹਿਬ ਨਾਲ ਸਬੰਧਿਤ ਵਿਅਕਤੀ ਹਨ, ਜਿਹਾ ਕਿ ਰਾਮਕਲੀ ਦੀ ਸਦ ਦਾ ਰਚਣਹਾਰ ਬਾਬਾ ਸੁੰਦਰ।

3. ਤੀਜਾ ਸ੍ਰੋਤ ਗੁਰੂ ਘਰ ਦੇ ਸਮਕਾਲੀ ਰਾਗੀ-ਰਬਾਬੀ,ਸਿੱਧ, ਭਗਤ (ਚਉਬੋਲੈ) ਸੂਰਦਾਸ ਅਤੇ ਭੀਖਨ ਦੀ ਬਾਣੀ ਹੈ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

**ਰਾਗੀ-ਰਬਾਬੀ :**

(ੳ) ਰਾਇ ਬਲਵੰਡ ਤਥਾ ਸਤਾ ਡੂਮਿ—ਰਾਮਕਲੀ ਦੀ ਵਾਰ

(ਅ) ਭਟ—ਸਵਈਏ

ਭਟ ਗਿਣਤੀ ਵਿਚ ਕਿੰਨੇ ਹਨ ਇਸ ਬਾਰੇ ਮਤਭੇਦ ਹੈ। ਡਾ: ਚਰਨ ਸਿੰਘ[4], ਭਾਈ ਸੰਤੋਖ ਸਿੰਘ[5], ਅਤੇ ਗਿ: ਗਿਆਨ ਸਿੰਘ[6] ਦੇ ਮਤ ਅਨੁਸਾਰ ਭਟਾਂ ਦੀ ਗਿਣਤੀ 17 ਹੈ। ਜਿਨ੍ਹਾਂ ਦੇ ਨਾਮ ਹਨ : ਮਥਰਾ, ਜਾਲਪ, ਬਲ, ਹਰਬੰਸ, ਟਲਯ, ਸਲਯ, ਜਲਯ, ਕਲ, ਜਲ, ਨਲ, ਕਲ੍ਹਸੰਹਾਰ, ਦਾਸ, ਕੀਰਤ, ਗਯੰਦ, ਸਦਰੰਗ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਿੱਖਾ । ਪਰ ਡਾ: ਤਾਰਨ ਸਿੰਘਾ ਅਤੇ ਪ੍ਰੋ: ਸਾਹਿਬ ਸਿੰਘ ਦੇ ਮਤ ਅਨੁਸਾਰ ਭਟਾਂ ਦੀ ਗਿਣਤੀ 11 ਹੈ । ਪ੍ਰੋ: ਸਾਹਿਬ ਸਿੰਘ ਨੇ ਵਿਦਵਾਨਾਂ ਦੇ ਆਪਸੀ ਵਿਵਾਦ ਉਪਰ 'ਭਟਾਂ ਦੀ ਗਿਣਤੀ' ਸਿਰਲੇਖ ਹੇਠਾਂ ਸਵਿਸਤਾਰ ਚਰਚਾ ਕੀਤੀ ਹੈ ਤੇ ਸਵਈਆਂ ਦੇ ਛੰਦ-ਅੰਕ-ਮਾਤਰਾ ਅਨੁਸਾਰ ਇਹ ਗਿਣਤੀ 11 ਸਿੱਧ ਕੀਤੀ ਹੈ । ਜਿਨ੍ਹਾਂ ਦੇ ਨਾਮ ਹਨ : ਕਲ, ਜਲ, ਕੀਰਤ, ਭਿੱਖਾ, ਸਲ੍ਹ ਭਲ੍ਹ, ਨਲ, ਗਯੰਦ, ਮਥੁਰਾ, ਬਲ ਅਤੇ ਹਰਬੰਸ । ਅਸੀਂ ਡਾ. ਚਰਨ ਸਿੰਘ ਦਾ ਅਨੁਸਰਣ ਕਰਦੇ ਹੋਏ ਭੱਟਾਂ ਦੀ ਗਿਣਤੀ 17 ਮੰਨਣੀ ਉਚਿਤ ਸਮਝਦੇ ਹਾਂ ।

(ੲ) ਮਰਦਾਨਾ—ਇਕ ਸਲੋਕ (ਬਿਹਾਗੜੇ ਦੀ ਵਾਰ)

ਗੁਰੂ ਨਾਨਕ ਦੇਵ ਨੇ ਬਿਹਾਗੜੇ ਦੀ ਵਾਰ ਵਿਚ ਇਕ ਸਲੋਕ ਮਰਦਾਨਾ (ਆਦਿ ਸ੍ਰੀ ਗੁਰੂ ਗ੍ਰੰਥ, ੫੫੩) ਲਿਖਕੇ ਪੂਰਾ ਕੀਤਾ ਹੈ । ਗਿਆਨੀ ਬਦਨ ਸਿੰਘ ਦੇ ਮਤ ਅਨੁਸਾਰ ਇਹ ਸਲੋਕ ਮਰਦਾਨੇ ਦਾ ਨਹੀਂ ਸਗੋਂ ਇਸ ਵਿਚ ਮਰਦਾਨੇ ਨੂੰ ਉਪਦੇਸ਼ ਕੀਤਾ ਗਿਆ ਹੈ । ਸਲੋਕ ਦੇ ਅੰਤ ਵਿਚ ਮਰਦਾਨੇ ਦਾ ਨਾਮ ਨਹੀਂ ਗੁਰੂ ਨਾਨਕ ਦਾ ਹੈ । ਸਾਡੀ ਜਾਚੇ, ਇਸ ਸਲੋਕ ਦੇ ਸ਼ਬਦਾਂ ਦੀ ਅਦਲੀ-ਬਦਲੀ ਕਰਕੇ ਗੁਰੂ ਨਾਨਕ ਦੇਵ ਨੇ ਲਿਖਿਆ ਹੈ । ਜੇ ਨਿਰਾ ਮਰਦਾਨੇ ਨੂੰ ਉਪਦੇਸ਼ ਹੀ ਕੀਤਾ ਹੁੰਦਾ ਤਾਂ ਮਰਦਾਨੇ ਦਾ ਨਾਮ ਨਾਲ ਲਿਖਣ ਦੀ ਲੋੜ ਨਹੀਂ ਸੀ । ਉਂਝ ਤਾਂ ਗੁਰੂ ਨਾਨਕ ਰਚਿਤ ਬਹੁਤ ਸਾਰੇ ਪਦੇ ਉਪਦੇਸ਼ਾਤਮਕ ਹਨ ।

(ਸ) ਸਿਧ—

ਰਾਮਕਲੀ ਦੀ ਵਾਰ ਮਹਲਾ 3 ਵਿਚ ਗੁਰੂ ਨਾਨਕ ਰਚਿਤ ਕੁਝ ਸਲੋਕ ਹਨ, ਜਿਨ੍ਹਾਂ ਵਿਚੋਂ ਪੰਜ ਸ਼ਲੋਕ ਉਹ ਹਨ ਜੋ ਮਹਲਾ ੧ ਨਾਲ ਆਰੰਭ ਹੁੰਦੇ ਹਨ ਤੇ ਅੰਤ ਵਿਚ ਜੋਗੀ ਵਿਸ਼ੇਸ਼ ਦਾ ਨਾਮ ਹੈ । ਅੰਤ ਵਿਚ ਪ੍ਰਸ਼ਨ ਪੁੱਛਣ ਵਾਲੇ ਜੋਗੀ ਦਾ ਨਾਮ ਹੋਣ ਕਰਕੇ ਕੁਝ ਲੋਕ ਭੁਲੇਖੇ ਵਿਚ ਪੈ ਜਾਂਦੇ ਹਨ ਕਿ ਇਹ ਸਲੋਕ ਪੰਜ ਸਿੱਧਾਂ ਦੇ ਉਚਾਰੇ ਹੋਏ ਹਨ । ਵਾਸਤਵ ਵਿਚ ਇਹ ਸਲੋਕ ਗੁਰੂ ਨਾਨਕ ਰਚਿਤ ਹੀ ਹਨ । ਦੂਜੇ ਮਤ ਅਨੁਸਾਰ ਪ੍ਰਸ਼ਨ ਪੁੱਛਣ ਵਾਲੇ ਜੋਗੀਆਂ ਦੇ ਸ਼ਬਦਾਂ ਵਿਚ ਅਦਲਾ-ਬਦਲੀ ਕਰਕੇ ਅਥਵਾ ਉਨ੍ਹਾਂ ਦੇ ਭਾਵ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦਾਂ ਵਿਚ ਪ੍ਰਗਟਾਇਆ ਹੈ । ਇਨ੍ਹਾਂ ਜੋਗੀਆਂ ਦੇ ਨਾਮ ਉਪਰ ਉਚਾਰੀ ਗਈ ਬਾਣੀ ਇਸ ਪ੍ਰਕਾਰ ਹੈ—

ਬੋਲੇ ਈਸਰੁ ਸਤਿ ਸਰੂਪ ਪਰਮ ਤੰਤੁ ਮਹਿ ਰੇਖੁ ਨਾ ਰੂਪ ॥
ਬੋਲੇ ਗੋਰਖੁ ,, ,, ,, ,, ,,॥
ਬੋਲੇ ਗੋਪੀਚੰਦ ,, ,, ,, ,, ,,॥
ਬੋਲੇ ਚਰਪਟੁ ,, ,, ,, ,, ,,॥
ਬੋਲੇ ਭਰਥਰਿ ,, ,, ,, ,, ,,॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਰਾਮਕਲੀ ਦੀ ਵਾਰ ਮਹਲਾ 3 ਵਿਚ ਮਹਲਾ ੧ ਦੇ ਸਲੋਕ, ਆਦਿ ਸ੍ਰੀ ਗੁਰੂ ਗ੍ਰੰਥ ਪੰਨਾ ੯੫੨-੯੫੩)

(ਹ) ਭਗਤ (ਚਉਬੋਲੇ)

ਗੁਰੂ ਅਰਜਨ ਦੇਵ ਨੇ ਚਾਰ ਭਗਤਾਂ : ਸੰਮਨ, ਮੂਸਨ, ਪਤੰਗ ਅਤੇ ਜਮਾਲ ਨਾਲ ਹੋਏ ਸੰਬਾਦ ਦਾ ਅਨੁਵਾਦ ਆਪਣੇ ਸ਼ਬਦਾਂ ਵਿਚ ਕੀਤਾ ਹੈ। ਇਥੇ ਵੀ ਇਹ ਭੁਲੇਖਾ ਪੈ ਜਾਂਦਾ ਹੈ ਕਿ ਸ਼ਾਇਦ ਇਹ ਬਾਣੀ ਇਨ੍ਹਾਂ ਭਗਤਾਂ ਦੀ ਉਚਾਰਣ ਕੀਤੀ ਹੋਈ ਹੈ। ਕਿਉਂਕਿ ਇਸ ਬਾਣੀ ਵਿਚ ਭਗਤਾਂ ਦਾ ਨਾਮ ਆਉਂਦਾ ਹੈ। ਪਰ ਧਿਆਨ ਰਹੇ, ਭਗਤਾਂ ਦੇ ਨਾਮ ਸੰਬੋਧਨ ਕਰਕੇ ਵਰਤੇ ਗਏ ਹਨ—

ਸੰਮਨ ਜਉ ਇਸ ਪ੍ਰੇਮ ਕੀ ਦਮਕਿਹੁ ਹੋਤੀ ਸਾਟ ॥

ਬਾਣੀ ਦਾ ਸਿਰਲੇਖ ਚਉਬੋਲੇ ਮਹਲਾ ੫ ਵੀ ਸਪਸ਼ਟ ਕਰਦਾ ਹੈ ਕਿ ਜੋ ਵੀ ਚਾਰੇ ਭਗਤ ਬੋਲੇ ਉਨ੍ਹਾਂ ਦਾ ਅਨੁਵਾਦ ਗੁਰੂ ਅਰਜਨ ਦੇਵ ਜੀ ਨੇ ਆਪਣੇ ਸ਼ਬਦਾਂ ਵਿਚ ਕੀਤਾ।

(ਕ) ਸੂਰਦਾਸ (1529—?)

ਇਹ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਹੈ ਤੇ ਇਸ ਦੀ ਇਕ ਪੰਕਤੀ ਛਾਡਿ ਮਨ ਹਰ ਬਿਮੁਖਨ ਕੋ ਸੰਗਿ ॥ ਆਦਿ ਗੁਰੂ ਗ੍ਰੰਥ ਵਿਚ ਅੰਕਤ[11] ਹੈ।

(ਖ) ਭੀਖਨ (ਜਨਮ ?—1574)

ਇਹ ਵੀ ਪੰਚਮ ਗੁਰੂ ਦਾ ਸਮਕਾਲੀ ਹੈ। ਇਸ ਦੇ ਦੋ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਦਰਜ[12] ਹਨ।

4. ਆਦਿ ਸ੍ਰੀ ਗੁਰੂ ਗ੍ਰੰਥ ਦੀ ਬਾਣੀ ਸੰਕਲਨ ਦਾ ਚੌਥਾ ਸਰੋਤ ਉਨ੍ਹਾਂ ਪੂਰਬ-ਕਾਲੀ ਸੂਫੀ ਸੰਤਾਂ ਦੀ ਬਾਣੀ ਹੈ ਜੋ ਭਾਰਤ ਦੇ ਵਿਭਿੰਨ ਪ੍ਰਾਂਤਾਂ ਨਾਲ ਸੰਬੰਧਿਤ ਹਨ। ਇਨ੍ਹਾਂ ਦੇ ਨਾਮ ਹਨ : ਧੰਨਾ, ਸੈਣ, ਪੀਪਾ, ਭੀਖਨ, ਸਧਨਾ, ਪਰਮਾਨੰਦ, ਸੂਰਦਾਸ ਅਤੇ ਬੇਣੀ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਇਨ੍ਹਾਂ ਭਗਤਾਂ ਦੀ ਬਾਣੀ ਪੰਚਮਗੁਰੂ ਪਾਸ ਕਿਵੇਂ ਪੁੱਜੀ?

ਲੋਕ-ਪਰੰਪਰਾ ਅਨੁਸਾਰ ਤਾਂ ਗੁਰੂ ਅਰਜਨ ਦੇਵ ਨੇ ਆਪਣੇ ਆਤਮਕ ਬਲ ਨਾਲ ਸੰਤਾਂ-ਭਗਤਾਂ ਦੀਆਂ ਰੂਹਾਂ ਨੂੰ ਬੈਕੁੰਠ ਤੋਂ ਬੁਲਾ ਕੇ ਉਨ੍ਹਾਂ ਨੂੰ ਆਪੋ ਆਪਣੀ ਬਾਣੀ ਲਈ ਕਿਹਾ। ਪਰ ਇਤਨਾ ਤਾਂ ਨਿਸਚਿਤ ਹੀ ਹੈ ਕਿ ਗੁਰੂ ਨਾਨਕ ਦੇਵ ਨੇ ਲਗਭਗ ਸਾਰੇ ਭਾਰਤ ਦਾ ਦੌਰਾ ਕੀਤਾ ਸੀ। ਹੋ ਸਕਦਾ ਹੈ, ਇਸ ਦੌਰੇ ਦੇ ਦੌਰਾਨ ਉਨ੍ਹਾਂ ਨੂੰ ਕਈ ਮਹਾਂਪੁਰਖਾਂ ਦੀ ਬਾਣੀ ਪ੍ਰਾਪਤ ਹੋਈ ਹੋਵੇ, ਇਹ ਇਕੱਤ੍ਰਿਤ ਬਾਣੀ ਕ੍ਰਮਵਾਰ ਗੁਰੂ ਜਾ-ਨਸ਼ੀਨਾਂ ਨੂੰ ਮਿਲਦੀ ਰਹੀ ਹੈ। ਇਹ ਸਿਲਸਿਲਾ ਤੀਸਰੇ ਗੁਰੂ ਤਕ ਚਲਦਾ ਰਿਹਾ ਹੈ। ਇਸ ਤੱਥ ਦੀ ਪ੍ਰੋੜਤਾ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਇਕ ਲੇਖ ਵਿਚ ਵੀ ਕੀਤੀ ਹੈ। ਇਸ ਲੇਖ ਦੀਆਂ ਕੁਝ ਟੂਕਾਂ ਦੇਣੀਆਂ ਉਚਿਤ ਹਨ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| 1. ਗੁਰੂ ਨਾਨਕ | ਭਗਤ |
|---|---|
| ਮਨ ਜੀਤੈ ਜਗ ਜੀਤ—ਜਪੁ/ਮਹਲਾ ੧ | ਮਨ ਜੀਤੈ ਜਗ ਜੀਤਿਆ—ਮਾਰੂ ਕਬੀਰ |
| ਜੋ ਬ੍ਰਹਿਮੰਡੇ ਸੋਈ ਪਿੰਡੈ—ਮਾਰੂ/ ਮਹਲਾ ੧ | ਜੋ ਬ੍ਰਹਿਮੰਡੇ ਸੋਈ ਪਿੰਡੈ—ਧਨਾਸਰੀ,ਪੀਪਾ |
| ਜਪੁ ਤਪ ਕਾ ਬੰਧੁ ਬੇੜਲਾ ਜਿਤੁ ਲੰਘਹਿ ਵਹੇਲਾ—ਸੂਹੀ/ਮਹਲਾ ੧ | ਬੇੜਾ ਬੰਧ ਨ ਸਕਿਓ ਬੰਧਨ ਕੀ ਵੇਲਾ —ਸੂਹੀ ਫਰੀਦ |

ਉਪਰੋਕਤ ਟੂਕਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਬੀਰ ਅਤੇ ਪੀਪਾ ਦੀ ਬਾਣੀ ਵਿਚ ਕੁਝ ਤੁਕਾਂਗ ਗੁਰੂ ਨਾਨਕ ਦੇਵ ਦੀ ਬਾਣੀ ਨਾਲ ਜੇ ਹੂ ਬਹੂ ਨਹੀਂ ਤਾਂ ਅਧਿਕਤਰ ਮਿਲਦੇ ਹਨ ।

ਜਪ ਤਪ ਕਾ ਬੰਧੁ ਬੇੜਲਾ ਜਿਤ ਲੰਘਹਿ ਵਹੇਲਾ ॥

ਫਰੀਦ ਦੇ ਸ਼ਬਦ ਦਾ ਨਿਖੜਵਾਂ ਉੱਤਰ ਹੈ । ਸਪਸ਼ਟ ਹੈ, ਗੁਰੂ ਨਾਨਕ ਦੇਵ ਜੀ ਪਾਸ ਭਗਤਾਂ ਦੀ ਇਕੱਤ੍ਰਿਤ ਬਾਣੀ ਸੀ । ਇਸ ਤੋਂ ਛੁੱਟ ਗੁਰੂ ਨਾਨਕ ਦੇਵ ਜੀ ਅਤੇ ਹੋਰ ਪਰਵਰਤੀ ਗੁਰੂਆਂ ਦੀ ਬਾਣੀ ਵਿਚ ਵੀ ਸਾਂਝ ਹੈ ਜੇਹਾ ਕਿ—

| 2. ਗੁਰੂ ਨਾਨਕ ਦੇਵ ਜੀ | ਗੁਰੂ ਅੰਗਦ ਦੇਵ ਜੀ |
|---|---|
| ਨਾਨਕ ਹੁਕਮ ਨ ਚਲਈ ਨਾਲ ਖਸਮ ਚਲੈ ਅਰਦਾਸ—ਆਸਾ ਦੀ ਵਾਰ/ਗੁਰੂ ਨਾਨਕ | ਸਾਹਿਬ ਸੇਤੀ ਹੁਕਮ ਨ ਚਲੈ ਕਹੀ ਬਣੈ ਅਰਦਾਸਿ—ਆਸਾ ਦੀ ਵਾਰ/ ਗੁਰੂ ਅੰਗਦ |

3. ਗੁਰੂ ਨਾਨਕ ਅਤੇ ਗੁਰੂ ਅਮਰਦਾਸ—

ਗੁਰੂ ਅਮਰਦਾਸ ਨੇ ਲਗਭਗ ਉਨ੍ਹਾਂ ਰਾਗਾਂ ਵਿਚ ਬਾਣੀ-ਉਚਾਰਣ ਕੀਤੀ ਹੈ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨੇ (19 ਰਾਗਾਂ ਵਿਚੋਂ 17 ਰਾਗਾਂ ਵਿਚ) । ਦੋਹਾਂ ਨੇ ਇਕੋ ਰਾਗ ਵਿਚ ਇਕੋ ਸਿਰਲੇਖ ਹੇਠ ਪਟੀ ਲਿਖੀ ਹੈ, (ਰਾਗ ਆਸਾ) । ਦੋਹਾਂ ਨੇ ਅਲਾਹੁਣੀ ਸਿਰਲੇਖ ਹੇਠ ਬਾਣੀ ਉਚਾਰੀ ਹੈ, (ਵਡਹੰਸ ਰਾਗ) । ਦੋਹਾਂ ਨੇ ਇਕੋ ਰਾਗ ਵਿਚ ਇਕੋ ਭਾਵ ਦੇ ਸੋਲਹੇ ਰਚੇ ਹਨ (ਮਾਰੂ)। ਗੁਰੂ ਨਾਨਕ ਦੀ ਤੁਕ—

"ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰ ॥" ਦਾ ਉੱਤਰ ਗੁਰੂ ਅਮਰਦਾਸ ਨੇ "ਲਾਹੌਰ ਸਹਰੁ ਅੰਮ੍ਰਿਤਸਰ ਸਿਫਤੀ ਦਾ ਘਰੁ" । ਕਹਿ ਕੇ ਦਿਤਾ ਹੈ । ਇਹ ਦੋਵੇਂ ਤੁਕਾਂ ਸਲੋਕ ਵਾਰਾਂ ਤੇ ਵਧੀਕ ਹੇਠ ਅੰਕਿਤ ਹਨ ।

ਉਪਰ—ਅੰਕਿਤ ਤੱਥ ਇਹ ਨਿਸਚਿਤ ਕਰਦੇ ਹਨ ਕਿ ਸੰਤਾਂ-ਭਗਤਾਂ ਦੀ ਬਾਣੀ ਅਤੇ ਗੁਰੂਆਂ ਦੀ ਬਾਣੀ ਕ੍ਰਮਵਾਰ ਗੁਰੂ ਸਾਹਿਬਾਨ ਪਾਸ ਪਹੁੰਚਦੀ ਰਹੀ ਹੈ । ਜਦੋਂ ਇਹ ਬਾਣੀ ਗੁਰੂ ਅਮਰਦਾਸ ਤਕ ਪੁੱਜੀ ਤਾਂ ਇਨ੍ਹਾਂ ਨੇ ਆਪਣੇ ਪੋਤਰੇ ਸੰਸਰਾਮ ਨੂੰ ਇਕ ਥਾਂ ਇਕੱਤਰ ਕਰਨ ਲਈ ਕਿਹਾ । ਸੰਸਰਾਮ ਨੇ ਇਹ ਬਾਣੀ ਦੋ ਸੰਚੀਆਂ ਵਿਚ ਇਕੱਤਰ ਕੀਤੀ । ਇਨ੍ਹਾਂ ਨੂੰ ਗੋਸਿੰਦਵਾਲ ਵਾਲੀਆਂ ਸੰਚੀਆਂ ਵੀ ਕਹਿੰਦੇ ਹਨ । ਪ੍ਰਿੰਸੀਪਲ ਤੇਜਾ ਸਿੰਘ[13] ਨੇ ਇਨ੍ਹਾਂ ਪੋਥੀਆਂ ਦੀ ਜਾਣਕਾਰੀ ਦੇਂਦਿਆਂ ਹੋਇਆਂ ਨਿਮਨ ਅੰਕਿਤ ਵੇਰਵਾ ਦਿਤਾ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੳ) ਇਹ ਸਫੀਆਂ ਗਿਣਤੀ ਵਿਚ ਦੋ ਹਨ। ਪਹਿਲੀ ਪੋਥੀ ਦੇ ਪੱਤਰੇ 300 ਅਤੇ ਦੂਜੀ ਦੇ 224 ਹਨ। ਪ੍ਰਤੇਕ ਪੰਨੇ ਉਪਰ 13 ਪਾਲਾਂ ਹਨ ਤੇ ਹਰ ਪਾਲ ਵਿਚ ਮੋਟੇ ਮੋਟੇ 13 ਅੱਖਰ ਹਨ। ਇਹ ਅੱਖਰ ਗੁਰਮੁਖੀ ਦੇ ਹਨ ਜਿਨ੍ਹਾਂ ਦੀ ਸ਼ਕਲ ਟਾਂਕਰੇ ਅਤੇ ਸ਼ਾਰਦਾ ਨਾਲ ਮਿਲਦੀ ਜੁਲਦੀ ਹੈ। ਲਗਾਂ ਮਾਤਰਾਂ ਘਟ ਹੀ ਵਰਤੀਆਂ ਹਨ। ਦੂਜੀ ਪੋਥੀ ਦੇ ਪੰਨਾ ਅੰਕ 216 ਤੇ ਹਾਸ਼ੀਏ ਉਪਰ ਇਕ ਨੋਟ ਦਿਤਾ ਹੋਇਆ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਨੇ ਬਨਾਏ। ਪਰ ਇਹ ਨੋਟ, ਸੰਸਰਾਮ ਦੀ ਲਿਖਤ ਨਹੀਂ।

(ਅ) ਪਹਿਲੀ ਪੋਥੀ ਵਿਚ 10 ਰਾਗਾਂ ਦੀ ਬਾਣੀ ਹੈ। ਇਹ ਰਾਗ ਹਨ—ਸੂਹੀ, ਪ੍ਰਭਾਤੀ, ਧਨਾਸਰੀ, ਬਸੰਤ, ਤਿਲੰਗ, ਗੂਜਰੀ, ਭੈਰਉ, ਆਸਾ (ਕੇਵਲ ਵਾਰ ਆਸਾ ਦੇ ਪਹਿਲੇ ਦੋ ਸਲੋਕ ਇਕ ਗੁਰੂ ਨਾਨਕ ਅਤੇ ਦੂਜਾ ਗੁਰੂ ਅੰਗਦ ਦਾ) ਮਾਰੂ ਅਤੇ ਕੇਦਾਰਾ।

ਦੂਜੀ ਪੋਥੀ ਵਿਚ 4 ਰਾਗਾਂ ਦੀ ਬਾਣੀ ਹੈ। ਇਹ ਰਾਗ ਹਨ—ਰਾਮਕਲੀ, ਸੋਰਠ, ਮਲਾਰ ਅਤੇ ਸਾਰੰਗ।

(ੲ) ਇਨ੍ਹਾਂ ਪੋਥੀਆਂ ਵਿਚ ਇਨ੍ਹਾਂ ਬਾਣੀਕਾਰਾਂ ਦੀ ਬਾਣੀ ਦਰਜ ਹੈ—ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਕਬੀਰ, ਨਾਮਦੇਵ, ਤ੍ਰਿਲੋਚਨ, ਸੈਣ, ਰਵਿਦਾਸ ਅਤੇ ਜੈਦੇਵ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਸੰਚੀਆਂ ਵਿਚ ਅੰਕਿਤ ਬਾਣੀ ਦਾ ਆਕਾਰ ਮੌਜੂਦਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਵਿਚ ਕਿਤੇ ਘਟ ਹੈ। ਜੇ ਇਹ ਵੀ ਮੰਨ ਲਈਏ ਕਿ ਪੰਚਮ ਗੁਰੂ ਦੀ ਆਪਣੀ ਵੱਡ-ਆਕਾਰੀ ਬਾਣੀ ਵੀ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਪਰ ਫਿਰ ਵੀ ਬਾਕੀ ਰਹਿੰਦੀ ਗੁਰੂ-ਬਾਣੀ ਅਤੇ ਸੰਤਾਂ-ਭਗਤਾਂ ਦੀ ਬਾਣੀ ਨੂੰ ਪ੍ਰਾਪਤ ਕਰਨ ਦਾ ਕੀ ਸਾਧਨ ਸੀ ?

ਸੰਭਾਵਿਤ ਉੱਤਰ ਹੈ—

(ੳ) ਗੁਰੂ ਅਰਜਨ ਦੇਵ ਨੇ ਸ੍ਰੀ ਆਦਿ ਗ੍ਰੰਥ ਦੀ ਲਿਖਾਈ ਆਰੰਭ ਕਰਨ ਤੋਂ ਪਹਿਲਾਂ ਸਭ ਸਿੱਖਾਂ ਦੇ ਨਾਮ ਹੁਕਮਨਾਮੇ ਭੇਜੇ ਕਿ ਜੋ ਵੀ ਗੁਰੂ ਸ਼ਬਦ ਜਾਂ ਬਾਣੀ ਕਿਸੇ ਸਿੱਖ ਪਾਸ ਲਿਖਤੀ ਰੂਪ ਵਿਚ ਹੋਵੇ ਪੰਜਵੇਂ ਗੁਰੂ ਕੋਲ ਪਹੁੰਚਾਈ ਜਾਵੇ। ਇਸ ਤਰ੍ਹਾਂ ਹੋ ਸਕਦਾ ਹੈ, ਕੁਝ ਬਾਣੀ ਇਕੱਤਰ ਹੋ ਗਈ ਹੋਵੇ।

(ਅ) ਗੁਰੂ ਅਰਜਨ ਦੇਵ ਨੇ ਆਪ ਵੀ ਪੰਜਾਬ ਦਾ ਕਾਫ਼ੀ ਹਿੱਸਾ ਗਾਹਿਆ ਹੋਇਆ ਸੀ। ਹੋ ਸਕਦਾ ਹੈ, ਜਦੋਂ ਉਹ ਪ੍ਰਚਾਰ ਕਰਨ ਬਾਹਰ ਜਾਂਦੇ ਸਨ ਤਾਂ ਇਨ੍ਹਾਂ ਨੂੰ ਕੁਝ ਭਗਤ-ਬਾਣੀ ਪ੍ਰਾਪਤ ਹੋਈ ਹੋਵੇ, ਜੋ ਇਨ੍ਹਾਂ ਨੇ ਸੰਭਾਲ ਲਈ ਹੋਵੇ।

(ੲ) ਇਹ ਵੀ ਹੋ ਸਕਦਾ ਹੈ ਕਿ ਜੋ ਵੀ ਕੋਈ ਸੰਤ-ਭਗਤ ਇਨ੍ਹਾਂ ਪਾਸ ਆਉਂਦਾ ਹੋਵੇ, ਉਸ ਨੂੰ ਜਿੰਨੀ ਕੁ ਦਾਣੀ ਕੰਠ ਹੁੰਦੀ ਹੋਵੇ ਪੰਚਮ ਗੁਰੂ ਉਸ ਪਾਸੋਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖ ਜਾਂ ਲਿਖਵਾ ਲੈਂਦੇ ਹਨ। ਬਾਅਦ ਵਿਚ ਆਪ ਸੰਪਾਦਕੀ ਅਧਿਕਾਰ ਅਨੁਸਾਰ ਛਾਂਟੀ ਕਰ ਲੈਂਦੇ ਹੋਣ।

(ਸ) ਇਕ ਅਨੁਮਾਨ ਇਹ ਵੀ ਹੋ ਸਕਦਾ ਹੈ, ਬਾਣੀ ਇਕੱਤਰ ਕਰਨ ਵਿਚ ਮਸੰਦਾਂ ਦੀ ਸਹਾਇਤਾ ਲਈ ਗਈ ਹੋਵੇ। ਜਾਂ ਉਚੇਚੇ ਬੰਦੇ ਭੇਜਕੇ ਹਰ ਪ੍ਰਾਂਤ ਵਿਚੋਂ ਜਿੰਨੀ ਕੁ ਬਾਣੀ ਪ੍ਰਾਪਤ ਹੋ ਸਕੀ ਹੋਵੇ, ਕਰ ਲਈ ਗਈ ਹੋਵੇ।

(ਹ) ਇਤਨਾ ਤਾਂ ਨਿਸਚਿਤ ਹੀ ਹੈ ਕਿ ਗੁਰੂ ਨਾਨਕ ਦੇਵ ਨੇ ਕੁਝ ਸੰਤ-ਬਾਣੀ ਇਕੱਤਰ ਕੀਤੀ ਸੀ। ਹੋ ਸਕਦਾ ਹੈ, ਬਾਕੀ ਗੁਰੂਆਂ ਨੇ ਵੀ ਇਸ ਪਰਿਪਾਟੀ ਦੀ ਅਨੁਸਾਰਤਾ ਕਰਦੇ ਹੋਏ ਬਾਣੀ-ਸੰਕਲਨ ਵਲ ਧਿਆਨ ਦਿਤਾ ਹੋਵੇ। ਸੰਪਾਦਨ-ਸਮੇਂ ਤਕ ਜਿੰਨੀ ਕੁ ਬਾਣੀ ਪੰਚਮ ਗੁਰੂ ਨੂੰ ਪ੍ਰਾਪਤ ਹੋਈ ਹੋਵੇ ਇਨ੍ਹਾਂ ਨੇ ਉਹ ਵੀ ਸੰਗ੍ਰਹਿ ਕਰ ਲਈ ਹੋਵੇ।

ਅੰਤ ਵਿਚ, ਇਹ ਕਹਿਣਾ ਉਚਿਤ ਹੈ ਕਿ ਬਾਣੀ-ਇਕੱਤਰ ਕਰਨ ਦੀ ਵਿਉਂਤ ਬਾਰੇ ਅਨੁਮਾਨ ਹੀ ਲਗਾਏ ਜਾ ਸਕਦੇ ਹਨ। ਕਿਸੇ ਨਿਸਚਿਤ ਪ੍ਰਮਾਣ ਦੇ ਆਧਾਰ ਉੱਤੇ ਨਿਰਣੈ ਨਹੀਂ ਕੀਤਾ ਜਾ ਸਕਦਾ।

## ਫੁਟ ਨੋਟ

1. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਸਾਖੀ ੧੨੨
2. ਭਾਈ ਸੰਤੋਖ ਸਿੱਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੦੨੩
3. Macauliff, Max Arthar, The Sikh Religion, Vol. III. Page 55-58
4. ਡਾ, ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ ੯੩੮
5. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਪੰਨਾ ੧੦੬੨
6. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ ੨੦੫
7. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ ੪੬੮-੪੮੫
8. ਪ੍ਰੋ: ਸਾਹਿਬ ਸਿੰਘ,ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਦਸਵੀਂ ਪੰਨਾ ੩੯੯
9. ਬਦਨ ਸਿੰਘ, ਗਿਆਨੀ, ਟੀਕਾ ਫਰੀਦ ਕੋਟ,ਪੰਨਾ ੧੧੬੧, ਜਿਲਦ-੨
10. ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ ੨੧੩
11. ਸੂਰਦਾਸ ਮਹਲਾ ੫, ਆਦਿ ਗ੍ਰੰਥ, ਪੰਨਾ ੧੨੫੪
12. ਭੀਖਨ ਰਾਗ ਸੋਰਠਿ, ਆਦਿ ਗ੍ਰੰਥ, ਪੰਨਾ ੬੫੯
13. ਪ੍ਰਿੰਸੀਪਲ ਤੇਜਾ ਸਿੰਘ, ਲੇਖ ਗੁਰੂ ਗ੍ਰੰਥ ਦਾ ਸੰਪਾਦਨ, ਗੁਰੂ ਅਰਜਨ ਅੰਕ, ਪੰਜਾਬੀ ਦੁਨੀਆਂ, ਪੰਨਾ ੯੪, ੯੫, ੯੬



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬਾਣੀਕਾਰਾਂ ਅਤੇ ਬਾਣੀ ਦਾ ਅੰਕਣ-ਪ੍ਰਬੰਧ

## ਬਾਣੀਕਾਰ ਅੰਕਣ-ਪ੍ਰਬੰਧ

ਆਦਿ ਸ੍ਰੀ ਗੁਰੂ ਗ੍ਰੰਥ ਦੇ ਬਾਣੀਕਾਰਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

(ੳ) ਗੁਰੂ :
ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ।

(ਅ) ਗੁਰੂ ਘਰ ਦੇ ਸੰਬੰਧੀ :
ਬਾਬਾ ਸੁੰਦਰ ।

(ੲ) ਗੁਰੂ ਘਰ ਦੇ ਰਾਗੀ-ਰਬਾਬੀ :
ਮਰਦਾਨਾ, ਸਤਾ, ਬਲਵੰਡ ਅਤੇ ਭੱਟ ।

(ਸ) ਬਾਰ੍ਹਵੀਂ ਤੋਂ ਸਤਾਰ੍ਹਵੀਂ ਸਦੀ ਦੇ ਸੂਫ਼ੀ-ਸੰਤ-ਭਗਤ :
ਫਰੀਦ, ਕਬੀਰ, ਨਾਮਦੇਵ, ਰਵਿਦਾਸ, ਰਾਮਾਨੰਦ, ਜੈਦੇਵ,ਤ੍ਰਿਲੋਚਨ, ਧੰਨਾ, ਸੈਣ, ਪੀਪਾ, ਭੀਖਨ, ਸਧਨਾ, ਪਰਮਾਨੰਦ, ਸੂਰਦਾਸ ਅਤੇ ਬੈਣੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬਾਣੀ ਦਾ ਅੰਕਣ-ਪ੍ਰਬੰਧ

ਆਦਿ ਸ੍ਰੀ ਗੁਰੂ ਗ੍ਰੰਥ ਦੀ ਸਮੁੱਚੀ ਰਚਨਾ ੩੧ ਰਾਗਾਂ ਵਿਚ ਰਚੀ ਗਈ ਹੈ। ਰਾਗ-ਬੱਧ ਬਾਣੀ ਦੇ ਆਰੰਭ ਵਿਚ ਨਿੱਤਨੇਮ ਦੀਆਂ ਬਾਣੀਆਂ ਰੱਖੀਆਂ ਗਈਆਂ ਹਨ ਤੇ ਅੰਤ ਵਿਚ ਰਾਗ-ਬੰਦਿਸ਼ ਤੋਂ ਰਹਿਤ ਬਾਣੀ ਹੈ। ਇਸ ਤਰ੍ਹਾਂ ਕੁਲ ੩੩ ਭਾਗ ਬਣਦੇ ਹਨ। ਪਰ ਮੋਟੇ ਤੌਰ ਉਤੇ ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(ੳ) ਨਿੱਤਨੇਮ ਦੀਆਂ ਬਾਣੀਆਂ [ਗੁਰੂ ਗ੍ਰੰਥ ਸਾਹਿਬ, ੧ ਤੋਂ ੧੩ ਪੰਨੇ ਤਕ]

(ਅ) ਰਾਗ-ਬੱਧ ਬਾਣੀ [ਗੁਰੂ ਗ੍ਰੰਥ ਸਾਹਿਬ, ੧੪ ਤੋਂ ੧੩੫੨ ਪੰਨੇ ਤਕ]

(ੲ) ਰਾਗ-ਮੁਕਤ ਬਾਣੀ [ਗੁਰੂ ਗ੍ਰੰਥ ਸਾਹਿਬ, ੧੩੫੩ ਤੋਂ ੧੪੩੦ ਪੰਨੇ ਤਕ]

## (ੳ) ਨਿੱਤਨੇਮ ਦੀਆਂ ਬਾਣੀਆਂ :

ਇਸ ਭਾਗ ਵਿਚ ਜਪੁ, ਰਹਿਰਾਸ ਅਤੇ ਕੀਰਤਨ ਸੋਹਿਲਾ ਅੰਕਿਤ ਕੀਤਾ ਗਿਆ ਹੈ। ਰਹਿਰਾਸ ਅਤੇ ਕੀਰਤਨ ਸੋਹਿਲਾ ਵਿਚ ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੇ ਸੰਗ੍ਰਹਿਤ ਸ਼ਬਦ ਹਨ। ਰਹਿਰਾਸ ਦੇ ਸੰਗ੍ਰਹੀਤ ਸ਼ਬਦ ਆਸਾ ਅਤੇ ਗੁਜਰੀ ਰਾਗ ਵਿਚ ਲਏ ਗਏ ਹਨ। ਕੀਰਤਨ ਸੋਹਿਲਾ ਦੇ ਸੰਗ੍ਰਹੀਤ ਸ਼ਬਦ ਗਉੜੀ, ਆਸਾ ਅਤੇ ਧਨਾਸਰੀ ਰਾਗ ਵਿਚੋਂ ਲਏ ਗਏ ਹਨ। ਗੁਰੂਨਾਨਕ ਰਚਿਤ ਜਪੁ ਕਿਸੇ ਰਾਗ ਬੰਦਿਸ਼ ਵਿਚ ਨਹੀਂ ਰਚਿਆ ਗਿਆ। ਨਾਲੇ, ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਰੱਖਿਆ ਗਿਆ ਹੈ। ਇਸ ਦਾ ਕਾਰਣ ਕੀ ਹੋ ਸਕਦਾ ਹੈ ?

ਜਪੁ ਗੁਰੂ ਗ੍ਰੰਥ ਸਾਹਿਬ ਦੀ ਉਥਾਨਕਾ ਹੈ। ਜਪੁ ਉਹ ਭੂਮਿਕਾ ਹੈ, ਜਿਸ ਉਪਰ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੀ ਉਸਾਰੀ ਹੋਈ ਹੈ। ਜਪੁ ਦਾ ਕਿਸੇ ਰਾਗ-ਬੰਦਿਸ਼ ਵਿਚ ਨਾ ਹੋਣ ਦਾ ਕਾਰਨ ਸਪਸ਼ਟ ਹੈ, ਇਸ ਰਾਹੀਂ ਭਾਰਤੀ ਸੰਗੀਤ-ਸ਼ਾਸਤਰ ਦੇ ਨਾਲ ਨਾਲ ਭਾਰਤੀ ਕਾਵਿ-ਸ਼ਾਸਤਰ ਦੇ ਨਿਯਮਾਂ ਤੇ ਜੀਵਿਤ ਰੱਖਣ ਦਾ ਉਪਰਾਲਾ ਕੀਤਾ ਗਿਆ ਹੈ। ਜਪੁ ਪਿੰਗਲ ਦੇ ਨਿਯਮਾਂ ਅਨੁਸਾਰ ਛੰਦਾਂ ਵਿਚ ਉਚਾਰਿਆ ਗਿਆ ਹੈ।

ਕਵਿਤਾ ਨਾਦ-ਰੂਪ ਹੈ। ਵਿਦਵਾਨਾਂ ਨੇ ਨਾਦ ਦੇ ਦੋ ਮੁੱਖ ਭੇਦ ਕੀਤੇ ਹਨ।[1] ਇਕ ਧੁਨੀ ਰੂਪ ਜਿਵੇਂ ਘੰਟੇ ਨਗਾਰੇ ਆਦਿ ਦਾ ਸ਼ਬਦ। ਦੂਜਾ ਵਰਣ ਰੂਪ ਜਿਵੇਂ ਮਨੁੱਖਾਂ ਦੀ ਬੋਲੀ। ਜਪੁ ਵਿਚ ਨਾਦ ਦੇ ਦੋਵੇਂ ਰੂਪ ਸੁਰੱਖਿਅਤ ਹਨ। ਜਪੁ ਦੇ ਛੰਦਾਂ ਦੀ ਇਕ ਆਪਣੀ ਲੈਅ ਅਥਵਾ ਧੁਨੀ ਹੈ। ਵਰਣਾਂ ਰਾਹੀਂ ਜਪੁ ਵਿਚ ਬੌਧਿਕ ਵਿਚਾਰਾਂ ਦਾ ਪ੍ਰਗਟਾਓ ਕੀਤਾ ਗਿਆ ਹੈ। ਜਪੁ ਰਾਹੀਂ ਨਾਦ ਦੇ ਦੋਹਾਂ ਰੂਪਾਂ ਨੂੰ ਸੁਰਜੀਤ ਰਖਿਆ ਗਿਆ ਹੈ। ਇਹ ਧਿਆਨ ਰਹੇ, ਰਾਗ-ਬੱਧ ਬਾਣੀ ਦਾ ਸੰਬੰਧ ਵੀ ਨਾਦ ਦੇ ਇਨ੍ਹਾਂ ਦੋਹਾਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਪਾਈ ਨਾਲ ਹੈ ਪਰ ਉਸ ਬਾਣੀ ਨੂੰ ਹੁਣਾਂ ਦੀ ਲਿਖਾਈ ਵਿਚ ਕਿਤੇ ਵੀ ਲਿਖਿਆ ਗਿਆ ਹੈ। ਜਪੁ ਨੂੰ ਰਾਗ-ਮੁਕਤ ਅਥਵਾ ਸੁਤੰਤਰ ਕਾਵਿ-ਸ਼ੈਲੀ ਵਿਚ ਰੂਪਮਾਨ ਕੀਤਾ ਗਿਆ ਹੈ।

ਭਾਰਤੀ ਧਾਰਮਿਕ ਗ੍ਰੰਥਾਂ ਦੇ ਲਿਖਣ ਵਾਲਿਆਂ ਵਾਸਤੇ ਇਕ ਨਿਯਮ ਹੈ ਉਪਕ੍ਰਮ ਅਤੇ ਉਪਸੰਹਾਰ ਜਿਸਦਾ ਭਾਵ ਹੈ ਕਿ ਜਿਸ ਢੰਗ ਨਾਲ ਜਿਸ ਸ਼ਬਦ ਅਤੇ ਸਿਧਾਂਤ ਨਾਲ ਗ੍ਰੰਥ ਦਾ ਆਰੰਭ ਕੀਤਾ ਜਾਵੇ ਉਸੇ ਅਨੁਸਾਰ ਹੀ ਉਸਦੀ ਸਮਾਪਤੀ ਹੋਵੇ। ਜੇ ਜਪੁ ਰਾਗ ਵਿਚ ਨਹੀਂ ਤਾਂ ਰਾਗਮਾਲਾ ਵੀ ਰਾਗ ਵਿਚ ਨਹੀਂ। ਜਪੁਜੀ 'ਸ' ਅੱਖਰ ਤੋਂ ਆਰੰਭ ਹੁੰਦਾ ਹੈ ਤੇ ਰਾਗ ਮਾਲਾ 'ਸ' ਅੱਖਰ ਉਤੇ ਹੀ ਸਮਾਪਤ ਹੁੰਦੀ ਹੈ, ਇਥੇ ਇਹ ਦਸ ਦੇਣਾ ਉਚਿਤ ਰਹਗਾ ਜਪੁ ਦਾ ਆਰੰਭ ਸਤਿਨਾਮ ਤੋਂ ਹੁੰਦਾ ਹੈ। ੧ੴ ਮੰਗਲ ਰੂਪ ਹੈ ਜੋ ਧਾਰਮਿਕ ਗ੍ਰੰਥਾਂ ਦੇ ਨਿਯਮ ਅਨੁਸਾਰ ਗ੍ਰੰਥ ਕਰਤਾ ਆਪਣੇ ਇਸ਼ਟਦੇਵ ਦੀ ਅਰਾਧਨਾ ਨੂੰ ਮੁਖ ਰੱਖ ਕੇ ਕਰਦੇ ਹਨ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ,ਜਪੁ, ਰਹਿਰਾਸ ਅਤੇ ਕੀਰਤਨ ਸੋਹਿਲਾ ਬਾਣੀਆਂ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਕਿਉਂ ਰਖੀਆਂ ਗਈਆਂ ? ਗਿਆਨੀ ਬਦਨ ਸਿੰਘ[3] ਅਤੇ ਗੋਬਿੰਦ ਦਾਸ[3] ਦੋਵੇਂ ਇਕ ਮਤ ਹਨ ਕਿ ਜਪੁ ਸਵੇਰ ਸਮੇਂ ਦੀ ਸੰਧਿਆ ਹੈ। ਰਹਿਰਾਸ ਸ਼ਾਮ ਸਮੇਂ ਅਤੇ ਕੀਰਤਨ ਸੋਹਿਲਾ ਸੌਣ ਸਮੇਂ ਦੀ ਸੰਧਿਆ ਹੈ। ਅਨੁਮਾਨ ਕੀਤਾ ਜਾਂਦਾ ਹੈ,ਇਹ ਤਿੰਨੇ ਬਾਣੀਆਂ ਸਨਾਤਨੀ ਮਤ ਦੀਆ ਤਿੰਨ ਸੰਧਿਆਂ ਦੇ ਮੁਕਾਬਲੇ ਵਿਚ ਰੱਖੀਆਂ ਗਈਆਂ, ਜਿਨ੍ਹਾਂ ਨੂੰ ਗੁਰਮਤਿ ਵਿਚ ਨਿੱਤਨੇਮ ਦੀਆਂ ਬਾਣੀਆਂ ਕਿਹਾ ਜਾਂਦਾ ਹੈ। ਨਿੱਤਨੇਮ ਦੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਰੱਖਣੀਆਂ ਉਚਿਤ ਜਾਪਦੀਆਂ ਹਨ।

**ਸਾਰ :**

੧. ਜਪੁ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ ਹੈ ਜੋ ਆਰੰਭ ਵਿਚ ਦੇਣੀ ਹੀ ਬਣਦੀ ਸੀ।

੨. ਜਪੁ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਰੱਖਣ ਦਾ ਦੂਸਰਾ ਕਾਰਨ ਉਪਕ੍ਰਮ ਤੇ ਉਪਸੰਹਾਰ ਦਾ ਨਿਯਮ ਹੈ।

੩. ਜਪੁ ਰਾਹੀਂ ਸੁਤੰਤਰ ਕਾਵਿ-ਸ਼ੈਲੀ ਨੂੰ ਪੇਸ਼ ਕੀਤਾ ਗਿਆ ਹੈ ਅਥਵਾ ਜਪੁ ਰਾਗ-ਮੁਕਤ ਜਾਂ ਰਾਗ-ਰਹਿਤ ਬਾਣੀ ਹੈ।

੪. ਜਪੁ ਰਾਹੀਂ ਭਾਰਤੀ ਕਾਵਿ-ਸ਼ਾਸਤਰ ਅਥਵਾ ਪਿੰਗਲ ਦੇ ਨਿਯਮਾਂ ਨੂੰ ਸੁਰਜੀਤ ਰੱਖਿਆ ਗਿਆ ਹੈ।

੫. ਜਪੁ ਰਹਿਰਾਸ ਤੇ ਕੀਰਤਨ ਸੋਹਿਲਾ ਸਨਾਤਨੀ ਧਰਮ ਦੇ ਅਨੁਸਰਣ ਕਰਕੇ ਗੁਰਮਤਿ ਦੀਆਂ ਤਿੰਨ ਸੰਧਿਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਨੂੰ ਨਿੱਤਨੇਮ ਦਾ ਨਾਮ ਦਿਤਾ ਗਿਆ ਹੈ। ਰੋਜ਼ਮਰਾ ਦੀ ਮਰਿਯਾਦਾ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਦੇ ਆਰੰਭ ਵਿਚ ਰੱਖਣਾ ਉਚਿੱਤ ਜਾਪਦਾ ਹੈ।

**(ਅ) ਰਾਗ-ਬੱਧ ਬਾਣੀ :**

ਇਹ ਭਾਗ ਆਪਣੇ ਆਪ ਵਿਚ ਇਕ ਵਿਸ਼ੇਸ਼ ਵਿਉਂਤ ਸੰਭਾਲੀ ਬੈਠਾ ਸੀ। ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਲੀ ਵਿਉਂਤ ਪੰਚਮ ਗੁਰੂ ਦੀ ਸੰਪਾਦਕੀ ਯੋਗਤਾ ਨੂੰ ਰੂਪਮਾਨ ਕਰਦੀ ਹੈ। ਇਹ ਵਿਉਂਤ ਪੰਚਮ ਗੁਰੂ ਦੀ ਮੌਲਿਕ ਦੇਣ ਹੈ। ਹਰ ਰਾਗ ਦੀ ਬਾਣੀ ਦਾ ਆਰੰਭ ਗੁਰੂ ਨਾਨਕ-ਬਾਣੀ ਨਾਲ ਕੀਤਾ ਗਿਆ ਹੈ। ਕਿਉਂਕਿ ਸਾਰੇ ਗੁਰੂਆਂ ਨੇ ਸ਼ਬਦ ਦੇ ਅੰਤ ਵਿਚ ਨਾਨਕ ਪਦ ਦੀ ਵਰਤੋਂ ਕੀਤੀ ਹੈ। ਇਹ ਅੰਗ ਨਿਖੇੜਾ ਕਰਨ ਲਈ ਕਿ ਕਿਹੜੀ ਬਾਣੀ ਕਿਹੜੇ ਗੁਰੂ ਦੀ ਹੈ, ਬਾਣੀ ਵਿਸ਼ੇਸ਼ ਉਪਰ ਮਹਲਾ ਲਿਖ ਕੇ ਨਾਲ ਕ੍ਰਮ-ਅਨੁਸਾਰ ਅੰਕ ਪਾ ਦਿੱਤਾ ਹੈ। ਗੁਰੂ-ਬਾਣੀ ਗੁਰੂ-ਕ੍ਰਮ ਅਨੁਸਾਰ ਦਰਜ ਕੀਤੀ ਗਈ ਹੈ। ਭਗਤਾਂ ਦੀ ਬਾਣੀ ਉਪਰ ਭਗਤਾਂ ਦੇ ਨਾਮ ਲਿਖ ਦਿੱਤੇ ਗਏ ਹਨ ਤਾਂ ਕਿਸੇ ਦੀ ਗੁੰਜਾਇਸ਼ ਹੀ ਨਾ ਰਹੇ। ਗੁਰੂ ਹਰਿਗੋਬਿੰਦ ਨੇ ਨੌਂ ਵਾਰਾਂ ਦੀਆਂ ਧੁਨਾਂ ਅੰਕਿਤ ਕੀਤੀਆਂ ਹਨ।[5] ਪਰ ਧੁਨੀ ਸਿਰਲੇਖ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਇਨ੍ਹਾਂ ਨੂੰ ਛੇਵੀਂ ਪਾਤਸ਼ਾਹੀ ਨੇ ਅੰਕਿਆ ਹੈ।

ਇਨ੍ਹਾਂ ਧੁਨਾਂ ਦੇ ਨਾਮ ਹਨ—

੧. ਮਾਝ ਦੀ ਵਾਰ, ਮਹਲਾ ੧, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ
੨. ਗਉੜੀ ਦੀ ਵਾਰ, ਮਹਲਾ ੫, ਰਾਇ ਕਮਾਲ ਦੀ ਮੌਜਦੀ ਕੀ ਵਾਰ ਕੀ ਧੁਨੀ
੩. ਆਸਾ ਦੀ ਵਾਰ, ਮਹਲਾ ੧, ਟੁੰਡੇ ਅਸਰਾਜੇ ਕੀ ਧੁਨੀ
੪. ਵਡਹੰਸ ਦੀ ਵਾਰ, ਮਹਲਾ ੪, ਲਲਾ ਬਹਿਲੀਮਾ ਕੀ ਧੁਨੀ
੫. ਗੂਜਰੀ ਦੀ ਵਾਰ, ਮਹਲਾ ੩, ਸਿਕੰਦਰ ਬਿਰਹਾਮ ਕੀ ਧੁਨੀ
੬. ਰਾਮਕਲੀ ਦੀ ਵਾਰ, ਮਹਲਾ ੩, ਜੋਧੈ ਵੀਰੈ ਪੂਰਬਾਣੀ ਕੀ ਧੁਨੀ
੭. ਸਾਰੰਗ ਦੀ ਵਾਰ, ਮਹਲਾ ੪, ਰਾਇ ਮਹਮੇ ਹਸਨੇ ਕੀ ਧੁਨਿ
੮. ਮਲਾਰ ਦੀ ਵਾਰ, ਮਹਲਾ ੧, ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ
੯. ਕਾਨੜੇ ਦੀ ਵਾਰ, ਮਹਲਾ ੪, ਮੂਸੇ ਕੀ ਵਾਰ ਕੀ ਧੁਨੀ।

ਭਾਈ ਕਾਹਨ ਸਿੰਘ ਦੇ ਮਤ ਅਨੁਸਾਰ ਇਨ੍ਹਾਂ ਧੁਨੀਆਂ ਦਾ ਸੰਕੇਤ ਪੰਜਵੇਂ ਗੁਰੂ ਨੇ ਆਪ ਹੀ ਕੀਤਾ ਸੀ[6]। ਪਰ ਸਾਡੀ ਜਾਚੇ ਇਹ ਧੁਨੀ-ਸੰਕੇਤ ਛੇਵੀਂ ਪਾਤਸ਼ਾਹੀ ਦਾ ਹੀ ਹੈ। ਕਿਉਂਕਿ ਪੰਚਮ ਗੁਰੂ ਦੀ ਸ਼ਹੀਦੀ ਤੋਂ ਬਾਦ ਹੀ ਛੇਵੀਂ ਪਾਤਸ਼ਾਹੀ ਨੇ ਅਕਾਲ ਤਖ਼ਤ ਉਪਰ ਦੀਵਾਨ ਸਜਾ ਕੇ ਬੀਰ-ਰਸੀ ਵਾਰਾਂ ਗਾਉਣ ਦੀ ਪਿਰਤ ਪਾਈ। ਨਾਲੇ, ਇਹ ਸਾਰੀਆਂ ਧੁਨਾਂ ਵੀ ਬੀਰ-ਰਸ ਦਾ ਸੰਕੇਤ ਕਰਦੀਆਂ ਹਨ। ਪੰਚਮ ਗੁਰੂ ਦੇ ਸਮੇਂ ਸ਼ਾਂਤ ਮਹੌਲ ਸੀ। ਬੀਰਤਾ ਦੀ ਗੱਲ ਛੇਵੀਂ ਪਾਤਸ਼ਾਹੀ ਦੇ ਸਮੇਂ ਤੋਂ ਹੀ ਗੁਰੂ ਘਰ ਵਿਚ ਪਰਵਿਰਤ ਹੋਈ।

ਇਸ ਤੋਂ ਛੁੱਟ ਨੌਵੇਂ ਮਹਲੇ ਦੇ ਸਲੋਕਾਂ ਵਿਚ ਇਕ ਸਲੋਕ ਦਸਵੇਂ ਗੁਰੂ ਦਾ ਕਿਹਾ ਜਾਂਦਾ ਹੈ। ਮੌਖਿਕ ਪਰੰਪਰਾ ਅਨੁਸਾਰ ਇਹ ਸਲੋਕ ਨਾਵੇਂ ਮਹਲੇ ਦੇ ਸਲੋਕ "ਬਲ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ" ਦੇ ਉੱਤਰ ਵਜੋਂ ਗੁਰੂ ਗੋਬਿੰਦ ਸਿੰਘ ਨੇ ਲਿਖ ਕੇ ਭੇਜਿਆ ਜੋ ਸਲੋਕ ਮਹਲਾ ਨਾਵਾਂ ਵਿਚ ਹੀ ਦਰਜ ਕਰ ਲਿਆ ਗਿਆ। ਇਹ ਸਲੋਕ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲ ਹਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥

ਨਾਨਕ ਸਭੁ ਕਿਛੁ ਤੁਮਰੇ ਹਾਥ ਮੈਂ ਤੁਮਹੀ ਹੋਤ ਸਹਾਇ ॥

ਆਦਿ ਗ੍ਰੰਥ ਪੰਨਾ ੧੪੨੯

ਇਸ ਤੱਥ ਦੀ ਪ੍ਰੋੜਤਾ ਟੀਕਾ ਫਰੀਦਕੋਟ ਨੇ ਵੀ ਕੀਤੀ ਹੈ[7] ।

ਗੁਰੂ-ਬਾਣੀ ਤੋਂ ਬਾਅਦ ਭਗਤ-ਬਾਣੀ ਹੇਠ ਲਿਖੇ ਕ੍ਰਮ ਅਨੁਸਾਰ ਦਰਜ ਕੀਤੀ ਗਈ ਹੈ—

| | |
|---|---|
| 1. ਕਬੀਰ | 2. ਨਾਮਦੇਵ |
| 3. ਰਵਿਦਾਸ | 4. ਰਾਮਾਨੰਦ |
| 5. ਜੈਦੇਵ | 6. ਤ੍ਰਿਲੋਚਨ |
| 7. ਧੰਨਾ | 8. ਸੈਣ |
| 9. ਪੀਪਾ | 10. ਭੀਖਨ |
| 11. ਸਧਨਾ | 12. ਪਰਮਾਨੰਦ |
| 13. ਸੂਰਦਾਸ | 14. ਬੈਣੀ |
| 15. ਫਰੀਦ | |

ਗੁਰੂ ਗ੍ਰੰਥ ਸਾਹਿਬ ਵਿਚ ਆਏ ਸਾਰੇ ਭਗਤਾਂ ਨੇ ਸਾਰੇ ਰਾਗਾਂ ਵਿਚ ਬਾਣੀ ਨਹੀਂ ਰਚੀ । ਕੀ ਭਗਤਾਂ ਨੇ ਰਾਗਾਂ ਦਾ ਸੰਕੇਤ ਵੀ ਕੀਤਾ ਜਾਂ ਸਿਰੋਲ ਕਾਵਿ ਛੰਦਾਂ ਵਿਚ ਹੀ ਰਚਨਾ ਕੀਤੀ ? ਇਸ ਬਾਰੇ ਦੋ ਮੱਤ ਹਨ । ਪਹਿਲੇ ਮੱਤ ਅਨੁਸਾਰ ਜਿਸ ਭਗਤ ਨੇ ਜਿਸ ਰਾਗ ਵਿਚ ਬਾਣੀ ਰਚੀ ਉਸੇ ਰਾਗ ਵਿਚ ਉਪਰ ਅੰਕਿਤ ਕ੍ਰਮ ਅਨੁਸਾਰ ਉਸ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਲਈ ਗਈ । ਦੂਸਰੇ ਮੱਤ ਅਨੁਸਾਰ ਭਗਤਾਂ ਨੇ ਕੇਵਲ ਕਾਵਿ-ਛੰਦਾਂ ਵਿਚ ਹੀ ਰਚਨਾ ਕੀਤੀ । ਕਿਸੇ ਰਾਗ ਵਿਚ ਨਹੀਂ । ਇਸ ਤੱਥ ਦੀ ਪੁਸ਼ਟੀ ਕਬੀਰ ਦੇ ਗ੍ਰੰਥਾਂ ਤੋਂ ਹੋ ਜਾਂਦੀ ਹੈ । ਕੁਝ ਗ੍ਰੰਥ ਅਜਿਹੇ ਹਨ ਜਿਨ੍ਹਾਂ ਉੱਤੇ ਰਾਗਾਂ ਦਾ ਵੇਰਵਾ ਦਿਤਾ ਗਿਆ ਹੈ[8] । ਕੁਝ ਗ੍ਰੰਥ ਅਜਿਹੇ ਹਨ ਜਿਨ੍ਹਾਂ ਉੱਪਰ ਰਾਗਾਂ ਦਾ ਵੇਰਵਾ ਨਹੀ[9] ।

ਸਾਡੇ ਵਿਚਾਰ ਵਿਚ ਭਗਤਾਂ ਨੇ ਕੁਝ ਬਾਣੀ ਉਪਰ ਰਾਗ-ਸੰਕੇਤ ਜ਼ਰੂਰ ਦਿਤੇ ਹੋਣਗੇ । ਹਾਂ ਇਹ ਹੋ ਸਕਦਾ ਹੈ, ਭਗਤਾਂ ਦੀ ਫੁਟਕਲ ਬਾਣੀ ਜੋ ਕੇਵਲ ਕਾਵਿ-ਛੰਦਾਂ ਵਿਚ ਹੀ ਰਚਿਤ ਮਿਲੀ ਹੋਵੇ, ਉਸ ਨੂੰ ਪੰਚਮ ਗੁਰੂ ਨੇ ਸੰਪਾਦਕੀ ਅਧਿਕਾਰ ਵਰਤ ਕੇ ਰਾਗਾਂ ਵਿਚ ਦਰਜ ਕਰ ਲਿਆ ਹੋਵੇ । ਇਥੇ ਇਕ ਗੱਲ ਹੋਰ ਧਿਆਨ ਯੋਗ ਹੈ ਕਿ ਇਨ੍ਹਾਂ ਭਗਤ ਬਾਣੀਆਂ ਉਪਰ ਕਿਸੇ ਤਾਲ ਦਾ ਵੇਰਵਾ ਨਹੀਂ । ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਕੀ ਨਿਯਮ ਅਨੁਸਾਰ ਭਗਤਾਂ ਦੀ ਬਾਣੀ ਉਪਰ ਤਾਲ ਜਾਂ ਘਰ ਦਾ ਸੰਕੇਤ ਦਿਤਾ ਗਿਆ ਹੈ । ਸਾਡੀ ਜਾਚੇ, ਇਹੀ ਮਤ ਮੰਨ ਲੈਣਾ ਵਧੇਰੇ ਉਚਿਤ ਹੈ ਕਿ ਗੁਰੂ ਅਰਜਨ ਦੇਵ ਨੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਰਾਗ-ਪ੍ਰਬੰਧ ਦੇ ਅਨੁਸ਼ਾਸਨ ਅਨੁਸਾਰ ਹੀ ਦਰਜ ਕੀਤਾ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਇਕ ਹੋਰ ਨੁਕਤੇ ਉੱਤੇ ਸੰਖੇਪ ਜਿਹੀ ਵਿਚਾਰ ਕਰਨੀ ਜ਼ਰੂਰੀ ਭਾਸਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤਾਂ ਦੀ ਰਚਨਾ ਕਾਲ-ਕ੍ਰਮ ਅਨੁਸਾਰ ਨਹੀਂ ਦਰਜ ਕੀਤੀ ਗਈ। ਇਹ ਠੀਕ ਹੈ, ਵਧੇਰੇ ਕਰਕੇ ਭਗਤਾਂ ਦੇ ਕਾਲ-ਕ੍ਰਮ ਨੂੰ ਸਾਹਵੇਂ ਰੱਖਿਆ ਗਿਆ ਹੈ ਪਰ ਕਿਧਰੇ ਕਿਧਰੇ ਇਸ ਕ੍ਰਮ ਨੂੰ ਤੋੜਿਆ ਵੀ ਗਿਆ ਹੈ। ਉਦਾਹਰਣ ਵਜੋਂ ਜੈਦੇਵ ਦਾ ਸਮਾਂ (1170-?) ਕਬੀਰ (1398-1494) ਤੋਂ ਪਹਿਲਾਂ ਦਾ ਹੈ। ਪਰ ਜੈਦੇਵ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਤੋਂ ਬਾਅਦ ਵਿਚ ਦਰਜ ਕੀਤੀ ਗਈ ਹੈ। ਰਾਗ ਸੂਹੀ ਵਿਚ ਕਬੀਰ ਅਤੇ ਰਵਿਦਾਸ ਦੀ ਬਾਣੀ ਬਾਬਾ ਫਰੀਦ ਨਾਲੋਂ ਪਹਿਲਾਂ ਅੰਕਿਤ ਕੀਤੀ ਗਈ ਹੈ। ਜਦ ਕਿ ਬਾਬਾ ਫਰੀਦ ਕਾਲ-ਕ੍ਰਮ ਅਨੁਸਾਰ ਕਬੀਰ ਤੇ ਰਵਿਦਾਸ ਤੋਂ ਪਹਿਲਾਂ ਦਾ ਬਾਣੀਕਾਰ ਹੈ। ਸੰਦੇਹ ਨਹੀਂ, ਭਗਤਾਂ ਦੇ ਸਮੇਂ ਬਾਰੇ ਮਿਲੀਆਂ ਤਿੱਥਾਂ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹੈ।

ਇਸ ਤੋਂ ਪਹਿਲਾਂ ਕਿ ਕੋਈ ਨਿਰਣੈ ਕੀਤਾ ਜਾਵੇ ਭਗਤਾਂ ਦਾ ਕਾਲ ਕ੍ਰਮ ਵਿਦਵਾਨਾਂ ਦੇ ਮਤ ਅਨੁਸਾਰ ਪਾਠਕਾਂ ਦੀ ਦ੍ਰਿਸ਼ਟੀਗੋਚਰ ਹੈ।

| ਨਾਮ-ਭਗਤ | ਕਾਹਨ ਸਿੰਘ | ਡਾ. ਤਾਰਨ ਸਿੰਘ |
|---|---|---|
| 1. ਜੈਦੇਵ | × | 1170 ਈ.—? |
| 2. ਫਰੀਦ | 1173 ਈ—1266 | 1173-1266 ਈ. |
| 3. ਤ੍ਰਿਲੋਚਨ | × | 1267—? |
| 4. ਨਾਮਦੇਵ | 1271 ਈ—? | 1270—? |
| 5. ਸਾਧਨਾ | × | 13ਵੀਂ ਸਦੀ—? |
| 6. ਰਾਮਾਨੰਦ | ਸੰਮਤ 1423—? | 14-15ਵੀਂ ਸਦੀ |
| 7. ਕਬੀਰ | ਸੰਮਤ 1455—? | 1398-1494 ਈ: |
| 8. ਰਵਿਦਾਸ | ਕਬੀਰ ਦਾ ਸਮਕਾਲੀ ਸੀ | 15ਵੀਂ ਸਦੀ |
| 9. ਧੰਨਾ | ਸੰਮਤ 1473—? | 1415—? |
| 10. ਪੀਪਾ | ਸੰਮਤ 1383—? | 1425—? |
| 11. ਸੈਣ | × | 15ਵੀਂ ਸਦੀ—? |
| 12. ਭੀਖਨ | ?—1631 ਦਿਹਾਂਤ | 1574—? |
| 13. ਸੂਰਦਾਸ | ਸੰਮਤ 1540—? | 1586—? |
| 14. ਬੈਣੀ | × | ?—? |
| 15. ਪਰਮਾਨੰਦ | × | × |

ਉਪਰ ਦਿਤੇ ਕਾਲ-ਕ੍ਰਮ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਭਗਤਾਂ ਦੇ ਕਾਲ-ਕ੍ਰਮ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਪੰਜਵੇਂ ਗੁਰੂ ਨੇ ਕਈ ਥਾਂਈ ਕਾਲ-ਕ੍ਰਮ ਦਾ ਧਿਆਨ ਰੱਖਿਆ ਹੈ ਤੇ ਕਈ ਥਾਂਈ ਨਹੀਂ। ਭਗਤਾਂ ਨੂੰ ਛੱਡ ਕੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਾਂ ਵਿਚ ਵੀ ਕਈ ਥਾਂਈ ਗੁਰੂ-ਕ੍ਰਮ ਨੂੰ ਬਦਲਿਆ ਗਿਆ ਹੈ। ਉਪਰੋਕਤ ਤਿਥਾਂ ਲਈ ਹੇਠ ਲਿਖੇ ਗ੍ਰੰਥਾਂ ਦੀ ਸਹਾਇਤਾ ਲਈ ਗਈ ਹੈ :

(i) ਮਹਾਨ ਕੋਸ਼ (ਕਾਹਨ ਸਿੰਘ) [ii] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ ਪੰਨਾ 113 ਤੋਂ 223 [ਡਾ. ਤਾਰਨ ਸਿੰਘ]

ਸਾਰ—

1. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਵਿਉਂਤ ਗੁਰੂ ਅਰਜਨ ਦੇਵ ਦੀ ਮੌਲਿਕ ਦੇਣ ਹੈ।
2. ਗੁਰੂ ਗ੍ਰੰਥ ਸਾਹਿਬ ਦੇ ਚਿੰਤਕ-ਕਵੀਆਂ ਦਾ ਅੰਕਣ-ਪ੍ਰਬੰਧ ਵਧੇਰੇ ਕਰਕੇ ਕਾਲ-ਕ੍ਰਮ ਅਨੁਸਾਰ ਹੈ। ਇਸਦੇ ਕੁਝ ਅਪਵਾਦ ਵੀ ਹਨ। ਪਹਿਲੇ ਗੁਰੂਆਂ ਦੀ ਬਾਣੀ ਫਿਰ ਭਗਤਾਂ ਦੀ ਬਾਣੀ ਅੰਕਿਤ ਹੈ।
3. ਭਗਤਾਂ ਦੀ ਬਾਣੀ ਨੂੰ ਪੰਚਮ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਗ-ਪ੍ਰਬੰਧ ਦੇ ਅਨੁਸ਼ਾਸਨ ਅਨੁਸਾਰ ਅੰਕਿਤ ਕੀਤਾ ਹੈ।

## (ੲ) ਰਾਗ-ਮੁਕਤ ਬਾਣੀ :

ਇਸ ਭਾਗ ਦਾ ਆਪਣਾ ਨਿਵੇਕਲਾ ਪ੍ਰਬੰਧ ਹੈ। ਇਥੇ ਇਤਨਾ ਸੰਕੇਤ ਕਰਨਾ ਹੀ ਕਾਫੀ ਹੈ ਕਿ ਇਸ ਭਾਗ ਦਾ ਸਰਵੇਖਣ ਰਾਗ-ਬੱਧ ਬਾਣੀ ਦੇ ਸਮੁੱਚੇ ਪ੍ਰਬੰਧ-ਵਿਵੇਚਨ ਤੋਂ ਉਪਰੰਤ ਕੀਤਾ ਜਾਏਗਾ।

## ਫੁਟ ਨੋਟ

1. ਕਾਹਨ ਸਿੰਘ, ਮਹਾਨ ਕੋਸ਼, ਪੰਨਾ 518
2. ਗਿਆਨੀ ਬਦਨ ਸਿੰਘ, ਟੀਕਾ ਫਰੀਦਕੋਟ, ਭਾਗ ਪਹਿਲਾ, ਪੰਨਾ 72
3. ਗੋਬਿੰਦ ਦਾਸ, ਪ੍ਰਥਾ ਗੁਰੂ ਗ੍ਰੰਥ, ਭਾਗ ਪਹਿਲਾ, ਪੰਨਾ 136
4. ਪੰਡਿਤ ਹਰਦੇਵ ਸਿੰਘ, ਸ੍ਰੀ ਨਰਾਇਣ ਹਰੀ ਉਪਦੇਸ਼, ਪੰਨਾ 509
5. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 655
6. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ 501
7. ਗਿਆਨੀ ਬਦਨ ਸਿੰਘ, ਟੀਕਾ ਫਰੀਦਕੋਟ, ਗਿਲਦ 4, ਪੰਨਾ 1920
8. ਵਰਮਾ, ਰਾਮ ਕੁਮਾਰ ਸੰਤ ਕਬੀਰ (ਇਸ ਪੁਸਤਕ ਵਿਚ ਰਾਗਾਂ ਦਾ ਸੰਕੇਤ ਹੈ ਜੋ ਇਸ ਪੁਸਤਕ ਦੇ ਤਤਕਰੇ ਦੇ ਸਿਰਲੇਖ, "ਰਾਗ ਔਰ ਸਲੋਕ ਕਾ ਨਿਰਦੇਸ਼" ਤੋਂ ਹੀ ਸਪਸ਼ਟ ਹੋ ਜਾਂਦਾ ਹੈ। ਇਸ ਪੁਸਤਕ ਵਿਚ 17 ਰਾਗਾਂ ਦਾ ਸੰਕੇਤ ਕੀਤਾ ਗਿਆ ਹੈ।
9. ਉਪਾਧਿਆਏ, ਅਯੋਧਿਆ ਸਿੰਘ, ਕਬੀਰ ਵਚਨਾਵਲੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੰਗਲ-ਪ੍ਰਬੰਧ

ਪੁਰਾਤਨ ਆਚਾਰੀਆਂ ਨੇ ਧਰਮ ਗ੍ਰੰਥਾਂ ਦੀ ਲੇਖਨ-ਵਿਧੀ ਲਈ ਤਿਨੁਕਤੀ ਗੁਰ ਦਾ ਵਿਧਾਨ ਕੀਤਾ ਹੈ : ਮੰਗਲ ਅਨੁਬੰਧ ਅਤੇ ਲਿੰਗ। ਪਹਿਲੇ ਸਮਿਆਂ ਵਿਚ ਵਿਦਵਾਨ ਅਤੇ ਜਨ ਸਾਧਾਰਨ ਧਰਮ ਗ੍ਰੰਥਾਂ ਦੇ ਪਠਨ-ਪਾਠਨ ਨੂੰ ਗਿਆਨ ਅਤੇ ਮੁਕਤੀ ਦਾ ਸਾਧਨ ਮੰਨਦੇ ਸਨ ਤੇ ਇਨ੍ਹਾਂ ਦੇ ਪਾਠ-ਵਿਚਾਰ ਵਿਚ ਬੜੀ ਸ਼ਰਧਾ ਨਾਲ ਪਰਿਵਿਰਤ ਹੁੰਦੇ ਸਨ। ਗ੍ਰੰਥਕਾਰਾਂ ਨੇ ਆਮ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੁਝ ਅਜਿਹੇ ਨੇਮ ਬਣਾਏ ਜਿਨ੍ਹਾਂ ਦੀ ਪੂਰਤੀ ਨਾਲ ਗ੍ਰੰਥ ਆਪਣਾ ਸੰਤੁਲਨ ਕਾਇਮ ਰੱਖਦਾ ਸੀ। ਮੰਗਲ, ਅਨੁਬੰਧ ਅਤੇ ਲਿੰਗ ਅਜਿਹੇ ਗੁਣ-ਲੱਛਣ ਸਨ ਜਿਨ੍ਹਾਂ ਦਾ ਪ੍ਰਤੀਪਾਦਨ ਧਰਮ-ਗ੍ਰੰਥਕਾਰਾਂ ਲਈ ਲਾਜ਼ਮੀ ਸੀ। ਇਨ੍ਹਾਂ ਤਿੰਨਾਂ ਵਿਚੋਂ ਮੰਗਲ ਆਪਣਾ ਨਿੱਖੜਵਾਂ ਸਰੂਪ ਰਖਦਾ ਹੈ ਜੋ ਰਚਨਾ ਦੇ ਆਰੰਭ ਉਪਾਰੰਭ ਵਿਚ ਅੰਕਿਤ ਕੀਤਾ ਜਾਂਦਾ ਹੈ। ਅਨੁਬੰਧ ਅਤੇ ਲਿੰਗ ਆਪਣੇ ਵਿਸ਼ੇਸ਼ ਗੁਣ-ਲੱਛਣਾਂ ਸਮੇਤ ਰਚਨਾ ਵਿਚ ਅਭੇਦ ਹੁੰਦੇ ਹਨ। ਇਥੇ ਇਨ੍ਹਾਂ ਤਿੰਨਾਂ ਉਪਰ ਵਿਚਾਰ ਕਰਨੀ ਉਚਿਤ ਹੈ।

## ਮੰਗਲ

ਮੰਗਲ ਸ਼ਬਦ ਸੰਸਕ੍ਰਿਤ ਦੇ ਮੰਗ ਧਾਤੂ ਦਾ ਵਿਉਂਤਪਤ ਰੂਪ ਹੈ ਮੰਗਲ ਦੇ ਅਰਥ ਹਨ ਅਨੰਦ ਵਿਚ ਹੋਣਾ, ਖੁਸ਼ੀ ਕਰਨਾ, ਹਰਕਤ ਕਰਨਾ ਤੇ ਧਾਕੇ ਜਾਣਾ ਆਦਿ।

ਗੁਰਬਾਣੀ ਵਿਚ ਮੰਗਲ ਬਹੁ ਅਰਥਾਂ ਵਿਚ ਵਰਤਿਆ ਗਿਆ ਹੈ :

1. ਮੰਗਲ ਗਾਵਹੁ ਨਾਰੇ (ਮੰਗਲ ਖੁਸ਼ੀ ਦੇ ਗੀਤ ਹਨ)
2. ਮੰਗਲ ਸੁਖ ਕਲਿਆਣ ਤਿਥਾਈ (ਸੁਖ ਅਤੇ ਕਲਿਆਣ ਦੇ ਅਰਥਾਂ ਵਿਚ ਵਰਤਿਆ ਗਿਆ ਹੈ)
3. ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ। (ਉਤਸਵ, ਤਿਉਹਾਰ ਆਦਿ ਦੇ ਅਰਥਾਂ ਵਿਚ ਵਰਤਿਆ ਗਿਆ ਹੈ)

ਇਹੀ ਮੰਗਲ ਬਾਅਦ ਵਿਚ ਮੰਗਲਾਚਾਰ ਦਾ ਰੂਪ ਗ੍ਰਹਿਣ ਕਰਦਾ ਹੈ। ਇਸਦਾ ਅੰਤਲਾ ਰੂਪ ਮੰਗਲਾਚਰਣ ਹੈ ਜਿਸਦਾ ਪ੍ਰਯੋਗ ਭਾਈ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕੀਤਾ ਹੈ। ਮੰਗਲਾਚਾਰ ਦਾ ਅਰਥ ਕਿਸੇ ਉਤਸਵ ਦੀ ਰਸਮ ਅਥਵਾ ਆਨੰਦਦਾਇਕ ਕ੍ਰਿਆ ਵੀ ਹੈ। ਜਿਹਾ ਕਿ 'ਆਜ ਹਮਾਰੈ ਮੰਗਲ ਚਾਰ' (ਗੁਰੂ ਅਰਜਨ ਦੇਵ) ਮੰਗਲਚਾਰ ਤੇ ਮੰਗਲਾਚਾਰ ਦੋਵੇਂ ਪ੍ਰਯਾਇਵਾਚੀ ਸ਼ਬਦ ਹਨ ਤੇ ਬਾਣੀ ਵਿਚ ਦੋਵੇਂ ਉਤਸਵ ਦੇ ਅਰਥਾਂ ਵਿਚ ਪ੍ਰਯੋਗ ਕੀਤੇ ਗਏ ਹਨ। ਕੁਲ ਮਿਲਾ ਕੇ, ਮੰਗਲ ਮਿਸ੍ਰਤ ਭਾਵਨਾ ਦਾ ਧਾਰਨੀ ਹੈ। ਖੁਸ਼ੀ, ਖੇੜਾ, ਆਨੰਦ, ਕਲਿਆਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਸਵ ਮਹਿਮਾ ਆਦਿ ਸ਼ਬਦ ਮੰਗਲ ਦੇ ਨੇੜੇ ਤੇੜੇ ਪਹੁੰਚਦੇ ਹਨ ਪਰ ਉਹ ਇਹ ਅਰਥ ਨਹੀਂ ਦੇਂਦੇ ਜੋ ਮੰਗਲ ਆਪਣੇ ਰੂੜ੍ਹ ਅਰਥਾਂ 'ਚ ਦੇਂਦਾ ਹੈ। ਮੰਗਲ ਧਰਮ ਵਿਸ਼ੇਸ਼ ਦੇ ਇਸ਼ਟ ਦਾ ਪਰੰਪਰਾਗਤ ਅਭਿਨੰਦਨ ਕਰਨ ਦਾ ਸੂਚਕ ਹੈ। ਇਸੇ ਨੂੰ ਮੰਗਲਾਚਰਣ ਵੀ ਕਿਹਾ ਜਾਂਦਾ ਹੈ। ਮੰਗਲ ਦਾ ਲਾਜ਼ਮੀ ਸਥਾਨ ਗ੍ਰੰਥ ਦੇ ਆਰੰਭ ਵਿਚ ਹੀ ਹੈ। ਦੂਸਰੇ ਸ਼ਬਦਾਂ ਵਿਚ ਮੰਗਲਾਚਰਣ ਨਾਲ ਹੀ ਗ੍ਰੰਥ ਦਾ ਆਰੰਭ ਕੀਤਾ ਜਾਂਦਾ ਰਿਹਾ ਹੈ।

ਮੰਗਲ ਦੀ ਪਰੰਪਰਾ ਢੇਰ ਪੁਰਾਣੀ ਹੈ। ਸੰਸਕ੍ਰਿਤ ਨਾਟਕ ਆਰੰਭ ਹੋਣ ਤੋਂ ਪਹਿਲਾਂ ਮੰਗਲਾਚਰਣ ਵੀ ਗਾਇਆ ਜਾਂਦਾ ਸੀ ਜਿਸ ਵਿਚ ਦੇਵਤਾ, ਬ੍ਰਾਹਮਣ ਜਾਂ ਕਿਸੇ ਰਾਜੇ ਤੋਂ ਅਸ਼ੀਰਵਾਦ ਲੈਣ ਲਈ ਉਸਦੀ ਸ਼ੋਭਾ ਕੀਤੀ ਜਾਂਦੀ ਸੀ। ਇਹ ਦੇਵਤਿਆਂ ਨੂੰ ਨੰਦ (ਆਨੰਦ) ਕਰਨ ਵਾਲੀ ਕਿਰਿਆ ਹੈ। ਇਸੇ ਲਈ ਇਸ ਨੂੰ ਨਾਂਦੀ ਆਖਿਆ ਗਿਆ ਹੈ। ਨਾਂਦੀ ਦੇ ਸ਼ਬਦੀ ਅਰਥ ਵੀ ਅਨੰਦ ਦੇਣ ਵਾਲਾ ਹੀ ਹਨ। ਮਧਕਾਲੀ ਸਾਹਿਤ ਦੇ ਕੁਝ ਗ੍ਰੰਥ ਸਰਗਾਂ ਵਿਚ ਵੰਡੇ ਹੋਏ ਹਨ ਤੇ ਕੁਝ ਨਹੀਂ। ਸਰਗਾ ਵਿਚ ਵੰਡੇ ਹੋਏ ਗ੍ਰੰਥਾਂ ਦੇ ਸਰਗਾਰੰਭ ਵਿਚ ਵੀ ਮੰਗਲ ਅੰਕਿਤ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਵਿਚ ਕਿੱਸਾ ਕਾਵਿ ਅਤੇ ਕੁਝ ਕੁ ਵਾਰਾਂ [ਚੱਠਿਆਂ ਦੀ ਵਾਰ] ਵਿਚ ਵੀ ਮੰਗਲਾਚਰਣ ਦੀ ਪ੍ਰਥਾ ਪ੍ਰਚਲਿਤ ਰਹੀ ਹੈ। ਚੂੰਕਿ ਇਹ ਰਚਨਾਵਾਂ ਅਕਾਰ ਵਜੋਂ ਛੋਟੀਆਂ ਹੁੰਦੀਆਂ ਸਨ ਤੇ ਸਰਗ ਆਦਿ ਵਿਚ ਨਹੀਂ ਵੰਡੀਆਂ ਹੁੰਦੀਆਂ ਸਨ। ਇਸ ਲਈ ਇਨ੍ਹਾਂ ਰਚਨਾਵਾਂ ਵਿਚ ਮੰਗਲ ਕੇਵਲ ਇਕ ਵਾਰ ਹੀ ਰਚਨਾ ਦੇ ਆਰੰਭ ਵਿਚ ਅੰਕਿਤ ਕੀਤੇ ਹੁੰਦੇ ਸਨ।

ਆਦਿ ਸ੍ਰੀ ਗੁਰੂ ਗ੍ਰੰਥ ਬਿਰਤਾਂਤਕ ਰਚਨਾ ਨਹੀਂ। ਇਹ ਸਰਗਾ ਵਿਚ ਨਹੀਂ ਰਾਗਾਂ ਵਿਚ ਵੰਡਿਆ ਹੋਇਆ ਹੈ। ਸੰਪਾਦਿਤ ਗ੍ਰੰਥ ਹੋਣ ਕਰਕੇ ਇਸਦੀ ਮੁਖ ਵੰਡ ਰਾਗਾਂ ਵਿਚ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਪ੍ਰਤੇਕ ਰਾਗ ਦੇ ਆਰੰਭ ਵਿਚ ਮੰਗਲ ਦਰਜ ਕੀਤਾ ਗਿਆ ਹੈ। ਪਰੰਤੂ ਹਰ ਇਕ ਰਾਗ ਦੇ ਅੱਗੋਂ ਅਨੁਭਾਗ ਵੀ ਹਨ। ਇਕੋ ਹੀ ਰਾਗ ਵਿਚ ਸਾਰੇ ਗੁਰੂਆਂ ਦੀ ਰਚਨਾ ਮਹਲਾ-ਸੰਕੇਤ ਨਾਲ ਦਰਜ ਕੀਤੀ ਗਈ ਹੈ। ਇਸੇ ਤਰ੍ਹਾਂ ਸੂਫ਼ੀ-ਸੰਤ ਬਾਣੀ ਵੀ ਨਾਮ ਵਿਸ਼ੇਸ਼ ਦੇ ਅੰਤਰਗਤ। ਪਰ ਇਹ ਤੱਥ ਧਿਆਨਯੋਗ ਹੈ ਜਦ ਕਦੀ ਵੀ ਰਚਣਹਾਰ ਵਿਸ਼ੇਸ਼ ਦੀ ਬਾਣੀ ਦਰਜ ਕੀਤੀ ਗਈ ਤਾਂ ਉਸ ਦੇ ਆਰੰਭ ਵਿਚ ਮੰਗਲ ਦਰਜ ਕੀਤਾ ਗਿਆ। ਇਸ ਤੋਂ ਛੁਟ ਵਿਭਿੰਨ ਰਚਨਾ-ਸ਼ੈਲੀਆਂ ਅਤੇ ਕਾਵਿ-ਰੂਪਾਂ ਦੇ ਆਰੰਭ ਵਿਚ ਵੀ ਮੰਗਲ ਲਾਜ਼ਮੀ ਤੌਰ ਤੇ ਅੰਕਿਤ ਕੀਤੇ ਗਏ ਹਨ। ਅਸੀਂ ਮੰਗਲ ਜਾਂ ਮੰਗਲਾਚਰਣ ਨੂੰ ਇਸਦੇ ਰੂੜ੍ਹ ਅਰਥਾਂ ਵਿਚ ਵਿਚਾਰਨਾ ਹੀ ਉਚਿਤ ਸਮਝਿਆ ਹੈ।

ਲਗਭਗ ਸਭ ਧਰਮ ਗ੍ਰੰਥਾਂ ਦੇ ਆਰੰਭ ਵਿਚ ਮੰਗਲ ਵਾਕ ਅੰਕਿਤ ਕੀਤੇ ਗਏ ਮਿਲਦੇ ਹਨ—

੧. ਬਿਸਮਿੱਲਾ ਹਿ ਰਹਮਾਨੁੱਰਹੀਮ [ਕੁਰਾਨ ਮਜੀਦ]

[ਹੇ ਰਹਮ ਕਰਨ ਵਾਲੇ ਅਲਾਹ ਮੈਂ ਤੇਰੇ ਰਹਮ ਨਾਲ ਆਰੰਭ ਕਰਦਾ ਹਾਂ]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨. ਓਅੰ-ਇਹ ਉਹ ਮੰਗਲਮਈ ਸ਼ਬਦ ਹੈ, ਜਿਸਦਾ ਪ੍ਰਯੋਗ ਵੇਦ ਅਤੇ ਉਪ-ਨਿਸ਼ਦ ਦੇ ਆਰੰਭ ਵਿਚ ਕੀਤਾ ਗਿਆ ਹੈ।

੩. ਇਸ ਤੋਂ ਛੁੱਟ ਵੇਦਾਂਤ ਗ੍ਰੰਥ ਅਤੇ ਗੀਤਾ ਆਦਿ ਦੇ ਆਰੰਭ ਵਿਚ ਮੰਗਲਮਈ ਸ਼ਬਦਾਂ ਦਾ ਉਲੇਖ ਮਿਲਦਾ ਹੈ।

ਇਥੇ ਇਹ ਧਿਆਨ ਰਹੇ, ਵੇਦਾਂਤ ਆਦਿ ਗ੍ਰੰਥਾ ਦੇ ਆਰੰਭ ਵਿਚ ਮੰਗਲਮਈ ਵਾਕ ਜ਼ਰੂਰ ਹਨ ਪਰ ਇਨ੍ਹਾਂ ਦਾ ਸਿਰਲੇਖ ਮੰਗਲ ਨਹੀਂ ਜਾਂ ਇਉਂ ਕਹੋ ਮੰਗਲ ਸਿਰਲੇਖ ਲਿਖ ਕੇ ਹੇਠਾ ਮੰਗਲਵਾਕ ਨਹੀਂ ਲਿਖੇ ਗਏ। ਇਸ ਤੋਂ ਉਲਟ ਬਾਲਮੀਕ ਰਾਮਾਇਣ, ਪੁਰਾਣ, ਆਖਿਆਨ ਗ੍ਰੰਥ [ਮਹਾਂ ਭਾਰਤ] ਆਦਿ ਦੇ ਆਰੰਭ ਵਿਚ ਮੰਗਲ ਕਰਨਾ ਸਰਬ ਪ੍ਰਵਾਨ ਤੱਥ ਹੈ। ਗ੍ਰੰਥਕਾਰ ਆਮ ਤੌਰ ਤੇ ਤਿੰਨ ਤਰ੍ਹਾਂ ਦੇ ਮੰਗਲ ਕਰਦੇ ਰਹੇ ਹਨ :

1. ਸਾਰਵਜਨਕ ਮੰਗਲ : ਇਹ ਸਰਬ ਵਿਆਪੀ ਸ਼ਕਤੀ ਦਾ ਮੰਗਲ ਕਰਨ ਲਈ ਕੀਤਾ ਜਾਂਦਾ ਰਿਹਾ ਹੈ।
2. ਕਵੀ ਸੰਕੇਤ ਮੰਗਲ : ਕਵੀ ਜਨ ਸਰਸਵਤੀ ਦੇਵੀ ਦੀ ਮਹਿਮਾ ਵਿਚ ਕਰਦੇ ਸਨ।
3. ਇਸ਼ਟ ਮੰਗਲ : ਕਵੀ ਜਨ ਆਪੋ ਆਪਣੇ ਮਜ਼ਹਬ ਅਨੁਸਾਰ ਆਪਣੇ ਗੁਰੂ ਦੀ ਮਹਿਮਾ ਕਰਦੇ ਸਨ।

ਕਵੀ ਸੰਕੇਤ ਮੰਗਲ ਅਤੇ ਇਸ਼ਟ ਮੰਗਲ ਪੰਜਾਬੀ ਕਿੱਸਾ ਕਾਵਿ ਅਤੇ ਇਤਿਹਾਸਕ ਪੰਜਾਬੀ ਵਾਰਾਂ [ਚੱਠਿਆਂ ਦੀ ਵਾਰ] ਵਿਚ ਉਪਲਬਧ ਹਨ। ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸਾਰਵ ਜਨਕ ਮੰਗਲ ਹੀ ਵਿਦਮਾਨ ਹੈ। ਇਥੇ ਇਹ ਧਿਆਨ ਰਹੇ ਸਾਰਵਜਨਕ ਮੰਗਲ ਦੇ ਅੱਗੇ ਹੋਰ ਤਿੰਨ ਉਪਭੇਦ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

**ਵਸਤੂ ਨਿਰਦੇਸ਼ਾਤਮਕ :**

ਗ੍ਰੰਥਕਾਰ ਜਿਸ ਬਾਰੇ ਗ੍ਰੰਥ ਰਚ ਰਿਹਾ ਹੁੰਦਾ ਹੈ, ਗ੍ਰੰਥ ਦੇ ਆਰੰਭ ਵਿਚ ਉਸਦੇ ਗੁਣਾਂ ਦੀ ਮਹਿਮਾਂ ਗਾਇਨ ਕਰਨ ਦੇ ਨਾਲ ਨਾਲ ਉਸਦੇ ਗੁਣ-ਲੱਛਣ ਆਦਿ ਦਾ ਬੋਧ ਵੀ ਕਰਾਉਂਦਾ ਹੈ। ਵਸਤੂ ਨਿਰਦੇਸ਼ ਤੋਂ ਭਾਵ ਹੈ,ਬ੍ਰਹਮ ਦਾ ਨਾਮ ਮੰਗਲ ਰੂਪ ਕਰਕੇ ਲਿਖਣਾ ਜਿਵੇਂ ੧ਓ, ਓਅੰ, ਬਿਸਮਿੱਲਾ ਆਦਿ। ਇਹ ਮੰਗਲ ਗ੍ਰੰਥ ਦੇ ਆਰੰਭ ਉਪਾਰੰਭ ਵਿਚ ਵੀ ਕੀਤਾ ਜਾਂਦਾ ਹੈ, ਦਰਮਿਆਨ ਵਿਚ ਵੀ ਅਥਵਾ ਜਿਥੇ ਕਿਧਰੇ ਨਵਾਂ ਪਾਠ ਆਰੰਭ ਹੁੰਦਾ ਹੈ। ਸ੍ਰੀ ਗੁਰੂ ਆਦਿ ਗ੍ਰੰਥ ਵਿਚ।

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ—ਹੀ ਮੂਲ ਮੰਗਲ ਹੈ। ਇਸ ਦੇ ਪਾਠ-ਅੰਤਰ ਕਰਕੇ ਹੀ ਹੋਰ ਮੰਗਲ-ਭੇਦ ਸਾਹਮਣੇ ਆਉਂਦੇ ਹਨ। ਅਸਲ ਵਿਚ ਇਹ ਪਾਠ-ਅੰਤਰਾ ਮੰਗਲ-ਭੇਦ ਦਾ ਸੂਚਕ ਹੈ, ਕਿਸੇ ਭਿੰਨਤਾ ਅਥਵਾ ਕਿਸਮ ਦਾ ਨਹੀਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

**ਅਸ਼ੀਰਵਾਦਾਤਮਿਕ :**

ਜਿਸ ਤੋਂ ਕਲਿਆਣ ਦੀ ਕਾਮਨਾ ਕੀਤੀ ਜਾਵੇ ਅਥਵਾ ਬ੍ਰਹਮ ਪਾਸੋਂ ਅਸ਼ੀਰਵਾਦ ਦੀ ਯਾਚਨਾ ਕੀਤੀ ਜਾਵੇ। ਇਹ ਮੰਗਲ ਕ੍ਰਿਤਘੱਨਤਾ ਦੋਸ਼ ਦੀ ਨਵਿਰਤੀ ਲਈ ਕੀਤਾ ਜਾਂਦਾ ਹੈ। ਪ੍ਰਭੂ ਦਾ ਕ੍ਰਿਤੱਗਤਾ ਸਹਿਤ ਧੰਨਵਾਦ ਕਰਨਾ ਇਸ ਮੰਗਲ ਦਾ ਮੁਖ ਲੱਛਣ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੋਈ ਇਕ ਅਜਿਹਾ ਪਦ ਨਜ਼ਰ ਨਹੀਂ ਆਉਂਦਾ ਜਿਸ ਨੂੰ ਅਸ਼ੀਰਵਾਦਤਮਕ ਮੰਗਲ ਦੇ ਸੰਬੰਧ ਵਿਚ ਰੱਖ ਕੇ ਵਿਚਾਰਿਆ ਜਾ ਸਕੇ, ਸਗੋਂ ਆਦਿ ਗ੍ਰੰਥ ਵਿਚ ਤਾਂ ਅਨੇਕਾਂ ਪਦੇ ਅਜਿਹੇ ਮਿਲਦੇ ਹਨ ਜੋ ਅਤਿਅੰਤ ਨਿਰਮਾਣਤਾ ਨਾਲ ਭਰਪੂਰ ਪ੍ਰਭੂ ਯਾਚਨਾ ਕਰਦੇ ਹਨ, ਅਜਿਹੇ ਪਦਿਆਂ ਨੂੰ ਬੇਨਤੀ ਰੂਪ ਪਦ ਵੀ ਕਿਹਾ ਜਾ ਸਕਦਾ ਹੈ। ਆਮ ਗ੍ਰੰਥਕਾਰ ਗ੍ਰੰਥ ਦੇ ਦਰਮਿਆਨ ਜਾਂ ਅੰਤ ਵਿਚ ਅਜਿਹੀ ਯਾਚਨਾ ਕਰ ਸਕਦੇ ਸੀ ਪਰ ਗੁਰੂਜਨ ਤਾਂ ਨਿਸਦਿਨ ਹੀ ਅਰਦਾਸ ਵਿਚ ਜੁੜੇ ਰਹਿੰਦੇ ਸੀ। ਇਹੀ ਕਾਰਨ ਹੈ, ਸਾਨੂੰ ਆਦਿ ਸ੍ਰੀ ਗਰੂ ਗ੍ਰੰਥ ਸਾਹਿਬ ਵਿਚ ਅਸ਼ੀਰਵਾਦਾਤਮਕ ਮੰਗਲ ਦਾ ਨਿਰੋਲ ਵਿਲਖਣ ਰੂਪ ਕਿਧਰੇ ਵਿਖਾਈ ਨਹੀਂ ਦੇਂਦਾ ਸਗੋਂ ਬੇਨਤੀ ਰੂਪ ਪਦਿਆਂ ਦਾ ਦੀਦਾਰ ਤਾਂ ਥਾਂ ਪਰ ਥਾਂ ਵਿਆਪਕ ਹੈ। ਉਦਾਹਰਣ ਵਜੋਂ—

੧. ਅੰਤਰ ਕੀ ਗਤਿ ਤੁਮਹੀ ਜਾਨੀ ਤੁਝਹੀ ਪਾਹਿ ਨਿਬੇਰੋ ॥
ਬਖਸਿ ਲੈਹੁ ਸਾਹਿਬ ਪ੍ਰਭੁ ਅਪੁਨੇ ਲਾਖ ਖਤੇ ਕਰਿ ਫੇਰੋ ॥
ਪ੍ਰਭੁ ਜੀ ਤੂੰ ਮੇਰੋ ਠਾਕੁਰੁ ਨੇਰੋ, ਹਰਿ ਚਰਣ ਸਰਣ ਮੋਹਿ ਚੇਰੋ ॥
੬੧੮/ਆਦਿ ਗ੍ਰੰਥ

੨. ਹਮਰੀ ਗਣਤ ਨ ਗਣੀਆਂ ਕਾਈ ਅਪਣਾ ਬਿਰਦੁ ਪਛਾਣਿ ॥
ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥ ੬੧੯/ਆਦਿ ਗ੍ਰੰਥ

੩. ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ
ਮੈਂ ਨਿਰਗੁਣਿਆਰੇ ਕੋ ਗੁਣ ਨਾਹੀ
ਆਪੇ ਤਰਸੁ ਪਇਓਈ ॥ ੧੪੨੯/ਆਦਿ ਗ੍ਰੰਥ

ਇਥੇ ਇਹ ਸੰਕੇਤ ਕਰਨਾ ਉਚਿਤ ਹੈ, ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਦਸਵੇਂ ਗੁਰੂ ਦੀਆਂ ਰਚਨਾਵਾਂ ਵਿਚ 'ਵਾਹਿਗੁਰੂ ਜੀ ਕੀ ਫਤਹਿ' ਅਤੇ ਜੈ ਤੇਗੰ, ਸ੍ਰੀ ਜੈ ਤੇਗੰ ਆਦਿ ਕਲਿਆਣਮਈ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਭਾਈ ਕਾਹਨ ਸਿੰਘ ਨੇ ਇਨ੍ਹਾਂ ਸ਼ਬਦਾਂ ਦਾ ਸੰਬੰਧ ਅਸ਼ੀਰਵਾਦਤਮਿਕ ਮੰਗਲ ਨਾਲ ਜੋੜਿਆ ਹੈ। ਦੂਸਰੇ ਸ਼ਬਦਾਂ ਵਿਚ ਗੁਰਮਤਿ ਸਾਹਿਤ ਵਿਚ ਵਾਹਿਗੁਰੂ ਜੀ ਕੀ ਫਤਹਿ' ਅਤੇ 'ਜੈ ਤੈਗੰ' ਸ੍ਰੀ ਜੈ ਤੈਗੰ ਅਸ਼ੀਰਵਾਦਾਤਮਿਕ ਮੰਗਲ ਹਨ। ਗਿਆਨੀ ਕਿਰਪਾਲ ਸਿੰਘ ਤੇ 'ਤੇਰਾ ਕੀਤਾ ਜਾਤੋ ਨਾਹੀਂ' ਸ਼ਬਦ ਨੂੰ ਕ੍ਰਿਤਘਨ ਦੋਸ਼ ਦੀ ਨਿਰਵਰਤੀ ਲਈ ਬੇਨਤੀ ਰੂਪ ਮੰਗਲ ਆਖਿਆ ਹੈ। ਮੁੰਦਾਵਣੀ ਮਹਲਾ ੫ ਅੰਤਿਮ ਮੁਹਰ ਦੀ ਸੰਕੇਤਕ ਹੈ ਤੇ 'ਤੇਰਾ ਕੀਤਾ ਜਾਤੋ ਨਾਹੀਂ' ਬੇਨਤੀ ਵਾਚਕ ਪਦ ਹੈ ਜੋ ਕ੍ਰਿਤਗਤਾ ਸਹਿਤ ਪ੍ਰਭੂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਧੰਨਵਾਦ ਕਰਨ ਦਾ ਸੂਚਕ ਹੈ। ਦੂਸਰੇ ਸ਼ਬਦਾਂ ਵਿਚ ਇਸ ਨੂੰ ਕ੍ਰਿਤਘਨਤਾ ਦੋਸ਼ ਦੀ ਨਵਿਰਤੀ ਕਰਨ ਵਾਲਾ ਮੰਗਲ ਅਥਵਾ ਅਸ਼ੀਰਵਾਦਾਤਮਿਕ ਮੰਗਲ ਕਿਹਾ ਜਾ ਸਕਦਾ ਹੈ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਸਾਰਾ ਹੀ ਮੰਗਲ ਰੂਪ ਹੈ। ਗ੍ਰੰਥ ਸਾਹਿਬ ਵਿਚੋਂ ਵਾਕ ਲੈਣ ਲਈ ਕਿਸੇ ਵਿਸ਼ੇਸ਼ ਕਲਿਆਣਕਾਰੀ ਪਾਠ ਦਾ ਨਿਸਚਿਤ ਨਾ ਹੋਣਾ ਹੀ ਇਸ ਮਤ ਦੀ ਪੁਸ਼ਟੀ ਕਰਦਾ ਹੈ।

## ਨਮਸਕਾਰਾਤਮਿਕ ਮੰਗਲ :

ਇਸ ਵਿਚ ਬ੍ਰਹਮ ਦੀ ਸਿਰਮੌਰਤਾ ਪ੍ਰਵਾਨ ਕਰਕੇ ਉਸਨੂੰ ਨਮਸਕਾਰ ਕੀਤੀ ਜਾਂਦੀ ਹੈ। ਇਸ ਮੰਗਲ ਦਾ ਪ੍ਰਯੋਗ ਵਧੇਰੇ ਕਰਕੇ ਵੇਦ ਵਿਚ, ਜਾਪ ਸਾਹਿਬ ਵਿਚ, ਕੀਤਾ ਜਾਂਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਬ੍ਰਹਮ ਦੇ ਬੇਅੰਤ ਰੂਪ ਅਤੇ ਉਸ ਦੀਆਂ ਅਨੇਕ ਲੀਲ੍ਹਾਵਾਂ ਉਸਦੇ ਸਰਵੋਤਮ ਸਰੂਪ ਲੱਛਣ ਨੂੰ ਨਿਰਧਾਰਤ ਕਰਦੇ ਹਨ। ਇਹੀ ਕਾਰਣ ਹੈ ਇਸ ਮੰਗਲ ਦਾ ਪ੍ਰਯੋਗ ਪੁਰਾਣ ਗ੍ਰੰਥਾਂ ਵਿਚ ਵਿਸ਼ੇਸ਼ ਹੈ। ਬ੍ਰਹਮ ਦੀ ਸਿਰਮੌਰਤਾ ਇਤਿਹਾਸਕ ਗਤੀ ਵਾਚਿਆਂ ਹੋਰ ਵਧੇਰੇ ਉਘੜ ਕੇ ਸਾਹਮਣੇ ਆਉਂਦੀ ਹੈ। ਉਦਾਹਰਣ ਵਜੋਂ ਗੁਰਪ੍ਰਤਾਪ ਸੂਰਜ, ਨਾਨਕ ਪ੍ਰਕਾਸ਼ ਅਤੇ ਤੁਲਸੀ ਰਾਮਾਇਣ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਆਖਿਆਨ ਗ੍ਰੰਥ ਨਹੀਂ ਪਰ ਇਸ ਦੇ ਬਾਵਜੂਦ ਵੀ ਅਨੇਕਾਂ ਇਤਿਹਾਸ-ਮਿਥਿਹਾਸ ਦੇ ਸੰਕੇਤ ਇਸ ਵਿਚ ਮੌਜੂਦ ਹਨ। ਪਰ ਇਹ ਧਿਆਨ ਰਹੇ, ਸਿਰਜਣਹਾਰ ਨੂੰ ਨਮਸਕਾਰ ਕਿਸੇ ਇਤਿਹਾਸ-ਮਿਥਹਾਸ ਦੇ ਸੰਕੇਤ ਵਿਸ਼ੇਸ਼ ਕਰਕੇ ਨਹੀਂ ਕੀਤੀ ਜਾਂਦੀ ਸਗੋਂ ਆਪਾ ਸਮਰਪਿਤ ਭਾਵ ਦੇ ਅਧੀਨ ਗੁਰੂਜਨ ਅਨੇਕ ਬਾਰ ਬ੍ਰਹਮ ਨੂੰ ਨਮਸਕਾਰ ਕਰਦੇ ਹਨ। ਮਿਸਾਲ ਵਜੋਂ—

੧. ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ੨੫੬/ਆਦਿ ਗ੍ਰੰਥ

੨. ਆਦਿ ਗੁਰ ਏ ਨਮਹ ਜੁਗ ਦਿ ਗੁਰ ਏ ਨਮਹ
ਸਤਿਗੁਰ ਏ ਨਮਹ ਸ੍ਰੀ ਗੁਰਦੇਵ ਏ ਨਮਹ ॥ ੨੬੨/ਆਦਿ ਗ੍ਰੰਥ

ਸਪਸ਼ਟ ਹੈ, ਅਜਿਹੀਆਂ ਹੋਰ ਅਨੇਕ ਪੰਕਤੀਆਂ ਹਨ ਜੋ ਇਸ ਭਾਵ ਦੀਆਂ ਧਾਰਣੀ ਹਨ ਤੇ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ। ਗੁਰੂ ਕਵੀਆਂ ਨੇ ਉਚੇਚੇ ਤੌਰ ਤੇ ਨਮਸਕਾਰਾਤਮਕ ਮੰਗਲ ਕਰਨ ਦੀ ਲੋੜ ਨਹੀਂ ਸਮਝੀ ਸਗੋਂ ਉਹ ਤਾਂ ਰੈਣ ਦਿਨਸ ਇਕ ਰੰਗ ਨਮਸਕਾਰ ਭਾਵਨਾ ਨਾਲ ਜੁੜੇ ਰਹਿੰਦੇ ਸਨ।

ਨਿਰਸੰਦੇਹ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਦੇ ਸਰੂਪ-ਲੱਛਣ, ਉਸਦੇ ਗੁਣ-ਕਰਤੱਵ, ਉਸਦੀ ਅਸੀਮ ਸ਼ਕਤੀ ਤੇ ਉਸਦੀ ਪ੍ਰਾਪਤੀ ਦੇ ਸਾਧਨ ਆਦਿ ਦਾ ਵਰਨਣ ਕੀਤਾ ਗਿਆ ਹੈ ਪਰ ਮੁਖ ਬਲ ਨਾਮ ਉਪਰ ਹੀ। ਆਦਿ ਗ੍ਰੰਥ ਵਿਚ ਸੂਤਰ ਰੂਪ ਕਰਕੇ ਹੋਰ ਦੂਸਰੇ ਧਰਮਾਂ ਨਾਲ ਸਬੰਧਿਤ ਅਨੇਕ ਇਤਿਹਾਸ-ਮਿਥਿਹਾਸ ਆਦਿ ਦੇ ਸੰਕੇਤ ਵੀ ਮਿਲਦੇ ਹਨ। ਉਦਾਹਰਣ ਵਜੋਂ—



CC-0. In Public Domain. Gurukul Kangri Collection, Haridwar

ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ
Digitized by Arya Samaj Foundation Chennai and eGangotri
ਉਨਿ ਭੀ ਭਿਸਤਿ ਘਨੇਰੀ ਪਾਈ ।। ਭੈਰਉ ਕਬੀਰ ੧੧੬੧

ਇਸ ਪੱਖੋਂ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਬਾਕੀ ਦੇ ਧਰਮ ਗ੍ਰੰਥਾਂ ਨਾਲੋਂ ਉਚੇਰਾ ਹੈ। ਇਸੇ ਤਰ੍ਹਾਂ ਅਨੇਕ ਮਿਥਿਹਾਸਕ ਸੰਕੇਤ ਜਿਨ੍ਹਾਂ ਦਾ ਬ੍ਰਹਮ ਸਰੂਪ ਨਾਲ ਸੰਬੰਧ ਹੈ, ਵੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹਨ। ਜਿਹਾ ਕਿ—

ਸ੍ਰੀ ਰੰਗ ਬੈਕੁੰਠ ਕੇ ਵਾਸੀ ਮਛੁ ਕਛੁ ਕੁਰਮੁ ਆਗਿਆ ਅਉਤਰਾਸੀ।
ਕੇਸਵ ਚਲਤ ਕਰਹਿ ਨਿਰਾਲੁ ਕੀਤਾ ਲੋੜਹਿ ਸੋ ਹੋਇਗਾ।।ਮਾਰੂ ਮ:੫,੧੦੮੨

ਪਰ ਇਹ ਧਿਆਨ ਰਹੇ, ਆਦਿ ਸ੍ਰੀ ਗੁਰੂ ਗ੍ਰੰਥ ਵਿਚ ਅਵਤਾਰ ਵਿਸ਼ੇਸ਼ ਦੀ ਪੂਜਾ ਉਪਰ ਬਲ ਨਹੀਂ ਦਿਤਾ ਗਿਆ ਸਗੋਂ ਗੁਰੂਆਂ ਨੇ ਨਾਮ ਉਪਰ ਹੀ ਬਲ ਦਿਤਾ ਹੈ। ਗੁਰੂ ਜਨ ਤਾਂ ਬ੍ਰਹਮ ਦੇ ਅਨੇਕ ਸਰੂਪਾਂ ਦਾ ਬਿਆਨ ਕਰਕੇ ਜਨ ਸਾਧਾਰਣ ਨੂੰ ਬ੍ਰਹਮ ਦੀ ਬੇਅੰਤਤਾ ਤੋਂ ਜਾਣੂ ਕਰਵਾਉਣਾ ਚਾਹੁੰਦੇ ਸੀ। ਸਪਸ਼ਟ ਹੈ, ਆਦਿ ਸ੍ਰੀ ਗੁਰ ਗ੍ਰੰਥ ਬ੍ਰਹਮਕੇਂਦਰਿਤ ਹੋਣ ਕਰ ਕੇ ਵਸਤੂ ਨਿਰਦੇਸ਼ਾਤਮਕ ਮੰਗਲ, ਅਨੇਕ ਇਤਿਹਾਸ-ਮਿਥਿਹਾਸ ਦਾ ਸੂਚਕ ਹੋਣ ਕਰਕੇ ਨਮਸਕਾਰਾਤਮਕ ਸ਼ਬਦ ਤੇ ਕ੍ਰਿਤਘਨਤਾ ਦੋਸ਼ ਦੀ ਨਵਿਰਤੀ ਲਈ ਅਸ਼ੀਰਵਾਦਾਤਮਕ ਸ਼ਬਦਾਂ ਦੇ ਪ੍ਰਯੋਗ ਦਾ ਲਖਾਇਕ ਹੈ।

ਸੰਖੇਪ ਵਿਚ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸ਼ੀਰਵਾਦਾਤਮਕ ਅਤੇ ਨਮਸਕਾਰਾਤਮਕ ਮੰਗਲਾਂ ਦਾ ਅਭਾਵ ਹੈ। ਇਸ ਤੋਂ ਉਲਟ, ਅਸ਼ੀਰਵਾਦਾਤਮਕ-ਕਲਿਆਣਕਾਰੀ ਸ਼ਬਦਾਂ ਤੇ ਨਮਸਕਾਰਾਤਮਕ ਸ਼ਬਦਾਂ ਦਾ ਪ੍ਰਯੋਗ ਵਿਆਪਕ ਹੈ। ਪਰੰਪਰਿਕ ਮੰਗਲ ਭੇਦਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਵਸਤੂ ਨਿਰਦੇਸ਼ਾ-ਤਮਕ ਮੰਗਲ ਤੇ ਉਸਦੇ ਉਪਭੇਦਾਂ ਦਾ ਪ੍ਰਯੋਗ ਕੀਤਾ ਗਿਆ ਹੈ—

## ਅਨੁਬੰਧ

ਅਨੁ ਦਾ ਅਰਥ ਹੈ ਪਿੱਛੇ, ਬੰਧ ਦਾ ਅਰਥ ਹੈ, ਜੋੜਨਾ ਜਾਂ ਬੰਨ੍ਹਣਾ ਅਥਵਾ ਮੰਗਲ ਤੋਂ ਪਿਛੋਂ ਜਿਸ ਦਾ ਸੰਜੋਗ ਹੋਵੇ ਉਸ ਨੂੰ ਅਨੁਬੰਧ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਮੰਗਲ ਤੋਂ ਬਾਅਦ ਵਸਤੂ ਵਿਸ਼ੇਸ਼ ਨੂੰ ਅਨੁਸ਼ਾਸਨ ਬੱਧ ਕੀਤਾ ਜਾਵੇ ਜਾਂ ਵਿਸ਼ੇਸ਼ ਕ੍ਰਮ ਵਿਚ ਬੰਨ੍ਹ ਕੇ ਪੇਸ਼ ਕੀਤਾ ਜਾਵੇ। ਅਨੁਬੰਧ ਦਾ ਅਸਲੀ ਕਤਰਵ ਹੈ ੧. ਅਧਿਕਾਰੀ ੨. ਵਿਸ਼ਾ ੩. ਪ੍ਰਯੋਜਨ ਦਾ ਸੰਤੁਲਿਤ ਸੰਬੰਧ ਸਥਾਪਿਤ ਕਰਨਾ। ਅਨੁਬੰਧ ਦੀ ਸਫਲਤਾ ਇਨ੍ਹਾਂ ਤਿੰਨਾਂ ਦੀ ਇਕਸੁਰਤਾ ਪੈਦਾ ਕਰਨ ਵਿਚ ਹੈ। ਗ੍ਰੰਥ ਦੇ ਪਠਨ-ਪਾਠਨ ਦਾ ਅਧਿਕਾਰੀ ਕੌਣ ਹੋਵੇਗਾ ? ਨੂੰ ਧਿਆਨ ਵਿਚ ਰੱਖਣਾ ਗ੍ਰੰਥਕਾਰ ਲਈ ਲਾਜ਼ਮੀ ਸੀ। ਗੁਰੂ ਗ੍ਰੰਥ ਸਾਹਿਬ ਸਰੋਤਾ ਮੁਖ ਹੋਣ ਕਰਕੇ ਹੀ ਜਨ ਸਾਧਾਰਣ ਨੂੰ ਰੁਚਿਤ ਕਰਦਾ ਹੈ ਪਰ ਇਸ ਦੇ ਨਾਲ ਹੀ ਇਸ ਦੇ ਅਸਲੀ ਅਧਿਕਾਰੀ ਕੌਣ ਹਨ ? ਦੇ ਗੁਣਾਂ ਦਾ ਨਿਰੂਪਣ ਵੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ—

੧. ਗੁਹਜ ਰਤਨ ਵਿਚਿ ਲੁਕ ਰਹੇ
ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ।। ੩੦੯/ਆਦਿ ਗ੍ਰੰਥ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨. ਗੁਰੁ ਸਾਗਰੁ ਰਤਨਾਂ ਭਰਪੂਰੇ
ਅੰਮ੍ਰਿਤੁ 'ਸੰਤ' ਚੁਗਹਿ ਨਹੀਂ ਦੂਰੇ ॥ ੬੮੫/ਆਦਿ ਗ੍ਰੰਥ

੩. ਗੁਰ ਸਤਿਗੁਰ ਕਾ ਜੋ 'ਸਿਖ' ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ । ੩੦੫/ਆਦਿ ਗ੍ਰੰਥ

ਹੁਣ ਵਾਰੀ ਆਉਂਦੀ ਹੈ 'ਵਿਸ਼ੇ' ਦੀ । ਗ੍ਰੰਥ ਵਿਸ਼ੇਸ਼ ਜਿਸ ਸਿਧਾਂਤ ਕਰਕੇ ਜਾਣਿਆ ਜਾਂਦਾ ਹੈ, ਉਹੀ ਉਸਦਾ ਵਿਸ਼ਾ ਹੁੰਦਾ ਹੈ । ਗੁਰੂ ਗ੍ਰੰਥ ਸਾਹਿਬ ਵਿਚ ਇਹ ਸੰਕੇਤ ਕਿਧਰੇ ਵੀ ਨਹੀਂ ਕੀਤਾ ਗਿਆ ਕਿ ਇਹ ਬਾਣੀ ਵਿਸ਼ੇਸ਼, ਰਾਗ ਵਿਸ਼ੇਸ਼, ਮਹਲਾ ਵਿਸ਼ੇਸ਼, ਇਸ ਸਿਧਾਂਤ-ਵਿਸ਼ੇਸ਼ ਦਾ ਨਿਰੂਪਣ ਕਰੇਗਾ । ਪਾਠੀ ਜਨ ਪਾਠ ਕਰਨ ਉਪਰੰਤ ਹੀ ਇਸ ਸਿੱਟੇ ਉੱਤੇ ਪੁੱਜਦੇ ਹਨ ਕਿ ਸ੍ਰੀ ਆਦਿ ਗ੍ਰੰਥ ਦਾ ਵਿਸ਼ਾ—ਬ੍ਰਹਮ, ਗੁਰੂ, ਨਾਮ-ਮਹਿਮਾ, ਬ੍ਰਹਮ-ਪ੍ਰਾਪਤੀ ਦੀ ਲੋਚਾ, ਉਸ ਦੀ ਪ੍ਰਾਪਤੀ ਦੇ ਸਾਧਨ ਅਥਵਾ ਜਗਤ-ਰਚਨਾ ਆਦਿ ਹੈ । ਪਰ ਇਨ੍ਹਾਂ ਸਾਰਿਆਂ ਵਿਸ਼ਿਆਂ ਦੀ ਸਹੀ ਸੂਝ ਬੂਝ ਪ੍ਰਾਪਤ ਕਰਨ ਦਾ ਰਾਜ਼ ਨਾਮ ਹੀ ਹੈ । ਇਹੀ ਕਾਰਣ ਹੈ, ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਭਾਵੇਂ ਰਾਜਾ ਸ਼੍ਰੇਣੀ ਦੇ ਅਤਿਆਚਾਰ ਦੀ ਗੱਲ ਕਰ ਰਹੇ ਹੋਣ ਤੇ ਭਾਵੇਂ ਬਾਹਰੀ ਕਰਮ—ਅਡੰਬਰ ਦਾ ਨਿਖੇਧ ਜਾਂ ਮਨੁਖ ਵਿਚ ਵਰਤ ਰਹੇ ਵਿਸ਼ੇ ਵਿਕਾਰਾਂ ਦੀ, ਅਖੀਰ ਉਨ੍ਹਾਂ ਦਾ ਬਲ ਨਾਮ ਉਪਰ ਹੀ ਹੁੰਦਾ ਹੈ । ਵਿਸ਼ੇ ਦੀ ਬਾਰੰਬਾਰ ਦ੍ਰਿੜ੍ਹਤਾ ਕਰਾਉਣ ਦਾ ਰਾਜ਼ ਵੀ ਅਧਿਕਾਰੀ ਨੂੰ ਹੋਰ ਵਧੇਰੇ ਪਕਿਆਂ ਕਰਨਾ ਭਾਸਦਾ ਹੈ ।

ਅਧਿਕਾਰੀ ਦਾ ਵਿਸ਼ੇ ਨਾਲ ਇਕਸੁਰ ਹੋਣ ਦਾ ਪ੍ਰਯੋਜਨ ਕੀ ਹੈ ? ਵਿਚਾਰਨਾ ਅਜੇ ਬਾਕੀ ਹੈ । ਗ੍ਰੰਥਕਾਰ ਨੇ ਦੋ ਪ੍ਰਕਾਰ ਦੇ ਪ੍ਰਯੋਜਨਾਂ ਦੀ ਕਲਪਨਾ ਕੀਤੀ ਹੈ । 'ਮੁਖ ਅਤੇ ਆਵਾਂਤਰ ਪ੍ਰਯੋਜਨ' ਅਧਿਕਾਰੀ ਦਾ ਮੁਖ ਪ੍ਰਯੋਜਨ ਅਕਾਲ ਪੁਰਖ ਅਭੇਦਤਾ ਤੇ ਪਰਮਾਨੰਦ ਦੀ ਪ੍ਰਾਪਤੀ ਹੀ ਹੈ ਪਰ ਮੁਖ ਪ੍ਰਯੋਜਨ ਦੀ ਪ੍ਰਾਪਤੀ ਦੇ ਨਾਲ ਨਾਲ ਹੀ ਹੋਰ ਅਨੇਕ ਕਾਰਜਾਂ ਦਾ ਸਿੱਧ ਹੋ ਜਾਣਾ ਆਵਾਂਤਰ ਪ੍ਰਯੋਜਨ ਕਹਿਲਾਉਂਦਾ ਹੈ ਜੇਹਾ ਕਿ—

੧. ਚਾਰਿ ਪਦਾਰਥ ਜੇ ਕੋ ਮਾਗੈ ਸਾਧ ਜਨਾਂ ਕੀ ਸੇਵਾ ਲਾਗੈ ।
ਜੇ ਕੋ ਆਪੁਨਾ ਦੂਖੁ ਮਿਟਾਵੈ ਹਰਿ ਹਰਿਨਾਮੁ ਰਿਦੈ ਸਦ ਗਾਵੈ ॥
੨੬੬/ਆਦਿ ਗ੍ਰੰਥ

੨. ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ ਸਾਧ ਸੰਗਤ ਮੋਹਿ ਪਾਈ । ਰਹਾਉ
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
੧੨੯੯/ਆਦਿ ਗ੍ਰੰਥ

ਸ੍ਰੀ ਗੁਰੂ ਸਾਹਿਬ ਵਿਚ ਆਵਾਂਤਰ ਪ੍ਰਯੋਜਨ ਦਾ ਸੰਬੰਧ ਮੁਖ ਪ੍ਰਯੋਜਨ ਨਾਲ ਸਹਿਵਨ ਹੀ ਜੁੜ ਜਾਂਦਾ ਹੈ । ਅਜਿਹੇ ਉਦਾਹਰਣ ਗੁਰੂ ਗ੍ਰੰਥ ਸਾਹਿਬ ਵਿਚ ਆਮ ਪਾਏ ਜਾਂਦੇ ਹਨ । ਕੁਲ ਮਿਲਾ ਕੇ, ਪਾਠਕ, ਪਾਠ ਅਤੇ ਪ੍ਰਯੋਜਨ ਤਿੰਨਾਂ ਦੀ ਇਕਸੁਰਤਾ ਹੀ ਸੰਬੰਧ ਦੀ ਮੂਲ ਸ਼ਰਤ ਹੈ । ਬਾਣੀ ਵਿਚ ਇਨ੍ਹਾਂ ਤਿੰਨਾਂ ਦੀ ਇਕਸੁਰਤਾ ਦੇ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਸਗੋਂ ਤਿੰਨਾਂ ਦੀ ਇਕਰਸਤਾ ਦਾ ਦਿਦਾਰ ਵੀ ਬੜਾ ਉਜਲਾ ਹੈ ।

ਹੁਣ ਹਲਕੀ ਜੇਹੀ ਵਿਚਾਰ ਅਨੁਬੰਧ ਦੇ ਚੌਥੇ ਲੱਛਣ ਸੰਬੰਧ ਉਪਰ ਕਰਨੀ ਵੀ ਉਚਿਤ ਹੈ । ਗ੍ਰੰਥ-ਲੇਖਨ-ਵਿਧੀ ਉਪਰ ਵਿਚਾਰ ਕਰਦਿਆਂ ਹੱਇਆਂ ਆਚਾਰੀਆ ਨੇ ਤਿੰਨ ਤਰ੍ਹਾਂ ਦੇ ਸੰਬੰਧਾਂ ਦੀ ਕਲਪਨਾ ਕੀਤੀ ਹੈ—

1. ਗ੍ਰੰਥ ਅਤੇ ਵਿਸ਼ੇ ਦਾ ਪ੍ਰਤੀਪਾਦਯ-ਪ੍ਰਤੀਪਾਦਕ (ਕਥਨ ਕਰਨ ਜੋਗ ਵਸਤੂ ਤੇ ਕਥਨ ਕਰਨ ਵਾਲਾ) ਭਾਵ-ਸੰਬੰਧ ਹੋਣਾ ਲਾਜ਼ਮੀ ਹੈ ।
2. ਗਰੰਥ ਅਤੇ ਪ੍ਰਯੋਜਨ ਦਾ ਪ੍ਰਾਪਯ-ਪ੍ਰਾਪਕ (ਪ੍ਰਾਪਤ ਜੋਗ ਵਸਤੂ ਤੇ ਪ੍ਰਾਪਤ ਕਰਨ ਵਾਲਾ (ਭਾਵ-ਸੰਬੰਧ ਹੋਣਾ ਚਾਹੀਦਾ ਹੈ । ਦੂਸਰੇ ਸ਼ਬਦਾਂ ਵਿਚ ਫਲ ਅਤੇ ਪ੍ਰਾਪਤ ਕਰਤਾ ਦੀ ਇਕਸੁਰਤਾ ਦਾ ਹੋਣਾ ਲਾਜ਼ਮੀ ਹੈ ।
3. ਅਧਿਕਾਰੀ ਅਤੇ ਵਿਚਾਰ ਦਾ ਕਰਤਰੀ (ਕਰਨ ਵਾਲਾ) ਕਰਤੱਵ ਭਾਵ ਸੰਬੰਧ ਦਾ ਹੋਣਾ ਜ਼ਰੂਰੀ ਹੈ । ਕੁਲ ਮਿਲਾ ਕੇ, ਪਾਠੀ, ਪਾਠ-ਵਸਤੂ ਅਤੇ ਪਾਠ ਕਰਨ ਦੇ ਉਦੇਸ਼ ਦੀ ਸੰਤੁਲਿਤ ਸੰਗਤੀ ਹੋਣੀ ਚਾਹੀਦੀ ਹੈ । ਨਹੀਂ ਤਾਂ ਗਰੰਥ ਦੀ ਅਨੁਬੰਧਤਾ ਵਿਚ ਇਕਸੁਰਤਾ ਨਹੀਂ ਰਹਿੰਦੀ । ਇਸ ਪੱਖੋਂ ਗੁਰੂ ਗਰੰਥ ਸਾਹਿਬ ਖਾਸਾ ਅਮੀਰ ਹੈ । ਉਪਰੋਕਤ ਤਿੰਨਾਂ ਦੀ ਸੰਜੁਗਤੀ ਦਾ ਦੀਦਾਰ ਆਦਿ ਗਰੰਥ ਵਿਚ ਵਿਆਪਕ ਹੈ ਤੇ ਲਗਭਗ ਹਰ ਸ਼ਬਦ ਵਿਚ ਵਿਦਮਾਨ ਹੁੰਦਾ ਹੈ ।

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪ ਵੇਚਾਈ ।
ਦਰਸਨੁ ਹਰਿ ਦੇਖਣ ਕੈ ਤਾਈ
ਕ੍ਰਿਪਾ ਕਰਹਿ ਤ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ ॥ ੭੫੭/ਆਦਿ ਗ੍ਰੰਥ

ਇਨ੍ਹਾਂ ਪੰਕਤੀਆਂ ਵਿਚੋਂ ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ'. ਪ੍ਰਤੀ-ਪਾਦਯ ਪ੍ਰਤੀਪਾਦਕ ਭਾਵ-ਸੰਬੰਧ, 'ਹਉ ਤਿਸ ਪਹਿ ਆਪ ਵੇਚਾਈ' ਕਰਤਰੀ-ਕਰਤੱਵ ਭਾਵ-ਸੰਬੰਧ, ਦਰਸ਼ਨ ਹਰ ਦੇਖਣ ਕੇ ਤਾਈਂ ਪ੍ਰਾਪਯ-ਪ੍ਰਾਪਕ ਅਤੇ ਕਿਰਪਾ ਕਰਹਿ ਤਾਂ ਸਤਿਗੁਰ ਮੇਲੇ ਹਰਿ ਹਰਨਾਮ ਧਿਆਈ, ਫਿਰ ਕਰਤਰੀ-ਕਰਤਵ ਭਾਵ-ਸੰਬੰਧ ਵਲ ਸੰਕੇਤ ਕਰਦੀਆਂ ਹਨ ।

## ਲਿੰਗ (ਖਟ ਗ੍ਰੰਥ ਦੇ)

ਲਿੰਗ ਦਾ ਅਰਥ ਹੈ ਚਿੰਨ੍ਹ, ਕਿਸੇ ਵਸਤੂ ਜਾਂ ਪਦਾਰਥ ਦੀ ਪਛਾਣ[2] । ਵਿਦਵਾਨਾਂ ਨੇ ਪ੍ਰਤਿਸ਼ਠਿਤ ਗ੍ਰੰਥਾਂ ਦੇ ਛੇ ਲੱਛਣ ਨੀਅਤ ਕੀਤੇ ਹਨ । ਇਹ ਛੇ ਲੱਛਣ ਆਦਿ ਸ੍ਰੀ ਗੁਰੂ ਗ੍ਰੰਥ ਦਾ ਪਾਠ ਕਰਨ ਦੇ ਦੌਰਾਨ ਹੀ ਲੱਭੇ ਜਾ ਸਕਦੇ । ਇਨ੍ਹਾਂ ਨੇਮਾਂ ਦਾ ਵਿਧੀ ਪੂਰਬਕ ਪਹਿਲਾਂ ਅੰਕਿਤ ਕੀਤਾ ਜਾਣਾ ਤੇ ਫਿਰ ਇਨ੍ਹਾਂ ਦਾ ਵਿਧੀ ਪੂਰਬਕ ਪ੍ਰਯੋਗ ਕਰਨਾ ਕਿਸੇ ਵੀ ਧਰਮ ਗ੍ਰੰਥ ਵਿਚ ਸੰਭਵ ਨਹੀਂ । ਦੂਸਰੇ ਸ਼ਬਦਾਂ ਵਿਚ ਇਹ ਨੇਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰੰਥ ਵਿਚ ਵਿਦਮਾਨ ਤਾਂ ਹੁੰਦੇ ਹੀ ਹਨ ਪਰ ਲੁਪਤ ਰੂਪ ਵਿਚ । ਖੋਜੀ ਜਨ ਪੜ੍ਹਨ ਉਪਰੰਤ ਇਨ੍ਹਾਂ ਗੁਣ-ਲੱਛਣਾਂ ਅਨੁਸਾਰ ਗਰੰਥ ਦੀ ਨਿਰਖ-ਪਰਖ ਕਰਦੇ ਹਨ । ਇਹ ਨੇਮ ਹਨ ।[3]

(ੳ) ਉਪਕ੍ਰਮ-ਉਪਸੰਹਾਰ
(ਅ) ਅਭਿਆਸ
(ੲ) ਅਪੂਰਵਤਾ
(ਸ) ਸਿਧਾਂਤ
(ਕ) ਉਪਪਤਿ

## ਉਪਕ੍ਰਮ-ਉਪਸੰਹਾਰ—

ਗ੍ਰੰਥ ਦਾ ਆਰੰਭ ਜਿਸ ਅੱਖਰ ਅਤੇ ਸਿਧਾਂਤ ਨਾਲ ਹੋਵੇ ਉਸਦੀ ਸਮਾਪਤੀ ਵੀ ਉਸੇ ਨਾਲ ਹੀ ਕੀਤੀ ਜਾਵੇ, ਤਾਂ ਉਪਕ੍ਰਮ-ਉਪਸੰਹਾਰ, ਨਿਯਮ ਦਾ ਸਫਲ ਨਿਰਬਾਹ ਮੰਨਿਆ ਜਾਂਦਾ ਹੈ । ਸ੍ਰੀ ਆਦਿ ਗ੍ਰੰਥ ਅੱਖਰ ਅਤੇ ਸਿਧਾਂਤ ਦੋਹਾਂ ਪੱਖਾਂ ਤੋਂ ਇਸ ਉਪਰ ਪੂਰਾ ਉਤਰਦਾ ਹੈ । ਆਦਿ ਸ੍ਰੀ ਗੁਰੂ ਗ੍ਰੰਥ ਦਾ ਆਰੰਭ ੧ ੳ ਦੇ ਸਿਧਾਂਤ ਨਾਲ ਹੁੰਦਾ ਹੈ ਤੇ ਇਸ ਦੀ ਸਮਾਪਤੀ ਸਭ ਨਾਨਕ ਬ੍ਰਹਮ ਪਸਾਰੇਂ ਤੇ ਸਿਧਾਂਤ ਉਪਰ ਹੁੰਦੀ ਹੈ । ਦੂਸਰੇ ਸ਼ਬਦਾਂ ਵਿਚ ੧ ੳ ਅਤੇ ਸਭ ਨਾਨਕ ਬ੍ਰਹਮ ਪਸਾਰੇਂ ਦੋਵੇਂ ਇਕ ਹੀ ਸਿਧਾਂਤ ਦੀ ਪ੍ਰੋੜਤਾ ਕਰਦੇ ਹਨ । ਜੇ ਅੱਖਰ ਹਿਸਾਬ ਨਾਲ ਵੇਖਿਆ ਜਾਏ ਤਾਂ ਸ੍ਰੀ ਆਦਿ ਗਰੰਥ ਦਾ ਆਰੰਭ ਸਤਿਨਾਮ ਅਥਵਾ 'ਸ' ਅੱਖਰ ਨਾਲ ਹੁੰਦਾ ਹੈ ਤੇ ਇਸਦੀ ਸਮਾਪਤੀ ਰਾਗਮਾਲਾ ਦੀ ਅਖੀਰਲੀ ਪੰਕਤੀ ਅਠਾਰਾ ਦਸ ਬੀਸ ਅਥਵਾ 'ਸ' ਅੱਖਰ ਉਪਰ ਹੀ ਹੁੰਦੀ ਹੈ । ਇਥੇ ਇਹ ਧਿਆਨ ਰਹੇ ੧ ੳ ਗੁਰੂ ਗਰੰਥ ਸਾਹਿਬ ਦਾ ਮੂਲ ਮੰਗਲ ਵੀ ਹੈ ਤੇ ਸਿਧਾਂਤ ਵੀ । ਇਸ ਦੀ ਸਵਿਸਤਾਰ ਚਰਚਾ ਮੰਗਲ ਸਿਰਲੇਖ ਹੇਠ ਕੀਤੀ ਜਾਵੇਗੀ ।

ਅਭਿਆਸ ਬਾਰੰਬਾਰ ਭਾਵ—ਵਿਚਾਰ ਦੇ ਦੁਹਰਾਉ ਨੂੰ ਅਭਿਆਸ ਕਹਿੰਦੇ ਹਨ । ਦੂਸਰੇ ਸ਼ਬਦਾਂ ਵਿਚ ਗਰੰਥ ਵਿਚ ਵਿਸੇ ਦਾ ਬਾਰੰਬਾਰ ਦੁਹਰਾਉ ਹੋਵੇ । ਸ੍ਰੀ ਆਦਿ ਗਰੰਥ ਦਾ ਇਹ ਪੱਖ ਬਹੁਤ ਹੀ ਬਲਵਾਨ ਹੈ । ਜਰਮਨੀ ਵਿਦਵਾਨ ਟਰੰਪ ਨੇ ਤਾਂ ਆਦਿ ਗਰੰਥ ਦਾ ਅਨੁਵਾਦ ਅੱਧ ਵਿਚਕਾਰ ਇਸ ਲਈ ਛੱਡ ਦਿਤਾ ਸੀ ਕਿ ਇਸ ਵਿਚ ਦੁਹਰਾਉ ਬਹੁਤ ਹੈ । ਪਰ ਧਾਰਮਿਕ ਦ੍ਰਿਸ਼ਟੀ ਤੋਂ ਵਿਸ਼ੇ ਦਾ ਦੁਹਰਾਉ ਵਿਸ਼ੇ ਨੂੰ ਜ਼ਿਹਨ ਨਸ਼ੀਨ ਕਰ ਦੇਂਦਾ ਹੈ । ਗੁਰੂ ਨਾਨਕ ਚਿੰਤਨ ਦਾ ਹੀ ਬਾਕੀ ਦੇ ਆਉਣ ਵਾਲੇ ਗੁਰੂਆਂ ਨੇ ਆਪਣੀ ਬਾਣੀ ਵਿਚ ਦੁਹਰਾਉ ਕੀਤਾ ਹੈ । ਇਸ ਕਥਨ ਨੂੰ ਕਿਸੇ ਪ੍ਰਮਾਣ-ਪੁਸ਼ਟੀ ਦੀ ਲੋੜ ਨਹੀਂ ।

ਅਪੂਰਵਤਾ—ਜੋ ਪਹਿਲਾਂ ਨਾ ਹੋਇਆ ਹੋਵੇ ਅਥਵਾ ਅਦੁਤੀ ਅਨੋਖਾ ਆਦਿ । ਗਰੰਥ ਦੀ ਸੁਰੁਚੀ ਦਾ ਕਾਰਣ ਉਸਦੀ ਵਿਲੱਖਣ ਸ਼ੈਲੀ ਹੀ ਹੈ । ਕਵੀ ਦੇ ਸ਼ਬਦਾਂ ਵਿਚ ਵੰਨ-ਸੁਵੰਨਤਾ ਹੋਣੀ ਚਾਹੀਦੀ ਹੈ । ਸ੍ਰੀ ਆਦਿ ਗਰੰਥ ਦੀ ਸ਼ੈਲੀ ਇਸ ਪੱਖੋਂ ਸਰਬ ਸੰਪੂਰਣ ਹੈ । ਆਦਿ ਸ੍ਰੀ ਗੁਰੂ ਗਰੰਥ ਦਾ ਰਾਗ-ਪ੍ਰਬੰਧ ਤੁਕ-ਪ੍ਰਬੰਧ, ਘਰ-ਪ੍ਰਬੰਧ, ਅੰਕ-ਪ੍ਰਬੰਧ, ਛੰਦ-ਪ੍ਰਬੰਧ ਆਦਿ ਇਸ ਤੱਥ ਦੀ ਪ੍ਰੋੜਤਾ ਤਾਂ ਕਰਦੇ ਹੀ ਹਨ ਪਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈਰਤ ਹੁੰਦੀ ਹੈ ਜਦੋਂ ਇਕ ਹੀ ਭਾਵ ਦੀ ਪੇਸ਼ਕਾਰੀ ਗੁਰੂ ਜਨ ਆਪ ਆਪਣੇ ਅਨੂਠੇ ਅੰਦਾਜ਼ ਵਿਚ ਕਰਦੇ ਹਨ। ਉਦਾਹਰਣ ਵਜੋਂ—

(ੳ) ਜੈਸੀ ਮੈਂ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ ॥ (ਗੁਰੂ ਨਾਨਕ)

(ਅ) ਹਉ ਆਪਹੁ ਬੋਲ ਨਾ ਜਾਣਦਾ
ਮੈ ਕਹਿਆ ਸਭ ਹੁਕਮਾਉ ਜੀਉ ॥ (ਗੁਰੂ ਰਾਮਦਾਸ)

ੲ. ਧੁਰ ਕੀ ਬਾਣੀ ਆਈ
ਤਿਨ ਸਗਲੀ ਚਿੰਤ ਮਿਟਾਈ ॥ (ਗੁਰੂ ਅਰਜਨ ਦੇਵ)

ਉਪ੍ਰੋਕਤ ਤਿੰਨੇ ਤੁਕਾਂ ਇਕੋ ਭਾਵ ਦੀ ਪੇਸ਼ਕਾਰੀ ਅਪੂਰਬ ਢੰਗ ਨਾਲ ਕਰਦੀਆਂ ਹਨ। ਆਦਿ ਸ੍ਰੀ ਗੁਰੂ ਗ੍ਰੰਥ ਵਿਚ ਵਿਸ਼ੇ ਦੇ ਬਾਰੰਬਾਰ ਦੁਹਰਾਉ ਹੋਣ ਦੇ ਬਾਵਜੂਦ ਵੀ ਜੇ ਦਿਲਚਸਪੀ ਬਣੀ ਰਹਿੰਦੀ ਹੈ, ਤਾਂ ਉਸਦਾ ਕਾਰਣ ਬਾਣੀਕਾਰਾਂ ਦਾ ਵਿਲੱਖਣ ਅੰਦਾਜ਼ ਹੀ ਹੈ।

**ਸਿਧਾਂਤ** : (ਉਸ ਤੋਂ ਪ੍ਰਾਪਤ ਹੋਣ ਵਾਲਾ ਫਲ)

ਗ੍ਰੰਥ ਵਿਚਲੇ ਵਿਸ਼ੇ ਦੀ ਪੇਸ਼ਕਾਰੀ ਅਜੇਹੀ ਜੁਗਤੀ ਨਾਲ ਹੋਣੀ ਚਾਹੀਦੀ ਹੈ ਕਿ ਪਾਠਕ ਉਸ ਵਿਚਲੇ ਸਿਧਾਂਤ ਨੂੰ ਸਹਿਜੇ ਹੀ ਆਪਣੀ ਪਕੜ ਵਿਚ ਲੈ ਸਕੇ ਤੇ ਇਸ ਦੇ ਨਾਲ ਹੀ ਗ੍ਰੰਥ ਵਿਚਲੇ ਸਿਧਾਂਤ ਨੂੰ ਮੰਨਣ ਕਰਕੇ ਪਾਠੀ ਨੂੰ ਕੀ ਫਲ ਪ੍ਰਾਪਤ ਹੋਵੇਗਾ, ਦਾ ਸਪਸ਼ਟ ਸੰਕੇਤ ਵੀ ਗ੍ਰੰਥ ਵਿਚ ਵਿਦਮਾਨ ਹੋਵੇ। ਸ੍ਰੀ ਆਦਿ ਗ੍ਰੰਥ ਦਾ ਮੁਖ ਸਿਧਾਂਤ 'ਨਾਮ' ਹੈ ਤਾਂ ਸਿਧਾਂਤ ਰੂਪ ਹੀ, ਪਰ ਇਸ ਦਾ ਅਮਲੀ ਪੱਖ ਇਕ ਬਲਵਾਨ ਆਕਰਸ਼ਣ ਦਾ ਧਾਰਣੀ ਹੈ। ਨਾਮ ਜਪਣ ਨਾਲ ਮਨੁੱਖ ਨੂੰ ਲੋਕ-ਪ੍ਰਲੋਕ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਸੰਖੇਪ ਵਿਚ, ਨਾਮ ਲੋਕ-ਪ੍ਰਲੋਕ ਦੋਹਾਂ ਵਿਚਾਲੇ ਇਕ ਪੁਲ ਦਾ ਕੰਮ ਕਰਦਾ ਹੈ। ਇਹ 'ਲੋਕ ਸੁਖੀ ਪ੍ਰਲੋਕ ਸੁਹੇਲੇ' ਦੇ ਸਿਧਾਂਤ ਨੂੰ ਦ੍ਰਿੜ ਕਰਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਅਜਿਹੇ ਤੁਕਾਂਗਾਂ ਨਾਲ ਭਰਪੂਰ ਹੈ :

ੳ. ਗੁਰ ਕੇ ਬਚਨੁ ਜੀਅ ਕਾ ਨਿਸਤਾਰਾ
ਸਮੁੰਦ ਸਾਗਰ ਜਿਨ ਖਿਨ ਮਹਿ ਤਾਰਾ ॥ ੧੭੭/ਆਦਿ ਗ੍ਰੰਥ

ਅ. ਜਪਿ ਮਨ ਸਤਿਨਾਮੁ ਸਦਾ ਸਤਿਨਾਮੁ
ਹਲਤਿ ਪਲਤਿ ਮੁਖ ਉਜਲ ਹੋਈਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ।ਰਹਾਉ।
ਜਹਿ ਹਰਿ ਸਿਮਰਨੁ ਭਇਆ
ਤਹਿ ਉਪਾਧਿ ਗਤਿ ਕੀਨੀ ਵਡਭਾਗੀ ਹਰਿ ਜਪਨਾ ॥ ੬੭੦/ਆਦਿ ਗ੍ਰੰਥ

ਸਪਸ਼ਟ ਹੈ, ਸ੍ਰੀ ਆਦਿ ਗ੍ਰੰਥ ਵਿਚਲੇ ਵਿਸ਼ੇ ਦਾ ਨਿਰੂਪਣ ਵੀ ਸਰਲ ਸਹਿਜ ਢੰਗ ਨਾਲ ਹੋਇਆ ਹੈ ਤੇ ਉਸ ਨੂੰ ਆਰਾਧਣ ਉਪਰੰਤ ਅਨੇਕ ਸੁਖਾਂ ਦੀ ਪ੍ਰਾਪਤੀ ਦਾ ਪ੍ਰਲੋਭਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਤੋਂ ਵੀ ਕਿਤੇ ਵਧੀਕ ਵਿਆਪਕ ਹੈ। ਸਿਧਾਂਤ ਅਤੇ ਫਲ-ਪ੍ਰਾਪਤੀ ਦੇ ਪੱਖੋਂ ਸ੍ਰੀ ਆਦਿ ਗ੍ਰੰਥ ਅਤਿ ਦਰਜੇ ਦਾ ਸਫ਼ਲ ਗ੍ਰੰਥ ਹੈ।

**ਅਰਥਵਾਦ** : ਇਸ ਤੋਂ ਭਾਵ ਹੈ ਕਿਸੇ ਉਦੇਸ਼ ਨੂੰ ਪ੍ਰਗਟ ਕਰਨਾ ਜਾਂ ਉਪਦੇਸ਼ਾਦਿ ਦੀ ਵਿਆਖਿਆ ਕਰਨਾ। ਨਿਰਸੰਦੇਹ,ਅਰਥ ਹੀ ਸ਼ਬਦ ਦੀ ਉਤਕ੍ਰਿਸਟਤਾ ਨੂੰ ਨਿਰਧਾਰਤ ਕਰਦੇ ਹਨ। ਕਵੀ ਜਨ ਗ੍ਰੰਥ ਵਿਚ ਡੂੰਘਿਆਈ ਲਿਆਉਣ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਜੋ ਇਕ ਤੋਂ ਵਧੀਕ ਅਰਥ ਰੱਖਦਾ ਹੋਵੇ। ਅਜੇਹਾ ਕਰਨ ਨਾਲ ਸ੍ਰਿਜਨ ਕਰਮ ਵਿਚ ਗਹਿਰ ਈ ਆਉਂਦੀ ਹੈ। ਇਸੇ ਨੂੰ ਕਾਵਿ-ਆਚਾਰੀਆਂ ਨੇ ਸ਼ਬਦ-ਸ਼ਕਤੀ ਦਾ ਨਾਮ ਦਿੱਤਾ ਹੈ। ਆਦਿ ਗ੍ਰੰਥ ਸ਼ਬਦ-ਸ਼ਕਤੀ ਦੇ ਪ੍ਰਯੋਗ ਵਲੋਂ ਖਾਸਾ ਅਮੀਰ ਹੈ। ਆਦਿ ਸ੍ਰੀ ਗੁਰੂ ਗ੍ਰੰਥ ਦੇ ਟੀਕਾਕਾਰ ਨੇ ਇਸ ਦੇ ਅਰਥ ਕਰਦੇ ਸਮੇਂ ਇਸਦੇ ਅਨੇਕ ਅਰਥ ਕੀਤੇ ਹਨ। ਮਿਸਾਲ ਵਜੋਂ, ਗਰਬ ਗੰਜਨੀ ਦਾ ਨਾਮ ਲਿਆ ਜਾ ਸਕਦਾ ਹੈ। ਇਹ ਧਿਆਨ ਰਹੇ, ਇਹ ਚਮਤਕਾਰ ਅਰਥਕਾਰ ਜਾਂ ਟੀਕਾਕਾਰ ਦਾ ਹੈ ਨਾਂ ਕਿ ਬਾਣੀਕਾਰ ਦਾ, ਅਸਲ ਵਿਚ ਸ਼ਬਦ ਦੀਆਂ ਕਈ ਪਰਤਾਂ (layers) ਹੁੰਦੀਆਂ ਹਨ ਤੇ ਇਸੇ ਤਰ੍ਹਾਂ ਅਰਥਾਂ ਦੀਆਂ ਵੀ। ਬਾਣੀਕਾਰ ਕਾਵਿ ਦੇ ਬਾਹਰੀ ਚਮਤਕਾਰ ਵਿਚ ਵਿਸ਼ਵਾਸ ਨਹੀਂ ਸੀ ਰੱਖਦੇ। ਪਰ ਚੂੰਕਿ ਬਾਣੀ ਦਾ ਅਨੁਸ਼ਾਸਨ ਹੈ ਤਾਂ ਕਾਵਿਕ ਹੀ ਇਸ ਲਈ ਬਾਣੀ ਵਿਚ ਕਾਵਿ ਦੇ ਕਈ ਹੋਰ ਅਜਿਹੇ ਗੁਣਾਂ ਦਾ ਆ ਜਾਣਾ ਸੁਭਾਵਕ ਹੀ ਹੈ। ਇਸ ਤੱਥ ਦਾ ਸਪਸ਼ਟੀਕਰਨ ਤਾਂ ਸਰਬ-ਸ਼ਕਤੀਆਂ ਦੇ ਉਦਾਹਰਣਾ ਨਾਲ ਹੀ ਹੋ ਸਕਦਾ ਹੈ ਜੋ ਇਥੇ ਸੰਭਵ ਨਹੀਂ। ਇਥੇ ਇਕ ਹੋਰ ਨੁਕਤਾ ਵੀ ਧਿਆਨਯੋਗ ਹੈ। ਬਾਣੀਕਾਰ ਕਈ ਵਾਰ ਅਰਥ ਵਿਚ ਗਹਿਰਾਈ ਭਰਨ ਲਈ ਪਰਿਮਾਣ-ਪੁਸ਼ਟੀ ਜਨਕ ਸ਼ਬਦਾਂ ਦਾ ਪ੍ਰਯੋਗ ਵੀ ਕਰਦੇ ਸੀ। ਇਸ ਨਾਲ ਇਕ ਤਾਂ ਕਿਹਾ ਜਾ ਰਿਹਾ ਤੱਥ ਹੋਰ ਪੁਸ਼ਟ ਹੁੰਦਾ ਹੈ, ਦੂਜਾ ਸ੍ਰੋਤੇ ਨੂੰ ਨਾਲੋ ਨਾਲ ਇਕ ਹੋਰ ਤੱਥ ਦਾ ਗਿਆਨ ਹੁੰਦਾ ਹੈ। ਇਸੇ ਨੂੰ ਅੰਗਰੇਜ਼ੀ ਵਿਚ (Anecdotes) ਪੁਰਾ ਕਥਾ ਕਿਹਾ ਜਾਂਦਾ ਹੈ। ਅਜੇਹੇ ਪ੍ਰਮਾਣਾਂ ਰਾਹੀਂ ਗੁਰੂ ਜਨ ਕਹੇ ਜਾ ਰਹੇ ਸੱਚ ਨਾਲ ਸਹੀ ਰਸਾਈ ਕਰਵਾ ਸਕਦੇ ਸੀ। ਉਦਾਹਰਣ ਵਜੋਂ :

ਸੁਣਿ ਬਾਣੀ ਮਨੁ ਜਪਿ ਪਿਆਰ, ਅਜਾਮਲ ਉਧਰਿਆ ਕਹਿ ਏਕ ਬਾਰ
ਬਾਲਮੀਕੈ ਹੋਆ ਸਾਧ ਸੰਗੁ, ਧਰੂ ਕਉ ਮਿਲਿਆ ਹਰਿ ਨਿਸੰਗ
ਤੇਰਿਆ ਸੰਤਾ ਜਾਚਉ ਚਰਨ ਰੇਣਿ ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥
੧੧੯੨/ਆਦਿ ਗ੍ਰੰਥ

ਸੰਖੇਪ ਵਿਚ, ਅਰਥਵਾਦ ਬਾਣੀ ਵਿਚ ਗਹਿਰਾਈ ਲਿਆਉਣ ਦੇ ਨਾਲ ਨਾਲ ਸ੍ਰੋਤਾਗਣ ਨੂੰ ਅੰਤ੍ਰੀਵ ਸਚ ਦੀ ਤਸਦੀਕ ਪੁਸ਼ਟ-ਪਰਿਮਾਣਾਂ ਨਾਲ ਕਰਾਉਣ ਵਿਚ ਸਹਾਈ ਹੁੰਦਾ ਹੈ। ਤੇ, ਇਹੀ ਇਸ ਦੇ ਵਿਲੱਖਣ ਚਮਤਕਾਰ ਦਾ ਰਾਜ਼ ਵੀ ਹੈ। ਅਰਥਵਾਦ ਦਾ ਇਕ ਹੋਰ ਲੱਛਣ ਵੀ ਸਾਹਮਣੇ ਹੈ, ਇਹ ਵੱਡੀ ਗਲ ਨੂੰ ਸੰਕੇਤ ਮਾਤਰ ਪੇਸ਼ ਕਰਦਾ ਹੈ। ਸ੍ਰੀ ਆਦਿ ਗ੍ਰੰਥ ਵਿਚ ਬੇਅੰਤ ਥਾਂਈਂ ਮਿਥਿਹਾਸਕ ਸੰਕੇਤ (Allusions) ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਥ ਦੀ ਪੁਸ਼ਟੀ ਕਰਦੇ ਹਨ। ਗੁਰੂ ਜੀ ਦਾ ਉਦੇਸ਼ ਇਨ੍ਹਾਂ ਦੇ ਸੰਕੇਤ ਰਾਹੀਂ ਆਪਣੀ ਗੱਲ ਦਾ ਗਹਿਰਾ ਪ੍ਰਭਾਵ ਪਾਉਣਾ ਹੀ ਜਾਪਦਾ ਹੈ। ਉਂਞ ਬਾਣੀ ਦਾ ਸੰਗਠਨ ਕਥਾਤਮਕ (fictional) ਨਹੀਂ। ਇਥੇ ਇਕ ਹੋਰ ਉਦਾਹਰਣ ਰਾਹੀਂ ਇਸ ਤੱਥ ਨੂੰ ਪਰਖਿਆ ਜਾ ਸਕਦਾ ਹੈ :

ਨਉਸਤ ਚਉਦਹ ਤੀਨਿ ਚਾਰਿ
ਕਰਿ ਮਹਿਲਤਿ ਚਾਰਿ ਬਹਾਲੀ
ਚਾਰੇ ਦੀਵੇ ਚਹੁ ਹਥਿ ਦੀਏ
ਏਕਾ ਏਕਾ ਵਾਰੀ ॥ ਬਸੰਤ ਅਸਟਪਦੀ ੧੧੯੦/ਆਦਿ ਗ੍ਰੰਥ

ਗਿਆਨੀ ਬਦਨ ਸਿੰਘ ਨੇ ਇਸਦਾ ਅਰਥ ਇਸ ਪ੍ਰਕਾਰ ਕੀਤਾ ਹੈ[4]। ਨਉ=ਧਰਤੀ ਦੀ ਪੁਰਾਣੀ ਭੂਗੋਲਿਕ ਵੰਡ ਅਥਵਾ ਨੌ ਖੰਡ। ਸਤ ਦੀਪ,ਚੌਦਾਂ ਲੋਕ,ਤਿੰਨ ਮਾਇਆ ਦੇ ਗੁਣ ਤੇ ਚਾਰ ਜੁਗਾਂ ਨੂੰ ਸ੍ਰਿਸ਼ਟੀ (ਮਹਿਲਤਿ) ਦੀਆਂ ਚਾਰੇ ਦਿਸ਼ਾਵਾਂ ਵਿਚ ਸਥਾਪਿਤ ਕਰਕੇ ਬ੍ਰਹਮ ਨੇ ਬ੍ਰਹਿਮੰਡ ਸਿਰਜਨਾ ਕੀਤੀ ਹੈ। ਗਿਆਨ ਰੂਪੀ ਚਾਰ ਵੇਦ (ਚਾਰਿ ਦੀਵੇ) ਚਹੁ ਜੁਗਾਂ ਦੇ ਚਾਰ ਅਵਤਾਰਾਂ (ਸਤਿਜੁਗ ਦਾ ਹੰਸ ਅਵਤਾਰ ਜਿਸ ਪਾਸ ਗਿਆਨ ਦਾ ਦੀਵਾ ਸ਼ਾਮ ਵੇਦ ਸੀ। ਦੁਆਪਰ ਜੁਗ ਦਾ ਅਵਤਾਰ ਕ੍ਰਿਸ਼ਨ ਸੀ ਤੇ ਉਸ ਪਾਸ ਯਜੁਰਵੇਦ ਸੀ। ਕਲਜੁਗ ਦਾ ਕਲਕੀ ਅਵਤਾਰ ਹੈ ਉਸ ਪਾਸ ਅਥਰਵ ਵੇਦ ਹੀ ਗਿਆਨ ਦਾ ਸੋਮਾ ਹੋਵੇਗਾ) ਨੂੰ ਇਕ ਜੁਗ ਵਿਚ ਇਕ ਵੇਦ ਦੀ ਪ੍ਰਧਾਨਤਾ ਸਹਿਤ ਪ੍ਰਤੇਕ ਜੁਗ ਦੀ ਪ੍ਰਤਿਨਿਧਤਾ ਕਰਨ ਲਈ ਬ੍ਰਹਮ ਨੇ ਆਦੇਸ਼ ਦਿਤਾ ਹੈ। ਚਾਰ ਜੁਗਾਂ ਦੇ ਚਾਰ ਅਵਤਾਰ ਤੇ ਉਨ੍ਹਾਂ ਦਾ ਚਾਰ ਵੇਦਾਂ ਨੂੰ ਲੈ ਕੇ ਜਗਤ ਦੀ ਰਾਹਨੁਮਾਈ ਕਰਨ ਦਾ ਸੰਕੇਤ ਪਹਿਲੇ ਗੁਰੂ ਦੀ ਬਾਣੀ ਆਸਾ ਦੀ ਵਾਰ ਤੋਂ ਵੀ ਮਿਲ ਜਾਂਦਾ ਹੈ—

ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚਿ ਰਹੇ
ਸਭ ਕੋ ਸਚਿ ਸਮਾਵੈ ਰਿਗੁ ਕਹੈ ਰਹਿਆ ਭਰਪੂਰਿ
ਰਾਮ ਨਾਮੁ ਦੇਵਾ ਮਹਿ ਸੁਰ
ਨਾਇ ਲਇਐ ਪਰਾਛਤ ਜਾਹਿ ਨਾਨਕ ਤਉ ਮੋਖੰਤਰ ਪਾਹਿ।
ਜੁਜ ਮਹਿ ਜੋਰਿ ਛਲੀ ਚੰਦ੍ਰਾਵਲ ਕਾਨ ਕ੍ਰਿਸ਼ਨ ਜਾਦਮੁ ਭਇਆ।
ਪਾਰਜਾਤੁ ਗੋਪੀ ਲੇ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ
ਕਲਿ ਮਹਿ ਬੇਦ ਅਥਰਬਣ ਹੂਆ ਨਾਉ ਖੁਦਾਈ ਅਲਹੁ ਭਇਆ।
੪੭੦/ਆਦਿ ਗ੍ਰੰਥ

ਉਪਰ ਅੰਕਿਤ ਉਦਾਹਰਣ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਬਾਣੀਕਾਰ ਮਿਥਿਹਾਸਕ ਸੰਕੇਤਾਂ ਦਾ ਵਰਣਨ ਆਪਣੀ ਗੱਲ ਨੂੰ ਹੋਰ ਪੁਸ਼ਟ ਕਰਨ ਲਈ ਤੇ ਬਾਣੀ ਵਿਚ ਗਹਿਰਾਈ ਲਿਆਉਣ ਦੀ ਖਾਤਰ ਵੀ ਕਰਦੇ ਹਨ। ਸ੍ਰੀ ਆਦਿ ਗ੍ਰੰਥ ਇਸ ਪੱਖੋਂ ਭਰਪੂਰ ਹੈ। ਗੁਰੂਆਂ ਤੋਂ ਇਲਾਵਾ ਸੰਤ-ਭਗਤਾਂ ਦੀ ਬਾਣੀ ਵਿਚ ਵੀ ਅਨੇਕ ਥਾਈਂ ਇਸ ਤਰ੍ਹਾਂ ਦੇ (Anacdotes) ਸੰਕੇਤ ਵਿਦਮਾਨ ਹਨ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧. ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ ॥
ਕਾਮਾਰਥੀ ਸੁਆਰਥੀ ਵਾਕੀ ਪੈਜ ਸਵਾਰੀ ॥ ੮੫੮/ਆਦਿ ਗ੍ਰੰਥ

੨. ਪਾਂਡੇ ਤੁਮਰਾ ਰਾਮ ਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੮੭੫/ਆਦਿ ਗ੍ਰੰਥ

੩. ਪਾੜ ਪੜੋਸਣਿ ਪੂਛਿ ਲੇ ਨਾਮਾ ਕਾਪਹਿ ਛਾਨ ਛਵਾਈ ਹੋ
ਤੇ ਪਹਿ ਦੁਗਨੀ ਮਜੂਰੀ ਦੇਹਉ ਮੰਤ੍ਰਉ ਬੇਢੀ ਦੇਹੁ ਬਤਾਈ ਹੋ ॥
੬੫੭/ਆਦਿ ਗ੍ਰੰਥ

ਸਪਸ਼ਟ ਹੈ, ਅਰਥਵਾਦ ਗ੍ਰੰਥ ਦੀ ਵਿਲੱਖਣਤਾ ਦੇ ਨਾਲ ਨਾਲ ਵਿਸ਼ੇ ਨੂੰ ਹਰ ਪੁਖਤਗੀ ਵੀ ਦੇਂਦਾ ਹੈ ਤੇ ਗਹਿਰਾਈ ਵੀ ।

**ਉਪਪਤਿ** : ਦਲੀਲ ਜਾਂ ਯੁਕਤੀ

ਗ੍ਰੰਥ ਵਿਚ ਨਿਰੂਪਣ ਕੀਤੇ ਗਤੇ ਵਿਚਾਰਾਂ ਦਾ ਨਿਅ ਏਬੱਧ ਹੋਣਾ ਬਹੁਤ ਹੀ ਲਾਜ਼ਮੀ ਹੈ । ਕਾਵਿ ਉਕਤੀ ਦਾ ਇਕ ਆਪਣਾ ਸੰਜਮ ਹੁੰਦਾ ਹੈ । ਜੁਗਤਹੀਨ ਵਾਕਾਂ ਦਾ ਪ੍ਰਭਾਵ ਅਧੂਰਾ ਹੀ ਨਹੀਂ ਉਲਟ ਵੀ ਪੈ ਸਕਦਾ ਹੈ । ਗੁਰੂ ਕਾਵਿ ਦੀ ਸਰਬ ਪ੍ਰਿਆ ਵਿਲੱਖਣਤਾ ਦਾ ਰਾਜ਼ ਇਸ ਦਾ ਸਰਲ ਸਾਧਾਰਣ ਸ਼ਬਦਾ ਵਿਚ ਨਿਆਏ ਬੱਧ ਹੋਣਾ ਵੀ ਹੈ—

(ੳ) ਗਊ ਬਿਰਾਹਮਣ ਕਉ ਕਰੁ ਲਾਵਹੁ ।
ਗੋਬਰਿ ਤਰਣੁ ਨ ਜਾਈ ।' ੪੭੧/ਆਦਿ ਗ੍ਰੰਥ

(ਅ) ਓਹੁ ਮੂਆ ਓਹੁ ਝੜਿ ਪਇਆ ।
ਵੇ ਤਗਾ ਗਇਆ ॥ ੪੭੧ ਆਦਿ ਗ੍ਰੰਥ

(ੲ) ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ।
ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ ॥ ੧/ਆਦਿ ਗ੍ਰੰਥ

ਗੁਰੂ ਨਾਨਕ ਦੇਵ ਤੋਂ ਇਲਾਵਾ ਬਾਕੀ ਦੇ ਸ਼ਾਰੇ ਗੁਰੂਆਂ ਦੀ ਬਾਣੀ ਵਿਚ ਵੀ ਅਜਿਹੇ ਤੁਕਾਂਗ ਪਏ ਜਾਂਦੇ ਹਨ । ਇਸ ਤੋਂ ਛੁੱਟ ਭਗਤ-ਬਾਣੀ ਵੀ ਇਸ ਪੱਖੋਂ ਬੜੀ ਅਮੀਰ ਹੈ । ਭਗਤ ਕਬੀਰ ਅਤੇ ਫਰੀਦ-ਬਾਣੀ ਦੇ ਅਨੇਕਾਂ ਤੁਕਾਗ ਆਪਣੀ ਨਿਆਏਕਾਰੀ ਕਾਰਣ ਹੀ ਪੀੜੀ ਦਰ ਪੀੜ੍ਹੀ ਲੋਕ-ਬੁਲ੍ਹਾਂ ਉਪਰ ਤੁਰੇ ਆਉਂਦੇ ਹਨ ।

ਗ੍ਰੰਥਕਾਰਾਂ ਵਲੋਂ ਵਿਧਾਨ ਕੀਤੇ ਗਏ ਗੁਣ-ਲੱਛਣ ਅਨੁਬੰਧ ਅਤੇ ਲਿੰਗ ਦੀ ਸਾਰਥਕਤਾ ਨੂੰ ਸ੍ਰੀ ਆਦਿ ਗ੍ਰੰਥ ਦੇ ਸੰਦਰਭ ਵਿਚ ਵਿਚਾਰਨ ਤੋਂ ਬਾਦ ਸ੍ਰੀ ਆਦਿ ਗਰੰਥ ਵਿਚ ਅੰਕਿਤ ਕੀਤੇ ਗਏ ਮੰਗਲਾਂ ਉਪਰ ਵਿਚਾਰ ਕਰਨੀ ਅਜੇ ਬਾਕੀ ਹੈ । ਸ੍ਰੀ ਆਦਿ ਗਰੰਥ ਵਿਚ ਮੰਗਲ ਦੇ ਪੰਜ ਪਾਠ-ਭੇਦ ਮਿਲਦੇ ਹਨ—

(ੳ) ੧ੴ

(ਅ) ੧ੴ ਸਤਿਗੁਰ ਪ੍ਰਸਾਦਿ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ੴ ਸਤਿਨਾਮੁ ਗੁਰ ਪ੍ਰਸਾਦਿ ॥

(ਸ) ੴ ਸਤਿਨਾਮੁ ਕਰਤਾ ਪੁਰਖ ਗੁਰਪ੍ਰਸਾਦਿ ॥

(ਹ) ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੈ ਗੁਰਪ੍ਰਸਾਦਿ ॥

ਉਪਰੋਕਤ ਪਾਠ-ਭੇਦ ਤੋਂ ਇਕ ਸ਼ੰਕਾ ਸਹਿਜੇ ਹੀ ਪੈਦਾ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਵਰਗੇ ਵਿਉਂਤਮੁਖ ਸੰਪਾਦਕ ਨੇ ਮੰਗਲ ਦਾ ਰੂਪ ਇਕ ਹੀ ਕਿਉਂ ਨਹੀਂ ਰੱਖਿਆ ? ਇਸ ਤੋਂ ਪਹਿਲਾਂ ਕਿ ਮੰਗਲ ਭੇਦ ਉਪਰ ਵਿਚਾਰ ਕੀਤੀ ਜਾਵੇ ਇਸ ਸ਼ੰਕੇ ਦਾ ਸਮਾਧਾਨ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ।

ਇਤਨਾ ਤਾਂ ਪਾਠ-ਭੇਦ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਮੰਗਲਾਂ ਵਿਚ ਪਾਠ-ਭੇਦ ਹੋਣ ਬਾਵਜੂਦ ਵੀ ਇਨ੍ਹਾਂ ਸਾਰਿਆਂ ਦਾ ਤਾਂਤਵਿਕ ਅਰਥ ਇਕੋ ਹੀ ਹੈ। ਇਹ ਪਾਠ-ਭੇਦ ਮੰਗਲ ਦੀ ਇਕਸਾਰਤਾ (monotony) ਨੂੰ ਤੋੜਦੇ ਹਨ । ਕਰੜੇ ਸੰਜਮ ਵਿਚ ਬੱਝਾ ਗ੍ਰੰਥ ਕੇਵਲ ਗ੍ਰੰਥ ਹੀ ਰਹਿ ਜਾਂਦਾ ਹੈ, ਪੂਜਾ ਦੀ ਵਸਤੂ ਨਹੀਂ ਬਣ ਸਕਦਾ । ਸ੍ਰੀ ਆਦਿ ਗ੍ਰੰਥ ਵਿਚਲੇ ਵਸਤੂ ਨੂੰ ਵਾਚਦਿਆ ਇਹ ਤੱਥ ਸਪਸਟ ਹੋ ਜਾਂਦਾ ਹੈ ਕਿ ਜਪੁ ਵਿਚਲਾ ਦਰਸ਼ਨ ਹੀ ਸਾਰੇ ਆਦਿ ਗ੍ਰੰਥ ਦੀ ਬੁਨਿਆਦ ਹੈ । ਗੁਰੂ ਨਾਨਕ ਤੋਂ ਬਾਅਦ ਆਉਣ ਵਾਲੇ ਗੁਰੂ ਸਾਹਿਬਾਨ ਨੇ ਇਸ ਦਰਸ਼ਨ ਦਾ ਦੁਹਰਾਉ ਬਾਰੰਬਾਰ ਵਿਭਿੰਨ ਰਾਗਾਂ, ਰਚਨਾ-ਰੂਪਾਂ, ਚਰਨਾ ਸ਼ੈਲੀਆਂ ਆਦਿ ਰਾਹੀਂ ਕੀਤਾ ਹੈ । ਹੈ । ਗੁਰਮਤਿ ਦਰਸ਼ਨ ਦੇ ਉਘੇ ਅੰਗ ਲਗਭਗ ਹਰ ਸ਼ਬਦ ਵਿਚੋਂ ਮਿਲ ਜਾਂਦੇ ਹਨ ਤੇ ਇਸੇ ਤਰ੍ਹਾਂ ਗੁਰਮਤਿ ਦਰਸ਼ਨ ਪੂਰੇ ਆਦਿ ਗ੍ਰੰਥ ਵਿਚ ਰੱਬ ਦੀ ਤਰ੍ਹਾਂ ਵਿਆਪਕ ਹੈ। ਆਦਿ ਗ੍ਰੰਥ ਦੇ ਪਾਠ ਵਿਚਲੀ ਭਿੰਨਤਾ ਦਰਸ਼ਨ ਕਰਕੇ ਨਹੀਂ ਸਗੋਂ ਇਸ ਦੀ ਵੰਨ-ਸਵੰਨਤਾ ਦਾ ਰਾਜ ਤਾਂ ਆਦੁੱਤੀ ਪ੍ਰਗਟਾ-ਢੰਗ ਵਿਚ ਹੈ। ਇਹੀ ਤੱਥ ਮੰਗਲ-ਪ੍ਰਬੰਧ ਵਿਚ ਕੰਮ ਕਰ ਰਿਹਾ ਮਾਲੂਮ ਹੁੰਦਾ ਹੈ ।

ਜਗਤ-ਰਚਨਾ ਵਿਚ ਵੀ ਵੰਨ-ਸਵੰਨਤਾ (diversity) ਦਾ ਸਿਧਾਂਤ ਕੰਮ ਕਰਦਾ ਦਿਖਾਈ ਦੇਂਦਾ ਹੈ । ਇਸ ਸਾਰੀ ਵਿਵਿਧਤਾ ਪਿੱਛੇ ਕਾਰਜ ਕਰ ਰਹੀ ਮੂਲ-ਸ਼ਕਤੀ ਇਕ ਹੀ ਹੈ । ਜਪੁਜੀ ਵਿਚ ਅਸੰਖ, ਅਮੂਲ, ਸੋਦਰ ਦੀਆਂ ਪਉੜੀਆਂ, ਆਸਾ ਦੀ ਵਾਰ ਵਿਚ ਸੱਚੇ ਤੇਰੇ ਖੰਡ, ਵਿਸਮਾਦ, ਭੈ ਆਦਿ ਸਲੋਕਾਂ ਵਿਚ ਜਗਤ-ਰਚਨਾ ਦੀ ਵੰਨਸਵੰਨਤਾ ਦਾ ਭਰਪੂਰ ਪ੍ਰਗਟਾਵਾ ਹੈ । ਪਰ ਇਸ ਵੰਨਸਵੰਨਤਾ ਪਿੱਛੇ ਕਾਰਜ ਕਰ ਰਹੀ ਮੂਲ ਸ਼ਕਤੀ ਇਕ ਹੀ ਹੈ ਤੇ ਉਸੇ ਉਪਰ ਬਲ ਦੇਣਾ ਗੁਰੂ ਸਾਹਿਬਾਨ ਦਾ ਮੁਖ ਉਦੇਸ਼ ਹੈ । ਉਂਵ ਗੁਰੂ ਸਾਹਿਬਾਨ ਨੇ ਆਪਣੀ ਅਨੁਭੂਤੀ ਦੇ ਇਕੋ ਹੀ ਭਾਵ ਨੂੰ ਅਨੰਤ ਸ਼ਬਦਾਂ ਵਿਚ ਰੂਪਮਾਨ ਕੀਤਾ ਹੈ । ਖੁਦ ਗੁਰੂ ਨਾਨਕ ਦੇਵ ਨੇ ਵੀ ਇਕ ਹੀ ਸਿਧਾਂਤ ਦਾ ਨਿਰੂਪਣ ਵੱਖ ਵੱਖ ਸ਼ਬਦਾਂ ਵਿਚ ਕੀਤਾ ਹੈ । ਦੁਹਰਾਉ ਹਰ ਸਵੇਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਂਗ ਸਜਰਾ ਹੈ । ਸ਼ਾਇਦ ਇਹੀ ਕਾਰਣ ਹੈ, ਸ੍ਰੀ ਆਦਿ ਗ੍ਰੰਥ ਦਾ ਪਾਠ ਕਰਦਿਆਂ ਮਨ ਉਕਤਾਉਂਦਾ ਨਹੀਂ । ਸਪਸ਼ਟ ਹੈ, ਮੰਗਲ-ਪਾਠ-ਭੇਦ ਵੀ ਰਚਨਾ-ਵਿਵਿਧਤਾ ਦੇ ਸੂਚਕ ਹਨ, ਵਿਸ਼ੇ ਦੀ ਬੁਨਿਆਦੀ ਏਕਤਾ ਅਡੋਲ ਬਣੀ ਰਹਿੰਦੀ ਹੈ ।

ਆਰੰਭ ਕਾਲ ਤੋਂ ਹੀ ਮਨੁੱਖ ਆਪਣੇ ਮਨੋਭਾਵਾਂ ਦਾ ਪ੍ਰਗਟਾ ਸੰਕੇਤ ਜਾਂ ਖੁਲਾਸੇ ਰੂਪ ਵਿਚ ਕਰਦਾ ਰਿਹਾ ਹੈ । ਚਿੰਨ੍ਹ ਲਿਪੀ ਤੋਂ ਸਵਰ ਲਿਪੀ ਦਾ ਵਿਸਤਾਰ ਇਥੇ ਤੱਥ ਦੀ ਦੀ ਪ੍ਰੌੜਤਾ ਕਰਦਾ ਹੈ । ਸੂਤ੍ਰ ਸ਼ੈਲੀ ਅਤੇ ਵਿਆਸ ਸ਼ੈਲੀ 'ਚ ਅਨੁਭੂਤੀ ਦਾ ਪ੍ਰਗਟਾਉ ਰਹੱਸਵਾਦੀਆਂ ਨੂੰ ਵੀ ਸਰਵਪ੍ਰਿਯ ਹੈ ੧ੴ ਗੁਰੂ ਨਾਨਕ-ਸਿਧਾਂਤ ਦਾ ਸੂਤ੍ਰ ਰੂਪ ਹੈ । ਇਸ ਤੋਂ ਬਾਅਦ ਬਾਕੀ ਮੰਗਲ ਹੌਲੀ ਹੌਲੀ ਹੋਰ ਖੁਲਾਸੇ ਹੁੰਦੇ ਗਏ ਹਨ ਤੇ ਅਖੀਰਲਾ ਮੰਗਲ ਵਿਆਸ ਸ਼ੈਲੀ ਵਿਚ ਰੂਪਮਾਨ ਹੋਇਆ ਹੈ । ਸਪਸ਼ਟ ਹੈ, ਮੰਗਲ-ਪਾਠ-ਭੇਦ ਦੀ ਵਿਵਿਧਤਾ ਦਾ ਕਾਰਣ ਇਹ ਵੀ ਹੋ ਸਕਦਾ ਹੈ ।

ਹੁਣ ਹਲਕੀ ਜਿਹੀ ਵਿਚਾਰ ਮੰਗਲ-ਪਾਠ ਭੇਦਾਂ ਦੇ ਕ੍ਰਮ ਉਪਰ ਕਰਨੀ ਉਚਿਤ ਹੈ । ਪਹਿਲੇ ਸੰਕੇਤ ਕੀਤਾ ਜਾ ਚੁੱਕਾ ਹੈ ਕਿ ਸਾਡੇ ਵਿਵੇਚਨ ਅਨੁਸਾਰ ੧ੴ ਦਾ ਦਰਜਾ ਪਾਠ-ਭੇਦ ਅਨੁਸਾਰ ਪਹਿਲਾ ਹੈ । ਪਰ ਇਸ ਦਾ ਸੁਤੰਤਰ ਰੂਪ ਵਿਚ ਪ੍ਰਯੋਗ ਸਾਰੇ ਆਦਿ ਗ੍ਰੰਥ ਵਿਚ ਕੇਵਲ ਇਕ ਵਾਰ ਹੀ ਸਲੋਕ ਸਹਸਕ੍ਰਿਤੀ ਮਹਲਾ ੧ ਦੇ ਆਰੰਭ ਵਿਚ ਕੀਤਾ ਗਿਆ ਹੈ । ਨਿਰਸੰਦੇਹ ੧ੴ ਦਾ ਪ੍ਰਯੋਗ ਪ੍ਰਤੇਕ ਮੰਗਲ ਦੇ ਆਰੰਭ ਵਿਚ ਕੀਤਾ ਗਿਆ ਹੈ । ਪਰ ਉਦੋਂ ਇਹ ਮੰਗਲ ਪਾਠ ਦਾ ਹੀ ਇਕ ਅੰਗ ਬਣਾ ਦਿਤਾ ਜਾਂਦਾ ਹੈ । ਆਦਿ ਗ੍ਰੰਥ ਦਾ ਆਰੰਭ ਮੰਗਲ-ਭੇਦ ਦੇ ਪੰਜਵੇਂ ਰੂਪ ਅਥਵਾ ੫ੴ ਤੋਂ ਸਤਿਗੁਰ ਪ੍ਰਸਾਦਿ ਤਕ ਦੇ ਪਾਠ ਨਾਲ ਕੀਤਾ ਗਿਆ ਹੈ, ਜਿਸ ਨੂੰ ਵਿਆਸ ਸ਼ੈਲੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ । ਸਾਡੀ ਜਾਚੇ, ਇਸ ਦਾ ਕਾਰਣ, ਜਦੋਂ ਕਿਸੇ ਸਿਧਾਂਤ ਨੂੰ ਜਨ ਸਾਧਾਰਣ ਤਕ ਪਹੁੰਚਾਉਣਾ ਹੁੰਦਾ ਹੈ ਤਾਂ ਉਸਦੀ ਵਿਆਖਿਆ ਦੀ ਲੋੜ ਹੁੰਦੀ ਹੈ । ਆਰੰਭ ਵਿਚ ਸਿਧਾਂਤ ਨੂੰ ਸਮਝਾਉਣ ਦੀ ਲੋੜ ਸੀ । ਇਸੇ ਕਰਕੇ ਆਦਿ ਗ੍ਰੰਥ ਦਾ ਆਰੰਭ ਵਿਆਸ ਸ਼ੈਲੀ ਨਾਲ ਕੀਤਾ ਗਿਆ ਹੈ ਤੇ ਅੰਤ ਵਿਚ ਇਸੇ ਸਿਧਾਂਤ ਨੂੰ ਸੂਤ੍ਰ ਸ਼ੈਲੀ ਵਿਚ ਦ੍ਰਿਸ਼ ਕਰਵਾਇਆ ਗਿਆ ਹੈ ।

ਹੁਣ ਇਕ ਹੋਰ ਨੁਕਤਾ ਉਭਰਦਾ ਹੈ—ਅਸੀਂ ਉਪਰ ਕਹਿ ਚੁੱਕੇ ਹਾਂ ਕਿ ੧ੴ ਮੰਗਲ ਦੀ ਵਰਤੋਂ ਰਾਗ-ਮੁਕਤ ਰਚਨਾਵਾਂ ਵਿਚ ਸ੍ਰੀ ਆਦਿ ਗ੍ਰੰਥ ਦੇ ਅਖੀਰਲੇ ਹਿੱਸੇ ਵਿਚ ਕੀਤੀ ਗਈ ਹੈ । ਤਾਂ ਕੀ ਇਸ ਮੰਗਲ ਪ੍ਰਯੋਗ ਤੋਂ ਬਾਅਦ ਕਿਸੇ ਹੋਰ ਪਾਠ-ਭੇਦ ਵਾਲ ਮੰਗਲ ਦਾ ਪ੍ਰਯੋਗ ਤਾਂ ਨਹੀਂ ਕੀਤਾ ਗਿਆ ? ਦੂਸਰੇ ਸ਼ਬਦਾਂ ਵਿਚ ਮੰਗਲ 2, 3, 4, ਆਦਿ ਦਾ । ਉੱਤਰ ਹੋਵੇਗਾ ੧ੴ ਮੰਗਲ ਤੋਂ ਬਾਅਦ ੧ੴ ਸਤਿਗੁਰ ਪ੍ਰਸਾਦਿ-ਮੰਗਲ ਅੰਕ 2 ਅਤੇ ੧ੴ ਤੋਂ ਗੁਰਪ੍ਰਸਾਦਿ ਮੰਗਲ ਅੰਕ 5 ਦਾ ਪ੍ਰਯੋਗ ਤਾਂ ਕੀਤਾ ਗਿਆ ਹੈ ਪਰ ੧ੴ ਸਤਿਨਾਮੁ ਗੁਰ ਪ੍ਰਸਾਦਿ ਮੰਗਲ-ਅੰਕ 3 ਤੇ ੫ੴ ਸਤਿਨਾਮੁ ਕਰਤਾ ਪੁਰਖ ਗੁਰਪ੍ਰਸਾਦਿ ਮੰਗਲ ਅੰਕ 4 ਦਾ ਪ੍ਰਯੋਗ ਨਹੀਂ ਕੀਤਾ ਗਿਆ । ਹੁਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਆਲ ਪੈਦਾ ਹੁੰਦਾ ਹੈ ਇਨ੍ਹਾਂ ਦੇ ਮੰਗਲਾ ਦਾ ਪ੍ਰਯੋਗ ਕਿਉਂ ਕੀਤਾ ਗਿਆ ਹੈ ? ਤੇ ਬਾਕੀ ਦੋਹਾਂ ਦਾ ਕਿਉਂ ਨਹੀਂ ? ਗੁਰੂ ਗਰੰਥ ਸਾਹਿਬ ਦੇ ਵਿਵੇਚਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਕਿਸੇ ਵੀ ਬੰਧਨ ਨੂੰ ਸਵੀਕਾਰ ਨਹੀਂ ਕੀਤਾ । ਜਿਥੇ ਕਿਧਰੇ ਪਰੰਪਰਿਕ ਤੱਥਾਂ ਨੂੰ ਅਪਣਾਇਆ ਗਿਆ ਹੈ, ਉਥੇ ਨਾਲ ਖੁਲ੍ਹ ਵੀ ਲਈ ਗਈ ਹੈ ਤੇ ਆਪਣੇ ਹੀ ਖਾਲਸ ਅੰਦਾਜ਼ ਨਾਲ ਉਸ ਵਸਤੂ ਨੂੰ ਗ੍ਰਹਿਣ ਤੇ ਪੇਸ਼ ਕੀਤਾ ਗਿਆ ਹੈ । ਗੁਰੂ ਸਾਹਿਬਾਨ ਨੇ ਮੰਗਲ ਕਰਨਾ ਉਚਿਤ ਸਮਝਿਆ ਹੈ ਪਰ ਇਸ ਦਾ ਉਲੇਖ ਆਰੰਭ ਤੋਂ ਅਖੀਰ ਤਕ ਆਪਣੇ ਹੀ ਖਾਲਸ ਅੰਦਾਜ਼ ਵਿਚ ਕੀਤਾ ਹੈ । ਇਹੀ ਕਾਰਣ ਹੈ, ਵਿਭਿੰਨ ਮੰਗਲਾ ਦੀ ਵਰਤੋਂ ਵਿਭਿੰਨ ਰਚਨਾਵਾਂ ਉਪਰ ਕੀਤੀ ਗਈ ਹੈ ਤੇ ਇਹ ਕੋਈ ਜ਼ਰੂਰੀ ਨਹੀਂ, ਸੂਤ੍ਰ ਰੂਪ ਮੰਗਲ ਛੋਟੇ ਆਕਾਰ ਵਾਲੀਆਂ ਰਚਨਾਵਾਂ ਉਪਰ ਅੰਕਿਤ ਕੀਤਾ ਗਿਆ ਹੈ । ਸਪਸ਼ਟ ਹੈ, ਮੰਗਲ ਦਾ ਸੂਤ੍ਰ ਤੇ ਵਿਆਸ ਰੂਪ ਗੁਰੂ ਸਾਹਿਬਾਨ ਨੇ ਆਪਣੀ ਇੱਛਾ ਅਨੁਸਾਰ ਅੰਕਿਆ ਹੈ । ਇਹ ਤੱਥ ਗੁਰੂ ਸਾਹਿਬਾਨ ਦੀ ਖੁਦ ਮੁਖ਼ਤਾਰ ਵਿਲਖਣ ਸ਼ੈਲੀ ਦਾ ਲਖਾਇਕ ਹੈ ।

ਇਥੇ ਇਕ ਹੋਰ ਬੜਾ ਮਹੱਤਵ ਭਰਪੂਰ ਤੱਥ ਸਾਹਮਣੇ ਆਉਂਦਾ ਹੈ । ਸ੍ਰੀ ਆਦਿ ਗ੍ਰੰਥ ਦੇ ਆਰੰਭ ਵਿਚ ੧ੳ ਤੋਂ ਸਤਿਗੁਰ ਪ੍ਰਸਾਦਿ ਤਕ ਦੇ ਪਾਠ ਨੂੰ ਨਿਸਾਣ ਵੀ ਕਿਹਾ ਗਿਆ ਹੈ ਤੇ ਮੂਲ ਮੰਤ੍ਰ ਵੀ । ਇਨ੍ਹਾਂ ਦੋਹਾਂ ਦਾ ਨਿਖੇੜਾ ਕਰਨਾ ਉਚਿਤ ਹੈ । ਇਸ ਪਾਠ ਨੂੰ ਮੂਲ-ਮੰਤ੍ਰ ਕਿਉਂ ਕਿਹਾ ਗਿਆ ਹੈ ? ਇਸ ਉਪਰ ਚਰਚਾ ਮੰਗਲਾਂ ਵਿਚ ਕੀਤੀ ਜਾਵੇਗੀ ਹਾਲ ਦੀ ਘੜੀ ਨਿਸਾਣ ਨੂੰ ਸਮਝਣਾ ਹੀ ਯੋਗ ਹੈ । ਪਰੰਪਰਾ ਅਨੁਸਾਰ ਸ੍ਰੀ ਆਦਿ ਗ੍ਰੰਥ ਦੀ ਬੀੜ ਭਾਈ ਗੁਰਦਾਸ ਨੇ ਲਿਖੀ ਤੇ ਪੰਜਵੇਂ ਗੁਰੂ ਨੇ ਲਿਖਵਾਈ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਆਰੰਭ ਕੀਤੀ ਜਾਣੀ ਸੀ ਤਾਂ ਸਭ ਤੋਂ ਪਹਿਲਾਂ ਪੰਜਵੇਂ ਗੁਰੂ ਨੇ ਆਪ ਆਪਣੇ ਹੱਥੀਂ ੧ੳ ਤੋਂ ਸਤਿਗੁਰ ਪ੍ਰਸਾਦਿ ਤਕ ਦਾ ਪਾਠ ਸ੍ਰੀ ਆਦਿ ਗ੍ਰੰਥ ਵਿਚ ਉਲੇਖ ਕੀਤਾ । ਇਸ ਤੋਂ ਅਗਲਾ ਸਾਰਾ ਸ੍ਰੀ ਆਦਿ ਗ੍ਰੰਥ ਭਾਈ ਗੁਰਦਾਸ ਜੀ ਦੀ ਹੱਥੀਂ ਲਿਖਿਆ ਗਿਆ । ੧ੳ ਤੋਂ ਸਤਿਗੁਰ ਪ੍ਰਸਾਦਿ ਤਕ ਦਾ ਪਾਠ ਪੰਜਵੇਂ ਗੁਰੂ ਦੀ ਹੱਥ ਲਿਖਤ ਹੈ ਜੋ ਨਿਸ਼ਾਨੀ ਵਜੋਂ ਅੱਜ ਵੀ ਕਰਤਾਰਪੁਰ ਵਾਲੀ ਬੀੜ ਵਿਚ ਸੁਰਖਿਅਤ ਹੈ ਕਿਉਂਕਿ ਨਿਸਾਣ ਜਪੁ ਦੇ ਆਰੰਭ ਵਿਚ ਅੰਕਿਤ ਕੀਤਾ ਗਿਆ, ਇਸ ਕਰਕੇ ਜਪੁ ਨਿਸਾਣ ਦੇ ਨਾਮ ਨਾਲ ਵੀ ਉਚਾਰਿਆ ਜਾਂਦਾ ਰਿਹਾ ਹੈ । ਨਿਸਾਣ ਦੇ ਭਾਵ ਨਿਸ਼ਾਨ ਜਾਂ ਨਿਸ਼ਾਨੀ ਹੈ । ਪੰਜਵੇਂ ਗੁਰੂ ਤੋਂ ਬਾਅਦ ਛੇਵੀਂ ਪਾਤਸ਼ਾਹੀ ਦੇ ਦੋ, ਸਤਵੇਂ ਗੁਰੂ ਦਾ ਇਕ, ਨੌਵੇਂ ਗੁਰੂ ਦਾ ਇਕ ਅਤੇ ਦਸਵੇਂ ਗੁਰੂ ਦਾ ਨਿਸਾਣ ਵੀ ਪ੍ਰਾਪਤ ਹੈ । (ਦੇਖੋ ਹੁਕਮਨਾਮੇ ਸੰਪਾਦਕ ਡਾ: ਗੰਡਾ ਸਿੰਘ) ਨਿਸਾਣ ਭਾਵੇਂ ਬਹੁ ਅਰਥਕ ਸ਼ਬਦ ਹੈ ਪਰ ਜਦੋਂ ਇਸ ਦੀ ਵਰਤੋਂ ਗੁਰੂ ਵਿਸ਼ੇਸ਼ ਦੇ ਨਿਸਾਣ ਵਜੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਭਾਵ ਹੈ ਗੁਰੂ-ਵਿਸ਼ੇਸ਼ ਦੀ ਹੱਥ ਨਿਸ਼ਾਨੀ । ਉਂਞ ਨਿਸਾਣ ਦੀ ਵਰਤੋਂ ਆਦਿ ਗ੍ਰੰਥ ਵਿਚ ਝੰਡਾ, ਨਗਾਰਾ ਹੁਕਮ ਅਤੇ ਮੋਹਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਦੇ ਅਰਥਾਂ ਵਿਚ ਵੀ ਕੀਤੀ ਗਈ ਹੈ। ਦੂਸਰੇ ਸ਼ਬਦਾਂ ਵਿਚ ਇਹ ਸ਼ਬਦ ਨਿਸਾਣ ਦੇ ਪ੍ਰਯਾਇ ਕਰਕੇ ਵਰਤੇ ਗਏ ਹਨ।

ਸ੍ਰੀ ਆਦਿ ਗ੍ਰੰਥ ਵਿਚ ਅੱਜ ਵੀ ੧ੳ ਦਾ ਸਭ ਤੋਂ ਉਪਰ ਉਲੇਖ ਕੀਤਾ ਮਿਲਦਾ ਹੈ ਤੇ ਸਤਿਨਾਮੁ ਤੋਂ ਆਰੰਭ ਹੋ ਕੇ ਗੁਰਪ੍ਰਸਾਦਿ ਤਕ ਦਾ ਪਾਠ ਹੇਠਲੀਆਂ ਪੰਗਤੀਆਂ ਵਿਚ ਕ੍ਰਮਵਾਰ ਲਿਖਿਆ ਗਿਆ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਅਤੇ ਅੱਜ ਵੀ ਹਰ ਹਕੂਮਤ ਦਾ ਆਪੋ ਆਪਣਾ ਝੰਡਾ ਜਾਂ ਨਿਸ਼ਾਨ ਹੁੰਦਾ ਹੈ। ਝੰਡੇ ਦੀ ਪਹਿਚਾਣ ਤੋਂ ਹੀ ਹਕੂਮਤ ਦਾ ਪਤਾ ਲਗਦਾ ਹੈ। ਇਸੇ ਤਰ੍ਹਾਂ ਹਰ ਧਰਮ ਦਾ ਫੈਲਾਉ ਵੀ ਰਾਜਿਆਂ ਦੇ ਰਾਜ ਵਾਂਗੂ ਹੀ ਹੁੰਦਾ ਹੈ "ਨਾਨਕ ਰਾਜ ਚਲਾਇਆ ਸਚੁ ਕੋਟੁ ਸਤਾਣੀ ਨੀਂਵਦੇ" ਗੁਰੂ ਨਾਨਕ ਮਤ ਨੂੰ ਹਕੂਮਤੀ ਰਾਜ ਦੀ ਤੁਲਨਾ ਅਨੇਕ ਥਾਈਂ ਦਿਤੀ ਗਈ ਹੈ। ਗੁਰੂ ਪਰੰਪਰਾ ਵਿਚ ਆਰੰਭ ਤੋਂ ਹੀ ੧ੳ ਨੂੰ ਸਰਬ ਸ਼ਰੋਮਣੀ ਮੰਨਿਆ ਗਿਆ ਹੈ। ਅੱਜ ਵੀ ਕਈ ਥਾਈਂ ਗਰਦੁਆਰਿਆਂ ਦੇ ਝੰਡਿਆਂ ਉਪਰ ੧ੳ ਨਿਸ਼ਾਨ ਵਜੋਂ ਵਰਤਿਆ ਜਾਂਦਾ ਹੈ। ਨਿਰਸੰਦੇਹ ਗੁਰਦਵਾਰਿਆਂ ਨੂੰ ਦੂਸਰੀਆਂ ਇਮਾਰਤਾਂ ਨਾਲੋਂ ਨਿਖੇੜਨ ਲਈ ਤੇ ਧਰਮ-ਮੰਦਿਰ ਦੀ ਨਿਸ਼ਾਨੀ ਦੇਣ ਲਈ ਝੰਡਾ ਬਹੁਤ ਉੱਚਾ ਕਰ ਕੇ ਲਗਾਇਆ ਜਾਂਦਾ ਹੈ। ਬਾਹਰੋਂ ਨਵੇਂ ਆਏ ਯਾਤਰੀ ਲਈ ਝੰਡਾ ਇਕ ਨਿਸ਼ਾਨੀ ਦਾ ਕੰਮ ਦੇਂਦਾ ਰਿਹਾ ਹੈ। ਬਾਅਦ ਵਿਚ ਝੰਡੇ ਨੂੰ ਗੁਰੂ ਘਰ ਵਿਚ ਅਦਬ ਨਾਲ ਨਿਸ਼ਾਨ ਸਾਹਿਬ ਕਰਕੇ ਪੁਕਾਰਿਆ ਜਾਣ ਲਗਾ ਜੋ ਅੱਜ ਤਕ ਵੀ ਪ੍ਰਚਲਿਤ ਹੈ। ਜਿਵੇਂ ਝੰਡੇ ਦਾ ਨਾਮ ਹੌਲੀ ਹੌਲੀ ਨਿਸ਼ਾਨ ਸਾਹਿਬ ਪੈ ਗਿਆਂ। ਇਸੇ ਤਰ੍ਹਾਂ ਸਮੇਂ ਨਾਲ ਝੰਡੇ ਵਿਚ ਲਿਖਿਆ ਜਾਂਦਾ ੧ੳ ਤਬਦੀਲ ਹੁੰਦਾ ਹੁੰਦਾ ਖੰਡੇ ਦਾ ਨਿਸ਼ਾਨ ਬਣ ਗਿਆ। ਨਿਰਸੰਦੇਹ ਇਸ ਵਿਚ ਕੁਝ ਕੁ ਇਤਿਹਾਸਕ ਕਾਰਣ ਵੀ ਹਨ। ੧ੳ ਤੋਂ ਖੰਡੇ ਦੀ ਯਾਤਰਾ ਤਕ ਪਹੁੰਚਣ ਲਈ ਇਕ ਵਖਰੇ ਲੇਖ ਦੀ ਲੋੜ ਹੈ ਇਥੇ ਇਤਨਾ ਸੰਕੇਤ ਹੀ ਕਾਫੀ ਹੈ, ਝੰਡੇ ਦੀ ਸ਼ਾਨ ਹਰ ਦੇਸ ਵਿਚ ਸਰਬ ਸ਼ਰੋਮਣੀ ਹੁੰਦੀ ਹੈ। ਇਸੇ ਤਰ੍ਹਾਂ ਸ੍ਰੀ ਆਦਿ ਗ੍ਰੰਥ ਵਿਚ ੧ੳ ਨੂੰ ਸਭ ਤੋਂ ਉਚੇਰਾ ਸਥਾਨ ਪ੍ਰਾਪਤ ਹੈ। ੧ੳ ਦਾ ਨਿਸ਼ਾਨ ਪਹਿਲੇ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤਕ ਚਲਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦੇ ਹਸਤ ਲਿਖਤ ਨਿਸ਼ਾਨ ਵਿਚ ਵੀ ੧ੳ ਮੌਜੂਦ ਹੈ। ਗੁਰੂਆਂ ਤੋਂ ਬਾਅਦ ਬੰਦਾ ਬਹਾਦਰ ਨੇ ਵੀ ਇਸ ਨਿਸ਼ਾਨ ਦੀ ਵਰਤੋਂ ਆਪਣੇ ਹੁਕਮਨਾਮਿਆਂ ਵਿਚ ਕੀਤੀ। (ਦੇਖੋ ਹੁਕਮਨਾਮੇ, ਸੰਪਾਦਕ ਡਾ: ਗੰਡਾ ਸਿੰਘ) ਤੇ ਅੱਜ ਵੀ ਇਹ ਪਰੰਪਰਾ ਕਾਇਮ ਹੈ। ਸ੍ਰੀ ਅਕਾਲ ਤਖ਼ਤ ਤੋਂ ਜਾਰੀ ਕੀਤੇ ਜਾਂਦੇ ਹਰ ਹੁਕਮਨਾਮੇ ਉਪਰ ੧ੳ ਦੀ ਵਰਤੋਂ ਕੀਤੀ ਜਾਂਦੀ ਹੈ। ਹੁਣ ਤਾਂ ੧ੳ ਸਿੱਖ ਧਰਮ ਵਿਚ ਇਕ ਨਿਸ਼ਾਨ ਅਥਵਾ ਧਾਰਮਿਕ ਚਿੰਨ੍ਹ ਦੇ ਰੂਪ ਵਿਚ ਸਰਬ ਪ੍ਰਵਾਨ ਹੈ। ਗੁਰੂ ਅਨੁਯਾਈ ਲਿਖਦੇ ਸਮੇਂ ਸਭ ਤੋਂ ਪਹਿਲਾਂ ਉਪਰ ੧ੳ ਲਿਖਦੇ ਹਨ। ਉਂਝ ਅਜਿਹੇ ਧਾਰਮਿਕ ਚਿੰਨ੍ਹ ਹਰ ਮਜ਼ਹਬ ਦੇ ਆਪੋ ਆਪਣੇ ਹੁੰਦੇ ਹਨ ਜੇਹਾ ਕਿ ਹਿੰਦੂਆਂ ਦਾ ॐ ਤੇ ਇਸਾਈਆਂ ਦਾ + ਤੇ ਮੁਸਲਮਾਨਾਂ ਦਾ 786 ਆਦਿ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰਮਤਿ ਵਿਚ ਸਰਬ ਪ੍ਰਵਾਣਿਤ ਨਿਸ਼ਾਨ ੧ੳ ਦਾ ਸੰਬੰਧ ਮੰਗਲ ਨਾਲ ਕਿਵੇਂ ਹੋਇਆ ? ਸ੍ਰੀ ਆਦਿ ਗ੍ਰੰਥ ਵਿਚ ਅੰਕਿਤ ਸਭ ਮੰਗਲਾਂ ਦੇ ਆਰੰਭ ਵਿਚ ੧ੳ ਅੰਕਿਤ ਕੀਤਾ ਗਿਆ ਹੈ। ਕੀ ੧ੳ ਦੀ ਵਰਤੋਂ ਜਦੋਂ ਅਸੀਂ ਮੰਗਲ ਦੇ ਅਰਥਾਂ ਵਿਚ ਕਰਦੇ ਹਾਂ ਉਦੋਂ ਤੇ ਜਦੋਂ ਇਸ ਦੀ ਵਰਤੋਂ ਇਕ ਨਿਸ਼ਾਨ ਦੇ ਤੌਰ ਤੇ ਕੀਤੀ ਜਾਂਦੀ ਹੈ, ਦੋਹਾਂ ਵਿਚ ਕੋਈ ਤਾਂਤਵਿਕ ਭੇਦ ਪੈਦਾ ਹੋ ਜਾਂਦਾ ਹੈ ? ਉੱਤਰ ਹੋਵੇਗਾ ਨਹੀਂ। ੧ੳ ਮੰਗਲ ਰੂਪ ਵਿਚ ਅੱਗੇ ਚਲ ਕੇ ਵਿਚਾਰਿਆ ਜਾਵੇਗਾ, ਹਾਲ ਦੀ ਘੜੀ ਦੀ ਮਹੱਤਤਾ ਨਿਸ਼ਾਨ ਕਰਕੇ ਵਿਚਾਰਨੀ ਹੀ ਉੱਚਿਤ ਹੈ। ਅਸਲ ਵਿਚ ੧ੳ ਗੁਰਮਤਿ ਸਿਧਾਂਤ ਦਾ ਪ੍ਰਤੀਕ ਹੈ ਤੇ ਸਾਰੀ ਬਾਣੀ ਵਿਚੋਂ ਸਰਬ ਸਰੋਮਣੀ ਹੈ। ਜਿਵੇਂ ਹਰ ਹਕੂਮਤ ਵਿਚ ਝੰਡੇ ਨੂੰ ਸਭ ਤੋਂ ਉਪਰ ਮੰਨਿਆ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਮਤ ਵਿਚ ੧ੳ ਨੂੰ ਸਰਬ ਪ੍ਰਥਮ ਸਥਾਨ ਪ੍ਰਾਪਤ ਹੈ। ਮੰਗਲ ਲੇਖਨ-ਵਿਧੀ ਵਿਚ ੧ੳ ਨੂੰ ਸਭ ਤੋਂ ਉਚੇਰਾ ਰਖਿਆ ਗਿਆ ਹੈ।

ਹੁਣ 'ੳਅੰਕਾਰ' ਸ਼ਬਦ ਬਾਰੇ ਵਿਚਾਰ ਚਰਨੀ ਵੀ ਉਚਿਤ ਹੈ। ੳਅੰ ਨਿਸ਼ਾਨ ਦਾ ਮੂਲ ਰੂਪ ਹੈ। ਇਸ ਦੇ ਨਾਲ ਲਗਾ 'ਕਾਰ' ਪ੍ਰਤੇਯ ਦੀ ਵਰਤੋਂ ਕਰਨ ਨਾਲ ੧ੳ ਇਕ ਅੱਖਰ ਬਣ ਜਾਂਦਾ ਹੈ। ਸੰਸਕ੍ਰਿਤ ਦੀ ਵਰਣਮਾਲਾ ਵਿਚ ਹਰ ਇਕ ਵਰਣ ਦੇ ਪਿੱਛੇ ਕਾਰ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਹਾ ਕਿ ਕ ਨੂੰ ਕਕਾਰ ਤੇ ਖ ਨੂੰ ਖਕਾਰ ਉਚਾਰਣ ਕਰਨਾ। ਇਸੇ ਤਰ੍ਹਾਂ ਓਅੰ ਦੇ ਨਾਲ ਕਾਰ ਦੀ ਵਰਤੋਂ ਕਰਨ ਕਰਕੇ ਇਸ ਦਾ ਉਚਾਰਣ ਇਕ ਅੱਖਰ ਅਰਥਾਤ ਓਅੰਕਾਰ ਹੋ ਗਿਆ ਹੈ। ਸਾਡੇ ਮਤ ਦੀ ਪੁਸ਼ਟੀ ਪ੍ਰਸ਼ਨ ਉਪਨਿਸ਼ਦ ਦੇ ਪੰਜਵੇਂ ਪ੍ਰਸ਼ਨ ਤੋਂ ਵੀ ਹੋ ਜਾਂਦੀ ਹੈ—ਓਅੰਕਾਰ ਮਿਤੀ ਕਾਕਸ਼ਰੰ

ਇਸ ਦਾ ਸੰਧੀ ਅਵਛੇਦ ਰੂਪ ਹੋਵੇਗਾ "ਓਅੰਕਾਰ ਇਤੀ ਕਾਕਸ਼ਰੰ"[6] ਸਪਸ਼ਟ ਹੈ, ਓਅੰਕਾਰ ਇਕ ਅੱਖਰ ਕਰਕੇ ਹੀ ਪੜ੍ਹਨਾ ਵਾਹੀਦਾ ਹੈ। ਸ੍ਰਿਸ਼ਟ-ਰਚਨਾ ਵੇਲੇ ਜੋ ਸਭ ਤੋਂ ਪਹਿਲਾ ਬ੍ਰਹਮ-ਨਾਦ ਹੋਇਆ ਉਹ ਓਅੰ ਹੀ ਸੀ। ਇਸ ਤੱਥ ਦੀ ਪੁਸ਼ਟੀ ਇਸਲਾਮ ਮਤ ਵੀ ਕਰਦਾ ਹੈ। ਕੁਰਾਨ ਮਜੀਦ ਦੇ ਆਰੰਭ ਵਿਚ ਅਲਮ ਸ਼ਬਦ ਦੀ ਵਰਤੋਂ ਕੀਤੀ ਗਈ ਤੇ ਨਾਲ ਹੀ ਇਸ ਦਾ ਵੇਰਵਾ ਵੀ ਦਰਜ ਹੈ। ਅਲਫ ਲਾਮ ਅਤੇ ਮੀਮ ਇਹ ਵੀ ਓਅੰਕਾਰ ਵਾਂਗ ਤ੍ਰਿਮਾਤਰ ਸ਼ਬਦ ਹੈ ਜੋ ਬ੍ਰਹਮ ਦੇ ਪ੍ਰਣਵ ਨਾਦ ਦਾ ਸੂਚਕ ਹੈ। ਗੁਰੂ ਨਾਨਕ ਇਸੇ ਨੂੰ ਕੀਤਾ ਪਸਾਉ ਏਕੋ ਕਵਾਉ' ਤੇ ਗੁਰੂ ਗੋਬਿੰਦ ਸਿੰਘ 'ਪ੍ਰਣਵੋ ਆਦਿ ਏਕੰਕਾਰਾ' ਕਹਿ ਕੇ ਇਸ ਤੱਥ ਦੀ ਪੁਸ਼ਟੀ ਕਰਦੇ ਹਨ। ਉਪਰੋਕਤ ਦੋਵੇਂ ਤੁਕਾਂਗ ਇਸ ਤੱਥ ਵਲ ਸੰਕੇਤ ਕਰਦੇ ਹਨ ਕਿ ਦ੍ਰਿਸ਼ਟਮਾਨ ਜਗਤ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਬ੍ਰਹਮ ਨੇ ਆਪ ਹੀ ਆਪਣੇ ਨਾਦ ਰਾਹੀਂ ਇਸ ਦਾ ਪਸਾਰਾ ਕੀਤਾ—

(ੳ) ਓਅੰਕਾਰ ਬ੍ਰਹਮਾ ਉਤਪਤਿ ਓਅੰਕਾਰ ਕੀਆ ਜਿਨਿ ਚਿਤਿ
ਓਅੰਕਾਰ ਬੇਦ ਨਿਰਮਏ ਓਅੰਕਾਰ ਸੈਲਿ ਜੁਗਿ ਭਏ ॥ ਗੁਰੂ ਨਾਨਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਓਅੰਕਾਰ ਆਦਿ ਕਥਨੀ ਅਨਾਦਿ ॥ ਗੁਰੂ ਗੋਬਿੰਦ ਸਿੰਘ

ਇਥੇ ਇਹ ਸੰਕੇਤ ਕਰਨਾ ਉਚਿਤ ਹੋਵੇਗਾ ਕਿ ਅੱਖਰ ਦੇ ਦੋ ਰੂਪ ਹੁੰਦੇ ਹਨ— ਉਚਾਰ ਅਤੇ ਅਕਾਰ। ਓਅੰ ਉਚਾਰ ਰੂਪ ਹੋਣ ਕਰਕੇ ਨਿਰਾਕਾਰ ਹੈ ਤੇ ਲਿਖਤ ਵਿਚ ਆਉਣ ਕਰਕੇ ਆਕਾਰ ਰੂਪ। ਉਂਞ ਇਹ ਪ੍ਰਕਿਰਿਆ ਸਭ ਪ੍ਰਕਾਰ ਦੀਆਂ ਭਾਸ਼ਾਵਾਂ ਉਪਰ ਲਾਗੂ ਹੁੰਦੀ ਹੈ। ਲਿਪੀ ਰੂਪ ਤੇ ਉਨ੍ਹਾਂ ਦੀ ਹੋਂਦ ਅਸਲੋਂ ਖਤਮ ਨਹੀਂ ਕੀਤੀ ਜਾ ਸਕਦੀ। ਫਲ ਸਰੂਪ, ਇਹ ਕਿਹਾ ਜਾ ਸਕਦਾ ਹੈ ਕਿ ਅੱਖਰ ਦਾ ਮੂਲ ਰੂਪ ਹੁੰਦਾ ਹੀ ਨਿਰਾਕਾਰ ਹੈ। ਸਾਡਾ ਇਹ ਮਤ ਕਬੀਰ-ਬਾਣੀ ਤੋਂ ਵੀ ਪੁਸ਼ਟ ਹੁੰਦਾ ਹੈ—

ਓਅੰਕਾਰ ਆਦਿ ਮੈ ਜਾਨਾ, ਲਿਖ ਅਰ ਮੇਟੈ ਤਾਹਿ ਨ ਮਾਨਾ ॥
ਓਅੰਕਾਰ ਲਖੈ ਜਉ ਕੋਈ, ਸੋਈ ਲਖ ਮੇਟਣਾ ਨ ਹੋਈ ॥

(ਗਉੜੀ ਬਾਵਨ ਅਖਰੀ ਕਬੀਰ ਜੀ)

ਉਪਰ ਕਥਿਤ ਸਾਰੀ ਚਰਚਾ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਇਕ ਅੱਖਰ ਓਅੰਕਾਰ ਹੀ ਹੈ। ਇਸ ਦੇ ਜਪਣ ਦੀ ਪ੍ਰੇਰਣਾ ਗੁਰੂ ਬਾਣੀਕਾਰਾਂ ਨੇ ਅਨੇਕ ਵਾਰ ਦਿਤੀ ਹੈ—

(ੳ)ਏਕੁ ਅੱਖਰੁ ਜੋ ਗੁਰਮੁਖਿ ਜਾਪੈ,ਤਿਸ ਕੀ ਨਿਰਮਲ ਸੋਈ ॥੭੪੭/ਆਦਿ ਗ੍ਰੰਥ
(ਅ) ਏਕ ਅੱਖਰੁ ਹਰਿ ਮਨਿ ਬਸਤ, ਨਾਨਕ ਹੋਤ ਨਿਹਾਲ ॥ ੨੬੧/ਆਦਿ ਗ੍ਰੰਥ

ਸੰਖੇਪ ਵਿਚ, ੧ੳ ਸਿੱਖ ਧਰਮ ਦਾ ਨਿਸ਼ਾਨ ਵੀ ਹੈ ਤੇ ਮੰਗਲ ਚੀ। ਨਿਸ਼ਾਨ ਦਾ ਲਿਖਤੀ ਰੂਪ ੧ੳ ਹੀ ਹੈ ਤੇ ਇਸ ਪਿੱਛੇ ਕੰਮ ਕਰ ਰਿਹਾ ਦਾਰਸ਼ਨਿਕ ਸਿਧਾਂਤ ਅਦਵੈਤ ਹੈ। ੧ੳ ਦੀ ਸਿਧਾਂਤਕ ਵਿਆਖਿਆ ਮੰਗਲ ਸਿਰਲੇਖ ਹੇਠ ਕੀਤੀ ਗਈ ਹੈ। ੧ੳ ਓਅੰ ਅਤੇ ਓਅੰਕਾਰ ਦਾ ਹੀ ਸੰਖੇਪ ਰੂਪ ਹੈ। ਓਅੰ ਅਤੇ ਓਅੰਕਾਰ ਦੀ ਵਰਤੋਂ ਗੀਤਾ ਅਤੇ ਉਪਨਿਸ਼ਦ ਦੋਹਾਂ ਨੇ ਕੀਤੀ ਹੈ ਪਰ ੧ੳ ਦਾ ਲਿਖਤ ਤੇ ਸਿਧਾਂਤਕ ਰੂਪ ਗੁਰੂ ਨਾਨਕ ਦਾ ਆਪਣਾ ਖ਼ਾਲਸ ਅੰਦਾਜ਼ ਹੈ। ਕੁਲ ਮਿਲਾ ਕੇ, ਇਹ ਸਿੱਖ ਧਰਮ ਦਾ ਚਿੰਨ੍ਹ ਵੀ ਹੈ, ਮੰਗਲ ਵੀ ਤੇ ਸਿਧਾਂਤ ਵੀ।

ਹੁਣ ਓਅੰ ਸ਼ਬਦ ਬਾਰੇ ਵੀ ਦੋ ਚਾਰ ਗੱਲਾਂ ਕਰਨੀਆਂ ਉਚਿਤ ਹਨ। ਬ੍ਰਹਮ ਦੇ ਪ੍ਰਥਮ ਨਾਮ ( ਓਅੰ ) ਦਾ ਸੰਕੇਤ ਲਗਭਗ ਸਭ ਧਰਮਾਂ ਨੇ ਕੀਤਾ ਹੈ। ਪਰ ਇਸਦੀ ਵਿਆਖਿਆ ਦਾ ਰੂਪ ਇਕ ਨਹੀਂ ਬਲਕਿ ਇਹ ਵਿਆਖਿਆ ਅਨੇਕ ਮੁਖ ਹੈ। ਗੁਰੂ ਨਾਨਕ ਦੇਵ ਦੀ ਪੰਕਤੀ 'ਨਾਨਕ ਆਖਣ ਸਭ ਕੋ ਆਖੈ ਇਕ ਦੂ ਇਕ ਸਿਆਣਾ' ਤੋਂ ਸਾਡਾ ਮਤ ਹੋਰ ਵੀ ਪੁਸ਼ਟ ਹੈ। ਇਥੇ ਇਸ ਪੰਕਤੀ ਨੂੰ ਸਮਝਣਾ ਉਚਿਤ ਹੋਵੇਗਾ—

ਨਾਨਕ—ਨ ਅਨਿਕ ਜਿਸ ਵਿਚ ਅਨੇਕਪਨ ਨਹੀਂ, ਦੂਸਰੇ ਸ਼ਬਦਾਂ ਵਿਚ ਬ੍ਰਹਮ।
ਆਖਣ—ਪ੍ਰਥਮ ਬੋਲ ਓਅੰਕਾਰ
ਸਭ ਕੋ ਆਖੈ—ਵੇਦ ਸ਼ਾਸਤਰ, ਪੁਰਾਣ ਅਥਵਾ ਇਨ੍ਹਾਂ ਦੀ ਵਿਆਖਿਆ, ਜਿਵੇਂ ਕਿ ਵੇਦਾਂਤ ਸੂਤਰ (ਬ੍ਰਹਮ ਸੂਤਰ) ਉਨ੍ਹਾਂ ਦੇ ਟੀਕੇ, ਟੀਕਿਆਂ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼, ਭਾਸ਼ ਦੇ ਭਾਸ਼ ਤੇ ਅਗੋਂ ਉਨ੍ਹਾਂ ਦੇ ਹੋਰ ਖੁਲਾਸਿਆਂ ਨੇ ਬ੍ਰਹਮ ਦੇ ਪ੍ਰਥਮ ਬੋਲ ਓਅੰ ਦੀ ਵਿਆਖਿਆ ਇਕ ਦੂਜੇ ਤੋਂ ਵਧ ਸਿਆਣੇ ਬਣ ਕੇ ਕੀਤੀ ਹੈ।

ਓਅੰ ਸਿਧਾਂਤ ਅਥਵਾ ਬ੍ਰਹਮ ਸੂਤਰਾਂ ਉਪਰ ਅਨੇਕ ਗ੍ਰੰਥ ਬੇਅੰਤ ਆਚਾਰੀਆਂ ਨੇ ਆਪੋ ਆਪਣੀ ਦ੍ਰਿਸ਼ਟੀ ਅਨੁਸਾਰ ਲਿਖੇ ਹਨ। ਇਸ ਬਹੁ ਪ੍ਰਕਾਰੀ ਵਿਆਖਿਆ ਨੇ ਕੁਝ ਕੁ ਸੰਸੇ ਵੀ ਪੈਦਾ ਕੀਤੇ ਹਨ। ਉਪਨਿਸ਼ਦ ਵਿਵੇਚਨ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਓਅੰਕਾਰ ਸ਼ਬਦ ਦੀ ਵਰਤੋਂ ਉਪਨਿਸ਼ਦਕਾਰਾਂ ਨੇ ਵੀ ਕੀਤੀ ਸੀ, ਪਰ ਇਸ ਦੀ ਸਹੀ ਵਿਆਖਿਆ ਦੀ ਅਣਹੋਂਦ ਨੇ ਵਿਦਵਾਨਾਂ ਅਤੇ ਜਨ ਸਾਧਾਰਣ ਵਿਚ ਕਈ ਤਰ੍ਹਾਂ ਦੇ ਭੁਲੇਖੇ ਪਾਈ ਰੱਖੇ। ਵੇਦਾਂਤ ਨੇ ਬ੍ਰਹਮ ਅਤੇ ਮਾਇਆ ਦੋਹਾਂ ਨੂੰ ਨਿਰਾਕਾਰ ਅਤੇ ਅਨਾਦੀ ਮੰਨਿਆ ਹੈ। ਵੇਦਾਂਤ ਆਚਾਰੀਆ ਨੇ ਬ੍ਰਹਮ ਅਤੇ ਮਾਇਆ ਦੇ ਸੰਬੰਧ ਨੂੰ ਤੀਸਰਾ ਰੂਪ ਦਿਤਾ ਹੈ, ਜਿਸ ਨੂੰ ਉਨ੍ਹਾਂ ਨੇ ਮਾਇਆ ਸਬਲ ਈਸ਼ਵਰ ਦੀ ਉਪਾਧੀ ਦਿਤੀ ਹੈ। ਗੁਰਮਤਿ ਵਿਚ ਬ੍ਰਹਮ ਦੀ ਇਸੇ ਅਵਸਥਾ ਨੂੰ ਸਰਗੁਣ ਦਾ ਨਾਮ ਦਿਤਾ ਗਿਆ ਹੈ। ਹੁਣ ਇਕ ਹੋਰ ਭੁਲੇਖਾ ਉਪਜਦਾ ਹੈ ਕੀ ਬ੍ਰਹਮ ਅਤੇ ਮਾਇਆ ਦੋ ਵਿਭਿੰਨ ਸ਼ਕਤੀਆਂ ਹਨ ? ਗੁਰੂ ਨਾਨਕ ਦੀਆਂ ਇਨ੍ਹਾਂ ਪੰਕਤੀਆਂ—

ਆਪੀਨੈ ਆਪ ਸਾਜਿਓ ਆਪੀਨੈ ਰਚਿਉ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ੪੬੨/ਆਦਿ ਗ੍ਰੰਥ

ਤੋਂ ਇਸ ਸ਼ੰਕੇ ਦਾ ਸਮਾਧਾਨ ਹੋ ਜਾਂਦਾ ਹੈ। ਪਹਿਲੇ ਗੁਰੂ ਅਨੁਸਾਰ ਬ੍ਰਹਮ ਆਪ ਹੀ ਆਪਣੇ ਆਪ ਨੂੰ ਨਿਰਾਕਾਰ ਤੋਂ ਆਕਾਰ ਰੂਪ ਕਰਦਾ ਹੈ। ਆਪ ਹੀ ਆਪਣਾ ਨਾਮ 'ਸਤਿਨਾਮ' ਰੱਖਦਾ ਹੈ ਤੇ ਆਪ ਹੀ ਆਪਣੇ ਤੋਂ ਦੂਸਰੀ ਸ਼ਕਤੀ ਕੁਦਰਤ ਜਾਂ ਮਾਇਆ ਦੀ ਹੋਂਦ ਬਣਾਈ ਹੈ। ਆਪ ਉਪਾਈ ਮਾਇਆ ਤੋਂ ਉਹ ਭਿੰਨ ਨਹੀਂ ਸਗੋਂ ਜਗਤ ਦੇ ਵਿਭਿੰਨ ਵਜੂਦਾਂ ਵਿਚ ਮੌਜੂਦ ਹੁੰਦਾ ਹੋਇਆ ਵੀ ਜਗਤ ਤੋਂ ਭਿੰਨ ਹੈ। ਉਹ ਜਗਤ ਵਿਚ ਵਿਆਪਕ ਵੀ ਹੈ ਤੇ ਭਿੰਨ ਵੀ। ਜਗਤ ਦਾ ਜੋ ਭਾਗ ਦਿਖਾਈ ਦੇ ਰਿਹਾ ਹੈ ਉਸ ਸਭ ਵਿਚ ਉਹ ਵਿਦਮਾਨ ਹੈ। ਗੁਰੂ ਨਾਨਕ ਵੇਦਾਂਤੀਆਂ ਵਾਂਗੂ ਮਾਇਆ ਨੂੰ ਅਨਾਦੀ ਨਹੀਂ, ਸਗੋਂ ਇਸ ਨੂੰ ਬ੍ਰਹਮ ਦੀ ਸਿਰਜਨਾ ਹੀ ਮੰਨਦੇ ਹਨ।

ਹੁਣ ਕ੍ਰਮਵਾਰ ਮੰਗਲ-ਵਿਵੇਚਨ ਪੇਸ਼ ਕਰਨਾ ਉਚਿਤ ਹੈ।

ਮੰਗਲ ਅੰਕ ੧ : ੧ੴ

ਤਿੰਨ ਤਰ੍ਹਾਂ ਦੇ ਭੇਦ ਰਹਿਤ ਜੋ ਵਸਤੂ ਹੈ, ਉਹ ੧ ਹੈ। ਇਹ ਤਿੰਨ ਭੇਦ ਹਨ—

ਸਜਾਤੀ : ਜੋ ਆਪਣੀ ਹੀ ਜਾਤ ਦਾ ਹੋਵੇ ਜਿਵੇਂ ਮਨੁੱਖ-ਮਨੁੱਖ।

ਬਿਜਾਤੀ : ਜੋ ਦੂਸਰੀ ਜਾਤ ਦਾ ਹੋਵੇ ਜਿਵੇਂ ਮਨੁੱਖ ਅਤੇ ਪਸੂ !

ਸਵੈਗਤ : ਜੋ ਭੇਦ ਆਪਣੇ ਆਪ ਵਿਚ ਹੀ ਹੋਵੇ। ਦੂਸਰੇ ਸ਼ਬਦਾਂ ਵਿਚ ਜਿਸ ਭੇਦ ਕਾਰਣ ਅਸਲੀਅਤ ਲੁਪਤ ਹੋ ਜਾਵੇ ਜਿਹਾ ਕਿ ਸਰੀਰ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਗਾਂ ਦੇ ਭੇਦ ਕਰਕੇ ਵਿਅਕਤੀਗਤ ਸਰੀਰ ਦਾ ਨਾਮ ਵਿਸ਼ੇਸ਼ ਲੁਪਤ ਹੋ ਜਾਂਦਾ ਹੈ ।

੧ ਅੰਕ ਇਨ੍ਹਾਂ ਤਿੰਨਾਂ ਭੇਦਾਂ ਤੋਂ ਮੁਕਤ ਹੈ ਤੇ ਬ੍ਰਹਮ ਦਾ ਪ੍ਰਤੀਕ ਵੀ । ਵਿਆਕਰਣ ਅਨੁਸਾਰ ਓਅੰ ਦੀ ਉਤਪਤੀ ਅਵ ਧਾਤੂ ਤੋਂ ਮੰਨੀ ਗਈ ਹੈ, ਜਿਸ ਦਾ ਅਰਥ ਹੈ ਰਖਿਆ ਕਰਨਾ । ਸੰਖੇਪ ਵਿਚ,ਇਕ ਬ੍ਰਹਮ ਹੀ ਜਗਤ ਦਾ ਸ੍ਰਿਸ਼ਟਾ ਵੀ ਹੈ ਤੇ ਰਖਿਅਕ ਵੀ । ੧ੴ-ਮੰਗਲ ਪ੍ਰਭੂ ਰੱਖਿਅਕ ਯਾਚਨਾ ਦਾ ਸੰਕੇਤਕ ਹੈ । ਇਸੇ ਕਰਕੇ ਕੁਝ ਟੀਕਾਕਾਰਾਂ ਨੇ ਇਸ ਨੂੰ ਰੱਖਿਆ ਦਾ ਮੰਤ੍ਰ ਵੀ ਕਿਹਾ ਹੈ । ਸ਼ਾਇਦ, ਇਸੇ ਲਈ ੧ੴ ਨੂੰ ਬਾਕੀ ਦੇ ਸਾਰੇ ਮੰਗਲ-ਪਾਠ ਭੇਦਾਂ ਦੇ ਆਰੰਭ ਵਿਚ ਰਖਣਾ, ਉਚਿਤ ਸਮਝਿਆ ਗਿਆ ਹੈ । ਕੁਲ ਮਿਲਾ ਕੇ, ੧ ਅੰਕ ਬ੍ਰਹਮ ਦੇ ਸਰੂਪ ਦਾ ਪ੍ਰਤੀਕ ਹੈ ਤੇ ੴ ਜਗਤ ਦਾ ਪਹਿਲਾ ਸ਼ਬਦ ਅਥਵਾ ਬ੍ਰਹਮਨਾਦ-ਰੂਪ । ੴ ਤੋਂ ਹੀ ਜਗਤ ਦੀ ਉਤਪਤੀ ਮੰਨੀ ਗਈ ਹੈ । ੧ੴ ਬ੍ਰਹਮ ਤੇ ਬ੍ਰਹਿਮੰਡ ਦੋਹਾਂ ਦੀ ਸਮੁੱਚੀ ਅਕਾਰ-ਹੋਂਦ ਦਾ ਪ੍ਰਤੀਕ ਹੋਣ ਕਰਕੇ ਹੀ ਸਰਬ ਸ੍ਰੇਸ਼ਟ ਹੈ ।

ਮੰਗਲ ਅੰਕ 2 : ੧ੴ ਸਤਿਗੁਰ ਪ੍ਰਸਾਦਿ ॥

ਇਸ ਮੰਗਲ ਦੀ ਵਰਤੋਂ ਆਦਿ ਗ੍ਰੰਥ ਵਿਚ 519 ਵੇਰਾਂ ਅਥਵਾ ਸਭਤੋਂ ਜ਼ਿਆਦਾ ਕੀਤੀ ਗਈ ਹੈ ਜਿਸਦਾ ਵੇਰਵਾ ਇਸ ਪ੍ਰਕਾਰ ਹੈ—

| ਰਾਗ | ਅੰਕ-ਸੰਖਿਆ | ਰਾਗ | ਅੰਕ-ਸੰਖਿਆ |
|---|---|---|---|
| ਸਿਰੀ | ੧੨ | ਨਟ | ੫ |
| ਮਾਝ | ੪ | ਮਾਲੀਗਉੜਾ | ੩ |
| ਗਉੜੀ | ੩੮ | ਮਾਰੂ | ੩੭ |
| ਆਸਾ | ੫੯ | ਤੁਖਾਰੀ | ੩ |
| ਗੂਜਰੀ | ੩੧ | ਕੇਦਾਰਾ | ੯ |
| ਬਿਹਾਗੜਾ | ੪ | ਭੈਰਉ | ੧੬ |
| ਵਡਹੰਸ | ੧੪ | ਬਸੰਤ | ੨੧ |
| ਸੋਰਠ | ੧੯ | ਸਾਰੰਗ | ੨੧ |
| ਧਨਾਸਰੀ | ੨੬ | ਮਲਾਰ | ੧੮ |
| ਜੈਤਸਰੀ | ੧੦ | ਕਾਨੜਾ | ੧੫ |
| ਟੋਡੀ | ੮ | ਕਲਿਆਨ | ੪ |
| ਬੈਰਾੜੀ | ੯ | ਪਰਭਾਤੀ | ੧੨ |
| ਸੂਹੀ | ੪੩ | ਗਾਥਾ | ੫ |
| ਬਿਲਾਵਲ | ੩੦ | ਸਵੈਯੇ | ੧੦ |
| ਗੋਂਡ | ੩੩ | | |
| | | ਜੋੜ — | ੫੧੯ |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ ਸਤਿਗੁਰ ਪ੍ਰਸਾਦਿ ਜਪੁਜੀ ਦੇ ਆਰੰਭ ਵਿਚ ਹੂਬਹੂ ਇਸੇ ਸ਼ਕਲ ਵਿਚ ਨਹੀਂ ਆਇਆ। ਇਸ ਪਾਠ ਦੀ ਇਹ ਸ਼ਕਲ ਕੇਵਲ ਮੰਗਲ-ਸਿਰਲੇਖਾਂ ਵਿਚ ਹੀ ਆਈ ਹੈ। ਸ੍ਰੀ ਆਦਿ ਗ੍ਰੰਥ ਵਿਚ ਇਸ ਮੰਗਲ ਦਾ ਦੁਹਰਾਉ ਬਾਰੰਬਰ ਕੀਤਾ ਗਿਆ ਹੈ। ੴ ਮੰਗਲ ਤੋਂ ਸਪਸ਼ਟ ਹੋ ਚੁੱਕਾ ਹੈ ਕਿ ਬ੍ਰਹਮ ਹੀ ਸ੍ਰਿਸ਼ਟੀ ਦਾ ਉਤਪਾਦਕ ਅਤੇ ਰੱਖਿਅਕ ਹੈ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕੀ ਜਗਤ-ਰਚਨਾ ਕਰਨ ਤੋਂ ਬਾਅਦ, ਬ੍ਰਹਮ ਵਿਚ ਕਿਸੇ ਤਰ੍ਹਾਂ ਦਾ ਅੰਤਰ, ਭਿੰਨਤਾ ਜਾਂ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਆਉਂਦੀ ਹੈ ? ਸਤਿਗੁਰ ਪ੍ਰਸਾਦਿ ਬ੍ਰਹਮ ਦੇ ਸਰੂਪ-ਲੱਛਣ ਦੀ ਰਤਾ ਕੁ ਖੁਲਾਸੀ ਵਿਆਖਿਆ ਕਰਦਾ ਹੈ। ਇਹ ਬ੍ਰਹਮ ਦੀ ਸਤਿ-ਚਿਤ-ਆਨੰਦ ਅਵਸਥਾ ਦਾ ਪ੍ਰਤੀਕ ਹੈ। ਗੁਰੂ ਨਾਨਕ ਦੇਵ ਨੇ ਇਸ ਸੰਕਲਪਨਾ ਦੀ ਵਿਆਖਿਆ—

ਸੁਅਸਥ ਆਥ ਬਾਣੀ ਬਰਮਾਉ, ਸਤਿ ਸੁਹਾਣ ਸਦਾ ਮਨ ਚਾਉ ॥

ਦੇ ਸ਼ਬਦਾਂ ਵਿਚ ਕੀਤੀ ਗਈ ਹੈ। ਇਥੇ ਇਨ੍ਹਾਂ ਪੰਕਤੀਆਂ ਨੂੰ ਸਮਝ ਲੈਣਾ ਉਚਿਤ ਹੋਵੇਗਾ—

ਸੁਅਸਥ — ਕਲਿਆਣਸਰੂਪ ਬ੍ਰਹਮ
ਆਥ — ਮਾਇਆ
ਬਾਣੀ — ਪਹਿਲਾ ਬ੍ਰਹਮੀ ਨਾਦ—ਓਅੰ
ਬਰ — ਸ੍ਰੇਸਟ
ਮਾਉ — ਅਨਵੈਰ ਰੀਤੀ ਅਨੁਸਾਰ ਤਿੰਨ ਅੱਖਰ ਮਾਉ ਮ-ਅ-ਓ ਦੀ ਦੀ ਤਰਤੀਬ ਬਦਲ ਕੇ ਓ-ਅ-ਮ ਬਣ ਜਾਂਦਾ ਹੈ। ਸਪਸ਼ਟ, ਓਅਮ ਭਾਵ ਓਅੰਕਾਰ ਬਾਣੀ ਦੁਆਰਾ ਜਗਤ ਦੀ ਰਚਨਾ ਕਰਨ ਤੋਂ ਬਾਅਦ ਵੀ ਬ੍ਰਹਮ ਸਰਬਕਾਲੀ (ਸਤਿ) ਸੁੰਦਰ (ਸੁਹਾਣ) ਨਿੱਤ ਆਨੰਦ ਰੂਪ (ਸਦਾਮਨ ਚਾਉ) ਹੈ।

ਦੂਸਰੇ ਸ਼ਬਦਾਂ ਵਿਚ ਜਗਤ-ਰਚਨਾ ਕਰਨ ਉਪਰੰਤ ਵੀ ਬ੍ਰਹਮ ਵਿਚ ਪਰਿਣਮਵਾਦ (ਤਬਦੀਲੀ) ਨਹੀਂ ਆਉਂਦਾ। ਗੁਰੂ ਨਾਨਕ ਅਨੁਸਾਰੀ ਗੁਰੂ ਅਰਜਨ ਦੇਵ ਨੇ ਇਸ ਸੰਕਲਪਨਾ ਨੂੰ ਸਤਿਗੁਰ ਪ੍ਰਸਾਦਿ ਦੇ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਇਸ ਮੰਗਲ ਦੀ ਮਹੱਤਤਾ ਦੂਹਰੀ ਹੈ। ਇਕ ਤਾਂ ਇਹ ਬ੍ਰਹਮ ਦੇ ਸਰੂਪ-ਲੱਛਣ ਨੂੰ ਦ੍ਰਿੜ੍ਹ ਕਰਾਉਂਦਾ ਹੈ। ਦੂਜਾ ੴ—ਬ੍ਰਹਮ ਸਤਿਗੁਰੂ ਦੀ ਕਿਰਪਾ ਨਾਲ ਹੀ ਜਾਣਿਆ ਜਾ ਸਕਦਾ ਹੈ। ੴ ਸਤਿਗੁਰ ਪ੍ਰਸਾਦਿ ਇਨ੍ਹਾਂ ਦੋਹਾਂ ਤੱਥਾਂ ਉਪਰ ਬਲ ਦੇਂਦਾ ਹੈ। ਤੇ, ਇਹੀ ਕਾਰਣ ਹੈ ਇਸ ਮੰਗਲ ਦੀ ਵਰਤੋਂ ਸਭ ਤੋਂ ਅਧਿਕ ਮਾਤਰਾ ਵਿਚ ਕੀਤੀ ਗਈ ਹੈ।

ਮੰਗਲ ਅੰਕ 3 : ੴ ਸਤਿਨਾਮ ਗੁਰਪ੍ਰਸਾਦਿ ॥

ਇਸ ਮੰਗਲ ਦਾ ਪ੍ਰਯੋਗ ਕੇਵਲ ਦੋ ਵਾਰੀ ਕੀਤਾ ਗਿਆ ਹੈ : ਸਿਰੀ ਰਾਗ ਵਣਜਾਰਾ ਅਤੇ ਰਾਗ ਬਿਹਾਗੜਾ ਵਿਚ।

ਇਹ ਮੰਗਲ ਬ੍ਰਹਮ ਦੇ ਸਰਬ ਪ੍ਰਥਮ ਨਾਮ ਦਾ ਸੰਕੇਤਕ ਹੈ : ਇਸ ਤੱਥ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪ੍ਰੋੜ੍ਹਤਾ ਬਾਣੀ ਤੋਂ ਵੀ ਹੋ ਜਾਂਦੀ ਹੈ : ਕਿਰਤਮ ਨਾਮ ਕਥੇ ਤੇਰੇ ਜਿਹਬਾ । ਸਤਿਨਾਮੁ ਤੇਰਾ ਪਰਾ ਪੂਰਬਲਾ ॥

ਪਰਾ ਬਾਣੀ ਤੋਂ ਪੂਰਬ ਵੀ ਬ੍ਰਹਮ ਦਾ ਨਾਮ ਸਤਿ ਹੈ । ਪਰੰਪਰਾ ਅਨੁਸਾਰ ਪਰਾ, ਪਸ਼ਯੰਤੀ, ਮਧਮਾ ਅਤੇ ਬੇਖਰੀ ਬਾਣੀ ਦੇ ਇਹ ਚਾਰ ਭੇਦ ਮੰਨੇ ਗਏ ਹਨ । ਇਨ੍ਹਾਂ ਚਾਰਾਂ ਬਾਣੀਆਂ ਦਾ ਨਿਵਾਸ ਸਰੀਰ ਦੇ ਚਾਰ ਵਿਭਿੰਨ ਅੰਗਾਂ ਵਿਚ ਮੰਨਿਆ ਗਿਆ ਹੈ । ਪਰਾ ਦਾ ਨਿਵਾਸ ਨਾਭੀ, ਪਸ਼ਯੰਤੀ ਦਾ ਹਿਰਦੇ, ਮੱਧਮਾ ਦਾ ਕੰਠ ਅਤੇ ਬੈਖਰੀ ਦਾ ਜ਼ਬਾਨ ਵਿਚ ਮੰਨਿਆ ਗਿਆ ਹੈ । ਇਸ ਤੋਂ ਭਾਵ ਹੈ ਇਨ੍ਹਾਂ ਸਾਰੀਆਂ ਬਾਣੀਆਂ ਦੀ ਹੋਂਦ ਸਰੀਰ ਕਰਕੇ ਹੀ ਹੈ । ਜਦੋਂ ਸਰੀਰ ਦੀ ਰਚਨਾ ਵੀ ਨਹੀਂ ਸੀ, ਉਦੋਂ ਵੀ ਉਹ ਸਤਿ ਸੀ । ਇਸ ਨਾਮ ਦੀ ਮਹੱਤਤਾ ਗੁਰੂ ਘਰ ਵਿਚ ਵਿਸ਼ੇਸ਼ ਹੈ । 'ਜਪੁ ਮਨ ਸਤਿਨਾਮੁ ਸਦਾ ਸਤਿਨਾਮੁ' (ਪੰਚਮ ਗੁਰੂ) ਤੇ ਭਾਈ ਗੁਰ ਦਾਸ ਵੀ "ਨਮਸਕਾਰ ਗੁਰਦੇਵ ਕੋ ਸਰਿਨਾਮੁ ਪੜ੍ਹ ਮੰਤ੍ਰ ਸੁਣਾਇਆ" ਕਹਿ ਕੇ ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਜਗਤ ਕਲਿਆਣ ਲਈ ਗੁਰੂ ਨਾਨਕ ਦੇਵ ਨੇ ਆਮ ਲੋਕਾਈ ਨੂੰ ਸਤਿਨਾਮੁ ਦਾ ਮੰਤ੍ਰ ਹੀ ਦ੍ਰਿੜ੍ਹ ਕਰਵਾਇਆ । ਇਥੇ ਇਸ ਮੰਗਲ ਦਾ ਭਾਵ ਹੈ—ਗੁਰਪ੍ਰਸਾਦਿ ਗੁਰੂ ਕ੍ਰਿਪਾ ਦੁਆਰਾ ਹੀ ਸਤਿਨਾਮੁ ਦਾ ਮੰਤ੍ਰ ਜਪੁ ਕੇ ੧ੳ=ਬ੍ਰਹਮ ਦਾ ਸਾਖਿਆਤ ਅਨੁਭਵ ਹੁੰਦਾ ਹੈ । ਇਸ ਮੰਗਲ ਦਾ ਉਲੇਖ ਘਟ ਮਾਤਰਾ ਵਿਚ ਕਰਨ ਦਾ ਕਾਰਨ ਵੀ ਇਹੋ ਹੀ ਜਾਪਦਾ ਹੈ ਕਿ ਪਰੰਪਰਾ ਅਨੁਸਾਰ ਗੁਰ ਮੰਤਰ ਆਮ ਨਹੀਂ ਸੀ ਦਸਿਆ ਜਾਂਦਾ । ਇਹ ਮੰਗਲ ਇਕ ਹੋਰ ਨੁਕਤੇ ਵਲ ਵੀ ਸਾਡਾ ਧਿਆਨ ਦੁਆਉਂਦਾ ਹੈ । ੧ੳ ਜਿਥੇ ਬ੍ਰਹਮ ਦਾ ਪ੍ਰਤੀਕ ਹੈ, ਉਥੇ ਸਤਿਗੁਰ ਪ੍ਰਸਾਦਿ ਉਸਦਾ ਸਰੂਪ ਲੱਛਣ ਹੈ, ਤੇ ਇਹੀ ਨਾਮ ਹੀ ਜਪਣ ਜੋਗ ਵਸਤੂ ਹੈ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦਾ ਹੈ ।

ਮੰਗਲ ਅੰਕ ੪ : ੧ੳ ਸਤਿਨਾਮੁ ਕਰਤਾਪੁਰਖ ਗੁਰਪ੍ਰਸਾਦਿ ॥

ਇਸ ਮੰਗਲ ਦਾ ਪ੍ਰਯੋਗ ਸ੍ਰੀ ਆਦਿ ਗ੍ਰੰਥ ਵਿਚ 9 ਵਾਰ ਕੀਤਾ ਗਿਆ ਹੈ, ਜਿਸਦਾ ਵੇਰਵਾ ਇਸ ਪ੍ਰਕਾਰ ਹੈ—

| | |
|---|---|
| ੧. ਮਾਝ ਦੀ ਵਾਰ | ਪੰਨਾ ੧੩੭ |
| ੨. ਗਉੜੀ ਅਸਟਪਦੀਆਂ | ੨੨੦ |
| ੩. ਗਉੜੀ ਗੁਆਰੇਰੀ | ੨੩੫ |
| ੪. ਗਉੜੀ ਪੂਰਬੀ ਮਹਲਾ ੫ | ੨੪੨ |
| ੫. ਗਉੜੀ ਪੂਰਬੀ ਮਹਲਾ ੫ | ੩੪੩ |
| ੬. ਗਉੜੀ ਭਗਤਾਂ ਕੀ ਬਾਣੀ | ੩੨੩ |
| ੭. ਗਉੜੀ ਪੂਰਬੀ ਬਾਵਨ ਅੱਖਰੀ | ੩੪੦ |
| ੮. ਗਉੜੀ ਰਵਿਦਾਸ ਜੀ | ੩੪੫ |
| ੯. ਬਿਲਾਵਲ | ੮੫੫ |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਮੰਗਲ ਦਾ ਅਰਥ ਹੈ—ਇਕ ਬ੍ਰਹਮ ਜੋ ਰਖਿਆ ਕਰਨ ਜੋਗ ਹੈ, ਸਰਬਕਾਲੀ ਸਤਿ ਹੈ। ਜਗਤ ਦਾ ਕਰਤਾ ਹੈ। ਪੌਰਸ਼-ਸ਼ਕਤੀ ਰੂਪ ਹੈ। ਇਸ ਦੀ ਜਗਤ ਉਪਰ (ਗੁਰ-ਵੱਡੀ, ਪ੍ਰਸਾਦਿ-ਕ੍ਰਿਪਾ)ਵੱਡੀ ਕਿਰਪਾ ਹੈ। ਇਹ ਮੰਗਲ ਬ੍ਰਹਮ ਤੇ ਬ੍ਰਹਮੀ ਪਾਸਾਰ ਦਾ ਕ੍ਰਮਵਾਰ ਸੰਕੇਤ ਦਿੰਦਾ ਹੈ। ਪਹਿਲਾ ਬ੍ਰਹਮ ਨਿਰਾਕਾਰ ਤੋਂ ਸ਼ਬਦ ਰੂਪ ਕਰਕੇ ਸਾਕਾਰ ਹੁੰਦਾ ਹੈ। ਦੂਜਾ, ਉਹ ਪੁਰਖ ਹੈ। ਵੇਦਾਂਤ ਅਤੇ ਸਾਂਖ ਮਤ ਦੋਹਾਂ ਨੇ ਸ੍ਰਿਸ਼ਟੀ ਦਾ ਕਰਤਾ ਮਾਇਆ ਨੂੰ ਮੰਨਿਆ ਹੈ ਜੋ ਇਸਤ੍ਰੀ ਲਿੰਗ ਨਾਲ ਲਿਖਤ ਵਿਚ ਆਈ ਹੈ। ਗੁਰੂ ਨਾਨਕ ਦੇਵ ਨੇ ਸ੍ਰਿਸ਼ਟੀ ਦਾ ਕਰਤਾ ਸਪਸ਼ਟ ਸ਼ਬਦਾਂ ਵਿਚ ਪੁਰਖ ਨੂੰ ਮੰਨਿਆ ਹੈ, ਇਸਤ੍ਰੀ (ਮਾਇਆ) ਨੂੰ ਨਹੀਂ। ਬਲਕਿ ਮਾਇਆ ਦਾ ਕਰਤਾ ਵੀ ਪੁਰਖ ਹੈ—

"ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ"

ਪੁਰਖ ਦੇ ਅਰਥ ਅਨੇਕ ਹਨ ਪਰ ਇਸਦਾ ਮੂਲ ਅਰਥ ਪੌਰਸ਼ ਭਾਵ ਸ਼ਕਤੀ ਹੈ। ਬ੍ਰਹਮ ਪੁਰਖ ਹੈ ਤੇ ਅਨੰਤ ਤਾਕਤਾਂ ਦਾ ਸਮੁਦਾਇ ਵੀ। ਇਹ ਮੰਗਲ ਬ੍ਰਹਮ ਨੂੰ ਮਹਾਂਬਲੀ ਤੇ ਮਹਾਨ ਕ੍ਰਿਪਾਲੂ ਦੇ ਅਰਥਾਂ ਵਿਚ ਬਾਰੰਬਾਰ ਦ੍ਰਿੜ੍ਹ ਕਰਾਉਂਦਾ ਹੈ।

ਮੰਗਲ ਅੰਕ : ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਇਸ ਮੰਗਲ ਦੀ ਵਰਤੋਂ ਸ੍ਰੀ ਆਦਿ ਗ੍ਰੰਥ ਵਿਚ ੩੩ ਵੇਰ ਕੀਤੀ ਗਈ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

| | | |
|---|---|---|
| ੧. ਜਪੁਜੀ | ੧੨. ਧਨਾਸਰੀ | ੨੩. ਬਸੰਤ |
| ੨. ਮਾਝ | ੧੩. ਟੋਡੀ | ੨੪. ਸਾਰੰਗ |
| ੩. ਗਉੜੀ | ੧੪. ਤਿਲੰਗ | ੨੫. ਮਲਾਰ |
| ੪. ਆਸਾ ਰਾਗ | ੧੫. ਸੂਹੀ | ੨੬. ਕਾਨੜਾ |
| ੫. ਆਸਾ ਦੀ ਵਾਰ | ੧੬. ਬਿਲਾਵਲ | ੨੭. ਕਲਿਆਣ |
| ੬. ਭਗਤਬਾਣੀ (ਆਸਾ ਰਾਗ) | ੧੭. ਗੌਂਡ | ੨੮. ਪਰਭਾਤੀ |
| ੭. ਗੂਜਰੀ | ੧੮. ਰਾਮਕਲੀ | ੨੯. ਜੈਜਾਵੰਤੀ |
| ੮. ਦੇਵਗੰਧਾਰੀ | ੧੯. ਨਟ | ੩੦. ਸਹਸਕ੍ਰਿਤੀ ਮ: ੧ |
| ੯. ਬਿਹਾਗੜਾ | ੨੦. ਮਾਲੀ ਗਉੜਾ | ੩੧. ਸਹਸਕ੍ਰਿਤੀ ਮ: ੫ |
| ੧੦. ਵਡਹੰਸ | ੨੧. ਮਾਰੂ | ੩੨. ਸਵੈਯੇ |
| ੧੧. ਸੋਰਠ | ੨੨. ਭੈਰਉ | ੩੩. ਵਾਰਾਂ ਤੇ ਵਧੀਕ |

ਉਪਰ ਅੰਕਤ ਵੇਰਵੇ ਤੋਂ ਨਿਮਨ ਅੰਕਿਤ ਤੱਥ ਪ੍ਰਾਪਤ ਹੁੰਦੇ ਹਨ :

ਇਸ ਮੰਗਲ ਦੀ ਵਰਤੋਂ ਨਿਤਨੇਮ ਦੀਆਂ ਬਾਣੀਆਂ, ਰਾਗ-ਬੱਧ ਬਾਣੀ ਤੇ ਰਾਗ-ਮੁਕਤ ਬਾਣੀ ਸਭ ਵਿਚ ਕੀਤੀ ਗਈ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੳ. ਜਪੁਜੀ ਜੋ ਸਾਡੀ ਵੰਡ ਅਨੁਸਾਰ ਨਿਤਨੇਮ ਦੀਆਂ ਬਾਣੀਆਂ ਦੇ ਅੰਤਰਗਤ ਆਉਂਦਾ ਹੈ, ਦੇ ਆਰੰਭ ਵਿਚ ਇਸ ਮੰਗਲ ਦੀ ਵਰਤੋਂ ਕੀਤੀ ਗਈ ਹੈ ।

ਅ. ੨੯ ਵਾਰ ਉਪਰ ਸੰਕੇਤਿਕ ਰਾਗਾਂ ਦੇ ਆਰੰਭ ਉਪਾਰੰਭ ਵਿਚ ਕੀਤਾ ਗਿਆ ਹੈ।

ੲ. ੪ ਵਾਰ ਰਾਗ-ਮੁਕਤ ਰਚਨਾਵਾਂ ਦੇ ਆਰੰਭ ਵਿਚ ਕੀਤਾ ਗਿਆ ਹੈ ।

ਇਹ ਮੰਗਲ ਅਕਾਰ ਦਾ ਸਭ ਤੋਂ ਲੰਮੇਰਾ ਹੈ। ਇਸਤੋਂ ਪਹਿਲਾਂ ਚਾਰ ਮੰਗਲ-ਪਾਠ ਭੇਦਾਂ ਦਾ ਨਿਖੇੜਾ ਕੀਤਾ ਜਾ ਚੁਕਾ ਹੈ । ਦੁਹਰਾਉ ਦੇ ਦੋਸ਼ ਤੋਂ ਬਚਣ ਲਈ ਇਥੇ ਇਤਨਾ ਸੰਕੇਤ ਹੀ ਕਾਫੀ ਹੈ ਕਿ ਪਹਿਲੇ ਚਾਰੇ ਮੰਗਲ ਬ੍ਰਹਮ ਦੇ ਸਰੂਪ-ਲੱਛਣ ਦੀ ਵਿਆਖਿਆ ਹੀ ਕਰਦੇ ਰਹੇ ਹਨ। ਇਹ ਮੰਗਲ ਬ੍ਰਹਮ ਦੇ ਸਰੂਪ-ਲੱਛਣ ਦੇ ਨਾਲ ਨਾਲ ਉਸ ਦੇ ਵਿਸ਼ੇਸ਼ਣਾਂ ਦੀ ਜਾਣਕਾਰੀ ਵੀ ਪੇਸ਼ ਕਰਦਾ ਹੈ । ਇਸ ਮੰਗਲ ਰਾਹੀਂ ਬ੍ਰਹਮ ਦੇ ਸਤ ਵਿਸ਼ੇਸ਼ਣਾਂ ਦਾ ਬੋਧ ਹੁੰਦਾ ਹੈ : ੧. ਕਰਤਾ ੨. ਪੁਰਖ ੩. ਨਿਰਭਉ ੪. ਨਿਰਵੈਰ ੫. ਅਕਾਲ ਮੂਰਤਿ ੬. ਅਜੂਨੀ ੭. ਸੈਭੰ । ਪਰੰਪਰਾ ਅਨੁਸਾਰੀ ਭਾਈ ਗੁਰਦਾਸ ਨੇ ਇਸ ਮੰਗਲ ਦੇ ਅਰਥ ਇਸ ਪ੍ਰਕਾਰ ਕੀਤੇ ਹਨ :

ੲਕਾ ੲਕੰਕਾਰ ਲਿਖ ਦੇਖਾਲਿਆ
ੳੜਾ ਓਅੰਕਾਰ ਪਾਸ ਬਹਾਲਿਆ
ਸਤਿਨਾਮੁ ਕਰਤਾਰ ਨਿਰਭਉ ਭਾਲਿਓ
ਨਿਰਵੈਰਹੁ ਜੈ ਕਾਰ ਅਜੂਨ ਅਕਾਲਿਆ
ਸਚ ਨਿਸਾਣ ਅਪਾਰ ਜੋਤ ਉਜਾਲਿਆ
ਪੰਜ ਅੱਖਰ ਉਪਕਾਰ ਨਾਮ ਸਮਾਲਿਆ
ਪਰਮੇਸਰ ਸੁਖ ਸਾਰ ਨਦਰ ਨਿਹਾਲਿਆ
ਨਉ ਅੰਗ ਸੁੰਨ ਸੁਮਾਰ ਸੰਗ ਨਿਰਾਲਿਆ
ਨੀਲ ਅਨੀਲ ਵਿਚਾਰ ਪਿਰਮ ਪਿਆਲਿਆ ॥ ਵਾਰ ੩, ਪਉੜੀ ੧੫

ਇਸ ਪਉੜੀ ਤੋਂ ਮੂਲਮੰਤ੍ਰ ਅਥਵਾ ਅਖੀਰਲੇ ਮੰਗਲ ਦੀ ਲਿਖਤ, ਉਚਾਰਣ ਅਤੇ ਅਰਥ ਦਾ ਬੋਧ ਹੁੰਦਾ ਹੈ । ਪੰਜ ਅੱਖਰ ਤੋਂ ਮੁਰਾਦ ੧ਓਅੰਕਾਰ ਦੀ ਹੈ । ਇਸੇ ਪਉੜੀ ਵਿਚ ੯ ਅੰਗ ਵੀ ਦਸੇ ਗਏ ਹਨ । ਸ਼ੂਨ (੦) ਦੇ ਨਾਲ ਲਗਣ ਕਰਕੇ ੧ ਅੰਕ ਦੀ ਸੰਖਿਆ ਵਧ ਜਾਂਦੀ ਹੈ । ਸ਼ੂਨ ਦੀ ਕ੍ਰਮਵਾਰ ਵ੍ਰਿਧੀ ਅੰਕਾਂ ਦੀ ਗਿਣਤੀ ਨੂੰ ਅਸੰਖਾਂ ਤਕ ਪੁਚਾ ਦੇਂਦੀ ਹੈ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਅੰਕਾਂ ਦਾ ਰੂਪ ਹੋਰ ਦਾ ਹੋਰ ਹੋ ਜਾਂਦਾ ਹੈ। ਇਸ ਦ੍ਰਿਸ਼ਟਾਂਤ ਅਨੁਸਾਰ ੧ ਅੰਕ ਦਾ ਮੂਲ ਰੂਪ ਬਿੰਦੂ (੦) ਹੈ। ਬਿੰਦੂ ਬ੍ਰਹਮ ਦੀ ਨਿਰਾਕਾਰ ਨਿਰਸੰਕਲਪ ਅਵਸਥਾ ਦਾ ਪ੍ਰਤੀਕ ਹੈ । ਇਹ ਬ੍ਰਹਮ ਦੀ ਆਦਿ ਜੁਗਾਦਿ ਮੂਲ ਅਵਸਥਾ ਵਲ ਸੰਕੇਤ ਕਰਦਾ ਹੈ। ਸ਼ੂਨ ਬ੍ਰਹਮ ਹੀ ਸੁਭਾਵਕ ੧ ਅੰਕ ਦਾ ਸਰੂਪ ਧਾਰਦਾ ਹੈ ਜੋ ਬ੍ਰਹਮ ਦੀ ਨਿਰੋਲ ਇਕੋ ਇਕ ਹਸਤੀ ਦਾ ਸੂਚਕ ਹੈ : ਜਿਵੇਂ ੧ ਅੰਕ ਨਾਲ ਲਗੇ ਬਿੰਦੂ ਇਸ ਦੀ ਸੰਖਿਆ ਵਿਚ ਵਾਧਾ ਕਰਦੇ ਜਾਂਦੇ ਹਨ, ਇਸੇ ਤਰ੍ਹਾਂ ੧ ਅੰਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਲਗੇ ਬਾਕੀ ਦੇ ਸ਼ਬਦ—੧. ਓਅੰਕਾਰ ੨. ਸਤਿਨਾਮ ੩. ਕਰਤਾ ੪. ਪੁਰਖ ੫. ਨਿਰਭਉ ੬.ਨਿਰਵੈਰ ੭.ਅਕਾਲ ਮੂਰਤਿ ੮. ਅਜੂਨੀ ੯. ਸੈਭੰ—ਬ੍ਰਹਮ ਦੇ ਵਿਸ਼ੇਸ਼ਣ ਹਨ। ਇਨ੍ਹਾਂ ਵਿਸ਼ੇਸ਼ਣਾਂ ਨਾਲ ਲਗ ਕੇ ੧ ਅੰਕ ਵਿਸ਼ੇਸ਼ ਰੂਪ ਧਾਰ ਲੈਂਦਾ ਹੈ। ਇਥੇ ਵਿਸ਼ੇਸ਼ ਅਤੇ ਵਿਸ਼ੇਸ਼ਣ ਦਾ ਅੰਤਰਾ ਕਰਨ ਜੋਗ ਹੈ। ਵਿਸ਼ੇਸ਼ ੧—ਬ੍ਰਹਮ ਹੈ, ੯ ਇਸਦੇ ਵਿਸ਼ੇਸ਼ਣ ਹਨ। ਇਨ੍ਹਾਂ ਵਿਸ਼ੇਸ਼ਸ਼ਣਾਂ ਨਾਲ ਯੁਕਤ ਹੋ ਕੇ—ਵਿਸ਼ੇਸ਼ ਰੂਪ ਧਾਰ ਲੈਂਦਾ ਹੈ।

ਇਹ ਮੰਗਲ ਬ੍ਰਹਮ ਦੇ ਸਰੂਪ-ਲੱਛਣ ਅਤੇ ਤਟਸਥ ਲੱਛਣ ਦਾ ਵੀ ਸੂਚਕ ਹੈ। ਤਟਸਥ ਤੋਂ ਭਾਵ ਹੈ, ਕਿਸੇ ਵਸਤੂ ਦਾ ਸੰਕੇਤ ਕਿਨਾਰੇ ਉਪਰ ਖੜੇ ਹੋ ਕੇ ਕਰਨਾ। ਇਸ ਮੰਗਲ ਵਿਚ ੧ੳ ਸਤਿਨਾਮੁ ਬ੍ਰਹਮ ਦਾ ਸਰੂਪ-ਲੱਛਣ ਹੈ। ਪਰ ਜੇ ਕੋਈ ਜਗਿਆਸੂ ਇਹ ਪੁੱਛੇ ਕਿ ਉਹ ਇਕ ਕਿਹੋ ਜਿਹਾ ਹੈ ਤਾਂ—ਕਰਤਾ, ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ ਆਦਿ ਵਿਸ਼ੇਸ਼ਣਾਂ ਰਾਹੀਂ ਬ੍ਰਹਮ ਦੇ ਤਟਸਥ ਲੱਛਣਾਂ ਤੋਂ ਜਾਣੂ ਹੋ ਕੇ ਉਸ ਇਕ ਵਿਸ਼ੇਸ਼ ਨੂੰ ਪਾਰਭਾਸ਼ਿਤ (define) ਕੀਤਾ ਜਾ ਸਕਦਾ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ, ਉਹ ੧ ਅੰਕ ਬ੍ਰਹਮ ਦਾ ਪ੍ਰਤੀਕ ਹੈ। ਉਸ ਇਕ ਨੇ ਹੀ ਓਅੰਕਾਰ ਸ਼ਬਦ ਦਾ ਉਚਾਰਣ ਕੀਤਾ ਹੈ, ਜਿਸ ਤੋਂ ਕੁਲ ਜਗਤ-ਰਚਨਾ ਦਾ ਵਿਸਥਾਰ ਹੋਇਆ ਹੈ। ਉਪਨਿਸ਼ਦ ਅਤੇ ਗੁਰਮਤ-ਦਰਸ਼ਨ (ਵੇਖੋ ਟੀਕਾ ਫਰੀਦਕੋਟ) ਦੋਵੇਂ ਇਸ ਤੱਥ ਦੀ ਪੁਸ਼ਟੀ ਕਰਦੇ ਹਨ। ੧ਓਅੰਕਾਰ=ਬਹਮ ਜਗਤ—ਰਚਨਾ ਤੋਂ ਬਾਦ ਵੀ ਸਤਿ ਹੈ। ਸਤਿ ਤੋਂ ਭਾਵ ਹੈ, ਜਿਸ ਵਿਚ ਪਰਿਵਾਦ ਦੇ ਛੇ ਭੇਦ ਨਾ ਹੋਣ। ਇਹ ਛੇ ਭੇਦ ਹਨ: ਜਾਯਤੇ-ਜੰਮਣਾ, ਸਥੀਯਤੇ-ਇਕ ਥਾਂ ਉਤੇ ਬੱਝਣਾ, ਵਰਧਤੇ-ਵਧਣਾ, ਪਰਿਣਮਤੇ-ਤਬਦੀਲ ਹੋਣਾ, ਕ੍ਰਿਸਯਤੇ-ਕਮਜ਼ੋਰ ਹੋਣਾ, ਵਿਨਸਯਤਿ-ਨਾਸ ਹੋਣਾ। ਕੁਲ ਮਿਲਾ ਕੇ, ਇਨ੍ਹਾਂ ਛੇ ਭੇਦਾਂ ਤੋਂ ਰਹਿਤ ਹੀ ਬ੍ਰਹਮ ਹੈ।

ਨਾਮ ਰੂਪ ਜਗਤ ਦਾ ਕਰਤਾ (ਬ੍ਰਹਮ) ਜਗਤ ਦਾ ਨਮਿੱਤ ਕਾਰਣ[8] ਵੀ ਹੈ ਤੇ ਉਪਾਦਾਨ[9] ਕਾਰਣ ਵੀ। ਦੂਸਰੇ ਸ਼ਬਦਾਂ ਵਿਚ ਬ੍ਰਹਮ ਜਗਤ ਦਾ ਸਿਰਜਕ ਵੀ ਹੈ ਤੇ ਸ੍ਰਿਜਨ-ਸਾਮਗ੍ਰੀ ਵੀ। ਮਿਸਾਲ ਵਜੋਂ ਮਕੜੀ ਜਾਲੇ ਨੂੰ ਪੈਦਾ ਕਰਨ ਲਈ ਨਮਿੱਤ ਅਤੇ ਉਪਾਦਾਨ ਦੋਵੇਂ ਕਾਰਣ ਹੁੰਦੀ ਹੈ। "ਅਸਲ ਵਿਚ ਬ੍ਰਹਮ ਜਗਤ ਦਾ ਅਭਿੰਨ ਨਮਿੱਤ ਉਪਾਦਾਨ ਕਾਰਣ ਹੈ।"[10][ਇਹ ਜਗਤ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ] ਜਗਤ-ਰਚਨਾ ਦਾ ਕਾਰਣ ਪੁਰਖ ਹੈ। ਸਾਂਖ ਵੇਦਾਂਤ ਆਦਿ ਨੇ ਜਗਤ ਦਾ ਕਾਰਣ ਮਾਇਆ ਨੂੰ ਮੰਨਿਆ ਹੈ ਪਰ ਗੁਰਮਤਿ ਜਗਤ ਦਾ ਕਾਰਣ ਬ੍ਰਹਮ ਹੀ ਮੰਨਦਾ ਹੈ। 'ਖ' ਦਾ ਅਰਥ ਹੈ ਅਸਮਾਨ। ਪੁਰ ਦਾ ਅਰਥ ਹੈ ਪੂਰਨ। ਸ੍ਰਿਸ਼ਟੀ ਦਾ ਕਰਤਾ(ਬ੍ਰਹਮ) ਅਕਾਸ਼ ਦੀ ਤਰ੍ਹਾਂ ਹਰ ਥਾਂ ਵਿਆਪਕ ਹੈ ਤੇ ਪੂਰਨ ਵੀ।

ਨਿਰਭਉ—ਉਹ ਬ੍ਰਹਮ ਸਰਬਕਾਲੀ ਹੈ ਜੋ ਸਮੇਂ ਸਥਾਨ ਤੋਂ ਮੁਕਤ ਹੈ। ਬਾਕੀ ਕੁਲ ਕਾਇਨਾਤ ਸਮੇਂ ਸਥਾਨ ਦੀ ਪਾਬੰਦ ਹੈ। ਉਸਦਾ ਸਮਕਾਲੀ ਸਭ ਕੋਈ ਹੈ ਤੇ ਕੋਈ ਵੀ ਨਹੀਂ। ਇਸੇ ਲਈ ਉਹ ਨਿਰਭਉ ਹੈ। ਨਿਰਵੈਰ—ਬ੍ਰਹਮ ਆਪ ਹੀ ਜਗਤ ਦਾ ਸ੍ਰਿਜਕ ਹੈ। ਉਸ ਦੁਆਰਾ ਬਣਾਈ ਰਚਨਾ ਬ੍ਰਹਮ ਦੀ ਅੰਸ਼ ਹੈ, ਉਸ ਤੁੱਲ ਨਹੀਂ। ਵੈਰ ਆਪਣੇ ਵਰਗੇ ਜਾਂ ਆਪਣੇ ਤੋਂ ਵਡੇ ਛੋਟੇ ਨਾਲ ਹੁੰਦਾ ਹੈ। ਨਾ ਕੋਈ ਉਸ ਤੋਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਡਾ ਛੋਟਾ ਹੈ ਤੇ ਨਾ ਹੀ ਕੋਈ ਉਸ ਜੇਹਾ । ਜੀਵ ਨਾਮ ਜਪ ਕੇ ਉਸਦਾ ਹੀ ਰੂਪ ਹੋ ਜਾਂਦਾ ਹੈ, ਅਥਵਾ ਉਸ ਇਕ ਵਿਚ ਸਮਾ ਜਾਂਦਾ ਹੈ । ਇਸੇ ਲਈ ਉਹ ਨਿਰਵੈਰ ਹੈ । ਅਕਾਲ ਮੂਰਤਿ—ਬ੍ਰਹਮ ਅਰੂਪ ਹੈ,ਇਸੇ ਕਰਕੇ ਕਾਲ ਦੇ ਬੰਧਨ ਵਿਚ ਨਹੀਂ ਆਉਂਦਾ । ਬਣਨਾ ਤੇ ਬਣ ਕੇ ਟੁਟ ਜਾਣਾ ਵਸਤੂ-ਵਜੂਦ ਦੀ ਹੋਣੀ ਹੈ। ਨਿਰਾਕਾਰ ਹੋਣ ਕਰਕੇ ਹੀ ਸਮੇਂ ਦੀ ਮਜਬੂਰੀ ਨਹੀਂ। ਅਜੂਨੀ—ਅਕਾਰ ਰਹਿਤ ਹੋਣ ਕਰਕੇ ਹੀ ਉਹ ਜਨਮ ਰਹਿਤ ਹੈ । ਸੈਭੰ—ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੁੰਦਾ ਹੈ । ਅਜਿਹੇ ਵਿਸ਼ੇਸ਼ਣਾਂ ਵਾਲਾ ਬ੍ਰਹਮ । ਗੁਰ ਪ੍ਰਸਾਦਿ—ਗੁਰੂ ਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ ।

ਇਥੇ ਇਕ ਹੋਰ ਦਿਲਚਸਪ ਨੁਕਤਾ ਸਾਹਮਣੇ ਆਉਂਦਾ ਹੈ । ਗੁਰਪ੍ਰਸਾਦਿ-ਗੁਰੂ ਦੀ ਕ੍ਰਿਪਾ ਦਾ ਲਖਾਇਕ ਹੈ ਤੇ ਸਤਿਗੁਰ ਪ੍ਰਸਾਦਿ—ਬ੍ਰਹਮ ਦੇ ਸਰੂਪ ਲੱਛਣ : ਸਤਿ-ਚਿੱਤ-ਆਨੰਦ ਦਾ । ਕੁਲ ਮਿਲਾ ਕੇ, ਇਹ ਮੰਗਲ ਬ੍ਰਹਮ ਦੇ ਸਰੂਪ-ਲੱਛਣ ਤੇ ਤਟਸਥ-ਲੱਛਣ ਵਲ ਸੰਕੇਤ ਕਰਦਾ ਹੋਇਆ ਬ੍ਰਹਮ ਦੇ ਸਰਬ ਸੰਪੂਰਣ ਸਰੂਪ ਅਤੇ ਗੁਣ-ਲੱਛਣਾਂ ਦੀ ਜਾਣ-ਪਛਾਣ ਕਰਾਉਂਦਾ ਹੈ । ਇਸੇ ਕਾਰਣ ਇਸ ਮੰਗਲ ਨੂੰ ਗੁਰਮਤ ਦਰਸ਼ਨ ਦੀ ਬੁਨਿਆਦ ਜਾਂ ਮੂਲ ਮੰਤਰ ਵੀ ਕਿਹਾ ਜਾਂਦਾ ਹੈ, ਸਾਧਕ ਲਈ ਇਹ ਮੂਲਮੰਤ੍ਰ ਹੀ ਇਕੋ ਇਕ ਅਜੇਹਾ ਸਾਧਨ ਹੈ, ਜਿਸ ਦੁਆਰਾ ਪਰਮ ਸਤ ਦੀ ਹੋਂਦ ਅਤੇ ਵਜੂਦ ਦਾ ਸਹੀ ਪਛਾਣ ਅਤੇ ਪ੍ਰਤੀਤੀ ਕੀਤੀ ਜਾ ਸਕਦੀ ਹੈ ।

ਅੰਤ ਵਿਚ, ਨਤੀਜੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਮੰਗਲ-ਪ੍ਰਬੰਧ ਦੇ ਸੰਜਮ ਆਧੀਨ ਸ੍ਰੀ ਆਦਿ ਗ੍ਰੰਥ ਵਿਚ ਬ੍ਰਹਮ ਦੇ ਸਰੂਪ-ਲੱਛਣ (੧ੴ ਸਤਿਗੁਰ ਪ੍ਰਸਾਦਿ) ਨੂੰ ਬਾਰੰਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ, ਜਿਸਦਾ ਪੂਰਣ ਗਿਆਨ ਗੁਰੂ ਕ੍ਰਿਪਾ ਦੁਆਰਾ ਹੀ (੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ)ਹੋ ਸਕਦਾ ਹੈ । ਬ੍ਰਹਮ ਜਗਤ ਦਾ ਸਿਰਜਕ ਹੈ ਤੇ ਇਸਦੀ ਆਪ ਸਿਰਜਿਤ ਜਗਤ ਉਪਰ ਵੱਡੀ ਕ੍ਰਿਪਾ ਹੈ । (੧ੴ ਸਤਿਨਾਮੁ ਕਰਤਾ ਪੁਰਖ ਗੁਰ ਪ੍ਰਸਾਦਿ) ਇਸ ਲਈ ਬ੍ਰਹਮ ਦਾ ਪਰਾ ਪ੍ਰਾਚੀਨ ਨਾਮ ਸਤਿਨਾਮ ਜਪਣਾ ਮਨੁੱਖ ਲਈ ਵਿਸ਼ੇਸ਼ ਹੈ (੧ੴ ਸਤਿਨਾਮੁ ਗੁਰਪ੍ਰਸਾਦਿ) ਇਸ ਦੇ ਜਪਣ ਨਾਲ ਹੀ ਮਨੁੱਖ ਪਰਮ ਪਦਵੀ ਨੂੰ ਪ੍ਰਾਪਤ ਹੁੰਦਾ ਹੈ । ਅਜਿਹੀਆਂ ਮੁੱਲਵਾਨ ਹਕੀਕਤਾਂ ਨੂੰ ਬਾਰੰਬਾਰ ਦ੍ਰਿੜ੍ਹ ਕਰਾਉਣਾ ਹੀ ਮੰਗਲ-ਪ੍ਰਬੰਧ ਦਾ ਮੁਖ ਪ੍ਰਯੋਜਨ ਹੈ ।

ਹੁਣ ਮੰਗਲ, ਅਨੁਬੰਧ ਅਤੇ ਲਿੰਗ ਇਨ੍ਹਾਂ ਤਿੰਨਾਂ ਦਾ ਆਪਸੀ ਸੰਬੰਧ ਵਿਚਾਰਨਾ ਅਜੇ ਬਾਕੀ ਹੈ ! ਸੰਕੇਤ ਕੀਤਾ ਜਾ ਚੁੱਕਾ ਹੈ ਕਿ ਵਸਤੂ ਨਿਰਦੇਸ਼ ਮੰਗਲ ਤੋਂ ਭਾਵ ਹੈ ਪ੍ਰਭੂ ਦਾ ਨਾਮ ਹੀ ਮੰਗਲ ਰੂਪ ਕਰਕੇ ਲਿਖਣਾ । ਅਨੁਬੰਧ ਪਾਠੀ, ਪਾਠ-ਵਸਤੂ ਤੇ ਪਾਠ-ਪ੍ਰਯੋਜਨ ਇਨ੍ਹਾਂ ਤਿੰਨਾਂ ਦੀ ਸੰਤੁਲਿਤ ਸੰਗਤੀ ਉਪਰ ਬਲ ਦੇਂਦਾ ਹੈ । ਅਨੁਬੰਧ ਦੀ ਮੂਲ ਸਾਮਗ੍ਰੀ ਉਹੀ ਹੈ, ਜਿਸ ਦਾ ਅਭਿਨੰਦਨ ਮੰਗਲਾਚਾਰਣ ਵਿਚ ਕੀਤਾ ਜਾਂਦਾ ਹੈ । ਫ਼ਰਕ ਕੇਵਲ ਇਤਨਾ ਹੈ, ਅਨੁਬੰਧ ਦੇ ਅੰਤਰਗਤ ਵਿਸ਼ੇ ਦੀ ਵਿਭਿੰਨਤਾ ਤੇ ਉਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀਆਂ ਵਿਭਿੰਨ ਪਰਤਾਂ (layers) ਨੂੰ ਵੀ ਗ੍ਰੰਥਕਾਰ ਆਪਣੇ ਧਿਆਨ ਵਿਚ ਰੱਖਦਾ ਹੈ। ਉਦਾਹਰਣ ਵਜੋਂ ਸ੍ਰੀ ਆਦਿ ਗ੍ਰੰਥ ਵਿਚ ਜੀਵ-ਜਗਤ ਅਤੇ ਬ੍ਰਹਮ ਨਾਲ ਸੰਬੰਧਿਤ ਅਨੇਕਾਂ ਵਿਸ਼ਿਆਂ ਨੂੰ ਛੋਹਿਆ ਗਿਆ ਹੈ, ਪਰ ਜੀਵ-ਜਗਤ ਦੀ ਮੂਲ ਕਾਰਜ-ਸ਼ਕਤੀ ਬ੍ਰਹਮ ਇਕ ਹੀ ਹੈ। ਇਹੀ ਕਾਰਣ ਹੈ, ਅਨੁਬੰਧ ਮੰਗਲਾਚਰਣ, ਵਿਸ਼ਾ, ਪਾਠੀ ਤੇ ਪ੍ਰਯੋਜਨ ਦਾ ਸੰਬੰਧ ਇਕ ਕੜੀ ਵਾਂਗ ਆਪਸ ਵਿਚ ਨਿਸਚਿਤ ਵੀ ਕਰਦਾ ਹੈ ਤੇ ਇਸ ਵਿਚ ਅਭੇਦਤਾ ਵੀ ਸਥਾਪਿਤ ਕਰਦਾ ਹੈ। ਮੰਗਲ ਜਿਥੇ ਪ੍ਰਤੱਖ ਰੂਪ ਵਿਚ ਵਿਸ਼ੇ ਨੂੰ ਬਾਰੰਬਾਰ ਦੁਹਰਾਉਂਦਾ ਹੋਇਆ ਮੰਗਲ ਕਾਮਨਾ ਨੂੰ ਦ੍ਰਿੜ੍ਹ ਕਰਦਾ ਹੈ, ਉਥੇ ਅਨੁਬੰਧ ਵਿਸ਼ੇ ਦਾ ਫੈਲਾਉ ਐਸੀ ਜੁਗਤ ਨਾਲ ਨਿਰੂਪਿਤ ਕਰਦਾ ਹੈ ਕਿ ਉਹ ਸਾਰੇ ਗ੍ਰੰਥ ਵਿਚ ਵਿਆਪਕ ਹੋਣ ਦੇ ਬਾਵਜੂਦ ਵੀ ਨਾ ਕਿਧਰੇ ਬੋਝਲ ਹੁੰਦਾ ਹੈ ਨਾ ਅਲੋਪ। ਸ੍ਰੀ ਆਦਿ ਗ੍ਰੰਥ ਦਾ ਕੋਈ ਭਾਗ ਅਜਿਹਾ ਨਹੀਂ ਜਿਥੇ 'ਨਾਮ' ਆਦਿ ਉਪਰ ਬਲ ਨਾ ਦਿਤਾ ਗਿਆ ਹੋਵੇ। ਇਕ ਪਾਸੇ, ਵਿਸ਼ੇ-ਵਸਤੂ ਦਾ ਨਿਰੂਪਣ ਵਿਆਸ ਸ਼ੈਲੀ ਵਿਚ ਕੀਤਾ ਜਾ ਰਿਹਾ ਹੁੰਦਾ ਹੈ ਤੇ ਦੂਸਰੇ ਪਾਸੇ, ਆਰੰਭ ਵਿਚ ਹੀ ਉਸੇ ਦਾ ਸੂਤਰ ਰੂਪ (ਮੰਗਲ) ਦ੍ਰਿੜ੍ਹ ਕਰਵਾਇਆ ਜਾਂਦਾ ਹੈ।

ਬ੍ਰਹਮ ਦਾ ਸਰਬ ਪ੍ਰਥਮ ਨਾਮ 'ਸਤਿਨਾਮੁ' ਹੀ ਹੈ। ਇਸ ਵਲ ਸਰਬ ਪ੍ਰਥਮ ਸੰਕੇਤ ਮੰਗਲ ਰੂਪ ਵਿਚ ਵੀ ਕੀਤਾ ਗਿਆ ਹੈ। ਮੰਗਲ-ਪਾਠ ਗ੍ਰੰਥ ਅਤੇ ਵਿਸ਼ੇ ਦੀ ਵਸਤੂ ਸਾਮਗਰੀ ਤੇ ਕਥਨ ਕਰਨ ਵਾਲੇ ਦਾ ਸੰਬੰਧ ਗ੍ਰੰਥ ਅਤੇ ਪ੍ਰਯੋਜਨ ਦਾ ਪ੍ਰਾਪਤੀ ਜੋਗ ਵਸਤੂ ਤੇ ਪ੍ਰਾਪਤ ਕਰਨ ਵਾਲੇ ਦਾ ਸੰਬੰਧ; ਕਰਤਰੀ ਅਤੇ ਕਰਤਵ ਭਾਵ ਸਬੰਧ ਦੀ ਬੁਨਿਆਦ ਹੈ। ਮੰਗਲ-ਪਾਠ ਉਹ ਮੂਲ ਵਿਸ਼ਾ ਹੈ, ਜਿਸਦੀ ਵਿਸਤ੍ਰਿਤ ਪੇਸ਼ਕਾਰੀ ਇਨ੍ਹਾਂ ਸੰਬੰਧਾਂ ਦੇ ਅੰਤਰਗਤ ਹੁੰਦੀ ਰਹਿੰਦੀ ਹੈ।

ਹੁਣ ਵਾਰੀ ਆਉਂਦੀ ਹੈ, ਲਿੰਗ ਅਥਵਾ ਉਸਦੇ ਛੇ ਨੇਮ—ਉਪਕ੍ਰਮ-ਉਪਸੰਹਾਰ, ਅਭਿਆਸ, ਅਪੂਰਵਤਾ, ਸਿਧਾਂਤ, ਅਰਥਵਾਦ ਅਤੇ ਉਪਪਤਿ ਦੀ। ਇਹ ਨੇਮ ਵਿਸ਼ੇ ਵਸਤੂ ਨੂੰ ਵਿਸਤਾਰ ਦੇਂਦੇ ਹਨ। ਸੂਤਰ ਰੂਪ (ਮੰਗਲ-ਰੂਪ) ਤੱਥ ਦੀ ਸਮਝ ਅਰਥਵਾਦ ਅਤੇ ਉਪਪਤਿ ਰਾਹੀਂ ਹੀ ਆਉਂਦੀ ਹੈ। ਅਪੂਰਵ ਸ਼ਬਦਾਂ ਰਾਹੀਂ ਕੀਤਾ ਗਿਆ ਅਭਿਆਸ ਵਿਸ਼ੇ ਨੂੰ ਰੋਚਕ ਬਣਾਈ ਰਖਦਾ ਹੈ। ਉਪਕ੍ਰਮ-ਉਪਸੰਹਾਰ ਅਤੇ ਸਿਧਾਂਤ ਇਕੋ ਹੀ ਤੱਥ ਨੂੰ ਦ੍ਰਿੜ੍ਹ ਕਰਾਉਣ ਦੇ ਦੋ ਨਾਮ ਹਨ। ਸਿਧਾਂਤ ਦੀ ਦ੍ਰਿੜ੍ਹਤਾ ਹੀ ਮੰਗਲ-ਪਾਠ ਦੀ ਮੂਲ ਸਰਤ ਹੈ। ਇਸੇ ਸਿਧਾਂਤ ਨੂੰ ਗਰੰਥ ਦੇ ਆਦਿ ਅਤੇ ਅੰਤ (ਉਪਕ੍ਰਮ-ਉਪਸੰਹਾਰ) ਵਿਚ ਨਿਰੂਪਤ ਕੀਤਾ ਜਾਂਦਾ ਹੈ। ਇਹ ਧਿਆਨ ਰਹੇ, ਇਸ ਨਿਰੂਪਣ-ਕ੍ਰਮ ਵਿਚ ਅਪੂਰਵਤਾ ਦਾ ਵਿਸ਼ੇਸ਼ ਯੋਗਦਾਨ।

ਸੰਖੇਪ ਵਿਚ, ਮੰਗਲ ਦਾ ਸਥਾਨ ਗ੍ਰੰਥ ਦੇ ਆਰੰਭ ਉਪਾਰੰਭ ਵਿਚ ਨਿਸਚਿਤ ਤਾਂ ਹੈ ਹੀ ਪਰ ਵਿਚਾਰ ਪੱਖੋਂ ਮੰਗਲ, ਅਨੁਬੰਧ ਅਤੇ ਲਿੰਗ ਦੇ ਨੇਮ ਤਾਣੇ ਪੇਟੇ ਵਾਂਗੁ ਇਕ ਦੂਜੇ ਦੀ ਓਟ ਵੀ ਹਨ ਤੇ ਪੂਰਕ ਵੀ। ਇਨ੍ਹਾਂ ਤਿੰਨਾਂ ਦਾ ਮੂਲ ਮੁਦਾ ਇਕ ਹੀ ਹੈ। ਮੰਗਲ ਮੂਲ ਵਿਸ਼ੇ ਦਾ ਅਭਿਨੰਦਨ ਕਰਦਾ ਹੈ। ਅਨੁਬੰਧ ਉਸ ਨੂੰ ਜੁਗਤੀ ਨਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੰਡਦਾ ਹੈ । ਲਿੰਗ ਆਪਣੇ ਵਿਸ਼ੇਸ਼ ਨੇਮ-ਨਿਰਬਾਹ ਰਾਹੀਂ ਨਿਰੂਪਤ ਵਿਸ਼ੇ ਨੂੰ ਇਕ ਅਨੋਖਾ ਜਲਾਲ ਬਖਸਦਾ ਹੈ, ਜੋ ਪਾਠੀ ਅਤੇ ਸ੍ਰੋਤਾਗਣ ਦੀ ਸਰੁਚੀ ਦਾ ਕਾਰਣ ਬਣਦਾ ਹੈ—ਇਹ ਤਿੰਨੇ ਗ੍ਰੰਥ ਦੇ ਸੰਗਠਨ-ਕਾਰਜ ਵਿਚ ਇਕ ਜੀਵੰਤ ਇਕਾਈ ਵਾਂਗ ਪੇਸ਼ ਹੁੰਦੇ ਹਨ । ਗ੍ਰੰਥ ਦੀ ਜੈ ਇਨ੍ਹਾਂ ਤਿੰਨਾਂ ਦੀ ਇਕਰਸ ਇਕਸੁਰਤਾ ਵਿਚ ਹੀ ਹੈ ।

ਸਾਰ : 1. ਗ੍ਰੰਥਕਾਰਾਂ ਵਲੋਂ ਵਿਧਾਨ ਕੀਤੇ ਗਏ ਨੇਮਾਂ—ਮੰਗਲ, ਅਨੁਬੰਧ ਅਤੇ ਲਿੰਗ ਦਾ ਨਿਰਬਾਹ ਆਦਿ ਗ੍ਰੰਥ ਵਿਚ ਸਫਲਤਾ ਪੂਰਬਕ ਕੀਤਾ ਗਿਆ ਹੈ ।

2. ਸ੍ਰੀ ਆਦਿ ਗ੍ਰੰਥ ਵਿਚ ਮੰਗਲ ਸ਼ਬਦ ਦੀ ਬਹੁ ਅਰਥਕ ਵਰਤੋਂ ਵੀ ਹੋਈ ਹੈ ਤੇ ਰੂੜ੍ਹ ਅਰਥਾਂ ਵਿਚ ਵੀ ।

3. ਸ੍ਰੀ ਆਦਿ ਗ੍ਰੰਥ ਵਿਚ ਕੇਵਲ ਵਸਤੂ ਨਿਰਦੇਸ਼ ਮੰਗਲ ਤੇ ਉਸ ਦੇ ਉਪਭੇਦਾਂ ਦਾ ਵਰਤੋਂ ਕੀਤੀ ਗਈ ਹੈ, ਜੋ ਬ੍ਰਹਮ ਦੇ ਸਰੂਪ ਲੱਛਣ ਉਸਦੇ ਪ੍ਰਾਚੀਨਤਮ ਨਾਮ, ਉਸਦੇ ਵਿਸ਼ੇਸ਼ਗੁਣ ਉਸ ਦੀ ਹੋਂਦ ਅਤੇ ਵਜੂਦ ਆਦਿ ਦਾ ਸਹੀ ਬੋਧ ਤੇ ਪ੍ਰਤੀਤੀ ਦੇ ਲਖਾਇਕ ਹਨ ।

4. ਪਾਠੀ, ਪਾਠ-ਵਸਤੂ, ਪਾਠ ਕਰਨ ਦੇ ਪ੍ਰਯੋਜਨ ਅਤੇ ਇਨ੍ਹਾਂ ਤਿੰਨਾਂ ਦੇ ਆਪਸੀ ਸੰਬੰਧ ਦੀ ਸੰਤੁਲਿਤ ਸੰਗਤੀ ਹੀ ਅਨੁਬੰਧ ਦੀ ਮੂਲ ਸ਼ਰਤ ਹੈ । ਆਦਿ ਗ੍ਰੰਥ ਇਨ੍ਹਾਂ ਨੇਮਾਂ ਉਪਰ ਪੂਰਾ ਉਤਰਦਾ ਹੈ ।

5. ਉਤਕ੍ਰਿਸ਼ਟ ਗ੍ਰੰਥ ਦੇ ਛੇ ਮੁੱਖ ਲੱਛਣ—ਉਪਕ੍ਰਮ ਉਪਸੰਹਾਰ, ਅਭਿਆਸ, ਅਪੂਰਵਤਾ, ਸਿਧਾਂਤ, ਅਰਥਵਾਦ ਅਤੇ ਉਪਪਤਿ ਹਨ । ਇਨ੍ਹਾਂ ਸਾਰਿਆਂ ਦੀ ਜੀਵੰਤ ਅਤੇ ਨਿਆਏਕਾਰੀ ਸੰਗਤੀ ਹੀ ਲਿੰਗ-ਸਿਧਾਂਤ ਦੀ ਸਫਲਤਾ ਦਾ ਰਾਜ਼ ਹੈ । ਆਦਿ ਸ੍ਰੀ ਗੁਰੂ ਗ੍ਰੰਥ ਇਸ ਪੱਖੋਂ ਸਰਬ ਸੰਪੂਰਣ ਹੈ ।

6. ਮੰਗਲ, ਅਨੁਬੰਧ ਅਤੇ ਲਿੰਗ ਇਕ ਦੂਜੇ ਵਿਚ ਓਤ ਪ੍ਰੋਤ ਹਨ । ਇਨ੍ਹਾਂ ਤਿੰਨਾਂ ਦਾ ਮੁਖ ਉਦੇਸ਼ ਗ੍ਰੰਥ ਨੂੰ ਸਰਬਾਂਗੀ ਸੰਤੁਲਨ ਦੇਣਾ ਹੀ ਹੈ ।

## ਫੁਟ ਨੋਟ

1. ਗਿਆਨ ਕਿਰਪਾਲ ਸਿੰਘ, ਸ੍ਰੀ ਅਮਰ ਰਤਨ, ਪੰਨਾ 1152-1153
2. ਕਾਲਕਾ ਪ੍ਰਸ਼ਾਦ ਅਤੇ ਹੋਰ, ਬ੍ਰਿਹਤ ਹਿੰਦੀ ਕੋਸ਼ ਪੰਨਾ 1191
3. ਸੰਖਿਆ ਕੋਸ਼, ਕੇਸਰੀ: ਗੁਰਬਖਸ਼ ਸਿੰਘ, ਪੰਨਾ 101
4. ਗਿਆਨੀ ਬਦਨ ਸਿੰਘ, ਟੀਕਾ ਫਰੀਦਕੋਟ, ਜਿਲਦ 4, ਪੰਨਾ 2431
5. ਓਅੰਕਾਰ ਇਤੀ ਕਾਕਸ਼ਰੰ
   ਅਥਵਾ
   ਓਅੰਕਾਰ ਇਤ ਇਕ ਅਕਸ਼ਰੋ
   ਜਿਸ ਦਾ ਭਾਵ ਹੈ :
   ਓਅੰਕਾਰ, ਇਹ ਇਕ ਅੱਖਰ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. ਗਿਆਨੀ ਬੰਦਨ ਸਿੰਘ, ਟੀਕਾ ਫਰੀਦਕੋਟ, ਜਿਲਦ 1, ਪੰਨਾ 15

7. ਅਨਵੈ ਦਾ ਅਰਥ ਹੈ, ਅਖਰਾਂ ਦੀ ਤਰਤੀਬ ਨੂੰ ਅਰਥ ਸਿੱਧ ਕਰਨ ਲਈ ਮਰਜ਼ੀ ਅਨੁਸਾਰ ਵਰਤ ਲੈਣਾ ।

ਭਾਈ ਸੰਤੋਖ ਸਿੰਘ, ਗਰਬ ਗੰਜਨੀ, ਪੰਨਾ 111

8. ਉਪਾਦਾਨ ਕਾਰਕ : ਤੋਂ ਭਾਵ ਹੈ,ਜਿਸ ਤੋਂ ਕਾਰਜ ਉਪਜੇ ਉਸੇ ਵਿਚ ਹੀ ਰਹੇ ਜੇਹਾ ਕਿ ਘੜਾ ਮਿਟੀ ਤੋਂ ਉਪਜ ਕੇ ਮਿਟੀ ਹੀ ਰਹਿੰਦਾ ਹੈ । ਮਿਟੀ ਹੀ ਘੜੇ ਦੀ ਸ਼ਕਲ ਵਿਚ ਤਬਦੀਲ ਹੋ ਜਾਂਦੀ ਹੈ।

9. ਨਮਿੱਤ ਕਾਰਣ : ਜਿਸ ਤੋਂ ਕਾਰਜ ਉਪਜ ਕੇ ਉਸੇ ਵਿਚ ਨਾ ਰਹੇ, ਜਿਵੇਂ ਕਿ ਘੜੇ ਨੂੰ ਘੁਮਿਆਰ ਬਣਾਉਂਦਾ ਹੈ ਪਰ ਘੁਮਿਆਰ ਘੜੇ ਵਿਚ ਨਹੀਂ ਰਹਿੰਦਾ।

10. ਅਭਿੰਨ ਨਮਿੱਤ ਉਪਾਦਾਨ ਕਾਰਣ : ਬ੍ਰਹਮ ਜਗਤ ਦੇ ਦੋਵੇਂ ਕਾਰਣ ਹੋ ਕੇ ਵੀ ਅਭਿੰਨ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਾਗ-ਪ੍ਰਬੰਧ

ਆਦਿ ਗ੍ਰੰਥ ਵਿਚਲੇ ਰਾਗ-ਪ੍ਰਬੰਧ ਦਾ ਵਿਵੇਚਨ ਕਰਨ ਤੋਂ ਪਹਿਲਾਂ ਅਸੀਂ ਆਪਣੀ ਸੀਮਾਂ ਨਿਸਚਿਤ ਕਰ ਲੈਣੀ ਚਾਹੁੰਦੇ ਹਾਂ ਕਿਉਂਕਿ ਆਦਿ ਗ੍ਰੰਥ ਦਾ ਰਾਗ-ਪ੍ਰਬੰਧ ਆਪਣੇ ਆਪ ਵਿਚ ਖਾਸਾ ਵਿਸ਼ਾਲ ਹੈ। ਅਸੀਂ ਇਥੇ ਰਾਗਾਂ ਦੇ ਸਰੂਪ, ਬਾਟ ਅਤੇ ਸੁਰ ਲਿਪੀ ਦੀ ਚਰਚਾ ਨਹੀਂ ਕਰਾਂਗੇ ਅਤੇ ਨਾ ਹੀ ਸ਼ਾਸਤਰੀ ਸੰਗੀਤ ਅਤੇ ਕਰਨਾਟਕ ਸੰਗੀਤ ਦਾ ਗੁਰਮਤਿ ਸੰਗੀਤ ਨਾਲ ਕੀ ਸੰਬੰਧ ਹੈ, ਬਾਰੇ ਚਰਚਾ ਕਰਾਂਗੇ।

ਸਾਡੇ ਵਿਵੇਚਨ ਦੀ ਸੀਮਾ ਨਿਮਨ ਅੰਕਿਤ ਹੈ—

1. ਗੁਰੂ ਸਾਹਿਬਾਨ ਨੇ ਬਾਣੀ ਨੂੰ ਰਾਗ ਬੰਦਸ਼ਿ ਵਿਚ ਕਿਉਂ ਬੰਨ੍ਹਿਆ ?
2. ਗੁਰਮਤਿ ਸੰਗੀਤ ਤੋਂ ਕੀ ਭਾਵ ਹੈ ?
3. ਆਦਿ ਗ੍ਰੰਥ ਵਿਚ ਆਏ ਰਾਗਾਂ ਦੇ ਨਾਮ, ਰੁਤ ਤੇ ਗਾਉਣ ਦਾ ਸਮਾਂ ਕੀ ਹੈ ?
4. ਗੁਰੂ ਸਾਹਿਬਾਨ ਨੇ ਕਿਹੜੇ ਕਿਹੜੇ ਰਾਗਾਂ ਵਿਚ ਬਾਣੀ ਉਚਾਰੀ ?
5. ਆਦਿ ਗ੍ਰੰਥ ਵਿਚ ਅੰਕਿਤ ਸ਼ੁਧ, ਮਿਸ਼੍ਰਤ ਅਤੇ ਸੰਕੀਰਣ ਰਾਗਾਂ ਦੀ ਬੰਸਾਵਲੀ ਅਤੇ ਜਾਣ-ਪਛਾਣ।
6. ਗੁਰੂ ਸਾਹਿਬਾਨ ਨੇ ਰਾਗਾਂ ਨੂੰ ਗੁਰਮਤਿ ਦੇ ਪ੍ਰਚਾਰਨ ਦਾ ਸਾਧਨ ਕਿਉਂ ਬਣਾਇਆ?
7. ਕੀ ਆਦਿ ਗ੍ਰੰਥ ਵਿਚ ਅੰਕਿਤ ਵਿਭਿੰਨ ਰਾਗਾਂ ਦਾ ਕੋਈ ਆਪਣਾ ਵਿਸ਼ੇਸ਼ ਨਿਸਚਿਤ ਸੁਰ (note) ਢੀ ਹੈ ?

ਆਦਿ ਸ੍ਰੀ ਗੁਰੂ ਗ੍ਰੰਥ ਵਿਚ ਅੰਕਿਤ ਬਾਣੀ ਸੰਗੀਤ ਬੱਧ ਹੈ। ਇਕਸੁਰਤਾ ਅਤੇ ਇਕਾਗਰਤਾ ਬਾਣੀ-ਰਚਨਾ ਦੀ ਵੀ ਮੂਲ ਸ਼ਰਤ ਹੈ, ਭਗਤੀ ਅਤੇ ਚਿੰਤਨ ਦੀ ਵੀ। ਬਾਣੀ-ਰਚਨਾ ਵਿਚ ਸੰਗੀਤ ਇਕਸੁਰਤਾ ਅਤੇ ਇਕਾਗਰ ਬਿਰਤੀ ਉਤਪੰਨ ਕਰਨ ਦਾ ਪ੍ਰਮੁਖ ਸਾਧਨ ਹੈ। ਸੰਗੀਤ ਵਿਚ ਬੰਨ੍ਹੀ ਬਾਣੀ ਸਰੋਤਿਆਂ ਨੂੰ ਇਕਸੁਰ ਕਰਕੇ ਵਿਸਮਾਦ ਦੇ ਘਰ ਲੈ ਜਾਂਦੀ ਹੈ, ਤਾਂ ਵੀ ਇਹ ਗੱਲ ਵਿਚਾਰਨ-ਯੋਗ ਹੈ ਕਿ ਗੁਰੂ ਸਾਹਿਬਾਨ ਨੂੰ ਆਪਣੀ ਕਵਿਤਾ ਰਾਗ-ਬੰਦਿਸ਼ ਵਿਚ ਬੰਨ੍ਹਣ ਦੀ ਕਿਉਂ ਲੋੜ ਪਈ, ਜਦ ਕਿ ਕਵਿਤਾ ਦਾ ਤਾਂ ਆਪਣਾ ਹੀ ਵਿਸ਼ੇਸ਼ ਸੰਗੀਤ ਹੁੰਦਾ ਹੈ। ਫਿਰ ਆਦਿ ਗ੍ਰੰਥ ਵਿਚ ਅੰਕਿਤ ਕੀਤਾ ਸੰਗੀਤ, ਸਨਾਤਨੀ ਭਾਰਤੀ ਸੰਗੀਤ ਨਾਲੋਂ ਭਿੰਨਤਾ ਰੱਖਦਾ ਹੈ। ਇਹ ਤੱਥ ਬੜਾ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਆਪਣੀ ਹੀ ਇਕ ਵਿਲੱਖਣਤਾ ਨੂੰ ਰੂਪਮਾਨ ਕਰਦਾ ਹੈ। ਪੰਚਮ ਗੁਰੂਆਂ ਦਾ ਸੰਗੀਤ ਤੋਂ ਕੀ ਭਾਵ ਹੈ, ਇਸ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ—

ਓਅੰਕਾਰਿ 'ਏਕ ਧੁਨਿ' ਏਕੈ, ਏਕੈ ਰਾਗੁ ਅਲਾਪੈ ॥
ਏਕਾ ਦੇਸੀ ਇਕੁ ਦਿਖਾਵੈ, ਏਕੋ ਰਹਿਆ ਬਿਆਪੈ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ ॥
ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ਰਹਾਉ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ, ਪਾਉ ਨਾ ਬੀਗਾ ਘਾਲੈ ॥
ਫੇਰੀ ਫੇਰੁ ਨਾ ਹੋਵੈ ਕਬਹੀ ਏਕੁ ਸਬਦੁ ਬੰਧਿ ਪਾਲੈ ॥
ਨਾਦਰੀ ਨਰਹਰ ਜਾਣਿ ਹਦੂਰੇ ॥
ਘੂੰਘਰ ਖੜਕੁ ਤਿਆਗ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥
ਇਹੁ ਨਿਰਤਿਕਾਰੀ ਜਨਮਿ ਨਾ ਆਵੈ ॥
ਜੇ ਕੋ ਆਪਨੇ ਠਾਕੁਰ ਭਾਵੈ ਕੋਟਿ ਮਧਿ ਏਹੁ ਕੀਰਤਨ ਗਾਵੈ ॥
ਸਾਧ ਸੰਗਤ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨ ਏਕ ॥
ਰਾਮਕਲੀ ਮਹਲਾ ੫.੯/੮੮੫

ਗੁਰਮਤਿ ਦਾ ਸੰਗੀਤ ਬਾਣੀ ਦਾ ਕੀਰਤਨ ਕਰਨਾ ਹੈ। ਦਿਮਾਗੋਂ ਰਾਗ, ਦਿਲੋਂ ਧੁਨਿ, ਹਿਰਦੇ ਤੋਂ ਸੁਰਤ, ਹਥੋਂ ਪੰਜ ਸਾਜ, ਮੂੰਹੋਂ ਸਤ ਸੁਰਾਂ, ਕੰਠੋਂ ਤਾਨ, ਪੈਰੋਂ ਨਿਰਤਕਾਰੀ ਜੇ ਇਹ ਸਾਰੀ ਸੰਗੀਤ ਸਮਿਗ੍ਰੀ ਠਾਕਰ ਨੂੰ ਭਾਅ ਜਾਵੇ ਤਾਂ ਕ੍ਰੋੜਾਂ ਵਿਚੋਂ ਢੂੰਡੇ ਕੀਰਤਨੀਏ ਨੂੰ ਸਾਧ ਸੰਗਤ ਦਾ ਆਸਰਾ ਲੈ ਕੇ ਉਸ ਇਕ ਅਕਾਲ ਪੁਰਖ ਦਾ ਗੁਣ ਗਾਇਨ ਕਰਨਾ ਚਾਹੀਦਾ ਹੈ। ਇਹੀ ਹੈ, ਉਸ 'ਇਕ' ਨਾਲ ਇਕਸੁਰ ਹੋਣ ਦਾ ਸਾਧਨ। ਸੰਗੀਤ ਹਿਰਦੇ ਦੀ ਕੋਮਲ ਧੁੰਨਿਤ ਭਾਸ਼ਾ ਹੋਣ ਕਰਕੇ ਤਰਕ ਅਤੇ ਬੁੱਧੀ ਦੀ ਭਾਵੂਕ ਵਸਤੂ ਹੈ। ਸੰਗੀਤ ਦਾ ਕੋਈ ਸਾਕਾਰ ਰੂਪ ਨਹੀਂ। ਇਹ ਕੇਵਲ ਅਨੁਭਵ ਰਾਹੀਂ ਹੀ ਜਾਣਿਆ ਅਤੇ ਮਾਣਿਆ ਜਾ ਸਕਦਾ ਹੈ। ਏਹੀ ਕਾਰਨ ਹੈ ਕਿ ਮਨੁੱਖ ਇਸ ਦੇ ਪ੍ਰਭਾਵ ਨਾਲ ਇਕਾਗਰ ਚਿੱਤ ਹੋ ਜਾਂਦਾ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਦੀ ਬਾਣੀ ਨੂੰ ੩੧ ਰਾਗਾ ਵਿਚ ਬੰਨ੍ਹਿਆ ਗਿਆ ਹੈ। ਇਹ ਤੱਥ ਖੋਜੀਆਂ ਵਲੋਂ ਸਿਧ ਕੀਤਾ ਜਾ ਚੁੱਕਾ ਹੈ, ਆਦਿ ਗ੍ਰੰਥ ਵਿਚਲਾ ਰਾਗ-ਸੰਗੀਤ ਪਰਿਵਾਰਕ ਨਹੀਂ ਸਗੋਂ ਕੀਰਤਨ-ਗਾਵਣਹਾਰ ਅਨੁਸਾਰ ਹੈ। ਇੰਜ ਜਾਪਦਾ ਹੈ ਇਨ੍ਹਾਂ ਰਾਗਾਂ ਨੂੰ ਆਦਿ ਗ੍ਰੰਥ ਵਿਚ ਅੰਕਿਤ ਕਰਨ ਸਮੇਂ ਗੁਰੂ ਜੀ ਨੇ ਗਾਉਣ-ਸਮੇਂ ਅਤੇ ਰੁੱਤਾਂ ਵਲ ਵਿਸ਼ੇਸ਼ ਧਿਆਨ ਦਿਤਾ ਹੈ, ਪਰ ਇਨ੍ਹਾਂ ਰਾਗਾਂ ਨੂੰ ਕਿਸੇ ਵਿਸ਼ੇਸ਼-ਕ੍ਰਮ ਵਿਚ ਨਹੀਂ ਬੰਨ੍ਹਿਆ ਕਹਿਣ ਤੋਂ ਭਾਵ ਹੈ। ਕਿੰਨੇ ਰਾਗ ਕਿਸ ਸਮੇਂ ਕਿਹੜੀ ਰੁੱਤੇ ਗਾਏ ਜਾਣਗੇ ਆਦਿ ਇਸ ਤਰ੍ਹਾਂ ਦਾ ਰਾਗ-ਕ੍ਰਮ ਆਦਿ ਗ੍ਰੰਥ ਵਿਚ ਨਹੀਂ ਦਿਸਦਾ। ੩੧ ਰਾਗਾਂ ਦਾ ਇਕ ਰਲਗਡ ਜੇਹਾ ਹੈ। ਕੋਈ ਰਾਗ ਕਿਸੇ ਰੁੱਤ ਦੇ ਕਿਸੇ ਸਮੇਂ ਗਾਇਆ ਜਾਂਦਾ ਹੈ ਤੇ ਕੋਈ ਰਾਗ ਕਿਸੇ ਹੋਰ ਰੁੱਤ ਦੇ ਕਿਸੇ ਹੋਰ ਸਮੇਂ ਗਾਇਆ ਜਾਂਦਾ ਹੈ। ਪਰ ਇਸ ਗਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਵੰਨ-ਸੁਵੰਨਤਾ ਵਿਚੋਂ ਵੀ ਇਕ ਰਸ ਛਾਈ ਹੋਈ ਇਕਸੁਰਤਾ ਦੇ ਦਰਸ਼ਨ ਹੁੰਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਰਾਗ ਕਿਸੇ ਖ਼ਾਸ ਰੁੱਤ ਵਿਚ ਕਿਸੇ ਖ਼ਾਸ ਸਮੇਂ ਉੱਪਰ ਗਾਇਆ ਜਾਂਦਾ ਹੈ। ਆਦਿ ਗ੍ਰੰਥ ਵਿਚ ਆਏ ਰਾਗਾਂ ਨੂੰ ਇਸ ਨੁੱਕਤੇ ਤੋਂ ਵਾਚਣਾ ਵਿਸ਼ੇ ਤੋਂ ਬਾਹਰ ਜਾਣਾ ਨਹੀਂ ਹੋਵੇਗਾ। ਪ੍ਰੋ: ਟੰਡਨ ਅਨੁਸਾਰ ਇਸ ਦਾ ਵੇਰਵਾ ਇਸ ਪ੍ਰਕਾਰ ਹੈ[1]—

| ਨੰ: | ਰਾਗ ਦਾ ਨਾਮ | ਰੁੱਤ | ਗਾਉਣ ਦਾ ਸਮਾਂ |
|---|---|---|---|
| ੧. | ਸਿਰੀ ਰਾਗ | ਹੇਮੰਤ | ਦਿਨ ਤੀਜਾ ਪਹਿਰ |
| ੨. | ਮਾਝ ਰਾਗ | ਵਰਸ਼ਾ | ਦਿਨ ਤੀਜਾ ਪਹਿਰ |
| ੩. | ਗਉੜੀ ਰਾਗ | ਸ਼ਿਸ਼ਰ | ਦਿਨ ਤੀਜਾ ਪਹਿਰ |
| ੪. | ਆਸਾ ਰਾਗ | ਹੇਮੰਤ | ਰਾਤ ਚੌਥਾ ਪਹਿਰ |
| ੫. | ਗੂਜਰੀ ਰਾਗ | ਵਰਸ਼ਾ | ਦਿਨ ਚੌਥਾ ਪਹਿਰ |
| ੬. | ਦੇਵਗੰਧਾਰੀ | ਸ਼ਿਸ਼ਿਰ | ਦਿਨ ਪਹਿਲਾ ਪਹਿਰ |
| ੭. | ਬਿਹਾਗੜਾ ਰਾਗ | ਹੇਮੰਤ | ਰਾਤ ਦੂਜਾ ਪਹਿਰ |
| ੮. | ਵਡਹੰਸ ਰਾਗ | ਸ਼ਿਸ਼ਿਰ | ਦਿਨ ਚੌਥਾ ਪਹਿਰ |
| ੯. | ਸੋਰਠਿ ਰਾਗ | ਸ਼ਰਦ | ਰਾਤ ਤੀਜਾ ਪਹਿਰ |
| ੧੦. | ਧਨਾਸਰੀ ਰਾਗ | ਸ਼ਿਸ਼ਿਰ | ਦਿਨ ਤੀਜਾ ਪਹਿਰ |
| ੧੧. | ਜੈਤਸਰੀ ਰਾਗ | ਸ਼ਿਸ਼ਿਰ | ਦਿਨ ਤੀਜਾ ਪਹਿਰ |
| ੧੨. | ਟੋਡੀ ਰਾਗ | ਸ਼ਿਸ਼ਰ | ਦਿਨ ਪਹਿਲਾ ਪਹਿਰ |
| ੧੩. | ਬੈਰਾੜੀ ਰਾਗ | ਸ਼ਰਦ | ਦਿਨ ਤੀਜਾ ਪਹਿਰ |
| ੧੪. | ਤਿਲੰਗ ਰਾਗ | ਵਰਸ਼ਾ | ਦਿਨ ਤੀਜਾ ਪਹਿਰ |
| ੧੫. | ਸੂਹੀ ਰਾਗ | ਬਸੰਤ | ਦਿਨ ਪਹਿਲਾ ਪਹਿਰ |
| ੧੬. | ਬਿਲਾਵਲ ਰਾਗ | ਬਸੰਤ | ਦਿਨ ਪਹਿਲਾ ਪਹਿਰ |
| ੧੭. | ਗੌਂਡ ਰਾਗ | ਹੇਮੰਤ | ਦਿਨ ਤੀਜਾ ਪਹਿਰ |
| ੧੮. | ਰਾਮਕਲੀ ਰਾਗ | ਬਸੰਤ | ਦਿਨ ਪਹਿਲਾ ਪਹਿਰ |
| ੧੯. | ਨਟ ਨਰਾਇਣ ਰਾਗ | ਵਰਸ਼ਾ | ਰਾਤ ਤੀਜਾ ਪਹਿਰ |
| ੨੦. | ਮਾਲੀ ਗਉੜਾ ਰਾਗ | ਸ਼ਰਦ | ਦਿਨ ਤੀਜਾ ਪਹਿਰ |
| ੨੧. | ਮਾਰੂ ਰਾਗ | ਸ਼ਿਸ਼ਰ | ਦਿਨ ਤੀਜਾ ਪਹਿਰ |
| ੨੨. | ਤੁਖਾਰੀ ਰਾਗ | ਸ਼ਰਦ | ਦਿਨ ਪਹਿਲਾ ਪਹਿਰ |
| ੨੩. | ਕੇਦਾਰਾ ਰਾਗ | ਗ੍ਰੀਖਮ | ਦਿਨ ਚੌਥਾ ਪਹਿਰ |
| ੨੪. | ਭੈਰਉ ਰਾਗ | ਸ਼ਰਦ | ਰਾਤ ਚੌਥਾ ਪਹਿਰ |
| ੨੫. | ਬਸੰਤ ਰਾਗ | ਬਸੰਤ | ਅੱਠੇ ਪਹਿਰ |
| ੨੬. | ਸਾਰੰਗ ਰਾਗ | ਵਰਸ਼ਾ | ਦਿਨ ਦੂਜਾ ਪਹਿਰ |
| ੨੭. | ਮਲਾਰ ਰਾਗ | ਵਰਖਾ | ਅੱਠੇ ਪਹਿਰ |
| ੨੮. | ਕਾਨੜਾ ਰਾਗ | ਗ੍ਰੀਖਮ | ਰਾਤ ਪਹਿਲਾ ਪਹਿਰ |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | |
|---|---|---|
| ੨੯. ਕਲਿਆਨ ਰਾਗ | ਵਰਸ਼ਾ | ਦਿਨ ਚੌਥਾ ਪਹਿਰ |
| ੩੦ ਪ੍ਰਭਾਤੀ ਰਾਗ | ਬਸੰਤ | ਦਿਨ ਪਹਿਲਾ ਪਹਿਰ |
| ੩੧. ਜੈਜਾਵੰਤੀ ਰਾਗ | ਗ੍ਰੀਖਮ | ਰਾਤ ਪਹਿਲਾ ਪਹਿਰ |

ਉਪਰੋਕਤ ਅੰਕਿਤ ੩੧ ਰਾਗਾਂ ਵਿਚੋਂ ਗੁਰੂ ਨਾਨਕ ਨੇ ੧੯ ਰਾਗਾਂ ਵਿਚ ਬਾਣੀ ਉਚਾਰਨ ਕੀਤੀ—ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ।

ਗੁਰੂ ਅੰਗਦ ਦੇਵ ਨੇ ਵਿਸ਼ੇਸ਼ ਕਰਕੇ ਸਲੋਕ ਛੰਦ ਨੂੰ ਹੀ ਆਪਣੀ ਕਵਿਤਾ ਵਿਚ ਅਪਣਾਇਆ ਹੈ । ਇਨ੍ਹਾਂ ਦੇ ਉਚਾਰੇ ਸਲੋਕਾਂ ਨੂੰ ਕਿਸੇ ਵਿਸ਼ੇਸ਼ ਸਿਰਲੇਖ ਹੇਠਾਂ ਅੰਕਿਤ ਨਹੀਂ ਕੀਤਾ ਗਿਆ । ਪੰਚਮ ਗੁਰੂ ਨੇ ਸੰਪਾਦਕੀ ਅਧਿਕਾਰ ਵਰਤ ਕੇ ਜਿਥੇ ਜਿਥੇ ਠੀਕ ਸਮਝਿਆ ਇਨ੍ਹਾਂ ਦੀ ਬਾਣੀ ਅੰਕਿਤ ਕਰ ਦਿੱਤੀ। ਉਂਞ ਵਿਸ਼ੇਸ਼ ਕਰਕੇ ਇਨ੍ਹਾਂ ਦੇ ਸਲੋਕ ਆਦਿ ਗ੍ਰੰਥ ਵਿਚ ਆਈਆਂ ਵਾਰਾਂ ਵਿਚ ਅੰਕਿਤ ਕੀਤੇ ਗਏ ਹਨ ।

ਤੀਸਰੇ ਗੁਰੂ ਅਮਰਦਾਸ ਨੇ ੧੭ ਰਾਗਾਂ ਵਿਚ ਬਾਣੀ ਉਚਾਰਨ ਕੀਤੀ—ਸਿਰੀ, ਰਾਗ, ਮਾਝ,ਗਉੜੀ, ਗੂਜਰੀ,ਵਡਹੰਸ, ਸੋਰਠਿ,ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ।

ਗੁਰੂ ਰਾਮ ਦਾਸ ਤੇ ਗੁਰੂ ਅਰਜਨ ਦੇਵ ਦੋਹਾਂ ਨੇ ੩੦ ਰਾਗਾਂ ਵਿਚ ਬਾਣੀ ਨੂੰ ਰਾਗਬੱਧ ਕੀਤਾ ਹੈ । ਦੋਹਾਂ ਨੇ ਆਦਿ ਗ੍ਰੰਥ ਵਿਚ ਅੰਕਿਤ ਕੀਤੇ ਗਏ ਰਾਗਾਂ ਵਿਚੋਂ ਕੇਵਲ ਜੈਜਾਵੰਤੀ ਰਾਗ ਵਿਚ ਬਾਣੀ ਰਚਨਾ ਨਹੀਂ ਕੀਤੀ ।

ਗੁਰੂ ਤੇਗ ਬਹਾਦਰ ਨੇ ੧੫ ਰਾਗਾਂ ਵਿਚ ਬਾਣੀ ਉਚਾਰੀ । ਇਨ੍ਹਾਂ ਨੇ ਜੈਜਾਵੰਤੀ ਰਾਗ ਦੇ ਸਿਰਲੇਖ ਹੇਠ ਚਾਰ ਸ਼ਬਦ ਉਚਾਰੇ ਜੋ ਵੈਰਾਗ-ਰਸ ਪ੍ਰਧਾਨ ਪਰਮਾਣ ਹੈ। ਇਹ ਰਾਗ-ਰੂਪ ਕੇਵਲ ਇਨ੍ਹਾਂ ਨੇ ਹੀ ਅਪਣਾਇਆ ਹੈ ਬਾਕੀ ਦੇ ਚੌਦਾਂ ਰਾਗ ਇਹ ਹਨ—ਗਉੜੀ, ਆਸਾ, ਦੇਵਗੰਧਾਰੀ; ਬਿਹਾਗੜਾ,ਸੋਰਠਿ, ਧਨਾਸਰੀ, ਜੈਤਸਰੀ,ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਤੇ ਸਾਰੰਗ ।

ਗੁਰੂ ਹਰਿਗੋਬਿੰਦ ਨੇ ਆਦਿ ਗ੍ਰੰਥ ਵਿਚ ਆਈਆਂ ਬਾਈ ਵਾਰਾਂ ਵਿਚੋਂ ਨੌ ਵਾਰਾਂ ਉਪਰ ਧੁੰਨਾਂ ਅੰਕਿਤ ਕੀਤੀਆਂ[2], ਇਨ੍ਹਾਂ ਦਾ ਵੇਰਵਾ ਪਹਿਲੇ ਦਿੱਤਾ ਜਾ ਚੁੱਕਾ ਹੈ ।

ਗੁਰੂ ਗੋਬਿੰਦ ਸਿੰਘ ਦਾ ਆਦਿ ਗ੍ਰੰਥ ਵਿਚ ਕੇਵਲ ਇਕ ਹੀ ਸਲੋਕ ਦਰਜ ਕੀਤਾ ਗਿਆ ਹੈ ਜਿਸ ਦਾ ਵੇਰਵਾ ਅਸੀਂ ਅਗੇ ਕਰ ਚੁੱਕੇ ਹਾਂ ।

ਭਗਤ ਕਵੀਆਂ ਵਿਚੋਂ ਕਬੀਰ ਤੇ ਨਾਮਦੇਵ ਨੇ ੧੮ ਰਾਗਾਂ ਵਿਚ, ਰਵਿਦਾਸ ਨੇ ੧੬ ਰਾਗਾਂ ਵਿਚ, ਤ੍ਰਿਲੋਚਨ ਤੇ ਬੇਣੀ ਨੇ ੩ ਰਾਗਾਂ ਵਿਚ, ਧੰਨਾ ਜੈਦੇਵ ਤੇ ਫਰੀਦ ਨੇ ੨ ਰਾਗਾਂ ਵਿਚ, ਭੀਖਣ, ਸੈਣ; ਪੀਪਾ, ਸਧਨਾ, ਸੂਰਦਾਸ ਤੇ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿਚ ਇਕ ਯਾ ਦੋ ਦੋ ਸ਼ਬਦ ਰਚੇ ਹਨ ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ੩੧ ਰਾਗਾਂ ਦਾ ਸੰਗੀਤ ਢੰਗ ਭਾਰਤੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨਾਤਨੀ ਰਾਗ-ਮਰਿਆਦਾ ਨਾਲੋਂ ਭਿੰਨ ਹੈ। ਆਦਿ ਗ੍ਰੰਥ ਵਿਚ ਅੰਕਿਤ ਰਾਗ ਮਾਲਾ, ਆਦਿ ਗ੍ਰੰਥ ਵਿਚ ਆਏ ਰਾਗਾਂ ਦੀ ਬੰਸਾਵਲੀ ਨੂੰ ਸੂਚਿਤ ਕਰਦੀ ਹੈ। ਆਦਿ ਗ੍ਰੰਥ ਵਿਚ ਆਏ ੩੧ ਰਾਗਾਂ ਨੂੰ ੬ ਸਿਰਲੇਖਾਂ ਹੇਠ ਵੰਡ ਕੇ ਸਮਝਣ ਦਾ ਜਤਨ ਕੀਤਾ ਗਿਆ ਹੈ। ਇਹ ਧਿਆਨ ਰਹੇ, ਇਹ ਸਿਰਲੇਖ-ਵੰਡ ਸਾਡੀ ਆਪਣੀ ਹੈ ਪਰ ਕਿਹੜਾ ਰਾਗ ਕਿਹੜੇ ਰਾਗ ਦੇ ਪ੍ਰਵਾਰ ਨਾਲ ਸੰਬੰਧਿਤ ਹੈ, ਇਹ ਅਸੀਂ ਸ੍ਰੀ ਗੁਰੂ ਗ੍ਰੰਥ ਕੋਸ਼ (ਕਰਤਾ ਡਾ: ਚਰਨ ਸਿੰਘ) ਅਨੁਸਾਰ ਦੇ ਰਹੇ ਹਾਂ।

1. ਗੁਰਮਤਿ ਸੰਗੀਤ ਅਨੁਸਾਰ ਰਾਗ : ਗੁਰਮਤਿ ਸੰਗੀਤ ਵਿਚ ਸ਼ੁਧ ਰਾਗ ਦੋ ਹੀ ਹਨ : ਸਿਰੀ ਤੇ ਭੈਰਉ।
2. ਗੁਰਮਤਿ ਸੰਗੀਤ ਅਨੁਸਾਰ ਰਾਗਣੀਆਂ :
   ੳ. ਗਉੜੀ ਜੋ ਸਿਰੀ ਰਾਗ ਦੀ ਰਾਗਣੀ ਹੈ।
   ਅ. ਅਸਾ ਜੋ ਮੇਘ ਰਾਗ ਦੀ ਰਾਗਣੀ ਹੈ।
   ੲ. ਗੂਜਰੀ ਜੋ ਦੀਪਕ ਰਾਗ ਦੀ ਰਾਗਣੀ ਹੈ।
   ਸ. ਦੇਵਗੰਧਾਰੀ ਜੋ ਮਾਲਕੌਂਸ ਦੀ ਰਾਗਣੀ ਹੈ।
   ਹ. ਸੋਰਠਿ ਜੋ ਮੇਘ ਰਾਗ ਦੀ ਰਾਗਣੀ ਹੈ।
   ਕ. ਧਨਾਸਰੀ ਜੋ ਮਾਲਕੌਂਸ ਦੀ ਰਾਗਣੀ ਹੈ।
   ਖ. ਟੋਡੀ ਜੋ ਦੀਪਕ ਰਾਗ ਦੀ ਰਾਗਣੀ ਹੈ।
   ਗ. ਬੈਰਾਗੜੀ ਜੋ ਸਿਰੀ ਰਾਗ ਦੀ ਰਾਗਣੀ ਹੈ।
   ਘ. ਤਿਲੰਗ ਜੋ ਹਿੰਡੋਲ ਰਾਗ ਦੀ ਰਾਗਣੀ ਹੈ।
   ਙ. ਮਲਾਰ ਜੋ ਮੇਘ ਰਾਗ ਦੀ ਰਾਗਣੀ ਹੈ।
   ਚ. ਸੂਹੀ ਜੋ ਮੇਘ ਰਾਗ ਦੀ ਰਾਗਣੀ ਹੈ।
3. ਗੁਰਮਤਿ ਸੰਗੀਤ ਅਨੁਸਾਰ ਰਾਗਾਂ ਦੇ ਪੁੱਤਰ।
   ੳ. ਬਿਲਾਵਲ ਜੋ ਭੈਰਉ ਰਾਗ ਦਾ ਪੁੱਤਰ ਹੈ।
   ਅ. ਗੌਂਡ ਜੋ ਸਿਰੀ ਰਾਗ ਦਾ ਪੁੱਤਰ ਹੈ।
   ੲ. ਨਟਨਰਾਇਨ ਜੋ ਮੇਘ ਰਾਗ ਦਾ ਪੁੱਤਰ ਹੈ।
   ਸ. ਮਾਰੂ ਜੋ ਮਾਲਕੌਂਸ ਰਾਗ ਦਾ ਪੁੱਤਰ ਹੈ।
   ਹ. ਕੇਦਾਰਾ ਜੋ ਮੇਘ ਰਾਗ ਦਾ ਪੁੱਤਰ ਹੈ।
   ਕ. ਬਸੰਤ ਜੋ ਹਿੰਡੋਲ ਰਾਗ ਦਾ ਪੁੱਤਰ ਹੈ।
   ਖ. ਸਾਰੰਗ ਜੋ ਸਿਰੀ ਰਾਗ ਦਾ ਪੁੱਤਰ ਹੈ।
   ਗ. ਕਾਨੜਾ ਜੋ ਦੀਪਕ ਰਾਗ ਦਾ ਪੁੱਤਰ ਹੈ।
   ਘ. ਕਲਿਆਨ ਜੋ ਦੀਪਕ ਰਾਗ ਦਾ ਪੁੱਤਰ ਹੈ।
4. ਗੁਰਮਤਿ ਸੰਗੀਤ ਵਲੋਂ ਪਰਚਾਰੀ ਗਈ ਰਾਗਣੀ : ਤੁਖਾਰੀ।
5. ਗੁਰਮਤਿ ਸੰਗੀਤ ਅਨੁਸਾਰ ਭਿੰਨ ਰਾਗ[3] : ਬਿਹਾਗੜਾ, ਵਡਹੰਸ ਤੇ ਮਾਲੀ ਗਉੜਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. ਗੁਰਮਤਿ ਸੰਗੀਤ ਅਨੁਸਾਰ ਭਿੰਨ ਰਾਗਣੀਆਂ[4] : ਮਾਝ, ਜੈਤਸਰੀ, ਰਾਮਕਲੀ, ਪ੍ਰਭਾਤੀ ਅਤੇ ਜੈਜਾਵੰਤੀ ।

## ਆਦਿ ਗ੍ਰੰਥ ਵਿਚ ਅੰਕਿਤ ਰਾਗਾਂ ਦਾ ਭੇਦ-ਪ੍ਰਕਾਰ :

ਆਦਿ ਗ੍ਰੰਥ ਵਿਚ ਆਏ ਰਾਗਾਂ ਨੂੰ ਸੰਗੀਤ ਸ਼ਾਸਤਰ[5] ਦੇ ਅਨੁਸਾਰ ਰਾਗਾਂ ਦੇ ਤਿੰਨ ਭੇਦ ਸ਼ੁਧ, ਛਾਇਆ ਲਿੰਗਤ ਅਤੇ ਸੰਕ੍ਰੀਣ ਵਿਚ ਵੰਡਿਆ ਜਾ ਸਕਦਾ ਹੈ—

1. ਸ਼ੁਧ : ਮੁਢ ਤੋਂ ਥਾਪੇ ਹੋਏ ਸੁਰ ਜਿਨ੍ਹਾਂ ਰਾਗਾਂ ਨੂੰ ਲਗਦੇ ਹਨ ਤੇ ਜਿਨ੍ਹਾਂ ਦੀ ਸ਼ਕਲ ਵਿਚ ਕੁਝ ਹੇਰ ਫੇਰ ਨਹੀਂ ਹੁੰਦਾ, ਉਹ ਸ਼ੁਧ ਹਨ ।

2. ਛਾਇਆ ਲਿੰਗਤ : ਦੂਸਰੇ ਰਾਗਾਂ ਦੇ ਸਰੂਪ ਦੀ ਕੁਝ ਝਲਕ ਜਿਨ੍ਹਾਂ ਰਾਗਾਂ ਵਿਚ ਪਾਈ ਜਾਂਦੀ ਹੈ ਉਹ ਛਾਯਾਲਿੰਗਤ ਹਨ। ਇਨ੍ਹਾਂ ਨੂੰ ਮਿਸ੍ਰਿਤ ਵੀ ਕਿਹਾ ਜਾਂਦਾ ਹੈ।

3. ਸੰਕੀਰਣ : ਰਾਗਾਂ ਦੇ ਮੂਲ ਸੁਰ ਤੇ ਛਾਯਾਲਿੰਗਤ ਰਾਗਾਂ ਦੇ ਆਪਸ ਵਿਚ ਮਿਲਨ ਤੇ ਜੋ ਭੇਦ ਬਣ ਗਏ ਹਨ, ਉਹ ਸੰਕੀਰਣ ਰਾਗ ਹਨ ।

ਆਦਿ ਸ੍ਰੀ ਗੁਰੂ ਗ੍ਰੰਥ ਵਿਚ ੩੧ ਰਾਗਾਂ ਤੋਂ ਇਲਾਵਾ ਇਨ੍ਹਾਂ ਅੰਦਰ ਮਿਸ੍ਰਿਤ ਹੋ ਕੇ ਆਏ ਰਾਗਾਂ ਦਾ ਵੇਰਵਾ ਵੀ ਵੇਖਣ ਯੋਗ ਹੈ । ਇਕੱਲੇ ਗਉੜੀ ਰਾਗ ਵਿਚ ਹੋਰ ੧੩ ਰਾਗਾਂ ਦਾ ਮਿਸ਼੍ਰਣ ਹੈ ਜੋ ਦ੍ਰਿਸ਼ਟੀਗੋਚਰ ਹੈ—ਰਾਗ ਗਉੜੀ ਗੁਆਰੇਰੀ, ਰਾਗ ਗਉੜੀ ਚੇਤੀ, ਰਾਗ ਗਉੜੀ ਬੈਰਾਗਣ, ਰਾਗ ਗਉੜੀ ਦੀਪਕੀ, ਰਾਗ ਗਉੜੀ ਪੂਰਬੀ ਦੀਪਕੀ, ਰਾਗ ਗਉੜੀ ਪੂਰਬੀ,ਰਾਗ ਗਉੜੀ ਮਾਝ,ਰਾਗ ਗਉੜੀ ਦਖਣੀ,ਰਾਗ ਗਉੜੀ ਮਾਲਵਾ, ਰਾਗ ਗਉੜੀ ਮਾਲਾ, ਰਾਗ ਗਉੜੀ ਗੁਆਰੇਰੀ ਸ੍ਰੀ ਤੇ ਰਾਗ ਗਉੜੀ ਭੀ ਤੇ ਸੋਰਠ ਭੀ ।

ਇਸੇ ਤਰ੍ਹਾਂ ਹੋਰ ਰਾਗ ਵੀ ਮਿਸ੍ਰਿਤ ਰੂਪ ਵਿਚ ਦਿਸ ਆਉਂਦੇ ਹਨ। ਰਾਗ ਵਡਹੰਸ ਦਖਣੀ, ਰਾਗ ਤਿਲੰਗ ਕਾਫੀ, ਰਾਗ ਸੂਹੀ ਕਾਫੀ, ਰਾਗ ਬਿਲਾਵਲ ਦਖਣੀ, ਰਾਗ ਬਿਲਾਵਲ ਮੰਗਲ, ਰਾਗ ਰਾਮਕਲੀ ਦਖਣੀ, ਰਾਗ ਰਾਮਕਲੀ ਅਨੰਦ, ਰਾਗ ਨਟ ਨਰਾਟਿਣ, ਰਾਗ ਨਟ ਤੇ ਰਾਗ ਨਟ-ਨਰਾਇਣ, ਰਾਗ ਮਾਰੂ ਕਾਫੀ, ਮਾਰੂ ਦਖਣੀ, ਰਾਗ ਬਸੰਤ ਹਿੰਡੋਲ, ਰਾਗ ਕਲਿਆਨ ਭੋਪਾਲੀ, ਰਾਗ ਪ੍ਰਭਾਤੀ ਦਖਣੀ, ਪ੍ਰਭਾਤੀ ਬਿਭਾਸ, ਰਾਗ ਬਿਲਾਵਲ ਗੌਂਡ ਅਤੇ ਰਾਗ ਸੂਹੀ ਲਲਿਤ ।

## ਆਦਿ ਗ੍ਰੰਥ ਵਿਚ ਦੋ ਸੰਕੀਰਣ ਰਾਗ ਵੀ ਪ੍ਰਸਤੁਤ ਹਨ :

ਰਾਗ ਗਉੜੀ-ਪੂਰਬੀ ਦੀਪਕੀ ਤੇ ਰਾਗ ਗਉੜੀ-ਗੁਆਰੇਰੀ ਸ੍ਰੀ ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਗੁਰੂਆਂ ਨੇ ਰਾਗਾਂ ਨੂੰ ਗੁਰਮਤਿ ਦੇ ਪ੍ਰਚਾਰਨ ਦਾ ਸਾਧਨ ਕਿਉਂ ਬਣਾਇਆ ? ਅਸੀਂ ਇਸ ਪ੍ਰਸ਼ਨ ਦੇ ਉੱਤਰ ਰਾਹੀਂ ਗੁਰੂ ਅਰਜਨ ਦੇਵ ਦੇ ਕਵੀ ਮਨ ਵਲ ਝਾਤੀ ਮਾਰਨੀ ਚਾਹੁੰਦੇ ਹਾਂ । ਗੁਰੂ ਅਰਜਨ ਦੇਵ ਕੋਮਲ ਭਾਵੀ ਹੋਣ ਦੇ ਨਾਲ ਨਾਲ ਦੂਰਦਰਸ਼ੀ ਵੀ ਸਨ । ਆਦਿ ਗ੍ਰੰਥ ਵਿਚਲੀ ਏਡੀ ਵਡ-ਅਕਾਰੀ ਬਾਣੀ ਨੂੰ ਕਿਸ ਹਿੰਮਤ ਅਤੇ ਉਦਮ ਨਾਲ ਇਕੱਤਰ ਕੀਤਾ ਹੋਵੇਗਾ, ਕਿਤਨੇ ਤਰੱਦਦ ਨਾਲ ਇਸ ਨੂੰ ਸੰਭਾਲ ਕੇ ਰਖਿਆ ਹੋਵੇਗਾ ਤੇ ਕਿਤਨੇ ਯਤਨਾਂ ਨਾਲ ਇਹ ਇਕ ਸਾਰਥਕ ਰੂਪ'ਚ ਸਾਡੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਮਣੇ ਆਈ। ਇਹ ਸਾਰੇ ਕੁਝ ਦਾ ਪ੍ਰੇਰਣਾ ਸ੍ਰੋਤ ਇਨ੍ਹਾਂ ਦੇ ਕਵੀ ਮਨ ਦਾ ਕਵਿਤਾ ਲਈ ਅਥਾਹ ਪਿਆਰ ਹੀ ਹੈ। ਗੁਰੂ ਅਰਜਨਦੇਵ ਦੀ ਦੂਰ ਦਰਿਸ਼ਤਾ ਨੇ ਦੋ ਕੋਮਲ ਹੁਨਰ ਕਵਿਤਾ ਅਤੇ ਰਾਗ ਨੂੰ ਇਕ ਇਕਾਈ ਵਿਚ ਬੰਨ੍ਹ ਕੇ ਗੁਰਮਤਿ ਵਿਚ ਕੀਰਤਨ ਦਾ ਨਾਮ ਦਿੱਤਾ ਹੈ। ਗੁਰੂ ਘਰ ਵਿਚ ਕੀਰਤਨ ਦੀ ਮਹਾਨਤਾ ਇਤਨੀ ਵਧਾ ਦਿਤੀ ਗਈ ਕਿ ਕੋਈ ਵੀ ਇਸ ਨੂੰ ਛੁਟਿਆ ਨਾ ਸਕਿਆ।

੧. ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਸੋਰਠਿ ਮ: ੫-੩/੬੪੨

੨. ਧੰਨ ਸੁ ਰਾਗ ਸੁਰੰਗੜੇ ਅਲਾਪਤ ਸਭ ਤਿਖ ਜਾਈ ॥ ਸਲੋਕ ਮ: ੫/੯੫੮

੩. ਕੀਰਤਨੁ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ ॥
ਰਾਮਕਲੀ ਮਹਲਾ ੫-੩੫/੮੯੩

੪. ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥
ਗਉੜੀ ਮਹਲਾ ੫-੧੫੮/੬੪੨

੫. ਹਰਿ ਦਿਨੁ ਰੈਣਿ ਕੀਰਤਨੁ ਗਾਈਐ ਬਹੁੜਿ ਨ ਜੋਨੀ ਪਾਈਐ ॥
ਸੋਰਠਿ ਮਹਲਾ ੫-੫੯/੬੨੪

ਗੁਰੂ ਅਰਜਨ ਦੇਵ ਨੇ ਗੁਰੂ ਘਰ ਵਿਚ ਕੀਰਤਨ ਨੂੰ ਪ੍ਰਮੁਖ ਸਥਾਨ ਦਿੱਤਾ। ਸੰਸਾਰ ਦੇ ਸਾਰੇ ਧਰਮ ਗ੍ਰੰਥ ਜਾਂ ਤਾਂ ਕਵਿਤਾ ਵਿਚ ਹਨ ਜਾਂ ਕਾਵਿਮਈ ਵਾਰਤਕ ਵਿਚ। ਗੁਰਮਤਿ ਦੀ ਵਿਲੱਖਣਤਾ ਹੀ ਇਸੇ ਵਿਚ ਹੈ ਕਿ ਬਾਣੀ ਹਰ ਰੋਜ਼ ਧਰਮ-ਅਸਥਾਨਾਂ ਉਤੇ ਗਾਇਨ ਕੀਤੀ ਜਾਂਦੀ ਹੈ। ਗੁਰਮਤਿ ਵਿਚ ਬਾਣੀ ਕੇਵਲ ਪੂਜਾ ਦੀ ਵਸਤੂ ਨਾ ਰਹਿ ਕੇ ਵਰਤੋਂ ਦੀ ਵਸਤੂ ਬਣ ਗਈ ਹੈ। ਇਸ ਦਾ ਇਕ ਵਿਸ਼ੇਸ਼ ਲਾਭ ਇਹ ਵੀ ਹੋਇਆ ਹੈ, ਰਾਗ ਦਾ ਇਕ ਅਤਿ ਸੂਖਮ ਪੱਖ ਗਾਇਕੀ, ਹਮੇਸ਼ਾਂ ਲਈ ਸੁਰਜੀਤ ਰਹਿ ਸਕੀ। ਹਰਿਮੰਦਰ ਵਿਚ ਰਾਗੀ ਰਬਾਬੀ ਸ਼ੁਧ ਰਾਗਾਂ ਵਿਚ ਕੀਰਤਨ ਕਰਨ ਲਗੇ ਤੇ ਗਾਇਕੀ ਵਲ ਵੀ ਧਿਆਨ ਦਿੱਤਾ ਜਾਣ ਲਗ ਪਿਆ।

ਗੁਰੂਘਰ ਦਾ ਪਹਿਲਾ ਗਵੱਈਆ ਗੁਰੂ ਨਾਨਕ ਅਤੇ ਦੂਜਾ ਮਰਦਾਨਾ ਹੈ। ਸ਼ਾਸਤਰੀ ਸੰਗੀਤ ਰੁਖਾ ਜਿਹਾ ਹੈ। ਕੇਵਲ ਇਕ ਖ਼ਿਆਲ ਵਿਚ ਤਾਨ-ਪਲਟੇ ਨਾਲ ਉਸਨੂੰ ਸਰਸ ਬਨਾਉਣ ਦਾ ਜਤਨ ਕੀਤਾ ਜਾਂਦਾ ਹੈ। ਕਈ ਵਾਰ ਤਾਂ ਗਵੱਈਏ ਦੀ ਹਰਕਤ ਹੀ ਸੁਣਾਈ ਦੇਂਦੀ ਹੈ ਉਸਦੇ ਬੋਲ ਸਮਝ ਨਹੀਂ ਆਉਂਦੇ। ਇਸ ਵਿਚ ਬੋਲ ਘਟ ਹੁੰਦੇ ਹਨ ਤੇ ਗਾਇਕੀ ਵਧੇਰੇ, ਜਦ ਕਿ ਗੁਰਮਤਿ ਸੰਗੀਤ ਵਿਚ ਸਿੱਧੇ ਸਾਦੇ ਸ਼ਬਦਾਂ ਨੂੰ ਕੀਰਤਨ ਦੁਆਰਾ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਕੀਰਤਨ ਵਿਚ ਬਾਣੀ ਦੇ ਬੋਲ ਵਧੇਰੇ ਤੇ ਗਾਇਕੀ ਘਟ ਹੁੰਦੀ ਹੈ। ਇਹ ਠੀਕ ਹੈ, ਆਦਿ ਗ੍ਰੰਥ ਵਿਚ ਰਾਗਾਂ ਦੀ ਸੁਰ-ਲਿਪੀ ਵਲ ਸੰਕੇਤ ਨਹੀਂ ਕੀਤਾ ਗਿਆ ਪਰ ਰਾਗ ਦੇ ਸਿਰਲੇਖ ਤੋਂ ਹੀ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਕਿਹੜਾ ਸ਼ਬਦ ਕਿਸ ਰਾਗ ਵਿਚ ਗਾਇਆ ਜਾਣਾ ਚਾਹੀਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਗੁਰੂ ਸਾਹਿਬਾਨ ਦਾ ਮੁਖ ਉਦੇਸ਼ ਰਾਗਾਂ ਦਾ ਪਰਚਾਰ ਕਰਨਾ ਨਹੀਂ ਸੀ ਸਗੋਂ ਰਾਗਾਂ ਰਾਹੀਂ ਰੱਬੀ ਅਨੁਭਵ ਦਾ ਪ੍ਰਗਟਾਵਾ ਕਰਨਾ ਸੀ ਜਾਂ ਇਉਂ ਕਹਿ ਲਉ ਰਬੀ ਅਨੁਭਵ ਨੂੰ ਸੰਗੀਤਕ ਸ਼ਬਦਾਂ ਵਿਚ ਕਹਿਣ ਦਾ ਇਕ ਅਨੂਠਾ ਢੰਗ ਸੀ।

ਰਾਗ ਤੇ ਰਾਗਾਂ ਦੀ ਗਾਇਕੀ ਰਾਜ-ਦਰਬਾਰਾਂ ਤਕ ਹੀ ਸੀਮਿਤ ਹੋ ਗਈ ਸੀ। ਆਮ ਜਨਤਾ ਏਡੇ ਅਮੀਰ ਵਿਰਸੇ ਤੋਂ ਵਿਰਵੀ ਹੋ ਗਈ ਸੀ। ਗੁਰੂਆਂ ਨੇ ਰਾਗਾਂ ਨੂੰ ਰਾਜ-ਦਰਬਾਰਾਂ ਵਿਚੋਂ ਕਢ ਕੇ ਜਨ ਸਾਧਾਰਣ ਦੀ ਪੱਧਰ ਉੱਤੇ ਲਿਆ ਖੜਾ ਕੀਤਾ ਤੇ ਮਨੁੱਖੀ ਮਨਾਂ ਵਿਚ ਸੁਹਜਾਤਮਕ ਅੰਸ਼ ਨੂੰ ਨਵੇਂ ਸਿਰਿਉਂ ਸਿੰਜਰਨ ਦਾ ਯਤਨ ਕੀਤਾ। ਇਸ ਤਰ੍ਹਾਂ ਬਾਣੀ-ਪਰਚਾਰ ਦੇ ਨਾਲ ਨਾਲ ਰਾਗਾਂ ਦੀ ਗਾਇਕੀ ਵਿਚ ਵੀ ਵਾਧਾ ਹੋਇਆ। ਗੁਰੂ ਮੱਤ ਦੇ ਅਨੁਆਈ ਬਿਨਾ ਕਿਸੇ ਭੇਦ-ਭਾਵ ਦੇ ਸੰਤਾਂ-ਭਗਤਾਂ ਦੀਆਂ ਰਚਨਾਵਾਂ ਦਾ ਗਾਇਨ ਕਰਨ ਲਗੇ। ਭਾਰਤੀਅਤਾ ਦੀ ਭਾਵਨਾ ਦਾ ਪਰਮਾਣ ਗੁਰੂ ਅਰਜਨ ਦੇਵ ਜੀ ਨੇ ਅਜ ਤੋਂ ਲਗਭਗ ਪੌਣੇ ਚਾਰ ਸੌ ਸਾਲ ਪਹਿਲਾਂ ਆਦਿ ਗ੍ਰੰਥ ਦਾ ਸੰਕਲਪ ਕਰ ਦਿੱਤਾ।

ਇਥੇ ਇਕ ਹੋਰ ਨੁੱਕਤਾ ਵੀ ਵਿਚਾਰਨ ਯੋਗ ਹੈ। ਕੀ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਅੰਕਿਤ ਵਖੋ ਵਖ ਰਾਗਾਂ ਦਾ ਆਪਣਾ ਕੋਈ ਵਿਸ਼ੇਸ਼ ਸੁਰ ਵੀ ਹੈ। ਸਾਡੇ ਵਿਵੇਚਨ ਅਨੁਸਾਰ ਕੁਝ ਕੁ ਰਾਗਾਂ ਦਾ ਵਿਸ਼ੇਸ਼ ਸੁਰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਪਰ ਹਰ ਇਕ ਰਾਗ ਦੀ ਇਕ ਨਿਸਚਿਤ ਵਿਸ਼ੇਸ਼ ਪਛਾਣ ਕਠਿਨ ਹੈ। ਉਦਹਾਰਣ ਵਜੋਂ ਵਡਹੰਸ,ਮਾਰੂ ਅਤੇ ਜੈਜਾਵੰਤੀ ਰਾਗ ਦੀ ਬਿਰਤੀ ਵੈਰਾਗਮਈ ਹੈ। ਆਸਾ, ਸੋਰਠ, ਧਨਾਸਰੀ ਅਤੇ ਬਿਲਾਵਲ ਵਧੇਰੇ ਕਰਕੇ ਖੁਸ਼ੀ ਦਾ ਪ੍ਰਭਾਵ ਪਾਉਂਦੇ ਹਨ। ਤਿਲੰਗ ਵਿਚ ਅਰਬੀ-ਫਾਰਸੀ ਸ਼ਬਦਾਵਲੀ ਦੀ ਵਰਤੋਂ ਵਧੇਰੇ ਹੈ ਤੇ ਸਿਧਾਂਤਕ ਪੱਖ ਵਧੇਰੇ ਜ਼ੋਰਦਾਰ ਹੈ। ਬਸੰਤ ਰਾਗ ਦਾ ਪ੍ਰਮੁਖ ਸੁਰ ਆਨੰਦ ਤੇ ਖੇੜਾ ਹੈ। ਮਲਾਰ ਅਤੇ ਸਾਰੰਗ ਵਿਚ ਅਪਣਾਏ ਗਏ ਉਪਨਾਮ ਵਰਖਾ ਰਿਤੂ ਨਾਲ ਸੰਬੰਧਿਤ ਹਨ। ਤੁਖਾਰੀ ਅਤੇ ਮਾਝ ਦੇ ਬਾਰਾਂ ਮਾਹ ਭਾਵ-ਬਹੁਲਤਾ ਨੂੰ ਰੂਪਮਾਨ ਕਰਦੇ ਹਨ। ਗਉੜੀ ਅਤੇ ਰਾਮਕਲੀ ਰਾਗ ਵਿਚ ਸੰਵਾਦ ਦਾ ਸੁਰ ਉਚੇਰਾ ਹੈ ਆਦਿ।

**ਸਾਰ—**

1. ਗੁਰਮਤਿ ਸੰਗੀਤ ਦਾ ਆਪਣਾ ਇਕ ਵਿਸ਼ੇਸ਼ ਤੇ ਵਿਲੱਖਣ ਮਤ ਹੈ।
2. ਆਦਿ ਗ੍ਰੰਥ ਦੀ ਬਾਣੀ ੩੧ ਰਾਗਾਂ ਵਿਚ ਬੰਨ੍ਹੀ ਗਈ ਹੈ। ਜਿਸ ਵਿਚ ਦੋ ਰਾਗ ਸ਼ੁਧ ਹਨ, ਯਾਰਾਂ ਰਾਗਣੀਆਂ ਹਨ, ਨੌ ਰਾਗਾਂ ਦੇ ਪੁੱਤਰ ਹਨ, ਤਿੰਨ ਭਿੰਨ ਰਾਗ ਹਨ, ਪੰਜ ਭਿੰਨ ਰਾਗਣੀਆਂ ਹਨ ਤੇ ਇਕ ਰਾਗਣੀ ਗੁਰਮਤਿ ਸੰਗੀਤ ਵਲੋਂ ਪ੍ਰਚਾਰੀ ਗਈ ਹੈ।
3. ਸੰਗੀਤ ਸ਼ਾਸਤ੍ਰ ਨੇ ਰਾਗਾਂ ਦੇ ਤਿੰਨ ਭੇਦ : ਸ਼ੁਧ,ਛਾਇਆ ਲਿੰਗਤ ਤੇ ਸੰਕੀਰਣ ਥਾਪੇ ਹਨ। ਇਨ੍ਹਾਂ ਤਿੰਨਾਂ ਦੀ ਵਰਤੋਂ ਆਦਿ ਗ੍ਰੰਥ ਵਿਚ ਵਿਦਮਾਨ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਗੁਰਮਤਿ ਸੰਗੀਤ ਰਾਗਾਂ ਦੀ ਸੁਰ ਲਿਪੀ ਵਲ ਕੋਈ ਸੰਕੇਤ ਨਹੀਂ ਕਰਦਾ ਅਥਵਾ ਰਾਗ ਬੰਦਿਸ਼ ਨੂੰ ਰਾਗ ਦੇ ਸਿਰਲੇਖਾਂ ਰਾਹੀਂ ਸੰਕੇਤ ਕਰਦਾ ਹੈ।

5. ਆਦਿ ਗ੍ਰੰਥ ਦੇ ਕੁਝ ਰਾਗ ਆਪਣਾ ਨਿਖਰਵਾਂ ਸੁਰ ਵੀ ਰਖਦੇ ਹਨ, ਸਾਰੇ ਨਹੀਂ।

## ਫੁਟ ਨੋਟ

1. ਟੰਡਨ; ਪ੍ਰੋ: ਜੀ.ਐਸ. ਲੇਖ—ਆਦਿ ਗ੍ਰੰਥ ਵਿਚ ਸੰਗੀਤ, ਗੁਰਮਤਿ ਸਾਹਿਤ ਅੰਕ; ਪੰਜਾਬੀ ਦੁਨੀਆਂ; ਸੰਨ 1965 ਪੰਨਾ 91-102
2. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 655
3. ਭਿੰਨ ਰਾਗ ਰਾਗਣੀ ਉਸ ਨੂੰ ਕਹਿੰਦੇ ਹਨ ਜੋ ਰਾਗ ਦੀ ਬੰਸ ਵਿਚੋਂ ਨਾ ਹੋਵੇ। ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1175
4. ਸ਼ਰੁਤੀਆਂ ਤੀਬਰ ਕੋਮਲ ਆਦਿਕਾਂ ਦੇ ਭੇਦ ਕਰਕੇ ਰਾਗ ਰਾਗਣੀ ਹੋ ਜਾਂਦਾ ਹੈ ਅਤੇ ਰਾਗਣੀ ਰਾਗ।

   ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1175
5. ਕਾਹਨ ਸਿੰਘ, ਮਹਾਨ ਕੋਸ਼, ਪੰਨਾ 769



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਕ-ਅੰਕਣ ਪ੍ਰਬੰਧ

ਪਹਿਲੇ ਸੰਕੇਤ ਕੀਤਾ ਜਾ ਚੁੱਕਾ ਹੈ ਕਿ ਸ੍ਰੀ ਆਦਿਗ੍ਰੰਥ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਾਰਤ ਦੇ ਪੰਦਰਾਂ ਸੂਫੀ-ਸੰਤ-ਭਗਤਾਂ ਦੀ ਬਾਣੀ ਵੀ ਸੰਕਲਿਤ ਕੀਤੀ ਗਈ ਹੈ। ਇਸ ਗ੍ਰੰਥ ਦੀ ਸਾਰੀ ਰਚਨਾ ੩੧ ਰਾਗਾਂ ਵਿਚ ਵੰਡੀ ਹੋਈ ਹੈ ਤੇ ਹਰ ਰਾਗ ਦੇ ਅਗੋਂ ਅਨੁਭਾਗ ਵੀ ਹਨ। ਇਕ ਹੀ ਰਾਗ ਵਿਚ ਇਕ ਤੋਂ ਵਧੀਕ ਰਚਣਹਾਰਾਂ ਦੀ ਬਾਣੀ ਅੰਕਿਤ ਕੀਤੀ ਗਈ ਹੈ। ਇਸੇ ਤਰ੍ਹਾਂ ਕਈ ਤਰ੍ਹਾਂ ਦੇ ਰਚਨਾ-ਰੂਪ ਅੰਕਿਤ ਕੀਤੇ ਗਏ ਹਨ। ਇਨ੍ਹਾਂ ਸਾਰਿਆਂ ਦਾ ਨਿਖੇੜਾ ਕਰਨ ਲਈ ਅੰਕ-ਪ੍ਰਬੰਧ ਵੀ ਅਜਿਹਾ ਸਾਧਨ ਹੈ ਜਿਸ ਦੀ ਸਹਾਇਤਾ ਨਾਲ ਰਚਣਹਾਰ ਵਿਸ਼ੇਸ਼ ਉਸਦੀ ਰਚਨਾ, ਉਸਦੇ ਰਚਨਾ-ਰੂਪ, ਰਚਨਾ ਦੀ ਮਾਤਰਾ ਦਾ ਸਹੀ ਪਤਾ ਲਗਾਇਆ ਜਾ ਸਕਦਾ ਹੈ।

ਮਹਲਾ-ਅੰਕ ਰਚਣਹਾਰ ਵਿਸ਼ੇਸ਼ ਦਾ ਸੂਚਕ ਹੈ, ਇਹ ਤੱਥ ਤਾਂ ਸਰਬ ਵਿਖਿਆਤ ਹੈ। ਪਰ ਬਾਣੀਕਾਰ ਵਿਸ਼ੇਸ਼ ਨੇ ਰਾਗ ਵਿਸ਼ੇਸ਼ ਵਿਚ ਕਿੰਨੀ ਬਾਣੀ ਰਚੀ ? ਦਾ ਬੋਧ ਅੰਕ-ਮਾਤਰਾ ਤੋਂ ਹੀ ਹੁੰਦਾ ਹੈ। ਆਦਿ ਗ੍ਰੰਥਾਂ ਦੇ ਸਮੁੱਚੇ ਅੰਕਾਂ ਦੀ ਜਾਣਕਾਰੀ ਦੇਣਾ ਇਕ ਸ਼ੋਧ-ਪ੍ਰਬੰਧ ਦਾ ਵਿਸ਼ਾ ਬਣ ਸਕਦਾ ਹੈ। ਹਾਲ ਦੀ ਘੜੀ ਆਦਿ ਗ੍ਰੰਥ ਦੇ ਅੰਕਣ-ਪ੍ਰਬੰਧ ਦੇ ਇਕ ਦੋ ਉੱਘੇ ਨੇਮਾਂ ਵਲ ਸੰਕੇਤ ਕਰਨਾਂ ਹੀ ਉਚਿਤ ਹੈ। ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਆਦਿ ਗ੍ਰੰਥ ਦੀ ਸਾਰੀ ਬਾਣੀ ਨੂੰ ਆਪਣੀ ਸੁਵਿਧਾ ਅਨੁਸਾਰ ਇਨ੍ਹਾਂ ਵਰਗਾਂ ਵਿਚ ਵੰਡ ਕੇ ਵਿਚਾਰਿਆ ਹੈ—

ੳ. ਨਿੱਤਨੇਮ ਦੀਆਂ ਬਾਣੀਆਂ (ਜਪੁ, ਸੋਦਰ, ਕੀਰਤਨ ਸੋਹਿਲਾ)

ਅ. ਪਦੇ—ਇਸਦੇ ਅੰਤਰਗਤ ੩੧ ਰਾਗਾਂ ਹੇਠ ਅੰਕਿਤ ਸਾਰੇ ਦੇ ਸਾਰੇ ਰਚਣਹਾਰਾਂ ਦੇ ਵਿਭਿੰਨ ਪਦੇ ਆ ਜਾਂਦੇ ਹਨ ਜੇਹਾ ਕਿ ਇਕਪਦਾ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਅਤੇ ਛਿਪਦੇ ਆਦਿ।

ੲ. ਅਸਟਪਦੀਆਂ—ਇਸ ਦੇ ਅਧੀਨ ਵੀ ਆਦਿ ਗ੍ਰੰਥ ਦੇ ਸਭ ਰਚਣਹਾਰਾਂ ਦੀਆਂ ਅਸਪਦੀਆਂ ਆ ਜਾਂਦੀਆਂ ਹਨ।

ਸ. ਛੰਤ—ਆਦਿ ਗ੍ਰੰਥ ਵਿਚ ਅੰਕਿਤ ਸਾਰੇ ਦੇ ਸਾਰੇ ਛੰਤ ਇਸ ਸਿਰਲੇਖ ਹੇਠ ਵਿਚਾਰੇ ਜਾਣਗੇ।

ਹ. ਅਸਫੋਟਕ ਰਚਨਾਵਾਂ (ਇਹਨਾਂ ਦਾ ਸੰਬੰਧ ਲੋਕ-ਰੂਪਾਂ ਨਾਲ ਹੈ)

ਕ. ਲੰਮੇਰੀਆਂ ਰਚਨਾਵਾਂ (ਇਥੇ ਵੀ ਕੁਝ ਰਚਨਾਵਾਂ ਦਾ ਸੰਬੰਧ ਲੋਕ-ਰੂਪਾਂ ਨਾਲ ਹੈ)

ਖ. ਵਾਰਾਂ

ਗ. ਸਲੋਕ ਅਤੇ ਰਾਗ ਬੰਦਿਸ਼ ਰਹਿਤ ਬਾਣੀਆਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਇਹ ਸੰਕੇਤ ਕਰਨਾ ਉਚਿਤ ਹੈ—ਪਦੇ, ਅਸਟਪਦੀਆਂ, ਛੰਤ, ਅਸਫੁਟਕ ਰਚਨਾਵਾਂ ਅਤੇ ਵਾਰਾਂ ਦੇ ਅੰਕ-ਪ੍ਰਬੰਧ ਲਈ ਅਸੀਂ ਆਪਣੇ ਆਪ ਨੂੰ ਸਿਰੀ ਰਾਗ ਤਕ ਹੀ ਸੀਮਤ ਰਖਿਆ ਹੈ। ਪਦੇ-ਅੰਕਣ-ਕ੍ਰਮ ਵਿਚ ਵਿਵਧਤਾ ਵੀ ਹੈ,ਉਸਨੂੰ ਧਿਆਨ ਵਿਚ ਰਖਦੇ ਹੋਏ ਤੇ ਲੰਮੇਰੀਆਂ ਬਾਣੀਆਂ ਦੇ ਅੰਕਣ-ਪ੍ਰਬੰਧ ਦੇ ਉਦਾਹਰਣ ਅਸੀਂ ਗਉੜੀ ਰਾਗ ਵਿਚੋਂ ਹੀ ਲਏ ਹਨ। ਇਸੇ ਤਰ੍ਹਾਂ ਇਕ ਅੱਧ ਉਦਾਹਰਣ ਕਿਸੇ ਹੋਰ ਰਾਗ ਵਿਚੋਂ ਵੀ ਲਿਆ ਹੈ ਜੋ ਤੱਥ-ਵਿਸ਼ੇਸ਼ ਦੀ ਤਸਦੀਕ ਕਰਨ ਲਈ ਸਾਨੂੰ ਸਿਰੀ ਅਤੇ ਗਉੜੀ ਰਾਗ ਵਿਚੋਂ ਨਹੀਂ ਮਿਲਿਆ। ਇਹ ਤਾਂ ਸਪਸ਼ਟ ਹੀ ਹੈ ਕਿ ਸੰਪੂਰਣ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਅੰਕ-ਪ੍ਰਬੰਧ ਇਥੇ ਪੇਸ਼ ਕਰਨਾ ਸੰਭਵ ਨਹੀਂ। ਇਹ ਪੁਸਤਕ ਨਿਰੋਲ ਅੰਕ-ਪ੍ਰਬੰਧ ਬਾਰੇ ਨਹੀਂ ਇਹ ਤਾਂ ਅੰਕ-ਪ੍ਰਬੰਧ ਨੂੰ ਸਮਝਣ ਲਈ ਸੇਧ ਦਿੰਦੀ ਹੈ। ਸੰਖੇਪ ਵਿਚ ਅੱਡ ਅੱਡ ਰੂਪ-ਵੰਨਗੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਵਿਧੀ ਨਾਲ ਅੰਕਿਤ ਕੀਤਾ ਹੈ, ਨੂੰ ਸਮਝਣ-ਬੁਝਣ ਵਲ ਹੀ ਅਜੇਹਾ ਅਧਿਐਨ ਰੁਚਿਤ ਹੈ। ਸਾਫ਼ ਹੈ, ਰਾਗ ਬੱਧ ਬਾਣੀ, ਅਸਫ਼ੁਟਕ ਰਚਨਾਵਾਂ ਤੇ ਰਾਗ ਮੁਕਤ ਬਾਣੀ ਦੇ ਇਥੇ ਨਮੂਨੇ ਹੀ ਪੇਸ਼ ਕੀਤੇ ਜਾ ਸਕਦੇ ਹਨ। ਸਮੁੱਚਾ ਅੰਕ ਵਿਸਤਾਰ ਨਹੀਂ। ਕਿਸੇ ਅਪਵਾਦ ਤੋਂ ਬਚਣ ਲਈ ਇਥੇ ਇਹ ਸਪਸ਼ਟ ਕਰਨਾ ਉਚਿਤ ਹੈ ਰਾਗ ਮੁਕਤ ਰਚਨਾਵਾਂ ਵਿਚੋਂ ਸਵੱਈਆਂ ਦੀ ਬਾਣੀ ਵਿਸ਼ੇਸ਼ ਹੈ। ਤੇ ਉਨ੍ਹਾਂ ਦਾ ਅੰਕ-ਅੰਕਣ-ਪ੍ਰਬੰਧ ਰਤਾ ਕਠਿਨ ਵੀ ਹੈ। ਪਰ ਚੂੰਕਿ ਇਹ ਪੁਸਤਕ ਨਿਰੋਲ ਅੰਕ-ਪ੍ਰਬੰਧ ਨਾਲ ਨਾ ਜੁੜੀ ਹੋਣ ਕਰ ਕੇ ਸਵੱਈਆਂ ਨੂੰ ਵੀ ਵੰਨਗੀ ਮਾਤਰ ਹੀ ਛੁਹੰਦੀ ਹੈ।

ਉਪਰੋਕਤ ਵੰਡ ਅਨੁਸਾਰ ਹੁਣ ਕ੍ਰਮਵਾਰ ਅੰਕ-ਪ੍ਰਬੰਧ ਪੇਸ਼ ਕੀਤਾ ਜਾਵੇਗਾ।

ਨਿੱਤਨੇਮ ਦੀਆਂ ਬਾਣੀਆਂ (ਆਦਿ ਗ੍ਰੰਥ ਦੇ ੧ ਤੋਂ ੧੩ ਪੰਨੇ ਤਕ)

| ਪੰਨਾ | ਬਾਣੀ ਅਤੇ ਮਹਲਾ ਅੰਕ | | ਨੋਟ |
|---|---|---|---|
| ੧-੮ | ਜਪੁ | ੨੮/੧ | ਇਸ ਬਾਣੀ ਉਪਰ ਮਹਲਾ-ਅੰਕ ਦਾ ਅਭਾਵ ਹੈ। ਪਰ ਪਰੰਪਰਾ ਅਨੁਸਾਰ ਇਸਨੂੰ ਮਹਲਾ ੧ ਦੀ ਬਾਣੀ ਮੰਨਿਆ ਜਾਂਦਾ ਹੈ। ਇਸ ਬਾਣੀ ਵਿਚ ੩੮ ਪਉੜੀਆਂ ਹਨ ਤੇ ੧ ਅੰਕ ਰਚਨਾ ਦਾ ਸੰਕੇਤਕ ਹੈ। ਦੂਸਰੇ ਮਤ ਅਨੁਸਾਰ ੧ੳ ਤੋਂ ਸਤਿਗੁਰ ਪ੍ਰਸਾਦਿ ਮੰਗਲ ਰੂਪ ਹੈ। ਆਦਿ ਸਚ ਤੋਂ ਆਰੰਭ ਹੋਕੇ ੩੮ ਪਉੜੀਆਂ ਤਕ ਪਉੜੀ ਸੰਕੇਤ ਸਪਸ਼ਟ ਹੈ। ਬਾਅਦ ਵਿਚ ਸਲੋਕ ਉਪ-ਸਿਰਲੇਖ ਦਿਤਾ ਗਿਆ ਹੈ ਜੋ 'ਪਉਣ ਗੁਰੂ ਪਾਣੀ ਪਿਤਾ' ਨਾਲ ਆਰੰਭ ਹੁੰਦਾ ਹੈ। ਇਸਦੀ ਸਮਾਪਤੀ ਉਪਰ ੩੮/੧ ਇਸ ਰਚਨਾ ਵਿਚਲੀਆਂ ੩੮ ਪਉੜੀਆਂ ਤੇ ੧ ਸਲੋਕ ਦਾ ਸੰਕੇਤਕ ਹੈ। |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| ਪੰਨਾ | ਬਾਣੀ, ਮਹਲਾ | ਅੰਕ | ਨੋਟ |
|---|---|---|---|
| ੮-੧੦ | ੳ. ਸੋਦਰ ਮਹਲਾ | ੧ | ਸਾਹਮਣੇ ਲਿਖੇ ਅੰਕਾਂ ਤੋਂ ਸਪਸ਼ਟ |
| | ਅ. ਸੁਣਿ ਵਡਾ ਆਖੈ ਆਸਾ ਮ. ੧/੪-੨ | | ਹੋ ਜਾਂਦਾ ਹੈ ਲਾਈਨ (/) ਦੇ ਖਬੇ |
| | ੲ. ਆਖਾ ਜੀਵਾ ,, | ੪-੩ | ਪਾਸੇ ਦੇ ਅੰਕ ਇਕ ਪਦੇ ਵਿਚ ਕਿਤਨੇ |
| | ਸ. ਹਰਿ ਕੇ ਜਨ ਗੂਜਰੀ ਮ. ੩/੪-੪ | | ਬੰਦ ਹਨ ਦੇ ਸੂਚਕ ਹਨ ਤੇ ਸਜੇ ਪਾਸੇ ਦੇ ਅੰਕ ਕੁਲ-ਸੰਖਿਆ ਦੇ ਸੰਕੇਤਕ ਹਨ। ਸੋਦਰ ਦੀ ਰਚਨਾ ਵਿਚ ਕੁਲ ਪੰਜ ਸ਼ਬਦ ਹਨ। ਇਥੇ ਇਹ ਤੱਥ ਧਿਆਨ ਦੇਣ ਯੋਗ ਹੈ ਸੋਦਰ ਦੇ ਨਾਲ ਲਗੇ ੧ ਅੰਕ ਨਾਲ ਬੰਦਾਂ ਦੀ ਸੂਚਨਾ ਨਹੀਂ ਦਿਤੀ ਗਈ। ਆਦਿ ਗ੍ਰੰਥ ਦੇ ਅੰਕ-ਅੰਕਣ-ਨੇਮ ਅਨੁਸਾਰ ਬੰਦ-ਸੰਖਿਆ ਅਤੇ ਤੁਕ ਸੰਖਿਆ ਦਾ ਸੰਕੇਤ ਪਉੜੀਆਂ ਵਿਚ ਨਹੀਂ ਦਿਤਾ ਜਾਂਦਾ। ਇਸੇ ਕਰਕੇ ਇਥੇ ਵੀ ੧ ਅੰਕ ਨਾਲ ਤੁਕ ਸੰਖਿਆ ਨਹੀਂ ਦਿਤੀ ਗਈ। |
| ੧੮-੧੨ | ੳ. ਸੋ ਪੁਰਖ-ਆਸਾ ਮਹਲਾ ੪ | ੫/੧ | ਇਨ੍ਹਾਂ ਪਦਿਆਂ ਦੀ ਬੰਦ-ਸੰਖਿਆ |
| | ਅ. ਤੂੰ ਕਰਤਾ ਸਚਿਆਰ ,, | ੪/੨ | ਵਿਚ ਵਿਵਿਧਤਾ ਹੈ, ਤੇ ਇਸ ਦਾ |
| | ੲ. ਤਿਤ ਸਰਵਰੜੈ ,, | ੧ ੨/੩ | ਸੰਕੇਤ ਹਰ ਪਦੇ ਦੇ ਅੰਤ ਉਪਰ ਕਰ |
| | ਸ. ਭਈ ਪਰਾਪਤ ,, | ੫ ੨/੪ | ਦਿਤਾ ਗਿਆ ਹੈ। ਸੋ ਪੁਰਖ ਰਚਨਾ ਦੇ ਕੁਲ ਚਾਰ ਸ਼ਬਦ ਹਨ ਜਿਨ੍ਹਾਂ ਦਾ ਸਪਸ਼ਟ ਸੰਕੇਤ ਦਿਤਾ ਗਿਆ ਹੈ। |
| ੧੨-੧੩ | ਸੋਹਿਲਾ ੳ. ਜੈ ਘਰ ਕੀਰਤ ਮਹਲਾ ੧ | ੪/੧ | ਇਹ ਰਚਨਾ ਵੀ ਉਪਰ |
| | ਅ. ਛਿਅ ਘਰ ਛਿਅ ,, | ੧ ੨/੨ | ਸੰਕੇਤਿਕ ਅੰਕ-ਨੇਮ ਦੀ |
| | ੲ. ਗਗਨ ਮੈ ਥਾਲ ,, | ੧ ੪/੩ | ਸੂਚਕ ਹੈ। |
| | ਸ. ਕਾਮਕ੍ਰੋਧ ਮਹਲਾ | ੪ ੪/੪ | |
| | ਹ. ਕਰਉਬੇਨੰਤੀ ਮਹਲਾ | ੫ ੪/੫ | |

## ਪਦੇ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਿਆਂ ਦਾ ਰੂਪ ਇਕ ਸਾਰ ਨਹੀਂ। ਇਹ ਪਦੇ-ਇਕ ਪਦੇ ਇਕ ਤੁਕੇ, ਦੁਪਦੇ ਦੁਤੁਕੇ, ਤਿਪਦੇ ਤਿਤੁਕੇ, ਚਉਪਦੇ ਚਉਤੁਕੇ ਜਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਪਦੇ ਚਉਤੁਕੇ ਅਥਵਾ ਤਿਪਦੇ ਚਉਤੁਕੇ ਵੀ ਹੋ ਸਕਦੇ ਹਨ। ਇਸ ਪੱਖੋਂ ਅਸੀਂ ਆਦਿ ਗ੍ਰੰਥ ਦੀ ਅਨੁਸਾਰਤਾ ਕਰਨ ਤੋਂ ਸੰਕੋਚ ਕੀਤਾ ਹੈ। ਇਸ ਤਰ੍ਹਾਂ ਕਰਨ ਨਾਲ ਹਥਲੇ ਲੇਖ ਦਾ ਅਕਾਰ ਵੱਡਾ ਹੋ ਜਾਣਾ ਸੀ। ਨਾਲੇ ਸਾਡਾ ਮੁਖ ਮੰਤਵ ਤਾਂ ਪਦਾਂ ਦੇ ਅੰਕਾਂ ਨੂੰ ਕਿਵੇਂ ਆਂਕਿਆ ਜਾਂਦਾ ਹੈ, ਨੂੰ ਸਮਝਣ ਦਾ ਹੀ ਹੈ।

ਪਦੇ-ਅੰਕਣ ਦੇ ਨਮੂਨੇ ਪੇਸ਼ ਕਰਨ ਤੋਂ ਪਹਿਲਾਂ ਇਥੇ ਇਕ ਦੋ ਗੱਲਾਂ ਬਾਰੇ ਸੰਕੇਤ ਕਰਨਾ ਉਚਿਤ ਰਹੇਗਾ।

ੳ. ਆਦਿ ਗ੍ਰੰਥ ਦੀ ਰਾਗ ਬੱਧ ਰਚਨਾ ਭਾਵੇਂ ਉਹ ਪਦਿਆਂ ਵਿਚ ਹੋਵੇ ਅਸ਼ਟ-ਪਦੀਆਂ ਵਿਚ ਹੋਵੇ ਜਾਂ ਛੰਤਾਂ ਵਿਚ ਕਾਵਿ-ਰੂਪ ਵਿਸ਼ੇਸ਼ ਦੇ ਇਕ ਪਦ (ਸ਼ਬਦ) ਵਿਚ ਬੰਦਾ ਦੀ ਗਿਣਤੀ ਦਾ ਵੇਰਵਾ ਜ਼ਰੂਰ ਕੀਤਾ ਜਾਂਦਾ ਹੈ। ਬੰਦ-ਵਿਸ਼ੇਸ਼ ਕਿੰਨੀਆਂ ਤੁਕਾਂ ਦਾ ਧਾਰਣੀ ਹੈ ਦਾ ਵੇਰਵਾ ਵੀ ਸ਼ਬਦ ਦੀ ਸਮਾਪਤੀ ਉਪਰ ਕਰ ਦਿਤਾ ਜਾਂਦਾ ਹੈ।

ਅ. ਇਸ ਵੇਰਵੇ ਦਾ ਅੰਕਣ-ਢੰਗ ਹੈ—ਸ਼ਬਦ ਦੀ ਸਮਾਪਤੀ ਉਪਰ ਪਹਿਲੇ ਬੰਦ-ਸੂਚਕ-ਅੰਕ ਹੁੰਦਾ ਹੈ ਤੇ ਬਾਅਦ ਵਿਚ ਸ਼ਬਦ ਵਿਸ਼ੇਸ਼ ਦੀ ਅੰਕ-ਸੰਖਿਆ ਵਾਲਾ ਅੰਕ ਤੇ ਉਸ ਤੋਂ ਬਾਅਦ ਕੁਲ-ਅੰਕ-ਸੰਖਿਆ ਦਾ ਵੇਰਵਾ ਦਿਤਾ ਜਾਂਦਾ ਹੈ।

ਹੁਣ ਅੰਕ-ਅੰਕਣ ਦਾ ਨਮੂਨਾ ਪੇਸ਼ ਹੈ—

| ਪੰਨਾ | ਰਾਗ ਅਤੇ ਮਹਲਾ | ਅੰਕ | ਨੋਟ |
|---|---|---|---|
| ੧੪-੧੫ | ਸਿਰੀ ਰਾਗ ਮਹਲਾ ੧ | ੪/੩੩ | ੳ. ਇਥੇ ੪-ਬੰਦ-ਸੂਚਕ ਤੇ ੩੩ ਸੰਖਿਆ ਵਾਚਕ ਹੈ। |
| ੨੬-੩੯ | ਸਿਰੀ ਰਾਗ ਮਹਲਾ ੩ | ੪/੩੧/੬੪ | ਅ. ਇਥੇ ੪-ਬੰਦ-ਸੂਚਕ ੩੧ ਮਹਲਾ ੩ ਤੇ ੩੩ ਮਹਲਾ ੧ ਦੇ, ਕੁਲ ਜੋੜ ੬੪ ਸੰਖਿਆ ਵਾਚਕ ਹੈ। |
| ੩੯-੪੨ | ਸਿਰੀ ਰਾਗ ਮਹਲਾ ੪ | ੪/੩੩/੩੧/੬/੭੦ | ੲ. ੪-ਬੰਦ-ਸੂਚਕ੩੩ਮਹਲਾ ੧, ੩੧ ਮਹਲਾ ੩, ੬,ਮਹਲੇ ੪ ਤੇ ੭੦ਕੁਲ ਸੰਖਿਆ ਵਾਚਕ ਹੈ। |
| ੪੨-੫੩ | ਸਿਰੀ ਰਾਗ ਮਹਲਾ ੫ | ੪/੩੦/੧੦੦ | ਸ. ਮਹਲਾ ੫ ਦੇ ੩੦ ਪਦੇ ਹਨ ਕੁਲ ਸੰਖਿਆ ਕੁਲ ਸੰਖਿਆ ੧੦੦ ਹੋ ਗਈ ਜੋ ਕੁਲ ਪਦਿਆਂ ਦਾ ਸੰਕੇਤਕ ਹੈ। |

ਉਪਰ ਦਿਤੇ ਨਮੂਨੇ ਵਿਚ ਇਕੋ ਹੀ ਰਾਗ ਵਿਚ ਸਾਰੇ ਗੁਰੂਆਂ ਨੇ ਪਦੇ ਰਚੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਨ । ਤੇ ਇਹ ਵੀ ਸਪਸ਼ਟ ਹੈ, ਸਾਰੇ ਰਚਣਹਾਰਾਂ ਦੀ ਰਚਨਾ ਦਾ ਸੰਕੇਤ ਰਚਣਹਾਰ ਵਿਸ਼ੇਸ਼ ਦੀ ਰਚਨਾ ਸਮਾਪਤੀ ਉਪਰ ਮਿਲ ਜਾਂਦਾ ਰਿਹਾ ਹੈ। ਪਰ ਆਦਿ ਗ੍ਰੰਥ ਵਿਚ ਸਾਰੇ ਰਾਗ ਇਕਹਿਰੇ ਨਹੀਂ ਸਗੋਂ ਮਿਸ਼੍ਰਤ ਵੀ ਹਨ। ਆਦਿ ਗ੍ਰੰਥ ਵਿਚ ਪਹਿਲੇ ਇਕਹਿਰੇ ਰਾਗ ਅੰਕਿਤ ਕੀਤੇ ਗਏ ਹਨ, ਜਿਹਾ ਕਿ ਸਿਰੀ ਅਤੇ ਮਾਝ। ਬਾਅਦ ਵਿਚ ਇਕਹਿਰੇ ਰਾਗਾਂ ਦੇ ਨਾਲ ਹੀ ਦੂਹਰੇ ਜਾਂ ਮਿਸ਼੍ਰਤ ਰਾਗਾਂ ਦਾ ਕ੍ਰਮ ਵੀ ਆਰੰਭ ਹੋ ਜਾਂਦਾ ਹੈ। ਇਨ੍ਹਾਂ ਨੂੰ ਹੀ ਸੰਗੀਤ ਆਚਾਰੀਆ ਨੇ ਸ਼ੁਧ ਛਾਇਆ ਲਿੰਗਤ ਅਤੇ ਸੰਕੀਰਣ ਆਦਿ ਰਾਗਾਂ ਨਾਲ ਯਾਦ ਕੀਤਾ ਹੈ। ਅਜਿਹੇ ਉਦਾਹਰਣ ਗਉੜੀ ਰਾਗ ਵਿਚ ਉਪਲਬਧ ਹਨ। ਪਰ ਦੇਖਣ ਜੋਗ ਨੁਕਤਾ ਤਾਂ ਇਹ ਹੈ ਕਿ ਮਿਸ਼੍ਰਤ ਰਾਗਾਂ ਵਿਚ ਰਚਨਹਾਰ ਵਿਸ਼ੇਸ਼ ਦੀ ਰਚਨਾ ਦਾ ਅੰਕ-ਵੈਰਵਾ ਕਿਸ ਪ੍ਰਕਾਰ ਦਿਤਾ ਗਿਆ ਹੈ ? ਇਤਨਾ ਤਾਂ ਸਪਸਟ ਹੀ ਹੈ ਕਿ ਆਦਿ ਗ੍ਰੰਥ ਦੇ ਪਦੇ ਦੁਪਦੇ, ਤਿਪਦੇ, ਚਉਪਦੇ, ਪੰਚ ਪਦੇ ਤੇ ਛੇ ਪਦੇ ਆਦਿ ਸਿਰਲੇਖਾਂ ਨਾਲ ਯੁਕਤ ਹੁੰਦੇ ਹਨ। ਇਸੇ ਤਰ੍ਹਾਂ ਇਨ੍ਹਾਂ ਪਦਿਆਂ ਉਪਰ ਦੁਤੁਕੇ, ਤਿਤਕੇ, ਚਉਤੁਕੇ ਆਦਿ ਉਪ ਸਿਰਲੇਖਾਂ ਦਾ ਸੰਕੇਤ ਵੀ ਸਪਸ਼ਟ ਹੁੰਦਾ ਹੈ। ਉਦਾਹਰਣ ਪੇਸ਼ ਕਰਨ ਤੋਂ ਪਹਿਲਾਂ ਇਹ ਸਪਸ਼ਟ ਕਰਨਾ ਜੋਗ ਹੈ ਕਿ ਆਦਿ ਗ੍ਰੰਥ ਵਿਚ ਚਉਪਦਾ ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਪਹਿਲਾ ਚਉਪਦਾ ਚਾਰ ਬੰਦਾਂ ਦਾ ਸੂਚਕ ਹੈ ਅਥਵਾ ਇਕ ਪਦ ਜਾਂ ਸਬਦ ਵਿਚ ਚਾਰ Units ਹੁੰਦੇ ਹਨ। ਦੂਜਾ ਇਕ ਬੰਦ ਵਿਚ ਚਾਰ ਪੰਕਤੀਆਂ ਹੁੰਦੀਆਂ ਹਨ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਇਕ ਬੰਦ ਹੀ ਹੁੰਦੇ ਹਨ। ਅਜਿਹੀਆਂ ਰਚਨਾਵਾਂ ਨੂੰ ਵੀ ਆਦਿ ਗ੍ਰੰਥ ਵਿਚ ਚਉਪਦਾ ਹੀ ਕਿਹਾ ਗਿਆ ਹੈ। ਹੁਣ ਉਦਾਹਰਣ ਪੇਸ਼ ਕਰਨੀ ਉਚਿਤ ਹੈ—

ਭਉ ਮੁਚ ਭਾਰਾ ਵਡਾ ਤੋਲੁ
ਮਨ ਮਤਿ ਹਉਲੀ ਬੋਲੈ ਬੋਲੁ
ਸਿਰਿ ਧਰਿ ਚਲੀਐ ਸਹੀਐ ਭਾਰੁ
ਨਦਰੀ ਕਰਮੀ ਗੁਰ ਬੀਚਾਰੁ ।੧।
ਭੈ ਬਿਨੁ ਕੋਇ ਨਾ ਲੰਘਸਿ ਪਾਰਿ
ਭੈ ਭਉ ਰਾਖਿਆ ਭਾਇ ਸਵਾਰਿ ।੧।ਰਹਾਉ।
ਭੈ ਤਨਿ ਅਗਨਿ ਭਖੈ ਭੈ ਨਾਲਿ
ਭੈ ਭਉ ਘੜੀਐ ਸਬਦਿ ਸਵਾਰਿ
ਭੈ ਬਿਨੁ ਘਾੜਤ ਕਚੁ ਨਿ ਕਚ
ਅੰਧਾ ਸਚਾ ਅੰਧੀ ਸਟ ।੩।
ਬੁਧੀ ਬਾਜੀ ਉਪਜੈ ਚਾਉ
ਸਹਸ ਸਿਆਣਪ ਪਵੈ ਨ ਤਾਉ
ਨਾਨਕ ਮਨਮੁਖਿ ਬੋਲਣੁ ਵਾਉ ।੩।੧।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਗ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ ਆਦਿ ਗ੍ਰੰਥ ੧/੧੫੧

ਉਪਰੋਕਤ ਉਦਾਹਰਣ ਤੋਂ ਇਕ ਹੋਰ ਤੱਥ ਸਪਸ਼ਟ ਹੁੰਦਾ ਹੈ। ਇਸ ਸ਼ਬਦ ਦੀ ਸਮਾਪਤੀ ਉਪਰ ੩/੧ ਅੰਕ ਦਰਜ ਕੀਤੇ ਗਏ ਹਨ। ਇਹ ਤਾਂ ਸਪਸ਼ਟ ਹੀ ਹੈ ਇਹ ਸ਼ਬਦ ਚਾਰ ਬੰਦਾਂ ਦਾ ਨਹੀਂ ਸਗੋਂ ਇਕ ਬੰਦ ਵਿਚ ਚਾਰ ਪੰਕਤੀਆਂ ਹਨ। ਤੇ ਇਸੇ ਕਰਕੇ ਇਸ ਨੂੰ ਚਉਪਦਾ ਕਿਹਾ ਹੈ। ੧ ਅੰਕ ਸੰਖਿਆ ਵਾਚਕ ਹੈ। ਹੁਣ ਕੁਝ ਹੋਰ ਨਮੂਨੇ ਵੇਖੋ—

| ਪੰਨਾ | ਰਾਗ ਅਤੇ ਮਹਲਾ | ਅੰਕ | ਨੋਟ |
|---|---|---|---|
| ੧੫੧-੧੫੪ | ਗਉੜੀ ਗੁਆਰੇਰੀ ਮਹਲਾ ੧ | ੪/੧੨ | ੪-ਬੰਦ ਸੂਚਕ ਹੈ ਤੇ ੧੨ ਸੰਖਿਆ-ਸੂਚਕ ਹੈ। |
| ੧੫੫ | ਗਉੜੀ ਚੇਤੀ ਮਹਲਾ ੧ | ੬/੧/੧੩ | ਇਥੇ ਗਉੜੀ ਚੇਤੀ ਦਾ ਆਰੰਭ ਹੁੰਦਾ ਹੈ। ਗਉੜੀ ਚੇਤੀ ਦਾ ਇਹ ਇਕ ਸ਼ਬਦ ੬ ਬੰਦਾਂ ਦਾ ਹੈ ਤੇ ੧੩ ਗਿਣਤੀ-ਵਾਚਕ ਹੈ। |
| ੧੫੬ | ਗਉੜੀ ਚੇਤੀ ਮਹਲਾ ੧ | ੬/੫/੧੭ | ੬ ਬੰਦ ਸੂਚਕ ਹੈ, ੫ ਗਉੜੀ ਚੇਤੀ ਵਿਚ ਦਰਜ ਕੀਤੇ ਗਏ ਸ਼ਬਦਾਂ ਦਾ ਤੇ ੧੨ ਸ਼ਬਦ ਗਉੜੀ ਚੇਤੀ ਤੋਂ ਪਹਿਲੀ ਗਉੜੀ ਗੁਆਰੇਰੀ ਵਿਚ ਆਏ ਸੀ। ਕੁਲ ਜੋੜ ਹੋਇਆ ੧੭। |
| ੧੫੭ | ਗਉੜੀ ਬੈਰਾਗਣ ਮਹਲਾ ੧ | ੪/੨/੧੯ | ੨-ਗਉੜੀ ਬੈਰਾਗਣ ਵਿਚ ਅੰਕਿਤ ਸ਼ਬਦਾਂ ਵਲ ਸੰਕੇਤ ਕਰਦਾ ਹੈ। ਤੇ ੧੯ ਕੁਲ ਸ਼ਬਦਾਂ ਦਾ ਜੋੜ ਹੈ। |
| ੧੫੭ | ਗਉੜੀ ਪੂਰਬੀ ਦੀਪਕੀ ਮਹਲਾ ੧ | ੪/੧/੨੦ | ੧ ਅੰਕ ਗਉੜੀ ਪੂਰਬੀ ਦੀਪਕੀ ਵਿਚ ਅੰਕਿਤ ਇਕ ਸ਼ਬਦ ਦਾ ਸੰਕੇਤਕ ਹੈ ਤੇ ੨੦ ਕੁਲ ਮਾਤਰਾ ਦਾ। |

ਉਪਰੋਕਤ ਅੰਕ-ਅੰਕਣ ਤੋਂ ਇਹ ਤੱਥ ਚੰਗੀ ਤਰ੍ਹਾਂ ਸਪਸਟ ਹੋ ਜਾਂਦਾ ਹੈ ਕਿ ਪੰਚਮ ਗੁਰੂ ਸੰਪਾਦਨ ਕਾਰਜ ਵਿਚ ਬੜੇ ਸੁਚੇਤ ਸਨ। ਬਾਣੀ ਅੰਕਿਤ ਕਰਵਾਉਂਦੇ ਸਮੇਂ ਰਚਣਹਾਰ ਉਸ ਦੀ ਰਚਨਾ ਦੀ ਮਾਤਰਾ, ਰਾਗ ਵਿਸ਼ੇਸ਼ ਵਿਚ ਰੂਪ ਵਿਸ਼ੇਸ਼ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਕਿਤ ਮਾਤਰਾ ਦਾ ਵੇਰਵਾ ਇਸ ਪ੍ਰਕਾਰ ਦਿਤਾ ਹੈ ਕਿ ਇਕ ਬੰਦ ਵੀ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ। ਇਸ ਤੋਂ ਛੁੱਟ ਜਦ ਦੂਸਰੇ ਬਾਣੀਕਾਰ ਦੀ ਬਾਣੀ ਦਰਜ ਕੀਤੀ ਤਾਂ ਇਸ ਤੋਂ ਪਹਿਲੇ ਰਚਣਹਾਰ ਦੀ ਰਚਨਾ-ਵੇਰਵਾ ਵੀ ਨਾਲੋਂ ਨਾਲ ਸਪਸ਼ਟ ਕਰਦੇ ਗਏ। ਇਸ ਤਰ੍ਹਾਂ ਰਾਗ ਦੀ ਸਮਾਪਤੀ ਉਪਰ ਇਹ ਪਤਾ ਲਗ ਜਾਂਦਾ ਹੈ ਕਿ ਇਸ ਰਾਗ ਵਿਚ ਕੁਲ ਕਿਤਨੇ ਕਾਵਿ-ਰੂਪ ਕਿਤਨੇ ਬਾਣੀਕਾਰਾਂ ਵਿਸ਼ੇਸ਼ ਦੇ ਆਏ ਹਨ। ਸਾਡੀ ਜਾਚੇ ਸ੍ਰੀ ਆਦਿ ਗ੍ਰੰਥ ਵਿਚ ਰਲਾ ਨਾ ਪੈਣ ਦਾ ਸਭ ਤੋਂ ਵੱਡਾ ਕਾਰਣ ਇਸ ਦੀ ਅੰਕ-ਗਿਣਤੀ ਹੈ ਜੋ ਪੰਚਮ ਗੁਰੂ ਨੇ ਅੰਕਾਂ ਰਾਹੀਂ ਨਾਲੋ ਨਾਲ ਜਾਰੀ ਰੱਖੀ ਹੈ। ਅੰਕ-ਅੰਕਣ ਦਾ ਇਹ ਨੇਮ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਅੰਕਿਤ ਸਭ ਰਾਗਾਂ ਦੇ ਪਦਿਆਂ ਉਪਰ ਲਾਗੂ ਹੁੰਦਾ ਹੈ।

## ਅਸਟਪਦੀਆਂ

ਅਸਟਪਦੀਆਂ ਦਾ ਅੰਕਣ-ਨੇਮ ਵੀ ਪਦਿਆਂ ਵਾਲਾ ਹੀ ਹੈ। ਪਹਿਲੇ ਇਹ ਇਕ ਬੰਦ ਦੀਆਂ ਪੰਕਤੀਆਂ ਦਾ ਸੰਕੇਤ ਕਰਦੀਆਂ ਹਨ। ਫਿਰ ਇਕ ਅਸ਼ਟਪਦੀ ਵਿਚ ਕਿੰਨੇ ਬੰਦ ਹਨ ? ਦਾ ਸੰਕੇਤ ਕਰਦੀਆਂ ਹਨ। ਅੰਤ ਵਿਚ, ਕੁਲ ਸੰਖਿਆ ਦਾ ਸਪਸ਼ਟ ਸੰਕੇਤ ਕੀਤਾ ਜਾਂਦਾ ਹੈ। ਨਮੂਨਾ ਪੇਸ਼ ਹੈ—

| ਆਦਿ ਗ੍ਰੰਥ ਪੰਨਾ | ਰਾਗ ਅਤੇ ਮਹਲਾ | ਅੰਕ | ਨੋਟ |
|---|---|---|---|
| ੫੩-੬੪ | ਸਿਰੀ ਰਾਗ ਮਹਲਾ ੧ ਘਰੁ ੧ | ੭/੧ | ਇਸ ਰਾਗ ਵਿਚ ਮਹਲਾ ੧ |
| | ਅਸ਼ਟਪਦੀਆਂ | ੮/੨ | ਦੀਆਂ ੧੭ ਅਸ਼ਟਪਦੀਆਂ |
| | | ੮/੩ | ਹਨ। ਅਸ਼ਟਪਦੀ ਦੇ ਬੰਦਾਂ |
| | | ੮ ੪ | ਵਿਚ ਇਕਸਾਰਤਾ ਨਹੀਂ, |
| | | ੮/੫ | ਜੋ ਨਾਲੋਂ ਨਾਲ ਸੰਕੇਤ ਕਰ |
| | | ੮/੬ | ਦਿਤੀ ਗਈ ਹੈ। ਜੇਹਾ ਕਿ |
| | | ੮/੭ | ਅਸ਼ਟਪਦੀ ੧੫ ਦੇ ੧੦ |
| | | ੮/੮ | ਬੰਦ ਹਨ। ਇਸੇ ਤਰ੍ਹਾਂ |
| | | ੮/੯ | ਅਸ਼ਟਪਦੀ ੧੩ ਦੇ ੯ ਅਤੇ |
| | | ੮/੧੦ | ੧ ਅਤੇ ੭ ਬੰਦ ਹਨ। |
| | | ੧੦/੧੧ | ਇਥੇ ਧਿਆਨ ਰਹੇ ਮਹਲੇ |
| | | ੮/੧੨ | ਪਹਿਲੇ ਸਤਾਰਹ ਅਸ਼ਟਪ- |
| | | ੯/੧੩ | ਦੀਆਂ ਸ਼ਬਦਾਂ ਵਿਚ ਵੀ |
| | | ੮/੧੪ | ਲਿਖਿਆ ਹੋਇਆ ਹੈ ਤਾਂ |
| | | ੮/੧੫ | ਕਿ ਕਿਸੇ ਸ਼ਕ ਦੀ ਗੁੰਜਾਇਸ਼ |
| | | ੮/੧੬ | ਨਾ ਰਹੇ। |
| | | ੮/੧੭ | |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | | |
|---|---|---|---|
| ੬੪-੭੦ | ਸਿਰੀ ਰਾਗ ਮਹਲਾ ੩ | ੮/੧/੧੮ | ਹੁਣ ਦੇਖੋ ਮਹਲਾ ੩ ਦੀਆਂ |
| | | ੮/੨/੧੯ | ਅਸ਼ਟਪਦੀਆਂ । |
| | | ੮/੩/੨੦ | ਇਥੇ ਪਹਿਲੇ ਅੰਕ ਬੰਦ- |
| | | ੮/੪/੨੧ | ਸੂਚਕ ਹਨ ਤੇ ਇਨ੍ਹਾਂ ਵਿਚ |
| | | ੮/੫/੨੨ | ਵਿਵਿਧਤਾ ਸਪਸ਼ਟ ਹੈ । |
| | | ੧੦/੬/੨੩ | ਦੂਜਾ ੮ ਮਹਲਾ ੩ ਦੀਆਂ |
| | | ੮/੭/੨੪ | ਅਸ਼ਟਪਦੀਆਂ ਦਾ ਸੰਕੇਤਕ |
| | | ੮/੧੭/੮/੨੫ | ਹੈ । ਇਸ ਤੋਂ ਪਹਿਲਾਂ ਮਹਲਾ ੧ ਨੇ ੧੭ ਅਸ਼ਟਪ- ਦੀਆਂ ਰਚੀਆਂ ਸਨ । ਸੋ ਕੁਲ ੧੭+੮=੨੫ ਅਸ਼ਟਪਦੀਆਂ ਰਚੀਆਂ ਹੋਈਆਂ । |
| | ਸਿਰੀ ਰਾਗ ਮਹਲਾ ੫ | ੯/੧/੨੬ | ਇਥੇ ੯ ਅਤੇ ੮ ਬੰਦ ਸੂਚਕ |
| | | ੮/੨/੨੭ | ਹਨ । ੧, ੨ ਮਹਲਾ ੫ ਦੀ ਰਚਨਾ ਦਾ, ੨੭ ਕੁਲ ਜੋੜ ਦਾ । |
| ੭੩ | ਸਿਰੀ ਰਾਗ ਮਹਲਾ ੧ | ੨੪/੧ | ਆਮ ਤੌਰ ਤੇ ਅਠ ਪਦਾਂ |
| | " " ੫ | ੨੧/੨/੨੯ | ਵਾਲੀ ਰਚਨਾ ਨੂੰ ਅਸ਼ਟ- ਪਦੀ ਕਿਹਾ ਜਾਂਦਾ ਹੈ । ਇਸਤੋਂ ਪਹਿਲਾਂ ਵੀ ਅਸੀਂ ਬੰਦ ਦੀ ਵਿਵਿਧਤਾ ਮਹਲਾ ੧ ਅਤੇ ੩ ਦੀ ਰਚਨਾ ਵਿਚ ਵੇਖੀ ਹੈ । ਇਥੇ ੨੪ ਅਤੇ ੨੧ਬੰਦ ਇਹ ਸਪਸ਼ਟ ਕਰਦੇ ਹਨ ਕਿ ਅਸ਼ਟਪਦੀ ਇਕ ਕਾਵਿ ਰੂਪ ਵੀ ਹੈ ਤੇ ਜਿਸਦਾ ਪ੍ਰਯੋਗ ਵੀ ਗੁਰੂ ਕਵੀਆਂ ਨੇ ਅਨੇਕ ਵਾਰ ਕੀਤਾ ਹੈ । ੨੯ ਕੁਲ ਅਸ਼ਟਪਦੀਆਂ ਦੇ ਯੋਗ ਦਾ ਸੂਚਕ ਹੈ । ਆਦਿ ਗੰਥ |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਦਰਜ ਕੀਤੀਆਂ ਗਈਆਂ ਹੋਰ ਅਸ਼ਟਪਦੀਆਂ ਦੀ ਅੰਕਣ-ਵਿਧੀ ਵੀ ਇਸ ਨੇਮ ਦੀ ਅਨੁਸਾਰੀ ਹੈ।

## ਛੰਤ

ਆਦਿ ਸ੍ਰੀ ਗੁਰੂ ਗ੍ਰੰਥ ਵਿਚ ਛੰਤ ਦੇ ਅੰਕਿਤ ਕਰਨ ਦਾ ਢੰਗ ਇਕ ਨਹੀਂ।

ੳ. ਇਹ ਸੁਤੰਤਰ ਰੂਪ ਵਿਚ ਅੰਕਿਤ ਕੀਤੇ ਜਾਂਦੇ ਹਨ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਦੇ ਆਰੰਭ ਵਿਚ ਸਲੋਕ ਨਹੀਂ ਹੁੰਦੇ ਜਿਹਾ ਕਿ—

| ਆਦਿ ਗ੍ਰੰਥ | ਰਾਗ ਅਤੇ ਮਹਲਾ | ਅੰਕ | ਨੋਟ |
|---|---|---|---|
| ੭੮ | ਸਿਰੀ ਰਾਗ ਮਹਲਾ ੪ | ੫/੧ | ਇਸ ਛੰਦ ਦੇ ਪੰਜ ਬੰਦ ਹਨ। ਹਰ ਬੰਦ ਛੇ ਤੁਕਾ ਹੈ। ੧ ਅੰਕ ਸੰਖਿਆ ਵਾਚਕ ਹੈ। |

ਅ. ਦੂਸਰੀ ਤਰ੍ਹਾਂ ਦੇ ਛੰਤ ਇਹ ਹਨ ਜਿਨ੍ਹਾਂ ਦੇ ਪਹਿਲੇ ਬੰਦ ਦੇ ਆਰੰਭ ਵਿਚ ਸਲੋਕ ਦਰਜ ਕੀਤਾ ਜਾਂਦਾ ਹੈ ਤੇ ਬਾਕੀ ਦੇ ਬੰਦਾਂ ਅਥਵਾ ਛੰਦਾਂ ਨਾਲ ਨਹੀਂ ਜਿਹਾ ਕਿ—

| | | | |
|---|---|---|---|
| ੮੪੭ | ਬਿਲਾਵਲ ਮਹਲਾ ੫ | | ਇਸ ਛੰਤ ਦੇ ਆਰੰਭ ਵਿਚ ਪਹਿਲੇ ਬੰਦ ਨਾਲ ਇਕ ਸਲੋਕ ਦਰਜ ਕੀਤਾ ਗਿਆ ਹੈ। |
| ੲ. ੮੦ | ਸਿਰੀ ਰਾਗ ਮਹਲਾ ੫ | ੫/੧/੩ | ਆਦਿ ਗ੍ਰੰਥ ਵਿਚ ਡਖਣਾ ਸਲੋਕ ਦਾ ਪਰਿਆਇ ਹੈ। ਇਸ ਛੰਤ ਦੇ ਪੰਜ ਬੰਦ ਹਨ ਤੇ ਹਰ ਬੰਦ ਦੇਆਰੰਭ ਵਿਚ ਪੰਜ ਸਲੋਕ ਦਰਜ ਕੀਤੇ ਗਏ ਹਨ। |

ਇਥੇ ੫ ਬੰਦ ਦਾ ਸੂਚਕ ਹੈ। ੧ ਅੰਕ ਅਜਿਹੀ ਕਿਸਮ ਦਾ ਸਿਰੀ ਰਾਗ ਵਿਚ ਪਹਿਲੇ ਛੰਤ ਸੰਖਿਆ ਦਾ ਸੂਚਕ ਹੈ। ਇਥੇ ਜਾਣਨ ਜੋਗ ਤੱਥ ਤਾਂ ਇਹ ਹੈ ਕਿ ਛੰਤਾਂ ਵਿਚ ਅੰਕਿਤ ਸਲੋਕ ਦਾ ਅੰਕਣ ਗਉਣ ਰੂਪ ਵਿਚ ਹੁੰਦਾ ਹੈ। ਅੰਕ-ਮਾਤਰਾ ਛੰਤ ਦੀ ਹੀ ਚਲਦੀ ਰਖੀ ਜਾਂਦੀ ਹੈ। ਸੰਖੇਪ 'ਚ ਸਾਰੇ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਇਨ੍ਹਾਂ ਤਿੰਨਾਂ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਅਸਫੋਟਕ ਰਚਨਾਵਾਂ

ਆਦਿ ਸ੍ਰੀ ਗੁਰੂ ਗ੍ਰੰਥ ਵਿਚ ਕੁਝ ਅਜਿਹੀਆਂ ਰਚਨਾਵਾਂ ਵੀ ਹਨ ਜੋ ਆਕਾਰ ਵਜੋਂ ਛੋਟੀਆਂ ਹੋਣ ਕਰਕੇ ਲੰਮੇਰੀਆਂ ਰਚਨਾਵਾਂ ਦੇ ਅੰਤਰਗਤ ਨਹੀਂ ਰਖੀਆਂ ਜਾ ਸਕਦੀਆਂ ਤੇ ਵਿਸੇਸ਼ ਸਿਰਲੇਖ ਦੀਆਂ ਧਾਰਣੀ ਹੋਣ ਕਰਕੇ ਪਦਿਆਂ ਵਿਚ ਵੀ ਨਹੀਂ ਸਮਾ ਸਕਦੀਆਂ। ਅਜਿਹੀਆਂ ਰਚਨਾਵਾਂ ਨੂੰ ਅਸਫੋਟਕ ਰਚਨਾਵਾਂ ਦੇ ਅੰਤਰਗਤ ਵਿਚਾਰਨਾ ਹੀ ਉਚਿਤ ਸਮਝਿਆ ਹੈ। ਸਿਰੀ ਰਾਗ ਵਿਚ ਅਜਿਹੀ ਰਚਨਾ ਪਹਿਰੇ ਹੈ। ਜਿਸਦਾ ਅੰਕਣ-ਨੇਮ ਵੀ ਪਹਿਲੀਆਂ ਰਚਨਾਵਾਂ ਵਾਗ ਹੀ ਹੈ। ਉਦਾਹਰਣ ਵਜੋਂ—

| ਆਦਿ ਗ੍ਰੰਥ ਪੰਨਾ | ਰਾਗ-ਮਹਲਾ | ਅੰਕ | ਨੋਟ |
|---|---|---|---|
| ੭੪-੭੫ | ਪਹਿਰੇ ਸਿਰੀ ਰਾਗ ਮਹਲਾ ੧ | ੪/੧ | ਸਪਸ਼ਟ ਹੈ ੪ ਅਤੇ ੫ ਬੰਦ |
| ੭੬-੭੭ | ,, ,, | ੫/੨ | ਸੂਚਕ ਹਨ। ੧ ਤੇ ੨ ਗਿਣਤੀ ਵਾਚਕ ਹਨ। |
| ੭੬-੭੭ | ਪਹਿਰੇ ਸਿਰੀ ਰਾਗ ਮਹਲਾ ੪ | ੪/੧/੩ | ੪ ਦਾ ਇਕੋ ਪਹਿਰਾ ਹੀ ਹੈ ੩ ਸੰਖਿਆ ਸੂਚਕ ਹੈ। |
| ੭੭-੭੮ | ਪਹਿਰੇ ਸਿਰੀ ਰਾਜ ਮਹਲਾ ੫ | ੫/੧/੪ | ੫ ਬੰਦ ਸੂਚਕ ਹੈ, ੧ ਅੰਕ ਮਹਲੇ ੫ ਦਾ ਇਕੋਪਹਿਰਾ ਹੈ ੪ ਸੰਖਿਆ ਸੂਚਕ ਹੈ। |

ਇਥੇ ਇਹ ਸੰਕੇਤ ਕਰਨਾ ਉਚਿਤ ਹੈ। ਪਹਿਰੇ ਤੋਂ ਇਲਾਵਾ ਅਸਫੋਟਕ ਰਚਨਾਵਾਂ ਵਿਚ ਹੋਰ ਕੋਈ ਵੀ ਰਚਨਾ ਦੂਸਰੇ ਗੁਰੂਆਂ ਨੇ ਇਕੋ ਨਾਮ ਥਲੇ ਨਹੀਂ ਰਚੀ। ਹਰ ਰਚਨਾ ਦੇ ਬੰਦ ਅਤੇ ਪਦ ਦਾ ਸਪਸ਼ਟ ਸੰਕੇਤ ਕਰ ਦਿਤਾ ਗਿਆ ਹੈ ਤੇ ਇਹੀ ਨੇਮ ਆਦਿ ਗ੍ਰੰਥ ਵਿਚ ਅਸਫੋਟਕ ਰਚਨਾਵਾਂ ਉਪਰ ਲਾਗੂ ਹੁੰਦਾ ਹੈ। ਇਥੇ ਕੁਝ ਉਦਾਹਰਣ ਪੇਸ਼ ਕਰਨੇ ਉਚਿਤ ਹਨ—

| ਆਦਿ ਗ੍ਰੰਥ ਪੰਨਾ | ਰਚਨਾ ਦਾ ਨਾਮ | ਅੰਕ | ਨੋਟ |
|---|---|---|---|
| ੧੩੬ | ਦਿਨਰੈਣਿ | ੪/੧ | ੪ ਬੰਦ-ਸੂਚਕ ਹੈ ਤੇ ਇਕ ਰਚਨਾ ਦਾ ਸੰਕੇਤਕ ਹੈ। |
| ੭੬੩ | ਗੁਣਵੰਤੀ | ੩ | ਇਹ ਅੰਕ ਬੰਦਾਂ ਦਾ ਸੰਕੇਤਕ ਹੈ। ਇਸ ਤੋਂ ਪਹਿਲਾ ਆਦਿ ਗ੍ਰੰਥ ਅੰਕ ੭੬੨ ਉਪਰ ਪਹਿਲਾ ਸ਼ਬਦ ਕੁਚਜੀ ਦੂਸਰਾ ਸੁਚਜੀ ਤੇ ਇਹ ਤੀਸਰਾ ਅੰਕ ਗੁਣ-ਵੰਤੀ ਰਚਨਾ ਦਾ ਸੂਚਕ ਹੈ। |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | | |
|---|---|---|---|
| ੯੨੭-੨੮ | ਰਾਮਕਲੀ ਮਹਲਾ ੫ ਰੁਤੀ | ੮/੧/੯/੮ | ਇਸ ਰਚਨਾ ਵਿਚ ੮ ਛੰਤ ਹਨ ਤੇ ਹਰ ਛੰਤ ਦੇ ਆਰੰਭ ਵਿਚ ਦੋ ਦੋ ਸਲੋਕ ਹਨ। ਦੂਸਰੇ ਸ਼ਬਦਾਂ ਵਿਚ ਇਸ ਰਚਨਾ ਵਿਚ ੮ ਛੰਤ ਤੇ ੧੬ ਸਲੋਕ ਹਨ। ਇਥੇ ਪਹਿਲਾ ੮ ਅੰਕ ਛੰਤਾਂ ਦਾ ਸੂਚਕ ਹੈ। ੧ ਅੰਕ ਰਚਨਾ ਦਾ ਸੂਚਕ ਹੈ। ੬ ਅੰਕ ਛੰਤ-ਸੰਖਿਆ ਦਾ ਸੂਚਕ ਹੈ। |

ਸਪਸ਼ਟ ਹੈ ਅਸਫੋਟਕ ਰਚਨਾਵਾਂ ਦੇ ਬੰਦਾਂ ਅਤੇ ਪਦਾਂ ਦੇ ਅੰਕਾਂ ਦੇ ਵੇਰਵੇ ਨਾਲੋ ਨਾਲ ਹੀ ਦਿਤੇ ਗਏ ਹਨ।

## ਲੰਮੇਰੀਆਂ ਰਚਨਾਵਾਂ

ਆਦਿ ਗ੍ਰੰਥ ਵਿਚ ਕੁਝ ਰਚਨਾਵਾਂ ਅਜਿਹੀਆਂ ਹਨ ਜੋ ਵਿਸ਼ੇਸ਼ ਨਾਮ ਕਰ ਕੇ ਜਾਣੀਆਂ ਜਾਂਦੀਆਂ ਹਨ ਤੇ ਇਨ੍ਹਾਂ ਦਾ ਅਕਾਰ ਵੀ ਰਤਾ ਕੁ ਵੱਡਾ ਹੈ—

| ਆਦਿ ਗ੍ਰੰਥ ਪੰਨਾ | ਰਚਨਾ | ਅੰਕ | ਨੋਟ |
|---|---|---|---|
| ੧੩੩-੧੩੬ | ਬਾਰਾਮਾਹ | ੧੪/੧ | ੧੪, ਬੰਦ ਸੂਚਕ ਹੈ ਤੇ ੧ ਅੰਕ ਰਚਨਾ ਦਾ ਸੰਕੇਤਕ ਹੈ। |
| ੨੬੨-੨੯੬ | ਗਉੜੀ ਸੁਖਮਨੀ | ੮/੨੪ | ਅਠ ਅਸਟਪਦੀ ਦੇ ਬੰਦਾਂ ਦਾ ਸੂਚਕ ਹੈ ਤੇ ੨੪ ਕੁਲ ਅਸਟਪਦੀਆਂ ਦਾ ਸੰਕੇਤਕ ਹੈ। |
| ੨੯੬-੩੦੦ | ਗਉੜੀ ਥਿਤੀ | ੧੭ | ਇਸ ਰਚਨਾਂ ਵਿਚ ੧੭ ਪਉੜੀਆਂ ਹਨ ਤੇ ਹਰ ਪਉੜੀ ਦੇ ਆਰੰਭ ਵਿਚ ਇਕ ਇਕ ਸਲੋਕ ਹੈ। ਅਥਵਾ ਇਸ ਵਿਚ ੧੭ ਸਲੋਕ ਵੀ ਹਨ। ੧੭ ਅੰਕ ਸਲੋਕ ਅਤੇ ਪਉੜੀ ਦੋਹਾਂ ਦੀ ਸੰਖਿਆ ਦਾ ਸੰਕੇਤਕ ਹੈ। |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ, ਲੰਮੇਰੀਆਂ ਬਾਣੀਆਂ ਨੂੰ ਦੋ ਤਰ੍ਹਾਂ ਨਾਲ ਆਂਕਿਆ ਗਿਆ ਹੈ। ਪਹਿਲਾ, ਜੋ ਰਚਨਾ ਨਿਰੋਲ ਇਕੋ ਹੀ ਕਾਵਿ-ਰੂਪ ਦੀ ਧਾਰਨੀ ਹੈ ਤਾਂ ਉਸਦੇ ਪਦਿਆਂ ਦਾ ਸੰਕੇਤ ਸਪਸ਼ਟ ਹੋਵੇਗਾ ਜਿਵੇਂ ਕਿ ਬਾਰਾਂਮਾਹ। ਦੂਸਰਾ ਜੇ ਰਚਨਾ ਦੇ ਆਰੰਭ ਵਿਚ ਸਲੋਕ ਹਨ ਤੇ ਬਾਅਦ ਵਿਚ ਛੰਤ ਜਾਂ ਪਉੜੀ, ਤਾਂ ਮਾਤਰਾ ਛੰਤ ਜਾਂ ਪਉੜੀ ਦੀ ਹੀ ਚਲਦੀ ਰੱਖੀ ਜਾਵੇਗੀ, ਸਲੋਕ ਦੀ ਨਹੀਂ। ਇਹ ਨੇਮ ਆਦਿ ਗ੍ਰੰਥ ਵਿਚ ਅੰਕਿਤ ਹੋਰ ਸਾਰੀਆਂ ਲੰਮੇਰੀਆਂ ਰਚਨਾਵਾਂ ਉਪਰ ਲਾਗੂ ਹੁੰਦਾ ਹੈ। ਪਰ ਇਸ ਦਾ ਅਪਵਾਦ ਵੀ ਹੈ ਜਿਹਾ ਕਿ ਗਉੜੀ ਥਿਤੀ ਵਿਚ, ਏਥੇ ਸਲੋਕਾਂ ਦੀ ਗਿਣਤੀ ਵੀ ਚਲਦੀ ਰਖੀ ਗਈ ਹੈ।

ਆਦਿ ਗ੍ਰੰਥ ਵਿਚ ੨੧ ਵਾਰਾਂ ਗੁਰੂ ਰਚਿਤ ਤੇ ੧ ਸਤਾ ਬਲਵੰਡ ਰਚਿਤ ਹੈ, ਕੁਲ ੨੨ ਵਾਰਾਂ ਹਨ। ਇਨ੍ਹਾਂ ਵਾਰਾਂ ਦੀ ਅੰਕਣ ਵਿਧੀ ਦੇ ਕੁਝ ਤੱਥ ਉਭਰਵੇਂ ਹਨ ਪਹਿਲੇ ਇਨ੍ਹਾਂ ਦਾ ਨਮੂਨਾ ਪੇਸ਼ ਕਰਨਾ ਉਚਿਤ ਹੈ—

ਸਲੋਕ ਮਹਲਾ ੩—ਜੀਉ ਪਿੰਡੁ ਸਭੁ ਤਿਸ ਦਾ ਸਭਸੈ ਦੇਇ ਅਧਾਰੁ
ਨਾਨਕ ਗੁਰਮੁਖਿ ਸੇਵਿਐ ਸਦਾ ਸਦਾ ਦਾਤਾਰੁ
ਹਉ ਬਲਿਹਾਰੀ ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ
ਓਨਾ ਕੇ ਮੁਖ ਸਦ ਉਜਲੇ ਓਨਾ ਕੋ ਸਭੁ ਜਗਤੁ ਕਰੇ ਨਮਸਕਾਰ।੧।
ਮਹਲਾ ੩—ਸਤਿਗੁਰ ਮਿਲਿਐ ਉਲਟੀ ਭਈ ਨਵਨਿਧਿ ਖਰਚਿਉ ਖਾਉ,
ਅਠਾਰਹ ਸਿਧੀ ਪਿਛੈ ਲਗੀਆਂ ਫਿਰਨਿ ਨਿਸ ਘਰਿ ਵਸੈ ਨਿਜ ਥਾਇ
ਅਨਹਦ ਧੁਨੀ ਸਦ ਵਜਦੇ ਉਨਮਨਿ ਹਰ ਲਿਵ ਲਾਇ
ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ ਜਿਨ ਮਸਤਿਕ ਲਿਖਿਆ ਧੁਰਿ ਪਾਇ।।੨।।
ਪਉੜੀ—ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰ ਆਇਆ
ਹਰਿ ਅੰਦਰ ਸੁਣੀ ਪੁਕਾਰ ਢਾਢੀ ਮੁਖਿ ਲਾਇਆ
ਹਰਿ ਪੁਛਿਆ ਢਾਢੀ ਸਦਿਕੈ ਕਿਤੁ ਅਰਥ ਤੂ ਆਇਆ
ਨਿਤ ਦੇਵਹੁ ਦਾਨ ਦਇਆਲ ਪ੍ਰਭ ਹਰਿ ਨਾਮੁ ਧਿਆਇਆ
ਹਰ ਦਾਤੈ ਹਰਿ ਨਾਮੁ ਜਪਾਇਆ ਨਾਨਕ ਪੈਨਾਇਆ
੨੧/੧/੯੧ ਆਦਿ ਗ੍ਰੰਥ ਸਿਰੀ ਰਾਗ ਕੀ ਵਾਰ, ਮਹਲਾ ੪

ਉਪਰ ਅੰਕਿਤ ਉਦਾਹਰਣ ਤੋਂ ਨਿਮਨ ਅੰਕਿਤ ਤੱਥ ਪ੍ਰਾਪਤ ਹੁੰਦੇ ਹਨ—

1. ਵਾਰ-ਅੰਕਤ ਨੇਮ ਅਨੁਸਾਰ ਵਾਰਾਂ ਦੇ ਦੋ ਤਰ੍ਹਾਂ ਨਾਲ ਦਰਜ ਕੀਤੀਆਂ ਗਈਆਂ ਹਨ। ਪਹਿਲਾ, ਕੇਵਲ ਪਉੜੀਆਂ ਵਿਚ ਜੇਹਾ ਕਿ ਬਸੰਤ ਦੀ ਵਾਰ ਮਹਲਾ ੫ ਤੇ ਸਤਾ ਬਲਵੰਡ ਦੀ ਵਾਰ। ਦੂਜਾ, ਜੇ ਪਉੜੀਆਂ ਨਾਲ ਸਲੋਕ ਵੀ ਅੰਕਿਤ ਕੀਤੇ ਜਾਣੇ ਹੋਣ ਤਾਂ ਸਲੋਕ ਲਾਜ਼ਮੀ ਤੌਰ ਤੇ ਪਉੜੀ ਦੇ ਆਰੰਭ ਵਿਚ ਆਉਣਗੇ ਜੇਹਾ ਕਿ ਉਦਾਹਰਣ ਤੋਂ ਸਪਸ਼ਟ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਵਾਰ ਵਿਚ ਸਲੋਕ ਕਿਸੇ ਦੂਸਰੇ ਰਚਣਹਾਰ ਦੇ ਵੀ ਆ ਸਕਦੇ ਹਨ ਪਰ ਵਾਰ ਦਾ ਕਰਤਾ ਮਹਲਾ ਵਿਸ਼ੇਸ਼ ਹੀ ਹੋਵੇਗਾ। ਜੇਹਾ ਕਿ ਉਦਾਹਰਣ ਤੋਂ ਵਿਦਿਤ ਹੈ।

3. ਇਕ ਹੀ ਪਉੜੀ ਨਾਲ ਦੋ ਜਾਂ ਤਿੰਨ ਸਲੋਕ ਅੰਕਿਤ ਕੀਤੇ ਜਾ ਸਕਦੇ ਹਨ। ਪਰ ਸਲੋਕਾਂ ਦੀ ਸੰਖਿਆ ਪਉੜੀ ਨਾਲ ਹੀ ਸਮਾਪਤ ਹੋ ਜਾਵੇਗੀ। ਦੂਸਰੇ ਸ਼ਬਦਾਂ ਵਿਚ ਹਰ ਨਵੀਂ ਪਉੜੀ ਵਿਚ ਸਲੋਕ-ਸੰਖਿਆ ਨਵੇਂ ਸਿਰਿਉਂ ਆਰੰਭ ਹੋਵੇਗੀ ਤੇ ਪਉੜੀ ਦੇ ਆਰੰਭ ਹੋਣ ਤੋਂ ਪਹਿਲਾਂ ਹੀ ਉਹ ਸੰਖਿਆ ਸਲੋਕਾਂ ਅਨੁਸਾਰ ਸਮਾਪਤ ਹੋ ਜਾਵੇਗੀ। ਜੇ ਪਉੜੀ ਵਿਸ਼ੇਸ਼ ਨਾਲ ਦੋ ਸਲੋਕ ਹੋਣਗੇ ਤਾਂ ੨ ਅੰਕ ਦੀ ਸੂਚਨਾ ਦਿਤੀ ਜਾਵੇਗੀ ਜੇ ਤਿੰਨ ਹੋਣਗੇ ਤਾਂ ੩ ਅੰਕ ਦੀ ਸੂਚਨਾ ਦਿਤੀ ਜਾਵੇਗੀ। ਪਰ ਇਹ ਸੰਖਿਆ ਪਉੜੀਆਂ ਵਾਂਗੂ ਚਲਦੀ ਨਹੀਂ ਰਖੀ ਜਾਵੇਗੀ। ਪਉੜੀ ਦੀ ਸਮਾਪਤੀ ਉਪਰ ਪਉੜੀ ਵਿਸ਼ੇਸ਼ ਦੇ ਅੰਕ ਦਾ ਹੀ ਸੰਕੇਤ ਕੀਤਾ ਜਾਵੇਗਾ।

ਹੁਣ ਕੁਝ ਉਹ ਤੱਥ ਪੇਸ਼ ਕੀਤੇ ਜਾਣਗੇ ਜੋ ਇਸ ਉਦਾਹਰਣ ਤੋਂ ਸਪਸ਼ਟ ਨਹੀਂ ਹੁੰਦੇ—

1. ਆਮ ਤੌਰ ਤੇ ਵਾਰ ਰਚਣਹਾਰ ਵਿਸ਼ੇਸ਼ ਮਹਲਾ ਅੰਕ ਨਾਲ ਦਿਤਾ ਜਾਂਦਾ ਹੈ। ਤੇ ਲਗਭਗ ਸਾਰੀਆਂ ਪਉੜੀਆਂ ਵੀ ਉਸੇ ਰਚਣਹਾਰ ਵਿਸ਼ੇਸ਼ ਦੀਆਂ ਹੁੰਦੀਆਂ ਹਨ, ਪਰ ਕਿਧਰੇ ਕਿਧਰੇ ਇਸ ਦੇ ਅਪਵਾਦ ਵੀ ਹਨ। ਉਦਾਹਰਣ ਵਜੋਂ—

1. ਗਉੜੀ ਦੀ ਵਾਰ ਮਹਲਾ ੪ ਵਿਚ ਪਉੜੀ ਅੰਕ ੨੭, ੨੮, ੨੯, ੩੦, ੩੧ ਅਥਵਾ ਪੰਜ ਪਉੜੀਆਂ ਪੰਜਵੇਂ ਗੁਰੂ ਦੀਆਂ ਹਨ।

2. ਸਾਰੰਗ ਦੀ ਵਾਰ ਮਹਲਾ ੪ ਵਿਚ ੩੫ਵੀਂ ਪਉੜੀ ਪੰਜਵੇਂ ਗੁਰੂ ਦੀ ਹੈ।

3. ਮਲਾਰ ਦੀ ਵਾਰ ਮਹਲਾ ੧ ਵਿਚ ੨੭ਵੀਂ ਪਉੜੀ ਪੰਜਵੇਂ ਗੁਰੂ ਦੀ ਹੈ।

2. ਵਾਰ ਦੀ ਸਮਾਪਤੀ ਉਪਰ ਕੁਲ ਪਉੜੀਆਂ ਦਾ ਸੰਕੇਤ ਸਪਸ਼ਟ ਰੂਪ ਵਿਚ ਦੇ ਦਿਤਾ ਜਾਂਦਾ ਹੈ ਚਾਹੇ ਉਹ ਸਲੋਕ ਸਹਿਤ ਹਨ ਜਾਂ ਸਲੋਕ ਰਹਿਤ ਉਦਾਹਰਣ ਵਜੋਂ—

| ਆਦਿ ਗ੍ਰੰਥ ਪੰਨਾ | ਕਰਤਾ | ਅੰਕ |
|---|---|---|
| 1. ੯੬੬-੯੬੮ | ਬਲਵੰਡ ਤਥਾ ਸਤੈ ਡੂਮਿਆਖੀ | ੮) ਇਹ ਦੋਵੇਂ ਵਾਰਾਂ |
| 2. ੧੧੯੩ | ਬਸੰਤ ਦੀ ਵਾਰ ਮਹਲਾ ੫ | ੩/੧) ਸਲੋਕ ਰਹਿਤ ਹਨ। |
| 3. ੧੨੫੧ | ਸਾਰੰਗ ਦੀ ਵਾਰ ਮਹਲਾ ੪ | ੩੬/੧ |
| ੪. ੧੨੯੧ | ਵਾਰ ਮਲਾਰ ਦੀ ਮਹਲਾ ੧ | ੨੮/੧ |

ਸਪਸ਼ਟ ਹੋਇਆ, ਵਾਰ ਅੰਕਣ-ਨੇਮ ਵੀ ਲੰਮੇਰੀਆਂ ਰਚਨਾਵਾਂ ਵਾਂਗੂ ਵਾਰ ਦੀ ਸਮਾਪਤੀ ਉਪਰ ਪਉੜੀਆਂ ਦੀ ਸੰਖਿਆ ਦਾ ਸਪਸ਼ਟ ਕਰ ਦੇਂਦਾ ਹੈ। ਇਥੇ ਇਕ ਤੱਥ ਹੋਰ ਧਿਆਨ ਜੋਗ ਹੈ, ਪਉੜੀ ਅਤੇ ਸਲੋਕ ਜੇ ਕਿਸੇ ਦੂਸਰੇ ਗੁਰੂ ਦੇ ਵਾਰ ਵਿਸ਼ੇਸ਼ ਵਿਚ ਅੰਕਿਤ ਕੀਤੇ ਜਾਣ ਤਾਂ ਉਨ੍ਹਾਂ ਦਾ ਸੰਕੇਤ ਮਹਲਾ ਅੰਕ ਰਾਹੀਂ ਨਾਲੋਂ ਨਾਲ ਦੇ ਦਿਤਾ ਜਾਂਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਸਲੋਕ

1. ਸਲੋਕ ਦੀ ਵਰਤੋਂ ਆਦਿ ਗ੍ਰੰਥ ਵਿਚ ਵਿਆਪਕ ਹੈ । ਰਾਗ-ਬੱਧ ਬਾਣੀ ਰਾਗ ਮੁਕਤ ਬਾਣੀ ਤੇ ਆਦਿ ਗ੍ਰੰਥ ਦੀ ਭੂਮਿਕਾ ਜਪੁ ਵਿਚ ਵੀ ਸਲੋਕ ਦਾ ਪ੍ਰਯੋਗ ਕੀਤਾ ਗਿਆ ਹੈ । ਸਲੋਕ ਕਿਸੇ ਵੀ ਰਾਗ, ਕਿਸੇ ਵੀ ਬਾਣੀ ਨਾਲ ਆਂਕਿਆ ਜਾ ਸਕਦਾ ਹੈ । ਅਸਫੋਟਕ ਰਚਨਾਵਾਂ ਪਹਿਰੇ ਵਿਚ ਵੀ ਇਸ ਦਾ ਪ੍ਰਯੋਗ ਕੀਤਾ ਗਿਆ ਹੈ ਤੇ ਲੰਮੇਰੀਆਂ ਰਚਨਾਵਾਂ ਸੁਖਮਨੀ, ਬਾਵਨ ਅੱਖਰੀ ਅਤੇ ਥਿਤੀ ਵਾਰਾਂ ਅਥਵਾ ਛੰਤਾਂ ਵਿਚ ਵੀ ਇਸ ਦਾ ਪ੍ਰਯੋਗ ਕੀਤਾ ਗਿਆ ਹੈ ।

2. ਆਦਿ ਸ੍ਰੀ ਗੁਰੂ ਗ੍ਰੰਥ ਵਿਚ ਸਲੋਕ ਦਾ ਪ੍ਰਯੋਗ ਦੋ ਅਰਥਾਂ ਵਿਚ ਕੀਤਾ ਗਿਆ ਹੈ । ਕਾਵਿ-ਛੰਦ ਅਤੇ ਕਾਵਿ-ਰੂਪ । ਆਮ ਤੌਰ ਤੇ ਸਲੋਕ ਦੁਤੁਕਾ ਹੁੰਦਾ ਹੈ। ਪਰ ਆਦਿ ਗ੍ਰੰਥ ਵਿਚ ਪੰਜਵੇਂ ਗੁਰੂ ਨੇ ੧੬ ਤੁਕਾਂ ਦਾ ਸਲੋਕ ਵੀ ਰਚਿਆ ਹੈ । ਉਦਾਹਰਣ ਵਜੋਂ ਰਾਮਕਲੀ ਦੀ ਵਾਰ ਮਹਲਾ ੫ ਵਿਚ ਪਉੜੀ ਅੰਕ ੭ ਨਾਲ ੧੬ ਤੁਕਾਂ ਦਾ ਸਲੋਕ ਦਰਜ ਹੈ । ਅਜਿਹੀਆਂ ਥਾਵਾਂ ਉਪਰ ਸਲੋਕ ਕਾਵਿ-ਰੂਪ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ । ਜੋ ਮੁਕਤਕ ਕਾਵਿ ਦੇ ਵਿਸ਼ੇਸ਼ ਗੁਣ-ਲੱਛਣਾਂ ਉਪਰ ਪੂਰਾ ਉਭਰਦੇ ਹਨ । ਜੋ ਆਪਣੇ ਆਪ ਨਿੱਜੀ ਸੰਪੂਰਨ ਅਤੇ ਆਕਾਰ ਵਿਚ ਛੁਟੇਰੀ ਰਚਨਾ ਹੁੰਦੀ ਹੈ ।

3. ਰਾਗ-ਬੱਧ ਬਾਣੀ ਵਿਚ ਸਲੋਕ ਆਪਣੇ ਸਮੇਂ ਸਲੋਕ ਨੂੰ ਗੌਣ ਰੂਪ ਵਿਚ ਰਖਿਆ ਗਿਆ ਹੈ । ਮੁਖ ਰੂਪ ਵਿਚ ਸੰਬੰਧਿਤ ਬਾਣੀ ਹੀ ਹੈ । ਉਦਾਹਰਣ ਵਜੋਂ ਆਦਿ ਗ੍ਰੰਥ ਵਿਚ ਅੰਕਿਤ ਵਾਰਾਂ ਦਾ ਨਾਮ ਲਿਆ ਜਾ ਸਕਦਾ ਹੈ ।

ਰਾਗ-ਮੁਕਤ ਬਾਣੀ ਵਿਚ ਸਲੋਕਾਂ ਦਾ ਸੁਤੰਤਰ ਸਥਾਨ ਹੈ । ਅਥਵਾ ਇਨ੍ਹਾਂ ਦੀ ਅੰਕ-ਸੰਖਿਆ ਨਾਲੋ ਨਾਲ ਵਧਦੀ ਰਹਿੰਦੀ ਹੈ । ਇਥੇ ਸਲੋਕ-ਅੰਕਣ-ਵਿਧੀ ਦੇ ਉਦਹਾਰਣ ਉਚਿਤ ਪ੍ਰਤੀਤ ਹੁੰਦੇ ਹਨ ।

5. ਜਪੁ ਵਿਚ ਅੰਕਿਤ ਸਲੋਕ—

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।੧।(ਇਥੇ ੧ ਅੰਕ ਸਲੋਕ ਦਾ ਸੰਕੇਤਕ ਹੈ)

ਇਸ ਤੋਂ ਬਾਅਦ ਜਪੁ ਵਿਚ ਅੰਕਿਤ ਕੀਤੀਆਂ ਗਈਆਂ ਪਉੜੀਆਂ ਦੀ ਅੰਕ ਸੰਖਿਆ ਚਲਦੀ ਰਖੀ ਗਈ ਹੈ ਤੇ ਅੰਤ ਵਿਚ ੩੮ ਪਉੜੀਆਂ ਦੀ ਸਮਾਪਤੀ ਉਪਰ ਸਲੋਕ ਉਪ ਸਿਰਲੇਖ ਵਜੋਂ ਦਿਤਾ ਗਿਆ ਹੈ ਤੇ 'ਪਉਣ ਗੁਰੂ ਪਾਣੀ' ਦੇ ਸਲੋਕ ਦੀ ਸਮਾਪਤੀ ਉਪਰ ੩੮/੧ ਇਸ ਤੱਥ ਦਾ ਸੰਕੇਤਕ ਹੈ ਕਿ ਜਪੁ ਵਿਚ ੩੮ ਪਉੜੀਆਂ ਹਨ ਤੇ ੧ ਅੰਕ ਸਲੋਕ ਦਾ ਸੰਕੇਤਕ ਹੈ । ਇਥੇ ਇਹ ਸੰਕੇਤ ਕਰਨਾ ਉਚਿਤ ਹੈ, ਇਹ ਇਸ ਤੋਂ ਪਹਿਲਾਂ ਨਿੱਤ ਨੇਮ ਦੀਆਂ ਬਾਣੀਆਂ ਵਿਚ ਪੇਸ਼ ਕੀਤਾ ਜਾ ਚੁੱਕਾ ਹੈ, ਦੁਹਰਾਓ ਸਲੋਕ-ਆਂਕਣ-ਵਿਧੀ ਦੇ ਨੇਮ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ।

2. ਅਸਫੋਟਕ ਰਚਨਾਵਾਂ ਦੇ ਅੰਤਰਗਤ ਅੰਕਿਤ ਕੀਤੇ ਗਏ ਸਲੋਕਾਂ ਦੀ ਵਿਧੀ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੳ) ਸਿਰੀ ਰਾਗ ਕੇ ਛੰਤ ਮਹਲਾ ੫ ਡਖਣਾ—

ਹਠ ਮਝਾਹੂ ਮਾ ਪਿਰੀ ਪਸੈ ਕਿਉ ਦੀਦਾਰੁ
ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰੁ ।੧।

ਛੰਤ—ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨ ਆਵਏ ਜੀਉ

... ... ...

ਉਪਰੋਕਤ ਨਮੂਨਾ ਵੀ ਇਹੀ ਦਰਸਾਂਦਾ ਹੈ ਕਿ ਸਲੋਕਾਂ ਦੀ ਅੰਕ-ਸੰਖਿਆ ਰਚਨਾ ਵਿਸ਼ੇਸ਼ ਦੇ ਅੰਤਰਗਤ ਗਉਣ ਰੂਪ ਵਿਚ ਹੀ ਰਖੀ ਜਾਂਦੀ ਹੈ ।

(ੳ) 3. ਲੰਮੇਰੀਆਂ ਰਚਨਾਵਾਂ ਦੇ ਅਧੀਨ ਸਲੋਕ-ਅੰਕਣ-ਵਿਧੀ ਦੋ ਤਰ੍ਹਾਂ ਨਾਲ ਪੇਸ਼ ਹੁੰਦੀ ਹੈ ।

ਸਲੋਕ—ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ
ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਣ ਗਾਇ ।੧੭।

ਪਉੜੀ—ਕੋਈ ਗਾਵੈ ਕੋ ਸੁਣੈ ਕੋਈ ਕਰੇ ਬੀਚਾਰੁ
ਕੋ ਉਪਦੇਸੈ ਕੋ ਦ੍ਰਿੜੈ ਤਿਸੁ ਕਾ ਹੋਇ ਉਧਾਰੁ
ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ
ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ
ਸੋ ਸੂਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ
ਸੋ ਸੂਰਾ ਕੁਲਵੰਤੁ ਸੋਇ ਜਿਨ ਭਜਿਆ ਭਗਵੰਤ
ਖਤ੍ਰੀ ਬ੍ਰਾਹਮਣ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ
ਜਿਨਿ ਜਾਨਿਓ ਪ੍ਰਭੁ ਅਪਨਾ ਨਾਨਕ ਤਿਸਿਹ ਚਵਾਲ ।੧੭।

ਇਥੇ ਇਹ ਸਾਫ਼ ਸਪਸ਼ਟ ਕਰਦਾ ਹੈ ਕਿ ਥਿਤੀ ਗਉੜੀ ਮਹਲਾ ੫ ਵਿਚ ਅੰਕਿਤ ਸਲੋਕਾਂ ਅਤੇ ਪਉੜੀਆਂ ਦੋਹਾਂ ਦਾ ਵੇਰਵਾ ਨਾਲੋ ਨਾਲ ਦਿਤਾ ਗਿਆ ਹੈ ।

(ਅ) ਹੁਣ ਲੰਮੇਰੀਆਂ ਬਾਣੀਆਂ ਵਿਚ ਅੰਕਿਤ ਸਲੋਕਾਂ ਦੀ ਦੂਜੀ ਅੰਕਣ-ਵਿਧੀ ਬਾ ਨਮੂਨਾ ਵੇਖੋ—

ਸੁਖਮਨੀ ਦੀਆਂ ਅਸਟਪਦੀਆਂ ਦਾ ਆਰੰਭ ਸਲੋਕ ਨਾਲ ਹੁੰਦਾ ਹੈ—

ਸਲੋਕ—ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ
ਨਾਨਕ ਪੂਰਾ ਪਾਇਆ ਪੂਰੇ ਕੇ ਗੁਣ ਗਾਉ ।੧।

ਅਸਟਪਦੀਆਂ : ਹੁਣ ਅਸ਼ਟਪਦੀ ਦੀਆਂ ਅਠ ਪਉੜੀਆਂ ਅੰਕਿਤ ਕੀਤੀਆਂ ਗਈਆਂ ਹਨ ਤੇ ਅੰਤ ਵਿਚ ੮-੨੪ ਅੰਕ ਅੰਕਿਤ ਕੀਤੇ ਗਏ ਹਨ । ਇਥੇ ੮ ਪਉੜੀਆਂ ਦਾ ਸੰਕੇਤਕ ਹੈ । ੨੪-ਸੁਖਮਨੀ ਵਿਚ ਆਈਆਂ ਕੁਲ ਅਸਟਪਦੀਆਂ ਦਾ । ਸਪਸ਼ਟ ਹੈ, ਸਲੋਕ ਦਾ ਵੇਰਵਾ ਰਚਨਾ-ਵਿਸ਼ੇਸ਼ ਦੀ ਸਮਾਪਤੀ ਉਪਰ ਨਹੀਂ ਕੀਤਾ ਗਿਆ । ਨਿਰਸੰਦੇਹ ਹਰ ਸਲੋਕ ਦੀ ਸਮਾਪਤੀ ਉਪਰ ੧ ਅੰਕ ਦਾ ਸੰਕੇਤ ਦਿੱਤਾ ਗਿਆ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਰਾਗ ਬੰਦਿਸ਼ ਰਚਿਤ ਬਾਣੀਆਂ ਵਿਚ ਸਲੋਕ ਅੰਕਣ-ਵਿਧੀ ਦੀ ਵੰਨਗੀ ਵੀ ਦ੍ਰਿਸ਼ਟੀ ਗੋਚਰ ਹੈ—

| ਆਦਿ ਗ੍ਰੰਥ ਪੰਨਾ | ਰਚਨਾ ਦਾ ਨਾਮ | ਅੰਕ |
|---|---|---|
| ੧੩੫੩ | ਸਲੋਕ ਸਹਸਕ੍ਰਿਤੀ ਮਹਲਾ ੧ | ੪ |
| ੧੩੬੧ | ਮਹਲਾ ੫ ਗਾਥਾ | ੨੪ |
| ੧੩੬੩ | ਫੁਨਹੇ ਮਹਲਾ ੫ | ੨੩ |
| ੧੩੬੪ | ਚਉਬੋਲੇ ਮਹਲਾ ੫ | ੧੧ |
| ੧੩੭੭ | ਸਲੋਕ ਕਬੀਰ ਜੀਉ ਕੇ | ੨੪੩ |

ਉਪਰ ਅੰਕਿਤ ਰਚਨਾਵਾਂ ਵਿਸ਼ੇਸ਼ ਦੇ ਅੰਕ ਇਹ ਸਿੱਧ ਕਰਦੇ ਹਨ ਕਿ ਇਨ੍ਹਾਂ ਰਚਨਾਵਾਂ ਵਿਚ ਸਲੋਕਾਂ ਦੀ ਸੰਖਿਆ ਚਲਦੀ ਰਖੀ ਗਈ ਹੈ ਜਿਸਦਾ ਸਪਸ਼ਟ ਵੇਰਵਾ ਰਚਨਾ ਵਿਸ਼ੇਸ਼ ਦੀ ਸਮਾਪਤੀ ਉਪਰ ਦੇ ਦਿੱਤਾ ਗਿਆ ਹੈ।

## ਸਵੈਯੇ

ਆਦਿ ਸ੍ਰੀ ਗੁਰੂ ਗ੍ਰੰਥ ਵਿਚ ਦੋ ਤਰ੍ਹਾਂ ਦੇ ਸਵਈਏ ਮਿਲਦੇ ਹਨ। ਪਹਿਲੀ ਤਰ੍ਹਾਂ ਦੇ ਸਵਈਏ ਉਹ ਹਨ ਜੋ ਪੰਜਵੇਂ ਗੁਰੂ ਨੇ ਖ਼ੁਦ ਆਪ ਉਚਾਰੇ ਹਨ। ਦੂਸਰੀ ਤਰ੍ਹਾਂ ਦੇ ਉਹ ਹਨ ਜੋ ਭਟਾਂ ਨੇ ਮਹਲਾ ੧,੨,੩,੪, ੫ ਦੀ ਸਿਫ਼ਤ ਵਿਚ ਉਚਾਰੇ ਹਨ। ਭਟ ਗਿਣਤੀ ਵਿਚ ਕਿਤਨੇ ਹਨ ? ਇਸ ਬਾਰੇ ਅਪਵਾਦ ਹੈ। ਅਸੀਂ ਇਸ ਗੱਲ ਵਿਚ ਨਾ ਉਲਝਕੇ ਉਨ੍ਹਾਂ ਨੂੰ ਹੀ ਆਪਣੇ ਅਧਿਅਨ ਦਾ ਅੰਗ ਬਣਾਇਆ ਹੈ,ਜੋ ਹਰ ਰਚਨਾ ਅਥਵਾ ਸਵਈਏ ਵਿਸ਼ੇਸ਼ ਦੀ ਸਮਾਪਤੀ ਉਪਰ ਦਿੱਤਾ ਜਾਂਦਾ। ਹੁਣ ਕੁਝ ਉਦਾਹਰਣ ਪੇਸ਼ ਹਨ—

| ਆਦਿ ਗ੍ਰੰਥ ਪੰਨਾ | ਰਚਣਹਾਰ | ਅੰਕ | ਨੋਟ |
|---|---|---|---|
| ੧੩੮੭ | ਮਹਲਾ ੫ | ੯ | ਇਥੇ ੯ + ੧੧ = ੨੦ ਸੰਕੇਤ ਕਰਦਾ ਹੈ ਕਿ ਮਹਲਾ੫ਨੇ ਕੁਲ ੨੦ਸਵਈਆਂ ਦੀ ਰਚਨਾ ਕੀਤੀ ਹੈ। ਅਖੀਰਲੇ ੧੧ ਸਵਈਆਂ ਵਿਚੋਂ ਅੰਤਲੇ ੨ ਸਵਈਆਂ ਦੀ ਬਹਿਰ ਵਿਚ ਅੰਤਰ ਹੈ। ਇਸ ਕਰ ਕੇ ੨ ਅੰਕ ਇਸ ਦਾ ਸਪਸ਼ਟ ਸੰਕੇਤ ਕਰਦਾ ਹੈ। |
| ੧੩੮੯ | ਮਹਲਾ ੫ | ੨/੧੧/੨੦ | |

ਇਥੇ ਇਹ ਸੰਕੇਤ ਕਰਨਾ ਉਚਿਤ ਹੋਵੇਗਾ ਗੁਰੂ ਅਰਜਨ ਦੇਵ ਨੇ ਪਦਿਆਂ ਦੀ ਅੰਕਣ-ਵਿਧੀ ਵਿਚ ਛੰਦ ਚਾਲ ਦੀ ਭਿੰਨਤਾ ਦਾ ਸੰਕੇਤ ਦੁਪਦੇ ਦੁਤੁਕੇ, ਚਉਪਦੇ ਚਉਤੁਕੇ ਆਦਿ ਲਿਖ ਕੇ ਦਿੱਤਾ ਹੈ। ਸਵਈਆਂ ਵਿਚ ਅਜੇਹਾ ਪ੍ਰਬੰਧ ਦਿਖਾਈ ਨਹੀਂ ਦੇਂਦਾ। ਸਵਈਆਂ ਵਿਚ ਛੰਦ-ਬਹਿਰ ਦਾ ਸੰਕੇਤ ਅੰਕਾਂ ਰਹੀਂ ਦਿੱਤਾ ਗਿਆ ਹੈ। ਜੋ ਉਪਰਲੀ ਵਿਧੀ ਤੋਂ ਸਪਸ਼ਟ ਹੋ ਜਾਂਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਵੇਖੋ ਉਨ੍ਹਾਂ ਸਵਈਆਂ ਦਾ ਅੰਕਣ-ਢੰਗ ਜੋ ਭਟਾਂ ਨੇ ਗੁਰੂਆਂ ਦੀ ਸਿਫ਼ਤ ਵਿਚ ਉਚਾਰੇ ਹਨ—

| ਆਦਿ ਗ੍ਰੰਥ ਪੰਨਾ | ਰਚਣਹਾਰ | ਅੰਕ | ਨੋਟ |
|---|---|---|---|
| ੧੩੯੨-੯੪ | ਕਲ | ੯ | ਭਟਾਂ ਦੇ ਸਵਈਆਂ ਦੇ ਆਰੰਭ ਵਿਚ ਭਟ ਵਿਸ਼ੇਸ਼ ਦੇ ਨਾਮ ਦਾ ਅਭਾਵ ਹੁੰਦਾ ਹੈ। ਸਵਈਆ ਵਿਸ਼ੇਸ਼ ਕਿਸ ਰਚਣਹਾਰ ਦਾ ਹੈ, ਦਾ ਸੰਕੇਤ ਸਵਈਏ ਵੀ ਅਖੀਰਲੀ ਪੰਕਤੀ ਵਿਚ ਮਿਲਦਾ ਹੈ। ਅਥਵਾ ਭਟ ਵਿਸ਼ੇਸ਼ ਦਾ ਨਾਮ ਅੰਤਲੀ ਪੰਕਤੀ ਵਿਚ ਮਿਲਦਾ ਹੈ। ਇਥੇ ਇਨ੍ਹਾਂ ਨੋ ਸਵਈਆਂ ਦੇ ਅੰਤ ਵਿਚ ਕਲ੍ਹ ਦਾ ਨਾਮ ਦਰਜ ਹੈ। ਇਸੇ ਤੋਂ ਹੀ ਇਹ ਪਤਾ ਲਗਦਾ ਹੈ ਕਿ ਇਹ ਸਵਈਏ ਕਲ ਭਟ ਨੇ ਉਚਾਰੇ ਹਨ। |
| ੧੩੯੪ | ਜਾਲਪ | ੧/੧੦ | ੧ ਅੰਕ ਜਾਲਪ ਦੀ ਰਚਨਾ ਦਾ ਸੰਕੇਤ ਦੇਂਦਾ ਹੈ ਤੇ ੧੦ ਕੁਲ ਸੰਖਿਆ ਦਾ ਸੂਚਕ ਹੈ। |
| ੧੩੯੫ | ਜਾਲਪ | ੫/੧੪ | ਜਾਲਪ ਭਟ ਦੀ ਰਚਨਾ ੧੩੯੪ ਪੰਨੇ ਤੋਂ ਆਰੰਭ ਹੋ ਕੇ ੧੩੯੫ ਉਪਰ ਸਮਾਪਤ ਹੁੰਦੀ ਹੈ। ੧/੧੦ ਅੰਕ ਇਸਦੀ ਰਚਨਾ ਦੇ ਆਰੰਭ ਹੋਣ ਦੇ ਸੂਚਕ ਹਨ ਤੇ ੫/੧੪ ੬—ਅੰਕ ਜਾਲਪ ਦੀ ਰਚਨਾ ਦਾ ਸੂਚਕ ਹੈ ਤੇ ੧੪ ਅੰਕ ਕੁਲ ਸੰਖਿਆ-ਵਾਚਕ ਹੈ। |
| ੧੩੯੫ | ਕੀਰਤ | ੧/੧੫<br>੪/੧੮ | ਹੁਣ ਕੀਰਤ ਭਟ ਦੀ ਆਰੰਭ ਹੁੰਦੀ ਹੈ। ੪ ਅੰਕ ਕੀਰਤ ਦੇ ਸਵਈਆਂ ਦਾ ਸੰਕੇਤਕ ਹੈ ਤੇ ੧੮ ਕੁਲ ਰਚਨਾ ਦਾ। |
| ੧੩੯੫ | ਭਿਖੇ ਕੇ | ੧/੧੯<br>੨/੨੦ | ਇਸ ਤੋਂ ਪਹਿਲਾਂ ਭਟਾਂ ਦੇ ਨਾਮ ਵਿਸ਼ੇਸ਼ ਦਾ ਸੰਕੇਤ ਨਹੀਂ ਦਿਤਾ ਗਿਆ। ਇਥੇ ਭਿਖੇ ਕੇ ਉਪ-ਸਿਰਲੇਖ ਵੀ ਦਰਜ ਹੈ। ੨ ਅੰਕ ਭਿਖੇ ਦੀ ਰਚਨਾ ਤ ੨੦ ਅੰਕ ਕੁਲ ਸਵਈਆਂ ਦਾ ਸੰਕੇਤਕ ਹੈ। |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | | |
|---|---|---|---|
| ੧੩੯੬ | ਸਲ | ੧/੨੧ | ੧ ਅੰਕ ਸਲ ਦੀ ਰਚਨਾ ਦਾ ਸੰਕੇਤਕ ਹੈ ਤੇ ੨੧ ਕੁਲ ਸੰਖਿਆ ਦਾ । |
| | ਭਲ | ੧/੨੨ | ੧ ਅੰਕ ਭਲ ਦੀ ਰਚਨਾ ਦਾ ਸੰਕੇਤਕ ਹੈ ਤੇ ੨੨ ਕੁਲ ਸਵਈਆਂ ਦਾ । |
| ੧੩੯੬ | | ੧/੨੨/੯/੧੯/੬੦ | ਇਨ੍ਹਾਂ ਅੰਕਾਂ ਦਾ ਜੋੜ ਸਮਝਣਾ ਹੁਣ ਬਾਕੀ ਹੈ । ੧/੨੨ ਉਪਰ ਸਪਸ਼ਟ ਕੀਤੇ ਜਾ ਚੁਕੇ ਹਨ—੯ ਅੰਕ ਕਲ ਦੀ ਰਚਨਾ ਦਾ ਸੰਕੇਤਕ ਹੈ ੧੯ ਸਵਈਆਂ ਦੀ ਇਕੋ ਬਹਿਰ ਦਾ ਸੂਚਕ ਹੈ ਜਿਸ ਵਿਚ ਕਲ ਦੇ ੯ ਜਾਲਪ ਦੇ ੫, ਕੀਰਤ ਦੇ ੪, ਤੇ ਭਿਖੇ ਦਾ ੧ ਸਵਈਆ ਆਉਂਦਾ ਹੈ । ਉਨ੍ਹੀਂ ਸਵਈਆਂ ਤੋਂ ਬਾਅਦ ਛੰਦ ਚਾਲ ਬਦਲ ਜਾਂਦੀ ਹੈ । ਇਥੇ ਇਕ ਟਪਲਾ ਲਗ ਸਕਦਾ ਹੈ ਕਿ ੧੯ ਅੰਕ ਸਵਈਆਂ ਦੀ ਸੰਖਿਆ ਵਾਚਕ ਵੀ ਤਾਂ ਹੋ ਸਕਦਾ ਹੈ। ਪਰ ਜੇ ਇਹ ੧੯ ਅੰਕ ਸੰਖਿਆ ਵਾਚਕ ਹੁੰਦੇ ਹਨ ਤਾਂ ਅੰਤਲੇ ਜੋੜ ਵਿਚ ਦੇਣ ਦੀ ਲੋੜ ਨਹੀਂ ਸੀ । ਕਿਉਂਕਿ ਸੰਖਿਆ ਤਾਂ ਵਧ ਦੇ ਕ੍ਰਮ 'ਚ ਨਾਲੋ ਨਾਲ ਤੁਰ ਹੀ ਰਹੀ ਸੀ ੬੦ ਅੰਕ ੧੩੯੬ ਪੰਨੇ ਤਕ ਅੰਕਿਤ ਕੀਤੇ ਗਏ ਸਵਈਆਂ ਦਾ ਲਖਾ-ਇਕ ਹੈ । ਹੁਣ ਇਸ ੯੦ ਅੰਕ ਦੇ ਜੋੜ ਨੂੰ ਸਮਝਣਾ ਉਚਿਤ ਹੈ । |

| ਆਦਿ ਗ੍ਰੰਥ ਪੰਨਾ | ਸਵਈਏ ਸ੍ਰੀ ਮੁਖਵਾਕ | ਅੰਕ |
|---|---|---|
| ੧੩੮੫-੮੭ | ਮਹਲਾ ੫ | ੯ |
| ੧੩੩੭-੮੯ | ਮਹਲਾ ੫ | ੨/੧੧/੨੦ ਦਾ ਸੰਕੇਤ ਪਹਿਲਾਂ ਆ ਚੁਕਾ ਹੈ । |
| ੧੩੮੯-੯੦ | ਸਵਈਏ ਮਹਲੇ ਪਹਿਲੇ ੧ | ੪੦ ਇਨ੍ਹਾਂ ਸਵਈਆਂ ਦੇ ਸਿਰਲੇਖ ਕਰਦੇ ਹਨ ਕਿ ਇਹ ੨੦ |
| | ਸਵਈਏ ਮਹਲੇ ਦੂਜੇ ਕੇ ੨ | ੧੦ ਸਵਈਏ ਉਹ ਹਨ ਜੋ ਕਲ ਭਟ ਨੇ ਮਹਲਾ ੧ ਅਤੇ ੨ ਦੀ ਸਿਫਤ ਵਿਚ ਉਚਾਰਣ ਕੀਤੇ । ਇਸ |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਇਨ੍ਹਾਂ ਸਵਈਆਂ ਦੀ
ਸੰਖਿਆ ਬਣ ਗਈ।

ਮਹਲਾ ੫ ਦੇ ੨੦+੨੦ ਕੁਲ ਭਟ ਦੇ=੪੦

ਹੁਣ ੧੩੯੬ ਪੰਨੇ ਉਪਰ ਅੰਕਿਤ ਜੋੜ ੬੦ ਹੈ ਜੋ ਸੰਦੇਹ-ਯੁਕਤ ਹੈ ਕਿਉਂਕਿ ਇਸ ਪੰਨੇ ਉਪਰ ਅੰਕਿਤ ਜੋੜ ੧/੨੨/੯/੧੯/੬੦ ਹੈ। ਅਸੀਂ ੧/੨੨/੯੧/੯ ਅੰਕਾਂ ਨੂੰ ਸਪਸ਼ਟ ਕਰ ਚੁੱਕੇ ਹਾਂ। ਹੁਣ ੪੦+੨੨ =੬੨ ਬਣਦਾ ਹੈ। ਇਹ ਭੁਲ ਉਤਾਰਾ ਕਰਨ ਵਾਲੇ ਦੀ ਵੀ ਹੋ ਸਕਦੀ ਹੈ ਤੇ ਅੰਕ ਲਿਖਦੇ ਸਮੇਂ ੬੨ ਦਾ ੬੦ ਲਿਖਿਆ ਗਿਆ ਹੋਵੇ ਅਥਵਾ ੨ ਨੂੰ ੦ ਪੜ੍ਹ ਲਿਆ ਗਿਆ ਹੋਵੇ। ਇਹ ਤੱਥ ਖੋਜ ਦਾ ਮੁਹਤਾਜ ਹੈ। ਪਰ ਇਤਨਾ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਭੱਟਾਂ ਦੇ ਸਵਈਆਂ ਦੀ ਬੰਦ-ਸੰਖਿਆ ਦਾ ਸੰਕੇਤ ਆਦਿ ਗ੍ਰੰਥ ਦੇ ਪਦਿਆਂ ਵਾਂਗੂੰ ਜਾਂ ਹੋਰ ਬਾਣੀਆਂ ਵਾਂਗੂੰ ਨਾਲੋ ਨਾਲ ਨਹੀਂ ਦਿਤੀ ਗਈ। ਤੇ, ਨਾ ਹੀ ਕਰਤਾ ਵਿਸ਼ੇਸ਼ ਦਾ ਨਾਮ ਉਪਰ ਦਿੱਤਾ ਗਿਆ ਹੈ, ਜਿਵੇਂ ਕਿ ਬਾਕੀ ਦੇ ਆਦਿ-ਗ੍ਰੰਥ ਦੇ ਰਚਨਹਾਰ ਦੇ ਨਾਮ ਨੂੰ ਸੂਚਿਤ ਕਰ ਦਿਤਾ ਜਾਂਦਾ ਰਿਹਾ ਹੈ। ਭਟਾਂ ਦੇ ਸਵਈਆਂ ਵਿਚ ਭਟਾਂ ਦੇ ਨਾਮ ਸਿਰਲੇਖ ਵਜੋਂ ਨਾ ਹੋਣ ਕਰਕੇ ਹੀ ਭਟਾਂ ਦੀ ਅੰਕ-ਮਾਤਰਾ ਸੰਦੇਹ ਯੁਕਤ ਹੋ ਗਈ ਹੈ। ਸਾਡੇ ਵਿਦਵਾਨ ਭਟਾਂ ਦੀ ਗਿਣਤੀ ਬਾਰੇ ਬਹੁਮਤ ਹਨ। ਕਈ ਵਾਰ ਤਾਂ ਇਨ੍ਹਾਂ ਨੂੰ ਇਕੋ ਹੀ ਭਟ ਦੇ ਇਕ ਤੋਂ ਵਧੀਕ ਨਾਵਾਂ ਦੀ ਕਲਪਨਾ ਕਰਨੀ ਪਈ ਹੈ। ਸ਼ਬਦਾਰਥ ਪੰਨਾ 1392 ਉਪਰ ਫੁਟਨੋਟ ਵਿਚ ਲਿਖਿਆ ਹੈ ਕਿ ਟਲ, ਕਲ, ਕਲਸਹਾਰ ਇਕੋ ਹੀ ਕਵੀ ਦੇ ਤਿੰਨ ਨਾਮ ਹਨ। ਇਸ ਤੱਥ ਦੀ ਪ੍ਰਮਾਣਿਕਤਾ ਬਾਰੇ ਸ਼ਬਦਾਰਥ ਖਾਮੋਸ਼ ਹੈ। ਉਂਵ ਧਿਆਨ ਨਾਲ ਦੇਖਿਆ ਇਕ ਕਵੀ ਇਕੋ ਨਾਮ ਵਿਸ਼ੇਸ਼ ਦੇ ਅਧੀਨ ਹੀ ਕਾਵਿ-ਰਚਨਾ ਕਰ ਸਕਦਾ ਹੈ। ਮੰਨ ਲਉ ਉਸ ਦੇ ਨਾਮ ਇਕ ਤੋਂ ਵਧੀਕ ਹਨ ਜੇਹਾ ਕਿ ਕਈ ਵਾਰ ਕਈ ਕਵੀ ਆਪਣੇ ਉਪਨਾਮ ਵੀ ਰਖ ਲੈਂਦੇ ਹਨ ਪਰ ਇਹ ਕੋਈ ਜ਼ਰੂਰੀ ਨਹੀਂ ਕਿ ਕਾਵਿ-ਸਿਰਜਨ-ਕਰਮ ਵਿਚ ਉਹ ਆਪਣੇ ਸਾਰੇ ਦੇ ਸਾਰੇ ਨਾਮ ਪੇਸ਼ ਕਰੇ। ਨਾਮ ਵਿਵਿਧਤਾ ਦਾ ਕਾਰਣ ਅਸਪਸ਼ਟ ਹੈ। ਸਾਫ਼ ਹੈ, ਭਟ ਵਿਸ਼ੇਸ਼ ਦੇ ਨਾਮ ਦੀ ਅਣਹੋਂਦ ਨੇ ਵਿਦਵਾਨਾਂ ਨੂੰ ਦੋ ਵਰਗਾਂ ਵਿਚ ਵੰਡ ਦਿੱਤਾ ਹੈ। ਪੁਰਾਤਨ ਆਚਾਰੀਆਂ ਜੇਹਾ ਕਿ ਗਿਆਨੀ ਬਦਨ ਸਿੰਘ ਆਦਿ ਨੇ 17 ਭੱਟ ਮੰਨੇ ਹਨ ਤੇ ਆਧੁਨਿਕ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਤੇ ਡਾ: ਤਾਰਨ ਸਿੰਘ ਇਨ੍ਹਾਂ ਦੀ ਗਿਣਤੀ ।। ਮੰਨਦੇ ਹਨ। ਅਸੀਂ ਭਟਾਂ ਦੀ ਗਿਣਤੀ ਵਿਚ ਉਲਝਣਾ ਠੀਕ ਨਹੀਂ ਸਮਝਿਆ। ਅੰਕ-ਅੰਕਣ-ਵਿਧੀ ਤੋਂ ਜੋ ਵੀ ਸਿੱਟੇ ਪ੍ਰਾਪਤ ਹੋਏ ਹਨ, ਤੁਹਾਡੇ ਨਾਲ ਸਾਂਝੇ ਕਰ ਦਿਤੇ ਹਨ।

**ਸਾਰ—**

ੳ. ਸ੍ਰੀ ਆਦਿ ਗ੍ਰੰਥ ਵਿਚ ਰਚਣਹਾਰ ਪਦੇ-ਪਦਿਆਂ ਦੀਆਂ ਕਿਸਮਾਂ, ਸ਼ਬਦਾਂ ਦੀ ਗਿਣਤੀ ਕਾਵਿ-ਰੂਪਾਂ, ਰਾਗ ਤੇ ਰਾਗਾਂ ਦੀਆਂ ਕਿਸਮਾਂ, ਇਕ ਰਾਗ ਵਿਚ ਵਿਸ਼ੇਸ਼



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਚਣਹਾਰ ਦੀ ਰਚਨਾ ਦੀ ਅੰਕ-ਸੰਖਿਆ, ਰਾਗ ਵਿਸ਼ੇਸ਼ ਦੇ ਕੁਲ ਸ਼ਬਦਾਂ ਦੀ ਸੰਖਿਆ, ਅੰਕ-ਸੰਖਿਆ ਰਾਹੀਂ ਨਾਲੋ ਨਾਲ ਦਿੱਤੀ ਗਈ ਹੈ ।

ਅ. ਗੁਰੂ ਸਾਹਿਬਾਨ ਦੇ ਸਵਈਏ ਆਦਿ ਗ੍ਰੰਥ ਦੇ ਅੰਕ-ਨੇਮ ਅਨੁਸਾਰ ਹੀ ਅੰਕਿਤ ਕੀਤੇ ਗਏ ਹਨ ।

ੲ. ਭਟਾਂ ਦੇ ਸਵਈਆਂ ਵਿਚ ਕਰਤਾ ਵਿਸ਼ੇਸ਼ ਦੇ ਨਾਮ ਦੀ ਅਣਹੋਂਦ ਹੈ ਤੇ ਨਹੀਂ ਵੀ।

ਸ. ਭਟਾਂ ਦੇ ਸਵਈਆਂ ਦੀ ਬੰਦ-ਸੰਖਿਆ ਦਾ ਸੰਕੇਤ ਨਹੀਂ ਦਿਤਾ ਗਿਆ । ਬਹਿਰ-ਚਾਲ ਦੀ ਭਿੰਨਤਾ ਦਾ ਸੰਕੇਤ ਅੰਕਾਂ ਰਾਹੀਂ ਦਿਤਾ ਗਿਆ ਹੈ ।

ਹ. ਅੰਕ-ਅੰਕਣ ਦੀ ਇਸ ਅਦੁਤੀ ਕਾਢ ਨੇ ਆਦਿ ਗ੍ਰੰਥ ਦੀ ਬਾਣੀ ਵਿਚ ਰਲਾ ਨਹੀਂ ਪੈਣ ਦਿਤਾ । ਅੰਕ-ਨੇਮ ਦੀ ਇਹ ਸਭ ਤੋਂ ਵਡੀ ਦੇਣ ਹੈ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਦਿ ਗ੍ਰੰਥ ਦਾ ਸਿਰਲੇਖ-ਪ੍ਰਬੰਧ

ਆਦਿ ਗ੍ਰੰਥ ਵਿਚ ਰਾਗ ਨੂੰ ਲੋਕ-ਪ੍ਰਿਯ ਬਨਾਉਣ ਵਾਸਤੇ ਗੁਰੂ ਸਾਹਿਬਾਨ ਨੇ ਕਿਧਰੇ ਕਿਧਰੇ ਸਿਰਲੇਖਾਂ ਦੀ ਵਰਤੋਂ ਵੀ ਕੀਤੀ ਹੈ। ਇਹ ਸਿਰਲੇਖ ਬੜੇ ਸਾਰਥਕ ਹਨ ਅਤੇ ਇਨ੍ਹਾਂ ਦਾ ਆਪਣਾ ਸੁਤੰਤਰ ਮਹੱਤਵ ਵੀ ਹੈ। ਗੁਰੂ ਸਾਹਿਬ ਨੇ ਸਿਰਲੇਖਾਂ ਦੀ ਵਰਤੋਂ ਕਈ ਰੂਪਾਂ ਵਿਚ ਕੀਤੀ ਹੈ। ਅਸੀਂ ਇਨ੍ਹਾਂ ਸਿਰਲੇਖਾਂ ਨੂੰ ਵਰਗਾਂ ਵਿਚ ਵੰਡ ਕੇ ਵਿਚਾਰਿਆ ਹੈ, ਉਸ ਅਨੁਸਾਰ ਨਹੀਂ ਜਿਸ ਤਰ੍ਹਾਂ ਇਨ੍ਹਾਂ ਦੀ ਵਰਤੋਂ ਆਦਿ ਗ੍ਰੰਥ ਵਿਚ ਕੀਤੀ ਗਈ ਹੈ। ਇਨ੍ਹਾਂ ਵਿਚੋਂ ਕੁਝ ਸਿਰਲੇਖ ਉਹ ਵੀ ਸ਼ਾਮਲ ਹਨ ਜੋ ਅਗੇ ਚਲ ਕੇ ਲੋਕ-ਰੂਪਾਂ ਦੇ ਅੰਤਰਗਤ ਵਿਚਾਰੇ ਗਏ ਹਨ।

1. **ਸਮੇਂ ਅਤੇ ਅਵਸਥਾ ਵਾਚਕ** : ਪਹਿਰੇ, ਵਣਜਾਰਾ, ਬਾਰਹਮਾਂਹ,ਦਿਨਰੈਣ, ਥਿਤਾਂ ਅਤੇ ਵਾਰਾਂ।

**ਪਹਿਰੇ** : ਵਿਚ ਮਨੁੱਖੀ ਜੀਵਨ ਦੀਆਂ ਚਾਰ ਅਵਸਥਾ ਨੂੰ ਦਿਨ ਦੇ ਚਾਰ ਪਹਿਰਾਂ ਵਿਚ ਵੰਡ ਕੇ ਉਪਦੇਸ਼ ਕੀਤਾ ਹੈ।

**ਵਣਜਾਰਾ** : ਇਹ ਸਿਰਲੇਖ ਜਗਿਆਸੂ ਦੇ ਸੰਬੋਧਨ ਦਾ ਪ੍ਰਤੀਕ ਹੈ। ਤਾਲ ਨੂੰ ਸਪਸ਼ਟ ਕਰਨ ਲਈ ਪੰਚਮ ਗੁਰੂ ਨੇ ਇਸ ਸ਼ਬਦ ਦਾ ਸਿਰਲੇਖ 'ਵਣਜਾਰਾ' ਦਿੱਤਾ ਹੈ ਅਥਵਾ ਇਹ ਸ਼ਬਦ ਉਸ ਤਾਲ ਵਿਚ ਗਾਇਆ ਜਾਏ ਜਿਸ ਵਿਚ ਗੁਰੂ ਨਾਨਕ ਨੇ ਵਣਜਾਰਾ ਸ਼ਬਦ ਵਰਤਿਆ ਹੈ। (ਪਹਿਲੇ ਪਹਰੇ ਰੈਣ ਕੇ ਵਣਜਾਰਿਆ ਮਿਤਰਾ)

**ਬਾਰਾਮਾਂਹ** : ਇਹ ਦੋ ਹਨ, ਬਾਰਾਮਾਂਹ ਮਾਝ ਮਹਲਾ ੫ ਤੇ ਬਾਰਾਮਾਂਹ ਤੁਖਾਰੀ ਮਹਲਾ ੧।

**ਦਿਨਰੈਣੀ** : ਇਹ ਬਾਣੀ ਮਾਝ ਰਾਗ ਵਿਚ ਅੰਕਿਤ ਕੀਤੀ ਗਈ ਹੈ।

2. **ਲੌਕਿਕ ਰੀਤੀਆਂ ਵਾਚਕ** : ਘੋੜੀਆਂ, ਅਲਾਹੁਣੀਆਂ ਤੇ ਛੰਤ।

3.**ਸਥਾਨ ਵਾਚਕ** : ਦਖਣੀ ਓਅੰਕਾਰ ਤੇ ਡਖਣੇ। ਡਖਣੇ ਲਹਿੰਦੇ ਦੀ ਬੋਲੀ ਦਾ ਸੂਚਕ ਹੈ। ਇਹ ਸਿਰਲੇਖ ਆਦਿ ਗ੍ਰੰਥ ਵਿਚ ਦੋ ਵਾਰੀ ਆਇਆ ਹੈ। ਪਹਿਲੀ ਵਾਰ ਸ੍ਰੀ ਰਾਗ ਮਹਲਾ ੫ ਛੰਤ ਡਖਣਾ ਤੇ ਦੂਜੀ ਵਾਰ ਮਾਰੂ ਵਾਰ ਮਹਲਾ ੫ ਡਖਣੇ। ਦਖਣੀ ਓਅੰਕਾਰ, ਦੱਖਣ ਓਅੰਕਾਰੇਸ਼ਵਰ ਤੀਰਥ ਤੇ ਉਚਾਰਣ ਕੀਤੀ ਗਈ ਕਹੀ ਜਾਂਦੀ ਹੈ।

4. **ਗੁਣ ਵਾਚਕ** : ਕੁਚੱਜੀ ਸੁਚੱਜੀ ਮਹਲਾ ੧ ਤੇ ਗੁਣਵੰਤੀ ਮਹਲਾ ੫ ਇਸ ਨੂੰ ਪੰਜਾਬੀ ਮੁਹਾਵਰਾ ਵਾਚਕ ਸਿਰਲੇਖ ਵੀ ਕਿਹਾ ਜਾ ਸਕਦਾ ਹੈ।

5. **ਵਾਦ-ਵਿਵਾਦ ਵਾਚਕ** : ਸਿਧ ਗੋਸਟਿ।

6. **ਅੱਖਰ-ਵਾਚਕ** : ਬਾਵਨ ਅੱਖਰੀ ਅਤੇ ਪੱਟੀ। ਆਦਿ ਗ੍ਰੰਥ ਵਿਚ ਦੋ ਬਾਵਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੱਖਰੀਆਂ ਹਨ । ਪਹਿਲੀ ਗੁਰੂ ਅਰਜਨ ਦੇਵ ਅਤੇ ਦੂਜੀ ਕਬੀਰ ਦੀ ਹੈ । ਦੋ ਪਟੀਆਂ ਹਨ । ਪਹਿਲੀ ਗੁਰੂ ਨਾਨਕ ਦੇਵ ਅਤੇ ਦੂਜੀ ਗੁਰੂ ਅਮਰਦਾਸ ਜੀ ਦੀ ।

7. **ਰੂਪਕ ਵਾਚਕ** : ਮਹਲਾ ੪ ਦੇ ਕਰਹਲੇ । ਕਰਹਲੇ ਦਾ ਅਰਥ ਹੈ ਊਠ ਜਿਵੇਂ ਊਠਾਂ ਵਾਲੇ ਨਿੱਤ ਪ੍ਰਦੇਸੀ ਹੁੰਦੇ ਹਨ, ਇਸੇ ਤਰ੍ਹਾਂ ਮਨੁੱਖ ਵੀ ਪ੍ਰਦੇਸੀ ਹੈ ।

8. **ਭਾਵ ਵਾਚਕ** : ਆਸਾ ਮਹਲਾ ੫ ਬਿਰਹੜੇ ਘਰੁ ਛੰਤਾਂ ਕੀ ਜਤਿ । ਛੰਤ ਅਕਸਰ ਲੜਕੀ ਦੇ ਘਰ ਪਤੀ ਮਿਲਾਪ ਲਈ ਗਾਏ ਜਾਂਦੇ ਹਨ । ਬਿਰਹੜੇ ਛੰਤ: ਬ੍ਰਿਹਨ ਦੇ ਮਨੋਭਾਵਾਂ ਦਾ ਪ੍ਰਤੀਕ ਹੈ । ਛੰਤਾਂ ਕੀ ਜਤਿ ਤੋਂ ਭਾਵ ਹੈ ਛੰਤਾ ਦੀ ਲੈਅ ਵਿਚ ਹੀ ਗਾਉਣਾ ।

9. **ਸੰਕੇਤਕ ਸਿਰਲੇਖ** : ਏਕ ਸੁਆਨ ਕੈ ਘਰ ਗਾਵਣਾ, ਪਹਰਿਆਂ ਕੈ ਘਰ ਗਾਵਣਾ, ਯਾਨੜੀਏ ਕੈ ਘਰ ਗਾਵਣਾ ਆਦਿ ਇਹ ਸਿਰਲੇਖ ਪਿਛੇ ਅੰਕਿਤ ਕੀਤੇ ਜਾ ਚੁੱਕੇ ਸ਼ਬਦਾਂ ਦੀ ਤਾਲ ਉੱਪਰ ਗਾਉਣ ਦਾ ਸੰਕੇਤ ਕਰਦੇ ਹਨ । ਏਕੁ ਸੁਆਨ ਕੈ ਘਰਿ ਗਾਵਣਾ ਇਸ ਸਿਰਲੇਖ ਦਾ ਭਾਵ ਹੈ, ਸ੍ਰੀ ਰਾਗ ਮਹਲਾ ੧ ਦਾ ਸ਼ਬਦ ਜੋ ਆਦਿ ਗ੍ਰੰਥ ਦੇ ੨੪ ਪੰਨੇ ਉਪਰ ਆ ਚੁੱਕਾ ਹੈ,ਜਿਸਦਾ ਆਰੰਭ "ਏਕੁ ਸੁਆਨ ਦੁਇ ਸੁਆਨੀ ਨਾਲ" ਹੈ । ਸਪਸ਼ਟ ਹੈ, ਕਬੀਰ ਦਾ ਸ਼ਬਦ ਜੋ ਆਦਿ ਗ੍ਰੰਥ ਦੇ ੯੧ ਪੰਨੇ ਉਪਰ ਅੰਕਿਤ ਹੈ, ਵੀ ਉਸੇ ਤਾਲ ਵਿਚ ਗਾਉਣਾ ਹੈ ।

ਸਿਰੀ ਰਾਗ ਬਾਣੀ ਭਗਤ ਬੇਣੀ ਜੀਉ ਕੀ 'ਪਹਰਿਆਂ ਕੈ ਘਰ ਗਾਵਣਾ' ਸੰਕੇਤ ਹੈ । ਸਿਰੀ ਰਾਗ ਮਹਲਾ ੧ ਦੀ ਬਾਣੀ ਜੋ ਪਹਰੇ ਸਿਰਲੇਖ ਹੇਠ ਅੰਕਿਤ ਹੈ ਅਥਵਾ ਉਸੇ ਤਾਲ ਵਿਚ ਗਾਇਨ ਕਰਨ ਦਾ ਸੰਕੇਤ ਹੈ ।

ਰਾਗ ਬਿਲਾਵਲ ਮਹਲਾ ੫ ਘਰ ੨ 'ਯਾਨੜੀਏ ਕੈ ਘਰਿ ਗਾਵਣਾ' ਪੰਨਾ ੮੦੩ ਉੱਪਰ ਅੰਕਿਤ ਹੈ । ਇਸ ਸ਼ਬਦ ਨੂੰ ਤਿਲੰਗ ਰਾਗ ਵਿਚ ਆਏ ਮਹਲਾ ੧ ਦੇ ਸ਼ਬਦ 'ਇਆਨੜੀਏ ਮਾਨੜਾ' ਵਾਲੀ ਤਾਲ ਉੱਪਰ ਗਾਉਣ ਦਾ ਸੰਕੇਤ ਹੈ ।

10. **ਤਾਲ ਸੂਚਕ** : ਪੜਤਾਲ ਇਹ ਸਿਰਲੇਖ ਕਈ ਥਾਈਂ ਵਰਤਿਆ ਹੈ ਅਤੇ ਇਸ ਦੇ ਨਾਲ ਘਰ ਦਾ ਸੰਕੇਤ ਵੀ ਕੀਤਾ ਹੈ । ਪੜਤਾਲ[1] ਵਿਚ ਅਸਥਾਈ ਦਾ ਤਾਲ ਕਾਇਮ ਰਹਿੰਦਾ ਹੈ, ਅੰਤਰੇ ਵਿਚ ਤਾਲ ਬਦਲ ਕੇ ਆਉਂਦੇ ਹਨ । ਕਈ ਲੈਆਂ, ਠਾਹ, ਦੁਗਣ, ਆਦਿ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ ।

11. **ਰਾਗ ਵਾਚਕ** : ਰਾਗ ਆਸਾਵਰੀ ਘਰ ੧੬ ਕੇ ੨ ਮਹਲਾ ੪ ਸੁਧੰਗ । ਇਥੇ ਸੁਧੰਗ ਦਾ ਅਰਥ ਹੈ ਸੁਧ+ਅੰਗ ਅਥਵਾ ਬਿਲਕੁਲ ਸੁਧ ਹੈ, ਕਿਉਂਕਿ ਅਗੇ ਜਾ ਕੇ ਆਸਾਵਰੀ ਨਾਲ ਮਿਸ਼੍ਰਿਤ ਵੀ ਲਿਖੀ ਗਈ ਹੈ ।

12. **ਗਿਣਤੀ ਵਾਚਕ** : ਆਸਾ ਸ੍ਰੀ ਕਬੀਰ ਜੀਉ ਕੀ,ਤਿਪਦੇ ੪ ਦੁਤੁਕੇ ੭ ਇਕ ਤੁਕਾ ੧ । ਇਸ ਸਿਰਲੇਖ ਤੋਂ ਸੰਕੇਤ ਮਿਲਦਾ ਹੈ ਕਿ ਇਥੇ ਕਬੀਰ ਦੇ ਤਿੰਨ ਪਦਿਆਂ ਦੇ ਕੁਲ ਅਠ ਸ਼ਬਦ ਹਨ,ਜਿਨ੍ਹਾਂ ਵਿਚੋਂ ਦੋ ਤੁਕਾਂ ਵਾਲੇ ਸਤ ਸ਼ਬਦ ਹਨ ਅਤੇ ਇਕ ਤੁਕ ਵਾਲਾ ਇਕ ਸ਼ਬਦ ਹੈ । ਸੋ ਸਪਸ਼ਟ ਹੈ, ਇਥੇ 'ਪਦ' ਸ਼ਬਦ ਪਦ ਦੇ ਅਰਥਾਂ ਵਿਚ ਨਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਤ ਕੇ ਸ਼ਬਦ ਦੇ ਅਰਥਾਂ ਵਿਚ ਵਰਤਿਆ ਹੈ। ਉਂਞ ਆਦਿ ਗ੍ਰੰਥ ਵਿਚ ਪਦ ਦੋ ਤਰ੍ਹਾਂ ਦੇ ਅਰਥਾਂ ਵਿਚ ਵਰਤਿਆ ਹੈ।

ੳ. ਸ਼ਬਦ ਵਾਚਕ ਅ. ਸ਼ਬਦ ਦੇ ਪਦ-ਵਾਚਕ ਅਥਵਾ ਬੰਦ-ਵਾਚਕ

13. **ਸੰਗਿਆ ਵਾਚਕ** : ਸੁਖਮਨੀ, ਜਪੁ ਤੇ ਅਨੰਦ ਸਾਹਿਬ।

ਅੰਤ ਵਿਚ, ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਨੇ ਸਿਰਲੇਖ ਨੂੰ ਬਹੁ-ਅਰਥਾਂ ਵਿਚ ਵਰਤਿਆ ਹੈ। ਇਸ ਦੀ ਵਰਤੋਂ ਗੁਰੂ ਕਾਵਿ ਵਿਚ ਵੰਨ-ਸੁਵੰਨਤਾ ਨੂੰ ਰੂਪਮਾਨ ਕਰਦੀ ਹੈ। ਹਰ ਸਿਰਲੇਖ ਦਾ ਆਪਣਾ ਵਿਸ਼ੇਸ਼ ਆਕਰਸ਼ਣ ਹੈ ਜਿਸ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

14. **ਅੰਕ ਸਿਰਲੇਖ** : ਆਦਿ ਗ੍ਰੰਥ ਦੇ ਰਾਗ-ਪ੍ਰਬੰਧ ਦਾ ਅਧਿਐਨ ਕਰਦਿਆਂ ਰਾਗ ਗਉੜੀ ਵਿਚ ਸਿਰਲੇਖਾਂ ਹੇਠ ਆਏ ਅੰਕ ਬਹੁਤ ਵਿਚਿਤਰ ਪ੍ਰਤੀਤ ਹੁੰਦੇ ਹਨ। ਅਜੇਹੇ ਅੰਕ ਗੁਰੂ ਗ੍ਰੰਥ ਸਾਹਿਬ ਦੇ ਹੋਰ ਰਾਗਾਂ ਵਿਚ ਵੀ ਦਰਜ ਹਨ ਪਰ ਅਸੀਂ ਏਥੇ ਵੰਨਗੀ ਮਾਤ੍ਰ ਹੀ ਪੇਸ਼ ਕਰ ਰਹੇ ਹਾਂ। ਧਿਆਨ ਰਹੇ, ਸਾਰੇ ਰਾਗਾਂ ਦਾ ਨਹੀਂ।

ਇਸ ਗਲ ਦੀ ਪੂਰੀ ਸਮਝ ਉਦਾਹਰਣ ਸਾਹਵੇਂ ਰੱਖ ਕੇ ਹੀ ਆ ਸਕਦੀ ਹੈ ਜੋ ਇਸ ਪ੍ਰਕਾਰ ਹੈ—

1. ਰਾਗ ਗਉੜੀ ਪੂਰਬੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੮੪)
   ੧
2. ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੦੫)
   ੨
3. ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੦੬)
   ੩
4. ਗਉੜੀ ਮਹਲਾ ੫ (ਆਦਿ ਗ੍ਰੰਥ ਪੰਨਾ ੨੦੬)
   ੪
5. ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੦੯)
   ੬
6. ਰਾਗ ਗਉੜੀ ਪੂਰਬੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੧੪)
   ੧
7. ਰਾਗ ਗਉੜੀ ਚੇਤੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੧੪)
   ੧
8. ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੧੨)
   ੨
9. ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੧੧੨)
   ੩
10. ਗਉੜੀ ਪੂਰਬੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੧੨)
    ੪



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. ਰਾਗ ਗਉੜੀ ਮਾਲਾ ਮਹਲਾ ੫ (ਆਦਿ ਗ੍ਰੰਥ, ਪੰਨਾ ੪੧੪)
੧

12. ਰਾਗ ਗਗੜੀ ਮਾਝ ਮਹਲਾ ੫ (ਆਦਿ ਗ੍ਰੰਥ, ਪੰਨਾ ੨੧੬)
੧

13. ਰਾਗ ਗਉੜੀ ਮਾਝ ਮਹਲਾ ੫ (ਆਦਿ ਗ੍ਰੰਥ, ਪੰਨਾ ੨੧੭)
੨

14. ਰਾਗ ਗਉੜੀ ਛੰਤ ਮਹਲਾ ੫ (ਆਦਿ ਗ੍ਰੰਥ, ਪੰਨਾ ੨੪੭)
੧

15. ਰਾਗ ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੪੭)
੨

16. ਗਉੜੀ ਮਹਲਾ ੫ (ਆਦਿ ਗ੍ਰੰਥ, ਪੰਨਾ ੨੪੮)
੩

ਉਪਰੋਕਤ ਸਿਰਲੇਖਾਂ ਦੇ ਹੇਠਾਂ ਅੰਕ ਅੰਕਿਤ ਹਨ। ਇਹ ਅੰਕ ਇਕ ਤੋਂ ਲੈ ਕੇ ਚਾਰ ਤਕ ਹਨ। ਪੰਜਵਾਂ ਨਹੀਂ ਫਿਰ ਛੇ ਅੰਕ ਹਨ। ਇਸ ਤਰ੍ਹਾਂ ਦਾ ਵੇਰਵਾ ਸਾਰੇ ਆਦਿ ਗ੍ਰੰਥ ਵਿਚ ਕੇਵਲ ਗਉੜੀ ਤੇ ਆਸਾ ਰਾਗ ਵਿਚ ਹੀ ਆਇਆ ਹੈ। ਇਨ੍ਹਾਂ ਸਿਰਲੇਖਾਂ ਨਾਲ ਮਹਲਾ ੫ ਇਹ ਸੰਕੇਤ ਕਰਦਾ ਹੈ ਕਿ ਇਸ ਤਰ੍ਹਾਂ ਦੀ ਗਿਣਤੀ ਕਿਸੇ ਹੋਰ ਚਿੰਤਕ-ਕਵੀ ਨੇ ਆਪਣੀ ਰਚਨਾ ਬਲੇ ਨਹੀਂ ਦਿਤੀ। ਇਨ੍ਹਾਂ ਅੰਕਾਂ ਤੋਂ ਕੀ ਭਾਵ ਹੈ ? ਵਿਚਾਰ ਕਰਨੀ ਕੁਝ ਜ਼ਰੂਰੀ ਭਾਸਦੀ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਬਾਰੇ ਅਣਗਿਣਤ ਟੀਕੇ ਪ੍ਰਾਪਤ ਹਨ ਪਰ ਕਿਸੇ ਵੀ ਨੇ ਇਸ ਪਾਸੇ ਗਹੁ ਨਹੀਂ ਕੀਤਾ। ਹੋਰ ਤਾਂ ਹੋਰ ਕਿਸੇ ਸੰਪ੍ਰਦਾਈ ਗਿਆਨੀ ਨੇ ਵੀ ਆਪਣੇ ਟੀਕੇ ਵਿਚ ਉਪਰੋਕਤ ਅੰਕਾਂ ਵਲ ਸੰਕੇਤ ਨਹੀਂ ਕੀਤਾ। ਇਸ ਸੰਬੰਧ ਵਿਚ ਕਈ ਵਿਦਵਾਨਾਂ ਅਤੇ ਸੰਗੀਤ-ਅਚਾਰੀਆਂ ਨੂੰ ਮਿਲਣ ਉਪਰੰਤ ਜੋ ਵੀ ਸੂਚਨਾ ਇਕੱਤਰ ਕਰ ਸਕੇ ਹਾਂ, ਦ੍ਰਿਸ਼ਟੀਗੋਚਰ ਹੈ—

ਗੁਰਮਤਿ ਸੰਗੀਤ ਸਨਮੁਖ ਸੰਗੀਤ ਹੈ ਅਥਵਾ ਇਸ ਦੀ ਗਾਇਨ ਸ਼ੈਲੀ ਸਨਮੁਖ ਬੈਠ ਕੇ ਸਿਖੀ ਜਾ ਸਕਦੀ ਹੈ। ਜਦ ਕਿ ਹੋਰ ਭਾਰਤੀ ਸੰਗੀਤ ਦੇ, ਲਿਖਤੀ ਸਿਧਾਂਤ ਪ੍ਰਾਪਤ ਹਨ। ਗੁਰਮਤਿ ਸੰਗੀਤ ਦੀ ਸਿਖਿਆ ਗੁਰੂ ਘਰ ਦੇ ਰਾਗੀਆਂ ਰਬਾਬੀਆਂ ਨੇ ਗੁਰੂ ਸਾਹਿਬਾਨ ਤੋਂ ਪ੍ਰਾਪਤ ਕੀਤੀ ਅਤੇ ਇਹ ਸਿਖਿਆ ਸੀਨਾ ਬਸੀਨਾ ਅੱਗੇ ਤੁਰਦੀ ਚਲੀ ਆਈ ਹੈ। ਇਹੀ ਕਾਰਣ ਹੈ ਕਿ ਲਿਖਤੀ ਸਿਧਾਂਤ ਦੀ ਅਣਹੋਂਦ ਕਰਕੇ ਗੁਰੂ ਕੀਰਤਨ ਆਪਣੀ ਅਸਲੀ ਪ੍ਰਥਾ ਤੋਂ ਪਛੜ ਗਿਆ ਹੈ। ਉਂਝ ਗੁਰਮਤਿ ਸੰਗੀਤ ਦੀ ਜਾਣਕਾਰੀ ਕੁਝ ਅਜਿਹੇ ਸੰਗੀਤ ਵੇਤਿਆਂ ਦੀ ਸਹਾਇਤਾ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਨ੍ਹਾਂ ਪਾਸ ਮੌਖਿਕ ਪਰੰਪਰਾ ਰਾਹੀਂ ਪ੍ਰਾਪਤ ਗਿਆਨ ਦਾ ਕੁਝ ਨਾ ਕੁਝ ਅੰਸ਼ ਅਜੇ ਸੁਰੱਖਿਅਤ ਹੈ।

ਰਾਗ ਗਉੜੀ ਦਾ ਸੰਬੰਧ ਸ਼ਿਵ ਦੀ ਪਤਨੀ ਗੌਰੀ ਨਾਲ ਹੈ। ਸ਼ਿਵ ਦੇ ਉਪਾਸ਼ਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਗੀਆਂ ਨੇ ਸ਼ਿਵ ਨੂੰ ਰਿਝਾਉਣ ਲਈ ਇਕ ਵਿਸ਼ੇਸ਼ ਰਾਗ ਵਿਚ ਸ਼ਿਵ ਦੀ ਉਸਤਤ ਗਾਇਨ ਕੀਤੀ ਜੋ ਬਾਅਦ ਵਿਚ ਗਉੜੀ ਕਰਕੇ ਪ੍ਰਚਲਿਤ ਹੋਇਆ ਹੈ। ਪ੍ਰਾਚੀਨ ਗਾਇਕੀ ਮਤ ਅਨੁਸਾਰ ਗਉੜੀ'ਗੀਤੀ ਗਉਰੀ'ਹੈ। ਇਹ ਗਾਇਕੀ ਇਸਤ੍ਰੀ-ਕੰਠ-ਕ੍ਰਮ ਤੋਂ ਗਾਈ ਜਾਂਦੀ ਹੈ। ਗੀਤੀ ਇਸਤ੍ਰੀ-ਲਿੰਗ ਸ਼ਬਦ ਹੈ। ਜਿਵੇਂ ਜੋਗੀਆਂ ਨੇ ਜੋਗਾਭਿਆਸ ਲਈ ਗਉੜੀ ਰਾਗ ਦੀ ਚੋਣ ਕੀਤੀ ਹੈ ਤਿਵੇਂ ਪੰਚਮ ਗੁਰੂ ਜੀ ਨੇ ਵੀ ਗਉੜੀ ਰਾਗ ਨੂੰ ਹੀ ਚੁਣਿਆ ਹੈ। ਗੁਰਮਤਿ ਸੰਗੀਤ ਵਿਚ ਗਉੜੀ ਰਾਗ ਵਿਸ਼ੇਸ਼ ਰਾਗ ਹੈ। ਗਉੜੀ ਸੰਗੀਤ ਵਿਚ ਗਉੜੀ ਰਾਗ ਵਿਸ਼ੇਸ਼ ਰਾਗ ਹੈ। ਗਉੜੀ ਦੀਆਂ ਤੇਰਾਂ ਕਿਸਮਾਂ ਆਦਿ ਗ੍ਰੰਥ ਵਿਚ ਅੰਕਿਤ ਕੀਤੀਆਂ ਗਈਆਂ ਹਨ। ਆਕਾਰ ਦੇ ਪੱਖੋਂ ਵੀ ਗਉੜੀ ਰਾਗ ਵਿਚ ਸਭ ਤੋਂ ਵਧੇਰੇ ਬਾਣੀ ਦਰਜ ਕੀਤੀ ਗਈ ਹੈ।

ਗੁਰਮਤਿ ਸੰਗੀਤ ਵਿਚ ਕੀਰਤਨ ਦਾ ਆਰੰਭ ਅੰਮ੍ਰਿਤ ਵੇਲੇ ਹੁੰਦਾ ਹੈ ਪਰ ਗੁਰਮਤਿ ਦਾ ਕਲਾਤਮਕ ਪੱਖ ਸ਼ਾਮ ਤੋਂ ਸ਼ੁਰੂ ਹੁੰਦਾ ਹੈ। ਗਉੜੀ ਤੇ ਸਿਰੀ ਰਾਗ ਦੋਵੇਂ ਸ਼ਾਮ ਦੇ ਰਾਗ ਹਨ। ਆਦਿ ਗ੍ਰੰਥ ਵਿਚ ਕੇਵਲ ਦੋ ਹੀ ਸ਼ੁਧ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਭੈਰਉ ਰਾਗ ਸਵੇਰ ਦਾ ਹੈ। ਗੁਰਮਤਿ ਸੰਗੀਤ ਦੇ ਕ੍ਰਮ ਅਨੁਸਾਰ ਰਾਗ ਮਾਲਾ ਵਿਚ ਭੈਰਉ ਰਾਗ ਨੂੰ ਪਹਿਲ ਦਿਤੀ ਗਈ ਹੈ। ਦੂਜਾ ਸਿਰੀ ਰਾਗ ਹੈ ਜੋ ਸ਼ਾਮ ਦਾ ਰਾਗ ਹੈ। ਇਹ ਸ਼ਾਂਤ ਅਤੇ ਮਿੱਠੀ ਤਾਸੀਰ ਵਾਲਾ ਰਾਗ ਹੈ। ਗੁਰੂ ਨਾਨਕ ਦੇਵ ਨੇ ਸਿਰੀ ਰਾਗ ਵਿਚ ਲਿਖਿਆ ਹੈ 'ਰਾਗਾਂ ਵਿਚ ਸਿਰੀ ਰਾਗ ਹੈ'। ਸਪਸ਼ਟ ਹੈ, ਆਦਿ ਗ੍ਰੰਥ ਵਿਚ ਅੰਕਿਤ ਰਾਗਾਂ ਦੇ ਕ੍ਰਮ ਵਿਚ ਸਿਰੀ ਰਾਗ ਨੂੰ ਪਹਿਲ ਦਿਤੀ ਗਈ ਹੈ। ਗਉੜੀ ਰਾਗ ਨੂੰ ਆਦਿ ਗ੍ਰੰਥ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸਿਰੀ ਰਾਗ ਅਤੇ ਗਉੜੀ ਦੋਵੇਂ ਸੰਧੀ ਪ੍ਰਕਾਸ਼ ਰਾਗ ਹਨ ਅਰਥਾਤ ਜਦ ਸੂਰਜ ਜਾ ਰਿਹਾ ਹੋਵੇ ਉਸ ਵੇਲੇ ਗਾਇਆ ਜਾਂਦਾ ਹੈ। ਭੈਰਉ ਸਵੇਰ ਸਮੇਂ ਦਾ ਸੰਧੀ ਪ੍ਰਕਾਸ਼ ਰਾਗ ਹੈ ਅਥਵਾ ਜਦ ਰਾਤ ਖਤਮ ਹੋ ਰਹੀ ਹੋਵੇ ਤੇ ਸੂਰਜ ਉਦੈ ਹੋ ਰਿਹਾ ਹੋਵੇ ਉਸ ਸਮੇਂ ਗਾਇਆ ਜਾਂਦਾ ਹੈ। ਭਾਈ ਗੁਰਦਾਸ ਨੇ ਵੀ ਇਸ ਕਥਨ ਦੀ ਪੁਸ਼ਟੀ ਕੀਤੀ ਹੈ—

"ਬੋਲੇ ਅਗੇ ਗਾਵੀਐ ਭੇਰਉ ਸੁ ਗਉੜੀ"

ਸੰਗੀਤ ਅਚਾਰੀਆਂ ਨੇ ਭਾਰਤੀ ਸਨਾਤਨੀ ਸੰਗੀਤ ਦੀ ਗਾਇਕੀ ਦੇ ਚਾਰ ਪ੍ਰਧਾਨ ਮਤ ਮੰਨੇ ਹਨ—

1. ਭਾਰਤ ਮਤ
2. ਕ੍ਰਿਸ਼ਨ ਮਤ
3. ਸ਼ਿਵ ਮਤ
4. ਹਨੂੰਮਾਨ ਮਤ
5. ਗੁਰਮਤਿ (ਜੋ ਗੁਰੂਆਂ ਨੇ ਚਲਾਇਆ)

ਰਾਗ ਗਉੜੀ ਵਿਚ ਪੰਜ ਅੰਕ ਸਿਰਲੇਖ ਦੇ ਹੇਠਾਂ ਅੰਕਿਤ ਕੀਤੇ ਗਏ ਹਨ। ਸਿਰਲੇਖਾਂ ਦੇ ਹੇਠ ਅੰਕਿਤ ਅੰਕ ਮਤ ਵਲ ਸੰਕੇਤ ਕਰਦੇ ਹਨ ਕਿ ਇਸ ਮਤ ਦੀ ਗਾਇਕੀ ਅਨੁਸਾਰ ਗਾਇਆ ਜਾਵੇ। ਉਦਾਹਰਣ ਵਜੋਂ ਰਾਗ ਗਉੜੀ ਪੂਰਬੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਲਾ ੫—ਗਉੜੀ ਸ਼ਬਦ ਹੇਠਲਾ ੧ ਇਸ ਦੇ ਗਾਇਕੀ ਮਤ ਵਲ ਸੰਕੇਤ ਕਰਦਾ ਹੈ ਭਾਵ ਇਹ ਸ਼ਬਦ ਭਾਰਤ ਮਤ ਦੀ ਗਾਇਕੀ ਅਨੁਸਾਰ ਗਾਇਆ ਜਾਵੇ। ਏਥੇ ਇਹ ਉਲੇਖ ਯੋਗ ਪ੍ਰਤੀਤ ਹੁੰਦਾ ਹੈ ਇਸ ਮਤ ਰਾਹੀਂ ਅੰਕ 6 ਦੀ ਵਿਆਖਿਆ ਸੰਭਵ ਪ੍ਰਤੀਤ ਨਹੀਂ ਹੁੰਦੀ। ਅੰਕ 6 ਦੀ ਸਪਸ਼ਟਤਾ ਦੂਸਰੇ ਮਤ ਰਾਹੀਂ ਹੀ ਹੁੰਦੀ ਜੋ ਇਸ ਪ੍ਰਕਾਰ ਹੈ—

ਇਹ ਅੰਕ, ਸੰਗੀਤ ਵਿਚ ਜਿਸ ਨੂੰ ਫਾਰਸੀ ਵਿਚ ਮੁਰਕੀ ਅਤੇ ਹਿੰਦੀ ਸੰਸਕ੍ਰਿਤ ਵਿਚ ਤਰੰਗ ਕਿਹਾ ਜਾਂਦਾ ਹੈ, ਵਲ ਸੰਕੇਤ ਕਰਦੇ ਹਨ। ਅਸਲ ਵਿਚ ਮੁਰਕੀ ਨੂੰ ਛੋਟੀ ਹਰਕਤ ਵੀ ਨਹੀਂ ਕਿਹਾ ਜਾ ਸਕਦਾ। ਕਿਉਂਕਿ ਹਰਕਤ ਜ਼ਰਾ ਲੰਬੀ ਲਈ ਜਾਂਦੀ ਹੈ। ਅੰਕ 6 ਦਾ ਸੰਬੰਧ ਟੁੰਬ ਦੀ ਹਰਕਤ ਨਾਲ ਹੈ। ਮੁਰਕੀ ਤੋਂ ਭਾਵ ਰਾਗ ਵਿਚ ਇਕ ਤਰ੍ਹਾਂ ਦੀ ਟੁੰਬ ਦੇਣਾ ਹੈ। ਇਹ ਟੁੰਬ ਹੀ ਗਾਇਕੀ ਦੀ ਸ਼ੈਲੀ ਦੇ ਮਤ ਨੂੰ ਪ੍ਰਗਟ ਕਰਦੀ ਹੈ। ਟੁੰਬ ਨੂੰ ਅਸੀਂ ਥਰਥਰਾਹਟ ਵੀ ਕਹਿ ਸਕਦੇ ਹਾਂ। ਉਦਾਹਰਣ ਵਜੋਂ ਜੇ ਹਿੰਦੂ ਤੇ ਮੁਸਲਮਾਨ ਇਕੋ ਹੀ ਰਾਗ ਨੂੰ ਇਕੋ ਮਤ ਦੀ ਸ਼ੈਲੀ ਅਨੁਸਾਰ ਗਾ ਰਹੇ ਹੋਣ ਤਾਂ ਦੋਵੇਂ ਨਿਯਾਸ (ਰੁਕਣ) ਉੱਤੇ ਪਛਾਣੇ ਜਾਂਦੇ ਹਨ ਅਥਵਾ ਦੋਹਾਂ ਦੇ ਹਰਕਤ-ਢੰਗ ਵਿਚ ਭਿੰਨਤਾ ਹੁੰਦੀ ਹੈ, ਜਿਸ ਤੋਂ ਉਹ ਪਛਾਣੇ ਜਾਣਗੇ ਕਿ ਇਹ ਹਿੰਦੂ ਅਤੇ ਇਹ ਮੁਸਲਮਾਨ।

ਗਉੜੀ ਦੇ ਸਿਰਲੇਖ ਹੇਠਾਂ ਆਏ ਅੰਕ ਜਿੱਥੇ ਬਦਲਦੇ ਗਏ ਹਨ ਉਥੇ ਉਸ ਸ਼ਬਦ ਨੂੰ ਗਾਉੜੀ ਰਾਗ ਵਿਚ ਹੀ ਦਸੇ ਅੰਕ ਦੀ ਸ਼ੈਲੀ ਅਨੁਸਾਰ ਗਾਉਨ ਦਾ ਸੰਕੇਤ ਹੈ। ਸਾਮ ਵੇਦ ਦੇ ਵਿਚ ਗਾਇਨ ਨੂੰ ਸਪਸ਼ਟ ਕਰਨ ਲਈ ਵੀ ਅੰਕ ਲਿਖੇ ਗਏ ਹਨ। ਅਨੁਮਾਨ ਹੈ, ਗੁਰੂ ਜੀ ਨੇ ਵੀ ਗਾਇਕੀ ਦੀ ਸ਼ੈਲੀ ਨੂੰ ਸਪਸ਼ਟ ਕਰਨ ਲਈ ਸਿਰਲੇਖ ਹੇਠਾਂ ਅੰਕ ਲਿਖੇ ਹਨ—

**ਸਾਰ—**

1. ਆਦਿ ਗ੍ਰੰਥ ਵਿਚ ਰਾਗ ਨੂੰ ਲੋਕ-ਪ੍ਰਿਯ ਬਨਾਉਣ ਵਾਸਤੇ ਸਿਰਲੇਖਾਂ ਦਾ ਬਹੁ-ਮੁਖੀ ਵਰਤੋਂ ਕੀਤੀ ਗਈ ਹੈ।
2. ਇਹ ਸਿਰਲੇਖ ਆਪਣੇ ਆਪ ਵਿਚ ਸੁਤੰਤਰ ਅਤੇ ਸਾਰਥਕ ਹਨ।
3. ਗਉੜੀ ਰਾਗ ਵਿਚ ਸਿਰਲੇਖਾਂ ਦੇ ਹੇਠਾਂ ਕਈ ਥਾਈਂ ਅੰਕਾਂ ਦੀ ਵਰਤੋਂ ਕੀਤੀ ਗਈ ਹੈ ਜੋ ਭਾਰਤੀ ਸਨਾਤਨੀ ਸੰਗੀਤ ਦੀ ਗਾਇਕੀ-ਮਤ ਦੇ ਸੰਕੇਤਕ ਹਨ।

## ਫੁਟ ਨੋਟ

1. ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫਿਲਾਸਫੀ, ਪੰਨਾ 165



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਦਿ ਗ੍ਰੰਥ ਦਾ ਘਰ-ਪ੍ਰਬੰਧ

ਗੁਰਮਤਿ ਸੰਗੀਤ ਨੂੰ ਸਪਸ਼ਟ ਕਰਨ ਲਈ ਪੰਚਮ ਗੁਰੂ ਨੇ ਕੁਝ ਕੁ ਨਿੱਜੀ ਪਾਰਿਭਾਸ਼ਤ ਸ਼ਬਦਾਂ ਦੀ ਵਰਤੋਂ ਕਰਕੇ ਆਉਣ ਵਾਲੇ ਪੈਰੋਕਾਰਾਂ ਨੂੰ ਇਕ ਸੇਧ ਦੇ ਦਿਤੀ ਹੈ। ਪ੍ਰਾਚੀਨ ਸਮੇਂ ਵਿਚ ਗਾਉਣ ਵਾਲੇ ਨੂੰ ਗਾਂਧਰਬ ਤੇ ਸਾਜ਼ ਵਜਾਉਣ ਵਾਲੇ ਨੂੰ ਕਿੰਨਰ ਕਿਹਾ ਜਾਂਦਾ ਸੀ। ਗੁਰੂ ਜੀ ਨੇ ਗੁਰਮਤਿ ਸੰਗੀਤ ਵਿਚ ਗਾਧਰਬ ਨੂੰ ਗਾਵਣਹਾਰਾ ਤੇ ਕਿੰਨਰ ਨੂੰ ਵਾਵਨਹਾਰਾ ਕਿਹਾ ਹੈ ਜਿਨ੍ਹਾਂ ਨੂੰ ਅੱਜ ਅਸੀਂ ਗਵਈਆ ਜਾਂ ਰਾਗੀ, ਸਾਜ਼ੰਦਾ ਜਾਂ ਵਾਦਕ ਕਹਿੰਦੇ ਹਾਂ। ਇਸੇ ਤਰ੍ਹਾਂ ਗੁਰਮਤਿ ਸੰਗੀਤ ਵਿਚ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ-ਸੁਰ ਲਈ 'ਘਰ' ਸੰਕੇਤਕ ਸ਼ਬਦ ਹੈ[1]।

ਭਾਈ ਕਾਹਨ ਸਿੰਘ[2] ਅਤੇ ਡਾਕਟਰ ਚਰਨ ਸਿੰਘ[3] ਦੋਵੇਂ ਇਸ ਕਥਨ ਨਾਲ ਸਹਿਮਤ ਹਨ।

ਗੁਰਮਤਿ ਸੰਗੀਤ ਵਿਚ ਘਰ ਨੂੰ ਸਮਝਣ ਲਈ ਸੰਗੀਤ ਜਾਂ ਰਾਗ ਦੇ ਮੂਲ ਸੁਰਾਂ ਦਾ ਗਿਆਨ ਹੋਣਾ ਅਤੀ ਜ਼ਰੂਰੀ ਹੈ। ਇਸ ਸੁਰ ਗਿਆਨ ਤੋਂ ਬਿਨਾਂ ਘਰ ਸ਼ਬਦ ਨੂੰ ਸਪਸ਼ਟ ਨਹੀਂ ਕੀਤਾ ਜਾ ਸਕਦਾ। ਅਸੀਂ ਇਥੇ ਸੰਗੀਤ ਦੇ ਮੂਲ ਸਤ ਸੁਰ ਜਿਨ੍ਹਾਂ ਤੋਂ ਅੱਗੇ ਚਲਕੇ ਘਰ ਦਾ ਅੰਗ-ਨਿਖੇੜ ਕੀਤਾ ਜਾ ਸਕਦਾ ਹੈ; ਦੀ ਹਲਕੀ ਜਿਹੀ ਰੂਪ-ਰੇਖਾ ਦੇਣੀ ਚਾਹੁੰਦੇ ਹਾਂ ਤਾਂ ਕਿ ਘਰ ਨੂੰ ਸਪਸ਼ਟ ਕੀਤਾ ਜਾ ਸਕੇ।

ਸਾਡੇ ਸੰਗੀਤ ਦੇ ਮੂਲ ਸੁਰ ਸੱਤ ਹਨ—

ਸਾ ਰੇ ਗਾ ਮਾ ਪਾ ਧਾ ਨੀ

ਇਹ ਸਾਰੇ ਸੁਰ ਸ਼ੁਧ ਹਨ।

ਇਨ੍ਹਾਂ ਸਤ ਸੁਰਾਂ ਵਿਚੋਂ ਦੋ ਸੁਰ ਅਚਲ ਸੁਰ ਹਨ। ਇਹ ਸੁਰ ਸਥਿਰ ਰਹਿੰਦੇ ਹਨ। ਨਾ ਘਟਦੇ ਹਨ ਤੇ ਨਾ ਵਧਦੇ ਹਨ। ਨਾ ਕੋਮਲ ਹੁੰਦੇ ਹਨ ਤੇ ਨਾ ਤੀਬਰ। ਇਨ੍ਹਾਂ ਦੀ ਸੁਰ ਹਮੇਸ਼ਾਂ ਇਕੋ ਜੇਹੀ ਰਹਿੰਦੀ ਹੈ। ਕਈ ਵਾਰ ਇਨ੍ਹਾਂ ਦੋਹਾਂ ਵਿਚ 'ਪ' ਸਵਰ ਛਡਿਆ ਜਾ ਸਕਦਾ ਹੈ ਪਰ 'ਸ' ਸੁਰ ਹਮੇਸ਼ਾਂ ਹਰ ਰਾਗ ਵਿਚ ਸਥਿਰ ਅਤੇ ਜ਼ਰੂਰੀ ਹੁੰਦਾ ਹੈ। ਇਹ ਦੋ ਸੁਰ ਹਨ ਜਿਨ੍ਹਾਂ ਨੂੰ—

**ਅਚਲ ਸੁਰ** ਕਹਿੰਦੇ ਹਨ— ਸਾ ਤੇ ਪਾ

ਬਾਕੀ ਪੰਜ ਸੁਰ **ਚਲ ਸੁਰ**

ਹਨ ਭਾਵ ਵਧਦੇ ਘਟਦੇ ਰਹਿੰਦੇ

ਹਨ। ਇਹ ਸੁਰ ਹਨ : ਰੇ ਗਾ ਮਾ ਧਾ ਨੀ

ਇਨ੍ਹਾਂ ਵਿਚੋਂ ਚਾਰ ਸੁਰ **ਕੋਮਲ** ਹਨ : ਰੇ ਗਾ ਧਾ ਨੀ

ਇਕ ਸਵਰ ਸ਼ੁਧ **ਤੀਬਰ** ਹੈ : ਮਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਪਸ਼ਟ ਹੈ, ਪੰਜ ਸੁਰ

ਘਟਣ ਵਧਣ ਵਾਲੇ ਹਨ :

| | ੧ | ੨ ੩ | |
|---|---|---|---|
| ਰੇ | —ਅਤਿ ਕੋਹਲ | ਕੋਮਲ—ਸ਼ੁਧ | = ੩ |
| ਗਾ | —ਅਤਿ ਕੋਮਲ | ਕੋਮਲ—ਸ਼ੁਧ | = ੩ |
| ਧਾ | —ਅਤਿ ਕੋਮਲ | ਕੋਮਲ—ਸ਼ੁਧ | = ੩ |
| ਨੀ | —ਅਤਿ ਕੋਮਲ | ਕੋਮਲ—ਸ਼ੁਧ | = ੩ |
| ਮਾ | — ਸ਼ੁਧ | ਤੀਬਰ—ਤਰਤੀਬਰ | = ੩ |
| ਸੰਖੇਪ ਵਿਚ ਸ਼ੁਧ ਸੁਰ | | | = ੭ |
| ਇਨ੍ਹਾਂ ਵਿਚੋਂ ਨਾ ਬਦਲਣ ਵਾਲੇ ਸੁਰ | | | = ੨ |
| ਬਾਕੀ ਕੋਮਲ ੪+੧ ਤੀਬਰ ਇਨ੍ਹਾਂ ਪੰਜਾਂ ਦੇ ਤਿੰਨ ਤਿੰਨ ਸੁਰ | | | = ੧੫ |
| | | ਕੁਲ ਸੁਰ ਜਾਂ ਘਰ | =੨+੧੫=੧੭ |

ਉਪਰੋਕਤ 'ਘਰ' ਵਲ ਹੀ ਆਦਿ ਗ੍ਰੰਥ ਵਿਚ ਥਾਂ ਪਰ ਥਾਂ ਸੰਕੇਤ ਕੀਤਾ ਗਿਆ ਹੈ। ਭਾਈ ਕਾਹਨ ਸਿੰਘ ਨੇ ਲਿਖਿਆ ਹੈ ਕਿ ਸੁਰ ਵਿਚ ਮੂਰਛਨਾ ਦੇ ਭੇਦ ਵਲ ਸੰਕੇਤ ਕਰਨਾ ਹੀ ਘਰ ਹੈ। ਸੰਗੀਤ ਵਿਚ ਗਾਣ ਤੇ ਗ੍ਰਾਮ ਨੂੰ ਅੱਗੇ ਪਿੱਛੇ ਕਰਨਾ ਹੀ ਮੂਰਛਨਾ ਕਹਿਲਾਉਂਦਾ ਹੈ। ਮੂਰਛਨਾ ਤੋਂ ਭਾਵ ਹੈ ਬੇ-ਸ਼ੁਧ। ਸੰਗੀਤ ਵਿਚ ਸੁਰ ਨੂੰ ਉੱਚਾ-ਨੀਵਾਂ ਕਰਕੇ ਹੀ ਰਾਗ ਵਿਚ ਇਕ ਮਸਤੀ ਤੇ ਬੇਸੁਧੀ ਜੇਹੀ ਪੈਦਾ ਕੀਤੀ ਜਾਂਦੀ ਹੈ।

ਆਦਿ ਗ੍ਰੰਥ ਵਿਚ ਗੁਰੂ ਜੀ ਨੇ 'ਘਰ'ਦਾ ਸੰਕੇਤ ਸਭ ਥਾਈਂ ਨਹੀਂ ਕੀਤਾ। ਜਿਥੇ ਨਹੀਂ ਕੀਤਾ ਉਸ ਤੋਂ ਭਾਵ ਹੈ ਉਹ ਸ਼ਬਦ ਕੇਵਲ ਮੂਲ ਮੇਲ-ਸੁਰਾਂ ਤੋਂ ਹੀ ਗਾਉਣਾ ਹੈ। ਮੂਲ-ਮੇਲ-ਸੁਰ ਤੋਂ ਭਾਵ ਹੈ ਰਾਗ ਵਿਚ ਆਏ ਸੁਰ ਅਚਲ ਰੂਪ ਵਿਚ ਵਰਤੇ ਜਾਣ ਅਥਵਾ ਇਕ ਰਾਗ ਜਿਸ ਕਿਸੇ ਸੁਰ ਦੇ ਮੇਲ ਤੋਂ ਬਣਦਾ ਹੈ ਉਸੇ ਅਸਲੀ ਜਾਂ ਸ਼ੁਧ ਰੂਪ ਵਿਚ ਹੀ ਗਾਇਆ ਜਾਏ ਅਤੇ ਸਾਜ ਵੀ ਉਸੇ ਥਾਟ (ਮੇਲ) ਨਾਲ ਵਜਾਇਆ ਜਾ ਰਿਹਾ ਹੋਵੇ। ਸੋਖੇ ਸ਼ਬਦਾਂ ਵਿਚ ਗਾਉਣ ਵਾਲਾ ਆਪਣੀ ਆਵਾਜ਼ ਸਾਜ਼ ਨਾਲ ਮਿਲਾਕੇ ਸ਼ਬਦ ਨੂੰ ਰਾਗ ਤੇ ਸ਼ੁਧ ਰੂਪ ਵਿਚ ਗਾਏ। ਆਦਿ ਗ੍ਰੰਥ ਵਿਚ ਕਈ ਥਾਈਂ ਉਪਰ ਘਰ-ਅੰਕ ਲਿਖ ਦਿਤਾ ਗਿਆ ਹੈ ਇਸ ਦਾ ਨਿਰਣੈ ਜਨਕ ਉਤਰ ਵਿਦਵਾਨਾਂ ਦੇ ਮਤ ਅਨੁਸਾਰ ਇਹੀ ਹੈ ਕਿ ਜਿਥੇ ਉਨ੍ਹਾਂ ਨੇ ਘਰ ਦਾ ਸੰਕੇਤ ਕੀਤਾ ਹੈ, ਇਸ ਤੋਂ ਭਾਵ ਹੈ ਕਿ ਇਸ ਸ਼ਬਦ ਨੂੰ ਉੱਚੇ ਨੀਵੇਂ ਸਵਰ ਕਰਕੇ ਗਾਇਆ ਜਾ ਸਕਦਾ ਹੈ। ਘਰ ਸ਼ਬਦ ਰਾਹੀਂ ਰਾਗ ਵਿਚਲੇ ਪ੍ਰਧਾਨ-ਸੁਰ ਵਲ ਸੰਕੇਤ ਕੀਤਾ ਗਿਆ ਹੈ ਅਤੇ ਗੁਰੂਆਂ ਨੇ ਆਪ ਵੀ ਮੰਨਿਆ ਹੈ। ਘਰ ਸ਼ਬਦ ਤੋਂ ਨਿਰਦੇਸ਼ ਪ੍ਰਾਪਤ ਕਰਨ ਨਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਇਕੀ ਵਿਚ ਵਧੇਰੇ ਸਰਸਤਾ ਆਂ ਜਾਂਦੀ ਹੈ। ਜਿਥੇ ਘਰ-ਅੰਕ ਵਲ ਸੰਕੇਤ ਨਹੀਂ ਕੀਤਾ ਗਿਆ ਉਸ ਤੋਂ ਭਾਵ ਹੈ, ਰਾਗ ਆਪਣੇ ਸ਼ੁਧ ਰੂਪ ਵਿਚ ਗਾਇਆ ਜਾਵੇ।

ਭਾਈ ਕਾਹਨ ਸਿੰਘ ਨੇ ਘਰ ਦਾ ਅਰਥ ਤਾਲ ਵੀ ਕੀਤਾ ਹੈ। ਜੇ ਅਸੀਂ ਘਰ ਦਾ ਅਰਥ ਤਾਲ ਲੈ ਲਈਏ ਤਾਂ ਆਦਿ ਗ੍ਰੰਥ ਦੇ ਵਿਵੇਚਨ ਕਰਨ ਉਪਰੰਤ ਇਹ ਗੱਲ ਪੂਰੀ ਤਰ੍ਹਾਂ ਸਿੱਧ ਨਹੀਂ ਹੁੰਦੀ। ਕਿਉਂਕਿ ਆਦਿ ਗ੍ਰੰਥ ਵਿਚ ਤਾਲ ਦੀ ਸਪਸ਼ਟਤਾ ਲਈ ਇਕ ਸ਼ਬਦ ਆਇਆ ਹੈ 'ਛੰਤਾਂ ਦੀ ਜਤਿ' ਜੋ ਤਾਲ ਦਰਸਾਉਂਦਾ ਹੈ। ਜਾਤਿ ਦਾ ਅਰਥ ਹੈ ਜਾਤੀ ਜਾਂ ਤਾਲ ਵਰਣ। ਤਾਲ ਵਰਣ ਸੰਕੇਤ ਕਰਦਾ ਹੈ, ਹੱਥ ਦੀ ਤਾਲੀ ਨੂੰ। ਅਕਸਰ ਵੇਖਿਆ ਜਾਂਦਾ ਹੈ ਸੰਗੀਤ ਦੇ ਵਿਦਿਆਰਥੀ ਰਾਗ ਨੂੰ ਲੈ ਬੱਧ ਕਰਕੇ ਗਾਉਣਾ, ਸਿਖਣ ਲਈ ਹਥ ਦੀ ਤਾਲੀ ਨਾਲ ਲੈਅ ਵਲ ਸੰਕੇਤ ਕਰਦੇ ਹਨ ਅਥਵਾ ਲੈਅ ਅਨੁਸਾਰ ਹੱਥ ਦੀ ਤਾਲੀ ਮਾਰਦੇ ਹਨ। ਗੁਰੂ ਦਰਬਾਰ ਵਿਚ ਹਥ ਦੀ ਪ੍ਰਥਾ ਨਹੀਂ। ਕੀਰਤਨ ਵਰਗੇ ਸ਼ਾਂਤ ਮਹੌਲ ਵਿਚ ਹਥ ਦੀ ਤਾਲੀ ਮਾਰਨਾ ਕੁਝ ਉਚਿਤ ਪ੍ਰਤੀਤ ਨਹੀਂ ਹੁੰਦਾ। ਗੁਰੂ ਦਰਬਾਰ ਵਿਚ ਤਾਲੀ ਦੇਣ ਦੀ ਥਾਂ ਛੋਟੀਆਂ ਕੈਂਸੀਆਂ (ਛੋਟੇ ਛੈਣੇ) ਜਿਸ ਨੂੰ ਆਮ ਮੁਹਾਵਰੇ ਵਿਚ ਤਾਲੀਆਂ ਕਿਹਾ ਜਾਂਦਾ ਹੈ ਦਾ ਪ੍ਰਯੋਗ ਕੀਤਾ ਗਿਆ ਹੈ। ਆਰੰਭ ਵਿਚ ਤਾਲੀਆਂ ਤਾਲ ਦੇਣ ਲਈ ਹੀ ਵਜਾਈਆਂ ਜਾਂਦੀਆਂ ਸਨ।

ਸੰਗੀਤ ਅਚਾਰੀਆਂ ਨੇ ਸਾਜ਼ਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ—

1. ਤੰਤੀ ਸਾਜ਼—ਜੋ ਤਾਰਾਂ ਦੇ ਸਾਜ਼ ਹਨ। ਗੁਰੂ ਨਾਨਕ ਦਾ ਰਬਾਬ, ਗੁਰੂ ਅਰਜਨ ਦੇਵ ਦਾ ਸਿਰੰਦਾ, ਗੁਰੂ ਗੋਬਿੰਦ ਸਿੰਘ ਦਾ ਤਾਊਸ ਇਸੇ ਸ੍ਰੇਣੀ ਵਿਚ ਆਉਂਦੇ ਹਨ।
2. ਸੁਖਰ ਸਾਜ਼—ਜੋ ਸਾਜ਼ ਹਵਾ ਨਾਲ ਚਲਦੇ ਹਨ। ਬੰਸਰੀ, ਨਫ਼ੀਰੀ, ਸ਼ਹਿ-ਨਾਈ ਤੇ ਹਰਮੋਨੀਅਮ। ਗੁਰੂ ਘਰ ਵਿਚ ਹਰਮੋਨੀਅਮ ਪ੍ਰਧਾਨ ਹੈ।
3. ਖਲ ਸਾਜ਼—ਜੋ ਚਮੜੇ ਨੂੰ ਮੜ੍ਹਾ ਕੇ ਬਣਾਏ ਜਾਂਦੇ ਹਨ। ਜੋੜੀ (ਤਬਲਾ) ਢੋਲਕ ਤੇ ਮ੍ਰਿਦੰਗ। ਅੱਜ ਕਲ੍ਹ ਗੁਰੂ ਘਰ ਵਿਚ ਜੋੜੀ ਤੇ ਢੋਲਕ ਪ੍ਰਧਾਨ ਹੈ।
4. ਘਨ ਸਾਜ਼—ਕਿਸੇ ਧਾਤੂ ਤੇ ਚੋਟ ਮਾਰਕੇ ਆਵਾਜ਼ ਪੈਦਾ ਕਰਨੀ। ਘੰਟੀ, ਟੱਲੀ, ਕੈਂਸੀਆਂ ਤੇ ਛੈਣੇ। ਗੁਰੂ ਘਰ ਵਿਚ ਕੈਂਸੀਆਂ ਅਤੇ ਛੈਣੇ ਪ੍ਰਧਾਨ ਹਨ।

**ਸਾਰ—**

1. ਗੁਰਮਤਿ ਸੰਗੀਤ ਵਿਚ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ-ਸੁਰ ਦਾ ਸੰਕੇਤਕ ਅਥਵਾ ਪਾਰਿਭਾਸ਼ਕ ਸ਼ਬਦ 'ਘਰ' ਹੈ। ਆਦਿ ਗ੍ਰੰਥ ਵਿਚ ੧੭ ਘਰਾਂ ਦੀ ਵਰਤੋਂ ਕੀਤੀ ਗਈ ਹੈ।
2. ਘਰ-ਸੰਕੇਤ ਦੀ ਅਣਹੋਂਦ ਤੋਂ ਭਾਵ ਹੈ ਕਿ ਸ਼ਬਦ ਆਪਣੇ ਸ਼ੁਧ ਰੂਪ ਵਿਚ ਹੀ ਗਾਇਆ ਜਾਵੇ।
3. ਆਦਿ ਸ੍ਰੀ ਗੁਰੂ ਗ੍ਰੰਥ ਵਿਚ ਘਰ ਦਾ ਪ੍ਰਯੋਗ ਤਾਲ ਦੇ ਅਰਥਾਂ ਵਿਚ ਨਹੀਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੀਤਾ ਗਿਆ। ਆਦਿ ਗ੍ਰੰਥ ਵਿਚ ਤਾਲ ਦਰਸਾਉਂ ਸ਼ਬਦ 'ਛੰਤਾਂ ਕੀ ਜਤਿ' ਹੈ।

4. ਗੁਰਮਤਿ ਸੰਗੀਤ ਵਿਚ ਤੰਤੀ ਸਾਜ਼, ਸੁਖਰ ਸਾਜ਼, ਖਲ ਸਾਜ਼ ਤੇ ਘਨ ਸਾਜ਼ ਸਾਰੇ ਹੀ ਪ੍ਰਵਾਨਿਤ ਹਨ।

## ਫੁਟ ਨੋਟ

1. ਪ੍ਰੋ: ਟੰਡਨ ਜੀ. ਐਸ., ਸੰਪਾਦਕ, ਸਿੱਖ ਸੰਗੀਤ (ਰਸਾਲਾ)
ਇਹ ਰਸਾਲਾ ਪਹਿਲੇ ਨਿਕਲਦਾ ਸੀ ਹੁਣ ਬੰਦ ਹੋ ਗਿਆ ਹੈ। ਅਸੀਂ ਇਸਦੇ ਸੰਪਾਦਕ ਨੂੰ ਆਪ ਮਿਲ ਕੇ ਵਿਚਾਰ ਵਿਮਰਸ਼ ਰਾਹੀਂ ਪਤਾ ਕੀਤਾ ਹੈ।

2. ਗੁਰਮਤਿ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ। ਇਕ ਤਾਲ ਦੂਜਾ ਸੁਰ ਮੂਰਛਨਾ ਦਾ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ-ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧ ਤੋਂ ੧੭ ਤਕ ਘਰ ਲਿਖੇ ਗਏ ਹਨ। ਇਸ ਤੋਂ ਗਵੈਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਤਨਵੇਂ ਨੰਬਰ ਦੇ ਸੁਰ ਪ੍ਰਸਤਾਰ ਅਨੁਸਾਰ ਗਾਉ।
ਕਾਹਨ ਸਿੰਘ, ਮਹਾਨ ਕੋਸ਼, ਪੰਨਾ ੩੩੦

3. ਇਸਤੋਂ ਮੁਰਾਦ ਗਾਇ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਿਆ ਦਸਣ ਤੋਂ ਹੈ।
ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼—ਪੰਨਾ 832



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸ੍ਰੀ ਆਦਿ ਗ੍ਰੰਥ ਦਾ ਰਹਾਉ-ਪ੍ਰਬੰਧ

ਗੁਰਮਤਿ ਸੰਗੀਤ ਵਿਚ ਰਹਾਉ-ਪ੍ਰਬੰਧ ਦਾ ਵਿਸ਼ੇਸ਼ ਸਥਾਨ ਹੈ। ਡਾ: ਚਰਨ ਸਿੰਘ ਅਨੁਸਾਰ ਰਹਾਉ ਤੋਂ ਭਾਵ ਰਾਗ ਵਿਦਿਆ ਵਿਚ ਸਥਾਈ ਅਤੇ ਟੇਕ ਹੈ। ਗਵਈਏ ਗਾਉਣ ਦੇ ਜਿਸ ਹਿੱਸੇ ਉੱਤੇ ਬਾਰ ਬਾਰ ਆਕੇ ਟਿਕਣ ਉਹ ਸਥਾਈ, ਟੇਕ ਜਾਂ ਰਹਾਉ ਹੈ। ਭਾਈ ਕਾਹਨ ਸਿੰਘ ਅਨੁਸਾਰ ਰਹਾਉ ਤੋਂ ਭਾਵ ਹੈ ਇਸਥਿਤ ਜਾਂ ਵਿਸ੍ਰਾਮ, ਸੁਰ, ਪਾਠ ਦੀ ਧਾਰਨਾ, ਟੇਕ, ਸਥਾਈ ਤੇ ਉਹ ਪਦ ਜੋ ਗਾਉਣ ਸਮੇਂ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ।" ਸੰਪ੍ਰਦਾਈ ਗਿਆਨੀ ਆਖਦੇ ਹਨ ਕਿ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਵਿਚਾਰ ਰਹਾਉ ਦੀ ਤੁਕ ਵਿਚ ਹੁੰਦਾ ਹੈ। ਉਦਾਹਰਣ ਵਜੋਂ ਸੁਖਮਨੀ ਵਿਚ ਕੇਵਲ ਇਕ ਹੀ ਰਹਾਉ ਆਇਆ ਹੈ—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮੁ ॥ਰਹਾਉ॥

ਸੁਖਮਨੀ ਦਾ ਕੇਂਦਰੀ ਵਿਚਾਰ ਇਨ੍ਹਾਂ ਪੰਕਤੀਆਂ ਵਿਚ ਹੈ। ਇਸੇ ਤਰ੍ਹਾਂ ਸਿਧ ਗੋਸ਼ਟਿ ਦੇ ਆਰੰਭ ਵਿਚ ਰਹਾਉ ਆਇਆ ਹੈ। ਇਥੇ ਇਹ ਰਹਾਉ ਗੁਰੂ ਨਾਨਕ ਦੇ ਸਿਧਾਂਤ ਦੀ ਸੂਚਕ ਹੈ ਅਤੇ ਸਿਧਾਂਤ ਦਾ ਹੀ ਅੱਗੇ ਗੋਸ਼ਟ ਵਿਚ ਪ੍ਰਸ਼ਨਾਂ ਉੱਤਰਾਂ ਰਾਹੀਂ ਸਮਾਧਾਨ ਕੀਤਾ ਗਿਆ ਹੈ। ਦਖਣੀ ਓਅੰਕਾਰ ਦੇ ਆਰੰਭ ਵਿਚ ਵੀ ਇਕ ਰਹਾਉ ਆਇਆ ਹੈ। ਇਸ ਰਹਾਉ ਰਾਹੀਂ ਗੁਰੂ ਨਾਨਕ ਨੇ ਆਪਣਾ ਸਿਧਾਂਤ ਪ੍ਰਗਟ ਕੀਤਾ ਹੈ ਤੇ ਪਾਂਡੇ ਦੇ ਵਿਚਾਰਾਂ ਨੂੰ ਜੰਜਾਲ ਰੂਪ ਦਸਿਆ ਹੈ।

ਡਾ: ਚਰਨ ਸਿੰਘ ਅਨੁਸਾਰ ਸ਼ਬਦ ਦੇ ਅਰਥ ਕਰਨ ਲਗਿਆ ਜੇ ਅਰਥ ਰਹਾਉ ਤੋਂ ਆਰੰਭ ਕੀਤਾ ਜਾਏ ਤਾਂ ਸਾਰਾ ਸ਼ਬਦ ਤੇ ਉਸ ਵਿਚਲਾ ਵਿਸ਼ਾ ਠੀਕ ਤਰ੍ਹਾਂ ਸਮਝ ਆ ਜਾਂਦਾ ਹੈ[4]। ਇਸ ਕਥਨ ਦੀ ਪੁਸ਼ਟੀ ਆਦਿ ਗ੍ਰੰਥ ਵਿਚ ਆਈਆਂ ਬਹੁਤ ਸਾਰੀਆਂ ਰਹਾਉ ਕਰਦੀਆਂ ਹਨ। ਉਦਾਹਰਣ ਵਜੋਂ—

ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ ਏਹੁ ਗੁਰ ਗਿਆਨੁ ਬਤਾਈ ॥
ਜਨੁ ਨਾਨਕ ਬਿਨੁ ਆਪਾ ਚੀਨੈ ਮਿਟੈ ਨਾ ਭ੍ਰਮ ਕੀ ਕਾਈ ॥੨॥
ਧਨਾਸਰੀ ਮਹਲਾ ੯੧/੬੮੪



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਅੰਕਿਤ ਸ਼ਬਦ ਦੇ ਅਰਥ ਜੇ ਰਹਾਉ ਦੀ ਤੁਕ ਤੋਂ ਆਰੰਭ ਕੀਤੇ ਜਾਣ ਤਾਂ ਅਰਥਾਂ ਦੇ ਨਾਲ ਨਾਲ ਸ਼ਬਦ ਦਾ ਵਿਸ਼ਾ ਵੀ ਸਪਸ਼ਟ ਹੋ ਜਾਏਗਾ। ਇਸੇ ਉਦਾਹਰਣ ਤੋਂ ਇਕ ਹੋਰ ਤੱਥ ਵੀ ਸਪਸ਼ਟ ਕੀਤਾ ਜਾ ਸਕਦਾ ਹੈ। ਉਪਰੋਕਤ ਸ਼ਬਦ ਵਿਚ ਰਹਾਉ ਤੋਂ ਪੂਰਵ ਏਕਾ ਅੰਕ ਲਿਖਿਆ ਗਿਆ ਹੈ। ਇਹ ਏਕਾ ਕੇਵਲ ਰਹਾਉ ਦੀ ਗਿਣਤੀ ਦਾ ਸੂਚਕ ਹੈ। ਪਦ ਦਾ ਗਿਣਤੀ ਵਾਚਕ ਨਹੀਂ। ਕਿਉਂਕਿ ਪਹਿਲੇ ਪਦ ਦੀ ਸਮਾਪਤੀ ਉਪਰ ਏਕਾ ਅੰਕ ਵਿਚ ਲਿਖਿਆ ਗਿਆ ਹੈ। ਇਹ ਏਕਾ ਕੇਵਲ ਰਹਾਉ ਦੀ ਗਿਣਤੀ ਦਾ ਸੂਚਕ ਹੈ। ਪਦ ਦਾ ਗਿਣਤੀ ਵਾਚਕ ਨਹੀਂ। ਸਪਸ਼ਟ ਹੈ, ਪਹਿਲਾ ਏਕਾ ਰਹਾਉ ਦੀ ਗਿਣਤੀ ਤੇ ਦੂਜਾ ਏਕਾ ਪਦ ਦੀ ਗਿਣਤੀ ਦਾ ਸੰਕੇਤਕ ਹੈ। ਡਾ: ਚਰਨ ਸਿੰਘ ਲਿਖਦੇ ਹਨ ਕਿ ਆਦਿ ਗ੍ਰੰਥ ਵਿਚ ਇਕ ਸ਼ਬਦ ਅੰਤਰ ਕਈ ਰਹਾਉ ਆਈਆਂ ਹਨ ਅਤੇ ਉਨ੍ਹਾਂ ਦੇ ਸੰਕੇਤਕ ਅੰਕ ੧, ੨, ੩ ਦੇ ਕ੍ਰਮ ਅਨੁਸਾਰ ਬਦਲਦੇ ਗਏ ਹਨ। ਪਰ ਆਦਿ ਗ੍ਰੰਥ ਦੇ ਵਿਵੇਚਨ ਉਪਰੰਤ ਇਹ ਤਥ ਠੀਕ ਸਿੱਧ ਨਹੀਂ ਹੁੰਦਾ। ਇਹ ਤਾਂ ਠੀਕ ਹੈ ਕਿ ਇਕ ਸ਼ਬਦ ਵਿਚ ਕਈ ਰਹਾਉ ਆਏ ਹਨ ਪਰ ਰਹਾਉ ਦਾ ਸੰਕੇਤਕ ਅੰਕ ਇਕ ਹੀ ਰਿਹਾ ਹੈ। ਜਿਸ ਸ਼ਬਦ ਵਿਚ ਦੋ ਰਹਾਉ ਆਏ ਹਨ ਉਥੇ ਰਹਾਉ ਦੇ ਨਾਲ ਦੋ ਅੰਕ ਲਿਖਿਆ ਨਹੀਂ ਗਿਆ ਬਲਕਿ ਸ਼ਬਦਾਂ ਵਿਚ ਰਹਾਉ ਦੂਜਾ ਕਰਕੇ ਲਿਖਿਆ ਹੈ। ਜਿਨ੍ਹਾਂ ਸ਼ਬਦਾਂ ਵਿਚ ੩,੪, ਤੇ ੬ ਰਹਾਉ ਆਏ ਹਨ ਉਨ੍ਹਾਂ ਵਿਚ ਵੀ ਅੰਕ-ਕ੍ਰਮ ਦੀ ਸੰਖਿਆ ਨਹੀਂ ਬਦਲੀ ਅਤੇ ਕ੍ਰਮ-ਸੰਖਿਆ ਦਾ ਸੰਕੇਤ ॥੧॥ ਅੰਕ ਨਾਲ ਹੀ ਦਿਤਾ ਗਿਆ ਹੈ, ਜੋ ਟੇਕ ਜਾਂ ਕੇਂਦਰੀ ਵਿਚਾਰ ਦਾ ਪ੍ਰਤੀਕ ਹੈ।

ਸੰਪ੍ਰਦਾਈ-ਗਿਆਨੀ ਮੱਤ ਅਨੁਸਾਰ ਜਿਸ ਸ਼ਬਦ ਵਿਚ ਦੋ ਰਹਾਉ ਆਉਂਦੇ ਹਨ ਉਸ ਵਿਚ ਪਹਿਲੀ ਰਹਾਉ ਪ੍ਰਸ਼ਨ ਵਾਚਕ ਅਤੇ ਦੂਸਰੀ ਰਹਾਉ ਉੱਤਰ ਵਜੋਂ ਹੁੰਦੀ ਹੈ। ਇਸ ਸ਼ਬਦ ਦੀ ਪੁਸ਼ਟੀ ਨਿਮਨ ਅੰਕਿਤ ਸ਼ਬਦ ਰਾਹੀਂ ਕੀਤੀ ਜਾ ਸਕਦੀ ਹੈ—

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ਕਿਉਂ ਪਾਈਐ ਹਰਿ ਰਾਮ ਸਹਾਈ।ਰਹਾਉ
ਕੁਸਲੁ ਨਾ ਗ੍ਰਿਹਿ ਮੇਰੀ ਸਭ ਮਾਇਆ ਊਚੇ ਮੰਦਰ ਸੁੰਦਰ ਛਾਇਆ ॥
ਝੂਠੇ ਲਾਲਚਿ ਜਨਮੁ ਗਵਾਇਆ ॥੧॥ ਹਸਤੀ ਘੋੜੇ ਦੇਖਿ ਵਿਗਾਸਾ ॥
ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੈ ਫਾਸਾ ॥੨॥
ਰਾਜੁ ਕਮਾਵੇ ਦਹਦਿਸ ਸਾਰੀ ਮਾਣੈ ਰੰਗ ਭੋਗ ਬਹੁ ਨਾਰੀ ॥
ਜਿਉ ਨਰਪਤਿ ਸੁਪਨੈ ਭੇਖਾਰੀ ॥੩॥
ਏਕੁ ਕੁਸਲੁ ਮੋਕਉ ਸਤਿਗੁਰੂ ਬਤਾਇਆ ॥
ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾਂ ਭਾਇਆ ॥
ਜਨ ਨਾਨਕ ਹਉਮੈ ਮਾਰ ਸਮਾਇਆ ॥੪॥
ਇਨਿ ਬਿਧਿ ਕੁਸਲ ਹੋਤ ਮੇਰੇ ਭਾਈ
ਇਉਂ ਪਾਈਐ ਹਰਿ ਰਾਮ ਸਹਾਈ ॥ ਰਹਾਉ ਦੂਜਾ ॥

ਰਾਗ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਆਦਿ ਗ੍ਰੰਥ-੧/੧੭੫



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਲਿਖਤ ਸ਼ਬਦ ਦੀ ਪਹਿਲੀ ਰਹਾਉ ਪ੍ਰਸ਼ਨ ਵਾਚਕ ਹੈ। ਇਸੇ ਸ਼ਬਦ ਵਿਚ ਅਗਲੇ ਤਿੰਨ ਪਦਿਆਂ ਵਿਚ ਪ੍ਰਸ਼ਨ ਦਾ ਵਿਸਥਾਰ ਹੀ ਹੈ। ਦੂਜੇ ਸ਼ਬਦਾਂ ਵਿਚ ਪ੍ਰਸ਼ਨ ਦਾ ਖੁਲ੍ਹਾ ਅਨੁਵਾਦ ਹੈ। ਇਸੇ ਸ਼ਬਦ ਦੇ ਚਉਥੇ ਪਦ ਵਿਚ ਪਹਿਲੀ ਰਹਾਉ ਵਿਚ ਕੀਤੇ ਗਏ ਪ੍ਰਸ਼ਨ ਦਾ ਉੱਤਰ ਵਿਦਮਾਨ ਹੈ। ਸ਼ਬਦ ਸਮਾਪਤੀ ਉੱਤੇ ਦੋ ਪੰਕਤੀਆਂ ਰਹਾਉ ਦੂਜੇ ਦੀਆਂ ਲਿਖ ਕੇ ਉੱਤਰ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਸਾਡੇ ਮਤ ਅਨੁਸਾਰ ਦ ਰਹਾਉ, ਦੋ ਵਖੋ ਵਖ ਗਾਇਨ-ਟੇਕ ਦੀਆਂ ਸੰਕੇਤਕ ਹਨ। ਅਕਸਰ ਦੇਖਿਆ ਜਾਂਦਾ ਹੈ, ਸਿਆਣੇ ਸੰਗੀਤਕਾਰ ਗਾਉਂਦੇ ਗਾਉਂਦੇ ਪਹਿਲਾਂ ਛੇਹੀ ਹੋਈ ਸੁਰ ਸੰਗੀਤ (tune) ਨੂੰ ਵਿਚੇ ਛੱਡ ਕੇ ਦੂਸਰੀ ਸੁਰ-ਸੰਗੀਤ ਨੂੰ ਗਾਉਣਾ ਆਰੰਭ ਕਰ ਦੇਂਦੇ ਹਨ। ਸਾਡੀ ਜਾਚੇ, ਪ੍ਰਸ਼ਨ-ਉੱਤਰ ਦਾ ਨਿਖਰਵਾਂ ਨਿਖੇੜਾ ਕਰਨ ਲਈ ਹੀ ਦੋ ਰਹਾਉ ਦਾ ਪ੍ਰਯੋਗ ਕੀਤਾ ਗਿਆ ਹੈ।

ਆਦਿ ਗ੍ਰੰਥ ਵਿਚ ਕਈ ਥਾਈਂ ਇਕ ਸ਼ਬਦ ਵਿਚ ਤਿੰਨ ਰਹਾਉ ਆਈਆਂ ਹਨ। ਸੰਪ੍ਰਦਾਈ-ਗਿਆਨੀਆਂ ਦੇ ਮਤ ਅਨੁਸਾਰ ਪਹਿਲੀ ਰਹਾਉ ਵਿਚ ਵਾਰਤਾਲਾਪੀ ਢੰਗ ਨਾਲ ਜਗਿਆਸੂ ਨੂੰ ਉਪਦੇਸ਼ ਸੁਣਨ ਲਈ ਪ੍ਰੇਰਨਾ ਕੀਤੀ ਹੈ। ਦੂਜੀ ਰਹਾਉ ਵਿਚ ਪੁੱਛਣ ਵਾਲੇ ਵਲੋਂ ਮਜਬੂਰੀ ਪ੍ਰਗਟ ਕੀਤੀ ਗਈ ਹੈ ਕਿ ਮੇਰੀ ਅਵਸਥਾ ਦੇ ਅਨੁਸਾਰ ਇਹ ਮਜਬੂਰੀਆਂ ਹਨ ਜਿਸ ਕਰਕੇ ਮੈਂ ਹਰੀ ਨਾਮ ਵਿਚ ਨਹੀਂ ਜੁੜ ਸਕਦਾ। ਤੀਜੀ ਰਹਾਉ ਵਿਚ ਸੁਝਾਉ ਦਿਤਾ ਗਿਆ ਹੈ ਕਿ ਜਗਿਆਸੂ ਮਨ, ਸ਼ੰਕੇ ਨਾ ਕਰ, ਸਭ ਕੁਝ ਉਸ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ। ਇਸ ਕਥਨ ਦਾ ਸਪਸ਼ਟੀਕਰਨ ਇਸ ਸ਼ਬਦ ਰਾਹੀਂ ਹੋ ਸਕਦਾ ਹੈ—

ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ
ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਨਾਵਹਿ ਭਾਰੋ
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥
ਸੁਣਿ ਸੁਣਿ ਸਿਖ ਹਮਾਰੀ ਸੁਕ੍ਰਿਤ ਕੀਤਾ ਰਹਸੀ ਮੇਰੇ ਜੀਅੜੇ
ਬਹੁੜਿ ਨ ਆਵੈ ਵਾਰੀ। ਰਹਾਉ।
ਹਉ ਤੁਧ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ
ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇ ਤਬਾਰੀ
ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਈ
ਹੰਸੁ ਚਲਿਆਂ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥
ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ
ਕਰਿ ਚੋਰੀ ਮੈਂ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ।
ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥
ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ।ਰਹਾਉ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ
ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ
ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕ ਅੰਮ੍ਰਿਤੁ ਨਾਮੁ ਤੁਮਾਰਾ ॥੪॥
ਦੇ ਦੇ ਨੀਵ ਦਿਵਾਲ ਉਸਾਰੀ ਭਸ ਮੰਦਰ ਕੀ ਢੇਰੀ
ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ
ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੇ ਨ ਕੇਰੀ ॥੫॥
ਸੁਣਿ ਮੂਰਖ ਮੰਨ ਅਜਾਣਾ ਹੋਗੁ ਤਿਸੇ ਕਾ ਭਾਣਾ ।ਰਹਾਉ।
ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ
ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥੬॥

ਆਦਿ ਗ੍ਰੰਥ/੧੫੪-੧੫੫

ਗੁਰੂ ਗ੍ਰੰਥ ਸਾਹਿਬ ਵਿਚ ਇਕ ਸ਼ਬਦ ਵਿਚ ਚਾਰ ਰਹਾਉ ਵੀ ਆਏ ਹਨ। ਇਸ ਸ਼ਬਦ ਦੇ ਚਾਰ ਬੰਦ ਹਨ। ਹਰ ਬੰਦ ਚਾਰ ਤੁਕਾਂ ਦਾ ਹੈ ਜਿਸ ਵਿਚ ਦੋ ਤੁਕਾਂ ਰਹਾਉ ਦੀਆਂ ਹਨ। ਪਹਿਲੇ ਤਿੰਨ ਬੰਦਾਂ ਵਿਚ ਅੰਕਿਤ ਤਿੰਨ ਰਹਾਉ ਇਕ ਭਾਵ ਨੂੰ ਦ੍ਰਿੜ ਕਰਾਉਂਦੀਆਂ ਹਨ ਉਦਾਹਰਣ ਵਜੋਂ ਹਰ ਬੰਦ ਦੀ ਪੰਕਤੀ ਹਾਜ਼ਰ ਹੈ—

(1) ਮਾਇਆ ਮੋਹ ਰੰਗਿ ਲਪਟਾਨਾ
(2) ਬਹੁਰਿ ਬਹੁਰਿ ਲਪਟਿਓ ਜੰਜੀਰਾ
(3) ਛੋਡਿ ਜਾਹਿ ਝੂਠੇ ਸਭਿ ਧੰਧੇ।

ਪਰ ਚੌਥੇ ਬੰਦ ਦੀ ਰਹਾਉ ਪੰਕਤੀ ਮਾਇਆ-ਜਾਲ ਤੋਂ ਮੁਕਤ ਹੋਣ ਦਾ ਸੁਝਾਉ ਰੂਪਮਾਨ ਕਰਦੀ ਹੈ ਜਿਹਾ ਕਿ—

ਜਿਸਹਿ ਬੁਝਾਏ ਤਿਸੁ ਨਾਮੁ ਲੈਨਾ

ਪਰ ਹਰ ਥਾਂ ਰਬੀ ਨੇਮ ਵਿਆਪਕ ਹਨ ਪੂਰਾ ਸ਼ਬਦ ਹਾਜ਼ਰ ਹੈ—

ਬੁਰੇ ਕਾਮ ਕਉ ਊਠਿ ਖਲੋਇਆ
ਨਾਮ ਕੀ ਬੇਲਾ ਪੈ ਪੈ ਸੋਇਆ
ਅਉਸਰੁ ਅਪਨਾ ਬੂਝੈ ਨ ਇਆਨਾ
ਮਾਇਆ ਮੋਹਿ ਰੰਗਿ ਲਪਟਾਨਾ ॥ਰਹਾਉ॥
ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ
ਸਾਧ ਜਨਾ ਕਾ ਦਰਸਨੁ ਡੀਠਾ
ਕਬਹੂ ਨ ਸਮਝੈ ਅਗਿਆਨ ਗਵਾਰਾ
ਬਹੁਰਿ ਬਹੁਰਿ ਲਪਟਿਓ ਜੰਜੀਰਾ ॥ਰਹਾਉ॥
ਬਿਖੈ ਨਾਦ ਕਰਨ ਸੁਣਿ ਭੀਨਾ
ਹਰਿ ਜਸੁ ਸੁਨਤ ਆਲਸੁ ਮਨ ਕੀਨਾ
ਦ੍ਰਿਸਟਿ ਨਾਹੀ ਰੇ ਪੇਖਤ ਅੰਧੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੋਡਿ ਜਾਹਿ ਝੂਠੇ ਸਭਿ ਧੰਧੇ ॥ਰਹਾਉ॥
ਕਹੁ ਨਾਨਕ ਪ੍ਰਭ ਬਖਸ ਕਰੀ ਜੈ
ਕਰਿ ਕਿਰਪਾ ਮੋਹਿ ਸਾਧ ਸੰਗੁ ਦੀਜੈ
ਤਉ ਕਿਛੁ ਪਾਈਐ ਜਉ ਹੋਈਐ ਰੇਨਾ
ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥ਰਹਾਉ॥ ਸੂਹੀ ਮ: ੫ ਘਰੁ ੨/੭੩੮

ਸ੍ਰੀ ਆਦਿ ਗ੍ਰੰਥ ਵਿਚ ਵਣਜਾਰਾ ਸਿਰਲੇਖ ਹੇਠ ਅੰਕਿਤ ਸ਼ਬਦ ਦੇ ਛੇ ਪਦ ਹਨ ਅਤੇ ਹਰ ਪਦ ਦੇ ਨਾਲ ਰਹਾਉ ਹੈ। ਜਿਸ ਤੋਂ ਭਾਵ ਹੈ ਹਰ ਪਦ ਦੀ ਆਪਣੀ ਹੀ ਟੇਕ ਜਾਂ ਸਥਾਈ ਹੈ। ਰਾਗੀ ਜਨ ਗਾਉਣ ਸਮੇਂ ਹਰ ਪਦ ਦੀ ਟੇਕ ਨੂੰ ਹੀ ਸਥਾਈ ਰੂਪ ਵਿਚ ਗਾਉਣ ਤਾਂ ਹੀ ਇਹ ਸ਼ਬਦ ਆਪਣੀ ਛੰਦ ਚਾਲ ਵਿਚ ਪੂਰਾ ਉਤਰ ਸਕਦਾ ਹੈ। ਇਥੇ ਇਸ ਸ਼ਬਦ ਦੀ ਵੰਨਗੀ ਪੇਸ਼ ਕਰਨੀ ਉਚਿਤ ਹੈ—

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੈ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ।
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ।
ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਹੋਇ ।
ਜਨ ਨਾਨਕ ਨਾਮ ਧਿਆਇਆ ਹਰ ਅੰਤਿ ਸਖਾਈ ਹੋਇ ॥੧॥
ਮੈਂ ਹਰਿ ਬਿਨੁ ਅਵਰੁ ਨਾ ਕੋਇ ।
ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ
ਵਡਭਾਗਿ ਪਰਾਪਤ ਹੋਇ । ਰਹਾਉ ।
ਸੰਤ ਜਨਾਂ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ।
ਵਿਚਿ ਹਉਮੈ ਕਰਮ ਕਮਾਵਦੇ ਜਿਉਂ ਵੇਸੁਆ ਪੁਤੁ ਨਿ ਨਾਉ ।
ਪਿਤਾ ਜਾਤਿ ਤਾ ਹੋਈਐ ਗੁਰੂ ਤੁਠਾ ਕਰੇ ਪਸਾਉ ।
ਵਡਭਾਗੀ ਗੁਰ ਪਾਇਆ ਹਰਿ ਅਹਿਨਿਸਿ ਲਾਗਾ ਭਾਉ ।
ਜਨ ਨਾਨਕਿ ਬ੍ਰਹਮ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥ ੨ ॥
ਮਨਿ ਹਰਿ ਹਰਿ ਲਗਾ ਚਾਉ ਗੁਰਿ ਪੂਰੇ ਨਾਮ ਦ੍ਰਿੜਇਆ
ਹਰਿ ਮਿਲਿਆ ਹਰਿ ਪ੍ਰਭੁ ਨਾਉ । ੧ । ਰਹਾਉ ।
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮ ਧਿਆਇ
ਚਲਦਿਆਂ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ
ਹਉ ਬਲਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ
ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ
ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥ ੩ ॥
ਮਨ ਹਰਿ ਹਰਿ ਪ੍ਰੀਤ ਲਗਾਇ ਵਡਭਾਗੀ ਗੁਰ ਪਾਇਆ
ਗੁਰ ਸਬਦੀ ਪਾਰਿ ਲਘਾਇ ॥ ੧ ॥ ਰਹਾਉ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੋਇ
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤ ਦੇਇ
ਗੁਰਮੁਖਾ ਮਨ ਪਰਗਾਸੁ ਹੈ ਜੇ ਵਿਚਲੇ ਕੋਈ ਕੇ
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ
ਜਨ ਨਾਨਕਿ ਕਮਲ ਪਰਗਾਸਿਆ ਮਨਿ ਹਰਿ ਹਰਿ ਵੁਨੜਾ ਹੈ ।।੪।।
ਮਨ ਹਰਿ ਹਰਿ-ਜਪਨੁ ਕਰੈ ।। ਹਰਿ ਗੁਰ ਸਰਣਾਈ,
ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹੇਰੇ ।।੧।।ਰਹਾਉ।।
ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ
ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨ ਚਿਤਿ
ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ
ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ
ਜਨ ਨਾਨਕ ਨਾਮੁ ਧਿਆਇਆ ਰੰਗਿ ਰਤਤਾਂ ਹਰਿ ਰੰਗਿ ਰਤਿ ।।੫।।
ਹਰਿ ਧਿਆਵਹੁ ਹਰਿ ਪ੍ਰਭ ਸਤਿ,
ਗੁਰਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ।।੧।।ਰਹਾਉ।।
ਜਿਨ ਕਉ ਪੂਰਬ ਲਿਖਿਆ ਸੇ ਆਦਿ ਮਿਲੇ ਗੁਰ ਪਾਸਿ
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪਰਗਾਸਿ
ਧਨੁ ਧਨੁ ਵਣਜੁ ਵਪਾਰੀਆਂ ਜਿਨੋ ਵਖਰੁ ਲਦਿਅੜਾ ਹਰਿ ਰਾਸਿ
ਗੁਰਮੁਖ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ
ਜਨ ਨਾਨਕ ਗੁਰੁ ਤਿਨ ਪਾਇਆ ਜਿਨਾਂ ਆਪਿ ਤੁਠਾ ਗੁਣਤਾਸਿ ।।੬।।
ਹਰਿ ਧਿਆਵਹੁ ਸਾਸਿ ਗਿਰਾਸ ।।
ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ।।੧।।ਰਹਾਉ।।
ਸਿਰੀ ਰਾਗ ਮਹਲਾ ੪ ਵਣਜਾਰਾ ਆਦਿ ਗ੍ਰੰਥ ੮੧-੮੨

ਇਸ ਸ਼ਬਦ ਦੇ ਅਰਥ ਕਰਨ ਸਮੇਂ ਜੇ ਹਰ ਪਦ ਦੇ ਅਰਥ ਇਸ ਵਿਚ ਦਿਤੀ ਰਹਾਉ ਤੋਂ ਆਰੰਭ ਕੀਤੇ ਜਾਣ ਤਾਂ ਵਧੇਰੇ ਸਾਰਥਕ ਅਰਥਾਂ ਵਿਚ ਸਪਸ਼ਟ ਹੋ ਸਕਦੇ ਹਨ। ਇਸ ਤਰ੍ਹਾਂ ਦਾ ਰਹਾਉ-ਪ੍ਰਯੋਗ ਆਦਿ ਗ੍ਰੰਥ ਵਿਚ ਕੇਵਲ ਇਕ ਵਾਰ ਇਸੇ ਸ਼ਬਦ ਵਿਚ ਹੀ ਕੀਤਾ ਗਿਆ ਹੈ। ਜਦ ਕਿ ਆਦਿ ਗ੍ਰੰਥ ਵਿਚ ਆਏ ਬਾਕੀ ਛੰਤਾਂ ਵਿਚ ਰਹਾਉ ਦਾ ਪ੍ਰਯੋਗ ਨਹੀਂ ਕੀਤਾ ਗਿਆ। ਇਥੇ ਇਕ ਟਪਲਾ ਲਗ ਸਕਦਾ ਹੈ ਕਿ 'ਵਣਜਾਰਾ' ਬਾਣੀ ਵੀ ਤਾਂ ਛੰਤਾਂ ਦੀ ਬਾਣੀ ਨਹੀਂ ਅਖਵਾਉਂਦੀ ਇਸ ਦਾ ਸਮਾਧਾਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ। ਵਣਜਾਰਾ ਤਾਂ ਕੇਵਲ ਸਿਰਲੇਖ ਹੈ। ਇਸ ਸਿਰਲੇਖ ਹੇਠ ਅੰਕਿਤ ਬਾਣੀ ਛੰਤਾਂ ਵਿਚ ਹੀ ਲਿਖੀ ਗਈ ਹੈ। ਇਸ ਬਾਣੀ ਵਿਚ ਛੰਤ ਦਾ ਨਿਯਮ ਨਿਭਾਇਆ ਗਿਆ ਹੈ, ਪਰ ਨਾਮ ਛੰਤ ਨਹੀਂ ਬਲਕਿ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਣਜਾਰਾ ਰਖਿਆ ਗਿਆ ਹੈ। ਇਸ ਕਰਕੇ ਇਸ ਵਿਚ ਰਹਾਉ ਦਾ ਪ੍ਰਯੋਗ ਕੀਤਾ ਗਿਆ ਹੈ।

ਰਾਮਕਲੀ ਦੀ ਵਾਰ ਮਹਲਾ ੩ ਵਿਚ ਰਹਾਉ ਦਾ ਬੜਾ ਵਿਲੱਖਣ ਪ੍ਰਯੋਗ ਹੈ। ਇਸ ਤਰ੍ਹਾਂ ਦਾ ਪ੍ਰਯੋਗ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਹੋਰ ਬਾਣੀ ਜਾਂ ਸ਼ਬਦ ਵਿਚ ਨਹੀਂ ਕੀਤਾ ਗਿਆ ਤੇ ਨਾਂ ਹੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਕੀ ਇੱਕੀ ਵਾਰਾਂ ਵਿਚ। ਇੱਕੀ ਵਾਰਾਂ ਦੇ ਸਰਵੇਖਣ ਤੋਂ ਇਕ ਹੋਰ ਤੱਥ ਸਪਸ਼ਟ ਹੁੰਦਾ ਹੈ ਕਿ ਵਾਰਾਂ ਵਿਚ ਰਹਾਉ ਦਾ ਪ੍ਰਯੋਗ ਕੀਤਾ ਹੀ ਨਹੀਂ ਗਿਆ। ਇਸ ਵਾਰ ਵਿਚ ਅੰਕਿਤ ਪਹਿਲੀ ਪਉੜੀ ਦੀਆਂ ਪੰਜ ਤੁਕਾਂ ਹਨ ਅਤੇ ਛੇਵੀਂ ਤੁਕ ਰਹਾਉ ਦੀ ਹੈ—

ਵਾਹੁ ਵਾਹੁ ਸਚੇ ਪਾਤਿਸ਼ਾਹ ਤੂ ਸਚੀ ਨਾਈ ॥੧॥ਰਹਾਉ॥

ਬਾਕੀ ਦੀ ਵਾਰ ਦੀਆਂ ਪਉੜੀਆਂ ਸਾਰੀਆਂ ਹੀ ਪੰਜ ਤੁਕੀਆਂ ਹਨ। ਪਉੜੀ ਦੀ ਅਖੀਰਲੀ ਪੰਕਤੀ ਦਾ ਤੁਕਾਤ ਠੀਕ ਨਹੀਂ ਬਣਦਾ ਜਦ ਤਕ ਉਪਰਲੀ ਪੰਕਤੀ ਨਾਲ ਜੋੜ ਕੇ ਨਾ ਪੜ੍ਹੀ ਜਾਵੇ। ਇਥੇ ਰਹਾਉ ਰਹਿ-ਰਹਿ ਕੇ ਗਾਉਣ ਦੇ ਅਰਥਾਂ ਵਿਚ ਪ੍ਰਯੋਗ ਕੀਤੀ ਗਈ ਹੈ। ਇਥੇ ਰਹਾਉ ਵਾਲੀ ਪੰਕਤੀ ਨੂੰ ਹਰ ਪਉੜੀ ਦੀ ਅਖੀਰਲੀ ਪੰਕਤੀ ਤੋਂ ਪਿਛੋਂ ਪੜ੍ਹਨ ਦਾ ਸੰਕੇਤ ਕੀਤਾ ਗਿਆ ਹੈ। ਭਾਈ ਕਾਹਨ ਸਿੰਘ ਵੀ ਉਪਰੋਕਤ ਕਥਨ ਨਾਲ ਸਹਿਮਤੀ ਪ੍ਰਗਟ ਕਰਦੇ ਹਨ[6]।

ਉਪਰੋਕਤ ਕਥਨ ਦੀ ਪੁਸ਼ਟੀ ਇਸ ਵਾਰ ਦੇ ਸਿਰਲੇਖ ਨਾਲ ਲਿਖੀ ਧੁਨੀ ਦੀ ਪਉੜੀ ਤੋਂ ਵੀ ਕੀਤੀ ਜਾ ਸਕਦੀ ਹੈ। ਜੋਧੇ ਵੀਰੇ ਪੂਰਬਾਣੀ ਦੀ ਪ੍ਰਾਪਤ ਵਾਰ ਵਿਚ ਪਉੜੀ ਦੀਆਂ ਛੇ ਪੰਕਤੀਆਂ ਹਨ। ਇਹ ਧੁਨੀ ਸੰਕੇਤ ਕਰਦੀ ਹੈ ਕਿ ਰਾਮਕਲੀ ਦੀ ਵਾਰ ਨੂੰ ਇਸੇ ਹੀ ਧੁੰਨ ਤੇ ਗਾਇਨ ਕੀਤਾ ਜਾਵੇ। ਰਹਾਉ ਦੀ ਤੁਕ ਤੋਂ ਬਿਨਾਂ ਰਾਮਕਲੀ ਦੀ ਵਾਰ ਦੀਆਂ ਬਾਕੀ ਪਉੜੀਆਂ ਲੈਅ ਉੱਤੇ ਪੂਰੀਆਂ ਨਹੀਂ ਉਤਰਦੀਆਂ ਜੇ ਰਹਾਉ ਦੀ ਤੁਕ ਹਰ ਪਉੜੀ ਦੇ ਅੰਤ ਵਿਚ ਨਾ ਪੜ੍ਹੀ ਜਾਵੇ। ਇਥੇ ਉਦਾਹਰਣ ਦੇਣੀ ਉਚਿਤ ਹੈ—

1. ਸਚੈ ਤਖਤਿ ਰਚਾਇਆ ਬੈਸਣ ਕਉ ਜਾਈ
ਸਭੁ ਕਿਛੁ ਆਪੇ ਆਪਿ ਹੈ ਗੁਰ ਸ਼ਬਦਿ ਸੁਣਾਈ
ਆਪੇ ਕੁਦਰਤਿ ਸਾਜੀਅਨੁ ਕਰ ਮਹਲ ਸਰਾਈ
ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ
ਆਪੇ ਵੇਖੈ ਸੁਣੇ ਆਪਿ ਗੁਰ ਸ਼ਬਦ ਧਿਆਈ ।੧।
ਵਾਹ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ।੧। ਰਹਾਉ ॥੯੪੭/ਆਦਿ ਗ੍ਰੰਥ

2. ਵੇਕੀ ਸ੍ਰਿਸ਼ਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ
ਆਪੇ ਵੇਖਿ ਵਿਗਸਦਾ ਦੂਜਾ ਕੋ ਨਾਹੀ
ਜਿਉ ਭਾਵੈ ਤਿਉ ਰਖੁ ਤੂ ਗੁਰ ਸਬਦਿ ਬੁਝਾਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਨਾ ਤੇਰਾ ਜੋਰੁ ਹੈ ਜਿਉ ਭਾਵੈ ਚਲਾਹੀ

ਤੁਧੁ ਜੇਵਤ ਮੈ ਨਾਹਿ ਕੋ ਕਿਸੁ ਆਖਿ ਸੁਣਾਈ ॥ ੨ ॥ ੯੪੭/ਆਦਿ ਗ੍ਰੰਥ

3. ਇਕਿ ਆਪਣੀ ਸਿਫਤੀ ਲਾਈਅਨੁ ਦੇ ਸਤਿਗੁਰ ਮਤੀ

ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ

ਪਉਣ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ

ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ

ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖ ਪਾਈ ।੩॥ ੯੪੮/ਆਦਿ ਗ੍ਰੰਥ

ਉਪਰੋਕਤ ਤਿੰਨ ਪਉੜੀਆਂ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਪਹਿਲੀ ਪਉੜੀ ਦੀ ਤੁਕਾਂਤ ਲੈਅ 'ਵਾਹ ਵਾਹ ਸਚੇ ਪਾਤਿਸ਼ਾਹ ਤੂ ਸਚੀ ਨਾਈ'' ਨਾਲ ਪੂਰਾ ਉਤਰਦਾ ਹੈ। ਪਰ ਪਿਛਲੀਆਂ ਦੋਹਾਂ ਪਉੜੀਆਂ ਦੀਆਂ ਅਖੀਰਲੀਆਂ ਤੁਕਾਂ ਤੋਲ ਵਿਚ ਪੂਰੀਆਂ ਨਹੀਂ ਲਗਦੀਆਂ ਰਹਾਉ ਦੀ ਤੁਕ ਲਗਾ ਕੇ ਪੜ੍ਹਨ ਨਾਲ ਹੀ ਪਉੜੀਆਂ ਇਸ ਤੋਲ ਤੁਕਾਂਤ ਅਤੇ ਲੈਅ ਵਿਚ ਪੂਰੀਆਂ ਉਤਰਦੀਆਂ ਹਨ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ 'ਜਪੁ' ਜੋ ਕਿ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ ਹੈ, ਵਿਚ ਰਹਾਉ ਦਾ ਪ੍ਰਯੋਗ ਕਿਉਂ ਨਹੀਂ ਕੀਤਾ ਗਿਆ। ਖੋਜੀ ਵਿਦਵਾਨਾਂ ਦੇ ਮਤ ਅਨੁਸਾਰ ਜਪੁ ਆਦਿ ਸ੍ਰੀ ਗੁਰੂ ਗ੍ਰੰਥ ਦਾ ਕੇਂਦਰੀ ਵਿਚਾਰ ਹੈ। ਇਹ ਸਾਰੀ ਬਾਣੀ ਹੀ ਵਿਚਾਰ ਕੇ, ਠਹਿਰ ਕੇ, ਮਨਨ ਕਰਕੇ ਪੜ੍ਹੀ ਜਾਣੀ ਚਾਹੀਦੀ ਹੈ। ਇਹ ਵੀ ਸਪਸ਼ਟ ਹੈ ਕਿ ਜਪੁ ਬਾਣੀ ਕਿਸੇ ਰਾਗ ਦੇ ਸਿਰਲੇਖ ਹੇਠਾਂ ਨਹੀਂ। ਰਹਾਉ ਦਾ ਸੰਬੰਧ ਰਾਗ ਨਾਲ ਹੈ। ਇਸ ਕਰਕੇ ਜਪੁ ਵਿਚ ਇਸ ਦੀ ਅਣਹੋਂਦ ਹੈ। ਇਸ ਤੋਂ ਇਲਾਵਾ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਅੰਕਿਤ ਰਾਗ-ਬਾਹਰੀ ਜੋ ਆਦਿ ਸ੍ਰੀ ਗੁਰੂ ਗ੍ਰੰਥ ਦੇ ੧੩੫੩ ਤੋਂ ੧੪੩੦ ਪੰਨਿਆਂ ਉਪਰ ਦਰਜ ਹੈ, ਵਿਚ ਰਹਾਉ ਦੀ ਵਰਤੋਂ ਨਹੀਂ ਕੀਤੀ ਗਈ।

**ਸਾਰ—**

ਰਹਾਉ ਦਾ ਪ੍ਰਯੋਗ ਬਹੁਮੁਖੀ ਹੈ :

ੳ. ਰਹਾਉ ਦਾ ਸੰਬੰਧ ਰਾਗ ਨਾਲ ਹੈ। ਰਾਗ ਵਿਚ ਇਹ ਸਥਾਈ ਜਾਂ ਟੇਕ ਦੇ ਅਰਥਾਂ ਵਿਚ ਵਰਤੀ ਗਈ ਹੈ।

ਅ ਰਹਾਉ ਦਾ ਪ੍ਰਯੋਗ ਬਾਣੀ ਦੇ ਕੇਂਦਰੀ ਸਿਧਾਂਤ ਨੂੰ ਤੇ ਸ਼ਬਦ ਦੇ ਕੇਂਦਰੀ ਵਿਚਾਰ ਨੂੰ ਪ੍ਰਗਟ ਲਈ ਵੀ ਕੀਤਾ ਗਿਆ ਹੈ।

ੲ. ਰਹਾਉ ਤੋਂ ਆਰੰਭ ਕੀਤੇ ਅਰਥ ਵਿਸ਼ੇ ਨੂੰ ਵਧੇਰੇ ਸਪਸ਼ਟ ਕਰਦੇ ਹਨ।

ਸ. ਜਿੱਥੇ ਦੋ ਰਹਾਉ ਆਈਆਂ ਹਨ ਉੱਥੇ ਪਹਿਲੀ ਪ੍ਰਸ਼ਨ ਵਾਚਕ ਹੈ ਅਤੇ ਦੂਸਰੀ ਉੱਤਰ ਵਜੋਂ ਵਰਤੀ ਗਈ ਹੈ। ਅਥਵਾ ਇਹ ਦੋ ਵਖੋ ਵਖ ਗਾਇਨ ਟੇਕ ਦੀਆਂ ਸੰਕੇਤਕ ਹਨ।

ਹ. ਜਿਥੇ ਤਿੰਨ ਰਹਾਉ ਆਈਆਂ ਹਨ ਉਥੇ ਪਹਿਲੀ ਪ੍ਰੇਰਨਾ, ਦੂਜੀ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਰਿਆਸ ਦੀ ਮਜਬੂਰੀ ਅਤੇ ਤੀਸਰੀ ਸੁਝਾਉ-ਵਾਚਕ ਹੈ ।

ਕ. ਜਿਥੇ ਚਾਰ ਰਹਾਉ ਆਏ ਹਨ ਉਥੇ ਪਹਿਲੇ ਤਿੰਨ ਇਕੋ ਭਾਵ ਦੇ ਧਾਰਣੀ ਹਨ। ਚੌਥਾ ਰਹਾਉ ਰਬੀ ਨੇਮ-ਵਿਧਾਨ ਦਾ ਵਰਣਨ ਕਰਕੇ ਇਹ ਦ੍ਰਿੜ ਕਰਉਂਦਾ ਹੈ, ਮਾਇਆ ਵਿਚ ਖਚਿਤ ਹੋਣਾ ਤੇ ਮਾਇਆ ਤੋਂ ਮੁਕਤ ਹੋਣਾ ਸਭ ਵਿਚ ਰੱਬੀ ਹੁਕਮ ਹੈ ।

ਖ. ਜਿਥੇ ਛੇ ਰਹਾਉ ਆਈਆਂ ਹਨ, ਉਥੇ ਹਰ ਰਹਾਉ ਆਪਣੀ ਨਵੇਕਲੀ ਟੇਕ ਦੀ ਸੂਚਕ ਹੈ ।

ਗ. ਰਾਮਕਲੀ ਦੀ ਵਾਰ ਮਹਲਾ ੩ ਵਿਚ ਰਹਾਉ ਰਹਿ ਕੇ ਗਾਉਣ ਦੇ ਅਰਥਾਂ ਵਿਚ ਵਰਤੀ ਗਈ ਹੈ ।

ਘ. ਰਾਗ-ਮੁਕਤ ਰਚਨਾਵਾਂ ਵਿਚ ਰਹਾਉ ਦਾ ਪ੍ਰਯੋਗ ਨਹੀਂ ਕੀਤਾ ਗਿਆ ਹੈ ।

## ਫੁਟ ਨੋਟ

1. ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ ੧੦੫੩
2. ਭਾਈ ਕਾਹਨ ਸਿੰਘ, ਮਹਾਨ ਕੋਸ਼, ੭੬੦
3. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ ੭੬੦
4. ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ ੧੦੫੩
5. ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ ੧੦੫੩
6. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ ੭੬੦ ਤੇ ਮਹਾਨ ਕੋਸ਼ ਦਾ ਅਪੈਂਡਿਕਸ ਪੰਨਾ ੮੧, (ਟਿੱਪਣੀ ੭੬੦)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਦਿ ਸ੍ਰੀ ਗੁਰੂ ਗ੍ਰੰਥ ਦੀ ਰਾਗ-ਮੁਕਤ ਰਚਨਾ ਦਾ ਪ੍ਰਬੰਧ

ਆਦਿ ਸ੍ਰੀ ਗੁਰੂ ਗ੍ਰੰਥ ਦਾ ਅੰਤਮ ਭਾਗ ੧੩੫੩ ਪੰਨੇ ਤੋਂ ਆਰੰਭ ਹੋ ਕੇ ੧੪੩੦ ਪੰਨੇ ਤਕ ਸਮਾਪਤ ਹੁੰਦਾ ਹੈ। ਇਸ ਭਾਗ ਵਿਚ ਅੰਕਿਤ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ—

1. ਸਲੋਕ ਸਹਸਕ੍ਰਿਤੀ ਮਹਲਾ ੧ ਤੇ ਮਹਲਾ ੫
2. ਗਾਥਾ ਮਹਲਾ ੫
3. ਫੁਨਹੇ ਮਹਲਾ ੫
4. ਸਲੋਕ ਸ੍ਰੀ ਕਬੀਰ ਤੇ ਸ਼ੇਖ ਫਰੀਦ
5. ਸਵਈਏ ਮਹਲਾ ੧, ੨, ੩, ੪, ੫
6. ਸਲੋਕ ਵਾਰਾਂ ਤੇ ਵਧੀਕ ਮਹਲਾ ੧, ੩, ੪, ੫
7. ਚਉਬੋਲੇ ਮਹਲਾ ੫
8. ਸਲੋਕ ਮਹਲਾ ੯
9. ਮੁੰਦਾਵਣੀ ਮਹਲਾ ੫
10. ਰਾਗ ਮਾਲਾ

ਉਪਰੋਕਤ ਸਾਰੇ ਸਿਰਲੇਖ ਕਾਵਿ ਛੰਦਾਂ ਉਪਰ ਅਧਾਰਿਤ ਹਨ। ਜਦ ਕਿ ਦੂਸਰੇ ਭਾਗ ਦੀ ਸਾਰੀ ਬਾਣੀ ਦੇ ਸਿਰਲੇਖ ਰਾਗਾਂ ਨਾਲ ਸੰਬੰਧਿਤ ਹਨ। ਇਨ੍ਹਾਂ ਸਿਰਲੇਖਾਂ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਆਪਣਾ ਅਧਿਐਨ ਖੇਤਰ ਸੀਮਤ ਕਰ ਲੈਣਾ ਚਾਹੁੰਦੇ ਹਾਂ। ਅਸੀਂ ਕੇਵਲ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਦਾ ਜਤਨ ਕਰਾਂਗੇ—

ੳ. ਇਸ ਬਾਣੀ ਨੂੰ ਰਾਗਾਂ ਵਿਚ ਕਿਉਂ ਥਾਂ ਨਹੀਂ ਦਿਤੀ ਗਈ ?

ਅ. ਇਸ ਸਾਰੀ ਬਾਣੀ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਦੇ ਆਦਿ ਦੇ ਅੰਤ ਵਿਚ ਕਿਉਂ ਰੱਖਿਆ ਗਿਆ ਹੈ ?

ੲ. ਇਸ ਦਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਵਿਉਂਤ ਨਾਲ ਕੀ ਸੰਬੰਧ ਹੈ ?

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦੋ ਮੁਖ ਭਾਗਾਂ ਵਿਚ ਵੰਡਿਆ ਗਿਆ ਹੈ। ਰਾਗ-ਰਹਿਤ ਅਤੇ ਰਾਗ-ਸਹਿਤ। ਰਾਗ-ਬਧ ਬਾਣੀ ਆਦਿ ਗ੍ਰੰਥ ਦਾ ਵਡੇਰਾ ਭਾਗ ਹੈ। ਰਾਗ-ਮੁਕਤ ਬਾਣੀ ਨੂੰ ਇਸ ਦੇ ਸੰਪਾਦਕ ਗੁਰੂ ਅਰਜਨ ਦੇਵ ਨੇ ਦੋ ਭਾਗਾਂ ਵਿਚ ਵੰਡ ਦਿਤਾ ਹੈ। ਇਸ ਵੰਡ ਦਾ ਆਧਾਰ ਭਾਰਤੀ ਧਾਰਮਿਕ-ਗ੍ਰੰਥ-ਲੇਖਕਾਂ ਦਾ ਇਕ ਨਿਯਮ-ਉਪ-ਕ੍ਰਮ ਤੇ ਉਪਸੰਹਾਰ ਜਾਪਦਾ ਹੈ। ਇਸ ਨਿਯਮ ਅਨੁਸਾਰ ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢੰਗ ਨਾਲ, ਜਿਸ ਸਿਧਾਂਤ ਨਾਲ ਅਤੇ ਜਿਸ ਅੱਖਰ ਨਾਲ ਗ੍ਰੰਥ ਦਾ ਆਰੰਭ ਹੋਵੇ ਉਸੇ ਨਾਲ ਹੀ ਗ੍ਰੰਥ ਦੀ ਸਮਾਪਤੀ ਵੀ ਹੋਵੇ ।

ਆਦਿ ਸ੍ਰੀ ਗੁਰੂ ਗ੍ਰੰਥ ਵਿਚ ਅੰਕਿਤ ਪਹਿਲੀ ਬਾਣੀ ਜਪੁ ਹੈ ਜੋ ਕਿਸੇ ਰਾਗ ਵਿਚ ਨਹੀਂ ਬੰਨ੍ਹੀ ਗਈ । ਆਦਿ ਸ੍ਰੀ ਗੁਰੂ ਗ੍ਰੰਥ ਦੀ ਅੰਤਮ ਬਾਣੀ ਰਾਗ-ਮਾਲਾ ਹੈ । ਇਸ ਵਿਚ ਰਾਗਾਂ ਦਾ ਵੇਰਵਾ ਤਾਂ ਹੈ, ਪਰ ਇਹ ਕਿਸੇ ਰਾਗ ਵਿਚ ਨਹੀਂ ਲਿਖੀ ਗਈ। ਜਪੁ ਤੇ ਰਾਗ-ਮਾਲਾ ਦੋਹਾਂ ਨੂੰ ਕਾਵਿ-ਛੰਦਾਂ ਵਿਚ ਲਿਖਿਆ ਗਿਆ ਹੈ । ਜਪੁ ਦਾ ਅਰੰਭ 'ਸ' ਅੱਖਰ (ਸਤਿਨਾਮ) ਨਾਲ ਹੁੰਦਾ ਹੈ ਅਤੇ ਰਾਗ ਮਾਲਾ ਦਾ ਅੰਤ 'ਸ' ਅੱਖਰ (ਸਭੈ ਪੁਤਰ ਰਾਗਨਕੇ ਅਠਾਰਾਂ ਦਸ ਬੀਸ) ਨਾਲ ਹੁੰਦਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚਲੇ ਵਿਸ਼ੇ-ਵਸਤੂ ਦੇ ਸਿਧਾਂਤਕ ਪੱਖ ਤੋਂ ਵਾਚਿਆਂ ਵੀ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਉਪਕਰਮ ਤੇ ਉਪਸੰਹਾਰ ਦੀ ਰੀਤੀ ਨੂੰ ਹੀ ਅਪਨਾਇਆ ਹੈ । ਜਪੁ ਦੀ ਪਹਿਲੀ ਪਉੜੀ ਵਿਚ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਆਰੰਭ ਕਰਕੇ ਮਧ ਵਿਚ 'ਆਦਿ ਪੂਰਨ ਮਧ ਪੂਰਨ ਅੰਤ ਪੂਰਨ ਪਰਮੇਸੁਰਹ" ਲਿਖ ਕੇ ਅੰਤ ਨੂੰ "ਸਭੁ ਨਾਨਕ ਬ੍ਰਹਮ ਪਸਾਰੋ" ਉਪਰ ਸਮਾਪਤੀ ਕੀਤੀ ਹੈ । ਭਾਵ ਬ੍ਰਹਮ ਦੀ ਪਰਿਪੂਰਣਤਾ ਤੋਂ ਪਾਠ ਆਰੰਭ ਕਰਕੇ ਉਸੇ ਦੀ ਪਰਿਪੂਣਤਾ ਉਪਰ ਪਾਠ ਦੀ ਸਮਾਪਤੀ ਕੀਤੀ ਹੈ ।

ਪ੍ਰਤਿਸ਼ਠਿਤ ਗ੍ਰੰਥਾਂ ਵਿਖੇ ਤਿੰਨ ਵਾਰ ਮੰਗਲ ਲਿਖੇ ਹੋਏ ਹੁੰਦੇ ਹਨ[1] । ਗ੍ਰੰਥ ਦੇ ਅਰੰਭ ਵਿਖੇ ਜੋ ਮੰਗਲ ਲਿਖਿਆ ਹੁੰਦਾ ਹੈ ਉਹ ਨਾਸਤਿਕ ਭ੍ਰਾਂਤੀ ਦੀ ਨਵਿਰਤੀ ਲਈ ਹੁੰਦਾ ਹੈ । ਜੇਕਰ ਗ੍ਰੰਥ ਦੇ ਆਰੰਭ ਵਿਚ ਮੰਗਲ ਨਾ ਹੋਵੇ ਤਾਂ ਸਿਆਣਿਆਂ ਦੇ ਮਤ ਅਨੁਸਾਰ ਉਸ ਗ੍ਰੰਥ ਦਾ ਕਰਤਾ ਨਾਸਤਿਕ ਸਮਝਿਆ ਜਾਂਦਾ ਹੈ । ਦੂਜਾ ਮੰਗਲ ਗ੍ਰੰਥ ਦੇ ਮਧ ਵਿਖੇ ਆਉਂਦਾ ਹੈ ਜੋ ਗ੍ਰੰਥ ਦੀ ਨਿਰਵਿਘਨ ਸਮਾਪਤੀ ਲਈ ਕੀਤਾ ਜਾਂਦਾ ਹੈ। ਤੀਜਾ ਮੰਗਲ ਗ੍ਰੰਥ ਦੀ ਸਮਾਪਤੀ ਉਤੇ ਕੀਤਾ ਜਾਂਦਾ ਹੈ ਜੋ ਕ੍ਰਿਤਘਨ ਦੋਸ਼ ਦੀ ਨਵਿਰਤੀ ਲਈ ਲਿਖਿਆ ਜਾਂਦਾ ਹੈ । ਕ੍ਰਿਤਘਨ ਦੋਸ਼ ਉਸ ਨੂੰ ਕਹਿੰਦੇ ਹਨ ਜੋ ਕਿਸੇ ਦੇ ਕੀਤੇ ਹੋਏ ਉਪਕਾਰ ਨੂੰ ਨਾ ਜਾਣੇ । ਉਪਰੋਕਤ ਮਰਯਾਦਾ ਅਨੁਸਾਰ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਸਮਾਪਤੀ ਸਮੇਂ ਕ੍ਰਿਤਘਨ ਦੋਸ਼ ਦੀ ਨਵਿਰਤੀ ਲਈ ਪਰਮਾਤਮਾ ਅੱਗੇ ਬੇਨਤੀ ਰੂਪ ਮੰਗਲ ਕਥਨ ਕੀਤਾ ਹੈ । ਇਹ ਮੰਗਲ ਮੁੰਦਾਵਣੀ ਤੋਂ ਬਾਅਦ ਸਲੋਕ ਮਹਲਾ ੫ ਦੇ ਸਿਰਲੇਖ ਹੇਠ ਅੰਕਿਤ ਹੈ :

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ।।
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ।।
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ।।
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਤੀਵੈ ਹਰਿਆ ।।੧/੧੪੨੯

ਇਹ ਬੇਨਤੀ ਰੂਪ ਮੰਗਲ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਲਿਖ ਕੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਅੱਗੇ ਆਪਣੀ ਕ੍ਰਿਤੱਗਤਾ ਦੀ ਸਾਖ ਭਰੀ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਾਰੀ ਰਾਗ-ਰਹਿਤ ਬਾਣੀ ਨੂੰ ਇਕ ਜਗ੍ਹਾ ਤੇ ਹੀ ਕਿਉਂ ਨਹੀਂ[1] ਰਖਿਆ ਗਿਆ ? ਇਸ ਨੂੰ ਦੋ ਹਿਸਿਆਂ ਵਿਚ ਵੰਡਣ ਦੀ ਕਿਉਂ ਲੋੜ ਪਈ ? ਬਹੁਤ ਸਾਰੇ ਵਿਦਵਾਨਾਂ ਦੇ ਮਤ ਅਨੁਸਾਰ ਜਪੁ ਦੀ ਬਾਣੀ ਸਿਧਾਂਤ ਰੂਪ ਹੈ। ਆਮ ਤੌਰ ਦੇ ਦਾਰਸ਼ਨਿਕ ਅਤੇ ਬੌਧਿਕ ਵਿਚਾਰਾਂ ਦਾ ਨਿਛਾ ਲੋਕ-ਪੱਧਰ ਤੋਂ ਜ਼ਰਾ ਉੱਚਾ ਹੀ ਰਹਿੰਦਾ ਤੇ। ਜਪੁ ਆਦਿ ਸ੍ਰੀ ਗ੍ਰੰਥ ਦੇ ਮੂਲ ਸਿਧਾਂਤ ਦਾ ਸੰਕੇਤਾਤਮਕ ਪ੍ਰਗਟਾਵਾ ਹੈ ਅਤੇ ਆਦਿ ਗ੍ਰੰਥ ਦੀ ਸਾਰੀ ਬਾਣੀ ਇਸ ਮੂਲ ਸਿਧਾਂਤ ਦਾ ਵਿਆਖਿਆ-ਤਮਕ ਪ੍ਰਗਟਾਵਾ। ਮੂਲ ਸਿਧਾਂਤ ਰਚਨਾ ਦੇ ਆਰੰਭ ਵਿਚ ਦੇਣਾ ਹੀ ਬਣਦਾ ਸੀ।

ਆਦਿ ਸ੍ਰੀ ਗੁਰੂ ਗ੍ਰੰਥ ਦੇ ਅੰਤਿਮ ਭਾਗ ਲਗਪਗ 78 ਪੰਨਿਆਂ ਵਿਚ ਕਾਵਿ-ਛੰਦਾਂ ਵਿਚ ਰਚੀ ਰਚਨਾ ਅੰਕਿਤ ਕੀਤੀ ਗਈ ਹੈ। ਇਸ ਭਾਗ ਦੇ ਸਿਰਲੇਖ ਕਾਵਿ-ਛੰਦਾਂ ਉੱਪਰ ਆਧਾਰਿਤ ਹਨ। ਇਥੇ ਥੋੜ੍ਹੀ ਜਿਹੀ ਵਿਚਾਰ ਮੁਖ ਸਿਰਲੇਖਾਂ ਦੀ ਕਰਨੀ ਉਚਿਤ ਰਹੇਗੀ।

ਸਲੋਕ ਸਹਸਕ੍ਰਿਤੀ—ਮਹਲਾ ੧ ਤੇ ਮਹਲਾ ੫ ਇਸ ਭਾਗ ਦੀ ਪਹਿਲੀ ਬਾਣੀ ਹੈ।

ਸਲੋਕ[2] ਇੰਕ ਕਾਵਿ-ਛੰਦ ਹੈ। ਇਸ ਨੂੰ ਯਸ਼ ਦਾ ਗੀਤ ਵੀ ਕਿਹਾ ਜਾਂਦਾ ਹੈ।

ਸਹਸਕ੍ਰਿਤੀ[3]—ਸੰਸਕ੍ਰਿਤ, ਪਾਲੀ ਤੇ ਪ੍ਰਾਕ੍ਰਿਤ ਭਾਸ਼ਾ ਤੋਂ ਬਣੀ ਇਕ ਭਾਸ਼ਾ, ਜਿਸ ਵਿਚ ਸਲੋਕ ਸਹਸਕ੍ਰਿਤੀ ਲਿਖੇ ਗਏ ਹਨ।

ਗਾਥਾ—ਗਾਥਾ ਨੂੰ ਸਹਸਕ੍ਰਿਤੀ ਭਾਸ਼ਾ ਵੀ ਕਿਹਾ ਜਾਂਦਾ ਹੈ[4]। ਗਾਥਾ ਇਕ ਛੰਦ ਵੀ ਹੈ ਜਿਸ ਦਾ ਨਾਉ ਆਰਯਾ ਅਤੇ ਗਾਹਾ[5] ਹੈ। ਇਸ ਵਿਚ ਪੰਚਮ ਗੁਰੂ ਨੇ ਬਾਣੀ ਰਚੀ ਹੈ।

ਫੁਨਹੇ[6]—ਇਕ ਪੁਨਹਾ ਛੰਦ ਹੈ, ਜਿਸ ਦਾ ਦੂਜਾ ਨਾਉਂ ਫੁਨਹਾ ਹੈ। ਇਸ ਵਿਚ ਪੰਚਮ ਗੁਰੂ ਦੀ ਬਾਣੀ ਹੈ।

ਸਵੈਯਾ[7]—ਇਹ ਇਕ ਕਾਵਿ-ਛੰਦ ਹੈ। ਇਸ ਛੰਦ ਵਿਚ ਪੰਜਵੇਂ ਗੁਰੂ ਤੇ ਭਟਾਂ ਨੇ ਰਚਨਾ ਕੀਤੀ ਹੈ।

ਸਲੋਕਾ[8] ਵਾਰਾਂ ਤੇ ਵਧੀਕ—ਇਹ ਸਿਰਲੇਖ ਸੰਕੇਤ ਕਰਦਾ ਹੈ ਕਿ ਇਸ ਜਗ੍ਹਾ ਉਹ ਸਲੋਕ ਅੰਕਿਤ ਕੀਤੇ ਗਏ ਹਨ ਜੋ ਵਾਰਾਂ ਵਿਚ ਪੌੜੀਆਂ ਦਾ ਸਿਲਸਿਲਾ ਲਾਉਣ ਸਮੇਂ ਵਾਧੂ ਬਚ ਗਏ। ਇਨ੍ਹਾਂ ਸਲੋਕਾਂ ਦੀ ਗਿਣਤੀ ੧੫੨ ਹੈ। ਇਨ੍ਹਾਂ ਸਲੋਕਾਂ ਵਿਚ ਲਗਭਗ ਸਾਰੇ ਗੁਰੂਆਂ ਦੇ ਸਲੋਕ ਹਨ।

ਸਿਰਲੇਖ-ਵਿਵੇਚਨ ਤੋਂ ਇਹ ਕਥਨ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਾਰਤੀ ਕਾਵਿ-ਪਰੰਪਰਾਂ ਦੇ ਦੋਹਾਂ ਰੂਪਾਂ, ਸੰਗੀਤਾਤਮਕ ਤੇ ਕਵਿਤਾ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਸਥਾਨ ਦਿਤਾ ਹੈ। ਇਸ ਤਰ੍ਹਾਂ ਕਰਨ ਨਾਲ ਭਾਰਤੀ ਕਾਵਿ-ਪਰੰਪਰਾ ਦਾ ਸੰਪੂਰਣ ਮਹੱਤਵ ਉਜਾਗਰ ਹੋ ਗਿਆ ਹੈ। ਕਾਵਿ ਦਾ ਸੰਬੰਧ ਛੰਦ ਨਾਲ ਮੰਨਿਆ ਗਿਆ ਹੈ ਅਤੇ ਛੰਦ ਦਾ ਸੰਬੰਧ ਰਾਗ ਨਾਲ। ਰਾਗ ਦਾ ਸੰਬੰਧ ਤਾਲ ਅਤੇ ਗਾਇਕੀ ਮਤ ਨਾਲ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਬਾਣੀ ਨੂੰ ਰਾਗ-ਬੱਧ ਕਵਿਤਾ ਵਿਚ ਸਥਾਨ ਨਾ ਦੇਣ ਦਾ ਪਹਿਲਾ ਕਾਰਨ ਤਾਂ ਕਾਵਿ-ਛੰਦਾਂ ਦੀ ਵੰਨਗੀ ਸੁਤੰਤਰ ਰੂਪ ਵਿਚ ਪੇਸ਼ ਕਰਨਾ ਹੀ ਹੋ ਸਕਦਾ ਹੈ।

ਦੂਜਾ ਕਾਰਨ, ਇਹ ਕਵਿਤਾ ਉਨ੍ਹਾਂ ਦੀ ਸੰਪਾਦਕੀ ਯੋਜਨਾ ਦੇ ਅਨੁਸਾਰ ਰਾਗਾਂ ਵਿਚ ਅੰਕਿਤ ਨਹੀਂ ਸੀ ਹੋ ਸਕਦੀ। ਆਮ ਤੌਰ ਉਤੇ ਵਾਰਾਂ ਵਿਚ ਪਉੜੀਆਂ ਨਾਲ ਸਲੋਕ ਜੜੇ ਗਏ ਹਨ। ਇਹ ਇਕ ਸੌ ਬਵੰਜਾ ਸਲੋਕ ਸ਼ਾਇਦ ਉਨ੍ਹਾਂ ਬਾਈ ਵਾਰਾਂ ਵਿਚ ਨਹੀਂ ਸਮਾ ਸਕੇ। ਕਬੀਰ ਅਤੇ ਫਰੀਦ ਦੇ ਸਲੋਕਾਂ ਨੂੰ ਵੀ ਸਮੂਹਿਕ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਇਹ ਸਲੋਕ ਗਿਣਤੀ ਵਿਚ ਵਧੇਰੇ ਸਨ, ਸ਼ਾਇਦ, ਤਾਹੀਓਂ ਸੰਪਾਦਕ ਨੇ ਇਕੱਠੇ ਰੱਖਣੇ ਹੀ ਉਚਿਤ ਸਮਝੇ ਹਨ, ਨਾਲੇ ਇਹ ਕਿਸੇ ਰਾਗ ਵਿਚ ਵੀ ਤਾਂ ਨਹੀਂ ਸਨ।

ਸਲੋਕ ਮਹਲਾ ੯ ਦੀ ਰਚਨਾ ਨੂੰ ਅੰਤ ਵਿਚ ਅੰਕਿਤ ਕਰਨ ਦਾ ਕਾਰਨ ਮਨੁੱਖ ਨੂੰ ਸੰਸਾਰਕ ਜੀਵਨ ਦੇ ਪਦਾਰਥਾਂ ਤੇ ਮਾਇਆ ਆਦਿ ਦੀ ਥੋੜ੍ਹਚਿਰਤਾ, ਅਸਥਿਰਤਾ, ਤੇ ਨਾਸ਼ਮਾਨਤਾ ਨੂੰ ਦ੍ਰਿੜ੍ਹ ਕਰਾਉਣਾ ਹੈ। ਅੰਤਿਮ ਸੱਚ ਨੂੰ ਦ੍ਰਿੜ੍ਹ ਕਰਾਉਣ ਲਈ ਹੀ ਇਹ ਰਚਨਾ ਆਦਿ ਗ੍ਰੰਥ ਦੇ ਅੰਤ ਵਿਚ ਰਖੀ ਗਈ ਹੈ—

ਸਲੋਕ ਮਹਲਾ ੯ ਤੋਂ ਬਾਅਦ ਮੁੰਦਾਵਣੀ ਮਹਲਾ ੫ ਅੰਕਿਤ ਕੀਤਾ ਗਿਆ ਹੈ। ਮਹਾਨ ਕੋਸ਼ਾਂ ਅਨੁਸਾਰ ਇਹ ਮੋਹਰ ਛਾਪ ਲਾਉਣ ਦੀ ਕ੍ਰਿਆ ਹੈ। ਮੁੰਦਾਵਣੀ ਸ਼ਬਦ ਦਾ ਅਰਥ ਬੁਝਾਰਤ ਵੀ ਕੀਤਾ ਜਾਂਦਾ ਹੈ। ਬੁਝਾਰਤ ਦੇ ਅਰਥਾਂ ਵਿਚ ਵੀ ਮੁੰਦਾਵਣੀ ਸ਼ਬਦ ਦਾ ਪ੍ਰਯੋਗ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਕੀਤਾ ਗਿਆ ਹੈ। 'ਇਹ ਮੁੰਦਾਵਣੀ ਸਤਿਗੁਰੂ ਪਾਈ ਗੁਰਸਿਖਾਂ ਲਧੀ ਭਾਲਿ,' ਵਾਰ ਸੋਰਠ ਮਹਲਾ ੩ ਇਥੇ ਇਹ ਸ਼ਬਦ ਤੁਕ ਵਿਚ ਆਇਆ ਹੈ, ਸਿਰਲੇਖ ਵਜੋਂ ਨਹੀਂ। ਅਖੀਰ ਵਿਚ, ਮੁੰਦਾਵਣੀ ਮਹਲਾ ੫ ਸਿਰਲੇਖ ਦੇ ਰੂਪ ਵਿਚ ਆਈ ਹੈ ਜਿਸ ਦਾ ਭਾਵ ਹੈ, ਅੰਤਿਮ ਛਾਪ ਜਾਂ ਮੋਹਰ। ਸਮਾਪਤੀ ਉਪਰ (ਮੁਦ੍ਰਾਕਣ ਜਾਂ ਮੁਦ੍ਰ ਅੰਕਣ) ਕਰਕੇ ਇਹ ਉਪਦੇਸ਼ ਹੈ ਕਿ ਇਥੇ ਧਰਮ-ਗ੍ਰੰਥ ਦੇ ਪਾਠ ਦਾ ਭੋਗ ਹੈ। ਜੇ ਮਹਾਨ ਕੋਸ਼ ਅਨੁਸਾਰ ਇਹ ਮੰਨ ਲਿਆ ਜਾਵੇ ਕਿ ਮੁੰਦਾਵਣੀ ਅੰਤਿਮ ਮੋਹਰ ਹੈ ਤਾਂ ਪ੍ਰਸ਼ਨ ਪੈਦਾ ਹੁੰਦਾ ਹੈ, ਮੋਹਰ ਲਗਣ ਤੋਂ ਬਾਅਦ ਤਾਂ ਖ਼ਾਲੀ ਦਸਖ਼ਤ ਕਰਨੇ ਹੀ ਰਹਿ ਜਾਂਦੇ ਹਨ ਪਰ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਮੁੰਦਾਵਣੀ ਤੋਂ ਬਾਅਦ ਰਾਗਮਾਲਾ ਵੀ ਅੰਕਿਤ ਕੀਤੀ ਗਈ ਹੈ। ਮੋਹਰ ਲਗਣ ਤੋਂ ਬਾਅਦ ਕੁਝ ਵੀ ਲਿਖਣਾ ਸੰਦੇਹ ਉਤਪੰਨ ਕਰਦਾ ਹੈ। ਗਹੁ ਨਾਲ ਵਿਚਾਰਿਆ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਆਦਿਗ੍ਰੰਥ ਦੇ ਵਿਸ਼ੇ ਅਨੁਸਾਰ ਮੁੰਦਾਵਣੀ ਹੀ ਇਸਦੀ ਅੰਤਿਮ ਮੋਹਰ ਹੈ। ਇਸਦੇ ਸੰਪਾਦਕ ਨੇ ਸਪਸ਼ਟ ਕਰ ਦਿਤਾ ਹੈ ਕਿ ਇਸ ਮਹਾਨ ਗ੍ਰੰਥ (ਥਾਲ) ਵਿਚ ਸਤਿ,ਸੰਤੋਖ ਤੇ ਨਾਮ ਜੋ ਕੁਲ ਕਾਇਨਾਤ ਦਾ ਆਸਰਾ ਹਨ, ਰਖੇ ਹਨ। ਜੋ ਕੋਈ ਇਸ ਗ੍ਰੰਥ ਦੀ ਵਿਚਾਰ ਕਰੇਗਾ, ਪਚਾ ਕੇ ਵਰਤੇਗਾ, ਉਸ ਦੀ ਕਲਿਆਨ ਹੋਵੇਗੀ।

ਮੁੰਦਾਵਣੀ ਤੋਂ ਬਾਅਦ ਰਾਗ ਮਾਲਾ ਅੰਕਿਤ ਹੈ। ਰਾਗਮਾਲਾ ਦਾ ਆਦਿ ਸ੍ਰੀ ਗੁਰੂ ਗ੍ਰੰਥ ਦੇ ਵਸਤੂ-ਵਿਚਾਰ ਨਾਲ ਕੋਈ ਸੰਬੰਧ ਨਹੀਂ ਤੇ ਨਾ ਹੀ ਇਹ ਕਿਸੇ ਰਾਗ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਲਿਖੀ ਗਈ ਹੈ । ਮਹਾਨ ਕੋਸ਼ ਅਨੁਸਾਰ ਰਾਗਮਾਲਾ ਦਾ ਅਰਥ ਹੈ ਰੰਗੀਨ ਮਾਲਾ, ਰੰਗ ਬਰੰਗੀ ਮਾਲਾ, ਐਸੀ ਰਚਨਾ ਜਿਸ ਵਿਚ ਰਾਗਾਂ ਦੀ ਨਾਮਾਵਲੀ ⁰ ਹੋਵੇ ।

ਗੁਰੂ ਅਰਜਨ ਦੇਵ ਨੇ ਬਾਣੀ ਲਿਖਣ ਲਈ ਇਕ ਵਖਰੀ ਸ਼ਬਦ-ਜੋੜ-ਸ਼ੈਲੀ ਦੀ ਸਥਾਪਨਾ ਕੀਤੀ, ਸੰਸਕ੍ਰਿਤ ਛੱਡ ਕੇ ਲੋਕ ਭਾਸ਼ਾ ਅਪਣਾਈ, ਗੁਰਮਤਿ ਦਾ ਨਵਾਂ ਤੀਰਥਰਾਜ ਹਰਿਮੰਦਰ ਰਚਿਆ, ਗੁਰੂ-ਮਤ ਦੇ ਅਨੁਯਾਈਆਂ ਲਈ ਧਰਮ ਗ੍ਰੰਥ ਦਾ ਸੰਕਲਨ ਵੀ ਅਡਰੇ ਢੰਗ ਨਾਲ ਕੀਤਾ । ਇਸੇ ਤਰ੍ਹਾਂ ਗੁਰਮਤਿ ਸੰਗੀਤ ਵੀ ਆਪਣੀਆਂ ਵਖਰੀਆਂ ਲੀਹਾਂ ਉੱਤੇ ਚਲਾਇਆ । ਡਾ: ਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਇਕ ਲੰਮੀ ਚੌੜੀ ਬਹਿਸ ਕੀਤੀ ਹੈ ਅਤੇ ਨਿਸਚੇ ਪੂਰਬਕ ਇਸ ਤੱਥ ਉੱਤੇ ਜ਼ੋਰ ਦਿਤਾ ਹੈ ਕਿ ਗੁਰਮਤਿ ਸੰਗੀਤ ਇਕ ਅਡਰਾ ਮਤ ਹੈ । ਇਨ੍ਹਾਂ ਦੇ ਨਿਰਣੈ ਅਨੁਸਾਰ ਰਾਗ ਮਾਲਾ ਦਾ ਸੰਬੰਧ ਕੇਵਲ ਗੁਰਮਤਿ ਸੰਗੀਤ ਨਾਲ ਹੈ । ਡਾ: ਚਰਨ ਸਿੰਘ[11] ਦੇ ਮਤ ਅਨੁਸਾਰ ਜਿਵੇਂ ਆਦਿ ਤਤਕਰਾ ਜਪੁ ਨੀਸਾਣ ਤੇ ਹੈ, ਤਿਵੇਂ ਹੀ ਰਾਗਾਂ ਦਾ ਤਤਕਰਾ ਰਾਗ ਮਾਲਾ, ਅੰਤ ਵਿਚ ਵਿਦਮਾਨ ਹੈ । ਰਾਗ ਮਾਲਾ ਗੁਰਮਤਿ ਸੰਗੀਤ ਦੇ ਰਾਗਾਂ ਦੀ ਸੂਚੀ ਪੱਤਰ ਅਥਵਾ ਬੰਸਾਵਲੀ ਨਾਮਾ ਹੈ । ਉਦਾਹਰਣ ਵਜੋਂ—

ਰਾਗ ਏਕ ਸੰਗਿ ਪੰਚ ਬਰੰਗਨ ਸੰਗਿ ਅਲਾਪਹਿ ਆਠਉ ਨੰਦਨ ॥
ਪ੍ਰਥਮ ਰਾਗ ਭੈਰਉ ਵੈ ਕਰਹੀ ਪੰਚ ਰਾਗਨੀ ਸੰਗਿ ਉਚਰਹੀ ॥
ਪ੍ਰਥਮ ਭੈਰਵੀ ਬਿਲਾਵਲੀ ਪੁੰਨਿਆਕੀ ਗਾਵਹਿ ਬੰਗਲੀ ॥
ਪੁਨਿ ਅਸਲੇਖੀ ਕੀ ਭਈ ਬਾਰੀ ਏ ਭੈਰਉ ਕੀ ਪਾਂਚਉ ਨਾਰੀ ॥

ਆਦਿ ਗ੍ਰੰਥ/੧੪੨੯

ਅਰਥਾਤ ਇਕ-ਇਕ ਰਾਗ ਦੇ ਨਾਲ ਪੰਜ-ਪੰਜ ਬਰ+ਅੰਗਨ; ਸ੍ਰੇਸ਼ਟ ਅੰਗਾਂ ਵਾਲੀਆਂ ਇਸਤਰੀਆਂ ਹਨ । ਇਕ-ਇਕ ਰਾਗ ਦੇ ਅਗੋਂ ਅੱਠ-ਅੱਠ ਪੁੱਤਰ ਹਨ । ਸਭ ਤੋਂ ਪਹਿਲਾਂ ਰਾਗ ਭੈਰਉ ਹੈ, ਜਿਸ ਦੀਆਂ ਪੰਜ ਰਾਗਣੀਆਂ ਹਨ । ਪਹਿਲੀ ਭੈਰਵੀ, ਦੂਜੀ ਬਿਲਾਵਲੀ,ਤੀਜੀ ਪੁੰਨਿਆਕੀ,ਚੌਥੀ ਬੰਗਲੀ ਤੇ ਪੰਜਵੀਂ ਅਸਲੇਖੀ ਹੈ ।

ਰਾਗ ਮਾਲਾ ਕਿਸ ਦੀ ਰਚਨਾ ਹੈ, ਇਸ ਬਾਰੇ ਸੰਦੇਹ ਕੀਤਾ ਜਾਂਦਾ ਹੈ । ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਬਾਣੀ ਦੇ ਹਰ ਸ਼ਬਦ ਦੇ ਅੰਤ ਵਿਚ ਉਸਦੇ ਰਚਨਹਾਰ ਦਾ ਸੰਕੇਤ ਕੀਤਾ ਹੈ । ਗੁਰੂਆਂ ਦੀ ਬਾਣੀ ਨੂੰ ਮਹਲੇ ਦੇ ਅੰਕਾਂ ਨਾਲ ਸਪਸ਼ਟ ਕੀਤਾ ਹੈ । ਪਰ ਰਾਗ ਮਾਲਾ ਵਿਚ ਨਾ ਤਾਂ ਨਾਟਕ ਪਦ ਹੀ ਆਇਆ ਹੈ ਤੇ ਨਾ ਹੀ ਕਿਸੇ ਹੋਰਸ ਦਾ ਨਾਮ । ਜੇ ਇਹ ਰਚਨਾ ਗੁਰੂ ਅਰਜਨ ਦੇਵ ਦੀ ਹੀ ਹੈ ਤਾਂ ਉਪਰ ਮਹਲਾ ੫ ਜ਼ਰੂਰ ਆਉਣਾ ਚਾਹੀਦਾ ਸੀ ।

ਪਰ ਡਾ: ਚਰਨ ਸਿੰਘ ਦੇ ਮਤ ਅਨੁਸਾਰ[12] ਆਦਿ ਗ੍ਰੰਥ ਵਿਚ ਅੰਕਿਤ ਸਿਰਲੇਖਾਂ ਧੁਨਾਂ ਤੇ ਤਤਕਰੇ ਦੀਆਂ ਟੂਕ ਮਾਤ੍ਰ ਤੁਕਾਂ ਵਿਚ ਨਾਨਕ-ਪਦ ਨਹੀਂ ਵਰਤਿਆਂ ਗਿਆ । ਜੇ ਇਹ ਕਿਹਾ ਜਾਏ ਕਿ ਉਹ ਸਿਰਲੇਖ ਤਾਂ ਤਤਕਰੇ ਮਾਤ੍ਰ ਹਨ ਤਾਂ ਰਾਗ ਮਾਲਾ ਵੀ ਤਾਂ ਰਾਗਾਂ ਦਾ ਤਤਕਰਾ ਹੀ ਹੈ । ਰਾਗਾਂ ਦੇ ਨਾਮ ਸ਼ਬਦਾਂ ਦੇ ਸਿਰਲੇਖ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਆਦਿ ਗ੍ਰੰਥ ਵਿਚ ਵਿਦਮਾਨ ਹਨ ਜਿਵੇਂ ਕਿ ਸ੍ਰੀ ਰਾਗ ਮਹਲਾ੍ਹ੧, ਸੋਰਠ ਮਹਲਾ ੧ ਆਦਿ। ਇਹ ਪਾਠ ਵੇਲੇ ਨਾਲੋ ਨਾਲ ਰੋਜ਼ ਪੜ੍ਹਦੇ ਹਾਂ, ਇਨ੍ਹਾਂ ਦਾ ਤਤਕਰਾ ਹੀ ਰਾਗ ਮਾਲਾ ਹੈ। ਇਕ ਥਾਂ ਪਾਠ ਕਰਨਾ ਤੇ ਦੂਜੀ ਥਾਂ ਸੰਦੇਹ ਕਰਨਾ ਕੋਈ ਅਰਥ ਨਹੀਂ ਰਖਦਾ।

ਭਾਈ ਸੰਤੋਖ ਸਿੰਘ ਲਿਖਦਾ ਹੈ—

ਰਾਗ ਮਾਲ ਸ੍ਰੀ ਗੁਰ ਕੀ ਕ੍ਰਿਤ ਨਹਿ, ਹੈ ਮੁੰਦਾਵਣੀ ਲਗਿ ਗੁਰ ਬੈਨਾ[13]।

ਫਿਰ ਇਹ ਵੀ ਲਿਖਦੇ ਹਨ—

ਇਹ ਸੁਧ ਨਹੀਂ ਲਿਖੀ ਇਹ ਗੁਰ ਨੇ, ਕਿਸੇ ਸਿਖ ਕਾਹੂ ਲਿਖ ਦੀਨ[14]

ਭਾਈ ਸੰਤੋਖ ਸਿੰਘ ਨੂੰ ਪਤਾ ਨਹੀਂ ਕਿ ਰਾਗ ਮਾਲਾ ਗੁਰੂ ਜੀ ਨੇ ਲਿਖੀ ਜਾਂ ਕਿਸੇ ਸਿਖ ਨੇ ਲਿਖੀ, ਤਾਂ ਉਹ ਕੌਣ ਸੀ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇਵੀਂ ਪਾਤਸ਼ਾਹੀ ਨੇ ਧੁਨਾਂ ਚੜ੍ਹਾਈਆਂ, ਭਾਈ ਬੰਨੋ ਨੇ ਰਤਨ ਮਾਲਾ ਚੜ੍ਹਾਈ, ਦਸਵੇਂ ਪਾਤਸ਼ਾਹ ਨੇ ਨਾਵੇਂ ਗੁਰੂ ਦੀ ਬਾਣੀ ਚੜ੍ਹਾਈ, ਸਭ ਹਾਲ ਤੇ ਨਾਮ ਅਜ ਤਕ ਮਾਲੂਮ ਹਨ। ਰਾਗ ਮਾਲਾ ਕਿਸੇ ਹੋਰ ਨੇ ਚੜ੍ਹਾਈ? ਇਸ ਦਾ ਕੋਈ ਥਹੁ ਪਤਾ ਨਹੀਂ। ਕਿਸੇ ਦਾ ਨਾਮ ਅਜ ਤਕ ਪਤਾ ਨਹੀਂ ਲਗਾ? ਇਹ ਵੀ ਪਤਾ ਨਹੀਂ ਮਿਲਦਾ ਕਿ ਰਾਗਮਾਲਾ ਕਿਹੜੇ ਸਮੇਂ ਤੇ ਕਿਸ ਜੁਗਤ ਨਾਲ ਆਦਿ ਗ੍ਰੰਥ ਵਿਚ ਚੜ੍ਹਾਈ ਗਈ। ਚੋਰੀ ਚੜ੍ਹ ਨਹੀਂ ਸਕਦੀ। ਕਰਤਾਰਪੁਰ, ਦਮਦਮੇ ਤੇ ਮਾਂਗਟ ਵਾਲੀਆਂ ਬੀੜਾਂ ਉਪਰ ਰਾਗ ਮਾਲਾ ਮੌਜੂਦ ਹੈ[15]। ਇਹ ਕਿਵੇਂ ਹੋ ਸਕਦਾ ਹੈ ਕਿ ਪੰਜਵੇਂ ਤੋਂ ਦਸਵੇਂ ਗੁਰੂ ਦੇ ਸਮੇਂ ਵਿਚ ਰਾਗ ਮਾਲਾ ਬੀੜ ਵਿਚ ਕੋਈ ਚਾੜ੍ਹੇ ਤੇ ਪਤਾ ਨਾ ਲਗੇ। ਡਾ. ਚਰਨ ਸਿੰਘ[16] ਲਿਖਦੇ ਹਨ "ਅਸਾਂ ਦਸਤਖਤੀ ਬੀੜਾ ਉਪਰ ਵੀ ਰਾਗਮਾਲਾ ਦੇਖੀ ਹੈ ਅਰ ਦਸਤਖਤ ਰਾਗਮਾਲਾ ਦੇ ਮਗਰੋਂ ਹੋਏ ਹਨ।" ਭਾਈ ਮਨੀ ਸਿੰਘ ਨੇ ਬੀੜ ਵਿਚ ਵਾਧਾ ਘਾਟਾ ਕਰਨਾ ਚਾਹਿਆ ਤਾਂ ਪੰਥ ਨੇ ਪ੍ਰਵਾਨ ਨਾ ਕੀਤਾ, ਰਾਗਮਾਲਾ ਕਿਵੇਂ ਨਜ਼ਰੋਂ ਓਹਲੇ ਚੜ੍ਹ ਗਈ? ਡਾ. ਸਾਹਿਬ ਦੇ ਕਥਨ ਅਨੁਸਾਰ ਕਰਤਾਰਪੁਰ ਵਾਲੀ ਬੀੜ ਵਿਚ ਅਜ ਤਕ ਨਾਵੇਂ ਗੁਰੂ ਦੀ ਬਾਣੀ ਕਿਸੇ ਨੇ ਨਹੀਂ ਚੜ੍ਹਾਈ, ਪਤਰੇ ਖ਼ਾਲੀ ਪਏ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਕਿਸੇ ਨੇ ਰਾਗਮਾਲਾ ਬੀੜ ਵਿਚ ਚੜ੍ਹਾਈ ਹੋਵੇ ਤਾਂ ਉਸ ਦਾ ਨਾਮ ਨਾ ਪ੍ਰਗਟ ਹੋਵੇ।

ਫਿਰ ਦੂਜੀ ਬੀੜ ਭਾਈ ਬੰਨੋ ਵਾਲੀ ਹੈ, ਜਿਸ ਦਾ ਪ੍ਰਸੰਗ ਬੜਾ ਉੱਘਾ ਹੈ, ਇਸ ਵਿਚ ਵੀ ਰਾਗਮਾਲਾ ਵਿਦਮਾਨ ਹੈ। ਚਲੋ ਜੇ ਇਹ ਵੀ ਮੰਨ ਲਿਆ ਜਾਏ ਕਿ ਭਾਈ ਬੰਨੋ ਨੇ ਬਹੁਤ ਸਾਰੀ ਬਾਣੀ ਹੋਰ ਵੀ ਚੜ੍ਹਾ ਲਈ ਸੀ ਇਸ ਕਰਕੇ ਇਸ ਬੀੜ ਨੂੰ ਪੰਚਮ ਗੁਰੂ ਨੇ ਖਾਰੀ ਬੀੜ ਕਿਹਾ। ਪਰ ਤੀਜੀ ਬੀੜ ਜੋ ਦਮਦਮੇ ਵਾਲੀ ਹੈ ਉਸ ਵਿਚ ਵੀ ਰਾਗਮਾਲਾ ਮੌਜੂਦ ਹੈ। ਇਹ ਬੀੜ ਗੁਰੂ ਗੋਬਿੰਦ ਸਿੰਘ ਦੀ ਉਚਾਰੀ ਕਹੀ ਜਾਂਦੀ ਹੈ।

ਅੰਤ ਵਿਚ, ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਹੀ ਪੰਜਵੇਂ ਗੁਰੂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਮੇਂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਗਈ। "ਫਰੀਦਕੋਟ ਵਿਚ ਇਕੱਤ੍ਰ ਹੋਏ ਪੰਥ ਦੇ ਉਸ ਸਮੇਂ ਦੇ ਗਿਆਨੀਆਂ ਨੇ ਰਾਗਮਾਲਾ ਨੂੰ ਰਾਗਾਂ ਦੀ ਸੂਚੀ ਪੱਤਰ ਲਿਖਿਆ ਹੈ ਜੋ ਗੁਰੂ ਅਰਜਨ ਦੇਵ ਦੀ ਆਗਿਆ ਨਾਲ ਭਾਈ ਗੁਰਦਾਸ ਜੀ ਨੇ ਲਿਖਿਆ[17]।"

ਰਾਗਮਾਲਾ ਉਪਰ ਇਕ ਹੋਰ ਕਿੰਤੂ ਵੀ ਕੀਤਾ ਜਾਂਦਾ ਹੈ ਕਿ ਇਹ ਗੁਰੂ ਅਰਜਨ ਦੇਵ ਦੀ ਰਚਨਾ ਨਹੀਂ ਬਲਕਿ ਆਲਮ ਕਵੀ ਦੀ ਹੈ। ਇਸ ਉਪਰ ਚਰਚਾ ਕਰਨੀ ਵੀ ਕੁਝ ਜ਼ਰੂਰੀ ਭਾਸਦੀ ਹੈ। ਇਸ ਸਾਰੀ ਵਾਰਤਾ ਦਾ ਪਿਛੋਕੜ ਇਉਂ ਹੈ। ਅਕਬਰ ਦੇ ਸਮੇਂ ਜੋਧ ਕਵੀ ਨੇ ਸੰਸਕ੍ਰਿਤ ਵਿਚ ਮਾਧਵ ਨਲ ਕਾਮ ਕੰਦਲਾ ਪੁਸਤਕ ੯੯੧ ਹਿਜਰੀ ਵਿਚ ਲਿਖੀ। ਇਸ ਪੁਸਤਕ ਦਾ ਆਲਮ ਕਵੀ ਨੇ ਹਿੰਦੀ ਵਿਚ ਅਨੁਵਾਦ ਕੀਤਾ—

ਦਿਵ[18] ਨਵ ਚੰਦ੍ਰ ਸਿਤੇ ਅਵਧੈ ਪਾਵਨੇ ਭਾਖਦੇ ਕਥਾ (ਜੋਧ ਕਵੀ)

ਅਰਥਾਤ ਦੋ ਨਾਏਂ ਤੇ ਇਕ ਏਕਾ ਭਾਵ ਸੰਨ 991 ਵਿਚ ਏਹ ਕਥਾ ਵਰਨਣ ਕੀਤੀ ਗਈ।

ਜੋਧ ਕਵੀ ਦੀ ਰਚਨਾ ਦਾ ਸੰਨ ਕਵੀ ਆਲਮ ਦੇ ਉਲਥੇ ਦਾ ਸਮਾਂ ਸਮਝ ਲਿਆ ਗਿਆ 991 ਹਿਜਰੀ ਦਾ ਬਿਕ੍ਰਮੀ ਸੰਮਤ 1640 ਬਣਦਾ ਹੈ। ਆਦਿ ਗ੍ਰੰਥ ਦੀ ਬੀੜ ਦਾ ਸੰਪਾਦਨ 1661 ਸੰਮਤ ਵਿਚ ਹੋਇਆ ਇਸ ਹਿਸਾਬ ਨਾਲ ਆਲਮ ਦੀ ਰਚਨਾ ਆਦਿ ਗ੍ਰੰਥ ਤੋਂ 21 ਵਰ੍ਹੇ ਪਹਿਲਾਂ ਦੀ ਬਣਦੀ ਸੀ। ਨਵੀਨ ਖੋਜ ਅਨੁਸਾਰ ਆਲਮ ਕਵੀ ਦੀ ਕਵਿਤਾ ਦਾ ਸਮਾਂ, ਹਿੰਦੀ ਸ਼ਬਦ ਸਾਗਰ ਜੋ ਨਾਗਰੀ ਪ੍ਰਚਾਰਨੀ ਸਭਾ ਬਨਾਰਸ, ਨੇ ਛਪਵਾਇਆ ਸੀ, ਵਿਚ 1740 ਬਿ: ਤੋਂ 1760 ਬਿ: ਤਕ ਦਾ ਦਿਤਾ ਹੋਇਆ ਹੈ। ਹੁਣ ਆਲਮ ਦੀ ਮਾਧਵ ਨਲ ਕਾਮ ਕੰਦਲਾ ਦੀ ਦੇਵ ਨਾਗਰੀ ਅਖਰਾਂ ਵਿਚ ਲਿਖਿਤ, ਇਕ ਪੋਥੀ ਮਿਲੀ ਹੈ, ਜਿਸ ਵਿਚ ਆਲਮ ਨੇ ਆਪ ਲਿਖਿਆ ਹੈ[19]—

ਬੇਦ ਦੀਪ ਮੁਨਿ ਇੰਦ ਧਰਾ ਸਵਿਤਾ ਜੁਵਤਿ ਗਯਾਨ
ਹੰਸ ਵਾਰ ਥਿਤ ਅਸ਼ਟਮੀ ਸਾਕਾ ਬਿਕ੍ਰਮ ਜਾਨ।

ਅਰਥਾਤ ਸੰਮਤ 1774 ਬਿ: ਮਹੀਨਾ ਭਾਦਰੋਂ, ਦਿਨ ਐਤ, ਸੁਦੀ ਪੱਖ ਦੀ ਅਸ਼ਟਮੀ ਸੀ ਜਦ ਮਾਧਵ ਨਲ ਕਾਮ ਕੰਦਲਾ ਗ੍ਰੰਥ ਤਿਆਰ ਹੋਇਆ। ਸਪਸ਼ਟ ਹੈ, ਆਲਮ 1774 ਬਿ: ਤਕ ਜਿਊਂਦਾ ਸੀ। ਆਦਿ ਗ੍ਰੰਥ ਦੇ ਸੰਪਾਦਨ ਤੇ ਆਲਮ ਦੇ ਉੱਲਥੇ ਵਿਚ 113 ਸਾਲਾਂ ਦਾ ਫਰਕ ਹੈ। ਅਸਲ ਵਿਚ 991 ਹਿਜਰੀ 1640 ਬਿ: ਤੋਂ ਹੀ ਲਿਖਾਰੀਆਂ ਨੇ ਟਪਲਾ ਖਾਧਾ ਹੈ। 113 ਸਾਲਾਂ ਦੇ ਬਾਦ ਦੀ ਲਿਖਤ ਆਦਿ ਗ੍ਰੰਥ ਦੀ ਬੀੜ ਵਿਚ ਕਿਵੇਂ ਚੜ੍ਹ ਸਕਦੀ ਹੈ? (ਉਪਰੋਕਤ ਕਥਨ ਭਾਈ ਵੀਰ ਸਿੰਘ ਦੀ ਟਿਪਣੀ ਦੇ ਆਧਾਰ ਉਤੇ ਲਿਖਿਆ ਗਿਆ ਹੈ)।

ਪਹਿਲੇ ਸੰਕੇਤ ਕੀਤਾ ਜਾ ਚੁੱਕਾ ਹੈ ਕਿ ਰਾਗਮਾਲਾ ਦੇ ਰਚਨਹਾਰ ਬਾਰੇ ਸੰਦੇਹ ਹੈ। ਇਸ ਦਾ ਕਾਰਣ, ਮਹਲਾ ਸੰਕੇਤ ਦੀ ਅਣਹੋਂਦ ਤੇ। ਮਹਲਾ-ਸੰਕੇਤ ਦੀ ਅਣਹੋਂਦ ਨੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਵਿਰੋਧੀ ਪਖਾਂ ਨੂੰ ਅਸਵੀਕਾਰ ਕਰਦੇ ਹਨ। ਪਹਿਲੇ ਮਤ ਅਨੁਸਾਰ ਰਾਗਮਾਲਾ ਪੰਚਮ ਗੁਰੂ ਦੀ ਕ੍ਰਿਤ ਹੈ। ਪੰਜਵੇਂ ਗੁਰੂ ਦੇ ਆਦੇਸ਼ ਅਨੁਸਾਰ ਹੀ ਭਾਈ ਗੁਰਦਾਸ ਨੇ ਰਾਗਮਾਲਾ ਆਦਿ ਗ੍ਰੰਥ ਵਿਚ ਦਰਜ ਕੀਤੀ। ਇਸ ਮਤ ਦੀ ਪ੍ਰੌੜਤਾ ਭਾਈ ਵੀਰ ਸਿੰਘ[20] ਅਤੇ ਡਾ: ਚਰਨ ਸਿੰਘ[21] ਨੇ ਕੀਤੀ ਹੈ।

ਦੂਸਰੇ ਮਤ ਅਨੁਸਾਰ ਰਾਗਮਾਲਾ ਆਲਮ ਕਵੀ ਦੀ ਕ੍ਰਿਤ ਹੈ। ਕਿਸੇ ਅਣਜਾਣ ਭਾਈ ਦੀ ਅਣਗਹਿਲੀ ਕਾਰਨ ਇਹ ਆਦਿ ਗ੍ਰੰਥ ਦੇ ਅੰਤਲੇ ਪਤਰਿਆਂ ਉੱਪਰ ਦਰਜ ਕਰ ਦਿਤੀ ਗਈ ਹੈ। ਇਸ ਤੱਥ ਦੀ ਪ੍ਰੌੜਤਾ ਭਾਈ ਸੰਤੋਖ ਸਿੰਘ[22] ਅਤੇ ਸ਼ਮਸ਼ੇਰ ਸਿੰਘ ਅਸ਼ੋਕ[23] ਨੇ ਕੀਤੀ ਹੈ।

ਦਲੀਲਾਂ ਦੋਹਾਂ ਪੱਖਾਂ ਦੀਆਂ ਵਜ਼ਨੀ ਹਨ। ਸਾਡੇ ਆਪਣੇ ਪਾਸ ਕੋਈ ਵੀ ਅਜਿਹਾ ਪ੍ਰਮਾਣਿਕ ਤੱਥ ਨਹੀਂ ਜਿਸਦੇ ਆਧਾਰ ਉਤੇ ਇਹ ਨਿਰਣੈ ਕੀਤਾ ਜਾ ਸਕੇ ਕਿ ਰਾਗਮਾਲਾ ਕਿਸ ਕਵੀ ਦੀ ਰਚਨਾ ਹੈ। ਪਰ ਇਤਨਾ ਤਾਂ ਨਿਸਚਿਤ ਹੀ ਹੈ, ਅਜ ਤਕ ਪ੍ਰਾਪਤ ਹੋਣ ਵਾਲੀਆਂ ਬੀੜਾਂ ਵਿਚੋਂ ਰਾਗਮਾਲਾ ਨੂੰ ਕੱਢਿਆ ਨਹੀਂ ਗਿਆ। ਅਸੀਂ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਦਾ ਅੰਗ ਹੀ ਮੰਨਿਆ ਹੈ। ਇਸੇ ਕਰਕੇ ਰਾਗਮਾਲਾ ਨੂੰ ਆਦਿ ਗ੍ਰੰਥ ਦੀ ਸੰਪਾਦਨ-ਵਿਧੀ ਦੇ ਅੰਤਰਗਤ ਵਿਚਾਰਨਾ ਉਚਿਤ ਸਮਝਿਆ ਹੈ।

ਇਕ ਸ਼ੰਕਾ ਪੈਦਾ ਹੁੰਦੀ ਹੈ ਕਿ ਕਈ ਰਾਗ ਰਾਗਮਾਲਾ ਵਿਚ ਅਜਿਹੇ ਵੀ ਹਨ ਜਿਨ੍ਹਾਂ ਵਿਚ ਬਾਣੀ ਨਹੀਂ ਰਚੀ ਗਈ। ਰਾਗਮਾਲਾ ਵਿਚ ੮੪ ਰਾਗਾਂ ਦਾ ਉਲੇਖ ਮਿਲਦਾ ਹੈ, ਜਦ ਕਿ ੩੧ ਰਾਗਾ ਵਿਚ ਅੰਕਿਤ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। ਇਸ ਦਾ ਕਾਰਨ ਇਹ ਹੈ ਕਿ ਆਦਿ ਗ੍ਰੰਥ ਸੰਗੀਤਕ, ਕਾਇਦੇ ਬੰਦੀ (ਵਿਆਕਰਣ) ਦਾ ਗ੍ਰੰਥ ਨਹੀਂ। ਜੇ ਇਹ ਰਾਗ-ਸਿਧਾਂਤ ਨੂੰ ਮੁਖ ਰੱਖ ਕੇ ਲਿਆ ਜਾਂਦਾ ਤਾਂ ਪਹਿਲਾਂ ਰਾਗਾਂ ਦੀਆਂ ਕਿਸਮਾਂ, ਰਾਗਾਂ ਦੇ ਸਰੂਪ ਤੇ ਰਾਗਾਂ ਦੀਆਂ ਬੰਦਿਸ਼ਾਂ ਉਦਾਹਰਣ ਵਜੋਂ ਦਿਤੀਆਂ ਜਾਣੀਆਂ ਚਾਹੀਦੀਆਂ ਸਨ। ਪਰ ਗੁਰੂ ਗ੍ਰੰਥ ਸਾਹਿਬ ਦੀ ਸ਼ੈਲੀ ਇਹ ਨਹੀਂ ਹੈ। ਸਪਸ਼ਟ ਹੈ, ਆਦਿ ਸ੍ਰੀ ਗੁਰੂ ਗ੍ਰੰਥ ਦੀ ਬਾਣੀ ਰਾਗ-ਬੱਧ ਹੈ। ਬਾਣੀ ਮੁੱਖ ਤੇ ਰਾਗ ਗੌਣ ਰੂਪ ਵਿਚ ਰਖਿਆ ਗਿਆ ਹੈ।

ਇਕ ਹੋਰ ਵਿਚਿਤਰ ਗੱਲ ਜੋ ਸਾਹਵੇਂ ਆਉਂਦੀ ਹੈ, ਉਹ ਹੈ ਰਾਗਮਾਲਾ ਦਾ ਆਰੰਭ ਭੈਰਉ ਰਾਗ ਨਾਲ ਹੋਇਆ ਹੈ ਪਰ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਸ੍ਰੀ ਰਾਗ ਨਾਲ ਹੁੰਦਾ ਹੈ। ਸੰਕੇਤ ਕੀਤਾ ਜਾ ਚੁਕਾ ਹੈ, ਭੈਰਉ ਰਾਗ ਰਾਗਮਾਲਾ ਵਿਚ ਇਸ ਲਈ ਪਹਿਲਾ ਹੈ ਕਿ ਕ੍ਰਮ ਬੰਦੀ ਵੇਲੇ ਅੰਮ੍ਰਿਤ ਵੇਲੇ ਦਾ ਪਹਿਲਾ ਰਾਗ ਹੈ। ਸਿਰੀ ਰਾਗ ਦਾ ਗਾਇਨ ਸਮਾਂ ਸ਼ਾਮ ਦਾ ਹੈ ਤਾਹੀਉਂ ਕਿਹਾ ਜਾਂਦਾ ਹੈ ਕਿ ਗੁਰਮਤਿ ਸੰਗੀਤ ਕ੍ਰਮ ਸ਼ਾਮ ਤੋਂ ਆਰੰਭ ਹੁੰਦਾ ਹੈ। ਇਹ ਵੀ ਰਵਾਇਤ ਹੈ, ਕਿ ਜਦ ਭਾਈ ਗੁਰਦਾਸ ਨੇ ਜਪੁ, ਰਹਿਰਾਸ ਅਤੇ ਕੀਰਤਨ ਸੋਹਿਲਾ ਲਿਖ ਲਿਆ ਤੇ ਰਾਗਾਂ ਦੀ ਵੰਡ ਵਿਚ ਬਾਣੀ ਲਿਖਣ ਲਗੇ ਤਾਂ ਸਮਾਂ ਸਿਰੀ ਰਾਗ ਦਾ ਸੀ। ਗੁਰੂ ਨਾਨਕ ਦੇਵ ਨੇ ਲਿਖਿਆ ਹੈ :

ਰਾਗਾਂ ਵਿਚ ਸਿਰੀ ਰਾਗ ਹੈ ਜੇ ਸਚ ਧਰੇ ਪਿਆਰ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਦੇਵ ਜੀ ਨੇ ਵੀ ਸਿਰੀ ਰਾਗ ਨੂੰ ਪਹਿਲ ਦਿਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਬੱਧ ਬਾਣੀ ਉਪਰ ਰਾਗ ਪਰਿਵਾਰ ਦਾ ਸਪਸ਼ਟ ਸੰਕੇਤ ਨਹੀਂ ਦਿੱਤਾ ਗਿਆ ਕਿ ਇਹ ਰਾਗ ਕਿਸ ਦੇ ਖ਼ਾਨਦਾਨ ਨਾਲ ਸੰਬੰਧਿਤ ਹੈ । ਰਾਗ-ਬੱਧ ਬਾਣੀ ਦੇ ਸਿਰਲੇਖ ਤੋਂ ਹੀ ਰਾਗ ਮਾਲਾ ਦੀ ਸਹਾਇਤਾ ਨਾਲ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਰਾਗ ਕਿਹੜੇ ਰਾਗ ਦੀ ਖ਼ਾਨਦਾਨੀ ਨਾਲ ਸੰਬੰਧਿਤ ਹੈ ।

ਹੁਣ ਇਕ ਨੁਕਤੇ ਉਤੇ ਵਿਚਾਰ ਕਰਨੀ ਬਾਕੀ ਹੈ ਕਿ ਰਾਗ ਮਾਲਾ ਨੂੰ ਮੁੰਦਾਵਣੀ ਤੋਂ ਬਾਅਦ ਕਿਉਂ ਰਖਿਆ ਗਿਆ ?

ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਵਸਤੂ ਨਾਲ ਰਾਗ ਮਾਲਾ ਕੋਈ ਸੰਬੰਧ ਨਹੀਂ ਰੱਖਦੀ। ਇਹ ਠੀਕ ਹੈ, ਰਾਗ ਮਾਲਾ ਵਿਚ ਰਾਗਾਂ ਦਾ ਵਿਸ਼ੈ-ਵਸਤੂ ਵਿਦਮਾਨ ਹੈ, ਪਰ ਇਸ ਦਾ ਸੰਬੰਧ ਗੁਰੂ ਗ੍ਰੰਥ ਸਾਹਿਬ ਦੀ ਰਾਗ-ਬੱਧ ਬਾਣੀ ਦੇ ਸਿਰਲੇਖ ਨਾਲ ਹੀ ਹੈ । ਪਰ ਮਹਾਨ ਰਚਨਾ ਵਿਚ ਇਕਸੁਰਤਾ ਅਤੇ ਇਕਾਗਰਤਾ ਦੇ ਗੁਣ ਹੋਣੇ ਜ਼ਰੂਰੀ ਹੁੰਦੇ ਹਨ । ਰਾਗ ਮਾਲਾ ਨੂੰ ਜੇ ਅਖ਼ੀਰ ਨਾਲੋਂ ਕਿਧਰੇ ਵਿਚਕਾਰ ਰਖਿਆ ਜਾਂਦਾ ਤਾਂ ਵਿਸ਼ੇ ਵਸਤੂ ਦੇ ਪੱਖੋਂ ਇਕਸੁਰਤਾ ਅਤੇ ਇਕਾਗਰਤਾ ਦਾ ਭੰਗ ਹੋਣਾ ਕੁਦਰਤੀ ਸੀ । ਵਿਸ਼ੇ ਵਸਤੂ ਨੂੰ ਮੁਖ ਰਖ ਕੇ ਰਾਗ ਮਾਲਾ ਅੰਤ ਵਿਚ ਰੱਖੀ ਗਈ ਹੈ ।

ਉਂਞ ਵੀ ਰਾਗ ਮਾਲਾ ਰਾਗ ਪਰਿਵਾਰ ਦਾ ਤਤਕਰਾ ਹੀ ਤਾਂ ਹੈ। ਤਤਕਰਾ ਰਚਨਾ ਦੇ ਅੰਤ ਵਿਚ ਦੇਣਾ ਹੀ ਬਣਦਾ ਹੈ । ਸਾਡੀ ਜਾਚੇ, ਇਸ ਤਤਕਰੇ ਨੂੰ ਪੰਚਮ ਗੁਰੂ ਨੇ ਅੰਤ ਵਿਚ ਦੇਣਾ ਇਸ ਲਈ ਜ਼ਰੂਰੀ ਸਮਝਿਆ ਕਿ ਆਦਿ ਗੁਰੂ ਗ੍ਰੰਥ ਵਿਚ ਆਏ ਰਾਗਾਂ ਉੱਪਰ ਕਿਸੇ ਪ੍ਰਕਾਰ ਦਾ ਸੰਦੇਹ ਜਾਂ ਕਿੰਤੂ ਨਾ ਕੀਤਾ ਜਾ ਸਕੇ ।

**ਸਾਰ—**

1. ਇਸ ਭਾਗ ਦੇ ਸਿਰਲੇਖ ਕਾਵਿ-ਛੰਦਾਂ ਉੱਪਰ ਆਧਾਰਿਤ ਹਨ ਅਥਵਾ ਇਸ ਭਾਗ ਦੀ ਬਾਣੀ ਕੇਵਲ ਕਾਵਿ-ਛੰਦਾਂ ਵਿਚ ਹੀ ਰਚੀ ਗਈ ਹੈ ।
2. ਪ੍ਰਤਿਸ਼ਠਿਤ ਗ੍ਰੰਥਾਂ ਵਾਂਗੂੰ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਵੀ ਤਿੰਨ ਮੰਗਲ ਅੰਕਿਤ ਕੀਤੇ ਗਏ ਹਨ ।
3. ਆਦਿ ਸ੍ਰੀ ਗੁਰੂ ਗ੍ਰੰਥ ਦੇ ਵਿਸ਼ੇ ਅਨੁਸਾਰ ਮੁੰਦਾਵਣੀ ਮੋਹਰ ਦੇ ਅਰਥ ਵਿਚ ਵਰਤੀ ਗਈ ਹੈ ।
4. ਰਾਗ ਮਾਲਾ ਰਾਗਾਂ ਦੀ ਬੰਸਾਵਲੀ ਦਾ ਤਤਕਰਾ ਹੈ।
5. ਇਹ ਰਚਨਾ ਕਵੀ ਆਲਮ ਦੀ ਨਹੀਂ ਸਗੋਂ ਗੁਰੂ ਅਰਜਨ ਦੇਵ ਜੀ ਦੇ ਕਹਿਣ ਉਤੇ ਭਾਈ ਗੁਰਦਾਸ ਨੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੀ ਹੈ ।
6. ਰਾਗ ਮਾਲਾ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਹੀ ਬੀੜ ਵਿਚ ਅੰਕਿਤ ਕਰ ਲਈ ਗਈ ।
7. ਰਾਗ ਮਾਲਾ ਦਾ ਆਰੰਭ ਸੰਗੀਤਕ ਕ੍ਰਮ ਅਨੁਸਾਰ ਭੈਰਉ ਰਾਗ ਨਾਲ ਹੁੰਦਾ ਹੈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਆਦਿ ਸ੍ਰੀ ਗੁਰੂ ਗ੍ਰੰਥ ਦੀ ਬਾਣੀ ਸਿਰੀ ਰਾਗ ਨਾਲ ਆਰੰਭ ਹੁੰਦੀ ਹੈ ਜੋ ਸ਼ਾਮ ਦਾ ਰਾਗ ਹੈ।

8. ਰਾਗ ਮਾਲਾ ਨੂੰ ਮੁੰਦਾਵਣੀ ਤੋਂ ਬਾਅਦ ਰੱਖਣ ਦਾ ਕਾਰਨ ਆਦਿ ਸ੍ਰੀਗੁਰੂ ਗ੍ਰੰਥ ਦੇ ਵਿਸ਼ੇ ਵਸਤੂ ਦੀ ਇਕਸੁਰਤਾ ਅਤੇ ਇਕਸਾਰਤਾ ਦਾ ਭੰਗ ਨਾ ਕਰਨਾ ਹੈ।

## ਫੁਟ ਨੋਟ

1. ਗਿਆਨੀ ਕ੍ਰਿਪਾਲ ਸਿੰਘ, ਸ੍ਰੀ ਅਮੀਰ ਰਤਨ, ਪੰਨਾ 1152 ਤੋਂ 1153
2. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ 129
3. ,, ,, ,, ,, 102
4. ,, ,, ,, ,, 102
5. ,, ,, ,, ,, 303
6. ,, ,, ,, ,, 612
7. ,, ,, ,, ,, 130
8. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ 129
9. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ 738-739
10. ਭਾਈ ਕਾਹਨ ਸਿੰਘ, ਮਹਾਨ ਕੋਸ਼, ਪੰਨਾ 770
11. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1194-1195
12. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1195
13. ਭਾਈ ਸੰਤੋਖ ਸਿੰਘ, ਗੁ: ਪ੍ਰ: ਸੂ: ਗ੍ਰੰ: ਪੰਨਾ 1064
14. ਭਾਈ ਸੰਤੋਖ ਸਿੰਘ, ਗੁ: ਪ੍ਰ: ਸੂ: ਗ੍ਰੰ: ਪੰਨਾ 1064
15. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1194
16. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1194
17. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1184
18. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1184
19. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਸੰਪਾਦਿਤ ਭਾਈ ਵੀਰ ਸਿੰਘ, ਪੰਨਾ 2132
20. ਡਾ: ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 1183 ਤੋਂ 1187
21. ਟਿੱਪਣੀ ਭਾਈ ਵੀਰ ਸਿੰਘ, ਸੰ: ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1064 ਤੇ 1067
22. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1064
23. ਅਸ਼ੋਕ, ਸ਼ਮਸ਼ੇਰ ਸਿੰਘ, ਮਾਧਵ ਨਲ ਕਾਮ ਕੰਦਲਾ ਤੇ ਰਾਗਮਾਲਾ ਨਿਰਣਯ, ਪੰਨਾ 1 ਤੋਂ 42



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਾਰ

ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ ਆਦਿ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨ-ਵਿਧੀ ਨੂੰ ਅੰਕਿਤ ਕਰਨ ਉਪਰੰਤ ਹੇਠ ਲਿਖੇ ਨਤੀਜੇ ਕੱਢੇ ਜਾ ਸਕਦੇ ਹਨ :

**੧. ਗੁਰੂ ਅਰਜਨ ਪਾਸ ਰਾਸ਼ਟਰ-ਏਕੀਕਰਣ ਦੀ ਭਾਵਨਾ ਸੀ—**

ਪੰਚਮ ਗੁਰੂ ਨੇ ਗੁਰੂ-ਬਾਣੀ ਤੋਂ ਇਲਾਵਾ ਭਾਰਤ ਦੇ ਵਿਭਿੰਨ 15 ਸੰਤਾਂ-ਭਗਤਾਂ ਦੀ ਚੋਣਵੀਂ ਬਾਣੀ ਬਿਨਾਂ ਕਿਸੇ ਭੇਦ-ਭਾਵ ਦੇ, ਆਦਿ ਗ੍ਰੰਥ ਵਿਚ ਸੰਕਲਿਤ ਕੀਤੀ। ਇਸ ਦਾ ਇਕੋ ਇਕ ਕਾਰਣ ਰਾਸ਼ਟਰ-ਏਕੀਕਰਣ ਦੀ ਭਾਵਨਾ ਹੈ ਜੋ ਤਤਕਾਲੀਨ ਧਾਰਮਿਕ ਸੰਘਰਸ਼ ਵਿਚੋਂ ਉਤਪੰਨ ਹੋਈ। ਨਿਰਸੰਦੇਹ,ਰਾਸ਼ਟਰ-ਏਕੀਕਰਣ ਦੀ ਭਾਵਨਾ ਪਿਛੇ ਕੰਮ ਕਰ ਰਿਹਾ ਮੂਲ-ਤੱਤ ਨਿਰਗੁਣ ਬ੍ਰਹਮ ਦੀ ਪੂਜਾ ਹੀ ਹੈ। ਪੰਚਮ ਗੁਰੂ ਇਸ ਗੱਲੋਂ ਸੁਚੇਤ ਸਨ ਕਿ ਰਾਸ਼ਟਰ ਦੀ ਏਕਤਾ ਤਾਂ ਹੀ ਹੋ ਸਕਦੀ ਹੈ ਜੋ ਵਖੋ ਵੱਖ ਸੰਪਰਦਾਵਾਂ ਅਤੇ ਮਜ਼੍ਹਬਾਂ ਤੋਂ ਉਪਰ ਉਠ ਕੇ ਆਪਣੇ ਆਪ ਨੂੰ ਅੰਤਿਮ ਤੱਤ ਨਾਲ ਕੇਂਦ੍ਰਿਤ ਕੀਤਾ ਜਾਵੇ। ਵਿਅਕਤੀ ਸਮੇਂ-ਸਥਾਨ ਤੋਂ ਮੁਕਤ ਨਹੀਂ ਹੁੰਦਾ। ਧਾਰਮਿਕ ਰਹਿਬਰ, ਅਵਤਾਰ,ਪੀਰ, ਪੈਗੰਬਰ ਆਦਿ ਵੀ ਸੰਸਕ੍ਰਿਤੀ ਵਿਸ਼ੇਸ਼ ਨਾਲ ਜੁੜੇ ਹੁੰਦੇ ਹਨ। ਉਹ ਸਰਬ-ਸਾਂਝੇ ਭਾਵ ਰੱਖਣ ਦੇ ਬਾਵਜੂਦ ਵੀ, ਸਰਬ-ਸਾਂਝੇ ਭਾਵ ਤੋਂ ਟੁਟ ਕੇ ਕਿਸੇ ਇਕ ਵਿਸ਼ੇਸ਼ ਵਰਗ ਨ ਲ ਜਾ ਜੁੜਦੇ ਹਨ। ਇਹੀ ਮਜ਼੍ਹਬ ਦੀ ਹੋਣੀ ਹੈ।

ਗੁਰੂ ਬਾਣੀ ਅਤੇ ਗੁਰੂ ਅਰਜਨ ਬਾਣੀ ਵਿਚ ਸੰਸਕ੍ਰਿਤੀ ਵਿਸ਼ੇਸ਼ ਨਾਲ ਸੰਬੰਧਿਤ ਸਗੁਣ ਅਤੇ ਨਿਰਗੁਣ ਬ੍ਰਹਮ ਦੇ ਨਾਮ ਵਿਦਮਾਨ ਹਨ—ਗੋਪਾਲ, ਕ੍ਰਿਸਨ, ਮਾਧਵ, ਗੋਸਾਂਈ, ਰਾਮ,ਖ਼ੁਦਾ, ਅਲਹ ਆਦਿ ਜੋ ਹਿੰਦੂ-ਮੁਸਲਮਾਨੀ ਸੰਸਕ੍ਰਿਤੀ ਦੀ ਪ੍ਰਤੀਨਿਧਤਾ ਤਾਂ ਕਰਦੇ ਹਨ ਪਰ ਇਹ ਹਿੰਦੂ-ਮੁਸਲਮਾਨੀ ਸੰਸਕ੍ਰਿਤੀ ਦੇ ਸਰਬ-ਸਾਂਝੇ ਪਰਵਾਣਿਤ ਨਾਮ ਨਹੀਂ ਹਨ। ਆਦਿ ਸ੍ਰੀ ਗੁਰੂ ਗ੍ਰੰਥ ਅਥਵਾ ਗੁਰੂ ਅਰਜਨ ਬਾਣੀ ਵਿਚ ਏਕਤਾ ਦੀ ਭਾਵਨਾ ਨੂੰ ਮੁਖ ਰੱਖਦਿਆਂ ਹੋਇਆਂ ਨਿਰਗੁਣ ਬ੍ਰਹਮ ਨੂੰ ਪੜਨਾਂਵ ਅਤੇ ਵਿਸ਼ੇਸ਼ਣ ਰਾਹੀਂ ਵਿਸ਼ੇਸ਼ ਕਰ ਕੇ ਚਿਤਵਿਆ ਗਿਆ ਹੈ—ਅਗਮ,ਬੇਅੰਤ,ਪਰਵਰਦਗਾਰ,ਦਾਤਾ,ਮੇਹਰਬਾਨ, ਸਾਹਿਬ, ਸੁਆਮੀ, ਤੂੰ, ਸਜਣ,ਯਾਰ, ਪ੍ਰੀਤਮ, ਮਨਮੋਹਨ ਆਦਿ ਪੜਨਾਂਵ ਅਤੇ ਵਿਸ਼ੇਸ਼ਣ ਸਰਬ ਸਾਂਝੀਵਾਲਤਾ ਨੂੰ ਦ੍ਰਿੜ੍ਹ ਕਰਾਉਂਦੇ ਹਨ।

ਆਦਿ ਸ੍ਰੀਗੁਰੂ ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਦਾ ਸੰਕਲਨ ਕਰਦੇ ਸਮੇਂ,ਇਸ ਨੂੰ ਗੁਰੂ ਬਾਣੀ ਦਾ ਹੀ ਅੰਗ ਬਣਾਇਆ ਗਿਆ ਹੈ। ਆਦਿ ਗ੍ਰੰਥ ਵਿਚ ਭਗਤ ਬਾਣੀ ਦਾ ਨਿਸਚਿਤ ਕ੍ਰਮ ਤਾਂ ਹੈ, ਨਿਵੇਕਲਾ ਸਥਾਨ ਨਹੀਂ। ਭਗਤ-ਬਾਣੀ ਦਾ ਸਥਾਨ ਸਮੂਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੈ । ਆਦਿ ਸ੍ਰੀ ਗੁਰੂ ਗ੍ਰੰਥ ਦਾ ਪਾਠ ਕਰਦੇ ਸਮੇਂ ਪਾਠੀ ਗੁਰੂ-ਬਾਣੀ ਤੋਂ ਭਗਤ-ਬਾਣੀ ਵਿਚ ਪਰਵੇਸ਼ ਕਰਦਾ ਹੈ ਤੇ ਭਗਤ-ਬਾਣੀ ਤੋਂ ਗੁਰੂ-ਬਾਣੀ ਵਿਚ । ਕਈ ਵਾਰ ਤਾਂ ਇਹ ਵੀ ਪਤਾ ਨਹੀਂ ਲੱਗਦਾ ਕਿ ਇਹ ਕਿਹੜੇ ਗੁਰੂ ਅਥਵਾ ਭਗਤ ਦੀ ਬਾਣੀ ਹੈ, ਗੁਰੂ-ਬਾਣੀ ਹੈ ਜਾਂ ਭਗਤ-ਬਾਣੀ। ਇਕੱਤਰ ਕਰਦੇ ਸਮੇਂ ਜਿਥੇ ਰਾਸ਼ਟਰੀ-ਏਕੀਕਰਣ ਦੀ ਭਾਵਨਾ ਕੰਮ ਕਰ ਰਹੀ ਸੀ, ਉਥੇ ਭਗਤ-ਬਾਣੀ ਨੂੰ ਅੰਕਦੇ ਸਮੇਂ ਸਰਬ-ਸੰਪੂਰਨਤਾ ਦੀ ਭਾਵਨਾ ਕੰਮ ਕਰ ਰਹੀ ਸੀ । ਇਹੀ ਕਾਰਣ ਹੈ, ਆਦਿ ਸ੍ਰੀ ਗੁਰੂ ਗ੍ਰੰਥ ਵਿਚ ਗੁਰੂ-ਬਾਣੀ ਅਤੇ ਭਗਤ-ਬਾਣੀ ਇਕ ਰੂਪ ਹਨ । ਨਾਲੇ, ਇਕਰੂਪਤਾ ਸਦਕਾ ਹੀ ਗੁਰੂ-ਅਨੁਯਾਈ ਭਗਤ-ਬਾਣੀ ਦਾ ਪਠਨ-ਪਾਠਨ ਤੇ ਪੂਜਾ ਨਿਰਸੰਦੇਹ ਉਸੇ ਸ਼ਰਧਾ ਅਤੇ ਆਸਤਾ ਨਾਲ ਕਰਦੇ ਹਨ, ਜਿਸ ਤਰ੍ਹਾਂ ਗੁਰੂ-ਬਾਣੀ ਦੀ । ਇਸ ਤੋਂ ਛੁੱਟ ਸੰਗੀਤ ਨੇ ਵੀ ਰਾਸ਼ਟਰ-ਏਕੀਕਰਣ ਵਿਚ ਸਹਾਇਤਾ ਦਿੱਤੀ। ਸੰਗੀਤ-ਬੱਧ ਹੋਣ ਕਰਕੇ ਬਾਣੀ ਗਾਇਨ ਦੀ ਵਸਤ ਬਣ ਗਈ । ਕੀਰਤਨ ਨੇ ਸੰਤ-ਬਾਣੀ ਅਤੇ ਗੁਰੂ-ਬਾਣੀ ਨੂੰ ਅਭੇਦਤਾ ਦਿੱਤੀ । ਫਲ-ਸਰੂਪ,ਸੰਤ-ਗੁਰੂ-ਬਾਣੀ ਦੀ ਇਕਸੁਰਤਾ ਵੀ ਆਤਮਕ ਅਨੰਦ ਦਾ ਕਾਰਨ ਬਣ ਨਿਬੜੀ ।

ਅਜ ਤੋਂ ਪੌਣੇ ਚਾਰ ਸੌ ਸਾਲ ਪਹਿਲਾਂ ਆਦਿ ਸ੍ਰੀ ਗੁਰੂ ਗ੍ਰੰਥ ਦੇ ਸੰਕਲਨ ਨਾਲ ਭਾਰਤੀਅਤਾ ਦੀ ਭਾਵਨਾ ਨੇ ਪਹਿਲੀ ਵਾਰ ਸਾਰਥਕ-ਰੂਪ ਗ੍ਰਹਿਣ ਕੀਤਾ, ਜਿਸ ਦਾ ਸੇਹਰਾ ਗੁਰੂ ਅਰਜਨ ਦੇਵ ਨੂੰ ਹੀ ਹੈ । ਸਰਬ-ਸਾਂਝੀਵਾਲਤਾ ਦਾ ਪ੍ਰਦਰਸ਼ਨ ਪੰਚਮ ਗੁਰੂ ਦੀ ਬਾਣੀ ਇਚ ਅਨੇਕ ਥਾਈਂ ਵਿਦਮਾਨ ਹੈ ।

ੳ. ਅਲਹੁ ਅਗਮ ਗੁਸਾਈ ਬੰਦੇ ਛੋਡਿ ਖਿਆਲ ਦੁਨੀਆਂ ਦੇ ਧੰਧੇ ॥

ਅ. ਰੰਗ ਸਭੈ ਨਰਾਇਣੇ ਜੇਤੇ ਮਨ ਭਾਵੰਨ ॥

ੲ. ਏਕ ਪਿਤਾ ਏਕਸੁ ਕੇ ਹਮ ਬਾਰਕ ਤੂੰ ਮੇਰਾ ਗੁਰਹਾਈ ॥ ਆਦਿ

## ੨. ਗੁਰੂ ਅਰਜਨ ਦੇਵ ਸਾਧਨ-ਸੰਪਨ ਵਿਅਕਤੀ ਸਨ—

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਪਹਿਲਾਂ ਬਾਣੀ ਇਕੱਤਰ ਕਰਨ ਵਿਚ ਬੜੇ ਤਰੱਦਦ ਦੀ ਲੋੜ ਸੀ । ਅਧਿਕਤਰ ਸੰਤ-ਭਗਤ ਵਖੋ ਵਖ ਪ੍ਰਦੇਸ਼ਾਂ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਬਾਣੀ ਸੰਬੰਧਿਤ ਪ੍ਰਦੇਸ਼ਾਂ ਵਿਚੋਂ ਹੀ ਇਕੱਤਰ ਕੀਤੀ ਜਾ ਸਕਦੀ ਸੀ, ਬਾਣੀ ਇਕੱਤ੍ਰ ਕਰਨ ਲਈ ਉਨ੍ਹਾਂ ਵਿਅਕਤੀਆਂ ਨੂੰ ਭੇਜਣਾ ਜੋ ਆਪਣੀ ਗਲਬਾਤ ਵਿਚ ਸੁਲਝੇ ਹੋਏ ਹੋਣ ਤੇ ਬਾਣੀ ਇਕੱਤਰ ਕਰਨ ਦਾ ਉਦੇਸ਼ ਸਮਝਾ ਸਕਦੇ ਹੋਣ । ਜੇ ਬਾਣੀ ਲਿਖਤੀ ਰੂਪ ਵਿਚ ਹੋਵੇ ਤਾਂ ਖਰੜਾ ਪ੍ਰਾਪਤ ਕਰਨ ਲਈ ਪ੍ਰੇਰ ਸਕਦੇ ਹੋਣ ਜਾਂ ਫਿਰ ਪ੍ਰਤਿਲਿਪੀ ਉਤਾਰ ਸਕਦੇ ਹੋਣ। ਸੰਬੰਧਿਤ ਭਗਤ ਦੇ ਨਿਵਾਸ-ਸਥਾਨ ਵਾਲੇ ਉਨ੍ਹਾਂ ਲੋਕਾਂ ਪਾਸੋਂ ਜਿਨ੍ਹਾਂ ਨੂੰ ਬਾਣੀ ਕੰਠ ਹੋਵੇ, ਆਪਣਾ ਉਦੇਸ਼ ਸਮਝਾ ਕੇ, ਬਾਣੀ ਲਿਖ ਸਕਦੇ ਹੋਣ । ਪ੍ਰਾਪਤ ਕੀਤੀ ਹੋਈ ਬਾਣੀ ਬਿਨਾਂ ਕਿਸੇ ਰਲੇ ਦੇ ਆਪਣੇ ਅਸਲੀ ਸਰੂਪ ਵਿਚ ਗੁਰੂ ਅਰਜਨ ਦੇਵ ਪਾਸ ਪੁਚਾਣੀ, ਇਸ ਬਾਣੀ ਦੀ ਛਾਂਟੀ ਕਰਨੀ ਆਦਿ ਕਾਰਜਾਂ ਲਈ ਸੂਝ ਬੂਝ ਵਾਲੇ ਵਿਅਕਤੀ ਚਾਹੀਦੇ ਸਨ । ਇਹ ਵੀ ਸੰਭਵ ਹੈ ਕਿ ਪ੍ਰਾਪਤ ਕੀਤੀ ਹੋਈ ਗੁਰੂ-



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਣੀ ਅਤੇ ਸੰਤ-ਬਾਣੀ ਦਾ ਕੁਝ ਹਿੱਸਾ ਫ਼ਾਰਸੀ ਜਾਂ ਕਿਸੇ ਹੋਰਸ ਲਿਪੀ ਵਿਚ ਹੋਵੇ। ' ਕੁਝ ਸ਼ਬਦਾਂ ਦੀ ਲਿਖਣ ਸ਼ੈਲੀ ਤੋਂ ਅਨੁਮਾਨ ਲਗਦਾ ਹੈ ਕਿ ਪੁਰਾਤਨ ਬਾਣੀ ਦਾ ਕੁਝ ਭਾਗ ਫ਼ਾਰਸੀ ਲਿਪੀ ਵਿਚ ਸੀ। ਲਿਪੀਆਂਤਰ ਦੇ ਅਸਥਿਰ ਰੂਪ ਇਸ ਅਨੁਮਾਨ ਨੂੰ ਪੁਸ਼ਟ ਕਰਦੇ ਹਨ[1]।'' ਆਦਿ ਸ੍ਰੀ ਗੁਰੂ ਗ੍ਰੰਥ ਵਿਚ ਕੁਝ ਸ਼ਬਦਾਂ ਦਾ ਲਿਖਣ ਢੰਗ ਅਜਿਹਾ ਹੈ ਜਿਸ ਨੂੰ ਫ਼ਾਰਸੀ ਵਿਚ ਇਕ ਤਰ੍ਹਾਂ ਤੇ ਪੰਜਾਬੀ ਵਿਚ ਦੋ ਤਰ੍ਹਾਂ ਲਿਖਿਆ ਜਾ ਸਕਦਾ ਹੈ। ਜੇਹਾ ਕਿ 'ਭਇਆ' ਅਤੇ 'ਭਯਾ' ਆਦਿ। ਸਪਸ਼ਟ ਹੈ, ਹੋਰਸ ਲਿਪੀਆਂ ਵਿਚ ਲਿਖੀ ਹੋਈ ਬਾਣੀ ਨੂੰ ਗੁਰਮੁਖੀ ਲਿਪੀ ਵਿਚ ਲਿਖਣ ਲਿਖਾਉਣ ਲਈ ਦੁਭਾਸ਼ੀਏ ਚਾਹੀਦੇ ਸਨ। ਗੁਰੂ ਅਰਜਨ ਦੇਵ ਦੀ ਪੜਚੋਲਵੀਂ ਨਿਗਾਹ ਹੀ ਅਜੇਹੇ ਵਿਅਕਤੀਆਂ ਨੂੰ ਲੱਭ ਸਕਦੀ ਸੀ ਤੇ ਇਹ ਵੀ ਸੱਚ ਹੈ ਕਿ ਅਜੇਹੇ ਕਾਰਿੰਦਿਆਂ ਦੇ ਸਹਿਯੋਗ ਨਾਲ ਹੀ ਏਨਾ ਮਹਾਨ ਕਾਰਜ ਸਿਰੇ ਚੜ੍ਹਾਇਆ ਜਾ ਸਕਦਾ ਸੀ।

ਪੂਰਬਕਾਲੀ ਭਗਤਾਂ ਤੋਂ ਛੁੱਟ ਆਪਣੇ ਸਮਕਾਲੀ ਭਗਤਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਕਿਸੇ ਜੁਗਤੀ ਦੀ ਲੋੜ ਸੀ। ਗੁਰੂ ਅਰਜਨ ਦੇਵ ਨੇ ਆਪਣੇ ਸਮਕਾਲੀ ਦੋ ਭਗਤਾਂ—ਸੂਰਦਾਸ ਤੇ ਭੀਖਨ ਦੀ ਰਚਨਾ ਆਦਿ ਸ੍ਰੀਗੁਰੂ ਗ੍ਰੰਥ ਵਿਚ ਸੰਕਲਿਤ ਕੀਤੀ ਹੈ। ਸੂਰਦਾਸ ਅਤੇ ਭੀਖਨ-ਬਾਣੀ ਦਾ ਵੇਰਵਾ ਪਹਿਲੇ ਦਿੱਤਾ ਜਾ ਚੁਕਾ ਹੈ। ਏਥੇ ਇਤਨਾ ਸੰਕੇਤ ਹੀ ਕਾਫੀ ਹੈ,ਜਿਨ੍ਹਾਂ ਭਗਤਾਂ ਦੀ ਵਿਚਾਰਧਾਰਾ (ਜੇਹਾ ਕਿ ਸੂਰਦਾਸ ਸਗੁਣ-ਬ੍ਰਹਮ ਦਾ ਉਪਾਸ਼ਕ ਸੀ) ਗੁਰਮਤਿ ਨਾਲ ਮੇਲ ਨਹੀਂ ਸੀ ਖਾਂਦੀ ਪਰ ਅਜੇਹੇ ਭਗਤ ਵਿਅਕਤੀ ਦੇ ਤੌਰ ਉਤੇ ਪੰਜਵੇਂ ਗੁਰੂ ਨੂੰ ਚੰਗੇ ਲਗੇ, ਉਨ੍ਹਾਂ ਦਾ ਨਾਮ ਸੁਰਜੀਤ ਰਖਣ ਲਈ ਪੰਚਮ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦਾ ਨਾਮ-ਮਾਤਰ ਅੰਕਿਤ ਕਰ ਲਿਆ ਜੇਹਾ ਕਿ ਸੂਰਦਾਸ ਮਹਲਾ ੫। ਇਸੇ ਤਰ੍ਹਾਂ 'ਚਉਬੋਲੇ' ਸਿਰਲੇਖ ਹੇਠਾਂ ਸੰਮਨ,ਮੂਸਨ,ਪਤੰਗ ਅਤੇ ਜਮਾਲ ਚਾਰ ਭਗਤਾਂ ਦੇ ਵਿਚਾਰ ਦਾ ਅਨੁਵਾਦ ਆਪਣੇ ਸ਼ਬਦਾਂ ਵਿਚ ਲਿਖਿਆ :

ਸੰਮਨ ਜਉ ਇਸ ਪ੍ਰੇਮ ਕੀ ਦੰਮ ਕਿਹੁ ਹੋਤੀ ਸਾਟ ॥
ਰਾਵਣ ਹੁਤੇ ਸੇ ਰੰਕ ਨਹਿ ਜਿਨਿ ਸਿਰਿ ਦੀਨੇ ਕਾਟਿ ॥

ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਰਾਗ ਗਉੜੀ ਵਿਚ ੧੩ ਪ੍ਰਕਾਰ ਦੀ ਗਉੜੀ ਦਾ ਸੰਕੇਤ ਕੀਤਾ ਹੈ। ਰਾਗ-ਪ੍ਰਬੀਣਤਾ ਦਾ ਕਾਰਨ, ਨਿਪੁੰਨ ਰਾਗੀਆਂ-ਰਬਾਬੀਆਂ ਦੀ ਸੰਗਤ ਨੂੰ ਹੀ ਮਿਥਿਆ ਜਾ ਸਕਦਾ ਹੈ। ਨਿਪੁੰਨ ਕਲਾਕਾਰਾਂ ਨਾਲ ਸੰਪਰਕ ਪੈਦਾ ਕਰਨਾ, ਉਨ੍ਹਾਂ ਨੂੰ ਉਚਿਤ ਮਾਣ ਸਤਿਕਾਰ ਦੇਣਾ, ਉਨ੍ਹਾਂ ਦੀ ਸੰਗਤ ਮਾਣਨ ਦਾ ਅਵਸਰ ਪ੍ਰਾਪਤ ਕਰਨਾ ਅਤੇ ਉਨ੍ਹਾਂ ਪਾਸੋਂ ਗੁਣ ਦੀ ਗੱਲ ਗ੍ਰਹਿਣ ਕਰਨੀ ਚੰਗੇ-ਚੋਖੇ ਉੱਦਮ ਦੀ ਮੰਗ ਕਰਦਾ ਹੈ। ਗੁਰੂ ਅਰਜਨ ਜੀਵਨ ਇਤਿਹਾਸ ਗਵਾਹ ਹੈ ਕਿ ਇਕ ਵਾਰ ਰਬਾਬੀ ਰੁਸ ਗਏ ਸਨ। ਕਾਰਣ ਕੁਝ ਵੀ ਹੋਵੇ। ਪੰਚਮ ਗੁਰੂ ਨੇ ਉਨ੍ਹਾਂ ਦੀ ਕਲਾ ਦੀ ਕਦਰ ਪਾਉਂਦਿਆਂ ਹੋਇਆਂ ਉਨ੍ਹਾਂ ਨੂੰ ਮਾਫ਼ ਕਰ ਦਿਤਾ ਤੇ ਗੁਰੂ ਘਰ ਵਿਚ ਇਨ੍ਹਾਂ ਨੂੰ ਪਹਿਲਾਂ ਜਿਹਾ ਹੀ ਮਾਣ ਦਿਤਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਅਰਜਨ ਬਾਣੀ ਕਾਵਿ ਸ਼ਾਸਤਰੀ ਪੱਖ ਤੋਂ ਭਰਪੂਰ ਹੈ। ਸਾਡੇ ਵਿਚਾਰ ਅਨੁਸਾਰ ਇਨ੍ਹਾਂ ਦੀ ਸੰਗਤ ਜ਼ਰੂਰ ਕਿਸੇ ਪਿੰਗਲ-ਸ਼ਾਸਤ੍ਰੀ ਨਾਲ ਹੋਈ ਹੋਵੇਗੀ। ਇਹ ਵੀ ਹੋ ਸਕਦਾ ਹੈ ਇਨ੍ਹਾਂ ਦੇ ਵਿਦਿਆ ਗੁਰੂ ਪੰਡਿਤ ਬੇਨੀ ਅਤੇ ਪੰਡਿਤ ਗੋਪਾਲ ਕੇਸੋ ਪਿੰਗਲ ਦੇ ਗਿਆਤਾ ਹੋਣ। ਭਾਵੇਂ ਇਨ੍ਹਾਂ ਦੇ ਜੀਵਨ-ਇਤਿਹਾਸ ਤੋਂ ਕੋਈ ਅਜਿਹਾ ਸੰਕੇਤ ਨਹੀਂ ਮਿਲਦਾ ਤਦ ਵੀ ਇਤਨੇ ਸੁਸਿਖਿਅਤ ਹੋਣ ਲਈ ਕਿਸੇ ਪ੍ਰਬੀਣ ਗੁਰੂ ਦੀ ਅਵਸ਼ਕਤਾ ਮਹਿਸੂਸ ਹੁੰਦੀ ਹੈ। ਵਿਦਿਆ ਪ੍ਰਾਪਤ ਕਰਨ ਅਤੇ ਕਮਾਲ ਹਾਸਲ ਕਰਨ ਵਿਚ ਅੰਤਰ ਸਪਸ਼ਟ ਹੈ। ਪੰਜਵੇਂ ਗੁਰੂ ਦੀ ਬਾਣੀ ਕਾਵਿ ਸ਼ਾਸਤਰੀ ਪੱਖੋਂ ਉਚੇਰੇ ਦਰਜੇ ਦੀ ਹੈ।

ਗੁਰੂ ਅਰਜਨ ਜੀਵਨ-ਇਤਿਹਾਸ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਦਾ ਸੰਪਾਦਨ ਇਹ ਦ੍ਰਿੜ ਕਰਾਉਂਦਾ ਹੈ ਕਿ ਗੁਰੂ ਅਰਜਨ ਸਾਧਨ-ਸੰਪੰਨ ਵਿਅਕਤੀ ਸਨ। ਬਾਣੀ-ਸੰਕਲਨ ਕਰਨਾ, ਰਾਗੀਆਂ-ਰਬਾਬੀਆਂ ਨਾਲ ਮੇਲ ਰਖਣਾ, ਵਾਸਤੂ ਕਲਾ ਦੀ ਵਿਵਿਧਤਾ ਨੂੰ ਰੂਪਮਾਨ ਕਰਨਾ, ਕਾਵਿ-ਸ਼ਾਸਤ੍ਰੀ ਪੱਖ-ਰੀਤੀ, ਅਲੰਕਾਰ, ਛੰਦ ਅਤੇ ਰਸ ਦੇ ਪੱਖੋਂ ਪੂਰਾ ਉਤਰਨਾ ਆਦਿ ਤੱਥ ਇਹ ਨਿਸਚਿਤ ਕਰਦੇ ਹਨ ਕਿ ਪੰਜਵੇਂ ਗੁਰੂ ਸਾਧਨ-ਮੁਖ ਸਨ ਜਾਂ ਇਉਂ ਕਹੋ ਆਪਣੇ ਮਿਲਣਸਾਰ ਸੁਭਾਉ ਕਰਕੇ ਚੰਗੇ ਵਸੀਲੇ ਪ੍ਰਾਪਤ ਕਰ ਸਕਦੇ ਸਨ।

## ੩. ਗੁਰੂ ਅਰਜਨ ਵਿਉਂਤ ਮੁਖ ਸਨ

ਪ੍ਰਤਿੱਭਾਵਾਨ ਵਿਉਂਤ-ਮੁਕਤ ਹੋਣ ਕਰਕੇ ਮੌਲਿਕ ਹੁੰਦਾ ਹੈ। ਕਈ ਵਾਰ ਵਿਉਂਤਕਾਰ ਪਾਸ ਪ੍ਰਤਿੱਭਾ ਨਹੀਂ ਹੁੰਦੀ ਪਰ ਉਹ ਆਪਣੀ ਵਿਉਂਤਕਾਰੀ ਕਰਕੇ ਵਿਲੱਖਣ ਹੁੰਦਾ ਹੈ। ਪੰਜਵੇਂ ਗੁਰੂ ਕੋਲ ਉੱਚ ਪ੍ਰਤਿੱਭਾ ਅਤੇ ਸੁਚੱਜੀ ਵਿਉਂਤਕਾਰੀ ਦੋਵੇਂ ਸਨ। ਗੁਰੂ ਅਰਜਨ ਬਾਣੀ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨਾ ਵਿਚ ਪ੍ਰਤਿੱਭਾ ਅਤੇ ਵਿਉਂਤ ਦਾ ਸੁਮੇਲ ਵੇਖਿਆ ਜਾ ਸਕਦਾ ਹੈ। ਸ਼ਾਇਦ, ਇਸੇ ਕਰਕੇ ਹੀ ਭਾਰਤੀ ਧਰਮ-ਗ੍ਰੰਥਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਇਕ ਆਪਣਾ ਹੀ ਵਖਰਾ ਨਿਵੇਕਲਾ ਸਥਾਨ ਹੈ। ਪੰਜਵੇਂ ਗੁਰੂ ਨੇ ਬਹੁਤ ਸਾਰੇ ਪੂਰਬਕਾਲੀ ਸੰਤਾਂ ਦੀ ਬਾਣੀ ਇਕੱਤਰ ਕੀਤੀ ਤੇ ਕਈ ਸਮਕਾਲੀ ਭਗਤਾਂ ਦੀ ਵੀ। ਜੋ ਇਨ੍ਹਾਂ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਸੀ ਖਾਂਦੇ ਉਨ੍ਹਾਂ ਨੂੰ ਛਡ ਦਿਤਾ ਗਿਆ, ਜਿਹਾ ਕਿ ਸੰਤ ਦਾਦੂ ਦਿਆਲ, ਸ਼ਾਹ ਹੁਸੈਨ, ਛਜੂ, ਪੀਲੂ ਅਤੇ ਕਾਨ੍ਹਾ ਆਦਿ। ਕੁਝ ਕੁ ਸੰਤ-ਬਾਣੀ ਦਾ ਸੰਕਲਨ ਕਰ ਲੈਣਾ ਤੇ ਕੁਝ ਕੁ ਸੰਤ-ਬਾਣੀ ਨੂੰ ਛੱਡ ਦੇਣਾ ਇਸ ਤੱਥ ਦਾ ਸੂਚਕ ਹੈ ਕਿ ਕਿ ਪੰਜਵੇਂ ਗੁਰੂ ਨੇ ਕੇਵਲ ਉਨ੍ਹਾਂ ਭਗਤਾਂ ਦੀ ਬਾਣੀ ਹੀ ਸੰਕਲਿਤ ਕੀਤੀ ਜੋ ਇਨ੍ਹਾਂ ਦੀ ਵਿਉਂਤਬੰਦੀ ਵਿਚ ਆਉਂਦੇ ਸਨ। ਅਥਵਾ ਨਿਰਗੁਣ ਬ੍ਰਹਮ ਦੇ ਪੁਜਾਰੀ ਸਨ।

ਇਕੱਤ੍ਰਿਤ ਬਾਣੀ ਨੂੰ ਇਕ ਖਾਸ ਜੁਗਤ ਵਿਚ ਰਖਿਆ ਗਿਆ, ਇਸਦਾ ਪਰਿਣਾਮ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਦਿ ਗ੍ਰੰਥ ਦੇ ਬਾਣੀਕਾਰਾਂ ਦਾ ਕ੍ਰਮ-ਪ੍ਰਬੰਧ, ਰਾਗ-ਪ੍ਰਬੰਧ, ਅੰਕ-ਪ੍ਰਬੰਧ, ਰਹਾਉ-ਪ੍ਰਬੰਧ ਸਿਰਲੇਖ-ਪ੍ਰਬੰਧ ਆਦਿ ਹੈ। ਅੰਕਣ-ਪ੍ਰਬੰਧ ਨੂੰ ਮੁਖ ਰਖਦਿਆਂ ਹੋਇਆਂ ਪਹਿਲਾਂ ਦਾਰਸ਼ਨਿਕ, ਫਿਰ ਵਿਚਾਰਾਤਮਕ ਅਤੇ ਭਾਵਾਤਮਕ (ਲੋਕ ਕਾਵਿ-ਰੂਪ) ਬਾਣੀਆਂ ਨੂੰ ਦਰਜ ਕਰਕੇ ਪੰਜਵੇਂ ਗੁਰੂ ਇਕ ਸੁਚੇਤ ਪ੍ਰਬੰਧਕ ਜਾਂ ਸੁਚੱਜੇ ਜੁਗਤਕਾਰ ਦੇ ਰੂਪ ਵਿਚ ਪੇਸ਼ ਹੁੰਦੇ ਹਨ।

ਗੁਰੂ ਅਰਜਨ-ਬਾਣੀ ਜੁਗਤ-ਬੱਧ ਹੈ। ਇਨ੍ਹਾਂ ਦੀ ਬਾਣੀ ਉਪਰ ਦੁਪਦੇ, ਚਉਪਦੇ ਪੰਚਪਦੇ ਆਦਿ ਦਾ ਸੰਕੇਤ ਤਾਂ ਹੈ ਹੀ ਪਰ ਦੁਤੁਕੇ, ਤਿਤੁਕੇ ਅਤੇ ਚਉਤੁਕੇ ਆਦਿ ਦਾ ਸੰਕੇਤ ਇਕ ਨਿਯਮਿਤ ਵਿਉਂਤਬੰਦੀ ਦਾ ਸੂਚਕ ਹੈ। ਗੁਰੂਆਂ ਨੇ ਰਾਗ ਨੂੰ ਮੁਖ ਤੇ ਛੰਦ ਨੂੰ ਗੌਣ ਰੂਪ ਵਿਚ ਰਖਿਆ ਹੈ। ਇਸੇ ਕਰਕੇ ਕਈ ਥਾਂਈ ਛੰਦ-ਮਾਤਰਾ ਪਿੰਗਲ ਅਨੁਸਾਰ ਪੂਰੀਆਂ ਨਹੀਂ ਉਤਰਦੀਆਂ। ਪਰ ਇਹ ਜੁਗਤ ਵੀ ਤਾਂ ਗੁਰੂ ਬਾਣੀਕਾਰਾਂ ਦੀ ਹੀ ਕਾਢ ਹੈ।

## ੪. ਗੁਰੂ ਅਰਜਨ ਸੁਰੁਚੀਪੂਰਣ ਕਲਾਕਾਰ ਸਨ

ਆਦਿ ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨ-ਵਿਧੀ ਦਾ ਵਿਵੇਚਨ ਕਰਦਿਆਂ ਅਸੀਂ ਇਸ ਸਿੱਟੇ ਉੱਤੇ ਪੁਜੇ ਹਾਂ, ਗੁਰੂ ਅਰਜਨ ਦੇਵ ਸੁਸਿਖਿਅਤ ਕਲਾਕਾਰ ਸਨ। ਇਸ ਤੱਥ ਦਾ ਪਰਿਣਾਮ ਸੰਪੂਰਨ ਸੰਪਾਦਨ-ਵਿਧੀ ਤਾਂ ਹੈ ਹੀ ਪਰ ਗਉੜੀ ਵਿਚ ਵਰਤੇ ਗਏ 1,2, 3, 4, 6 ਅੰਕ ਜੋ ਸਿਰਲੇਖ ਵਜੋਂ ਨਹੀਂ ਬਲਕਿ ਸਿਰਲੇਖ ਦੇ ਪੈਰਾਂ ਵਿਚ ਰਖੇ ਗਏ ਹਨ। ਇਸ ਦਾ ਖੁਲਾਸਾ ਵਿਚਾਰ ਸਿਰਲੇਖ ਪ੍ਰਬੰਧ ਦੇ ਅਧੀਨ ਕੀਤਾ ਗਿਆ ਹੈ। ਇਥੇ ਇਤਨਾ ਸੰਕੇਤ ਹੀ ਕਾਫੀ ਹੈ ਕਿ ਪੰਚਮ ਗੁਰੂ ਦੀ ਸੂਖਮ-ਦ੍ਰਸ਼ਤਾ ਆਪਣੀ ਚਰਮ ਸੀਮਾ ਉੱਤੇ ਪੁਜਦੀ ਹੈ ਜਦੋਂ ਉਹ ਨਾ ਕੇਵਲ ਰਾਗ, ਰਾਗਾਂ ਦੀਆਂ ਕਿਸਮਾਂ ਦਾ ਸੰਕੇਤ ਹੀ ਦੇਂਦੇ ਹਨ ਸਗੋਂ ਰਾਗ ਦੀ ਪਰਧਾਨ ਸੁਰ ਅਥਵਾ ਰਾਗ-ਮੁਰਕੀ ਦਾ ਸੰਕੇਤ ਵੀ ਰਾਗ-ਮਤ ਅਨੁਸਾਰ ਦੇਂਦੇ ਹਨ।

ਇਸੇ ਤਰ੍ਹਾਂ ਨਾ ਕੇਵਲ ਤਾਲ-ਭੇਦ ਦਾ ਸੰਕੇਤ ਹੀ ਕੀਤਾ ਹੈ ਸਗੋਂ ਪੜਤਾਲ ਆਦਿ ਦਾ ਸੰਕੇਤ ਇਸ ਤੱਥ ਦੀ ਪ੍ਰੋੜਤਾ ਕਰਦਾ ਹੈ ਕਿ ਗਾਇਕੀ ਵਿਚ ਸਰਸਤਾ ਕਿਵੇਂ ਭਰੀ ਜਾਂਦੀ ਹੈ। ਇਥੇ ਹੀ ਬਸ ਨਹੀਂ ਕਾਵਿ-ਅਨੁਸ਼ਾਸਨ ਦੇ ਅਧੀਨ ਛੰਦ-ਚਾਲ ਦੀ ਸੂਚਨਾ 'ਛੰਤਾਂ ਕੀ ਜਤਿ' ਆਦਿ ਸ਼ਬਦ ਲਿਖਕੇ ਦਿਤੀ ਹੈ। ਸੰਪਾਦਨ-ਕਲਾ ਦੇ ਅੰਤਰਗਤ ਰਾਗ-ਪ੍ਰਬੰਧ, ਘਰ-ਪ੍ਰਬੰਧ, ਸਿਰਲੇਖ-ਪ੍ਰਬੰਧ ਅਕੇ ਪੜਤਾਲ ਆਦਿ ਦਾ ਅਧਿਐਨ ਕਰਦਿਆਂ ਅਸੀਂ ਇਹ ਦੇਖਿਆ ਹੈ, ਇਨ੍ਹਾਂ ਚਾਰਾਂ ਦੀ ਬੁਨਿਆਦ ਸ਼ਾਸਤ੍ਰੀ ਸੰਗੀਤ ਹੀ ਹੈ। ਉਪਰੋਕਤ ਚਾਰੇ ਅੰਗ ਇਸ ਤੱਥ ਦੀ ਪ੍ਰੋੜਥਾ ਕਰਦੇ ਹਨ, ਪੰਜਵੇਂ ਗੁਰੂ ਸੰਗੀਤਕਾਰ ਹੀ ਨਹੀਂ ਸੰਗੀਤ-ਸ਼ਾਸਤ੍ਰੀ ਵੀ ਸਨ। ਵਿਵਿੰਨ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਦਾ ਵਿਵਿਧ ਪ੍ਰਯੋਗ, ਇਹ ਨਿਸਚਿਤ ਕਰਦਾ ਹੈ, ਪੰਚਮ ਗੁਰੂ ਕਵੀ ਹੀ ਨਹੀਂ ਕਾਵਿ-ਸ਼ਾਸਤ੍ਰੀ ਵੀ ਸਨ। ਵਖੋ ਵਖ ਮਤਾਂਤਰਾਂ ਦਾ ਨਿਰੂਪਣ ਇਨ੍ਹਾਂ ਨੂੰ ਧਾਰਮਿਕ ਗੁਰੂ ਹੀ ਨਹੀਂ, ਧਰਮ-ਸ਼ਾਸਤ੍ਰੀ ਦੇ ਰੂਪ ਵਿਚ ਪੇਸ਼ ਕਰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਚਮ ਗੁਰੂ ਦੀ ਸਮਾਜਿਕ ਸਾਂਝ ਵੀ ਕਮਾਲ ਦੀ ਹੈ। ਗੁਰੂ ਅਰਜਨ ਦੁਆਰਾ ਪ੍ਰਯੋਗ ਕੀਤੇ ਗਏ ਉਪਮਾਨ ਘਰੋਗੀ ਵਾਤਾਵਰਣ ਨਾਲ ਨਿਕਟਤਮ ਸਾਂਝ ਦੇ ਸੂਚਕ ਹਨ। ਗੁਣਵੰਤੀ, ਡੋਹਾਗਣੀ, ਕਿਰਸਾਨ, ਵਿਆਪਾਰੀ, ਜਗਿਆਸੂ, ਗ੍ਰਹਿਸਤੀ, ਸੰਤ, ਗੁਰਮੁਖ,ਮਨਮੁਖ, ਨਿੰਦਕ ਆਦਿ ਸ਼ਬਦਾਂ ਦੀ ਵਰਤੋਂ ਪੜਚੋਲਵੀਂ ਸੂਝ ਦੀ ਸੂਚਕ ਹੈ।

ਪੰਚਮ ਗੁਰੂ ਕਾਵਿ ਦੇ ਹਰ ਮਸਲੇ ਪ੍ਰਤੀ ਸੁਚੇਤ ਸਨ। ਕਾਵਿ-ਛੰਦ, ਕਾਵਿ-ਕੌਸ਼ਲ ਵਿਭਿੰਨ ਕਾਵਿ-ਪਧਤੀਆਂ ਦੀ ਸਫਲਤਾ ਪੂਰਬਕ ਵਰਤੋਂ ਇਨ੍ਹਾਂ ਦੀ ਰੂਹਜਾਨੀ ਦਾ ਥਹੁ ਦੇਂਦੀ ਹੈ।

## ਫੁਟ ਨੋਟ

1. ਡਾ: ਬਾਹਰੀ, ਸੀਤਾ ਰਾਮ; ਗੁਰੂ ਨਾਨਕ ਭਾਸ਼ਾ ਸੰਬੰਧੀ ਧੁਨੀ-ਵਿਚਾਰ,ਭਾਖਾ ਸੰਜਮ ਪੰਨਾ 50



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਗ੍ਰੰਥ ਸਾਹਿਬ : ਸਾਹਿਤਕ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਬਿਉਰਾ

ਰਚਨਾ-ਰੂਪ : ਇਕ ਅਧਿਐਨ
ਰੂਪ-ਵੰਡ :
ਵਿਲੱਖਣ ਰੂਪ
ਸੰਗ੍ਰਹਿਤ ਰੂਪ
ਸਾਹਿਤਕ ਰੂਪ :
ਅਸਟਪਦੀਆਂ
ਵਾਰ
ਪਉੜੀ
ਸਲੋਕ
ਕਾਫ਼ੀ
ਬਾਵਨ ਅੱਖਰੀ
ਗੋਸ਼ਟ
ਸੋਲਹੇ
ਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਚਨਾ-ਰੂਪ : ਇਕ ਅਧਿਐਨ

ਗੁਰੂ ਗ੍ਰੰਥ ਸਾਹਿਬ ਦੀ ਪ੍ਰਤਿਸ਼ਠਾ ਸਿੱਖ ਧਰਮ ਵਿਚ ਇਸ਼ਟ ਦੀ ਪਦਵੀ ਨੂੰ ਪ੍ਰਾਪਤ ਹੈ। ਗੱਲ ਵੱਖਰੀ ਹੈ ਕਿ ਪੰਜਾਬੀ ਸਾਹਿਤ ਵਿਚ ਵੀ ਗੁਰੂ ਗ੍ਰੰਥ ਸਾਹਿਬ ਨੂੰ ਸਰਬ ਪ੍ਰਥਮ ਪ੍ਰਮਾਣਿਕ ਗ੍ਰੰਥ ਦੀ ਮਾਨਤਾ ਦਿਤੀ ਗਈ ਹੈ। ਮੱਧਕਾਲੀ ਸਾਹਿਤ ਵਿਚ 'ਗੁਰਮਤਿ ਧਾਰਾ' ਨੂੰ ਨਿਵੇਕਲੀ ਕਾਵਿ-ਧਾਰਾ ਦੇ ਰੂਪ ਵਿਚ ਵੀ ਪ੍ਰਵਾਨ ਕੀਤਾ ਗਿਆ ਹੈ। ਮੂਲ ਪ੍ਰਸ਼ਨ ਹੈ, ਜਦੋਂ ਜਾਣੇ ਅਨਜਾਣੇ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਕਾਵਿ ਕਰਕੇ ਉਪਮਾਇਆ ਹੀ ਗਿਆ ਹੈ ਤੇ ਇਸਦੀ ਗਣਨਾ ਪੰਜਾਬੀ ਸਾਹਿਤ ਵਿਚ ਵੀ ਕੀਤੀ ਗਈ ਹੈ ਤਾਂ ਇਸ ਵਿਚ ਅਜਿਹੇ ਕਿਹੜੇ ਤੱਤ ਹਨ ਜੋ ਇਸਨੂੰ ਸਾਹਿਤਕ ਰਚਨਾ ਵਾਂਗ ਰੂਪਮਾਨ ਕਰਦੇ ਹਨ ਤੇ ਅਜਿਹੇ ਕਿਹੜੇ ਜੋ ਇਸਨੂੰ ਸਾਹਿਤ-ਰਚਨਾ ਤੋਂ ਇਸ਼ਟ ਦੀ ਪਦਵੀ ਪ੍ਰਦਾਨ ਕਰਦੇ ਹਨ ?

ਸਾਹਿਤ ਸ਼ਾਸਤਰੀਆਂ ਤੇ ਭਗਤੀ-ਸ਼ਾਸਤਰੀਆਂ ਨੇ ਕਾਵਿ ਅਤੇ ਬਾਣੀ ਦਾ ਬੀਜ-ਬਿੰਦੂ ਮਨੁੱਖੀ ਅਨੁਭਵ ਨੂੰ ਹੀ ਸਵੀਕਾਰ ਕੀਤਾ ਹੈ। ਤੇ ਸ਼ਾਇਦ, ਇਹੋ ਇਕੋ ਇਕ ਮੂਲ ਕਾਰਨ ਹੈ ਕਿ ਬਾਣੀ ਨੂੰ ਵੀ ਸਾਹਿਤ ਵਿਚ ਕਾਵਿ-ਵੰਨਗੀ ਵਾਂਗ ਸਵੀਕਾਰ ਕਰ ਲਿਆ ਗਿਆ ਹੈ। ਉਂਞ ਬਾਣੀ ਅਤੇ ਕਾਵਿ ਵਿਚ ਕੁਝ ਵਖਰਤਾਵਾਂ ਤੇ ਸਮਾਨਤਾਵਾਂ ਵੀ ਹਨ। ਬਾਣੀ ਅਤੇ ਕਾਵਿ ਦੋਵੇਂ ਮਨੁੱਖ ਸਿਰਜਿਤ ਹੋਂਦਾ ਹਨ ਪਰ ਦੋਹਾਂ ਦੀਆਂ ਯੋਗਤਾਵਾਂ ਵਿਚ ਫ਼ਰਕ ਹੈ। ਕਾਵਿ ਦੀ ਸਿਰਜਣਾ ਸਾਧਾਰਨ ਮਨੁੱਖ ਕਰਦਾ ਹੈ। ਬਾਣੀਕਾਰ ਪਰਮ ਮਨੁੱਖ ਦੀ ਕੋਟੀ ਵਿਚ ਆਉਂਦੇ ਹਨ। ਮਨੁੱਖ ਸਾਹਿਤ ਸਿਰਜਕ ਹੈ ਤੇ ਸਮਾਜ ਦਾ ਇਕ ਅੰਗ ਵੀ। ਸਾਹਿਤ ਉਪਰ ਵਾਸਤਵਿਕ ਮਨੁੱਖੀ ਸਮਾਜ ਦੇ ਨੇਮ ਲਾਗੂ ਨਹੀਂ ਹੁੰਦੇ। ਬ੍ਰਹਮ ਜਗਤ ਦਾ ਕਰਤਾ ਹੈ ਤੇ ਜਗਤ ਦਾ ਅੰਗ ਵੀ ਹੈ ਪਰ ਉਸ ਉਪਰ ਜਗਤ ਵਾਲੇ ਨੇਮ ਲਾਗੂ ਨਹੀਂ ਹੁੰਦੇ। ਸ੍ਰਿਸ਼ਟੀ ਅਤੇ ਸਾਹਿਤ ਦੋਹਾਂ ਦੇ ਨੇਮ ਆਪੋ ਆਪਣੀ ਵਿਲੱਖਣਤਾ ਦੇ ਧਾਰਣੀ ਹਨ। ਦੋਹਾਂ ਦਾ ਵਸਤੂ-ਸੰਸਾਰ ਨਾਲ 'ਡਾਇਲੈਕਟਿਕ' ਜਾਂ ਦਵੰਦਾਤਮਕ ਸੰਬੰਧ ਹੈ।

ਬ੍ਰਹਮ-ਕਿਰਤ ਬ੍ਰਹਿਮੰਡ ਤੇ ਮਨੁੱਖ-ਕ੍ਰਿਤ ਸਾਹਿਤ ਦੋਵੇਂ ਹੀ ਆਪਣੇ ਸੁਭਾਉ ਵਿਚ ਸਹਿਧਰਮੀ ਹਨ। ਦੋਵੇਂ ਵੰਨਸਵੰਨਤਾ ਦੇ ਧਾਰਣੀ ਹਨ। ਦੋਹਾਂ ਨੂੰ ਸਮਝਣ ਬੁੱਝਣ ਲਈ ਅਨੇਕ ਚਿੰਤਨ-ਵਿਧੀਆਂ ਹੋਂਦ ਵਿਚ ਆਈਆਂ ਹਨ। ਦੋਹਾਂ ਨੂੰ ਤਰਕ ਦੀ ਪੱਧਰ ਤੇ ਪਕੜਿਆ ਜਾ ਸਕਦਾ ਹੈ। ਦੋਹਾਂ ਵਿਚ ਅਨੰਤ ਜੀਵਨ-ਦ੍ਰਿਸ਼ਟੀਆਂ ਦਾ ਬੋਲਬਾਲਾ ਹੈ। ਦੋਵੇਂ ਸਦਾ ਗਤੀਮਾਨ ਹਨ। ਦੋਹਾਂ ਨੂੰ ਸਮਝਣ ਦਾ ਪ੍ਰਮੁੱਖ ਸਾਧਨ ਭਾਸ਼ਾ ਹੈ ਤੇ ਦੋਹਾਂ ਦੀ ਪ੍ਰਗਟਾ-ਵਿਧੀ ਨਿਵੇਕਲੀ ਨੁਹਾਰ ਦੀ ਲਖਾਇਕ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਡੇ ਸਾਮਨੇ ਹੈ, ਉਹ ਕਿਹੜੇ ਤੱਤ ਹਨ ਜੋ ਬਾਣੀ ਰਚਨਾ ਨੂੰ ਸਾਹਿਤ ਨਾਲੋਂ ਨਿਖੇੜ ਕੇ ਇਸ਼ਟ ਦੀ ਪਦਵੀ ਤਕ ਪਹੁੰਚਾਉਂਦੇ ਹਨ। ਇਸ ਸੰਦਰਭ ਵਿਚ ਸਾਹਿਤ ਦੀ ਅਨੇਕਤਾ ਵਿਚ ਨਾ ਉਲਝਕੇ ਮੋਟੇ ਤੌਰ ਤੇ ਇਸ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ੳ. ਸਤਿ ਸਾਹਿਤ

ਅ. ਮਾਇਆਵੀ ਸਾਹਿਤ

ਸਤਿ ਸਾਹਿਤ ਦੇ ਰਚੈਤਾ ਬਾਣੀਕਾਰ ਹਨ। ਮਾਇਆਵੀ ਸਾਹਿਤ ਦੇ ਰਚਣਹਾਰ ਸਾਧਾਰਣ ਸੰਵੇਦਨਸ਼ੀਲ ਮਨੁੱਖ। ਸਾਹਿਤ, ਮਨੁੱਖ, ਅਨੁਭਵ, ਸੰਵੇਦਨਾ, ਤਣਾਉ ਤੇ ਭਾਸ਼ਾ ਦੇ ਸੁਮੇਲ ਤੋਂ ਰੂਪ ਗ੍ਰਹਿਣ ਕਰਦਾ ਹੈ। ਬਾਣੀ, ਅਧਿਆਤਮਕ ਅਨੁਭਵ, ਦਰਸ਼ਨ, ਸੰਗੀਤ, ਲੋਕ ਸੰਸਕ੍ਰਿਤੀ ਤੇ ਕਾਵਿ-ਜੁਗਤਾਂ ਦੇ ਸੰਜੁਗਤੀਕਰਣ ਤੋਂ ਹੋਂਦ ਵਿਚ ਆਉਂਦੀ ਹੈ। ਕਾਵਿ, ਪ੍ਰਤੱਖਣ ਨੂੰ ਤਿਖਿਆਂ ਕਰਦਾ ਹੈ। ਬਾਣੀ, ਗਿਆਨ-ਅਨੁਰਾਗੀ ਬਣਾਉਂਦੀ ਹੈ। ਬਾਣੀਕਾਰਾਂ ਦੀ ਅਨੁਭਵ ਅਭਿਵਿਅਕਤੀ ਭਾਵੁਕਤਾ ਤੋਂ ਵਧੀਕ ਬਿਬੇਕ ਵਲ ਰੁਚਿਤ ਹੈ। ਸਤਿ-ਸਾਹਿਤ ਅਣਦਿਸਦੀ ਸਰਬ ਵਿਆਪੀ ਸ਼ਕਤੀ ਨਾਲ ਵਫ਼ਾ ਪਾਲਦਾ ਹੈ। ਇਸਦਾ ਆਲੰਬਨ ਅਰੂਪ ਬ੍ਰਹਮ ਖੁਦ ਆਪ ਹੈ। ਤੇ ਸਾਹਿਤ ਦਾ ਆਲੰਬਨ ਮਨੁੱਖ ਦਾ ਮਨੁੱਖੀਪਨ। ਇਹੋ ਉਹ ਨੁਕਤਾ ਹੈ ਜਿਥੇ ਸਾਹਿਤ ਤੇ ਬਾਣੀ ਆਪੋ ਆਪਣੀ ਦਿਸ਼ਾ ਨੂੰ ਗ੍ਰਹਿਣ ਕਰਦੇ ਹਨ। ਬਾਣੀਕਾਰ ਦਾ ਵਿਦਾ-ਬਿੰਦੂ ਵਸਤੂ ਸੰਸਾਰ ਤੋਂ ਮੋਹ ਭੰਗ ਦੀ ਸਥਿਤੀ ਹੈ। ਸਾਹਿਤਕਾਰ ਮੋਹ-ਯੁਕਤ ਅਵਸਥਾ ਵਿਚ ਰਚਨਾ ਕਰਦਾ ਹੈ। ਜ਼ਾਹਿਰ ਹੈ, ਸਤਿ ਅਤੇ ਮਾਇਆਵੀ ਸਾਹਿਤ ਆਪਣੇ ਸੰਚਾਰ-ਧਰਮ ਵਿਚ ਸਮਾਨਤਾ ਰੱਖਦੇ ਹਨ। ਉਂਝ ਦੋਹਾਂ ਦੇ ਰਚੈਤਾ, ਪ੍ਰਕ੍ਰਿਤੀ ਤੇ ਬਿਰਤੀ ਆਪੋ ਆਪਣੀ ਹੈ। ਇਹੋ ਉਹ ਨੁਕਤੇ ਹਨ ਜਿਨ੍ਹਾਂ ਦੇ ਕਾਰਣ ਗੁਰੂ ਗਰੰਥ ਸਾਹਿਬ ਸਾਹਿਤ ਤੋਂ ਉਚੇਰੀ ਪਦਵੀ ਨੂੰ ਪ੍ਰਾਪਤ ਹੋ ਗਏ ਹਨ।

ਸੁਆਲ ਹੈ, ਭਾਵੇਂ ਗੁਰੂ ਗਰੰਥ ਸਾਹਿਬ ਦੀ ਬਾਣੀ ਦੀ ਹੋਂਦ-ਵਿਧੀ ਆਪਣੀ ਨਿਵੇਕਲੀ ਨੁਹਾਰ ਰੱਖਦੀ ਹੈ ਤਾਂ ਵੀ ਬਾਣੀ ਸਿਰਜਣ ਦਾ ਮਾਧਿਅਮ ਅਖ਼ੀਰ ਤਾਂ ਕੋਈ ਰਚਨਾ-ਰੂਪ ਹੀ ਹੈ। ਬਲਕਿ ਗੁਰੂ ਗ੍ਰੰਥ ਸਾਹਿਬ ਵੰਨਸਵੰਨ ਰਚਨਾ-ਰੂਪਾਂ ਦਾ ਮਜਮੂਆ ਹੈ। ਇਸ ਵਿਚ ਲੋਕ ਕਾਵਿ-ਰੂਪ ਵੀ ਹਨ ਤੇ ਸਾਹਿਤਕ ਰਚਨਾ-ਰੂਪ ਵੀ। ਇਸਤੋਂ ਪਹਿਲਾਂ ਕਿ ਇਸਦੇ ਰਚਨਾ-ਰੂਪਾਂ ਦੀ ਗੱਲ ਛੋਹੀ ਜਾਏ ਰੂਪ-ਰਚਨਾ ਬਾਰੇ ਕੁਝ ਬੁਨਿਆਦੀ ਕਿਸਮ ਦੇ ਨਿਖੇੜੇ ਕਰ ਲੈਣੇ ਉਚਿਤ ਪ੍ਰਤੀਤ ਹੁੰਦੇ ਹਨ। ਵਿਸ਼ੇ ਦੀ ਵਿਸ਼ਾਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਸਨੂੰ ਨਿਮਨ ਅੰਕਿਤ ਨੁਕਤਿਆਂ ਵਿਚ ਵੰਡ ਕੇ ਵਿਚਾਰਨਾ ਉਚਿਤ ਪ੍ਰਤੀਤ ਹੁੰਦਾ ਹੈ—

ੳ. ਰੂਪ-ਰਚਨਾ

ਅ. ਰੂਪ-ਪ੍ਰਬੰਧ

ੲ. ਰੂਪ-ਆਧਾਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ. ਰੂਪ-ਵੰਨਗੀਆਂ

ਹ. ਰੂਪ-ਪਛਾਣ-ਚਿਹਨ

ਕ. ਬਾਣੀ ਰੂਪ-ਪਰੰਪਰਾ

ਖ. ਆਦਿ ਗ੍ਰੰਥ ਦੇ ਪ੍ਰਮੁਖ ਰਚਨਾ-ਰੂਪ

## ਰੂਪ-ਰਚਨਾ

'ਰੂਪ' ਆਪਣੇ ਆਪ ਵਿਚ ਇਕ ਸਾਂਚਾ ਹੈ ਜਿਸਦੀ ਆਪਣੀ ਹੀ ਤਰ੍ਹਾਂ ਦੀ ਬਣਤ ਹੁੰਦੀ ਹੈ। ਰੂਪ Style ਦਾ ਸਮਾਨਾਰਥੀ ਨਹੀਂ ਸਗੋਂ ਇਹ ਇਕ ਤਰ੍ਹਾਂ ਦੀ Form ਹੈ। ਵਸਤੂ ਜਗਤ ਸਾਰੇ ਦਾ ਸਾਰਾ ਨਾਮਾਤਕ ਹੈ। ਹਰ ਨਾਮ ਦਾ ਆਪਣਾ ਰੂਪ ਹੈ। ਹਰ ਰੂਪ ਦਾ ਆਪਣਾ ਨਾਮ ਹੈ। ਸੰਸਾਰ ਵਿਚ ਕੋਈ ਵੀ ਵਸਤੂ ਅਨਾਮ ਨਹੀਂ। ਅਨਾਮ ਕੇਵਲ ਬ੍ਰਹਮ ਹੈ। ਇਸੇ ਕਰਕੇ ਉਹ ਅਕਾਲ ਅਤੇ ਅਮੂਰਤ ਹੈ। ਉਸਦਾ ਨਾ ਰੂਪ ਹੈ, ਨਾ ਰੇਖ (ਅਕ੍ਰਿਤੀ) ਹੈ ਨਾ ਰੰਗ ਹੈ। ਇਹੋ ਕਾਰਣ ਹੈ, ਉਹ ਜਗਤ ਤੋਂ ਭਿੰਨ ਹੈ ਤੇ ਉਸ ਉਪਰ ਜਗਤ-ਰਚਨਾ ਦੇ ਨੇਮ ਲਾਗੂ ਨਹੀਂ ਹੁੰਦੇ। ਧਿਆਨ ਰਹੇ, ਬ੍ਰਹਮ ਦੇ ਸਾਰੇ ਨਾਮ ਵਿਸ਼ੇਸ਼ਣਾਤਮਕ ਹਨ। ਵਸਤੂ-ਸੰਸਾਰ ਸਮੂਰਤਣ-ਪ੍ਰਕਿਰਿਆ ਨਾਲ ਸੰਬੰਧਿਤ ਹੈ। ਸਾਹਿਤ-ਸੰਸਾਰ ਅਮੂਰਤ ਭਾਵਾਂ ਦੇ ਅਭਿਵਿਅੰਜਨ ਨਾਲ ਮਾਲਾਮਾਲ ਹੈ। ਮਨੁੱਖੀ ਮਨ ਦੇ ਅਮੂਰਤ ਭਾਵਾਂ ਨੂੰ ਵੰਨਸਵੰਨ ਕਲਾ-ਮਾਧਿਅਮ ਦਰਕਾਰ ਹਨ।

ਕਲਾ ਮਨੁੱਖੀ ਅਨੁਭਵ ਦੇ ਪ੍ਰਗਟਾ ਦਾ ਹੀ ਇਕ ਮਾਧਿਅਮ ਹੈ। ਸਾਹਿਤ-ਪ੍ਰਬੰਧ ਵਿਚ ਇਸੇ ਨੂੰ ਅਭਿਵਿਅੰਜਨ ਦਾ ਨਾਮ ਦਿਤਾ ਗਿਆ ਹੈ। ਸਾਧਾਰਣ ਵਿਹਾਰ ਵਿਚ ਹਰ ਕਲਾ ਦਾ ਆਪਣਾ ਰੂਪ ਹੁੰਦਾ ਹੈ ਤੇ ਹਰ ਦਾ ਆਪਣਾ ਅੰਦਾਜ਼। ਹਰ ਅੰਦਾਜ਼ ਆਪਣੀ ਵੱਖਰੀ ਨੁਹਾਰ ਦੀ ਛਾਪ ਲਾਉਂਦਾ ਹੈ। ਇਹੋ ਵੱਖਰੀ ਨੁਹਾਰ ਹੀ ਸਾਹਿਤਕ ਰਚਨਾ-ਰੂਪ ਦੀ ਸੰਰਚਨਾ ਅਖਵਾਉਂਦੀ ਹੈ। ਹਰ ਸੰਰਚਨਾ ਦਾ ਆਪਣਾ ਨਿਵੇਕਲਾ ਮਾਡਲ ਹੁੰਦਾ ਹੈ। ਅਜਿਹੇ ਰਚਨਾ-ਰੂਪ ਮਨੁੱਖੀ ਚੇਤਨਾ ਦੀ ਉਪਜ ਹਨ ਤੇ ਇਸੇ ਕਰਕੇ ਇਨ੍ਹਾਂ ਨੂੰ ਕ੍ਰਿਤਮ ਰੂਪ ਦਾ ਨਾਮ ਦਿਤਾ ਜਾਂਦਾ ਹੈ। ਕਲਾਤਮਕ ਰੂਪ ਇਕ ਪਾਸੇ, ਇਕ ਖ਼ਾਸ ਵਿਚਾਰ ਨੂੰ ਸੰਚਾਰਿਤ ਕਰਦਾ ਹੈ। ਦੂਜੇ ਪਾਸੇ, ਆਪਣਾ ਨਿਵੇਕਲਾ ਮੁਹਾਂਦਰਾ ਰੱਖਦਾ ਹੈ। ਇਥੋਂ ਹੀ ਇਕ ਅੰਤਰ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ। ਜੇ ਹਰ ਸਾਹਿਤ-ਰਚਨਾ ਦੀ ਆਪਣੀ ਸੰਰਚਨਾ ਹੈ ਤਾਂ ਉਸਦੀ ਪਛਾਣ ਉਸਦੇ ਵਥ ਨਾਲ ਵੀ ਜੁੜੀ ਹੋਈ ਹੁੰਦੀ ਹੈ। ਰੂਪ ਅਤੇ ਵਥ ਦੋਹਾਂ ਦੇ ਸੰਜੁਗਤਕੀਕਰਣ ਨਾਲ ਹੀ ਕਲਾ-ਰੂਪ ਵਿਸ਼ੇਸ਼ ਅਕਾਰ ਨੂੰ ਗ੍ਰਹਿਣ ਕਰਦਾ ਹੈ। ਇਹੋ ਰਚਨਾ ਦਾ ਰੂਪ ਹੈ ਅਥਵਾ ਰਚਨਾ ਦੀ ਸੰਰਚਨਾ ਹੈ।

ਬਾਣੀ ਜਾਂ ਕਵਿਤਾ ਵਿਚ ਰੂਪ-ਰਚਨਾ ਨੂੰ ਪਾਰਿਭਾਸ਼ਤ ਕਰਨ ਤੋਂ ਪਹਿਲਾਂ ਇਹ ਦੇਖਣਾ ਜ਼ਰੂਰੀ ਹੈ ਕਿ ਰੂਪ ਵਿਸ਼ੇਸ਼ ਜਿਸ ਵਸਤੂ ਸਾਮਗ੍ਰੀ ਨੂੰ ਪੇਸ਼ ਕਰਨ ਲਈ ਚੁਣਿਆਂ ਗਿਆ ਸੀ ਕੀ ਉਹ ਉਸਨੂੰ ਨਿਵੇਕਲਾ ਰੂਪ ਪ੍ਰਦਾਨ ਕਰ ਸਕਿਆ ਹੈ। ਇਸ ਦਾ ਅਰਥ ਇਹ ਹੋਇਆ ਰੂਪ ਇਕ ਚੋਖਟਾ ਜਾਂ ਢਾਂਚਾ ਜਾਂ ਬਣਤਰ ਹੈ। ਵਸਤੂ-ਸਾਮਗ੍ਰੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਸਦੀ ਬੁਣਤਰ ਜਾਂ ਥੀਮ। ਸੁਆਲ ਹੈ, ਵਸਤੂ-ਸਾਮਗ੍ਰੀ ਨੂੰ ਰੂਪ ਨਾਲੋਂ ਨਿਖੇੜ ਕੇ ਵੇਖਿਆ ਜਾ ਸਕਦਾ ਹੈ ? ਉੱਤਰ ਹੈ ਨਹੀਂ। ਹਰ ਪੇਂਟਿੰਗ ਦਾ ਇਕ ਰੂਪ ਹੈ। ਪੇਂਟਿੰਗ ਨੂੰ ਪੇਂਟਿੰਗ ਦੇ ਰੂਪ ਵਿਚੋਂ ਹੀ ਅਕਾਰ ਗ੍ਰਹਿਣ ਕਰਨਾ ਪੈਂਦਾ ਹੈ। ਅਥਵਾ ਪੇਂਟਿੰਗ ਰੂਪ ਤਾਂ ਹੀ ਗ੍ਰਹਿਣ ਕਰਦੀ ਹੈ ਜੇ ਉਸਨੂੰ ਪੇਂਟਿੰਗ ਵਾਂਗ ਪੇਂਟ ਕੀਤਾ ਜਾਂਦਾ ਹੈ। ਹਰ ਪੇਟਿੰਗ ਵਿਚੋਂ ਇਕ ਆਈਡੀਆ ਸੰਚਾਰਿਤ ਹੁੰਦਾ ਹੈ। ਉਹ ਆਈਡੀਆ ਕਿਸੇ ਹੋਰ ਰੂਪ ਰਾਹੀਂ ਵੀ ਸਰੂਪ ਧਾਰ ਸਕਦਾ ਹੈ। ਪਰ ਨਿਸਚੈ ਹੀ ਜਦੋਂ ਇਕ ਵਿਚਾਰ ਦਾ ਸੰਬੰਧ ਇਕ ਖਾਸ ਤਰ੍ਹਾਂ ਦੀ ਪੇਂਟਿੰਗ ਨਾਲ ਜੁੜ ਜਾਂਦਾ ਹੈ ਤਾਂ ਉਸ ਪੇਟਿੰਗ ਵਿਚੋਂ ਵਿਚਾਰ ਵਿਸ਼ੇਸ਼ ਦਾ ਨਕਾਰਣ ਨਹੀਂ ਹੋ ਸਕਦਾ ਸਗੋਂ ਕਲਾ ਤੇ ਵਿਚਾਰ ਦੇ ਸੁਮੇਲ ਨੂੰ ਹੀ ਪੇਂਟਿੰਗ ਦਾ ਨਾਮ ਦਿਤਾ ਜਾ ਸਕਦਾ ਹੈ। ਰੂਪ-ਵਾਦੀਆਂ ਦਾ ਸੁਚਿੰਤਕ ਮਤ ਹੈ ਕਿ ਰੂਪ ਅਤੇ ਵਥ ਦੀ ਅਭੇਦਤਾ ਹੀ ਸਾਹਿਤ ਸੰਰਚਨਾ ਦਾ ਰਾਜ਼ ਹੈ।

ਸੰਖੇਪ ਵਿਚ, ਰਚਨਾ-ਰੂਪ ਇਕ ਅਕਾਰ ਹੈ, ਇਕ ਸਾਂਚਾ ਹੈ, ਇਕ ਸੰਰਚਨਾ ਹੈ ਜਿਸ ਰਾਹੀਂ ਵਥ ਵਿਸ਼ੇਸ਼ ਨੂੰ ਪਛਾਣਿਆ ਜਾ ਸਕਦਾ ਹੈ ਪਰ ਉਸ ਵਿਚੋਂ ਵਥ ਨੂੰ ਨਕਾਰਿਆ ਨਹੀਂ ਜਾ ਸਕਦਾ। ਥੀਮ ਉਹ ਵਸਤੂ-ਸਾਮਗ੍ਰੀ ਹੈ ਜੋ ਆਪਣੇ ਹਾਣ ਦਾ ਸਾਂਚਾ ਲੱਭ ਲੈਂਦੀ ਹੈ। ਉਂਞ ਕਾਵਿ ਜਾਂ ਬਾਣੀ ਕਿਰਤ ਵਿਚੋਂ ਵਸਤੂ-ਸਾਮਗ੍ਰੀ ਤੇ ਰੂਪ ਰਚਨਾ ਨੂੰ ਇਕ ਦੂਜੇ ਤੋਂ ਅਲਗ ਕਰਕੇ ਵੇਖਣਾ ਸੰਭਵ ਹੀ ਨਹੀਂ।

ਸੰਦੇਹ ਨਹੀਂ, ਤਰਕ ਦੀ ਪੱਧਰ ਤੇ ਇਨ੍ਹਾਂ ਵਿਚੋਂ ਦੁਫਾੜ ਵੇਖਿਆ, ਸਮਝਿਆ ਜਾ ਸਕਦਾ ਹੈ ਪਰ ਇਤਨਾ ਤਾਂ ਸਪਸ਼ਟ ਹੀ ਹੈ ਅਧਿਐਨ-ਕਰਤਾ ਜਾਂ ਪਾਠਕ ਨੂੰ ਜਿੰਨੀ ਦੇਰ ਰਚਨਾ-ਰੂਪ ਦੇ ਵਿਧਾਨਗਤ ਨੇਮ ਪਤਾ ਨਹੀਂ ਉਹ ਉਸ ਰਚਨਾ-ਕਿਰਤ ਵਿਚੋਂ ਕੁਝ ਗੁਣ-ਲੱਛਣਾਂ ਦੀ ਪਛਾਣ ਤਾਂ ਕਰੇਗਾ ਹੀ ਤੇ ਪਛਾਣ ਉਪਰੰਤ ਕਿਸੇ ਨਾ ਕਿਸੇ ਰੂਪ-ਵਿਸ਼ੇਸ਼ ਨਾਲ ਜੋੜਨਾ ਵੀ ਚਾਹੇਗਾ।

ਗੁਰੂ ਗ੍ਰੰਥ ਸਾਹਿਬ ਵੰਨਸੁਵੰਨ ਰਚਨਾ-ਰੂਪਾਂ ਦਾ ਮਜਮੂਆ ਹੈ। ਵਰਗ ਬੱਧ ਹੋ ਜਾਣਾ ਰਚਨਾ-ਰੂਪ ਦੀ ਹੋਣੀ ਹੈ। ਜ਼ਾਹਿਰ ਹੈ, ਰੂਪ ਵਿਸ਼ੇਸ਼ ਦੇ ਕੁਝ ਆਪਣੇ ਗੁਣ-ਲੱਛਣ ਵੀ ਹੁੰਦੇ ਹਨ ਜਿਨ੍ਹਾਂ ਦੀ ਸਮਰੂਪਤਾ ਪਛਾਣ ਕੇ ਕੁਝ ਨੇਮ ਬਣਾਏ ਜਾ ਸਕਦੇ ਹਨ। ਇਕ ਤਰ੍ਹਾਂ ਦੇ ਨੇਮ-ਪ੍ਰਬੰਧ ਹੀ ਅੱਗੇ ਚੱਲ ਕੇ ਰੂਪ-ਪ੍ਰਬੰਧ ਨੂੰ ਉਸਾਰਨ ਵਿਚ ਸਹਾਇਕ ਸਾਬਤ ਹੁੰਦੇ ਹਨ।

ਹੁਣ ਸੰਖੇਪ ਜਿਹੀ ਵਿਚਾਰ ਰੂਪ-ਪ੍ਰਬੰਧ ਬਾਰੇ ਕਰ ਲੈਣੀ ਵੀ ਉਚਿਤ ਮਾਲੂਮ ਹੁੰਦੀ ਹੈ।

## ਰੂਪ-ਪ੍ਰਬੰਧ

ਰੂਪ-ਪ੍ਰਬੰਧ, ਰੂਪ-ਰਚਨਾ ਨਾਲ ਸੰਬੰਧਿਤ ਨੇਮਾਂ ਦੀ ਤਲਾਸ਼ ਵਿਚ ਤੁਰਦਾ ਹੈ। ਰਚਨਾ-ਰੂਪ ਵਿਅਕਤੀਗਤ ਤੌਰ ਤੇ ਬਾਣੀ-ਕਿਰਤ ਜਾਂ ਕਾਵਿ-ਕਿਰਤ ਦੇ ਰੂਪ ਵਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੁਚਿਤ ਹੈ। ਰੂਪ-ਪ੍ਰਬੰਧ ਵੰਨਸਵੰਨ ਰਚਨਾ-ਰੂਪਾਂ ਵਿਚੋਂ ਉੱਭਰਦੇ ਗੁਣ-ਲੱਛਣਾਂ ਦੇ ਆਧਾਰ ਤੇ ਕੁਝ ਨੇਮ ਘੜਦਾ ਹੈ ਜਿਨ੍ਹਾਂ ਦੇ ਆਸਰੇ ਪਾਠਕ ਜਾਂ ਅਧਿਏਤਾ ਉਨ੍ਹਾਂ ਦੇ ਵਰਗੀਕਰਣ ਨੂੰ ਸਮਝਣ ਜੋਗ ਹੋ ਜਾਂਦਾ ਹੈ। ਜਦੋਂ ਰੂਪ-ਪ੍ਰਬੰਧ ਦੀ ਗੱਲ ਕੀਤੀ ਜਾਏ ਤਾਂ ਇਸ ਦਾ ਅਰਥ ਹੈ ਸਾਹਿਤ ਵਿਚਲੇ ਵੰਨਸਵੰਨ ਰਚਨਾ-ਰੂਪਾਂ ਦੇ ਸਮਰੂਪ ਗੁਣ-ਲੱਛਣਾਂ ਦੀ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਧਿਆਨ ਰਹੇ, ਰੂਪ-ਰਚਨਾ ਵੀ ਬਹੁਰੰਗਤਾ ਦੀ ਧਾਰਣੀ ਹੁੰਦੀ ਹੈ ਪਰ ਰੂਪ-ਪ੍ਰਬੰਧ ਤਾਂ ਵੰਨਸਵੰਨ ਰਚਨਾ-ਰੂਪਾਂ ਵਿਚ ਕਰ ਰਹੇ ਨੇਮਾਂ ਦਾ ਮੁਤਲਾਸ਼ੀ ਹੈ। ਕਈ ਬਾਣੀ ਰੂਪ ਅਜਿਹੇ ਵੀ ਹਨ ਜਿਨ੍ਹਾਂ ਦਾ ਅਰਥ-ਸੰਚਾਰ ਵਿਰੋਧਾਭਾਸੀ ਲਗਦਾ ਹੈ ਜਿਹਾ ਕਿ ਸੋਹਿਲਾ ਅਤੇ ਅਲਾਹੁਣੀ ਜਾਂ ਵਾਰ ਅਤੇ ਜੰਗਨਾਮਾ ਆਦਿ। ਕਈ ਰਚਨਾ-ਰੂਪ ਅਜਿਹੇ ਵੀ ਹਨ ਜਿਨ੍ਹਾ ਦਾ ਦਾਰਸ਼ਨਿਕ ਸਿਸਟਮ ਨਾਲ ਅਤਿ ਨੇੜੇ ਦਾ ਸੰਬੰਧ ਹੁੰਦਾ ਹੈ ਜਿਵੇਂ ਕਿ ਆਰਤੀ ਅਤੇ ਸੋਲਹੇ ਆਦਿ। ਕਈ ਵਾਰ ਰਚਨਾ-ਰੂਪ ਕਿਸੇ ਇਕ ਥੀਮ ਲਈ ਰੂੜ੍ਹ ਹੋ ਜਾਂਦਾ ਹੈ ਜਿਵੇਂ ਕਿ ਆਦਿ ਗ੍ਰੰਥ ਵਿਚਲੇ ਛੰਤ ਵਿਆਹ ਦੇ ਨਾਲ ਸੰਬੰਧਿਤ ਵੰਨਸਵੰਨ ਪ੍ਰਕਰਣਾਂ ਨਾਲ ਜੁੜੇ ਹੋਏ ਹਨ ਜਾਂ ਅਧਿਆਤਮਕ ਵਾਰਾਂ ਪ੍ਰਮਾਤਮਾ ਦੀ ਮਹਿਮਾ ਤੇ ਸਮਾਜਿਕ ਸਮੀਖਿਆ ਲਈ ਰੂੜ੍ਹ ਹਨ। ਇਤਨਾ ਤਾਂ ਸਪਸ਼ਟ ਹੀ ਹੈ ਛੰਤ, ਵਾਰਾਂ, ਅਲਾਹੁਣੀਆਂ ਆਦਿ ਦਾ ਰੂਪ-ਪ੍ਰਬੰਧ ਆਪੋ ਆਪਣਾ ਹੈ। ਕਾਵਿ-ਛੰਦ ਇਨ੍ਹਾਂ ਦੀ ਵਿਆਪਕ ਬਾਣੀ-ਜੁਗਤ ਹੈ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਬਾਣੀ-ਰਚਨਾ ਵਿਚ ਹੋਰ ਸ਼ਿਲਪ-ਜੁਗਤਾਂ ਦੀ ਵਰਤੋਂ ਵੀ ਕੀਤੀ ਗਈ ਹੈ। ਪ੍ਰਸ਼ਨ ਹੈ ਕੀ ਛੰਦ-ਮੁਕਤ ਕਵਿਤਾ ਦਾ ਵੀ ਆਪਣਾ ਨਿਵੇਕਲਾ ਰੂਪ ਹੁੰਦਾ ਹੈ ਉੱਤਰ ਹਾਂਮੁਖ ਹੈ। ਕਵਿਤਾ ਵਿਚ ਰੂਪ, ਸ਼ਬਦ, ਪਦਾਵਲੀ ਤੇ ਭਾਸ਼ਾ ਦਾ ਸੁਮੇਲ ਹੁੰਦਾ ਹੈ। ਤਰਕ ਦੀ ਦ੍ਰਿਸ਼ਟੀ ਤੋਂ ਰੂਪ, ਵਿਚਾਰ-ਸਾਮਗ੍ਰੀ ਨਾਲੋਂ ਵੱਖਰੀ ਚੀਜ਼ ਹੈ। ਜਿਸ ਨੂੰ ਵਡੇਰੇ ਅਰਥਾਂ ਵਿਚ ਸਟਾਈਲ ਦੇ ਰੂਪ ਵਿਚ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ। ਉਦੋਂ ਅਅਿਐਨ ਕਰਤਾ ਦੀ ਨਜ਼ਰ ਅਨੇਕ ਰਚਨਾਵਾਂ ਵਿਚੋਂ ਵਿਚੋਂ ਵਰਗੇਵੇਂ ਤੇ ਵਖਰੇਵੇਂ ਉੱਤੇ ਹੁੰਦੀ ਹੈ। ਇਨ੍ਹਾਂ ਦੋਹਾਂ ਦਾ ਕਾਰਜ ਵੀ ਇਕ ਪ੍ਰਕਾਰੀ ਰਚਨਾਵਾਂ ਦੇ ਨੇਮ-ਪ੍ਰਬੰਧ ਨੂੰ ਜਾਨਣ ਵਲ ਰੁਚਿਤ ਹੁੰਦਾ ਹੈ। ਪ੍ਰਸ਼ਨ ਹੈ, ਰੂਪ-ਪ੍ਰਬੰਧ ਦਾ ਆਧਾਰ ਕੀ ਹੈ ?

## ਰੂਪ-ਆਧਾਰ

ਰੂਪ-ਆਧਾਰ ਰੂਪ-ਰਚਨਾ ਨੂੰ ਪਛਾਨਣ ਦਾ ਮੂਲ ਬੁਨਿਆਦੀ ਨੁਕਤਾ ਹੈ। ਜਿਸ ਤਰ੍ਹਾਂ ਮਨੁੱਖ ਵਿਸ਼ੇਸ਼ ਨੂੰ ਸਮਝਣ ਲਈ ਉਸਦੀ ਸਾਂਸਕ੍ਰਿਤੀ ਅਥਵਾ ਪਰੰਪਰਕ ਪਿਛੋਕੜ ਨੂੰ ਜਾਣਨਾ ਲਾਜ਼ਮੀ ਹੁੰਦਾ ਹੈ ਇਸੇ ਤਰ੍ਹਾਂ ਜਦੋਂ ਰੂਪ-ਰਚਨਾ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਉਸਦੇ ਰੂਪ-ਆਧਾਰ ਨੂੰ ਪਛਾਨਣਾ ਜ਼ਰੂਰੀ ਹੋ ਜਾਂਦਾ ਹੈ। ਰੂਪ-ਪ੍ਰਬੰਧ ਆਪਣੀ ਰੂਪ-ਪੱਧਤੀ (Cult of form) ਨਾਲ ਜੁੜਿਆ ਹੁੰਦਾ ਹੈ। ਜਿੰਨੀ ਦੇਰ ਰੂਪ ਪੱਧਤੀ ਦਾ ਗਿਆਨ ਨਾ ਹੋਵੇ ਰੂਪ-ਪ੍ਰਬੰਧ ਅਥਵਾ ਰਚਨਾ-ਰੂਪ ਦੀ ਸਹੀ ਪਛਾਣ ਨਹੀਂ ਹੋ ਸਕਦੀ। ਆਖ਼ਰਕਾਰ ਕਿਸੇ ਬਾਣੀ-ਰਚਨਾ ਦੀ ਵਿਆਖਿਆ ਉਸਦੇ ਮੂਲ ਸੰਦਰਭ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਟੁੱਟ ਕੇ ਤਾਂ ਨਹੀਂ ਹੋ ਸਕਦੀ। ਸਗੋਂ ਉਸ ਦੀ ਰੂਪ ਪੱਧਤੀ ਦਾ ਇਕ ਲਾਭ ਇਹ ਵੀ ਹੁੰਦਾ ਹੈ ਕਿ ਉਹ ਰਚਨਾ ਵਿਸ਼ੇਸ਼ ਨੂੰ ਇਕ ਖ਼ਾਸ ਤਰ੍ਹਾਂ ਦਾ ਸ਼ਬਦ-ਭੰਡਾਰ, ਸੰਕਲਪ-ਪ੍ਰਬੰਧ ਤੇ ਕਾਵਿ-ਕੌਸ਼ਲ ਨੂੰ ਪਕਿਆਈ ਨਾਲ ਵਰਤਣ ਦੀ ਆਧਾਰ ਭੂਮੀ ਦੇਂਦੀ ਹੈ। ਗੁਰਬਾਣੀ ਪਰੰਪਰਾ ਇਸ ਤੱਥ ਦੀ ਪੁਸ਼ਟ ਪਰਮਾਣ ਹੈ। ਬਲਕਿ ਮਧਕਾਲੀ ਸਾਰੀਆਂ ਕਾਵਿ ਧਾਰਾਵਾਂ ਇਸ ਮਤ ਦੀ ਪੁਸ਼ਟੀ ਕਰਦੀਆਂ ਹਨ। ਕਿੱਸਾਂ ਕਾਵਿ ਦੇ ਰੂਪ-ਪ੍ਰਬੰਧ ਨੂੰ ਜਾਣੇ ਬਿਨਾਂ ਉਸਦੀ ਕਿਸੇ ਕਾਵਿ-ਟੁਕੜੀ ਦੀ ਵਿਆਖਿਆ ਪੂਰੀ ਤਰ੍ਹਾਂ ਸਹੀ ਨਹੀਂ ਹੋ ਸਕਦੀ। ਇਹੋ ਧਾਰਣਾਂ ਵਾਰ-ਸਾਹਿਤ ਉਪਰ ਵੀ ਲਾਗੂ ਹੁੰਦੀ ਹੈ। ਸਾਫ਼ ਹੈ, ਰੂਪ-ਆਧਾਰ ਰੂਪ ਸੰਬੰਧੀ ਵਰਗੇਵੇਂ ਤੇ ਵੱਖਰੇਵੇਂ ਨੂੰ ਪਛਾਣਦਾ ਹੋਇਆ ਰਚਨਾ-ਰੂਪ ਨੂੰ ਇਕ ਬਲਵਾਨ ਪ੍ਰਿਸ਼ਠ ਭੂਮੀ ਦੇਂਦਾ ਹੈ ਜਿਸਦੇ ਦੁਆਲੇ ਰਚਨਾਵਾਂ ਦਾ ਰੂਪ-ਪ੍ਰਬੰਧ ਘੁੰਮਦਾ ਹੋਇਆ ਇਕ ਨੇਮ-ਪ੍ਰਬੰਧ ਨੂੰ ਘੜਦਾ ਹੈ। ਇਸੇ ਨੇਮ-ਪ੍ਰਬੰਧ ਦੀ ਪਾਲਣਾ ਵਿਚ ਹੀ ਰਚਨਾ ਰੂਪ ਵਿਸ਼ੇਸ਼ ਦੀ ਸਫਲਤਾ ਹੈ। ਦੂਸਰੇ ਸ਼ਬਦਾਂ ਵਿਚ ਜੇ ਕੋਈ ਰਚਨਾ-ਰੂਪ ਆਪਣੇ ਵਿਚ ਰੂਪ ਵਿਸ਼ੇਸ਼ ਦੇ ਨੇਮ ਪ੍ਰਬੰਧ ਸਮੋ ਲੈਂਦਾ ਹੈ ਤਾਂ ਇਹ ਨਿਰਣੈ ਕਰਨ ਲਗਿਆਂ ਸੁਖਾਲਾ ਹੋ ਜਾਂਦਾ ਹੈ ਕਿ ਰਚਨਾ-ਵਿਸ਼ੇਸ਼ ਨੂੰ ਕਿਸ ਕੋਟੀ ਵਿਚ ਆਂਕਿਆ ਜਾ ਸਕਦਾ ਹੈ। ਰੂਪ-ਆਧਾਰ ਦਰਅਸਲ ਰੂਪ ਵਿਸ਼ੇਸ਼ ਦੇ ਪਛਾਣ-ਚਿਹਨ ਨਿਸਚਿਤ ਕਰਨ ਵਿਚ ਸਹਾਈ ਹੁੰਦਾ ਹੈ।

ਇਥੇ ਇਕ ਹੋਰ ਨੁਕਤਾ ਵੀ ਧਿਆਨ ਜੋਗ ਹੈ। ਹਰ ਰੂਪ-ਪ੍ਰਬੰਧ ਦੇ ਕੁਝ ਨਿਵੇਕਲੇ ਗੁਣ-ਲੱਛਣ ਹੁੰਦੇ ਹਨ ਜਿਹਾ ਕਿ ਕਵਿਤਾ, ਨਾਵਲ, ਨਾਟਕ ਤੇ ਸਵੈਜੀਵਨੀ ਦੇ ਆਧਾਰਗਤ ਤੱਤ ਸਮਰੂਪ ਨਹੀਂ ਹੋ ਸਕਦੇ। ਅਜੇ ਕਿ ਬੀਜ ਤੱਤ ਇਨ੍ਹਾਂ ਸਾਰਿਆਂ ਦਾ ਮਨੁੱਖੀ ਅਨੁਭਵ ਹੀ ਹੈ ਪਰ ਇਨ੍ਹਾਂ ਦੇ ਢਾਂਚੇ ਜਾਂ ਉਸਾਰੀ ਵਿਚ ਆਪੋ ਆਪਣੇ ਨੇਮ ਕੰਮ ਕਰਦੇ ਵਿਖਾਈ ਦੇਂਦੇ ਹਨ। ਸਾਫ਼ ਹੈ, ਰੂਪ-ਪ੍ਰਬੰਧ ਨੂੰ ਨਿਸਚਿਤ ਅਰਥ ਦੇਣ ਵਾਲੀ ਉਸਦੀ ਅਧਾਰਗਤ ਸਾਮਗ੍ਰੀ ਹੈ। ਭਾਵ ਬਿਨਾਂ ਕਵਿਤਾ ਨਹੀਂ ਤੇ ਇਤਿਹਾਸਕ ਤੱਥ ਬਿਨਾਂ ਜੀਵਨੀ-ਰੂਪ ਹੋਂਦ ਵਿਚ ਨਹੀਂ ਆਉਂਦਾ। ਇਕ ਤਰ੍ਹਾਂ ਰੂਪ ਵਿਸ਼ੇਸ਼ ਦਾ ਬੀਜ-ਸੰਕਲਪ ਨਿਸਚਿਤ ਹੈ। ਉਦਾਹਰਣ ਵਜੋਂ ਕਵਿਤਾ ਲਈ ਛੰਦ ਜਾਂ ਲੈਅ ਲਾਜ਼ਮੀ ਹੈ। ਨਾਟਕ ਲਈ ਵਾਰਤਾਲਾਪ ਲਾਜ਼ਮੀ-ਜੁਗਤ ਹੈ। ਸਵੈ-ਜੀਵਨੀ ਆਤਮ ਤੱਥਾਂ ਤੇ ਹੀ ਆਧਾਰਿਤ ਹੁੰਦੀ ਹੈ। ਇਸਦਾ ਅਰਥ ਹੈ ਰੂਪ-ਪ੍ਰਬੰਧ ਨੂੰ ਨਿਸਚਿਤ ਕਰਨ ਵਿਚ ਰੂਪ-ਵਿਸ਼ੇਸ਼ ਦੇ ਬੀਜ-ਤੱਤ ਦਾ ਬਹੁਤ ਵੱਡਾ ਰੋਲ ਹੈ। ਮਿਸਾਲ ਲਈ, ਭਗਤੀ ਤੇ ਗਿਆਨ ਦੀ ਸਮਰੂਪਤਾ ਹੀ ਬਾਣੀ ਦੀ ਹੋਂਦ-ਵਿਧੀ ਦੇ ਬੀਜ-ਤੱਤ ਹਨ।

ਸੰਖੇਪ ਵਿਚ, ਰਚਨਾ-ਰੂਪ ਵਿਅਕਤੀਗਤ ਸਾਂਚਾ ਹੈ। ਜਿਸਦੀ ਸਹੀ ਸੂਝ ਬੂਝ ਉਸਦੇ ਰੂਪ-ਪ੍ਰਬੰਧ ਵਿਸ਼ੇਸ਼ ਨਾਲ ਜੁੜ ਕੇ ਹੀ ਹੋ ਸਕਦੀ ਹੈ। ਇਥੇ ਇਹ ਸਪਸ਼ਟ ਕਰਨਾ ਮੁਨਾਸਿਬ ਹੈ, ਰੂਪ-ਪ੍ਰਬੰਧ ਵਿਸ਼ੇਸ਼ ਆਪਣਾ ਨਿਸਚਿਤ ਮੁਹਾਂਦਰਾ ਆਪਣੀ ਆਧਾਰਗਤ ਸਾਮਗ੍ਰੀ ਦੇ ਸਹਾਰੇ ਹੀ ਬਣਾਉਂਦਾ ਹੈ। ਉਦਾਹਰਣ ਵਜੋਂ ਪਹਿਰੇ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰਾਮਾਂਹ ਅਧਿਐਨ ਰਚਨਾਵਾਂ ਦਾ ਨਾਮ ਪੇਸ਼ ਕੀਤਾ ਜਾ ਸਕਦਾ ਹੈ। ਪਹਿਰੇ ਰਚਨਾ ਵਿਚ ਮਨੁੱਖੀ ਆਰਜਾ ਨੂੰ ਦਿਨ ਦੇ ਚਾਰ ਪਹਿਰਾਂ ਵਾਂਗ ਵੰਡਕੇ ਬਾਣੀਕਾਰਾਂ ਨੇ ਆਪਣਾ ਮਤ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਸਾਲ ਦੇ ਬਾਰਾਂ ਮਹੀਨਿਆਂ ਦੇ ਬਾਹਰੀ ਵਾਤਾਵਰਣ ਨੂੰ ਇਸ ਰਚਨਾ ਦੇ ਉਪਦੇਸ਼-ਪਾਤਰ ਦੀ ਮਨੋਸਥਿਤੀ ਨਾਲ ਇਕਮਿਕ ਕਰ ਦਿਤਾ ਹੈ। ਮੰਨ ਲਉ ਜੇ ਪਹਿਰੇ ਰਚਨਾ ਵਿਚੋਂ ਪਹਿਰ ਤੇ ਬਾਰਾਂਮਾਹ ਵਿਚੋਂ ਬਾਰਾਂ ਮਹੀਨਿਆਂ ਦੇ ਵਰਣਨ ਨੂੰ ਨਕਾਰ ਦਿਤਾ ਜਾਵੇ ਤਾਂ ਇਨ੍ਹਾਂ ਰਚਨਾਵਾਂ ਦੇ ਅਧਿਐਨ ਨੂੰ ਰੂਪ-ਪ੍ਰਬੰਧ ਵਿਸ਼ੇਸ਼ ਨਾਲ ਜੋੜਨ ਦੀ ਲੋੜ ਹੀ ਨਹੀਂ। ਰੂਪਕਾਰ ਅਨੁਸਾਰ ਇਨ੍ਹਾਂ ਰਚਨਾਵਾਂ ਦੀ ਆਪਣੀ ਰੂਪ-ਪੱਧਤੀ ਪਰੰਪਰਾ ਕਾਵਿ ਰਚਨਾਵਾਂ ਵਿਚ ਮੌਜੂਦ ਹੈ। ਜ਼ਹਿਰ ਹੈ, ਸੰਦਰਭ ਨੂੰ ਜਾਣੇ ਬਿਨਾਂ ਨਾ ਤਾ ਰੂਪ ਪੱਧਤੀ ਦੀ ਪਛਾਣ ਹੋ ਸਕਦੀ ਹੈ ਤੇ ਨਾ ਹੀ ਉਸਦੇ ਰੂਪ-ਪ੍ਰਬੰਧ ਦੀ।

ਇਥੇ ਇਹ ਸੰਕੇਤ ਕਰਨਾ ਉਚਿਤ ਹੈ ਰੂਪਵਾਦੀਆਂ ਦਾ ਵਿਸ਼ਵਾਸ ਹੈ ਕਿ ਕਾਵਿ ਦੀ ਉਚੇਰੀ ਪੱਧਰ ਦਾ ਸੰਬੰਧ ਉਸ ਲਈ ਚੁਣੇ ਗਏ ਰੂਪ ਨਾਲ ਹੈ। ਇਸ ਕਥਨ ਤੋਂ ਇਕ ਅਰਥ ਇਹ ਵੀ ਲਿਆ ਜਾ ਸਕਦਾ ਹੈ ਕਿ ਰੂਪਵਾਦੀ ਸਹਿਜੇ ਹੀ ਕਵੀਆਂ ਨੂੰ ਇਹ ਸਲਾਹ ਦੇ ਰਹੇ ਹਨ ਕਿ ਉਹ ਕਾਵਿ-ਰਚਨਾ ਉਪਰ ਉੱਨੀ ਦੇਰ ਮਸ਼ਕ ਕਰਦੇ ਰਹਿਣ ਜਿੰਨੀ ਦੇਰ ਤਕ ਉਹ ਪੂਰੀ ਤਰ੍ਹਾਂ ਚਮਕ ਨਾ ਜਾਵੇ ਜਾਂ ਆਪਣੇ ਆਪ ਵਿਚ ਸੰਪੂਰਣ ਨਾ ਹੋ ਜਾਵੇ। ਜ਼ਾਹਿਰ ਹੈ, ਰੂਪਵਾਦੀ 'ਰੂਪ' ਨੂੰ ਹੀ ਸਭ ਕੁਝ ਸਵੀਕਾਰਦੇ ਹਨ।

ਰੂਪਵਾਦੀਆਂ ਦੀ ਇਸ ਧਾਰਣਾ ਨਾਲ ਸਮੀਖਿਆਕਾਰ ਇਕ ਮਤ ਨਹੀਂ। ਉਨ੍ਹਾਂ ਦੇ ਵਿਚਾਰ ਵਿਚ ਜੇ ਇਸ ਧਾਰਨਾ ਨੂੰ ਮੰਨ ਲਿਆ ਜਾਏ ਤਾਂ ਇਸਦਾ ਅਰਥ ਹੋਵੇਗਾ ਕਿ ਰੂਪ-ਪ੍ਰਬੰਧ ਇਕ ਤਰ੍ਹਾਂ ਬਹਿਰੰਗ, ਸਾਧਾਰਣ ਤੇ ਇਕ ਖ਼ਾਸ ਢਾਂਚੇ ਨਾਲ ਸੰਬੰਧਿਤ ਹੋ ਜਾਵੇਗਾ। ਸਮੀਖਿਆ ਵਿਚ ਆਮ ਤੌਰ ਤੇ ਸਖਣੇ-ਰੂਪਾਂ (Empty forms) ਦੀ ਗੱਲ ਕੀਤੀ ਜਾਂਦੀ ਹੈ। ਇਸ ਹਾਲਤ ਵਿਚ ਉਹ ਵੀ ਗ਼ਲਤ ਸਿੱਧ ਹੋ ਸਕਦੀ ਹੈ।

ਦਰਅਸਲ, ਰੂਪ ਇਕ ਢਾਂਚਾ ਹੈ। ਇਹ ਢਿੱਲਾ ਸੌੜਾ, ਬਿਖਰਿਆ ਜਾਂ ਕਸਿਆ ਹੋਇਆ ਵੀ ਹੋ ਸਕਦਾ ਹੈ। ਗ੍ਰਹਿਣ ਜਾਂ ਨਾਗ੍ਰਹਿਣ ਕੀਤਾ ਜਾ ਸਕਣ ਵਾਲਾ ਵੀ ਹੋ ਸਕਦਾ ਹੈ। ਇਹ ਛੰਦ-ਚਾਲ ਯੁਕਤ ਵੀ ਹੋ ਸਕਦਾ ਹੈ ਤੇ ਛੰਦ-ਚਾਲ ਮੁਕਤ ਵੀ। ਇਸ ਨੂੰ ਕਾਵਿਕ ਜਾਂ ਰੁੱਖਾ ਵੀ ਕਿਹਾ ਜਾ ਸਕਦਾ ਹੈ। ਰੂਪ-ਪ੍ਰਬੰਧ ਦੀ ਅਜਿਹੀ ਵਿਆਖਿਆ ਸਾਡਾ ਧਿਆਨ ਇਕ ਹੋਰ ਪਾਸੇ ਵੀ ਦਿਵਾਉਂਦੀ ਹੈ। ਰੂਪ-ਪ੍ਰਬੰਧ ਨੂੰ ਜੇ ਦਾਰਸ਼ਨਿਕ ਅਰਥਾਂ ਵਿਚ ਪ੍ਰਵਾਨ ਕੀਤਾ ਜਾਏ ਤਾਂ ਇਹ ਉਪਰ ਅੰਕਿਤ ਧਾਰਨਾ ਦੇ ਵਿਰੋਧ ਵਿਚ ਹੋਵੇਗਾ, ਕਿਸੇ ਵੀ ਵਸਤੂ ਸਾਮਗ੍ਰੀ ਨੂੰ ਪੜ੍ਹਨ ਤੋਂ ਬਾਅਦ ਜੋ ਕੁਝ ਵੀ ਮਨੁੱਖ ਗ੍ਰਹਿਣ ਕਰਦਾ ਹੈ, ਉਹੋ ਰੂਪ ਹੈ। ਇਹ ਧਾਰਨਾ ਆਪਣੇ ਆਪ ਵਿਚ ਕਾਫੀ ਵਡੇਰੀ ਤੇ ਵਿਆਪਕ ਅਥਵਾ ਬੰਧਨ ਮੁਕਤ ਹੈ। ਪਰ ਇਸ ਧਾਰਣਾ ਦਾ ਇਕ ਹੋਰ ਵੀ ਪਾਸਾ ਹੈ ਇਹ ਰੂਪ ਨੂੰ ਕਾਵਿ-ਪ੍ਰਬੰਧ ਦਾ ਸੰਗਠਨਾਤਮਕ ਪਹਿਲੂ ਮੰਨਦੀ ਹੈ। ਨਾਲੇ ਇਹ ਗੱਲ ਤਾਂ ਗਲਪ-ਪ੍ਰਬੰਧ ਤੇ ਵੀ ਲਾਗੂ ਹੋ ਜਾਂਦੀ ਹੈ ਕਿ ਵੱਖ ਵੱਖ ਟੁਕੜਿਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਕਲਾਤਮਕ ਗਠਜੋੜ ਹੀ ਤਾਂ ਅਖੀਰ ਨਾਵਲ ਦਾ ਰੂਪ ਧਾਰਣ ਕਰਦੀ ਹੈ ।

ਕਾਵਿ-ਰੂਪ ਦੇ ਮੁਆਮਲੇ ਵਿਚ ਦੋ ਪ੍ਰਸ਼ਨ ਬੁਨਿਆਦੀ ਹਨ, ਮੌਲਿਕ ਤਰਕੀਬ ਤੇ ਅਮੂਰਤ ਤਰਕ । ਇਹ ਤਾਂ ਇਕ ਤਰ੍ਹਾਂ ਦੀ ਵੈਲਡਿੰਗ ਹੈ ਜੋ ਵੱਖ ਵੱਖ ਅੰਗਾਂ ਨੂੰ ਸਮੁੱਚ ਨਾਲ ਜੋੜਦੀ ਹੈ । ਅਜਿਹਾ ਕਰਨ ਨਾਲ ਇਸਦੇ ਵੱਖ ਵੱਖ ਹਿੱਸੇ, ਸ਼ਬਦ, ਪਦਾਵਲੀ, ਸ਼ੈਲੀ ਤੇ ਛੰਦ ਆਦਿ ਇਕਸੁਰਤਾ ਵਿਚ ਬੱਝ ਕੇ ਇਕ ਨਵਾਂ ਰੂਪ ਗ੍ਰਹਿਣ ਕਰ ਲੈਂਦੇ ਹਨ । ਧਿਆਨ ਰਹੇ, ਹਰ ਰੂਪ ਦੇ ਦੋ ਪਾਸੇ ਹਨ । ਪਹਿਲਾ, ਇਸਦਾ ਜੀਵੰਤ ਰੂਪ ਹੈ ਜੋ ਵੱਖ ਵੱਖ ਤੱਤਾਂ ਨੂੰ ਜੋੜਦਾ ਹੈ । ਦੂਜਾ ਇਸਦਾ ਇਕ ਅਮੂਰਤ ਰੂਪ ਹੈ, ਇਸ ਵਿਚਲੀ ਥੀਮ ਜੋ ਰੂਪਾਕਾਰ ਤੋਂ ਨਿਖੇੜ ਕੇ ਵੇਖੀ ਜਾ ਸਕਦੀ ਹੈ । ਬਹਿਰੰਗ ਬਣਤਰ ਨੂੰ ਹੀ ਤਾਂ ਆਮ ਕਰਕੇ ਰੂਪਾਕਾਰ ਨਾਲ ਜੋੜ ਕੇ ਵੇਖਿਆ ਜਾਂਦਾ ਹੈ । ਜੀਵੰਤ ਰੂਪ ਅਤੇ ਰੂਪਕਾਰ ਦਾ ਅੰਤਰ ਉਸ ਵਿਚਲੀ ਥੀਮ ਤੇ ਬਾਹਰੀ ਢਾਂਚੇ ਦੇ ਵਿਰੋਧ ਵਿਚ ਰੱਖ ਕੇ ਪਛਾਣਿਆ ਜਾ ਸਕਦਾ ਹੈ । ਬਹਿਰੰਗ ਰੂਪ ਮਕਾਨਕੀ ਹੁੰਦਾ ਹੈ ਤੇ ਕੋਈ ਥੀਮ ਕਿਸੇ ਸਖਣੇ-ਰੂਪ ਰਾਹੀਂ ਪੇਸ਼ ਹੋ ਸਕਦੀ ਹੈ ।

ਅੰਤ ਵਿਚ, ਇਹ ਕਹਿਣਾ ਸੰਗਤ ਪ੍ਰੀਤਤ ਹੁੰਦਾ ਹੈ, ਰਚਨਾ-ਰੂਪ ਦਾ ਆਧਾਰ ਉਸਦਾ ਵੱਥ ਅਤੇ ਉਸਦੇ ਵੱਖੋ ਵੱਖ ਤੱਤ ਹਨ । ਇਨ੍ਹਾਂ ਦੀ ਪ੍ਰਾਣ ਅਧਾਰੀ ਇਕਾਈ ਹੀ ਰੂਪ-ਰਚਨਾ ਦਾ ਰੂਪ ਅਧਾਰ ਹੈ । ਰੂਪਾਧਾਰ ਦਾ ਮੂਲ ਬੀਜ ਵਥ ਅਤੇ ਮਕਾਨਕੀ ਜੁਗਤਾ ਹਨ । ਮਕਾਨਕੀ ਜੁਗਤਾਂ ਦੀ ਵਰਤੋਂ ਹੀ ਵਥ ਵਿਸ਼ੇਸ਼ ਨੂੰ ਸੰਦਰਭ ਪ੍ਰਦਾਨ ਕਰਦੀ ਹੈ । ਅਸਲ ਵਿਚ ਰੂਪ ਅਤੇ ਵਸਤੂ ਵਿਚਲਾ ਦਵੰਦ ਕਹਿਣ ਮਾਤਰ ਹੀ ਹੈ । ਇਨ੍ਹਾਂ ਦੋਹਾਂ ਦੀ ਪ੍ਰਾਣਧਾਰੀ ਇਕਾਈ ਹੀ ਰੂਪਾਧਾਰ ਹੈ । ਇਸ ਬਿਨਾ ਨਾ ਤਾਂ ਰਚਨਾ-ਰੂਪ ਦੀ ਹੋਂਦ ਸੰਭਵ ਹੈ ਤੇ ਨਾ ਹੀ ਰੂਪ-ਪ੍ਰਬੰਧ ਦੀ । ਕੁਲ ਮਿਲਾ ਕੇ, ਰਚਨਾ-ਰੂਪ, ਰੂਪ-ਪ੍ਰਬੰਧ ਤੇ ਰੂਪ-ਆਧਾਰ ਇਕ ਦੂਜੇ ਵਿਚ ਸੰਗਲੀ ਵਾਂਗ ਪਰੁਚੇ ਹੋਏ ਹਨ ।

## ਰੂਪ-ਵੰਨਗੀਆਂ

ਰੂਪਾਕਾਰ ਦੀ ਹੋਂਦ ਇਕ ਸੰਸਥਾ ਵਰਗੀ ਹੈ । ਕੋਈ ਇਸਦੇ ਰਾਹੀਂ ਆਪਣੇ ਆਪ ਨੂੰ ਪ੍ਰਗਟਾਉਂਦਾ ਹੈ ਤੇ ਕੋਈ ਇਸਦੇ ਰਾਹੀਂ ਕਾਰਜ ਕਰਦਾ ਹੈ । ਫਲਸਰੂਪ ਹੋਂਦਗਤ ਸੰਸਥਾਵਾਂ ਕੁਝ ਪੁਰਾਣਾ ਪਿੱਛੇ ਛੱਡਦੀਆਂ ਤੇ ਕੁਝ ਨਵਾਂ ਪੈਦਾ ਕਰਦੀਆਂ ਹਨ । ਕੋਈ ਵੀ ਉਨ੍ਹਾਂ ਵਿਚ ਦਾਖਲ ਹੋ ਸਕਦਾ ਹੈ, ਉਸ ਨੂੰ ਨਵੀਂ ਤਰਤੀਬ ਦੇ ਸਕਦਾ ਹੈ । ਰੂਪਾਕਾਰ ਦੀਆਂ ਸੀਮਾਵਾਂ ਨਿਸ਼ਚਿਤ ਨਹੀਂ ਕੀਤੀਆਂ ਜਾ ਸਕਦੀਆਂ । ਕਿਸੇ ਰੂਪਾਕਾਰ ਲਈ ਜਿਹੜੀ ਅੱਜ ਹਦਬੰਦੀ ਨਿਸਚਿਤ ਕੀਤੀ ਜਾਂਦੀ ਹੈ, ਉਹ ਸਮੇਂ ਨਾਲ ਬਦਲ ਜਾਂਦੀ ਹੈ ਤੇ ਪੁਰਾਣਾ ਨਵਾਂ ਰੂਪ ਗ੍ਰਹਿਣ ਕਰ ਲੈਂਦਾ ਹੈ ਤੇ ਨਵੇਂ ਨਾਮ ਨਾਲ ਪ੍ਰਚਲਿਤ ਹੋ ਜਾਂਦਾ ਹੈ ।

ਦਰਅਸਲ, ਰੂਪਕਾਰ ਸੌਂਦਰਯ ਸ਼ਾਸਤਰ ਵਾਂਗ ਹਨ ਜਿਨ੍ਹਾਂ ਦਾ ਕੰਮ ਸ਼ੈਲੀ ਸ਼ਾਸਤਰ ਤੇ ਥੀਮੈਟਕ ਰੂੜੀਆਂ ਨੂੰ ਲੋੜ ਅਨੁਸਾਰ ਬਦਲਾਣਾ ਤੇ ਸਮਕਾਲੀ ਕਲਾ-



CC-0. In Public Domain. Gurukul Kangri Collection, Haridwar

ਚਿੰਤਨ ਦਾ ਅੰਗ ਬਨਾਉਣਾ ਹੈ। ਕੁਝ ਸਾਮੀਕਿਆਤਮਕ ਸੰਕੇਤਾਂ ਵਿਚ ਉਨ ਕੀ ਸਾਹਿਤ
Digitized by Arya Samaj Foundation Chennai and eGangotri
ਦੀਆਂ ਤਿੰਨ ਬੁਨਿਆਦੀ ਵੰਨਗੀਆਂ ਮਹਾਂ ਕਾਵਿ ਪ੍ਰਗੀਤ ਤੇ ਨਾਟਕ ਸਦਾ ਬਣੀਆਂ ਰਹਿਣਗੀਆਂ। ਇਸ ਸੰਬੰਧ ਵਿਚ ਮਿਸ ਹੈਮਬਰਗਰ ਨੇ ਆਪਣਾ ਨਵਾਂ ਚਿੰਤਨ ਦੇਂਦਿਆਂ ਪ੍ਰਗੀਤ ਅਤੇ ਪ੍ਰਗੀਤਕ ਵਿਚ ਇਕ ਦਵੰਦਾਤਮਕ ਰਿਸ਼ਤਾ ਸਥਾਪਿਤ ਕੀਤਾ ਹੈ[1]। ਉਸਦਾ ਮਤ ਹੈ ਸਾਹਿਤ ਵਿਚ ਦੋ ਮੂਲ ਵੰਨਗੀਆਂ ਹਨ—ਗਲਪਕ ਤੇ ਅਨੁਕਰਣਾਤਮਕ ਅਤੇ ਪ੍ਰਗੀਤਕ ਤੇ ਅਸਤਿਤਵ ਆਤਮਕ। ਉਸਦਾ ਤਰਕ ਹੈ ਇਸ ਵੰਨਗੀ ਵੰਡ ਦਾ ਆਧਾਰ ਬੋਲਣਹਾਰ ਹੈ। ਪ੍ਰਗੀਤ ਵਿਚ ਕਵੀ ਆਪ ਬੋਲਦਾ ਹੈ। ਮਹਾਂਕਾਵਿ ਤੇ ਡਰਾਮੇ ਵਿਚ ਉਹ ਦੂਜਿਆਂ ਤੋਂ ਬੁਲਾਉਂਦਾ ਹੈ। ਉਸਦੇ ਵਿਚਾਰ ਵਿਚ ਗਲਪ ਅਤੇ ਪ੍ਰਗੀਤ ਦੋਹਾਂ ਨੂੰ ਇਕੋ ਗੁਟ ਵਿਚ ਰਖਿਆ ਜਾ ਸਕਦਾ ਹੈ ਕਿਉਂਕਿ ਨਾਵਲ ਵਿਚ ਵੀ ਲੇਖਕ ਖੁਦ ਆਪ ਬੋਲਦਾ ਹੈ। ਉਸਦੀ ਰਾਇ ਵਿਚ ਪ੍ਰਗੀਤਕ ਕਾਵਿ ਵਿਚ ਜਿਨ੍ਹਾਂ ਬਾਰੇ ਵੀ ਲਿਖਿਆ ਜਾਂਦਾ ਹੈ, ਉਨ੍ਹਾਂ ਵਸਤਾਂ ਦਾ ਵਾਸਤਵਿਕ ਸੰਸਾਰ ਵਿਚ ਕੋਈ ਕੰਮ ਨਹੀਂ ਹੁੰਦਾ। ਨਿਜੀ ਇਕੱਲਤਾ ਵਿਚ ਅਜਿਹਾ ਚਿੱਤਰਣ ਬੇਮਾਹਨੇ ਹੁੰਦਾ ਹੈ। ਇਹ ਤਾਂ ਇੰਜ ਹੈ ਜਿਵੇਂ ਵਸਤਾਂ ਵਸਤਾਂ ਬਾਰੇ ਕੁਝ ਕਹਿ ਰਹੀਆਂ ਹੋਣ। ਕੁਲ ਮਿਲਾ ਕੇ, ਪ੍ਰਗੀਤ ਸ਼ੁਧ ਨਿੱਜਆਤਮਕ ਹੈ ਅਜੇ ਕਿ ਉਸਦਾ ਵੀ ਵਾਸਤਵਿਕ ਜਗਤ ਨਾਲ ਕੋਈ ਰਿਸ਼ਤਾ ਕਾਇਮ ਨਹੀਂ ਕੀਤਾ ਜਾ ਸਕਦਾ। ਦੂਸਰੇ ਬੰਨੇ ਪ੍ਰਗੀਤਕ ਨਿੱਜਤਾ ਦਾ ਝਾਂਵਲਾ ਸਿਰਜਦਾ ਹੈ। ਪ੍ਰਗੀਤਕ ਕਾਵਿ-ਮੈਂ ਤਾਂ ਉਸ ਕਾਵਿ-ਮੈਂ ਦੇ ਅਨੁਭਵ ਨੂੰ ਜਣਾਉਂਦੀ ਹੈ ਜੋ ਸ਼ਾਇਰ ਦੇ ਆਪਣੇ ਅਤਾਰਕਿਕ ਜੀਵਨ 'ਚੋਂ ਪੈਦਾ ਹੁੰਦੀ ਹੈ। ਉਹ ਸੰਦੇਹ ਵਸ ਸੋਚਦੀ ਹੈ ਕਿ ਪ੍ਰਗੀਤਕ-ਮੈਂ ਤੇ ਕਵੀ-ਮੈਂ ਦੇ ਵਿਚਕਾਰ ਕਦੀ ਵੀ ਫੈਸਲਾ ਨਹੀਂ ਕੀਤਾ ਜਾ ਸਕਦਾ ਸਗੋਂ ਜੇ ਇਹ ਗੱਲ ਸ਼ਾਇਰ ਨੂੰ ਪੁੱਛੀ ਜਾਵੇ ਤਾਂ ਉਹ ਆਪ ਵੀ ਇਸ ਬਾਰੇ ਨਿਰਣੈ ਨਹੀਂ ਲੈ ਸਕੇਗਾ। ਇਸ ਮੁਆਮਲੇ ਵਿਚ ਇਕ ਗੱਲ ਬੜੀ ਜ਼ਾਹਿਰ ਹੈ, ਕਾਵਿ-ਮੈਂ ਵਿਚ ਪਾਤਰ ਦੀ ਅਸਲੀਅਤ ਛੁੱਪੀ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਜੇ ਬਾਣੀ ਕਿਰਤਾਂ ਵਲ ਨਜ਼ਰ ਮਾਰੀਏ ਤਾਂ ਸਾਰਾ ਪਦਾ-ਰੂਪ ਪ੍ਰਗੀਤਕ ਕੋਟੀ ਵਿਚ ਆ ਖਲੋਏਗਾ ਪਰ ਕੋਈ ਨਿਰਣੈ ਲੈਣ ਤੋਂ ਪਹਿਲਾਂ ਇਹ ਜਾਣ ਲੈਣਾ ਸੰਗਤ ਹੈ। ਕਈ ਵਾਰ ਕਵੀ-ਮੈਂ, ਉਹ-ਮੋਂ ਵਿਚ ਰੂਪ ਧਾਰਦੀ ਹੈ ਤੇ ਉਦੋਂ ਉਹ-ਮੈਂ ਵੀ ਆਪਣੀ ਨਿੱਜੀ ਸਚਾਈ ਨੂੰ ਹੀ ਜ਼ਬਾਨ ਦੇਂਦੀ ਹੈ।

ਸੰਖੇਪ ਵਿਚ, ਇਹ ਸਾਰਾ ਕੁਝ ਵਿਰੋਧਾਭਾਸੀ ਹੈ। ਭੱਲਾ ਰੂਪਾਕਾਰ ਦੇ ਪਛਾਣ-ਚਿੰਨ੍ਹ ਜਾਣੇ ਬਿਨਾਂ ਅਸੀਂ ਕਿਸੇ ਰੂਪਾਕਾਰ ਦੀ ਹਿਸਟਰੀ ਨੂੰ ਕਿਵੇਂ ਜਾਣ ਸਕਦੇ ਹਾਂ? ਜ਼ਾਹਿਰ ਹੈ,ਰੂਪਾਕਾਰ ਵੰਨਗੀ ਇਕ ਪ੍ਰਵਾਹ-ਚੱਕਰ ਹੈ। ਤਰਕਸ਼ੀਲਤਾ ਜਿਸਦਾ ਜਾਜ਼ਮੀ ਜੁਜ਼ ਹੈ। ਇਸਦਾ ਸਮਧਾਨ ਵਰਤਮਾਨ ਤੇ ਭੂਤ, ਤੱਥ ਤੇ ਵਿਚਾਰ, ਇਤਿਹਾਸ ਤੇ ਸੌਂਦਰਯ-ਸ਼ਾਸਤਰ ਦੇ ਦਵੰਦਾਤਮਕ ਪ੍ਰਤੱਖੀਕਰਣ ਵਿਚੋਂ ਕੀਤਾ ਜਾ ਸਕਦਾ ਹੈ ਜਿਸਦਾ ਆਧਾਰਤ ਨਿਰਬਾਹ ਜਾਂ ਤਾਂ ਮਨੋਵਿਗਿਆਨਕ ਹੋ ਸਕਦਾ ਹੈ ਤੇ ਜਾਂ ਅਸਤਿਤਵਾਦ। ਹਾਲ ਦੀ ਘੜੀ ਅਸੀਂ ਮਿਸ ਹੈਮਰਗਰ ਦੁਆਰਾ ਕੀਤੀ ਵੰਡ ਵਿਚ ਨਾ ਉਲਝਕੇ ਸਾਹਿਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਚਿੰਨ ਪਰੰਪਰਕ ਪੱਧਤੀਆਂ—ਪ੍ਰਗੀਤ, ਗਲਪ ਤੇ ਨਾਟਕ ਨੂੰ ਮੰਨਣਾ ਹੀ ਉਚਿਤ ਸਮਝਿਆ ਹੈ ਤੇ ਬਾਣੀ-ਰਚਨਾ ਨੂੰ ਪ੍ਰਗੀਤ ਕੋਟੀ ਦੇ ਅੰਤਰਗਤ ਆਂਕਣਾ ਹੀ ਉਚਿਤ ਹੈ। ਨਾਲੇ, ਪ੍ਰਗੀਤ ਤੇ ਪ੍ਰਗੀਤਕ ਦੇ ਅੰਤਰ ਦਾ ਸਮਾਧਾਨ ਇਸ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ। ਇਨ੍ਹਾਂ ਦੋਹਾਂ ਦਾ ਲਾਜ਼ਮੀ ਤੱਤ ਆਤਮਭਾਵ ਹੈ। ਬਾਣੀਕਾਰਾਂ ਦਾ ਆਤਮਭਾਵ ਤਾਂ ਹੈ ਹੀ ਪ੍ਰਭੂ। ਸਾਡੇ ਕੋਲ ਆਪਣਾ ਕੋਈ ਪ੍ਰਮਾਣਿਕ ਤਰਕ ਨਹੀਂ, ਜਿਸ ਦੇ ਸਹਾਰੇ ਇਹ ਸਾਬਤ ਕਰ ਸਕੀਏ ਕਿ ਪ੍ਰਭੂ-ਪ੍ਰੀਤ ਬਾਣੀਕਾਰਾਂ ਦਾ ਆਤਮਤੱਤ ਨਹੀਂ। ਬਲਕਿ ਬਾਣੀ-ਰਚਨਾ'ਚੋਂ ਅਨੇਕਾਂ ਸੰਕੇਤ ਅਜਿਹੇ ਪ੍ਰਾਪਤ ਹੋ ਜਾਂਦੇ ਹਨ,ਕਿ ਬਾਣੀਕਾਰ 'ਜੋ ਬੋਲਤ ਹੈ ਮ੍ਰਿਗਮੀਨ ਪੰਖੇਰੂ ਸੋ ਬਿਨੁ ਹਰਿ ਜਾਪਤ ਹੈ ਨਹੀ ਹੋਰ''ਵਾਲੀ ਅਵਸਥਾ ਨੂੰ ਪ੍ਰਾਪਤ ਸਨ। ਉਨ੍ਹਾਂ ਦਾ ਵਿਅਕਤੀਗਤ ਸੱਚ ਹੀ ਬਾਣੀ-ਸੱਚ ਹੈ। ਉਹ ਪ੍ਰਭੂ-ਪ੍ਰੀਤ ਦੇ ਹੁਲਾਰੇ ਕਦੀ ਬਾਣੀਕਾਰ-ਮੈਂ ਤੇ ਕਦੀ ਪ੍ਰਗੀਤਕ-ਮੈਂ ਤੇ ਕਦੀ ਪ੍ਰਗੀਤਕ-ਮੈਂ ਅਥਵਾ ਕਦੀ ਉਹ-ਮੈਂ ਰਾਹੀਂ ਰੂਪਮਾਨ ਕਰਦੇ ਸਨ। ਜ਼ਾਹਿਰ ਹੈ,ਲਗਭਗ ਸਾਰੀ ਬਾਣੀ-ਰਚਨਾ ਪ੍ਰਗੀਤ ਕੋਟੀ ਰਾਹੀਂ ਹੀ ਸੰਪੰਨ ਹੋਈ ਹੈ। ਬਾਣੀ-ਰਚਨਾ ਵਿਚ ਮਿਥਕ ਸੰਕੇਤਾਂ ਨੂੰ ਵੀ ਬੋਲ ਮਿਲੇ ਹਨ ਤੇ ਮਨੁੱਖ ਤੇ ਬ੍ਰਹਮ ਦੇ ਵਿਚਕਾਰ ਪੈਦਾ ਹੋਣ ਵਾਲਾ ਬੁਨਿਆਦੀ ਤਣਾਉ ਵੀ ਰੂਪਮਾਨ ਹੋਇਆ ਹੈ। ਪਰ ਨਾ ਤਾਂ ਮਿਥਕ ਸੰਕੇਤ ਸਿੱਧੇ ਤੌਰ ਤੇ ਗਲਪ ਸਾਹਿਤ ਦੇ ਅੰਤਰਗਤ ਆਉਂਦੇ ਹਨ ਤੇ ਨਾ ਹੀ ਮਨੁੱਖ ਤੇ ਬ੍ਰਹਮ ਵਿਚਲਾ ਬੁਨਿਆਦੀ ਤਣਾਉ ਨਾਟਕ ਵੰਨਗੀ ਤੇ ਆਧੀਨ ਆਕਿਆ ਜਾ ਸਕਦਾ ਹੈ। ਸੰਦੇਹ ਨਹੀਂ, ਗਲਪ ਤੇ ਨਾਟਕ ਵੰਨਗੀ ਦਾ ਬੀਜ-ਸੰਕਲਪ ਬਾਣੀ-ਰਚਨਾ ਵਿਚ ਮੌਜੂਦ ਹੈ ਪਰ ਇਤਨਾ ਤਾਂ ਸਪਸ਼ਟ ਹੀ ਹੈ, ਗੁਰੂ ਗ੍ਰੰਥ ਸਾਹਿਬ ਦੇ ਬਾਣੀ-ਨੇਮਾਂ ਨੂੰ ਜੇ ਕਾਵਿ-ਸ਼ਾਸਤਰੀ ਦ੍ਰਿਸ਼ਟੀ **ਤੋਂ ਵਾਚੀਏ ਤਾਂ ਬ** ਣੀ-ਸੰਰਚਨਾ ਪ੍ਰਗੀਤ ਤੇ ਉਸਦੀਆਂ ਵੰਨਸਵੰਨ ਵੰਨਗੀਆਂ ਰਾਹੀਂ ਹੀ ਪ੍ਰਵਾਨ ਚੜ੍ਹੀ ਹੈ। ਇਨ੍ਹਾਂ ਵੰਨਗੀਆਂ ਦਾ ਜ਼ਿਕਰ ਅੱਗੇ ਚੱਲ ਕੇ ਕੀਤਾ ਜਾਵੇਗਾ। ਹਾਲ ਦੀ ਘੜੀ ਰੂਪ-ਵਿਸ਼ੇਸ਼ ਦੇ ਪਛਾਣ-ਚਿਨ੍ਹ ਕਿਸ ਤਰ੍ਹਾਂ ਨਿਸਚਿਤ ਕੀਤੇ ਜਾ ਸਕਦੇ ਹਨ ਅਥਵਾ ਗੁਰੂ ਗ੍ਰੰਥ ਸਾਹਿਬ ਦੇ ਰਚਨਾ-ਰੂਪਾਂ ਦੇ ਪਛਾਣ-ਚਿਹਨ ਕੀ ਹਨ, ਨੂੰ ਜਾਣ ਲੈਣਾ ਉਚਿਤ ਹੈ।

## ਰੂਪ-ਪਛਾਣ-ਚਿੰਨ੍ਹ

ਸਾਹਿਤ-ਸੰਸਾਰ ਵਿਚ ਹਰ ਰਚਨਾ ਨੂੰ ਇਕ ਰੂਪ ਵਿਸ਼ੇਸ਼ ਰਾਹੀਂ ਜਨਮ ਲੈਣਾ ਪੈਂਦਾ ਹੈ। ਸੁਆਲ ਹੋ ਸਕਦਾ ਹੈ, ਇਹ ਕਿਵੇਂ ਪਤਾ ਕੀਤਾ ਜਾਏ ਕਿ ਰੂਪ ਜਾਂ ਅਣਰੂਪ ਵਿਚ ਕੀ ਫ਼ਰਕ ਹੈ ਜਾਂ ਰੂਪ ਅਤੇ ਅਣਰੂਪ ਦੀ ਪਰਿਭਾਸ਼ਾ ਕਿਵੇਂ ਕੀਤੀ ਜਾਏ? ਇਸ ਦਾ ਉੱਤਰ ਲੱਭਣ ਲਈ ਅਧਿਏਤਾ ਨੂੰ ਭੂਤਮੁਖ ਹੋ ਕੇ ਲੰਮੀ ਨਦਰ ਨਾਲ ਸਾਹਿਤਕ ਰਚਨਾਵਾਂ ਉਪਰ ਧਿਆਨ ਮਾਰਨਾ ਹੋਵੇਗਾ ਤੇ ਉਸਦਾ ਸਾਹਿਤਕ ਅਨੁਭਵ ਇਸ ਤੱਥ ਦੀ ਪੁਸ਼ਟੀ ਕਰੇਗਾ ਕਿ ਰਚਨਾ-ਰੂਪ ਦਾ ਇਕ ਆਪਣਾ ਇਤਿਹਾਸ ਹੁੰਦਾ ਹੈ ਤੇ ਵਿਸ਼ੇਸ਼ ਗੁਣ-ਲੱਛਣ ਵੀ। ਪ੍ਰਸ਼ਨ ਹੈ, ਕਿਸੇ ਵੀ ਪਾਠਕ ਨੂੰ ਕਿਵੇਂ ਪਤਾ ਲਗੇਗਾ ਕਿ ਰਚਨਾ-



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੇਸ਼ ਕਿਸ ਕੋਟੀ ਵਿਚ ਆਉਂਦੀ ਹੈ ? ਉੱਤਰ ਸਾਫ਼ ਹੈ ਜਾਂ ਤਾਂ ਸਿਧਾਂਤ ਦੀ ਜਾਣਕਾਰੀ ਰਚਨਾ-ਪਾਠ ਤੋਂ ਪਹਿਲਾਂ ਹੀ ਹੋਵੇ ਜਾਂ ਫਿਰ ਰਚਨਾ-ਪਾਠ ਵਿਚੋਂ ਕੁਝ ਗੁਣ-ਲੱਛਣ ਨਿਸਚਿਤ ਕੀਤੇ ਜਾਣ। ਪਰ ਇਕ ਗੱਲ ਤਾਂ ਸਾਫ਼ ਹੈ, ਸਿਧਾਂਤ ਦੀ ਜਾਣਕਾਰੀ ਹਰ ਹਾਲ ਵਿਚ ਹੋਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਰਚਨਾ-ਰੂਪ ਦਰਜ ਹਨ। ਮਿਸਾਲ ਵਜੋਂ ਅਸਟਪਦੀ ਹੀ ਲਉ। ਇਸ ਰਚਨਾ-ਰੂਪ ਦੀ ਪਛਾਣ ਦੇ ਦੋ ਢੰਗ ਹੋ ਸਕਦੇ ਹਨ। ਪਹਿਲਾਂ ਕੁਝ ਅਸਟਪਦੀਆਂ ਦਾ ਰਚਨਾ-ਪਾਠ ਕੀਤਾ ਜਾਏ ਤੇ ਉਹਨਾਂ ਦੇ ਅਧਾਰ ਤੇ ਕੁਝ ਪਛਾਣ ਚਿਹਨ ਨਿਸਚਿਤ ਕੀਤੇ ਜਾਣ। ਦੂਜਾ ਸਿਧਾਂਤਕ ਜਾਣਕਾਰੀ ਦਾ ਗਿਆਨ ਪਾਠਕ ਨੂੰ ਪਹਿਲਾਂ ਹੀ ਹੋਵੇ ਤੇ ਉਹ ਉਸਨੂੰ ਆਧਾਰ ਬਣਾ ਕੇ ਅਸਟਪਦੀ ਦਾ ਰਚਨਾ-ਪਾਠ ਕਰੇ। ਮੇਰੀ ਅਦਨਾ ਜਿਹੀ ਰਾਇ ਵਿਚ ਕੋਈ ਵੀ ਰਚਨਾ-ਰੂਪ ਜੋ ਅੱਜ ਸਾਡੇ ਸਾਹਮਣੇ ਹੈ ਉਸਦੀ ਮੁੱਢਲੀ ਅਵਸਥਾ ਵਿਚ ਉਹ ਜ਼ਰੂਰ ਅੱਜ ਨਾਲੋਂ ਫ਼ਰਕ ਹੋਏਗਾ। ਕਈ ਵਾਰ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਰਚਨਾ-ਰੂਪ ਆਪਣੀ ਮੁੱਢਲੀ ਬਿਰਤੀ ਵਿਚ ਹੋਰ ਹੁੰਦਾ ਹੈ ਤੇ ਸਮੇਂ ਨਾਲ ਬਦਲਦਾ ਬਦਲਦਾ ਅੱਜ ਹੋਰ ਹੋ ਗਿਆ ਹੈ। ਉਦਾਹਰਣ ਲਈ ਵਾਰ-ਰੂਪ ਦਾ ਨਾਮ ਲਿਆ ਜਾ ਸਕਦਾ ਹੈ। ਵਾਰ-ਰੂਪ ਦਾ ਪਹਿਲਾ ਪੜਾਉ ਲੋਕ ਵਾਰ ਹੈ। ਦੂਸਰਾ ਅਧਿਆਤਮਕ ਵਾਰ ਤੇ ਅੱਜਕਲ੍ਹ ਇਤਿਹਾਸਕ ਵਾਰ ਦੇ ਰੂਪ ਵਿਚ ਸਥਾਪਿਤ ਹੈ। ਕੁਲ ਮਿਲਾਂ ਕੇ, ਰਚਨਾ-ਰੂਪ ਵਿਕਾਸ ਤੇ ਰਾਹੇ ਪਏ ਰਹਿੰਦੇ ਹਨ। ਇਨ੍ਹਾਂ ਨਾਲ ਕਈ ਰੂੜ੍ਹੀਆਂ ਜੁੜਦੀਆਂ ਤੇ ਤਬਦੀਲ ਹੁੰਦੀਆਂ ਹਨ ਪਰ ਰਚਨਾ-ਰੂਪ ਦਾ ਬੀਜ-ਸੰਕਲਪ ਨਹੀਂ ਬਦਲਦਾ। ਲੋਕ ਵਾਰ ਕਿਸੇ ਸਦਾਚਾਰੀ ਨਾਇਕ ਦਾ ਜਸ ਗਾਇਨ ਕਰਦੀ ਰਹੀ ਹੈ। ਅਧਿਆਤਮਕ ਵਾਰ ਆਪਣੇ ਨਾਇਕ ਬ੍ਰਹਮ ਦੀ ਮਹਿਮਾ ਵਲ ਰੁਚਿਤ ਰਹੀ ਹੈ ਤੇ ਇਤਿਹਾਸਕ ਵਾਰ ਦਾ ਕੋਈ ਇਤਿਹਾਸਕ ਮਨੁੱਖ ਜਸਕੀਰਤੀ ਦਾ ਆਲੰਬਨ ਹੋ ਸਕਦਾ ਹੈ। ਤਬਦੀਲੀ ਦਾ ਆਭਾਸ ਨਾਇਕ ਦੇ ਚਰਿੱਤਰ-ਗੁਣਾਂ ਕਰਕੇ ਹੁੰਦਾ ਹੈ ਪਰ ਵਾਰ-ਰੂਪ ਦਾ ਬੀਜ-ਸੰਕਲਪ ਮਹਿਮਾਮਈ ਹੋਣਾ ਹੀ ਹੈ ਉਹ ਲੋਕ ਵਾਰ, ਅਧਿਆਤਮਕਵਾਰ ਦੇ ਇਤਿਹਾਸਕ ਵਾਰ ਤਿੰਨਾ ਵਿਚ ਮੌਜੂਦ ਵਿਖਾਈ ਦੇਂਦਾ ਹੈ। ਜ਼ਾਹਿਰ ਹੈ, ਅਧਿਏਤਾ ਦੀ ਮੂਲ ਪਛਾਣ ਰਚਨਾ-ਰੂਪ ਦੇ ਬੀਜ-ਸੰਕਲਪ ਨਾਲ ਹੋਣੀ ਜ਼ਰੂਰੀ ਹੈ ਤਾਂ ਹੀ ਉਹ ਅਨੇਕ ਮੁਖ ਰਚਨਾ-ਰੂਪਾਂ ਦਾ ਅੰਤਰ ਨਿਖੇੜ ਕਰ ਸਕਦਾ ਹੈ।

ਰਚਨਾ-ਰੂਪ ਦਾ ਦੂਸਰਾ ਪਛਾਣ-ਚਿਹਨ ਦੁਹਰਾਉ ਹੈ। ਅਸਲ ਵਿਚ ਰੂਪ ਵਿਸ਼ੇਸ਼ ਦੀ ਪ੍ਰਮਾਣਿਕਤਾ ਦਾ ਰਾਜ਼ ਹੈ ਹੀ ਇਸਦੀ ਬਾਰੰਬਾਰ ਵਰਤੋਂ ਵਿਚ। ਮੰਨ ਲਉ ਗੁਰੂ ਗ੍ਰੰਥ ਸਾਹਿਬ ਵਿਚ ਪਦਾ-ਰੂਪ ਦੀ ਵਰਤੋਂ ਬਹੁਤ ਅਧਿਕ ਮਾਤਰਾ ਵਿਚ ਹੋਈ ਹੈ। ਬਾਬਾ ਫ਼ਰੀਦ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਤੇ ਲਗਭਗ ਸਾਰੇ ਸੰਤਾਂ-ਭਗਤਾਂ ਨੇ ਇਸਦੀ ਵਰਤੋਂ ਕੀਤੀ ਹੈ। ਦੁਹਰਾਉ ਰਚਨਾ-ਰੂਪ ਵਿਸ਼ੇਸ਼ ਦੀ ਨਿਰੰਤਰ ਵਿਕਾਸ-ਗਤੀ ਦਾ ਲਖਾਇਕ ਵੀ ਹੈ ਤੇ ਉਸਦੀ ਪਸੰਦਗੀ ਦਾ ਵੀ। ਸਾਹਿਤ ਦੇ ਰਚਨਾ-ਰੂਪਾਂ ਦਾ ਸਿੱਧਾ ਸੰਬੰਧ ਪਾਠਕ-ਵਰਗ ਨਾਲ ਹੈ। ਪਾਠਕਾਂ ਦੀ ਪ੍ਰਤੀਕਿਰਿਆ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸੰਬੰਧ ਹਮੇਸ਼ਾ ਰੂਪ ਅਥਵਾ ਰਚੈਤਾ ਪ੍ਰਤੀ ਹੁੰਦੀ ਹੈ। ਪਾਠਕ ਜੇ ਇਕ ਰਚਨ-ਰੂਪ ਨੂੰ ਚੰਗਾ ਜਾਣਦੇ ਹਨ ਤਾਂ ਇਕ ਤੋਂ ਇਲਾਵਾ ਹੋਰ ਲੇਖਕ ਵੀ ਉਸ ਉਪਰ ਹੱਥ ਅਜ਼ਮਾਈ ਕਰ ਸਕਦੇ ਹਨ। ਰਚਨਾ-ਰੂਪ ਦੀ ਜਨ ਸਾਧਾਰਣ ਵਲੋਂ ਪ੍ਰਾਪਤ ਪ੍ਰਵਾਨਗੀ ਹੀ ਉਸਦੇ ਦੁਹਰਾਉ ਦਾ ਕਾਰਣ ਬਣੀ ਰਹਿੰਦੀ ਹੈ। ਇਸ ਸੰਦਰਭ ਵਿਚ ਜਾਣਨਜੋਗ ਤੱਥ ਤਾਂ ਇਹ ਹੈ ਦੁਹਰਾਉ ਪ੍ਰਕਿਰਿਆ ਨਾਲ ਅਨੇਕਾਂ ਰਚਨਾ-ਰੂਪ ਅੱਜ ਤਕ ਵੀ ਸਾਹਿਤ-ਸੰਸਾਰ ਵਿਚ ਸਾਹ ਲੈ ਰਹੇ ਹਨ ਪਰ ਜੇ ਕੋਈ ਉਸਦੇ ਇਤਿਹਾਸ ਬਾਰੇ ਜਾਣਨਾ ਚਾਹੇ ਤਾਂ ਸ਼ਾਇਦ ਬਹੁਤ ਹੀ ਅਲਪ ਮਾਤਰਾ ਵਿਚ ਕਿਸੇ ਨੂੰ ਪਤਾ ਹੋਵੇਗਾ। ਰਚਨਾ-ਰੂਪ ਦੇ ਇਤਿਹਾਸ ਨਾਲ ਪਰਿਚਯ ਕਰਾਉਣਾ ਅਧਿਏਤਾ ਦਾ ਕੰਮ ਹੈ। ਪਰ ਇਤਨੀ ਗੱਲ ਤਾਂ ਨਿਰਵਿਵਾਦ ਹੀ ਹੈ ਕਿ ਰੂਪ ਅਤੇ ਅਣਰੂਪ ਦਾ ਨਿਰਣੈ ਦਾ ਅਧਾਰ ਰਚਨਾ-ਰੂਪ ਦਾ ਇਤਿਹਾਸ ਅਤੇ ਸਿਧਾਂਤਕ ਪਹਿਲੂ ਹੀ ਹੈ। ਰਚਨਾ-ਰੂਪ ਦਾ ਤੀਸਰਾ ਪਛਾਣ-ਚਿਹਨ ਨਿਰਵਿਸ਼ਸ਼ਤਾ ਹੈ। ਕਈ ਰੂਪਾਂ ਦਾ ਮਾਡਲ ਨਿਸਚਿਤ ਨਹੀਂ ਹੁੰਦਾ। ਨਿਰਵਿਸ਼ੇਸ਼ਤਾ ਹੀ ਉਨ੍ਹਾਂ ਦਾ ਮਾਡਲ ਹੁੰਦਾ ਹੈ। ਬਾਣੀ ਵਿਚ ਆਰਤੀ, ਸੋਦਰੁ, ਸੋ ਪੁਰਖੁ ਆਦਿ ਨਿਰਵਿਸ਼ੇਸ਼ ਰੂਪ ਦੀ ਕੋਟੀ ਵਿਚ ਆਉਂਦੇ ਹਨ। ਬੌਧਿਕ ਤੌਰ ਤੇ ਨੇਮ-ਪ੍ਰਬੰਧ ਤੋਂ ਜਾਣੂ ਹੋਣਾ ਜਾਂ ਅਬੋਧ ਰਹਿਣਾ ਉਤਨਾ ਹੀ ਮਾਰੂ ਹੈ। ਇਸ ਦਾ ਕਾਰਣ ਹੈ, ਨੇਮ ਦਾ ਗਿਆਨ ਤੇ ਨੇਮ ਦਾ ਅਗਿਆਨ ਦੋਵੇਂ ਹੀ ਆਨੰਦ-ਸੰਚਾਰ ਵਿਚ ਰੁਕਾਵਟ ਪਾਉਂਦੇ ਹਨ। ਕੋਈ ਬਾਣੀ-ਰਚਨਾ ਦਾ ਪਾਠ ਕਿਉਂ ਕਰਦਾ ਹੈ? ਉੱਤਰ ਸਾਫ਼ ਹੈ, ਆਨੰਦ ਪ੍ਰਾਪਤੀ ਲਈ। ਆਨੰਦ ਦਾ ਸੰਬੰਧ ਨਾ ਨਿਰੋਲ ਰਚਨਾ-ਰੂਪ ਨਾਲ ਹੈ, ਨਾ ਰਾਗ ਨਾਲ, ਨਾ ਸ਼ਬਦ-ਸੁਮੇਲ ਨਾਲ ਇਹ ਤਾਂ ਸੰਜੁਗਤੀਕਰਣ ਦੀ ਅਵਸਥਾ ਦਾ ਨਾਮ ਹੈ। ਅਧਿਆਤਮਕ ਆਨੰਦ ਕੇਵਲ ਪ੍ਰਤੀਤੀ ਦੀ ਵਸਤ ਹੈ। ਪ੍ਰਚੰਡ ਗਿਆਨ ਸਥਿਤੀ ਦਾ ਬੋਧ ਹੀ ਪਰਮਾਨੰਦ ਹੈ। ਪਰਮਾਨੰਦ ਪਰਮਾਤਮਾ ਦਾ ਹੀ ਪ੍ਰਯਾਇ ਹੈ।

ਬਾਣੀ-ਰਚਨਾ ਰੂਪ ਅਤੇ ਅਣਰੂਪ ਦੋਹਾਂ ਤਰ੍ਹਾਂ ਦੇ ਮਾਡਲਾਂ ਨਾਲ ਮਾਲਾ-ਮਾਲ ਹੈ। ਬਲਕਿ ਇਹ ਇਨ੍ਹਾਂ ਦਾ ਸੁਮੇਲ ਕਰਦੀ ਹੈ। ਇਕ ਪਾਸੇ ਸਾਹਿਤਕ ਰੂਪ ਹਨ। ਦੂਜੇ ਪਾਸੇ, ਲੋਕ-ਰੂਪ। ਤੀਜੇ ਪਾਸੇ, ਪਰੰਪਰਕ ਰੂਪ-ਪ੍ਰਬੰਧ ਤੋਂ ਮੁਕਤ ਰਚਨਾ-ਰੂਪ। ਇਹੀ ਬਾਣੀ-ਰਚਨਾ ਦਾ ਸਿਸਟਮ ਹੈ। ਬਾਣੀ ਸਿਸਟਮ ਦੇ ਚਾਰ ਉੱਘੇ ਗੁਣ-ਲੱਛਣ ਹਨ। ਪਹਿਲਾਂ ਬਾਣੀ, ਅਧਿਏਤਾ ਦੇ ਮਨ ਵਿਚ ਬਾਣੀਕਾਰਾਂ ਦੇ ਸਾਹਿਤਕ-ਕਰਮ ਨੂੰ ਸਮਝਣ ਲਈ ਉਤਸ਼ਾਹ ਪੈਦਾ ਕਰਦੀ ਹੈ। ਦੂਜਾ ਇਹ ਬਾਣੀ ਅਤੇ ਸਾਹਿਤ ਨੂੰ ਸਮਤੁੱਲ ਰੱਖ ਕੇ ਅਧਿਐਨ ਕਰਨ ਲਈ ਪ੍ਰੇਰਦੀ ਹੈ। ਤੀਜਾ, ਮੌਖਿਕ ਪਰੰਪਰਾ ਤੋਂ ਟੁੱਟਦੀ ਨਹੀਂ। ਚੌਥਾ, ਇਹ ਸਾਹਿਤਕਤਾ ਵਿਚ ਲੋਕ ਸੰਸਕ੍ਰਿਤੀ ਦੀ ਪੁੱਠ ਚਾੜ ਕੇ ਉਨ੍ਹਾਂ ਨੂੰ ਸਾਹਿਤਕ ਤੇ ਲੋਕ-ਕਾਵਿ ਰੂਪਾਂ ਤੋਂ ਨਿਖੇੜ ਕੇ ਇਕ ਨਵਾਂ ਰੂਪ ਪ੍ਰਦਾਨ ਕਰਦੀ ਹੈ ਜਿਸ ਵਿਚ ਬਾਣੀਕਾਰਾਂ ਦੀ ਸਰਬਾਰਥ ਦ੍ਰਿਸ਼ਟੀ ਤੇ ਵਿਵੇਕੀ ਕਰਮ ਸਾਧਨਾ ਨੂੰ ਇਕ ਨਵੀਂ ਸਾਰਥਕਤਾ ਪ੍ਰਾਪਤ ਹੁੰਦੀ ਹੈ। ਬਾਣੀ-ਰੂਪ ਇਨ੍ਹਾਂ ਚੌਹਾਂ ਗੱਲਾਂ ਕਰਕੇ ਹੀ ਪਛਾਣੇ ਜਾ ਸਕਦੇ ਹਨ। ਉਨ੍ਹਾਂ ਲਈ ਪਰੰਪਰਕ ਮਾਡਲ ਜਾਂ ਆਧੁਨਿਕ ਸੰਚਾਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਡਲਾਂ ਦੀ ਬੰਦਿਸ਼ ਬੇਮਾਹਨੀ ਹੈ। ਉਹ ਤਾਂ ਨਿਰਵਿਸ਼ੇਸ਼ ਰੂਪਾਂ (ਸੋਦਰ, ਸੋਪਰਖ) ਰਾਹੀਂ ਵੀ ਅਨੰਦਾਤਮਕ ਪ੍ਰਚੰਡ ਗਿਆਨ ਬੋਧ ਕਰਵਾ ਸਕਦੇ ਹਨ। ਉਨ੍ਹਾਂ ਲਈ ਬੰਧਨ-ਰਹਿਤ ਹੋਕੇ ਨਵੀਂ ਰੂਪ-ਸਿਰਜਣਾ ਕਰਨੀ ਆਮ ਗੱਲ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ, ਜਦੋਂ ਇਹੋ ਜਿਹੇ ਨਿਰਵਿਸ਼ੇਸ਼ ਰਚਨਾ ਰੂਪਾਂ ਰਾਹੀਂ ਵੀ ਉਹ ਆਨੰਦ-ਸੰਚਾਰ ਕਰਨ ਵਿਚ ਤਾਕ ਹਨ।

ਬਾਣੀ-ਰਚਨਾ ਦਾ ਚੌਥਾ ਪਛਾਣ-ਚਿਹਨ, ਇਸ ਦੀ ਰੂਪ ਵਿਧੀ ਹੈ ਜੋ ਪ੍ਰਤੱਖਣ ਨਾਲੋਂ ਵਧੀਕ ਵਰਣਾਤਮਕ ਹੈ। ਬਾਣੀ-ਰੂਪਾਂ ਦੀ ਨੁਹਾਰ ਸਿਧਾਂਤਕ ਨਹੀਂ, ਸੁਝਾ-ਉਪਰਕ ਹੈ। ਇਸਦੀ ਬਿਰਤੀ ਇਤਿਹਾਸਕ ਨਹੀਂ, ਦਰਸ਼ਨਾਤਮਕ ਹੈ। ਦਰਸ਼ਨ ਜੋ ਆਪਣੇ ਆਪ ਵਿਚ ਸੰਸਲੇਸ਼ਣਾਤਮਕ ਹੁੰਦਾ ਹੈ ਤੇ ਸਰਬਾਰਥ ਦੀ ਸਾਰਥਕਤਾ ਨਿਸਚਿਤ ਕਰਦਾ ਹੈ। ਇਹ ਦਰਸ਼ਨ ਹੀ ਹੈ ਜੋ ਬਾਣੀ ਨਾਇਕ ਨੂੰ ਅਕਥ, ਅਗਮ, ਅਗੋਚਰ, ਅਨੰਤ, ਅਰੂਪ ਆਦਿ ਨਾਮ ਦੇ ਸਕਦਾ ਹੈ ਤੇ 'ਆਪੇ ਰਸੀਆ ਆਪ ਰਸ ਆਪੇ ਰਾਵਣਹਾਰ' ਵਿਚ ਅਭੇਦਤਾ ਵੀ ਸਥਾਪਿਤ ਕਰ ਸਕਦਾ ਹੈ। ਲੋਕ-ਪ੍ਰਲੋਕ ਨੂੰ ਇਕ ਇਕਾਈ ਵਾਂਗ ਵੇਖ ਸਕਦਾ ਹੈ। ਠੀਕ, ਉਸੇ ਤਰ੍ਹਾਂ ਜਿਸ ਤਰ੍ਹਾਂ ਬਾਣੀਕਾਰ ਇਕ ਰਚਨਾ-ਰੂਪ ਦੀ ਸਿਰਜਣਾ ਹੀ ਨਹੀਂ ਕਰਦੇ ਸਗੋਂ ਉਸਦੇ ਨਾਲ ਇਕ ਅਰਥ ਵੀ ਸੰਚਾਰਿਤ ਕਰਦੇ ਹਨ ਜਿਸ ਵਿਚ ਉਸ ਸੰਰਚਨਾ ਦਾ ਬਹਿਰੰਗ ਅਤੇ ਆਂਤ੍ਰਿਕ ਸਮੁੱਚ ਸ਼ਾਮਲ ਹੁੰਦਾ ਹੈ।

ਬਾਣੀ-ਰੂਪ ਦਾ ਪੰਜਵਾਂ ਪਛਾਣ-ਚਿਹਨ ਹੈ, ਇਹ ਦੁਜੈਲੀ ਕਿਸਮ ਦੀ ਸਿਰਜਣਾ ਹੈ। ਬਾਣੀ-ਸੰਸਾਰ ਵਾਸਤਵਿਕ ਸੰਸਾਰ ਨਾਲੋਂ ਭਿੰਨ ਹੈ। ਇਸ ਵਿਚ ਵਾਸਤਵ ਸੰਸਾਰ ਦਾ ਸੰਕਲਪਕ ਝਾਂਵਲਾ ਹੈ, ਇਸ ਵਿਚ ਮਨੁੱਖੀਪਨ ਜਾਂ ਮਨੁੱਖੀ ਵਿਹਾਰ ਦਾ ਵਰਣਨ ਤਾਂ ਹੈ ਪਰ ਮਨੁੱਖ ਨਹੀਂ। ਬ੍ਰਹਿਮੰਡੀ ਨੇਮ-ਵਿਧਾਨ ਦਾ ਜ਼ਿਕਰ ਤਾਂ ਹੈ ਪਰ ਬ੍ਰਹਿਮੰਡ ਦਾ ਵਾਸਤਵਿਕ ਰੂਪ ਨਹੀਂ। ਇਸ ਤਰ੍ਹਾਂ ਦੀ ਰਚਨਾ ਨਾਲ ਸਾਨੂੰ ਗਿਆਨ ਮਿਲਦਾ ਹੈ ਤੇ ਆਨੰਦ ਦੁਜੈਲੀ ਸਿਰਜਣਾ ਦਾ ਅਨਿਖੜ ਪਹਿਚਾਨ ਚਿਹਨ ਹੈ।

ਧਿਆਨ ਰਹੇ, ਬਾਣੀ ਰੂਪ ਜਦੋਂ ਰੂਪਾਂਤਰਣ ਪ੍ਰਕਿਰਿਆ ਵਿਚੋਂ ਲੰਘਦੇ ਹਨ ਤਾਂ ਆਪਣੇ ਸੁਭਾਉ ਵਿਚ ਜਟਿਲ ਹੋ ਜਾਂਦੇ ਹਨ। ਜਟਿਲ ਨੂੰ ਸਰਲ ਦੇ ਵਿਰੋਧ ਵਿਚ ਰੱਖ ਕੇ ਸਮਝਿਆ ਜਾ ਸਕਦਾ ਹੈ। ਬਾਣੀ ਅਨੇਕ ਪਰਤਾਂ ਦੀ ਧਾਰਣੀ ਹੋਣ ਕਰਕੇ ਜਟਿਲ ਵੀ ਹੈ ਤੇ ਗਿਆਨ ਬੋਧਕ ਵੀ ਅਥਵਾ ਆਨੰਦ ਪ੍ਰਦਾਤੀ ਵੀ। ਸੰਸਕ੍ਰਿਤ ਕਾਵਿ ਸ਼ਾਸਤਰ ਵਿਚ 'ਰਮਣੀਯ' ਪਦ ਦੀ ਵਿਸ਼ੇਸ਼ ਮਹੱਤਤਾ ਹੈ। ਪੰਡਿਤ ਜਗਨ ਨਾਥ ਨੇ ਕਿਹਾ ਹੈ ਚਿੱਤ ਵਿਚ ਵਾਸਨਾ ਰੂਪ ਨਾਲ ਟਿਕੇ ਹੋਏ ਸੰਸਕਾਰ ਹੀ ਰਮਣੀਯਤਾ ਜਾਂ ਚਮਤਕਾਰ ਦੀ ਪਿੱਠ ਭੂਮੀ ਤਿਆਰ ਕਰਦੇ ਹਨ। ਚਮਤਕਾਰ ਆਪਣੇ ਆਪ ਵਿਚ ਦੁਮੁਖਾ ਹੈ। ਪਹਿਲਾਂ, ਇਹ ਲੋਕੋਤਰ ਹੈ ਜੋ ਸੰਸਾਰਕ ਉਦੇਸ਼ ਦੀ ਤ੍ਰਿਪਤੀ ਨਾਲੋਂ ਵਿਲੱਖਣ ਹੁੰਦਾ ਹੈ। ਇਸਦੀ ਤੁਲਣਾ ਸੰਸਾਰਕ ਸੁੱਖਾਂ ਨਾਲ ਨਹੀਂ ਕੀਤੀ ਜਾ ਸਕਦੀ। ਦੂਸਰਾ, ਇਹ ਗਿਆਨ ਰੂਪ ਹੁੰਦਾ ਹੈ। ਗਿਆਨ ਦਾ ਆਨੰਦ ਕਰਮ ਵਿਹਾਰ ਤੋਂ ਪੈਦਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ । ਇਹ ਆਨੰਦਮਈ ਸਥਿਤੀ ਹੀ ਚਮਤਕਾਰ ਜਾਂ ਰਮਣੀਯ ਹੈ ।

ਭਾਰਤੀ ਆਚਾਰੀਆ ਪਰਮਾਤਮਾ ਨੂੰ ਹੀ ਅੰਤਿਮ ਸੁਹਜ ਮੰਨਦੇ ਹਨ । ਸੁਹਜ ਸਤਿ ਹੈ ਤੇ ਸਤਿ ਹੀ ਕਲਿਆਣਕਾਰੀ ਹੈ । ਸਤਿ ਜਦੋਂ ਕਰਮ ਨਾਲ ਜੁੜਦਾ ਹੈ ਤਾਂ ਸ਼ਿਵੰਮ ਬਣ ਜਾਂਦਾ ਹੈ ਉਦੋਂ ਇਸਦਾ ਦੀਦਾਰ ਸੁਹਜਾਤਮਕ ਹੁੰਦਾ ਹੈ । ਸੁੰਦਰ ਸਤਿ ਦਾ ਹੀ ਵਿਵਿਸਥਿਤ ਰੂਪ ਹੈ । ਕੁਲ ਮਿਲਾ ਕੇ, ਸਤਯੰ, ਸ਼ਿਵਮ ਅਤੇ ਸੁੰਦਰਮ ਤਿੰਨਾਂ ਦੀ ਸੰਜੁਗਤੀ ਹੀ ਅੰਤਿਮ ਸੁਹਜ ਹੋ ਨਿਬੜਦਾ ਹੈ । ਇਹ ਤਿੰਨੇ ਪਰਮ ਤੱਤ ਦੇ ਹੀ ਤਿੰਨ ਪਾਸੇ ਹਨ । ਇਨ੍ਹਾਂ ਤਿੰਨਾਂ ਦਾ ਏਕੀਕਰਣ ਹੀ ਪਰਮ ਸੁਹਜ ਹੈ । ਪਰਮ ਸੁਹਜ ਦਾ ਸੰਚਾਰ ਅਥਵਾ 'ਰਮਣੀਯ' ਬਾਣੀ ਰੂਪ ਦਾ ਲਾਜ਼ਮੀ ਤੱਤ ਹੈ, ਜੋ ਨਿੱਤ ਨਵਾਂ ਹੈ ।

ਨਿਰਣੈ ਵਜੋਂ, ਬਾਣੀ ਰੂਪ ਦੁਜੈਲੀ ਸਿਰਜਣਾ ਦੇ ਅੰਤਰਗਤ ਆਉਂਦੇ ਹਨ । ਬਹੁਪਰਤੀ ਹੋਣਾ ਦੁਜੈਲੀ ਸਿਰਜਣਾ ਦੀ ਹੋਣੀ ਹੈ । ਫਲਸਰੂਪ, ਬਾਣੀ-ਰੂਪ ਜਟਿਲ ਸੁਭਾਉ ਦੇ ਹੋ ਜਾਂਦੇ ਹਨ । 'ਬਾਣੀ ਆਪਣੀ ਜਟਿਲਤਾ ਵਿਚੋਂ ਹੀ ਰਮਣੀਯ ਦਾ ਰੂਪ ਗ੍ਰਹਿਣ ਕਰਦੀ ਹੋਈ ਆਨੰਦ-ਸੰਚਾਰ ਕਰਦੀ ਹੈ । ਪਰਮਾਨੰਦ ਦਾ ਸਾਰ ਹੈ ਹੀ ਸਤਿਅਮ, ਸ਼ਿਵਮ ਅਤੇ ਸੁੰਦਰਮ ਦੇ ਏਕੀਕਰਣ ਵਿਚ । ਪਰਮ ਸੁਹਜ ਜਾਂ ਪਰਮਾਨੰਦ ਹੀ ਬਾਣੀ ਰੂਪ ਦਾ ਲਾਜ਼ਮੀ ਤੱਤ ਹੈ ।

## ਬਾਣੀ-ਰੂਪ-ਪਰੰਪਰਾ

ਗੁਰੂ ਨਾਨਕ ਦੇਵ ਸਮਰੱਥ ਬਾਣੀਕਾਰ ਤੇ ਸੁਚੇਤ ਬਾਣੀ ਸ਼ਾਸਤਰੀ ਸਨ । ਬਾਣੀ-ਕਾਰ ਬਾਣੀ-ਸਿਰਜਣ ਦੇ ਨਾਲ ਨਾਲ ਬਾਣੀ-ਰੂਪ ਵੀ ਵਿਉਂਤਦੇ ਰਹੇ ਹਨ । ਬਾਣੀ-ਪਰੰਪਰਾ ਤੋਂ ਟੁੱਟੀ ਨਹੀਂ ਸਗੋਂ ਉਸਦਾ ਵਿਸਤਾਰ ਕਰਦੀ ਰਹੀ ਹੈ । ਸੰਸਕ੍ਰਿਤ ਸਾਹਿਤ-ਪਰੰਪਰਾ ਦੇ ਗੁਣ ਲੱਛਣ ਪ੍ਰਾਕ੍ਰਿਤ ਸਾਹਿਤ ਵਿਚ ਵੇਖੇ ਜਾ ਸਕਦੇ ਹਨ । ਪ੍ਰਾਕ੍ਰਿਤ ਸਾਹਿਤ ਦੀ ਪਰੰਪਰਾ ਦੇ ਗੁਣ-ਲੱਛਣ ਅਪਭ੍ਰੰਸ਼ ਸਾਹਿਤ ਵਿਚ ਮੌਜੂਦ ਹਨ । ਠੀਕ, ਇਸੇ ਤਰ੍ਹਾਂ ਅਪਭ੍ਰੰਸ਼ ਭਾਸ਼ਾ ਤੋਂ ਵਿਕਾਸਮਾਨ ਹੋਣ ਵਾਲੀਆਂ ਭਾਸ਼ਾਵਾਂ ਵਿਚ ਅਪਭ੍ਰੰਸ਼ ਦੀ ਸਾਹਿਤ-ਪਰੰਪਰਾ ਦੇ ਗੁਣ-ਲੱਛਣ ਵਿਦਮਾਨ ਹਨ ।

ਅਪਭ੍ਰੰਸ਼ ਸਾਹਿਤ ਵਿਚ ਚਰਿਤ ਗ੍ਰੰਥ, ਰਾਸੋ ਗ੍ਰੰਥ, ਸਤੋਤਰ ਤੇ ਉਪਦੇਸ਼ਾਤਮਕ ਗਰੰਥ, ਸੰਘਣੀ ਮਾਤਰਾ ਵਿਚ ਮੌਜੂਦ ਹਨ । ਮੋਟੇ ਤੌਰ ਤੇ ਇਸਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—ਚਰਿਤ-ਕਾਵਿ ਤੇ ਸਤੋਤਰ-ਕਾਵਿ ।

ਅਪਭ੍ਰੰਸ਼ ਚਰਿਤ-ਕਾਵਿ ਦੀ ਪਰੰਪਰਾ ਖਾਸੀ ਬਲਵਾਨ ਰਹੀ ਹੈ । ਅਪਭ੍ਰੰਸ਼ ਵਿਚ ਚਰਿਤ ਕਾਵਿ ਵਿਸਮੈ ਅਤੇ ਚਮਤਕਾਰੀ ਤੱਤਾਂ ਨਾਲ ਭਰਪੂਰ ਹੈ । ਮਾਲੂਮ ਹੁੰਦਾ ਹੈ, ਸਾਖੀਕਾਰਾਂ ਨੇ ਚਰਿਤ-ਕਾਵਿ ਦਾ ਅਨੁਸਰਣ ਕਰਦੇ ਹੋਏ ਸਾਖੀ ਸੰਸਾਰ ਵਿਚ ਉਪਰ ਅੰਕਿਤ ਗੁਣਾਂ ਦਾ ਨਿਰਬਾਹ ਕੀਤਾ ਹੈ ।

ਅਪਭ੍ਰੰਸ਼ ਵਿਚ ਸਤੋਤਰ ਕਾਵਿ ਵੀ ਖਾਸੀ ਪ੍ਰਸਿੱਧੀ ਨੂੰ ਪ੍ਰਾਪਤ ਹੋਇਆ ਹੈ । ਸਤੋਤਰ ਕਾਵਿ ਵਿਚ ਉਪਦੇਸ਼ਾਤਮਕ ਗ੍ਰੰਥਾਂ ਨੂੰ ਵੀ ਮਹੱਤਵਪੂਰਣ ਸਥਾਨ ਮਿਲਿਆ



CC-0. In Public Domain. Gurukul Kangri Collection, Haridwar

ਹੈ। ਇਸਤੋਂ ਛੁੱਟ ਅਪਭ੍ਰੰਸ਼ ਵਿਚ ਮਹਾਂਕਾਵਿ ਖੰਡਕਾਵਿ ਤੇ ਮੁਕਤਕ ਨੂੰ ਵੀ ਖ਼ਾਸੀ ਮਹੱਤਤਾ ਮਿਲੀ ਹੈ।

Digitized by Arya Samaj Foundation Chennai and eGangotri

ਗੁਰੂ ਨਾਨਕ ਸਕੂਲ ਦੀ ਵਿਲੱਖਣਤਾ ਦੇ ਤਿੰਨ ਮੂਲ ਨੁਕਤੇ ਹਨ—ਇਸ ਸਕੂਲ ਦੀ ਵਸਤੂ-ਸਾਮਗ੍ਰੀ ਰਬ-ਕੇਂਦਰਿਤ ਹੈ। ਇਸ ਦੀ ਵਿਧੀ (mode) ਪਰੰਪਰਕ ਵੀ ਹੈ ਤੇ ਉਸਤੋਂ ਵੱਖਰੀ ਵੀ। ਇਹੀ ਹਾਲ ਇਸਦੇ ਅੰਦਾਜ਼ (manner) ਦਾ ਹੈ। ਗੁਰਮਤਿ ਸਕੂਲ ਦਾ ਅੰਦਾਜ਼ ਖਾਲਸ ਆਪਣਾ ਹੀ ਹੈ। ਇਨ੍ਹਾਂ ਤਿੰਨਾਂ ਦੇ ਏਕੀਕਰਣ ਨਾਲ ਹੀ ਗੁਰਮਤਿ ਜਾਂ ਬਾਣੀ ਦੇ ਪ੍ਰਮਾਣਿਕ ਪ੍ਰਤੀਮਾਨ ਸਥਾਪਿਤ ਹੋਏ ਹਨ।

ਭਾਰਤੀ ਕਾਵਿ-ਸ਼ਾਸਤਰ ਵਿਚ ਸ਼ਾਸਤਰੀ ਦ੍ਰਿਸ਼ਟੀ ਦਾ ਉਦੇ ਭਰਤਮੁਨੀ ਤੋਂ ਹੋਇਆ ਹੈ। ਉਸਨੇ ਸਾਹਿਤ ਨੂੰ ਵਸਤੂ ਵਾਂਗ ਗ੍ਰਹਿਣ ਕਰਨ ਦਾ ਮਤ ਪੇਸ਼ ਕੀਤਾ ਹੈ। ਆਚਾਰੀਆ ਭਾਮਹ ਨੇ ਕਾਵਿ ਅਲੰਕਾਰ ਵਿਚ ਸਾਹਿਤ ਵੰਡ ਦੋ ਤਰ੍ਹਾਂ ਕੀਤੀ ਹੈ: ਗਦ ਅਤੇ ਪਦ। ਆਚਾਰੀਆ ਦੰਡੀ ਨੇ ਤਿੰਨ ਪ੍ਰਕਾਰੀ ਸਾਹਿਤ ਵੰਡ ਕੀਤੀ ਹੈ: ਗਦ, ਪਦ ਅਤੇ ਮਿਸ਼੍ਰਤ ਅਰਥਾਤ ਚੰਪੂ। ਆਚਾਰੀਆ ਦੰਡੀ ਸਤਵੀਂ ਸ਼ਤਾਬਦੀ ਵਿਚ ਹੋਏ ਮੰਨੇ ਜਾਂਦੇ ਹਨ।

ਦਸਵੀਂ ਸਦੀ ਵਿਚ ਆਚਾਰੀਆ ਰਾਜ ਸ਼ੇਖਰ ਨੇ ਆਚਾਰੀਆ ਦੰਡੀ ਦੀ ਸਾਹਿਤ ਵੰਡ ਤੋਂ ਅਮੰਨ ਰਹਿ ਕੇ ਇਸਦੇ ਦੋ ਵਰਗ—ਗਦ ਅਤੇ ਪਦ ਹੀ ਆਂਕੇ। ਸਭ ਤੋਂ ਵਧ ਚਰਚਿਤ ਆਚਾਰੀਆ ਵਿਸ਼ਵਾਨਾਥ ਹੈ ਉਸਨੇ ਚੌਦਵੀਂ ਸਦੀ ਵਿਚ ਇਸ ਬੁਨਿਆਦੀ ਨੁਕਤੇ ਤੇ ਧਿਆਨ ਦੇਂਦੇ ਕੋਏ ਸਾਹਿਤ ਦੀ ਵੰਡ ਦੋ ਪ੍ਰਕਾਰੀ ਕਰ ਦਿਤੀ। ਦ੍ਰਿਸ਼ ਅਤੇ ਸ੍ਰਵ ਕਾਵਿ। ਵਿਸ਼ਵਨਾਥ ਨੇ ਸ੍ਰਵ ਕਾਵਿ ਦਾ ਵਿਵੇਚਨ ਵੀ ਬਰੀਕੀ ਨਾਲ ਕੀਤਾ ਤੇ ਇਸਦੇ ਤਿੰਨ ਉਪਭੇਦ ਪ੍ਰਵਾਨ ਕਰ ਲਏ—ਗਦ, ਪਦ ਅਤੇ ਚੰਪੂ। ਇਹ ਵੰਡ ਆਚਾਰੀਆ ਦੰਡੀ ਵਾਲੀ ਹੀ ਸੀ ਜੋ ਉਸਨੇ ਸੱਤਵੀਂ ਸਦੀ ਵਿਚ ਕੀਤੀ ਸੀ। ਫ਼ਰਕ ਕੇਵਲ ਇਤਨਾ ਹੀ ਸੀ ਵਿਸ਼ਵਾਨਾਥ ਨੇ ਪਦ ਕਾਵਿ ਦੇ ਅੱਗੋਂ ਹੋਰ ਉਪਭੇਦ ਵੀ ਬਣਾ ਦਿਤੇ—ਮੁਕਤਕ ਅਤੇ ਪ੍ਰਬੰਧ। ਚੌਦਵੀਂ ਸਦੀ ਤੋਂ ਬਾਅਦ ਸਾਹਿਤ ਦੇ ਲਗਭਗ ਇਹ ਤਿੰਨੇ ਭੇਦ—ਗਦ, ਪਦ ਅਤੇ ਚੰਪੂ ਹੀ ਪ੍ਰਵਾਨਿਤ ਰਹੇ ਹਨ। ਧਿਆਨ ਰਹੇ, ਅਜਿਹੀ ਵਰਗ-ਵੰਡ ਦਾ ਮੂਲ ਅਧਾਰ ਭਾਸ਼ਾ ਦੀ ਲੈਅ ਹੀ ਸੀ।

ਗਦ ਤੇ ਪਦ ਕਿਸੇ ਵਿਆਖਿਆ ਦੇ ਮੁਹਤਾਜ ਨਹੀਂ। ਸੁਆਲ ਹੈ ਚੰਪੂ ਸਾਹਿਤ ਦੀ ਬਨਾਵਟ ਕਿਸ ਤਰ੍ਹਾਂ ਦੀ ਹੈ? ਚੰਪੂ ਸਾਹਿਤ ਨਾ ਨਿਰੋਲ ਗਦ ਹੈ ਤੇ ਨਾ ਸ਼ੁਧ ਪਦ। ਇਹ ਇਨ੍ਹਾਂ ਦੋਹਾਂ ਦਾ ਮਿਸ਼੍ਰਤ ਰੂਪ ਹੈ। ਚੰਪੂ ਸਾਹਿਤ ਵਿਚ ਬ੍ਰਿਤਾਂਤ ਨੂੰ ਲੈਅਬੱਧ ਜਾਂ ਛੰਦ ਬੱਧ ਕਰਕੇ ਰੂਪਮਾਨ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਕਾਵਿ-ਸ਼ਾਸਤਰ ਦੇ ਗਿਆਤਾ ਮਾਲੂਮ ਹੁੰਦੇ ਹਨ। ਅਜਿਹੇ ਸੰਕੇਤ ਉਨ੍ਹਾਂ ਦੀ ਬਾਣੀ-ਰਚਨਾ ਵਿਚੋਂ ਹੀ ਪ੍ਰਤੀਬਿੰਬਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨਿਰਗੁਣ ਵਿਚਾਰਧਾਰਾ ਨਾਲ ਜੁੜੇ ਹੋਣ ਕਰਕੇ ਦ੍ਰਿਸ਼-ਕਾਵਿ ਵਲੋਂ ਉਦਾਸੀਨ ਹੀ ਰਹੇ। ਅਮੂਰਤ ਬ੍ਰਹਮ ਨੂੰ ਸਟੇਜ ਤੇ ਨਹੀਂ ਵਿਖਾਇਆ ਜਾ ਸਕਦਾ ਸੀ। ਸ਼ਾਇਦ, ਇਹੋ ਕਾਰਣ ਹੈ, ਅੱਜ ਤਕ



CC-0. In Public Domain. Gurukul Kangri Collection, Haridwar

ਵੀ ਸਿੱਖ ਧਰਮ ਦੇ ਨਾਲ ਸੰਬੰਧਿਤ ਉੱਚ ਹਸਤੀਆਂ ਨੂੰ ਸਟੇਜ ਨਹੀਂ ਕੀਤਾ ਜਾਂਦਾ ।

Digitized by Arya Samaj Foundation Chennai and eGangotri

ਗੁਰੂ ਨਾਨਕ ਦੇਵ ਨੇ ਬਾਣੀ-ਰੂਪ ਲਈ ਸ਼ਬਦ-ਕਾਵਿ ਦੀਆਂ ਦੋਹਾਂ ਰੂੜੀਆਂ ਪ੍ਰਬੰਧ ਅਤੇ ਮੁਕਤਕ ਵਿਚੋਂ ਕੇਵਲ ਮੁਕਤਕ ਰੂੜੀ ਦਾ ਵਿਧਾਨ ਕੀਤਾ । ਬਾਣੀ ਰਚਨਾ ਵਿਚ ਪ੍ਰਬੰਧ-ਕਾਵਿ ਵੀ ਪੇਸ਼ ਨਹੀਂ ਹੋਇਆ, ਇਸਦਾ ਕਾਰਣ ਵੀ ਗੁਰਬਾਣੀ ਦੀ ਮੁਖ ਥੀਮ ਹੀ ਜਾਪਦੀ ਹੈ, ਜੋ ਅਮੂਰਤ ਬ੍ਰਹਮ ਨਾਲ ਜੁੜੀ ਹੋਈ ਹੈ। ਸੰਖੇਪ ਵਿਚ, ਬਾਣੀ-ਰੂਪਾਂ ਲਈ ਮੁਕਤਕ ਰੂਪ ਹੀ ਵਿਧਾਨ ਕੀਤਾ ਗਿਆ ਹੈ । ਇਸ ਨੇਮ ਦੀ ਪਾਲਣਾ ਲਗਭਗ ਸਾਰੇ ਬਾਣੀਕਾਰਾਂ ਨੇ ਕੀਤੀ ਹੈ । ਗੁਰੂ ਗ੍ਰੰਥ ਸਾਹਿਬ ਵਿਚ ਦੀਰਘ ਅਕਾਰੀ ਤੇ ਲਘੂ ਅਕਾਰੀ ਦੋਹਾਂ ਤਰ੍ਹਾਂ ਦੀਆਂ ਬਾਣੀਆਂ ਹਨ । ਪਰ ਮੁਕਤਕ ਹੋਣਾ ਇਨ੍ਹਾਂ ਸਾਰੀਆਂ ਦੀ ਹੋਣੀ ਹੈ ।

ਗੁਰੂ ਨਾਨਕ ਦੇਵ ਜੀ ਜਿਥੇ ਸਾਹਿਤਕ ਰੂੜ੍ਹੀਆਂ ਲਈ ਸੁਚੇਤ ਸਨ ਉਥੇ ਲੋਕ ਰੂੜ੍ਹੀਆਂ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ । ਗੁਰੂ ਸਾਹਿਬ ਚੰਪੂ ਸਾਹਿਤ ਦੇ ਸੰਚਾਰ ਪ੍ਰਭਾਵ ਤੋਂ ਪੂਰੀ ਤਰ੍ਹਾਂ ਸੁਚੇਤ ਸਨ । ਇਹੋ ਕਾਰਨ ਹੈ ਕਿ ਉਨ੍ਹਾ ਨੇ ਲੋਕ-ਰੂਪਾ ਨੂੰ ਵੀ ਬਾਣੀ-ਰਚਨਾ ਦਾ ਮਾਧਿਅਮ ਬਣਾਇਆ । ਇਨ੍ਹਾਂ ਦੀ ਵਿਸਥਾਰ ਸਹਿਤ ਚਰਚਾ ਅੱਗੇ ਚੱਲ ਕੇ ਕੀਤੀ ਜਾਵੇਗੀ । ਹਾਲ ਦੀ ਘੜੀ ਏਨਾ ਕੁ ਜਾਣ ਲੈਣਾ ਹੀ ਉਚਿਤ ਹੈ ਕਿ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਨੇ ਬਾਣੀ-ਰਚਨਾ ਲਈ ਸ਼ਬਦ-ਕਾਵਿ ਵਿਚੋਂ ਮੁਕਤਕ ਅਤੇ ਚੰਪੂ ਸਾਹਿਤ ਦੇ ਅਧੀਨ ਆਉਣ ਵਾਲੇ ਲੋਕ-ਰੂਪਾਂ ਨੂੰ ਸੰਚਾਰ-ਮਾਧਿਅਮ ਦਾ ਅੰਗ ਵਿਧਾਨ ਕੀਤਾ ਹੈ । ਗੁਰੂ ਨਾਨਕ ਦੇਵ ਦੀ ਅਨੁਸਾਰਤਾ ਕਰਦੇ ਹੋਏ ਪਰਵਰਤੀ ਗੁਰੂ ਸਾਹਿਬਾਨ ਨੇ ਇਨ੍ਹਾਂ ਦੋਹਾਂ ਭੇਦਾਂ ਦੀ ਵਰਤੋਂ ਸੰਘਣੀ ਮਾਤਰਾ ਵਿਚ ਕੀਤੀ ਹੈ । ਧਿਆਨ ਰਹੇ, ਸੰਤਾਂ-ਭਗਤਾਂ ਵਿਚੋਂ ਕਬੀਰ ਜੀ ਨੇ ਵੀ ਲੋਕ-ਰੂਪਾਂ ਨੂੰ ਸੰਚਾਰ ਮਾਧਿਅਮ ਬਣਾਇਆ ਹੈ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਬਾਣੀ-ਰਚਨਾ ਵਿਚ ਸ਼ਬਦ-ਕਾਵਿ ਤੇ ਚੰਪੂ ਸਾਹਿਤ ਨਾਲ ਜੁੜੇ ਹੋਏ ਰਚਨਾ-ਰੂਪਾਂ ਨੂੰ ਵੀ ਬਾਣੀ-ਸਿਰਜਣ ਲਈ ਅਪਨਾਇਆ ਗਿਆ ਹੈ ।

ਅੰਤ ਵਿਚ, ਇਹ ਕਹਿਣਾ ਉਚਿਤ ਹੈ, ਗੁਰੂ ਗ੍ਰੰਥ ਸਾਹਿਬ ਦੀ ਸੰਰਚਨਾ ਆਪਣੀ ਵਸਤੂ-ਸਾਮਗ੍ਰੀ ਤੇ ਰੂਪ-ਸਾਮਗ੍ਰੀ ਵਿਚ ਅਥਾਹ ਹੈ । ਇਸਦਾ ਅਧਿਐਨ ਜਿਸ ਵੀ ਦ੍ਰਿਸ਼ਟੀ ਤੋਂ ਕੋਈ ਅਧਿਏਤਾ ਆਰੰਭ ਕਰ ਲਵੇ ਉਹ ਆਨੰਦ ਨਾਲ ਸਰਸ਼ਾਰ ਹੋਵੇਗਾ । ਰੂਪ-ਰਚਨਾ ਦੀ ਬਹੁਰੰਗਤਾ ਹੈਰਤਕੁਨ ਹੈ । ਬਾਣੀਕਾਰ ਪਾਰੰਗਤ ਦ੍ਰਿਸ਼ਟੀ ਵਾਲੇ ਸਨ, ਉਨ੍ਹਾਂ ਨੇ ਜਿਥੇ ਸਰਬਾਰਥ ਗਿਆਨ ਉਤੇ ਰੋਸ਼ਨੀ ਪਾਈ ਹੈ ਉਥੇ ਕਾਵਿ-ਸ਼ਾਸਤਰ ਵਰਗੇ ਜਟਿਲ ਵਿਸ਼ੇ ਨੂੰ ਅੱਖੋਂ ਓਹਲੇ ਨਹੀਂ ਕੀਤਾ । ਇਹ ਵੀ ਬਾਣੀਕਾਰਾਂ ਦਾ ਆਪਣਾ ਖਾਲਸ ਅੰਦਾਜ਼ ਹੈ, ਉਹ ਸਾਹਿਤ-ਸ਼ਾਸਤਰ ਦੀਆਂ ਜੁਗਤਾਂ ਨੂੰ ਬਾਣੀ-ਸਿਰਜਣ ਦਾ ਮਾਧਿਅਮ ਬਣਾਉਂਦੇ ਹਨ ਪਰ ਜੁਗਤ ਵਿਸ਼ੇਸ਼ ਦੇ ਮਕਾਨਕੀ ਪ੍ਰਬੰਧ ਬਾਰੇ ਖ਼ਾਮੋਸ਼ ਹੀ ਰਹਿੰਦੇ ਹਨ। ਸਾਰੀ ਬਾਣੀ-ਰਚਨਾ ਰਾਗ ਬੱਧ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਸਿਧਾਂਤ (ਥਿਊਰੀ) ਦਾ ਨਾਮ ਮਾਤ੍ਰ ਵੀ ਸੰਕੇਤ ਨਹੀਂ । ਇਸੇ ਤਰ੍ਹਾਂ ਭਾਰਤੀ ਕਾਵਿ-ਸ਼ਾਸਤਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਲਗਭਗ ਸਾਰੀਆਂ ਜੁਗਤਾਂ ਦੀ ਵਰਤੋਂ ਬਾਣੀ ਸਾਜ ਦਾ ਸ਼ਿਗਾਰ ਹਨ ਪਰ ਉਨ੍ਹਾਂ ਦੇ ਮਕਾਨਕੀ-ਪ੍ਰਬੰਧ ਦੇ ਸੰਕੇਤ ਅਸਲੋਂ ਅਲੋਪ ਹਨ। ਸਮੁੱਚੀ ਬਾਣੀ ਕਾਵਿ-ਸ਼ਾਸਤਰੀ ਰੂਪ-ਵਿਧੀ ਰਾਹੀਂ ਰੂਪਮਾਨ ਹੋਈ ਹੈ। ਲੋਕ ਕਾਵਿ-ਰੂਪ ਵੀ ਸਿਰਜਣ-ਮਾਧਿਅਮ ਦਾ ਅੰਗ ਬਣੇ ਹਨ। ਦੋਹਾਂ ਹਾਲਤਾਂ ਵਿਚ ਸਿਧਾਂਤਕ ਸੰਕੇਤ ਹਨ ਪਰ ਸੰਕੇਤ-ਵਿਸ਼ੇਸ਼ ਦਾ ਮਕਾਨਕੀ ਗਿਆਨ ਗੁਰੂਗ੍ਰੰਥ ਸਾਹਿਬ ਦਾ ਅੰਗ ਵਿਧਾਨ ਨਹੀਂ ਕੀਤਾ ਗਿਆ।

ਇਸ ਕਥਨ ਉਪਰ ਹਲਕੀ ਜਿਹੀ ਵਿਚਾਰ ਸੰਗਤ ਹੈ। ਬਾਣੀ-ਪ੍ਰਬੰਧ ਦੀ ਮੁੱਖ ਜੁਗਤ ਰਾਗ ਹੈ ਤੇ ਇਸਦੇ ਨਾਲ ਹੀ ਕਾਵਿ-ਰੂਪ ਦਾ ਸੰਕੇਤ ਵੀ ਦੇ ਦਿਤਾ ਗਿਆ ਹੈ। ਉਦਾਹਰਣ ਹਾਜ਼ਰ ਹੈ—

ਰਾਗ ਸੋਰਠ ਮਹਲਾ ੫ ਚਉਪਦੇ ਚਉਤੁਕੇ

ਇਥੇ ਰਾਗ ਤੇ ਰਚਣਹਾਰ ਤੋਂ ਇਲਾਵਾ 'ਚਉਪਦਾ' ਇਸਦੇ ਕਾਵਿ ਰੂਪ ਵਲ ਇਸ਼ਾਰਾ ਕਰਦਾ ਹੈ ਤੇ ਚਉਤੁਕਾ ਇਸਦੇ ਵਿਸ਼ੇਸ਼ ਰੂਪ ਵਲ। ਗੁਰੂ ਗ੍ਰੰਥ ਸਾਹਿਬ ਵਿਚ ਇਕਤੁਕਾ, ਦੁਤੁਕਾ, ਤਿਤੁਕਾ, ਚਉਪਦਾ ਵੀ ਵਿਦਮਾਨ ਹੈ, ਤੁਕ-ਸੰਖਿਆ ਦਾ ਸੰਬੰਧ ਬੰਦ ਦੀ ਬੰਦਿਸ਼ ਨਾਲ ਹੈ ਅਥਵਾ ਇਹ ਬੰਦ ਜਿੰਨੀਆਂ ਵੀ ਤੁਕਾਂ ਦਾ ਧਾਰਣੀ ਹੈ ਉਸ ਦਾ ਸੰਕੇਤ ਵੀ ਬਾਣੀਕਾਰਾਂ ਤੇ ਦਿਤਾ ਹੈ। ਅਸਲ ਵਿਚ ਤੁਕ-ਸੰਕੇਤ ਇਕ ਤਰ੍ਹਾਂ ਦਾ ਮਕਾਨਕੀ ਸੰਕੇਤ ਹੀ ਹੈ। ਤੇ ਇਸੇ ਤਰ੍ਹਾਂ ਚਉਪਦਾ, ਪੰਚਪਦਾ ਤੇ ਤਿਪਦਾ ਆਦਿ। ਇਹ ਵੀ ਬਾਣੀ-ਪ੍ਰਬੰਧ ਦੀ ਮਕਾਨਕੀ ਜੁਗਤ ਹੈ ਕਿ ਸਿਧਾਂਤਕ ਸੰਕੇਤ ਤਾਂ ਦਿਤੇ ਜਾਣਗੇ ਉਨ੍ਹਾਂ ਦੀ ਵਿਆਖਿਆ ਨਹੀਂ ਕੀਤੀ ਜਾਏਗੀ। ਇਸੇ ਕਰਕੇ ਅਧਿਐਨ ਕਰਤਾ ਸਿਧਾਂਤਕ ਥਿਊਰੀ ਤੋਂ ਬਿਨਾਂ ਸੌਖਾ ਵੀ ਹੋ ਸਕਦਾ ਹੈ ਤੇ ਔਖਾ ਵੀ। ਸੌਖਾ ਇਸ ਲਈ ਕਿ ਮਨ ਮਰਜ਼ੀ ਨਾਲ ਬਾਣੀ ਦੇ ਰੂਪਾਕਾਰਾਂ ਦੀ ਵਿਆਖਿਆ ਕਰ ਸਕਦਾ ਹੈ। ਔਖਾ, ਇਸ ਲਈ ਕਿ ਜਦੋਂ ਉਹ ਵਿਸ਼ੇਸ਼ੀਕ੍ਰਿਤ ਅਧਿਐਨ ਕਰਨਾ ਚਾਹੁੰਦਾ ਹੈ ਤਾਂ ਉਸ ਪਾਸ ਪ੍ਰਮ ਣਿਕ ਆਧਾਰ ਕੋਈ ਨਹੀ। ਅਜਿਹੀ ਹਾਲਤ ਵਿਚ ਸਿਧਾਂਤਮੁੱਖ ਅਧਿਐਨ ਕਰਨ ਵਿਚ ਬਹੁਤ ਸਾਰੀਆਂ ਕਠਿਨਾਈਆਂ ਦਰਪੇਸ਼ ਹੁੰਦੀਆਂ ਹਨ। ਇਹੋ ਹਾਲ ਲੋਕ-ਜੁਗਤਾਂ ਦੀ ਵਰਤੋਂ ਦਾ ਹੈ। ਲੋਕ-ਰੂਪਾਂ ਦੇ ਸੰਕੇਤ ਤਾਂ ਮਿਲਦੇ ਹਨ, ਉਨ੍ਹਾਂ ਦੀ ਪਰੀਭਾਸ਼ਾ ਜਾਂ ਸਿਧਾਤਕ ਜਾਣਕਾਰੀ ਨਹੀਂ। ਨਾਲੇ, ਇਨ੍ਹਾਂ ਲੋਕ-ਰੂਪਾਂ ਦੇ ਵਸਤੂ-ਪਾਠ ਤਾਂ ਅਧਿਆਤਮਿਕਤਾ ਨਾਲ ਸੰਬੰਧਿਤ ਹਨ, ਸੰਸਾਰਿਕਤਾ ਨਾਲ ਨਹੀਂ। ਸੰਸਾਰਿਕਤਾ ਦਾ ਅਧਿਆਤਮੀਕਰਣ ਹੀ ਇਨ੍ਹਾਂ ਲੋਕ-ਰੂਪਾਂ ਦੀ ਵਿਸ਼ੇਸ਼ਤਾ ਹੈ। ਦਰਅਸਲ, ਲੋਕ-ਰੂਪਾਂ ਦੇ ਸਿਰਲੇਖ ਵਿਸ਼ੇਸ਼ ਅਧਿਏਤਾ ਨੂੰ ਇਕ ਦਿਸ਼ਾ ਦੇਂਦੇ ਹਨ! ਸਮੀਖਿਆ ਸੰਸਾਰ ਦੇ ਈਡੀਅਮ ਵਿਚ ਇਹ ਇਕ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਦੇ ਹਨ, ਜਿਸਦੇ ਸਹਾਰੇ ਉਹ ਇਨ੍ਹਾਂ ਰੂਪਾਂ ਦੇ ਮਰਮ ਤੱਕ ਪਹੁੰਚ ਸਕਦਾ ਹੈ। ਇਨ੍ਹਾਂ ਦੇ ਬੀਜ-ਸੰਕਲਪ ਨੂੰ ਪਛਾਣ ਕੇ ਇਨ੍ਹਾਂ ਦੇ ਸਹੀ ਸੰਦਰਭ ਨੂੰ ਉਜਾਗਰ ਕਰ ਸਕਦਾ ਹੈ।

**ਆਦਿ ਗ੍ਰੰਥ ਵਿਚਲੇ ਪ੍ਰਮੁੱਖ ਰਚਨਾ-ਰੂਪ—**

ਅੰਤ ਵਿਚ, ਗੁਰੂ ਗ੍ਰੰਥ ਸਾਹਿਬ ਵਿਚਲੇ ਪ੍ਰਮੁੱਖ ਰਚਨਾ-ਰੂਪਾਂ ਬਾਰੇ ਵੀ ਦੋ ਚਾਰ



CC-0. In Public Domain. Gurukul Kangri Collection, Haridwar

ਗੱਲਾਂ ਕਰ ਲੈਣੀਆਂ ਉੱਚਿਤ ਹਨ। ਧਿਆਨ ਰਹੇ, ਪ੍ਰਮੁੱਖ ਰਚਨਾ-ਰੂਪਾਂ ਤੋਂ ਮੇਰੀ
Digitized by Arya Samaj Foundation Chennai and eGangotri
ਮਨਸ਼ਾ ਉਨ੍ਹਾਂ ਰੂਪਾਂ ਬਾਰੇ ਸੰਕੇਤ ਕਰਨੀ ਹੈ, ਜਿਨ੍ਹਾਂ ਦੀ ਵਰਤੋਂ ਬਾਰੰਬਾਰ ਹੋਈ ਹੈ ਅਥਵਾ ਬਹੁਤੇ ਬਾਣੀਕਾਰਾਂ ਨੇ ਉਸਦੀ ਵਰਤੋਂ ਕੀਤੀ ਹੈ। ਇਸ ਸੰਦਰਭ ਵਿਚ ਜਾਣਨ ਯੋਗ ਤੱਥ ਹੈ, ਪ੍ਰਮੁਖ ਰੂਪ 'ਪਦਾ' ਹੈ। ਪਦਾ ਰੂਪ ਵਿਚ ਗੁਰੂ ਸਾਹਿਬਾਨ ਅਤੇ ਸੰਤਾਂ, ਭਗਤਾਂ ਨੇ ਬਾਣੀ-ਸਿਰਜਣਾ ਕੀਤੀ ਹੈ। ਰੂਪ ਦੀ ਦ੍ਰਿਸ਼ਟੀ ਤੋਂ ਪਦਾ-ਰੂਪ ਤੋਂ ਬਾਅਦ ਪਉੜੀ-ਰੂਪ ਨੂੰ ਦੂਸਰਾ ਦਰਜਾ ਪ੍ਰਾਪਤ ਹੈ। ਪਉੜੀ-ਰੂਪ ਦੀ ਅਧਿਕ ਵਰਤੋਂ ਦਾ ਕਾਰਣ, ਇਸ ਵਿਚਲੀ ਛੰਦ-ਚਾਲ ਦੀ ਰਵਾਨੀ ਹੋ ਸਕਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਰੂਪ-ਪ੍ਰਬੰਧ ਅਨੁਸਾਰ ਛੰਦ-ਵਿਸ਼ੇਸ਼ ਦਾ ਨਾਮ ਨਾ ਦੇ ਕੇ ਪਦਾ ਵਿਸ਼ੇਸ਼ ਦੀ ਬੰਦ-ਸੰਖਿਆ ਦਾ ਸੰਕੇਤ ਸਪਸ਼ਟ ਰੂਪ ਵਿਚ ਦਿਤਾ ਜਾਂਦਾ ਹੈ ਜਿਹਾ ਕਿ ਇਕ ਤੁਕਾ, ਦੁਤੁਕਾ, ਤਿਤੁਕਾ, ਚਉਤੁਕਾ ਆਦਿ। ਇਸ ਤੋਂ ਉਲਟ ਪਉੜੀ-ਰੂਪ ਦੇ ਸੰਦਰਭ ਵਿਚ ਅਜਿਹਾ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚੋਂ ਅਸਲੋਂ ਅਲੋਪ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ ਬਾਣੀਆਂ ਪਉੜੀ-ਰੂਪ ਰਾਹੀਂ ਹੀ ਪ੍ਰਵਾਨ ਚੜ੍ਹੀਆਂ ਹਨ। ਮਿਸਾਲ ਵਜੋਂ ਜਪੁ, ਅਨੰਦੁ, ਦਖਣੀ ਓਅੰਕਾਰ, ਬਾਵਨ ਅੱਖਰੀ, ਪੱਟੀ, ਸਿੱਧ ਗੋਸਟਿ ਤੇ ਵਾਰਾਂ ਆਦਿ। ਇਥੇ ਧਿਆਨ ਯੋਗ ਨੁਕਤਾ ਤਾਂ ਇਹ ਹੈ, ਕੇਵਲ ਵਾਰਾਂ ਵਿਚ ਪਉੜੀ ਸੰਕੇਤ ਦਾ ਅਭਾਵ ਹੈ। ਹਾਲਾਂ ਕਿ ਸਿੱਖ ਸੰਗਤ ਅਥਵਾ ਸਾਧਾਰਨ ਪਾਠਕ ਜਾਂ ਅਧਿਏਤਾ ਇਨ੍ਹਾਂ ਬਾਣੀ-ਟੁਕੜੀਆਂ ਨੂੰ ਪਉੜੀਆਂ ਨਾਲ ਸੰਬੋਧਿਤ ਕਰਦਾ ਹੈ। ਇਸ ਦਾ ਇਕ ਕਾਰਣ ਹੋਰ ਵੀ ਹੋ ਸਕਦਾ ਹੈ। ਵਾਰ ਵਿਚ ਸਲੋਕ ਅਤੇ ਪਉੜੀ ਦੋ ਕਾਵਿ ਰੂਪਾਂ ਦੀ ਵਰਤੋਂ ਹੋਈ ਹੈ। ਸ਼ਾਇਦ ਦੋਹਾਂ ਦਾ ਅੰਤਰ-ਨਿਖੇੜ ਕਰਨ ਲਈ ਹੀ ਇਸ ਉਪ ਸਿਰਲੇਖ ਦੀ ਵਰਤੋਂ ਕੀਤੀ ਗਈ ਹੈ। ਇਤਨਾ ਤਾਂ ਨਿਰਵਿਵਾਦ ਹੀ ਹੈ, ਗੁਰੂ ਗ੍ਰੰਥ ਸਾਹਿਬ ਦੇ ਬਾਣੀ-ਸਿਰਜਣ ਵਿਚ ਪਦਾ-ਰੂਪ ਤੋਂ ਬਾਅਦ ਪਉੜੀ-ਰੂਪ ਹੀ ਵਧੇਰੇ ਕਰਕੇ ਪ੍ਰਵਾਨ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਦਾ ਤੀਸਰਾ ਪ੍ਰਸਿਧ ਰੂਪ ਸਲੋਕ ਹੈ। ਇਸਦੀ ਵਰਤੋਂ ਸਭ ਗੁਰੂ ਸਾਹਿਬਾਨ ਨੇ ਕੀਤੀ ਹੈ। ਸਲੋਕ ਦੀ ਵਰਤੋਂ ਵੀ ਬਾਣੀ-ਸਿਰਜਣਾ ਵਿਚ ਵਿਆਪਕ ਰੂਪ ਵਿਚ ਹੋਈ ਹੈ। ਇਸ ਦੀ ਵਰਤੋਂ ਹੋਰ ਹੋਰ ਲੋਕ ਕਾਵਿ-ਰੂਪਾਂ ਵਿਚ ਵੀ ਹੋਈ ਹੈ। ਉਦਾਹਰਣ ਵਜੋਂ, ਛੰਤ-ਰੂਪ ਦਾ ਨਾਮ ਲਿਆ ਜਾ ਸਕਦਾ ਹੈ। ਸਲੋਕ ਦੀ ਵਰਤੋਂ ਦਾਰਸ਼ਨਿਕ ਬਾਣੀਆਂ ਵਿਚ ਵੀ ਹੋਈ ਹੈ। ਲੰਮੇਰੀਆਂ ਬਾਣੀਆਂ ਵਿਚ ਤੇ ਲਘੂ ਅਕਾਰੀ ਬਾਣੀਆਂ ਵਿਚ ਵੀ। ਇਸ ਦਾ ਅੰਦਾਜ਼ਾ ਦਖਣੀ ਓਅੰਕਾਰ, ਵਾਰਾਂ, ਬਾਵਨ ਅੱਖਰੀ, ਪਟੀ ਤੇ ਸਿਧ ਗੋਸਟਿ ਆਦਿ ਬਾਣੀਆਂ ਦੀ ਰੂਪ-ਵਿਧੀ ਤੋਂ ਲਾਇਆ ਜਾ ਸਕਦਾ ਹੈ। ਸਲੋਕ ਦੀ ਰੂਪ ਵਿਧੀ ਨਿਰਬੰਧ ਹੈ। ਇਹ ਦੋ ਤੁਕਾ ਵੀ ਹੋ ਸਕਦਾ ਹੈ ਤੇ ਇੱਕੀ ਤੁਕਾ ਵੀ। ਦੋਹਰਾ ਅਤੇ ਸੋਰਠਾ-ਰੂਪ ਵੀ ਹੋ ਸਕਦਾ ਹੈ। ਇਸ ਵਿਚਲੀ ਵਸਤੂ-ਸਾਮਗ੍ਰੀ ਵੀ ਬੰਧਨ-ਮੁਕਤ ਹੈ। ਕਿਸੇ ਵੀ ਤਰ੍ਹਾਂ ਦੀ ਸਾਮਗ੍ਰੀ ਦਾਰਸ਼ਨਿਕਤਾ, ਸਮਾਜਿਕਤਾ ਅਤੇ ਭਾਵੁਕਤਾ ਨੂੰ ਇਸ ਰੂਪ ਰਾਹੀਂ ਬੋਲ ਮਿਲ ਸਕਦੇ ਹਨ। ਇਹ ਤਿੱਖਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਣੀਦਾਰ ਵੀ ਹੋ ਸਕਦਾ ਹੈ ਤੇ ਕਥਨ ਦੀ ਪੱਧਰ ਦਾ ਵੀ। ਨਿਰਵਿਸ਼ੇਸ਼ਤਾ ਹੀ ਇਸ ਦੀ ਵਿਸ਼ੇਸ਼ਤਾ ਹੈ। ਇਹ ਸਭ ਕਾਸੇ ਨੂੰ ਆਪਣੀ ਬੁੱਕਲ ਵਿਚ ਸਮੋ ਸਕਦਾ ਹੈ।

ਇਸ ਸੰਦਰਭ ਵਿਚ ਇਕ ਗੱਲ ਹੋਰ ਵੀ ਧਿਆਨ ਯੋਗ ਹੈ। ਰਾਗ ਬੱਧ ਬਾਣੀ ਵਿਚ ਨਿਰੋਲ ਸਲੋਕ-ਰੂਪ ਦੀ ਵਰਤੋਂ ਕਿਧਰੇ ਨਹੀਂ ਹੋਈ। ਆਮ ਤੌਰ ਤੇ ਇਸ ਦੀ ਵਰਤੋਂ ਜਾਂ ਪਉੜੀ-ਰੂਪ ਨਾਲ ਜੋੜ ਕੇ ਹੋਈ ਹੈ ਜਾਂ ਛੰਤ-ਰੂਪ ਨਾਲ ਜੋੜ ਕੇ। ਇਸ ਰੂਪ ਦੀ ਵਿਸ਼ੇਸ਼ਤਾ ਇਹ ਹੈ, ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੁਤੰਤਰ ਸਥਾਨ ਵੀ ਪ੍ਰਾਪਤ ਹੈ। ਤੇ ਉਹ ਵੀ ਰਾਗ-ਮੁਕਤ ਰਚਨਾਵਾਂ ਵਿਚ ਜੋ ਗੁਰੂ ਗ੍ਰੰਥ ਸਾਹਿਬ ਦੇ ਅਖੀਰਲੇ ਪੰਨਿਆਂ ਵਿਚ ਦਰਜ ਹਨ। ਉਂਞ ਪਉੜੀ-ਰੂਪ ਵੀ ਆਪਣੇ ਨਿਰੋਲ ਨਵੇਕਲੇ ਅੰਦਾਜ਼ ਵਿਚ ਰਚਨਾ-ਮਾਧਿਅਮ ਬਣਿਆ ਹੈ,ਮਿਸਾਲ ਵਜੋਂ ਬਸੰਤ ਕੀ ਵਾਰ ਮਹਲਾ ੫ ਅਤੇ ਸਤੇ ਬਲਵੰਡ ਰਚਿਤ ਰਾਮਕਲੀ ਦੀ ਵਾਰ। ਪਰ ਇਨ੍ਹਾਂ ਦੋਹਾ ਵਿਚਲਾ ਫ਼ਰਕ ਬੜਾ ਸਪਸ਼ਟ ਹੈ। ਸਲੋਕ, ਨਿਤਨੇਮ ਦੀਆਂ ਬਾਣੀਆਂ, ਰਾਗਬੱਧ ਬਾਣੀ ਅਤੇ ਰਾਗ-ਬੰਦਿਸ਼-ਮੁਕਤ ਰਚਨਾਵਾਂ ਅਥਵਾ ਹਰ ਪ੍ਰਕਾਰ ਦੀ ਬਾਣੀ-ਰਚਨਾ ਵਿਚ ਪ੍ਰਵਾਨਿਤ ਹੈ। ਪਉੜੀ-ਰੂਪ ਨੂੰ ਪ੍ਰਵਾਨਗੀ ਪਹਿਲੇ ਦੋ ਵਰਗਾਂ ਵਿਚ ਹੀ ਪ੍ਰਾਪਤ ਹੈ ਇਹ ਰਾਗ-ਮੁਕਤ-ਰਚਨਾਵਾਂ ਵਿਚ ਸਿਰਜਣ-ਮਾਧਿਅਮ ਦਾ ਅੰਗ ਨਹੀਂ ਬਣ ਸਕੀ। ਜ਼ਾਹਿਰ ਹੈ, ਗੁਰੂ ਗ੍ਰੰਥ ਸਾਹਿਬ ਦੇ ਸਿਰਜਣ-ਮਾਧਿਅਮ ਵਜੋਂ ਪਦਾ-ਰੂਪ ਅਤੇ ਪਉੜੀ-ਰੂਪ ਨਾਲੋਂ ਸਲੋਕ-ਰੂਪ ਨੂੰ ਵਧੇਰੇ ਮਾਨਤਾ ਪ੍ਰਾਪਤ ਹੈ। ਇੰਜ ਮਾਲੂਮ ਹੁੰਦਾ ਹੈ, ਇਕ ਤਾਂ ਇਹ ਇਕਹਿਰੀ ਬਣਤਰ ਵਾਲਾ ਹੈ। ਦੂਜਾ ਇਸਦਾ ਸੰਚਾਰ-ਸੁਗਮ ਹੈ। ਤੀਜਾ ਇਹ ਇਕਰੰਗਤਾ (monotony) ਨੂੰ ਤੋੜਦਾ ਹੈ। ਪਉੜੀ ਤੋਂ ਪਹਿਲਾਂ ਸਲੋਕ-ਵੰਨਗੀ ਜਾਂ ਛੰਤ ਰੂਪ ਤੋਂ ਪਹਿਲਾਂ ਸਲੋਕ-ਵੰਨਗੀ ਦਾ ਅੰਕਿਤ ਹੋਣਾ ਇਸੇ ਤੱਥ ਦੇ ਪੁਸ਼ਟ-ਪ੍ਰਮਾਣ ਹਨ। ਇਹ ਦਰਸ਼ਨ ਦੀ ਗਹਿਰਾਈ ਅਤੇ ਭਾਵੁਕਤਾ ਦੀ ਚੰਚਲਤਾ, ਦੋਹਾਂ ਲਈ ਕਾਰਗਰ ਸਿਰਜਣ-ਮਾਧਿਅਮ ਹੈ। ਮਾਰੂ ਡਖਣੇ ਦੀ ਵਾਰ ਮਹਲਾ ੫ ਇਸ ਸੰਦਰਭ ਵਿਚ ਪੇਸ਼ ਕੀਤੀ ਜਾ ਸਕਦੀ ਹੈ। ਅੰਤ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਸਾਹਿਤਕ ਰਚਨਾ ਰੂਪਾਂ ਬਾਰੇ ਵਿਚਾਰ ਕਰਨੀ ਉੱਚਿਤ ਪ੍ਰਤੀਤ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਸਾਹਿਤਕ ਰੂਪਾਂ ਨੂੰ ਮੋਟੇ ਤੌਰ ਤੇ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ੳ. ਮਾਤਰਾ ਬੋਧੀ ਜਾਂ ਅੰਕ ਤਥਾ ਤੁਕ ਮਾਤਰਕ ਰੂਪ

ਅ. ਵਰਣ ਬੋਧੀ ਰੂਪ

ੲ. ਸੰਬਾਦੀ ਰੂਪ

ਸ. ਸੰਕਲਪਿਕ ਰੂਪ

ਇਥੇ ਸੰਖੇਪ ਜਿਹੀ ਵਿਚਾਰ ਉਪਰ ਸੰਕੇਤਕ ਵਰਗ ਵੰਡ ਬਾਰੇ ਕਰ ਲੈਣੀ ਉਚਿਤ ਪ੍ਰਤੀਤ ਹੁੰਦੀ ਹੈ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

**ਮਾਤਰਾ ਬੋਧੀ—**

ਤੁਕ ਮਾਤਰਕ ਦਾ ਅਰਥ ਹੈ, ਉਹ ਰੂਪ ਜੋ ਤੁਕ-ਮਾਤਰਾ ਦਾ ਸੰਕੇਤ ਦੇਂਦੇ ਹਨ। ਇਸੇ ਤਰ੍ਹਾਂ ਅੰਕ-ਮਾਤਰਕ ਦਾ ਭਾਵ ਹੈ, ਉਹ ਰੂਪ ਜੋ ਅੰਕ-ਮਾਤਰਾ ਨੂੰ ਜਣਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਤੁਕ-ਮਾਤਰਾ ਦਾ ਸੰਕੇਤ ਵੀ ਮੌਜੂਦ ਹੈ ਤੇ ਅੰਕ-ਮਾਤਰਾ ਦਾ ਵੀ। ਮਿਸਾਲ ਵਜੋਂ ਸਲੋਕ ਦੁਤੁਕੇ, ਚਉਪਦੇ, ਚਉਤੁਕੇ, ਅਸਟਪਦੀ, ਸੋਲਹੇ ਆਦਿ ਸੰਕੇਤ ਸਪਸ਼ਟ ਹਨ ਕਿ ਇਨ੍ਹਾਂ ਰੂਪਾਂ ਦੀ ਬਣਤਰ ਵਿਚ ਮਾਤਰਾ-ਪ੍ਰਬੰਧ ਨੂੰ ਪਹਿਲਾ ਦਰਜਾ ਪ੍ਰਾਪਤ ਹੈ। ਆਮ ਤੌਰ ਤੇ ਸਲੋਕ ਦੁਤੁਕਾ ਦੋ ਪੰਕਤੀਆਂ ਦਾ ਹੁੰਦਾ ਹੈ। ਪਦਾ-ਰੂਪ ਆਪਣੀ ਬਣਤਰ ਵਿਚ ਬਹੁਰੰਗੀ ਹੈ। ਇਸ ਦੀ ਬਣਤਰ ਦੇ ਸੰਕੇਤ ਵੀ ਬਾਣੀ-ਰਚਨਾ ਵਿਚੋਂ ਪ੍ਰਾਪਤ ਹੁੰਦੇ ਹਨ। ਇਕਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ, ਛਿਪਦਾ ਆਦਿ ਮਾਤਰ-ਸੰਕੇਤ ਹੀ ਹਨ। ਪਰ ਹਰ ਪਦ ਆਪਣੀ ਬਣਤਰ ਰੱਖ ਸਕਦਾ ਹੈ, ਇਸੇ ਲਈ ਉਸਦੀ ਰੂਪ-ਬਣਤਰ ਦਾ ਸੰਕੇਤ ਵੀ ਵਿਦਮਾਨ ਹੈ ਜਿਹਾ ਕਿ ਇਕ ਤੁਕਾ, ਦੁਤੁਕੇ, ਤਿਤੁਕੇ, ਚਉਤੁਕੇ ਆਦਿ। ਅਸਟਪਦੀ ਅੱਠ ਪਦਾਂ ਵਾਲੀ ਰਚਨਾ ਹੈ ਇਸੇ ਤਰ੍ਹਾਂ ਸੋਲਹੇ ਸੋਲਾਂ ਬੰਦਾਂ ਵਾਲੀ ਰਚਨਾ ਨੂੰ ਸੰਕੇਤਕ ਹਨ।

**ਵਰਣ-ਬੋਧੀ—**

ਵਰਣ-ਬੋਧੀ ਉਹ ਬਾਣੀ-ਰੂਪ ਹਨ ਜਿਨ੍ਹਾਂ ਵਿਚ ਲਿਪੀ ਵਿਸ਼ੇਸ਼ ਦੇ ਵਰਣ-ਕ੍ਰਮ ਨੂੰ ਧਿਆਨ ਵਿਚ ਰੱਖ ਕੇ ਬਾਣੀ ਸਿਰਜਨਾ ਕੀਤੀ ਗਈ ਹੈ। ਮਿਸਾਲ ਵਜੋਂ ਬਾਵਨ ਅੱਖਰੀ ਦੇਵਨਾਗਰੀ ਲਿਪੀ ਦੀ ਵਰਣਮਾਲਾ ਨੂੰ ਆਧਾਰਸ਼ਿਲਾ ਬਣਾਉਂਦੀ ਹੈ ਤੇ ਪਟੀ ਗੁਰਮੁਖੀ ਲਿਪੀ ਦੀ ਵਰਣਮਾਲਾ ਨੂੰ।

**ਸੰਬਾਦ ਬੋਧੀ—**

ਇਸ ਦੇ ਅੰਤਰਗਤ ਉਹ ਬਾਣੀਆਂ ਆਉਂਦੀਆਂ ਹਨ, ਜਿਨ੍ਹਾਂ ਦਾ ਜੋੜ ਸੰਬਾਦ ਅਥਵਾ ਵਿਚਾਰ ਗੋਸ਼ਟ ਨਾਲ ਹੈ। ਇਹ ਦੁਧਿਰੀ ਰਚਨਾ ਹੁੰਦੀ ਹੈ, ਜਿਸ ਵਿਚ ਪ੍ਰਸ਼ਨੋਤਰੀ ਸ਼ੈਲੀ ਦਾ ਬੋਲਬਾਲਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਿਧ ਗੋਸਟਿ ਅਤੇ ਦੱਖਣੀ ਓਅੰਕਾਰ ਆਦਿ ਬਾਣੀਆਂ ਇਸੇ ਕੋਟੀ ਦੇ ਅਧੀਨ ਆਉਂਦੀਆਂ ਹਨ। ਇਹ ਇਕ ਤਰ੍ਹਾਂ ਅਕਾਦਮਿਕ ਪੱਧਰ ਦੇ ਬਾਣੀ-ਰੂਪ ਹਨ, ਜਿਸ ਵਿਚ ਬਹੁ-ਪ੍ਰਕਾਰੀ ਮਤਾਂ ਬਾਰੇ ਜੁੜੇ ਅਨੇਕਾਂ ਪ੍ਰਸ਼ਨ ਮੂੰਹ ਖੋਲ੍ਹਦੇ ਹਨ ਤੇ ਗੁਰੂ ਨਾਨਕਦੇਵ ਜੀ ਸੁਚਿੰਤਤ ਮਤ ਪੇਸ਼ ਕਰਦੇ ਹਨ। ਉਦੋਂ ਬ੍ਰਾਹਮਣ ਵਰਗ ਪੜ੍ਹੀ ਲਿਖੀ ਜਨਤਾ ਵਿਚ ਆਉਂਦਾ ਸੀ। ਦੱਖਣੀ ਓਅੰਕਾਰ ਵਿਚਲਾ ਸੰਬਾਦ ਇਕ ਖ਼ਾਸ ਤਰ੍ਹਾਂ ਦੀ ਬੌਧਿਕਤਾ ਨੂੰ ਰੂਪਮਾਨ ਕਰਦਾ ਹੈ। ਜ਼ਾਹਿਰ ਹੈ, ਇਹ ਰੂਪ ਸ਼ੰਕਾ ਸਮਾਧਾਨ ਵੀ ਕਰਦੇ ਹਨ ਤੇ ਗੁਰੂ ਨਾਨਕ ਚਿੰਤਨ ਦੇ ਮੂਲ ਨੁਕਤੇ ਵੀ ਨਿਖੇੜ ਕੇ ਪੇਸ਼ ਕਰਦੇ ਹਨ।

**ਚਿੰਤਨ ਬੋਧੀ**

ਇਸ ਸ਼੍ਰੇਣੀ ਦੇ ਅੰਤਰਗਤ ਉਹ ਰੂਪ ਆਂਕੇ ਜਾ ਸਕਦੇ ਹਨ ਜਿਨ੍ਹਾਂ ਦੀ ਵਸਤੂ-


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਮਗ੍ਰੀ ਤਾਂ ਦਾਰਸ਼ਨਿਕ ਹੈ ਪਰ ਉਸ ਵਿਚਲੀ ਜੁਗਤ ਸੰਬਾਦੀ ਨਹੀਂ, ਬਲਕਿ ਬਾਣੀਕਾਰ ਸੰਕਲਪ ਵਿਸ਼ੇਸ਼ ਦੀ ਉਸਾਰੀ ਸਵੈਇੱਛਾ ਅਨੁਸਾਰ ਕਰਦੇ ਹਨ। ਇਸ ਸ਼੍ਰੇਣੀ ਵਿਚ ਵਾਰਾਂ, ਪਉੜੀਆਂ, ਸਲੋਕ, ਕਾਫ਼ੀਆਂ ਆਦਿ ਰੱਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚਲਾ ਚਿੰਤਨ ਕਿਸੇ ਇਕ ਪਹਿਲੂ ਨਾਲ ਸੰਬੰਧਿਤ ਨਾ ਹੋ ਕੇ ਅਨੇਕਮੁੱਖ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਭਰ ਸਕਦਾ ਹੈ। ਵਾਰ-ਰੂਪ ਵਿਚਲੀਆਂ ਪਉੜੀਆਂ ਲਗਪਗ ਦਾਰਸ਼ਨਿਕ ਹੁੰਦੀਆਂ ਹਨ ਤੇ ਸਲੋਕ ਸਮਾਜਿਕ ਸਮੀਖਿਆ ਵਲ ਰੁਚਿਤ ਹੁੰਦੇ ਹਨ। ਸਾਫ਼ ਹੈ, ਇਹ ਰਚਨਾਵਾਂ ਭਾਵੁਕਤਾ ਨਾਲੋਂ ਗੰਭੀਰਤਾ ਦਾ ਪ੍ਰਭਾਵ ਪੇਸ਼ ਕਰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਭਾਵੁਕਤਾ ਨੂੰ ਬੋਲ ਆਮ ਕਰਕੇ ਪਦਾ-ਰੂਪ ਵਿਚ ਮਿਲੇ ਹਨ। ਧਿਆਨ ਰਹੇ, ਬਾਣੀ-ਰਚਨਾ ਆਪਣੇ ਆਪ ਵਿਚ ਚਿੰਤਨਸ਼ੀਲ ਹੈ ਪਰ ਭਾਵ ਅਤੇ ਦਰਸ਼ਨ ਉਪਰ ਬਲ-ਅਬਲ ਦਾ ਸੰਬੰਧ ਬਾਣੀ ਵਿਚਲੇ ਰਚਨਾ-ਰੂਪਾਂ ਨਾਲ ਵੀ ਹੈ ਤੇ ਇਨ੍ਹਾਂ ਨੂੰ ਪਛਾਣੇ ਬਿਨਾਂ ਸਾਹਿਤਕ-ਰੂਪਾਂ ਦਾ ਅਧਿਐਨ ਅਧੂਰਾ ਹੈ।

ਉਪਰ ਅੰਕਿਤ ਅਧਿਐਨ ਤੋਂ ਨਿਮਨ ਅੰਕਿਤ ਨਤੀਜੇ ਕੱਢੇ ਜਾ ਸਕਦੇ ਹਨ—

ੳ. ਬਾਣੀ ਅਤੇ ਕਾਵਿ ਦਾ ਬੀਜ-ਬਿੰਦੂ ਮਨੁੱਖੀ ਅਨੁਭਵ ਹੈ ਪਰ ਦੋਵੇਂ ਆਪੋ ਆਪਣੀ ਪ੍ਰਕ੍ਰਿਤੀ ਦੇ ਸੁਆਮੀ ਹਨ। ਦੋਹਾਂ ਵਿਚਾਲੇ ਬੁਨਿਆਦੀ ਕਿਸਮ ਦਾ ਅੰਤਰ ਹੈ। ਬਾਣੀ ਰੱਬ-ਕੇਂਦਰਤ ਹੈ ਤੇ ਕਵਿਤਾ ਮਨੁੱਖ-ਕੇਂਦਰਤ। ਦੋਹਾਂ ਵਿਚਲੀ ਸਮਰੂਪਤਾ ਦਾ ਆਧਾਰ ਸੰਚਾਰ-ਜੁਗਤਾਂ ਹਨ ਜਿਨ੍ਹਾਂ ਦੀ ਵਰਤੋਂ ਬਾਣੀ ਅਤੇ ਕਾਵਿ ਦੋਹਾਂ ਵਿਚ ਹੁੰਦੀ ਹੈ।

ਅ. ਰਚਨਾ-ਕ੍ਰਿਤ ਨੂੰ ਰੂਪ ਵਿਸ਼ੇਸ਼ ਦਾ ਜਾਮਾ ਪਹਿਨਾਣਾ ਲਾਜ਼ਮੀ ਹੈ। ਰਚਨਾ-ਰੂਪ ਮਨੁੱਖੀ ਚੇਤਨਾ ਦੀ ਉਪਜ ਹਨ ਤੇ ਆਪਣੇ ਆਪ ਵਿਚ ਬਹੁਰੰਗੀ ਵੀ। ਪਰ ਇਸ ਮੁਆਮਲੇ ਵਿਚ ਜਾਨਣ ਯੋਗ ਤੱਥ ਤਾਂ ਇਹ ਹੈ ਕਿ ਸਾਹਿਤ ਸੰਸਾਰ ਵਿਚ ਰੂਪ ਅਤੇ ਵਥ ਦੇ ਸੰਜੁਗਤੀਕਰਣ ਕਰ ਕੇ ਨਵਾਂ-ਨਵੇਲਾ ਰੂਪ ਉੱਭਰਦਾ ਹੈ ਉਹੋ ਹੀ ਰਚਨਾ-ਰੂਪ ਅਖਵਾਉਂਦਾ ਹੈ। ਰਚਨਾ-ਰੂਪ ਦੀ ਬਣਤਰ ਨੂੰ ਅਨੇਕ ਕੋਨਾਂ ਤੋਂ ਵੇਖਿਆ ਪ੍ਰਖਿਆ ਜਾ ਸਕਦਾ ਹੈ। ਵਰਗਬੱਧ ਹੋ ਜਾਣਾ ਰਚਨਾ-ਰੂਪ ਦੀ ਹੋਣੀ ਹੈ।

ੲ. ਰੂਪ-ਪ੍ਰਬੰਧ ਰਚਨਾ ਰੂਪਾਂ ਵਿਚ ਵਿਆਪਕ ਨੇਮਾਂ ਨੂੰ ਪਛਾਣ ਕੇ ਰਚਨਾ ਦੀ ਬਾਹਰੀ ਬਣਤਰ ਨਾਲ ਸੰਬੰਧਿਤ ਗੁਣ-ਲੱਛਣ ਵੀ ਨਿਰਧਾਰਤ ਕਰਦਾ ਹੈ ਤੇ ਰਚਨਾ ਵਿਚਲੀ ਥੀਮ ਵਿਸ਼ਸ਼ ਨੂੰ ਵੀ ਉਨ੍ਹਾਂ ਨਾਲ ਜੋੜ ਕੇ ਵੀ ਵੇਖਦਾ ਹੈ। ਇਸ ਤਰ੍ਹਾਂ ਰੂਪ-ਵਿਸ਼ੇਸ਼ ਇਕ ਖ਼ਾਸ ਤਰ੍ਹਾਂ ਦੀ ਥੀਮ ਅਤੇ ਰੂਪ ਲਈ ਰੂੜ੍ਹ ਹੋ ਜਾਂਦਾ ਹੈ। ਰੂਪ ਅਤੇ ਥੀਮ ਦੇ ਏਕੀਕਰਣ ਕਰ ਕੇ ਹੀ ਰੂਪ-ਪ੍ਰਬੰਧ ਵੰਨਸਵੰਨ ਵੰਨਗੀਆਂ ਨੂੰ ਸਮਝਣ-ਬੁੱਝਣ ਦੇ ਯੋਗ ਹੋ ਜਾਂਦਾ ਹੈ। ਰੂਪ-ਪ੍ਰਬੰਧ ਇਕ ਤਰ੍ਹਾਂ ਰਚਨਾ-ਦਰ-ਰਚਨਾ ਵਿਚਲੇ ਅੰਤਰ-ਨਿਖੇੜ ਵਲ ਰੁਚਿਤ ਹੁੰਦਾ ਹੈ।

ਸ. ਦਰਅਸਲ, ਰੂਪ-ਰਚਨਾ ਦੀ ਮੁੱਖ ਪਹਿਚਾਣ ਉਸਦੇ ਪ੍ਰਾਣਾਧਾਰੀ ਤੱਤ ਉਪਰ ਨਿਰਭਰ ਹੈ। ਰੂਪ-ਪ੍ਰਬੰਧ ਦਾ ਆਪਣੀ ਰੂਪ ਪੱਧਤੀ ਨਾਲ ਅੰਸ਼-ਅੰਸ਼ੀ ਦਾ ਰਿਸ਼ਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਉਸਦੇ ਅਸਲੀ ਸੰਦਰਭ ਨੂੰ ਜਾਣੇ ਬਿਨਾਂ ਉਸਦੇ ਰੂਪਾਕਾਰ ਦਾ ਨਿਰਣੈ ਨਹੀਂ ਲਿਆ ਜਾ ਸਕਦਾ ।

ਹ. ਰੂਪਾਕਾਰ ਦੀ ਹੋਂਦ ਸੰਸਥਾਵੀ ਕਿਸਮ ਦੀ ਹੈ । ਇਸੇ ਕਰਕੇ ਇਸ ਵਿਚ ਅਨੇਕ ਪ੍ਰਕਾਰੀ ਤਬਦੀਲੀਆਂ ਦੀ ਸੰਭਾਵਨਾ ਬਣੀ ਰਹਿੰਦੀ ਹੈ । ਇਸ ਪ੍ਰਸੰਗ ਵਿਚ ਮਹੱਤਵਪੂਰਣ ਨੁਕਤਾ ਹੈ ਹਰ ਰੂਪਾਕਾਰ ਦਾ ਇਕ ਬੀਜ-ਸੰਕਲਪ ਹੁੰਦਾ ਹੈ । ਭਾਵੇਂ ਰੂਪਾਕਾਰ ਵਿਚ ਕਿੰਨੀਆਂ ਵੀ ਤਬਦੀਲੀਆਂ ਕਿਉਂ ਨਾ ਆ ਜਾਣ ਉਹ ਆਪਣੇ ਬੀਜ ਸੰਕਲਪ ਤੋਂ ਟੁੱਟਦਾ ਨਹੀਂ ਤੇ ਇਹੋ ਉਸ ਦੇ ਵੱਖ ਵੱਖ ਰੂਪਾਂ ਨੂੰ ਨਿਸਚਿਤ ਕਰਨ ਵਿਚ ਮਦਦਗਾਰ ਹੁੰਦਾ ਹੈ ।

ਕ. ਰਚਨਾ-ਰੂਪ ਦੇ ਪਛਾਣ-ਚਿਨ੍ਹ ਨਿਸਚਿਤ ਕਰਨ ਲਈ ਸਿਧਾਂਤ ਮੁੱਖ ਹੋਣਾ ਲਾਜ਼ਮੀ ਸ਼ਰਤ ਹੈ । ਸਮੇਂ ਦੇ ਵਹਾਓ ਵਿਚ ਪਏ ਰਚਨਾ-ਰੂਪਾਂ ਦੇ ਗੁਣ-ਲੱਛਣਾਂ ਵਿਚ ਤਬਦੀਲੀ ਵੀ ਆਉਂਦੀ ਰਹਿੰਦੀ ਹੈ । ਪਰ ਉਹ ਆਪਣੇ ਅਸਲੇ ਨਾਲੋਂ ਟੁੱਟਦੇ ਨਹੀਂ । ਰਚਨਾ-ਰੂਪ ਦੀ ਅਸਲ ਜਿੰਦ ਉਸਦਾ ਦੁਹਰਾਉ ਹੈ । ਦੁਹਰਾਓ ਕਰਕੇ ਉਹ ਸਦਾ ਗਤੀਮਾਨ ਰਹਿੰਦੇ ਹਨ । ਰਚਨਾ ਰੂਪ ਵਿਸ਼ੇਸ਼ ਅਤੇ ਨਿਰਵਿਸ਼ੇਸ਼ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ । ਸਾਹਿਤਕ ਅਤੇ ਲੋਕ-ਰੂਪਾਂ ਦੇ ਮਾਡਲਾਂ ਦਾ ਦੁਹਰਾਉ ਵੀ ਕਰ ਸਕਦੇ ਹਨ ।

ਖ. ਬਾਣੀ ਸਿਸਟਮ ਦਾ ਪਹਿਲਾ ਗੁਣ ਹੈ, ਉਹ ਅਧਿਏਤਾ ਨੂੰ ਬਾਣੀ-ਰਚਨਾ ਦਾ ਅਧਿਐਨ ਸਾਹਿਤਕ ਕਰਮ ਦੇ ਸਮਤੋਲ ਰੱਖ ਕੇ ਕਰਨ ਲਈ ਪ੍ਰੇਰਦਾ ਹੈ । ਇਹ ਲੋਕ ਪਰੰਪਰਾ ਤੋਂ ਟੁੱਤਦਾ ਨਹੀ,ਸਗੋਂ ਲੋਕ ਸੰਸਕ੍ਰਿਤੀ ਨੂੰ ਸਾਹਿਤਕ ਪੁੱਠ ਚਾੜ੍ਹ ਕੇ ਦਾਰਸ਼ਨਿਕ ਈਡਅਮ ਰਾਹੀਂ ਪੇਸ਼ ਕਰਦਾ ਹੈ । ਇਸ ਤਰ੍ਹਾਂ ਇਹ ਇਕ ਦੁਜੈਲੀ ਕਿਸਮ ਦੀ ਰਚਨਾ-ਕੋਟੀ ਦੇ ਅੰਤਰਗਤ ਆਉਂਦਾ ਹੈ । ਅਨੰਦ ਪ੍ਰਦਾਨ ਕਰਨਾ ਜਿਸਦੀ ਲਾਜ਼ਮੀ ਸ਼ਰਤ ਹੈ ।

ਗ. ਬਾਣੀ ਦੀ ਰੂਪ-ਪਰੰਪਰਾ ਚੰਪੂ ਸਾਹਿਤ ਦੀਆਂ ਸਾਹਿਤਕ ਰੂੜ੍ਹੀਆਂ ਦੀ ਅਨੁਸਾਰੀ ਵੀ ਹੈ । ਬਾਣੀ ਸਾਹਿਤ ਵਿਚ ਚਰਿਤ ਕਾਵਿ ਤੇ ਸਤੋਤਰ ਕਾਵਿ ਨੂੰ ਭਰਵੇਂ ਬੋਲ ਮਿਲੇ ਹਨ ।

ਘ. ਬਾਣੀ ਰੂਪ-ਸਾਮਗ੍ਰੀ ਤੋਂ ਇਹ ਦ੍ਰਿੜ੍ਹ ਪ੍ਰਤੀਤੀ ਹੁੰਦੀ ਹੈ ਕਿ ਬਾਣੀਕਾਰ ਪਾਰੰਗਤ ਦ੍ਰਿਸ਼ਟੀ ਵਾਲੇ ਹਨ । ਉਹ ਅਨੇਕ ਮੁੱਖ ਕਲਾ-ਕੌਸ਼ਲ ਵਿਚ ਪਰਬੀਨ ਹੋਣ ਦੇ ਬਾਵਜੂਦ ਵੀ ਕਲਾ-ਕੌਸ਼ਲ ਦੇ ਵਿਹਾਰਕ ਵਿਖਾਲੇ ਵਲੋਂ ਅਸਲੋਂ ਉਦਾਸੀਨ ਸਨ । ਇਹੋ ਕਾਰਣ ਹੈ, ਗੁਰੂ ਗ੍ਰੰਥ ਸਾਹਿਬ ਪ੍ਰਬੰਧ ਵਿਸ਼ੇਸ਼ ਨੂੰ ਸਿਰਲੇਖ ਜੁਗਤ ਰਾਹੀਂ ਦਿਸ਼ਾ ਤਾਂ ਪ੍ਰਦਾਨ ਕਰਦਾ ਹੈ ਪਰ ਉਸਦੀ ਮਕਾਨਕੀ ਪ੍ਰਬੰਧ ਪ੍ਰਤੀ ਅਸਲੋਂ ਖ਼ਾਮੋਸ਼ ਹੈ ।

 CC-0. In Public Domain. Gurukul Kangri Collection, Haridwar

ਙ. ਗੁਰੂ ਗ੍ਰੰਥ ਸਾਹਿਬ ਦਾ ਪ੍ਰਮੁੱਖ ਰਚਨਾ-ਰੂਪ 'ਪਦਾ' ਹੈ, ਉਸ ਤੋਂ ਬਾਅਦ ਪਉੜੀ ਅਤੇ ਸਲੋਕ-ਰੂਪ ਨੂੰ ਮਹੱਤਵ ਯੋਗ ਸਥਾਨ ਪ੍ਰਾਪਤ ਹੈ।

Digitized by Arya Samaj Foundation Chennai and eGangotri

ਚ. ਸੰਖੇਪ ਵਿਚ, ਗੁਰੂ ਗ੍ਰੰਥ ਸਾਹਿਬ ਦੇ ਸਾਹਿਤਕ ਰੂਪ ਨੂੰ ਚਾਰ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ :

1. ਮਾਤਰ ਬੋਧੀ
2. ਵਰਣ ਬੋਧੀ
3. ਸੰਬਾਦ ਬੋਧੀ
4. ਚਿੰਤਨ ਬੋਧੀ

## ਫੁਟ ਨੋਟ

1. Miss Hemberger, Discriminations, Renewelek Page 252



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰੂਪ ਵੰਡ

ਰੂਪ ਦੀ ਗੱਲ ਆਰੰਭ ਕਰਨ ਤੋਂ ਪਹਿਲਾਂ ਹੀ ਇਹ ਸਪਸ਼ਟ ਕਰ ਲੈਣਾ ਉਚਿਤ ਹੋਵੇਗਾ ਕਿ ਹਥਲੇ ਅਧਿਐਨ ਦਾ ਸੰਬੰਧ ਰਚਨਾ ਵਿਸੇਸ਼ ਦੇ ਬਾਹਰਲੇ ਰੂਪ ਜਾਂ ਢਾਂਚੇ ਨਾਲ ਹੈ। ਕਹਿਣ ਨੂੰ ਤਾਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਬਾਣੀ ਕਿਹਾ ਜਾਂਦਾ ਹੈ। ਪਰ ਸੁਆਲ ਹੈ, ਜਪੁਜੀ, ਸੋਹਿਲਾ, ਅਸਟਪਦੀ ਅਥਵਾ ਬਾਰਾਂਮਾਹ ਵਿਚ ਕੀ ਅੰਤਰ ਹੈ ? ਇਸ ਅੰਤਰ ਨੂੰ ਰਚਨਾ ਵਿਚਲੇ ਵਸਤੂ ਵਿਸ਼ੇਸ਼ ਕਰਕੇ ਵੀ ਪਛਾਣਿਆਂ ਜਾ ਸਕਦਾ ਹੈ ਤੇ ਰਚਨਾ ਵਿਸ਼ੇਸ਼ ਦੀ ਬਾਹਰਲੀ ਬਣਤਰ ਕਰਕੇ ਵੀ। ਗੁਰਬਾਣੀ ਦੀ ਮੁਖ ਪਹਿਚਾਨ ਉਸ ਵਿਚਲਾ ਦਾਰਸ਼ਨਿਕ ਸੰਕਲਪ ਹੈ ਜੋ ਰਾਗ ਕਾਵਿ ਅਤੇ ਭਾਸ਼ਾ ਦੇ ਸੁਮੇਲ ਨਾਲ ਰੂਪ ਗ੍ਰਹਿਣ ਕਰਦਾ ਹੈ। ਬਾਣੀ ਦਾਰਸ਼ਨਿਕ ਹੋਣ ਕਰਕੇ ਪਰਮ ਤੱਤ ਵਲ ਜਿਗਿਆਸਾ ਜਗਾਉਂਦੀ ਹੈ। ਲੋਕ ਕਲਿਆਣ ਮੁਖ ਹੋ ਕੇ ਇਸ ਨੂੰ ਸਾਮਾਜਿਕਤਾ ਪ੍ਰਦਾਨ ਕਰਦੀ ਹੈ। ਇਕ ਪਾਸੇ, ਇਹ ਸੰਕਲਪ ਸੰਪੰਨ ਹੈ। ਦੂਜੇ ਪਾਸੇ, ਇਹ ਸੰਦੇਸ਼ ਮੁਖ ਹੈ। ਇਸ ਦਾ ਇਕ ਪੱਖ ਅਤੀਤ ਮੁਖ ਹੈ। ਦੂਜਾ, ਇਹ ਕਾਲਿਕ। ਇਹ ਸਮਾਜ ਤੋਂ ਉਚੇਰੀ ਵੀ ਹੈ ਤੇ ਉਸ ਨਾਲ ਜੁੜੀ ਹੋਈ ਵੀ। ਬਾਣੀ ਦਾ ਇਹ ਪ੍ਰਭਾਵ ਹਰ ਇਕ ਤਰ੍ਹਾਂ ਦੇ ਰਚਨਾ-ਰੂਪ ਵਿਚ ਵਿਆਪਕ ਹੈ। ਇਹੋ ਬਾਣੀ ਦੀ ਅੰਦਰਲੀ ਬੁਣਤਰ (texture) ਵੀ ਹੈ। ਬੁਣਤਰ ਦਾ ਬਾਣੀ ਨਾਲ ਰਿਸ਼ਤਾ ਠੀਕ ਇਸੇ ਤਰ੍ਹਾਂ ਦਾ ਹੈ ਜਿਵੇਂ ਅੰਗ ਦਾ ਅੰਗਵਾਨ ਜਾਂ ਅੰਸ਼ ਦਾ ਅੰਸ਼ੀ ਨਾਲ। ਜਾਹਿਰ ਹੈ, ਕੋਈ ਬਾਣੀ ਅਕਾਰ ਵਿਚ ਵੱਡੀ ਹੈ ਜਾਂ ਛੋਟੀ ਉਸ ਵਿਚ ਦਰਸ਼ਨ ਦੀ ਲੱਸ ਵੀ ਹੋਵੇਗੀ ਤੇ ਸਰੋਤਾ ਦਾ ਸੰਕਲਪ ਵੀ, ਜਿਸ ਨੂੰ ਬਾਣੀਕਾਰ ਵਕਤਾ ਸਰੋਤੇ ਦੀ ਯੋਗਤਾ ਅਥਵਾ ਅਵਸਥਾ ਅਨੁਸਾਰ ਸੰਚਾਰਦਾ ਹੈ। ਬਾਣੀਕਾਰਾਂ ਦੀ ਮੂਲ ਵਫਾ ਅਧਿਆਤਮ ਨਾਲ ਹੈ। ਉਨ੍ਹਾਂ ਦਾ ਇਤਕਾਦ ਪਰਮ ਤੱਤ ਦੀ ਹੋਂਦ ਨੂੰ ਬਰੰਬਾਰ ਦ੍ਰਿੜ੍ਹ ਕਰਾਉਂਦਾ ਹੈ। ਉਹ ਅਨੁਭਵ ਲੀਨ ਹੋਣ ਜਾਂ ਅਨੁਭਵਾ-ਤੀਤ ਅਵਸਥਾ ਵਿਚ ਹੋਣ ਦ ਸ਼ਨ ਦੇ ਬੀਜ ਸੰਕਲਪ ਬਾਣੀ-ਰਚਨਾ ਵਿਚ ਰੂਪਮਾਨ ਹੋਣਗੇ ਹੀ। ਦਾਰਸ਼ਨਿਕ ਸੰਕਲਪ ਤੋਂ ਵਿਰਵੀ ਬਾਣੀ-ਹੋਂਦ ਚਿਤਵੀ ਹੀ ਨਹੀਂ ਜਾ ਸਕਦੀ। ਇਹ ਤਾਂ ਸੀ ਬਾਣੀ-ਰਚਨਾ ਦੇ ਅੰਦਰਲੇ ਪ੍ਰਬੰਧ ਦਾ ਕੇਂਦਰੀ ਨੁਕਤਾ ਜੋ ਹਰ ਤਰ੍ਹਾਂ ਦੇ ਰਚਨਾ-ਰੂਪ ਵਿਚ ਵਿਆਪਕ ਹੁੰਦਾ ਹੈ।

ਹੁਣ ਮੈਂ ਆਪਣੇ ਪੂਰਬਲੇ ਪ੍ਰਸ਼ਨ ਵਲ ਗਹੁ ਕਰਨਾ ਚਾਹਾਂਗੀ ਕਿ ਜਪੁਜੀ, ਸੋਹਿਲਾ ਅਸਟਪਦੀ ਅਤੇ ਬਾਰਾਂਮਾਹ ਵਿਚ ਕੀ ਅੰਤਰ ਹੈ ? ਵਸਤੂ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਚਾਰਾਂ ਰਚਨਾਵਾਂ ਵਿਚ ਭੇਦ ਨਹੀਂ ਤਾਂ ਵੀ ਸੰਕਲਪ ਵਿਸ਼ੇਸ਼ ਦੇ ਬਲ ਅਬਲ ਰਾਹੀਂ ਇਨ੍ਹਾਂ ਵਿਚਲਾ ਅੰਤਰ ਪਛਾਣਿਆ ਜਾ ਸਕਦਾ ਹੈ। ਧਿਆਨ ਰਹੇ, ਇਨ੍ਹਾਂ ਵਿਚਲੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤਰ ਨੂੰ ਇਕ ਹੋਰ ਪਹਿਲੂ ਤੋਂ ਵੀ ਵਾਚਿਆ ਜਾ ਸਕਦਾ ਹੈ। ਉਹ ਹੈ, ਇਨ੍ਹਾਂ ਰਚਨਾਵਾਂ ਦੀ ਬਾਹਰਲੀ ਬਣਤਰ। ਜਪੁਜੀ ਪਉੜੀ-ਰੂਪ ਰਾਹੀਂ ਸੰਪੰਨ ਹੋਇਆ ਹੈ। ਸੋਹਿਲਾ ਬਾਣੀ ਸੰਗ੍ਰਹਿਤ ਰਚਨਾ ਹੈ। ਇਸ ਵਿਚ ਪਹਿਲੇ, ਚੌਥੇ ਅਤੇ ਪੰਜਵੇਂ ਗੁਰੂ ਦੇ ਰਚਿਤ ਪਦੇ ਇਕ ਥਾਂ ਇਕੱਤਰ ਕਰਕੇ ਦਰਜ ਕੀਤੇ ਗਏ ਹਨ। ਇਸੇ ਲਈ ਮੈਂ ਇਸ ਨੂੰ ਸੰਗ੍ਰਹਿਤ ਰੂਪ ਕਿਹਾ ਹੈ। ਅਸਟਪਦੀ ਅਠ ਬੰਦਾਂ ਵਾਲੀ ਰਚਨਾ ਨੂੰ ਕਿਹਾ ਜਾਂਦਾ ਹੈ। ਇਸ ਦੀ ਰਚਨਾ ਸਾਹਿਤਕ-ਰੂਪਾਂ ਦੇ ਅੰਤਰਗਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਬਾਰਾਂਮਾਹ ਲੋਕ ਕਾਵਿ-ਰੂਪਾਂ ਦੀ ਕੋਟੀ ਵਿਚ ਆਉਂਦਾ ਹੈ। ਇਹੋ ਉਹ ਬਿੰਦੂ ਹੈ ਜਿਸ ਉਪਰ ਧਿਆਨ ਕੇਂਦਰਿਤ ਕਰਕੇ ਬਾਣੀ ਦੀ ਬਾਹਰਲੀ ਰੂਪ ਬਣਤਰ ਨੂੰ ਪਹਿਚਾਨਿਆ ਜਾ ਸਕਦਾ ਹੈ। ਰਚਨਾ ਰੂਪ ਦਾ ਬਾਹਰਲਾ ਸੰਕੇਤ ਇਕ ਤਰ੍ਹਾਂ ਬਾਣੀ ਕਿਰਤ ਨੂੰ ਸਮਝਣ-ਬੁਝਣ ਦੀ ਸੇਧ ਦਿੰਦਾ ਹੈ। ਅਧਿਐਨ ਕਰਤਾ ਲਈ ਇਹ ਰੂਪ ਸੰਕੇਤ ਇਕ ਟੋਹਣੀ ਦਾ ਕੰਮ ਕਰਦੇ ਹਨ। ਰੂਪ ਸੰਕੇਤ ਉਪਰ ਜੇ ਧਿਆਨ ਕੇਂਦਰਿਤ ਕੀਤਾ ਜਾਏ ਤਾਂ ਗੁਰੂ ਗ੍ਰੰਥ ਸਾਹਿਬ ਵਿਚਲੇ ਰਚਨਾ-ਰੂਪਾਂ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਪੰਜਾਂ ਦੀ ਕੋਟੀ ਵੰਡ ਇਸ ਪ੍ਰਕਾਰ ਹੈ—

1. ਵਿਲੱਖਣ ਰੂਪ—ਜਪੁਜੀ. ਸੁਖਮਨੀ, ਅਨੰਦੁ ਸੁਖਮਨੀ।
2. ਸੰਗ੍ਰਹਿਤ ਰੂਪ—ਸੋਦਰੁ, ਸੋਹਿਲਾ।
3. ਸਾਹਿਤਕ ਰੂਪ—ਪਦਾ, ਅਸਟਪਦੀ, ਵਾਰਾਂ, ਪਉੜੀ, ਸਲੋਕ, ਕਾਫੀ, ਬਾਵਨ ਅਖਰੀ, ਪਟੀ, ਸੋਲਹੇ, ਸਿਧ ਗੋਸ਼ਟਿ।
4. ਲੋਕ ਰੂਪ—ਛੰਤ ਘੋੜੀਆਂ, ਲਾਵਾਂ, ਅੰਜਲੀਆਂ, ਅਲਾਹੁਣੀਆਂ, ਸਦ, ਮੁੰਦਾਵਣੀ ਪਹਿਰੇ, ਦਿਨ ਰੈਣਿ, ਵਾਰਸਤ, ਰੁਤੀ, ਥਿਤੀ, ਬਾਰਾਂਮਾਹ, ਕਰਹਲੇ, ਵਣਜਾਰਾ ਆਦਿ।
5. ਛੰਦ ਰੂਪ—ਗਾਥਾ, ਫੁਨਹੇ, ਚਉਬੋਲੇ, ਸਵੈਯੇ।

ਇਥੇ ਇਹ ਸੰਕੇਤ ਰਚਨਾ ਉਚਿਤ ਮਾਲੂਮ ਹੁੰਦਾ ਹੈ, ਉਪਰ ਸੰਕੇਤਕ ਕੋਟੀ-ਵੰਡ ਮੈਂ ਅਧਿਐਨ-ਕਾਰਜ ਦੇ ਸੁਗਮ ਸੰਚਾਰ ਨੂੰ ਧਿਆਨ ਵਿਚ ਰਖਕੇ ਕੀਤੀ ਹੈ। ਇਸ ਕੋਟੀ ਵੰਡ ਕਰਦੇ ਸਮੇਂ ਬਾਣੀ ਰਚਨਾ ਰੂਪਾਂ ਦਾ ਅੰਕਣ-ਕ੍ਰਮ ਵੀ ਮੇਰੇ ਧਿਆਨ ਵਿਚ ਰਿਹਾ ਹੈ। ਜੇਹਾ ਕਿ ਜਪੁਜੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੈ। ਤੇ ਇਸੇ ਕਰਕੇ ਵਿਲੱਖਣ-ਰੂਪਾਂ ਨੂੰ ਪਹਿਲਾ ਦਰਜਾ ਦਿਤਾ ਗਿਆ ਹੈ। ਜਪੁਜੀ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚ ਸੋਦਰ-ਬਾਣੀ ਦਰਜ ਕੀਤੀ ਗਈ ਹੈ ਤੇ ਉਸ ਨੂੰ ਸੰਗ੍ਰਹਿਤ ਰੂਪ ਦੀ ਕੋਟੀ ਵਿਚ ਆਂਕ ਲਿਆ ਗਿਆ ਹੈ। ਸੰਗ੍ਰਹਿਤ ਬਾਣੀ ਰੂਪਾਂ ਤੋਂ ਬਾਅਦ ਰਾਗ ਬੰਧ ਬਾਣੀ ਦਾ ਆਰੰਭ ਹੁੰਦਾ ਹੈ ਤੇ ਇਸ ਵਿਚ ਪਦਾ ਰੂਪ ਨੂੰ ਸਰਬ ਪ੍ਰਥਮ ਪਹਿਲ ਮਿਲੀ ਹੈ। ਇਸੇ ਕਰਕੇ ਹਥਲੇ ਅਧਿਐਨ ਕਾਰਜ ਵਿਚ ਸਾਹਿਤਕ ਰੂਪਾਂ ਨੂੰ ਤੀਸਰੇ ਦਰਜੇ ਦਾ ਸਥਾਨ ਪ੍ਰਾਪਤ ਹੈ। ਲੋਕ ਰੂਪ ਅਤੇ ਛੰਦ ਰੂਪ ਇਸਤੋਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ 'ਆਦਿ ਗ੍ਰੰਥ ਛੰਤ ਵਿਵੇਚਨ' ਅਤੇ 'ਆਦਿ ਗ੍ਰੰਥ ਲੋਕ ਰੂਪ' ਪੁਸਤਕਾਂ ਰਾਹੀਂ ਵਿਚਾਰੇ ਜਾ ਚੁਕੇ ਹਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀ ਅੰਕਣ ਪ੍ਰਬੰਧ ਵਿਚ ਇਨ੍ਹਾਂ ਦਾ ਚੌਥਾ ਸਥਾਨ ਹੈ। ਛੰਦ ਰੂਪਾਂ ਦਾ ਨੰਬਰ ਪੰਜਵਾਂ ਅਥਵਾ ਸਭ ਤੋਂ ਅਖੀਰ ਹੈ। ਉਂਝ ਵੀ ਇਨ੍ਹਾਂ ਨੂੰ ਰਾਗਬੱਧ ਬਾਣੀ ਤੋਂ ਬਾਅਦ ਦਰਜ ਕੀਤਾ ਗਿਆ ਹੈ। ਇਨ੍ਹਾਂ ਰੂਪਾਂ ਦਾ ਅਧਿਐਨ 'ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ' ਪੁਸਤਕ ਵਿਚ ਕੀਤਾ ਜਾ ਚੁੱਕਾ ਹੈ। ਹਾਲ ਦੀ ਘੜੀ ਹਥਲੇ ਅਧਿਐਨ ਕਾਰਜ ਦਾ ਸੰਬੰਧ ਵਿਲਖਣ ਰੂਪ ਸੰਗ੍ਰੀਹਤ ਰੂਪ ਅਤੇ ਸਾਹਿਤਕ ਰੂਪਾਂ ਨਾਲ ਹੀ ਹੈ। ਧਿਆਨ ਰਹੇ, ਅਜੇਹੀ ਵਰਗ ਵੰਡ ਦਾ ਮੂਲ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਪਰ ਅੰਕਿਤ ਸਿਰਲੇਖ ਜਾਂ ਉਪਸਿਰਲੇਖ ਹੀ ਹਨ। ਇਨ੍ਹਾਂ ਤੋਂ ਦਿਸ਼ਾ ਗ੍ਰਹਿਣ ਕਰਕੇ ਹੀ ਮੈਂ ਹਥਲੇ ਅਧਿਐਨ ਕਾਰਜ ਦਾ ਆਰੰਭ ਕਰਨ ਲਗੀ ਹਾਂ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਿਲੱਖਣ ਰੂਪ

ਵਿਲੱਖਣ ਦਾ ਅਰਥ ਹੈ, ਜਿਸ ਦੀ ਹੂਬਹੂ ਨਕਲ ਨਾ ਹੋ ਸਕੇ। ਤੇ ਅਜੇਹੀ ਰਚਨਾ ਜੋ ਆਪਣੇ ਵਰਗੀ ਆਪ ਹੀ ਹੋਵੇ। ਅਜੇਹੀ ਰਚਨਾ ਆਪਣੇ ਰੂਪ ਵਿਚ ਅਸਲੋਂ ਵਿਲੱਖਣ ਹੁੰਦੀ ਹੈ। ਇਹ ਜਾਂ ਤਾਂ ਕਿਸੇ ਤਰ੍ਹਾਂ ਦੀ ਬੰਦਿਸ਼ ਨੂੰ ਸਵੀਕਾਰਦੀ ਨਹੀਂ ਤੇ ਜਾਂ ਇਤਨੀ ਕਰੜਾਈ ਨਾਲ ਨੇਮ-ਨਿਰਬਾਹ ਕਰਦੀ ਹੈ ਕਿ ਉਸ ਦੀ ਦੂਸਰੀ ਹੋਰ ਮਿਸਾਲ ਦਿਖਾਈ ਨਹੀਂ ਦੇਂਦੀ। ਗੁਰੂ ਗ੍ਰੰਥ ਸਾਹਿਬ ਵਿਚ 'ਜਪੁ ਬਾਣੀ' ਰੂਪ ਦੇ ਪੱਖੋਂ ਕਿਸੇ ਤਰ੍ਹਾਂ ਦਾ ਬੰਧਨ ਸਵੀਕਾਰ ਨਹੀਂ ਕਰਦੀ। ਦੂਜੇ ਪਾਸੇ,ਸੁਖਮਨੀ ਦੀ ਰੂਪ-ਬਣਤਰ ਕਮਾਲ ਕਰੜਾਈ ਨਾਲ ਆਪਣਾ ਰੂਪ ਨਿਰਬਾਹ ਕਰਦੀ ਹੈ। ਕਿਸੇ ਵਿਵਾਦ ਵਿਚ ਨਾ ਪੈ ਕੇ ਗੁਰੂ ਗ੍ਰੰਥ ਸਾਹਿਬ ਦੇ ਵਿਲੱਖਣ ਰੂਪਾਂ ਦਾ ਅਧਿਐਨ ਪੇਸ਼ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਿਲੱਖਣ ਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਜਪੁਜੀ
2. ਸੁਖਮਨੀ
3. ਅਨੰਦੁ
4. ਦਖਣੀ ਓਅੰਕਾਰੁ

ਹੁਣ ਇਨ੍ਹਾਂ ਦਾ ਕ੍ਰਮਵਾਰ ਅਧਿਐਨ ਪੇਸ਼ ਕਰਨਾ ਉਚਿਤ ਮਾਲੂਮ ਹੁੰਦਾ ਹੈ।

**ਜਪੁ—**

ਰੂਪ ਦੀ ਦ੍ਰਿਸ਼ਟੀ ਤੋਂ ਜਪੁ ਇਕ ਵਿਲੱਖਣ ਰਚਨਾ-ਰੂਪ ਹੈ। ਇਸ ਦਾ ਆਰੰਭ ਮੂਲ ਮੰਤਰ ਨਾਲ ਹੋਇਆ ਹੈ। ਮੂਲ ਮੰਤਰ '੧ੴ' ਤੋਂ ਆਰੰਭ ਹੋ ਕੇ 'ਗੁਰ ਪ੍ਰਸਾਦਿ' ਤਕ ਸਮਾਪਤ ਹੁੰਦਾ ਹੈ। ਇਹ ਮੂਲ ਮੰਤਰ ਗੁਰੂ ਗ੍ਰੰਥ ਸਾਹਿਬ ਵਿਚ ਮੰਗਲ ਰੂਪ ਕਰਕੇ ਵੀ ਅੰਕਿਤ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੀਆਂ ਪੰਜ ਵੰਨਗੀਆਂ ਮੌਜੂਦ ਹਨ। ਲਗਭਗ ਸਾਰੇ ਬਾਣੀਕਾਰਾਂ ਨੇ ਮੰਗਲ-ਪ੍ਰਥਾ ਨੂੰ ਆਪਣੇ ਸਿਰਜਣ-ਕ੍ਰਮ ਵਿਚ ਅਪਣਾਇਆ ਹੈ। ਮੰਗਲ ਦੀ ਪੂਰੀ ਤਫ਼ਸੀਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ (ਮੰਗਲ ਪ੍ਰਬੰਧ ਵਿਚ ਵੇਖੋ) ਹਾਲ ਦੀ ਘੜੀ ਇਤਨਾ ਜਾਣਨਾ ਹੀ ਉਚਿਤ ਹੈ ਕਿ ੧ੴ ਗੁਰੂ ਗ੍ਰੰਥ ਸਾਹਿਬ ਵਿਚ ਬੀਜ-ਰੂਪ ਮੰਗਲ ਕਰਕੇ ਪ੍ਰਵਾਨਿਆ ਗਿਆ ਹੈ।

ਬੀਜ ਮੰਗਲ ਜਾਂ ਮੂਲ ਮੰਤਰ ਤੋਂ ਬਾਅਦ ਇਕ ਸਲੋਕ ਦਰਜ ਹੈ ਜਿਸਦਾ ਆਰੰਭ 'ਆਦਿ ਸਚੁ' ਤੋਂ ਹੁੰਦਾ ਹੈ ਤੇ 'ਨਾਨਕ ਹੋਸੀ ਭੀ ਸਚੁ' ਉਪਰ ਸਮਾਪਤੀ। ਇਸ ਤੋਂ ਬਾਅਦ ਇਕ ਅੰਕ (੧) ਦਰਜ ਹੈ ਜੋ ਪਹਿਲੇ ਸਲੋਕ ਦੀ ਸਮਾਪਤੀ ਦਾ ਸੂਚਕ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਬਾਅਦ ਪਉੜੀਆਂ ਕ੍ਰਮਵਾਰ ਆਰੰਭ ਹੁੰਦੀਆਂ ਹਨ ਤੇ ਇਨ੍ਹਾਂ ਦੀ ਗਿਣਤੀ 38 ਉਪਰ ਸਮਾਪਤ ਹੁੰਦੀ ਹੈ। ਅੰਤ ਵਿਚ ਸਲੋਕ ਦਾ ਸਿਰਲੇਖ ਹੈ ਤੇ ਉਸ ਦੀ ਸਮਾਪਤੀ ਉਪ੍ਰੰਤ ਇਕ (੧) ਅੰਕ ਦਰਜ ਹੈ। ਜ਼ਾਹਿਰ ਹੈ,ਜਪੁ ਰਚਨਾ ਵਿਚ 40 ਬਾਣੀ ਬੰਦ ਜਾਂ ਟੁਕੜੀਆਂ ਹਨ। ਪਰ ਧਿਆਨ ਯੋਗ ਨੁਕਤਾ ਇਹ ਹੈ, ਆਰੰਭ ਵਾਲੇ ਸਲੋਕ ਉਪਰ 'ਸਲੋਕ' ਸਿਰਲੇਖ ਦਰਜ ਨਹੀਂ। ਇਹੀ ਸਲੋਕ ਸੁਖਮਨੀ ਸਾਹਿਬ ਦੀ ਯਾਰ੍ਹਵੀਂ ਅਸ਼ਟਪਦੀ ਦੇ ਆਰੰਭ ਵਿਚ ਵੀ ਦਰਜ ਹੈ। ਉਥੇ ਇਸ ਉਪਰ 'ਸਲੋਕ' ਦਾ ਸਿਰਲੇਖ ਅੰਕਿਤ ਹੈ। ਕੁਲ ਮਿਲਾ ਕੇ, ਜਪੁ ਰਚਨਾ ਵਿਚ ਦੋ ਸਲੋਕ ਦਰਜ ਹਨ—ਪਹਿਲਾ, ਆਦਿ ਵਿਚ ਤੇ ਦੂਸਰਾ, ਅੰਤ ਵਿਚ। ਪਹਿਲਾ ਸਲੋਕ ਦੁਤੁਕਾ ਹੈ ਤੇ ਅੰਤਲਾ ਛੇਤੁਕਾ। ਜ਼ਾਹਿਰ ਹੈ, ਸਲੋਕ-ਚਰਣ ਵਿਚ ਸਮਾਨਤਾ ਨਹੀਂ।

ਹੁਣ ਪਉੜੀਆਂ ਦਾ ਤੁਕ-ਪ੍ਰਬੰਧ ਜਾਣਨਾ ਵੀ ਸੰਗਤ ਹੈ—

| ਪਉੜੀ ਅੰਕ | ਤੁਕ ਮਾਤਰਾ | ਪਉੜੀ ਅੰਕ | ਤੁਕ ਮਾਤਰਾ |
|---|---|---|---|
| 1,2 | 6 | 20 | 10 |
| 3 | 14 | 21 | 18 |
| 4 | 7 | 22 | 5 |
| 5 | 11 | 23 | 4 |
| 6 | 5 | 24 | 16 |
| 7 | 7 | 25 | 17 |
| 8,9,10 | | 26 | 26 |
| 11,12,13,14,15 | 6 | 27 | 22 |
| 16 | 24 | 28,29 | 5 |
| 17,18 | 12 | 30,31 | 6 |
| 19 | 15 | 32 | 5 |
| | | 33 | 8 |
| | | 34 | 11 |
| | | 35 | 10 |
| | | 36 | 8 |
| | | 37 | 18 |
| | | 38 | 7 |

ਉਪਰ ਅੰਕਿਤ ਵੇਰਵੇ ਤੋਂ ਸਪਸ਼ਟ ਹੈ, ਜਪੁ ਵਿਚ ਭਾਵੇਂ 38 ਪਉੜੀਆਂ ਹਨ ਪਰ ਨਾ ਤਾਂ ਇਹ ਤੁਕ-ਮਾਤਰਾ ਵਿਚ ਸਮਾਨਤਾ ਰਖਦੀਆਂ ਹਨ ਤੇ ਨਾ ਹੀ ਤੋਲ-ਤੁਕਾਂਤ ਵਿਚ। ਹਰ ਪਉੜੀ ਇਕ ਵਖਰੇ ਖ਼ਿਆਲ ਦੀ ਉਸਾਰੀ ਕਰਦੀ ਹੈ, ਅਜੇਹਾ ਹੀ ਨਹੀਂ ਸਗੋਂ ਕਈ ਥਾਈਂ ਇਕੋ ਸੰਕਲਪ ਨਾਲ ਸੰਬੰਧਿਤ ਇਕ ਤੋਂ ਵਧੀਕ ਪਉੜੀਆਂ ਹਨ। ਜ਼ਾਹਿਰ ਹੈ, ਜਪੁ ਦੀ ਰਚਨਾ ਵਸਤੂ ਅਤੇ ਬੁਣਤਰ ਦੇ ਪੱਖੋਂ ਵਿਲੱਖਣ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਚ ਇਕ ਪਾਸੇ,ਅਨੇਕ ਮੁਖ ਦਾਰਸ਼ਨਿਕ ਸੰਕਲਪ ਰੂਪਮਾਨ ਹੋਏ ਹਨ। ਦੂਜੇ ਪਾਸੇ, ਪਉੜੀ ਕਾਵਿ-ਰੂਪ ਦੇ ਵੰਨਸਵੰਨੇ ਪ੍ਰਯੋਗ ਹਨ। ਤੀਜੇ ਪਾਸੇ, ਤੋਲ-ਤੁਕਾਂਤ ਇਸ ਤੱਥ ਦੇ ਸੂਚਕ ਹਨ ਕਿ ਇਸ ਵਿਚ ਅਨੇਕ ਤਰ੍ਹਾਂ ਦੇ ਕਾਵਿ-ਛੰਦਾਂ ਦੀ ਵਰਤੋਂ ਹੋਈ ਹੈ। ਜ਼ਾਹਿਰ ਹੈ, ਜਪੁ ਬਾਣੀ ਦੀ ਰਚਨਾ ਆਪਣੇ ਅੰਤਰੰਗ ਅਤੇ ਬਹਿਰੰਗ ਰੂਪ ਵਿਚ ਅਸਲੋਂ ਨਿਵੇਕਲੀ ਹੈ। ਇਸ ਰਚਨਾ-ਰੂਪ ਨੇ ਕਿਸੇ ਵੀ ਤਰ੍ਹਾਂ ਦਾ ਬੰਧਨ ਸਵੀਕਾਰ ਨਹੀਂ ਕੀਤਾ। ਖ਼ੂਬਸੂਰਤੀ ਇਹ ਹੈ; ਇਹ ਰੂਪ ਰਚਨਾ ਇਕ ਤੋਂ ਅਨੇਕ ਦੇ ਵੰਨਸਵੰਨੇ ਪਸਾਰ ਵੇਰਵੇ ਨਾਲ ਓਤਪੋਤ ਹੈ। ਜਿਸ ਤਰ੍ਹਾਂ ਬ੍ਰਹਿਮੰਡ ਦੀ ਰੂਪ ਰਚਨਾ ਇਕ ਸਾਰ ਨਹੀਂ। ਕੋਈ ਰੂਪ-ਆਕਾਰ ਇਕ ਤਰ੍ਹਾਂ ਦਾ ਹੈ ਤੇ ਦੂਜਾ, ਦੂਜੀ ਤਰ੍ਹਾਂ ਦਾ ਅਥਵਾ ਵਸਤੂ-ਜਗਤ ਅਨੇਕ ਸ਼ਕਲਾਂ, ਅਕਾਰਾਂ, ਰੂਪਾਂ, ਰੰਗਾਂ, ਨਾਲ ਸੰਪੰਨ ਹੈ। ਠੀਕ, ਇਸੇ ਤਰ੍ਹਾਂ ਜਪੁ ਬਾਣੀ ਦਾ ਰੂਪ-ਆਕਾਰ ਵੀ ਬਹੁਰੰਗੀ ਵੰਨਸੁਵੰਨਤਾ ਦਾ ਧਾਰਣੀ ਹੈ। ਅਨੇਕਮੁਖ ਜਗਤ ਪਸਾਰਾ ਇਕ ਬ੍ਰਹਿਮੰਡ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਪੁ ਬਾਣੀ ਵੀਂ ਅਨੇਕ ਮੁਖ ਕਾਵਿ-ਛੰਦਾਂ, ਪਉੜੀ-ਰੂਪਾਂ ਤੇ ਅਨੇਕ ਤੁਕੀ ਲੈਅ-ਚਾਲ ਦੇ ਸਾਮੂਹ ਦਾ ਨਾਮ ਹੈ, ਕੁਝ ਉਦਾਹਰਣ ਹਾਜ਼ਰ ਹਨ—

ੳ. ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥ ਅਮੇਲ ਤੁਕਾਂਤ
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ਇਕੋ ਤੁਕਾਂਤ

ਅ. ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ਮੁਕਤ ਛੰਦ-ਚਾਲ

ੲ. ਧਰਮ ਖੰਡ ਕਾ ਏਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਤੀਆ ਕਰਣੀ ਕੇਤੀਆ ਵਾਣੀ ਕੇਤੇ ਪਾਤ ਲਿਖੀਜਹਿ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥

ਇਕ ਤੋਂ ਵਧੀਕ ਛੰਦ-ਚਾਲਾਂ

ਸ. ਆਦਿ ਸਚੁ ਜੁਗਾਦਿ ਸਚੁ ॥
ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥ ਸਲੋਕ

ਅੰਤ ਵਿਚ, ਜਪੁ ਗੁਰੂ ਗ੍ਰੰਥ ਸਾਹਿਬ ਦੀ ਉਥਾਨਕਾ ਹੋਣ ਕਰ ਕੇ ਰਾਗ-ਮੁਕਤ ਰਚਨਾ ਹੈ। ਜਪੁ ਨਾਦ ਦੇ ਦੋਹਾਂ ਭੇਦਾਂ—ਧੁਨੀ ਅਤੇ ਵਰਣ ਨੂੰ ਰੂਪਮਾਨ ਕਰਦਾ ਹੈ। ਧੁਨੀ ਤੋਂ ਭਾਵ '੧ੴ' ਦਾ ਉਚਾਰ ਹੈ ਤੇ ਵਰਣ ਦਾ ਸੰਬੰਧ ਭਾਸ਼ਾ ਨਾਲ ਹੈ। ਬੀਜ ਮੰਗਲ '੧ੴ' ਇਕ ਵਿਸ਼ੇਸ਼ ਧੁਨੀ ਨੂੰ ਸਮਰਪਿਤ ਹੈ ਤੇ ਵਰਣ ਬੌਧਿਕ ਵਿਚਾਰਾਂ ਅਤੇ ਦਾਰਸ਼ਨਿਕ ਸੰਕਲਪਾਂ ਨੂੰ ਸੰਚਾਰਿਤ ਕਰਨ ਦਾ ਵਾਹਨ (vehical) ਵੀ। ਜਪੁ ਦਰਸ਼ਨ ਹੀ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਵਿਆਸ-ਸ਼ੈਲੀ ਰਾਹੀਂ ਪ੍ਰਵਾਨ ਚੜ੍ਹਿਆ ਹੈ। ਜ਼ਾਹਿਰ ਹੈ, ਜਪੁ ਆਪਣੇ ਵਿਚ ਗਹਿਰ ਗੰਭੀਰ ਦਾਰਸ਼ਨਿਕ ਰਚਨਾ ਹੈ ਤੇ ਰੂਪ ਦੇ ਪਖੋਂ ਅਸਲੋਂ ਵਿਲੱਖਣ। ਧਿਆਨ ਰਹੇ, ਵਿਲੱਖਣਤਾ ਦੀ ਦੁਬਾਰਾ ਨਕਲ ਨਹੀਂ ਹੋ ਸਕਦੀ। ਰੂਪ ਦੇ ਪਖੋਂ ਜਪੁ ਵਰਗੀ ਰਚਨਾ ਦੀ ਆਦਿ ਗ੍ਰੰਥ ਵਿਚ ਦੁਬਾਰਾ ਸਿਰਜਣਾ ਨਹੀਂ ਹੋਈ। ਇਹੋ ਤੱਥ ਹੀ ਜਪੁ ਰਚਨਾ-ਰੂਪ ਦੀ ਵਿਲੱਖਣਤਾ ਦਾ ਪ੍ਰਮਾਣਿਕ ਪ੍ਰਮਾਣ ਹੈ।

**ਸੁਖਮਨੀ** (ਗਉੜੀ ਸੁਖਮਨੀ ਮਹਲਾ ੫)

ਸੁਖਮਨੀ ਸਾਹਿਬ ਵਿਚ 24 ਸਲੋਕ ਅਤੇ 24 ਪਉੜੀਆਂ ਹਨ। ਹਰ ਸਲੋਕ ਅਸਟਪਦੀ ਦੇ ਆਰੰਭ ਵਿਚ ਦਰਜ ਹੁੰਦਾ ਹੈ ਤੇ ਉਸ ਦੀ ਸਮਾਪਤੀ ਉਪ੍ਰੰਤ ਹਰ ਵਾਰ ਇਕ ਅੰਕ ਦਰਜ ਹੁੰਦਾ ਹੈ। ਹਰ ਅਸਟਪਦੀ ਵਿਚ ਅਠ ਬੰਦ ਜਾਂ ਅਠ ਪਉੜੀਆਂ ਦਰਜ ਹਨ। ਪਉੜੀਆਂ ਦੀ ਗਿਣਤੀ ਇਕ ਤੋਂ ਅਠ ਤਕ ਕ੍ਰਮਵਾਰ ਚਲਦੀ ਹੈ ਪਰ ਹਰ ਵਾਰ ਅਸਟਪਦੀ ਦੀ ਸਮਾਪਤੀ ਉਪ੍ਰੰਤ ਸਮਾਪਤੀ ਹੋ ਜਾਂਦੀ ਤੇ ਅਗਲੀ ਅਸਟਪਦੀ ਇਸੇ ਕ੍ਰਮ ਨੂੰ ਦੁਹਰਾਉਂਦੀ ਹੈ ਤੇ ਇਹ ਕ੍ਰਮ 24 ਅਸਟਪਦੀਆਂ ਵਿਚ ਦੁਹਰਾਇਆ ਜਾਂਦਾ ਹੈ। ਹਰ ਅਸਟਪਦੀ ਦੀ ਸਮਾਪਤੀ ਤੋਂ ਬਾਅਦ ਉਸ ਦਾ ਕ੍ਰਮ-ਅੰਕ ਆਂਕਿਆ ਜਾਂਦਾ ਹੈ ਤੇ ਇਹ ਕ੍ਰਮ ਚੌਵੀ ਅਸਟਪਦੀਆਂ ਤਕ ਨਿਰੰਤਰ ਚਲਦਾ ਹੈ। ਇਕ ਗੱਲ ਹੋਰ ਜੋ ਇਸ ਸੰਬੰਧ ਵਿਚ ਜਾਣਨੀ ਉਚਿਤ ਹੈ ਅਸਟਪਦੀ ਦੀ ਹਰ ਪਉੜੀ ਦਸ ਤੁਕੀ ਹੈ। ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਦੇ ਅੰਤ ਉੱਤੇ ਇਕ ਰਹਾਉ ਆਉਂਦੀ ਹੈ। ਇਹ ਰਹਾਉ ਸੁਖਮਨੀ ਬਾਣੀ ਦੇ ਕੇਂਦਰੀ-ਸਿਧਾਂਤ ਦੀ ਸੂਚਕ ਹੈ। ਉਸ ਤੋਂ ਬਾਅਦ ਅੰਤ ਤਕ ਹਰ ਪਉੜੀ ਦਸ ਤੁਕੀ ਹੀ ਹੈ। ਸੰਖੇਪ ਵਿਚ, ਸੁਖਮਨੀ ਬਾਣੀ ਦੇ ਸਾਰੇ ਸ਼ਲੋਕ ਦੁਤੁਕੇ ਹਨ। ਹਰ ਪਉੜੀ ਦਸ ਤੁਕੀ ਹੈ। ਹਰ ਅਸਟਪਦੀ ਵਿਚ ਅਠ ਪਉੜੀਆਂ ਹਨ। ਪੂਰੀ ਸੁਖਮਨੀ ਵਿਚ ਇਕ ਰਹਾਉ ਹੈ। ਸੁਖਮਨੀ ਦੀਆਂ ਸਾਰੀਆਂ ਅਸਟਪਦੀਆਂ ਚੌਪਈ ਛੰਦ-ਚਾਲ ਨੂੰ ਰੂਪਮਾਨ ਕਰਦੀਆਂ ਹਨ। ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਸੁਖਮਨੀ ਬਾਣੀ ਹੀ ਇਕ ਅਜਿਹੀ ਰਚਨਾ ਹੈ ਜਿਸ ਵਿਚ ਉਪਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਕੇਤਕ ਨਿਯਮ ਕਰੜਾਈ ਨਾਲ ਨਿਬਾਹਿਆ ਗਿਆ ਹੈ। ਉੜੇ ਜੇ ਦੇਖਿਆ ਜਾਏ ਤਾਂ ਸੁਖਮਨੀ ਦੀ ਬਾਹਰਲੀ ਬਣਤਰ ਪਉੜੀਆਂ ਅਤੇ ਸਲੋਕ ਰਾਹੀਂ ਪ੍ਰਵਾਨ ਚੜ੍ਹੀ ਹੈ। ਪਰ ਦੂਜੇ ਪਾਸੇ, ਸਲੋਕ ਪਉੜੀਆਂ ਅਥਵਾ ਅਸਟਪਦੀਆਂ ਇਕ ਅਜਿਹੇ ਬਝਵੇਂ ਸੰਜਮ ਵਿਚ ਬੰਨੀਜ ਕੇ ਤੁਰਦੇ ਹਨ ਕਿ ਵਸਤੂ ਦੀ ਉਸਾਰੀ ਨਿਬੰਧ ਰੂਪ ਵਿਚ ਹੁੰਦੀ ਜਾਂਦੀ ਹੈ। ਸਲੋਕ ਇਕ ਤਰ੍ਹਾਂ ਅਸਟਪਦੀ ਦੀ ਭੂਮਿਕਾ ਹੁੰਦੀ ਹੈ ਤੇ ਅਸਟਪਦੀ ਉਸੇ ਦਾ ਵਿਸਤਾਰ। ਫਲਸਰੂਪ-ਗੁਰੂ ਗ੍ਰੰਥ ਸਾਹਿਬ ਵਿਚ ਸੁਖਮਨੀ ਹੀ ਇਕੋ ਇਕ ਅਜੇਹੀ ਰਚਨਾ ਹੈ ਜਿਸ ਨੂੰ ਨਿਬੰਬ-ਕਾਵਿ ਦਾ ਨਾਮ ਦਿਤਾ ਜਾ ਸਕਦਾ ਹੈ। ਤੇ ਇਹੀ ਸੁਖਮਨੀ ਬਾਣੀ ਦੀ ਵਿਲੱਖਣਤਾ ਵੀ ਹੈ। ਜਪੁਜੀ ਸੂਤ੍ਰਿਕ ਸ਼ੈਲੀ ਰਾਹੀਂ ਪ੍ਰਵਾਨ ਚੜ੍ਹਿਆ ਹੈ। ਉਸ ਵਿਚ ਰਹਾਉ-ਜੁਗਤ ਦੀ ਵਰਤੋਂ ਨਹੀਂ ਹੋਈ। ਸ਼ਾਇਦ, ਇਹੀ ਕਾਰਣ ਹੈ ਕਿ ਜਪੁ ਰਚਨਾ ਉੱਤੇ ਕਿਸੇ ਰਾਗ ਵਿਸ਼ੇਸ਼ ਦਾ ਸੰਕੇਤ ਵੀ ਨਹੀਂ। ਸੁਖਮਨੀ ਵਿਚ ਰਹਾਉ-ਜੁਗਤ ਦੀ ਵਰਤੋਂ ਹੋਈ ਹੈ ਤੇ ਇਸ ਦਾ ਸੰਬੰਧ ਗਉੜੀ ਰਾਗ ਨਾਲ ਵੀ ਹੈ। ਇਹ ਵਿਆਸ ਸ਼ੈਲੀ ਰਾਹੀਂ ਰੂਪਮਾਨ ਹੋਈ ਹੈ।

ਕੁਲ ਮਿਲਾ ਕੇ, ਸੁਖਮਨੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੀ ਭੂਮਿਕਾ ਨੂੰ ਵਿਆਸ ਸ਼ੈਲੀ ਰਾਹੀਂ ਰੂਪਮਾਨ ਕਰਦੀ ਹੈ। ਸਲੋਕ ਅਤੇ ਅਸਟਪਦੀ ਇਸਦੀਆਂ ਕਾਵਿ-ਜੁਗਤਾਂ ਨਹੀਂ, ਕਾਵਿ-ਰੂਪ ਹਨ ਜਿਸ ਦੇ ਮਾਧਿਅਮ ਰਾਹੀਂ ਸੁਖਮਨੀ ਬਾਣੀ ਨਿਬੰਧ ਕਾਵਿ ਦੇ ਦਰਜੇ ਨੂੰ ਪ੍ਰਾਪਤ ਹੁੰਦੀ ਹੈ ਤੇ ਇਹੋ ਉਸ ਦੀ ਵਿਲੱਖਣਤਾ ਵੀ ਹੈ।

**ਅਨੰਦੁ—**

ਗੁਰੂ ਅਮਰਦਾਸ ਰਚਿਤ ਅਨੰਦੁ ਬਾਣੀ ਰਾਮਕਲੀ ਰਾਗ ਵਿਚ ਦਰਜ ਹੈ। ਇਸ ਰਚਨਾ ਦੀਆਂ ਕੁਲ ਚਾਲੀ ਟੁਕੜੀਆਂ ਹਨ। ਆਮ ਮੁਹਾਵਰੇ ਵਿਚ ਇਨ੍ਹਾਂ ਟੁਕੜੀਆਂ ਨੂੰ ਪਉੜੀਆਂ ਕਿਹਾ ਜਾਂਦਾ ਹੈ। ਧਿਆਨ ਰਹੇ, ਖ਼ੁਦ ਬਾਣੀਕਾਰ ਨੇ 'ਪਉੜੀ' ਸੰਕੇਤ ਦੀ ਵਰਤੋਂ ਨਹੀਂ ਕੀਤੀ। ਬਾਣੀ ਦੀ ਸਮਾਪਤੀ ਉੱਤੇ 40 '੧' ਦਰਜ ਹੈ ਜੋ ਚਾਲੀ ਬੰਦਾਂ ਦੀ ਇਕੋ ਬਾਣੀ ਦਾ ਸੰਕੇਤਕ ਹੈ। ਇਨ੍ਹਾਂ ਪਉੜੀਆਂ ਵਿਚ ਦੋ ਤਰ੍ਹਾਂ ਦੀ ਤਰਤੀਬ ਹੈ। ਪਹਿਲੀ ਤਰ੍ਹਾਂ ਦੀਆਂ ਪਉੜੀਆਂ 5 ਤੁਕੀਆਂ ਹਨ ਤੇ ਸੰਖਿਆ ਵਿਚ ਵਧੇਰੇ ਹਨ। ਇਨ੍ਹਾਂ ਦੇ ਨੰਬਰ ਹਨ :—1, 2, 3, 5, 6, 7, 8, 9, 12, 13, 15, 16, 17, 18, 19, 20, 21, 22, 23, 25, 26, 27, 28, 30, 31, 32, 33, 35, 36, 37, 38, 39।

ਦੂਜੀ ਤਰ੍ਹਾਂ ਦੀਆਂ ਪਉੜੀਆਂ ਛੇਤੁਕੀਆਂ ਹਨ ਤੇ ਇਨ੍ਹਾਂ ਦੀ ਸੰਖਿਆ ਘਟ ਹੈ। ਇਨ੍ਹਾਂ ਦੇ ਨੰਬਰ ਇਸ ਪ੍ਰਕਾਰ ਹਨ—4, 10, 11, 14, 24, 29, 34, 40।

ਅਨੰਦੁ ਬਾਣੀ ਦਾ ਆਰੰਭ "ਰਾਮਕਲੀ ਮਹਲਾ ੩ ਅਨੰਦੁ" ਨਾਲ ਹੈ। ਪਉੜੀਆਂ ਦੀ ਸੰਖਿਆ ਇਕ ਤੋਂ ਲੈ ਕੇ ਚਾਲੀ ਤਕ ਕ੍ਰਮ ਵਾਰ ਤੁਰਦੀ ਹੈ। ਜ਼ਾਹਿਰ ਹੈ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮੁੱਚੀ ਰਚਨਾ ਪਉੜੀ-ਰੂਪ ਰਾਹੀਂ ਰੂਪਮਾਨ ਹੋਈ ਹੈ। ਇਸ ਤੋਂ ਪਹਿਲਾਂ ਜਪੁਜੀ ਅਤੇ ਸੁਖਮਨੀ ਦੀਆਂ ਰਚਨਾਵਾਂ ਵਿਚ ਸਲੋਕ-ਰੂਪ ਵੀ ਸਿਰਜਿਆ ਗਿਆ ਹੈ ਪਰ ਇਹ ਰਚਨਾ ਨਿਰੋਲ ਪਉੜੀ-ਰੂਪ ਨੂੰ ਸਮਰਪਿਤ ਹੈ। ਧਿਆਨ ਯੋਗ ਨੁਕਤਾ ਤਾਂ ਇਹ ਹੈ, ਇਸ ਰਚਨਾ ਵਿਚ ਪਉੜੀ-ਰੂਪ ਅਨੇਕ ਛੰਦ-ਚਾਲਾਂ ਰਾਹੀਂ ਰੂਪਮਾਨ ਹੋਇਆ ਹੈ। ਪਰ ਲੈਅ ਧੀਮੀ ਨਹੀਂ ਪੈਂਦੀ। ਉਦਾਹਰਣ ਲਈ ਪਉੜੀਆਂ ਹਾਜ਼ਰ ਹਨ—

ੳ. ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥
ਪਾਵੈ ਤ ਸੋ ਜਨੁ ਦੇਹਿ ਜਿਸ ਨੂੰ ਹੋਰਿ ਕਿਆ ਕਰਹਿ ਵੇਚਾਰਿਆ ॥
ਇਕਿ ਭਰਮਿ ਭੂਲੇ ਫਿਰਹਿ ਦਸਦਿਸਿ ਇਕਿ ਨਾਮਿ ਲਾਗਿ ਸਵਾਰਿਆ ॥
ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥ (੮)

ਅ. ਹਰਿ ਰਾਸਿ ਮੇਰੀ ਮਨੁ ਵਣਜਾਰਾ ॥
ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥
ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥ (੩੧)

ੲ. ਏ ਸਰੀਰਾ ਮੇਰਿਆ ਇਸ ਜਗ ਮਹਿ
ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰ ਪਰਵਾਣੁ ਹੋਆ ॥
ਜਿਨ ਸਤਿਗੁਰ ਸਿਉ ਚਿਤੁ ਲਾਇਆ ॥ (੩੫)

ਸਪਸ਼ਟ ਹੈ, ਉਪਰ ਅੰਕਿਤ ਤਿੰਨੇ ਪਉੜੀਆਂ ਹਨ ਪਰ ਹਰ ਇਕ ਦਾ ਤੁਕਾਂਤ ਆਪਣੀ ਤਰ੍ਹਾਂ ਦਾ ਹੈ। ਇਹੋ ਤੱਥ ਇਸ ਮਤ ਦੀ ਪੁਸ਼ਟੀ ਕਰਦਾ ਹੈ ਕਿ ਅਨੰਦੁ ਬਾਣੀ ਦੀ ਰਚਨਾ ਭਾਵੇਂ ਪਉੜੀ-ਰੂਪ ਵਿਚ ਹੋਈ ਹੈ ਪਰ ਇਸ ਬਾਣੀ-ਰਚਨਾ ਦੀ ਛੰਦ-ਚਾਲ ਅਨੇਕ ਮੁਖ ਹੈ।

ਹੁਣ ਇਕ ਪਉੜੀ ਛੇ ਤੁਕੀ ਵੀ ਮੁਤਾਲਿਆ ਲਈ ਹਾਜ਼ਰ ਹੈ—

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਗੁਰੂ ਕਾ ਉਪਦੇਸੁ ਸੁਣ ਤੂ ਹਵੇ ਤੇਰੇ ਨਾਲੇ ॥

ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥ (੧੧)

ਇਸ ਪਉੜੀ-ਰਚਨਾ ਦਾ ਤੁਕਾਂਤ-ਮੇਲ ਵੀ ਇਸੇ ਤੱਥ ਦੀ ਪ੍ਰੋੜਤਾ ਕਰਦਾ ਹੈ ਕਿ ਅਨੰਦੁ-ਬਾਣੀ ਵਿਚ ਅਨੰਤ-ਤੁਕੀ ਪਉੜੀ-ਰੂਪ ਨੂੰ ਅਪਨਾਇਆ ਗਿਆ ਹੈ। ਧਿਆਨ ਰਹੇ, ਛੰਦ-ਲੈਅ ਹੀ ਪਉੜੀ-ਰੂਪ ਦੀ ਜਿੰਦ ਜਾਨ ਹੈ। ਜਿਸ ਤਰ੍ਹਾਂ ਇਹ ਬਦਲੇਗੀ ਪਉੜੀ-ਰੂਪ ਵਿਚ ਫ਼ਰਕ ਆਏਗਾ। ਕੁਲ ਮਿਲਾਕੇ, ਅਨੰਦੁ ਬਾਣੀ ਬਣਤਰ ਦੇ ਪੱਖੋਂ ਆਪਣੇ ਵਿਲੱਖਣ ਰੂਪ ਦੀ ਧਾਰਣੀ ਹੈ।

**ਦਖਣੀ ਓਅੰਕਾਰ—**

ਇਹ ਰਚਨਾ ਗੁਰੂ ਨਾਨਕ ਦੇਵ ਜੀ ਨੇ ਰਚੀ ਹੈ। ਇਸ ਦਾ ਪੂਰਾ ਸਿਰਲੇਖ ਹੈ "ਰਾਮਕਲੀ ਮਹਲਾ ੧ ਦਖਣੀ ਓਅੰਕਾਰੁ" ਇਥੇ ਇਹ ਸਪਸਟ ਕਰਨਾ ਉਚਿਤ ਹੈ ਤੇ ਦਖਣੀ ਦਾ ਅਰਥ ਹੈ ਦਖਣੀ ਤਰਜ਼ ਜਾਂ ਸ਼ੈਲੀ ਦੀ ਰਾਮਕਲੀ। ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਅਜਿਹੇ ਸੰਕੇਤ ਮਿਲਦੇ ਹਨ। ਜਿਹਾ ਕਿ ਗਉੜੀ ਪੂਰਬੀ ਜਾਂ ਗਉੜੀ ਮਾਲਵਾ। ਪੂਰਬੀ ਅਤੇ ਮਾਲਵਾ ਦੋਵੇਂ ਸਥਾਨ ਸੰਕੇਤਕ ਹਨ। ਇਥੇ ਵੀ ਦਖਣੀ ਦਾ ਸੰਬੰਧ ਦਖਣ ਦੇ ਇਲਾਕੇ ਨਾਲ ਹੈ ਅਥਵਾ ਇਸ ਰਚਨਾ ਨੂੰ ਰਾਮਕਲੀ ਰਾਗ ਦੇ ਉਸ ਅੰਦਾਜ਼ ਵਿਚ ਗਾਇਆ ਜਾਵੇ ਜੋ ਦੱਖਣ ਦੇ ਇਲਾਕੇ ਵਿਚ ਪ੍ਰਚਲਿਤ ਹੈ।

ਓਅੰਕਾਰੁ ਇਕ ਬਾਣੀ ਹੈ ਜੋ ਦੇਵਨਾਗਰੀ ਦੇ 52 ਅਖਰਾਂ ਨੂੰ ਧਿਆਨ ਵਿਚ ਰਖ ਕੇ ਪਟੀ ਵਾਂਗ ਰਚੀ ਗਈ ਹੈ। ਪਰ ਧਿਆਨ ਰਹੇ, ਇਹ ਦੇਵਨਾਗਰੀ ਦੇ ਅਖਰ-ਕ੍ਰਮ ਨੂੰ ਨਹੀਂ ਨਿਭਾਉਂਦੀ, ਹਾਂ ਅਖਰ ਵਿਸ਼ੇਸ਼ ਨਾਲ ਬਾਣੀ ਬੰਦ ਦਾ ਆਰੰਭ ਜ਼ਰੂਰ ਹੁੰਦਾ ਹੈ। ਇਸ ਰਚਨਾ ਦੇ ਅੰਤ ਉਪਰ 54 "੧" ਅੰਕਿਤ ਹੈ ਜਿਸ ਤੋਂ ਪਤਾ ਲਗਦਾ ਹੈ ਇਸ ਬਾਣੀ ਦੇ 54 ਬੰਦ ਹਨ ਤੇ ਇਸ ਤਰ੍ਹਾਂ ਦੀ ਰਚਨਾ ਇਹੋ ਹੀ ਹੈ। ਇਸ ਦੀ ਪਹਿਲੀ ਪਉੜੀ ਤੋਂ ਬਾਅਦ ਰਹਾਉ ਇਸਦੇ ਕੇਂਦਰੀ ਵਿਚਾਰ ਦਾ ਸੂਚਕ ਹੈ।

ਤੁਕ-ਪ੍ਰਬੰਧ ਨੂੰ ਜੇ ਧਿਆਨ ਰਖਿਆ ਜਾਵੇ ਤਾਂ ਇਸ ਵਿਚ ਅਨੇਕਤਾ ਨਜ਼ਰ ਆਉਂਦੀ ਹੈ। ਇਸ ਵਿਚ ਚਾਰ, ਸਤ, ਅਠ ਤੇ ਨੌਂ ਤੁਕੀਆਂ ਟੁਕੜੀਆਂ ਜਾਂ ਪਉੜੀਆਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

ਚਾਰ ਤੁਕੀਆਂ **ਨੌਂ** : 3, 4, 5, 6, 11, 12, 35, 53, 54

ਛੇ ਤੁਕੀ **ਇਕ** : 2 (ਦੋ ਪੰਕਤੀਆਂ ਰਹਾਉ ਦੀਆਂ)

ਸਤ ਤੁਕੀ **ਇਕ** : 10

ਅਠ ਤੁਕੀਆਂ **ਉਨਤਾਲੀ** : 1, 7, 8, 9, 13, 14, 15, 16, 17, 18, 19, 20, 22, 23, 24, 25, 26, 28, 29, 30, 31, 32, 33, 34, 36, 37, 38, 40, 42, 43, 44, 45, 46, 47, 48, 49, 50, 51, 52,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੌ ਤੁਕਾਂ **ਚਾਰ** : 21, 27, 39, 41

ਜ਼ਾਹਿਰ ਹੈ, ਓਅੰਕਾਰੁ ਬਾਣੀ ਵਿਚ ਪਉੜੀ-ਪ੍ਰਬੰਧ ਨੂੰ ਹੀ ਸਿਰਜਣ-ਮਾਧਿਅਮ ਬਣਾਇਆ ਗਿਆ ਹੈ। ਇਥੇ ਕੁਝ ਉਦਾਹਰਣ ਪੇਸ਼ ਹਨ—

**ਚਾਰ ਤੁਕੀ :** ਏਕੋ ਏਕੁ ਕਹੈ ਸਭ ਕੋਈ ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀਂ ਦੂਜਾ ਨਾਨਕ ਏਕੁ ਸਮਾਈ ॥੫॥

**ਛੇ ਤੁਕੀ :** ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ਰਹਾਉ॥
ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥
ਸਮਝੈ ਸੂਝੈ ਪੜਿ ਬੂਝੈ ਅੰਤਿ ਨਿਰੰਤਰ ਸਾਚਾ ॥
ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥੨॥

**ਸਤ ਤੁਕੀ :** ਰਾਜਨ ਰਾਮ ਰਵੈ ਹਿਤਕਾਰਿ ਰਣ ਮਹਿ ਲੂਝੈ ਮਨੁਆ ਮਾਰਿ ॥
ਰਾਤ ਦਿਨੰਤਿ ਰਹੈ ਰੰਗਿ ਰਾਤਾ ॥
ਤੀਨਿ ਭਵਨ ਜੁਗ ਚਾਰੇ ਜਾਤਾ ॥
ਜਿਨਿ ਜਾਤਾ ਸੋ ਤਿਸ ਹੀ ਜੇਹਾ ॥
ਅਤਿ ਨਿਰਮਾਇਲੁ ਸੀਝਸਿ ਦੇਹਾ ॥
ਰਹਸੀ ਰਾਮੁ ਰਿਦੈ ਇਕ ਭਾਇ ॥
ਅੰਤਰਿ ਸਬਦੁ ਸਾਚਿ ਲਿਵਲਾਇ ॥੧੦॥

**ਅਠ ਤੁਕੀ :** ਏਕੁ ਅਚਾਰੁ ਰੰਗੁ ਇਕ ਰੂਪ ॥
ਪਉਣ ਪਾਣੀ ਅਗਨੀ ਅਸਰੂਪੁ ॥
ਏਕੋ ਭਵਰੁ ਭਵੈ ਤਿਹੁ ਲੋਇ ॥
ਏਕੋ ਬੂਝੈ ਸੂਝੈ ਪਤਿ ਹੋਇ ॥
ਗਿਆਨੁ ਧਿਆਨੁ ਲੇ ਸਮਸਰਿ ਰਹੈ ॥
ਗੁਰਮੁਖਿ ਏਕੁ ਵਿਰਲਾ ਕੋ ਲਹੈ ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਖਾਏ ॥
ਗੁਰੂ ਦੁਆਰੈ ਆਖਿ ਸੁਣਾਏ ॥੭॥

**ਨੌਂ ਤੁਕੀ :** ਵਿਆਨੋ ਬੋਲੈ ਆਪੇ ਬੂਝੈ ॥
ਆਪੇ ਸਮਝੈ ਆਪੇ ਸੂਝੈ ॥
ਗੁਰ ਕਾ ਕਹਿਆ ਅੰਕਿ ਸਮਾਵੈ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਮਲ ਸਾਚੇ ਸਾਚੀ ਤਾਈ ।
ਗੁਧੁ ਸਾਗਰੁ ਰਤਨੀ ਨਹੀਂ ਤੋਟ ॥
ਲਾਲ ਪਦਾਰਥ ਸਾਚੁ ਅਖੋਟ ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥

ਅਨੰਦੁ ਬਾਣੀ ਵਾਂਗ ਓਅੰਕਾਰ ਵੀ ਨਿਰੋਲ ਪਉੜੀ-ਰੂਪ ਦਾ ਧਾਰਣੀ ਹੈ। ਅਨੰਦੁ-ਰਚਨਾ ਅਨੰਦੁ ਦੇ ਸੰਕਲਪ ਨਾਲ ਓਤਪੋਤ ਹੈ ਤੇ ਦਖਣੀ ਓਅੰਕਾਰ ਅਨੇਕ ਦਾਰਸ਼ਨਿਕ ਸੰਕਲਪਾਂ ਨਾਲ ਜਿਨ੍ਹਾਂ ਦਾ ਸੰਬੰਧ ਦਰਸ਼ਨ ਨਾਲ ਵੀ ਹੈ ਤੇ ਉਪਦੇਸ਼ ਨਾਲ ਵੀ। ਅੱਖਰ ਵਿਸ਼ੇਸ਼ ਨਾਲ ਬਾਣੀ-ਬੰਦ ਦਾ ਆਰੰਭ ਇਸ ਹਾ ਨਿਵੇਕਲਾਪਨ ਹੈ।

ਓਅੰਕਾਰ ਨੂੰ ਸਾਹਿਤਕ ਰੂਪਾਂ ਵਿਚ ਵੀ ਗਿਣਿਆ ਜਾ ਸਕਦਾ ਸੀ ਕਿਉਂਕਿ ਇਸ ਦੇ ਬਾਣੀ-ਬੰਦ ਅੱਖਰ ਵਿਸ਼ੇਸ਼ ਨਾਲ ਆਰੰਭ ਹੁੰਦੇ ਹਨ ਪਰ ਇਹ ਅੱਖਰ ਕਿਸੇ ਵਰਣ ਮਾਲਾ ਵਿਸ਼ੇਸ਼ ਦੇ ਕ੍ਰਮ ਨੂੰ ਨਹੀਂ ਨਿਬਾਉਂਦੇ ਸਗੋਂ ਬਾਣੀਕਾਰ ਇਸ ਰਚਨਾ ਵਿਚ ਇਕ ਵਿਲੱਖਣ-ਕ੍ਰਮ ਨੂੰ ਰੂਪਮਾਨ ਕਰਦੇ ਹਨ। ਮਿਸਾਲ ਵਜੋਂ—

ਓ, ਸ, ਥ, ਛ, ਏ, ਇ, ਏ, ਊ, ਉ, ਰਾ, ਰੋ, ਲ, ਅ, ਜ, ਵ, ਗ, ਕ, ਖ, ਗ, ਘ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਜ, ਰ, ਲ, ਬ, ੜ, ਸ, ਖ, ਹੇ, ਲ, ਪ,

ਉਪਰ ਅੰਕਿਤ ਅੱਖਰ-ਕ੍ਰਮ ਨੂੰ ਵਾਚਦਿਆਂ, ਪਤਾ ਲਗਦਾ ਹੈ, ਬਾਣੀਕਾਰ ਬੰਧਨ-ਮੁਕਤ ਹੋ ਕੇ ਬਾਣੀ ਸਿਰਜਦੇ ਤਥਾ ਉਪਦੇਸ਼ ਦੇਂਦੇ ਸਨ। ਪਰੰਪਰਾ ਅਨੁਸਾਰ ਇਹ ਬਾਣੀ ਪੰਡਿਆਂ ਨੂੰ ਮੁਖਾਤਬ ਕੀਤੀ ਗਈ ਹੈ ਜਿਸ ਦਾ ਭਾਵ ਹੈ, ਪੰਡਿਆਂ ਦੀ ਹਉਮੈ ਦਾ ਨਿਵਾਟਣ ਵੀ ਇਸ ਬਾਣੀ ਰਾਹੀਂ ਹੋਇਆ ਤੇ ਉਨ੍ਹਾਂ ਨੂੰ ਉਪਦੇਸ਼ ਵੀ ਦਿਤਾ ਹੈ। ਪਰ ਬਾਣੀਕਾਰ ਦਾ ਬਲ ਅੱਖਰ ਬੋਧ ਉੱਤੇ ਨਹੀਂ ਸਗੋਂ ਇਨ੍ਹਾਂ ਦੇ ਸਹਾਰੇ ਜਿਸ ਤਰ੍ਹਾਂ ਦਾ ਗਿਆਨ ਬੋਧ ਹੋਣਾ ਚਾਹੀਦਾ ਹੈ, ਉਸ ਉਪਰ ਬਲ ਹੈ। ਜ਼ਾਹਿਰ ਹੈ, ਓਅੰਕਾਰ ਸਾਹਿਤਕ ਰੂਪ ਹੋਣ ਦਾ ਵੀ ਭਰਮ ਪਾਉਂਦਾ ਹੈ ਤੇ ਉਪਦੇਸ਼ ਮੁਖ ਹੋਣ ਦਾ ਵੀ। ਦਰਅਸਲ, ਇਸੇ ਗੁਣ ਕਾਰਨ ਹੀ ਇਹ ਰਚਨਾ ਵਿਲੱਖਣ ਹੈ। ਇਸ ਦਾ ਬਲ ਅੱਖਰਾਂ ਪਿੱਛੇ ਲੁਕੇ ਮਰਮ ਨੂੰ ਸਮਝਣ-ਬੁੱਝਣ ਉਪਰ ਹੈ। ਇਹ ਰਚਨਾ ਅੱਖਰ ਕ੍ਰਮ ਨੂੰ ਬਣਾਉਂਦੀ ਹੈ ਤੇ ਉਸ ਨੂੰ ਤੋੜਦੀ ਵੀ। ਪਟੀ ਦੇ ਨਿਯਮ ਅਨੁਸਾਰ ਅੱਖਰ ਵਿਸ਼ੇਸ਼ ਦੀ ਵਰਤੋਂ ਇਕ ਵਾਰ ਹੀ ਹੁੰਦੀ ਹੈ ਤੇ ਉਸ ਦਾ ਦੁਹਰਾਉ ਵਿਵਿਰਜਤ ਹੁੰਦਾ ਹੈ। ਇਸ ਰਚਨਾ ਵਿਚ ਅੱਖਰ-ਕ੍ਰਮ ਵੀ ਹੈ ਤੇ ਉਸਦਾ ਦੁਹਰਾਉ ਵੀ ਅਥਵਾ ਉਸਦਾ ਤੋੜ ਵੀ। ਇਹ ਸੁਸਿਖਿਅਤਾ ਨਾਲੋਂ ਗਿਆਨ ਅਨੁਰਾਗਤਾ ਵਲ ਝੁਕਦੀ ਹੈ ਤੇ ਇਹੋ ਗੁਣ ਇਸ ਦੀ ਵਿਲੱਖਣਤਾ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

**ਸਾਰ—**

ਗੁਰੂ ਗ੍ਰੰਥ ਸਾਹਿਬ ਦੇ ਰਚਨਾ-ਰੂਪਾਂ ਨੂੰ ਪੰਜ ਕੋਟੀਆਂ ਵਿਚ ਵੰਡਿਆ ਜਾ ਸਕਦਾ ਹੈ—

ਵਿਲੱਖਣ ਰੂਪ
ਸੰਗ੍ਰਹਿਤ ਰੂਪ
ਸਾਹਿਤਕ ਰੂਪ
ਲੋਕ ਰੂਪ
ਛੰਦ ਰੂਪ

—ਵਿਲੱਖਣ ਰੂਪਾਂ ਦੀ ਵਿਲੱਖਣਤਾ ਨੂੰ ਰਚਨਾ-ਰੂਪਾਂ ਦੀ ਬਣਤਰ ਵਿਚੋਂ ਵੀ ਪਛਾਣਿਆ ਜਾ ਸਕਦਾ ਹੈ ਤੇ ਉਨ੍ਹਾਂ ਵਿਚੋਂ ਪ੍ਰਤੀਬਿੰਬਤ ਵਸਤੂ ਵਿਸ਼ੇਸ਼ ਕਰਕੇ ਵੀ ।

—**ਜਪੁ** ਬਾਣੀ ਆਪਣੇ ਅਕਾਰ ਕਰਕੇ ਵੀ ਵਿਲੱਖਣ ਹੈ । ਉਸ ਵਿਚ ਮੰਗਲ, ਮੂਲ ਮੰਤਰ, ਸ਼ਲੋਕ ਅਤੇ ਪਉੜੀ ਰੂਪ ਦੀ ਵਰਤੋਂ ਹੋਈ ਹੈ ।

—ਜਪੁ ਬਾਣੀ ਦੇ ਬੰਦਾਂ ਵਿਚ ਇਕਸਾਰਤਾ ਨਹੀਂ । ਕੋਈ ਬੰਦ ਬਹੁਤ ਵੱਡਾ ਤੇ ਕੋਈ ਛੋਟਾ ਹੈ । ਇਸ ਵਿਚਲੇ ਬੰਦ ਸੰਖਿਆ ਕ੍ਰਮ ਨੂੰ ਨਿਬਾਹੁੰਦੇ ਹਨ । ਸਲੋਕ ਉਪਰੰਤ ਕੇਵਲ ਇਕ ੧ ਅੰਕ ਦਰਜ ਕੀਤਾ ਗਿਆ ਹੈ ।

—ਇਸ ਵਿਚ ਤੁਕ-ਮਾਤਰਾ ਅਤੇ ਲੈਅ-ਚਾਲ ਦੀ ਪਾਬੰਦੀ ਨਜ਼ਰ ਨਹੀਂ ਆਉਂਦੀ ।

—ਪਉੜੀ-ਪ੍ਰਬੰਧ ਇਕ ਨਿਸ਼ਚਿਤ ਦਰਸ਼ਨ ਸੇਧ ਨੂੰ ਲੈ ਕੇ ਨਹੀਂ ਤੁਰਦੀ ਹਾਂ ਦਾਰਸ਼ਨਿਕ ਨੀਝ ਰਖਣ ਵਾਲੇ ਇਸ ਵਿਚੋਂ ਇਕ ਨਿਸ਼ਚਿਤ ਦਰਸ਼ਨ ਉਸਾਰ ਸਕਦੇ ਹਨ ।

—ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕੀ ਪ੍ਰਬੰਧ ਅਨੁਸਾਰ ਇਸ ਉਪਰ ਕਰਤਾ ਜਾਂ ਮਹਲਾ-ਅੰਕ ਦਾ ਸੰਕੇਤ ਲੁਪਤ ਹੈ ਪਰ ਪਰੰਪਰਾ ਤੋਂ ਹੀ ਇਹ ਰਚਨਾ ਗੁਰੂ ਨਾਨਕ ਦੇਵ ਦੀ ਮੰਨੀ ਜਾਂਦੀ ਹੈ ਤੇ ਇਸ ਬਾਰੇ ਵਿਦਵਾਨਾਂ ਵਿਚ ਮਤਭੇਦ ਨਹੀਂ ।

—ਜਪੁ ਬਾਣੀ ਅਨੰਤ-ਤੁਕੀ ਪਉੜੀ-ਰੂਪ ਨੂੰ ਸਮਰਪਿਤ ਹੈ ।

—**ਸੁਖਮਨੀ** ਬਾਣੀ ਇਕ ਨਿਸ਼ਚਿਤ ਰੂਪ ਨੂੰ ਉਸਾਰਦੀ ਹੈ। ਸਾਰੇ ਸਲੋਕ ਦੁਤੁਕੇ, ਅਸਟਪਦੀਆਂ ਅੰਠ ਪਉੜੀਆਂ ਵਾਲੀਆਂ, ਹਰ ਪਉੜੀ ਦਸ ਤੁਕੀ ਹੈ । ਇਸ ਵਿਚ ਸਲੋਕ-ਕ੍ਰਮ ਅਚਲ ਹੈ । ਪਉੜੀ ਅਤੇ ਅਸਟਪਦੀ ਕ੍ਰਮ ਇਕ ਤੋਂ ਅਠ ਅਤੇ ਇਕ ਤੋਂ ਚਵੀ ਤਕ ਕ੍ਰਮ ਵਾਰ ਤੁਰਦਾ ਹੈ । ਇਸ ਤਰ੍ਹਾਂ ਦੀ ਬਝਵੀਂ ਤਰਤੀਬ ਹੋਰ ਕਿਸੇ ਬਾਣੀ ਵਿਚ ਪੇਸ਼ ਨਹੀਂ ਹੋਈ ।

—ਸੁਖਮਨੀ ਵਿਚ ਇਕ ਰਹਾਉ ਹੈ ਜੋ ਕੇਂਦਰੀ-ਸਿਧਾਂਤ ਦੀ ਸੂਚਕ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

—ਸੁਖਮਨੀ ਵਿਚ ਰੂਪਮਾਨ ਹੋਏ ਦਰਸ਼ਨ ਦੀ ਉਸਾਰੀ ਇਸ ਤਰ੍ਹਾਂ ਹੋਈ ਹੈ ਕਿ ਇਸ ਨੂੰ ਨਿਬੰਧ ਕਾਵਿ ਦੀ ਪਦਵੀ ਦਿਤੀ ਜਾ ਸਕਦੀ ਹੈ।

—**ਅਨੰਦੁ** ਰਚਨਾ ਵਿਚ 40 ਬੰਦ ਜਾਂ ਪਉੜੀਆਂ ਹਨ ਜੋ ਇਕ ਨਿਸਚਿਤ ਕ੍ਰਮ ਵਿਚ ਬੰਨ੍ਹੀਜ ਕੇ ਤੁਰਦੀਆਂ ਹਨ।

—ਅਨੰਦੁ-ਬਾਣੀ ਵਿਚ ਰਹਾਉ-ਸੰਕੇਤ ਪ੍ਰਾਪਤ ਨਹੀਂ।

—ਅਨੰਦੁ-ਬਾਣੀ ਵਿਚ ਪਉੜੀਆਂ ਦੇ ਦੋ ਰੂਪ ਪੇਸ਼ ਹੋਏ ਹਨ।

—ਇਸ ਵਿਚਲੀ ਪਉੜੀ ਅਨੰਤ ਤੁਕੀ ਲੈਅ ਨੂੰ ਅਰਪਿਤ ਹੈ।

—**ਓਅੰਕਾਰ** ਪਟੀ ਸ਼ੈਲੀ ਦੀ ਝਲਕ ਵੀ ਦੇਂਦੀ ਹੈ ਤੇ ਉਸਦੇ ਪੂਰੇ ਗੁਣ ਲੱਛਣਾਂ ਤੋਂ ਮੁਕਤ ਵੀ ਹੈ ਇਸੇ ਕਰਕੇ ਇਸ ਦੀ ਗਣਨਾ ਸਾਹਿਤਕ ਰੂਪਾਂ ਵਿਚ ਨਹੀਂ ਕੀਤੀ ਗਈ।

—ਇਸ ਵਿਚ ਪਉੜੀ ਦੇ ਚਾਰ-ਰੂਪ ਪੇਸ਼ ਹੋਏ ਹਨ ਤੇ ਸਾਰੇ ਅਨੰਤ ਤੁਕੀ ਪਉੜੀ-ਲੈਅ ਨੂੰ ਰੂਪਮਾਨ ਕਰਦੇ ਹਨ।

—ਇਸ ਰਚਨਾ ਦੀ ਵਿਲੱਖਣਤਾ ਇਸ ਦੇ ਰੂਪ ਅਤੇ ਵਸਤੂ ਵਿਸ਼ੇਸ਼ ਵਿਚ ਵਿਦਮਾਨ ਹੈ। ਰੂਪ ਕਰਕੇ ਨਾ ਇਹ ਪਟੀ ਹੈ ਤੇ ਨਾ ਹੀ ਲੋਕ ਰੂਪ। ਇਹ ਅੱਖਰ ਵਿਸ਼ੇਸ਼ ਦੇ ਨਾਲ-ਨਾਲ ਗੁਰੂ ਨਾਨਕ ਦਾ ਸਿਧਾਂਤਕ ਨਜ਼ਰੀਆ ਪੇਸ਼ ਕਰਦੀ ਹੈ। ਗੁਰੂ ਨਾਨਕ ਦਾ ਝੁਕਾਉ ਸੁਸਿਖਿਆ ਦਾ ਪ੍ਰਦਰਸ਼ਨ ਕਰਨ ਵਲ ਨਹੀਂ ਸਗੋਂ ਇਨ੍ਹਾਂ ਰਾਹੀਂ ਗਿਆਨ ਦੇ ਅਸਲੀ ਮਰਮ ਦੇ ਬੋਧ ਵਲ ਹੈ। ਅਜਿਹੇ ਗੁਣ ਕਾਰਣ ਹੀ ਇਹ ਰਚਨਾ ਅਸਲੋਂ ਨਿਵੇਕਲੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੰਗ੍ਰੀਹਤ ਰੂਪ

ਸੰਗ੍ਰੀਹਤ ਦਾ ਸ਼ਬਦੀ ਅਰਥ ਹੈ, ਸੰਕਲਨ ਕਰਨਾ ਇਕੱਠਾ ਕਰਨਾ। ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਣੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਇਸ ਕੋਟੀ ਦੇ ਅੰਤਰਗਤ ਆਂਕਿਆ ਜਾ ਸਕਦਾ ਹੈ। ਇਨ੍ਹਾਂ ਦੇ ਨਾਮ ਹਨ—

ੳ. ਸੋਦਰੁ

ਅ. ਸੋਹਿਲਾ

ਜਪੁ ਤੋਂ ਬਾਅਦ "ਸੋਦਰੁ" ਬਾਣੀ ਦਰਜ ਹੈ ਜਿਸਨੂੰ ਆਮ ਕਰਕੇ ਰਹਿਰਾਸਿ ਕਿਹਾ ਜਾਂਦਾ ਹੈ। ਇਸ ਬਾਣੀ ਦੇ ਰੂਪ-ਪ੍ਰਬੰਧ ਨੂੰ ਸਮਝਣ ਲਈ ਇਸ ਦੇ ਅੰਕਿਤ ਢੰਗ ਨੂੰ ਵਾਚਣਾ ਉਚਿਤ ਪ੍ਰਤੀਤ ਹੁੰਦਾ ਹੈ—

"੧ੴ ਸਤਿਗੁਰ ਪ੍ਰਸਾਦਿ ॥ ਸੋਦਰੁ ਰਾਗ ਆਸਾ ਮਹਲਾ ੧"

ਇਸ ਸਿਰਲੇਖ ਤੋਂ ਚਾਰ ਸੰਕੇਤ ਪ੍ਰਾਪਤ ਹੁੰਦੇ ਹਨ—

ੳ. ੧ੴ ਸਤਿਗੁਰ ਪ੍ਰਸਾਦਿ : ਮੰਗਲ ਸੰਕੇਤ ਹੈ।

ਅ. ਸੋਦਰੁ : ਰਚਨਾ ਵਿਸ਼ੇਸ਼ ਦਾ ਨਾਮ ਹੈ।

ੲ. ਰਾਗ ਆਸਾ : ਰਾਗ ਬੰਦਿਸ਼ ਵਲ ਇਸ਼ਾਰਾ ਕਰਦਾ ਹੈ।

ਸ. ਮਹਲਾ ੧ : ਬਾਣੀਕਾਰ ਵਿਸ਼ੇਸ਼ ਨੂੰ ਜਣਾਉਂਦਾ ਹੈ ਅਥਵਾ ਇਹ ਪਹਿਲੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ।

ਜ਼ਾਹਿਰ ਹੈ, ਇਸ ਤੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਵਿਧੀ ਦੇ ਕੁਝ ਸੰਕੇਤ ਪ੍ਰਾਪਤ ਹੁੰਦੇ ਹਨ। ਇਸ ਤੋਂ ਪਹਿਲਾਂ ਜਪੁ ਬਾਣੀ ਵਿਚ ਮਹਲਾ ਅਤੇ ਰਾਗ-ਸੰਕੇਤ ਦਾ ਅਭਾਵ ਹੈ। ਉਥੇ ਮੰਗਲ-ਸੰਕੇਤ ਦਾ ਰੂਪ ਵੀ ਹੋਰ ਹੈ। 'ਜਪੁ' ਬਾਣੀ ਵਿਸ਼ੇਸ਼ ਦੇ ਨਾਮ ਵਜੋਂ ਨਹੀਂ ਵਰਤਿਆ ਗਿਆ ਜਾਂ ਵਰਤਿਆ ਗਿਆ ਹੈ ਇਸਦੇ ਬਾਰੇ ਵਿਦਵਾਨ ਇਕ ਮਤ ਨਹੀਂ ਪਰ ਇਕ ਗੱਲ ਬਹੁਤ ਸਪਸ਼ਟ ਹੈ, ਜਪੁ, ਸੋਦਰੁ, ਅਤੇ ਸੋਹਿਲਾ ਤਿੰਨੇ ਸਿਰਲੇਖ ਮੰਗਲ-ਸੰਕੇਤ ਤੋਂ ਬਾਅਦ ਦਰਜ ਹਨ। ਜਪੁ ਵਿਚ ਮਹਲਾ-ਸੰਕੇਤ ਦਾ ਅਭਾਵ ਹੈ ਪਰ ਸੋਦਰੁ ਅਤੇ ਸੋਹਿਲਾ ਦੇ ਨਾਲ ਮਹਲਾ-ਸੰਕੇਤ ਹੈ। ਇਥੋਂ ਇਕ ਟੋਹ ਪ੍ਰਾਪਤ ਹੁੰਦੀ ਹੈ। ਸੋਦਰੁ ਅਤੇ ਸੋਹਿਲਾ ਸਿਰਲੇਖਾਂ ਨੂੰ ਬਾਣੀ ਵਿਸ਼ੇਸ਼ ਦੇ ਨਾਮ ਵਜੋਂ ਹੀ ਸਵੀਕਾਰਿਆ ਜਾਣਾ ਚਾਹੀਦਾ ਹੈ। ਜਪੁ ਪਰੰਪਰਾ ਤੋਂ ਹੀ ਗੁਰੂ ਨਾਨਕ ਦੇਵ ਦੀ ਬਾਣੀ-ਰਚਨਾ ਮੰਨੀ ਜਾਂਦੀ ਹੈ ਇਸ ਲਈ ਇਸਦਾ ਕੋਈ ਵਿਵਾਦ ਨਹੀਂ।

ਸੋਦਰੁ ਬਾਣੀ ਰਚਨਾ ਵਿਚ ਇਕ ਤੋਂ ਵਧੀਕ ਬਾਣੀਕਾਰਾਂ ਦੀ ਰਚਨਾ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਸੋਦਰੁ ਰਾਗ ਆਸਾ ਮਹਲਾ ੧ : ਸੋਦਰੁ ਤੇਰਾ ਕੇਹਾ ਸੁ ਘਰ ਕੇਹਾ
2. ਆਸਾ ਮਹਲਾ ੧ : ਸੁਣਿ ਵਡਾ ਆਖੈ ਸਭੁ ਕੋਇ ।
3. ਆਸਾ ਮਹਲਾ ੧ : ਆਖਾ ਜੀਵਾ ਵਿਸਰੈ ਮਰਿ ਜਾਉ ।
4. ਰਾਗੁ ਗੂਜਰੀ ਮਹਲਾ ੪ : ਹਰਿ ਕੇ ਜਨ ਸਤਿਗੁਰ ਸਤਿ ਪੁਰਖਾ ।
5. ਰਾਗੁ ਗੂਜਰੀ ਮਹਲਾ ੫ : ਕਾਹਿ ਰੇ ਮਨ ਚਿਤਵਹਿ ।
6. ਰਾਗੁ ਆਸਾ ਮਹਲਾ ੪ ਸੋ ਪੁਰਖੁ : ਸੋ ਪੁਰਖੁ ਨਿਰੰਜਨ ।
7. ਆਸਾ ਮਹਲਾ ੪ : ਤੂੰ ਕਰਤਾ ਸਚਿਆਰੁ ਮੈਂਡਾ ਸਾਂਈ ।
8. ਆਸਾ ਮਹਲਾ ੧ : ਤਿਤੁ ਸਰਵਰੜੈ ਭਈ ਲੈ ਨਿਵਾਸਾ ।
9. ਆਸਾ ਮਹਲਾ ੫ : ਭਈ ਪਰਾਪਤਿ ਮਾਨੁਖ ਦੇਹੁਰੀਆ ।

ਸਪਸ਼ਟ ਹੈ, ਇਸ ਬਾਣੀ-ਰਚਨਾ ਵਿਚ ਮਹਲਾ ੧, ੪ ਅਤੇ ੫ ਬਾਣੀ-ਪਦ ਦਰਜ ਹਨ। ਇਹ ਬਾਣੀ ਬਾਣੀਕਾਰ-ਵਿਸ਼ੇਸ਼ ਦੀ ਨਾ ਹੋ ਕੇ ਸੰਗ੍ਰਹਿਤ ਬਾਣੀ ਹੈ। ਸਾਡਾ ਮੂਲ ਉਦੇਸ਼ ਇਸ ਸੰਗ੍ਰਹਿਤ ਬਾਣੀ ਦੇ ਰਚਨਾ-ਰੂਪ ਨੂੰ ਪਛਾਣਨਾ ਹੈ। ਇਸ ਬਾਣੀ ਦੇ ਰੂਪ-ਪ੍ਰਬੰਧ ਨੂੰ ਸਮਝਣ ਲਈ ਇਸ ਵਿਚ ਸ਼ਾਮਲ ਕੀਤੇ ਗਏ ਬਾਣੀ-ਪਦਾਂ ਦੇ ਤੁਕ-ਪ੍ਰਬੰਧ ਨੂੰ ਸਮਝਣਾ ਉਚਿਤ ਮਾਲੂਮ ਹੁੰਦਾ ਹੈ।

1. ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ।
   ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ।
   (ਇਹ ਬਾਣੀ ਬੰਦ 22 ਪੰਕਤੀਆਂ ਦਾ ਹੈ)
2. ਸੁਣਿ ਵਡਾ ਆਖੈ ਸਭੁ ਕੋਇ ।
   ਕੇਵਡੁ ਵਡਾ ਡੀਠਾ ਹੋਇ ।
   (ਇਹ ਬਾਣੀ ਬੰਦ 18 ਪੰਕਤੀਆਂ ਦਾ ਹੈ )
3. ਆਖਾ ਜੀਵਾ ਵਿਸਰੈ ਮਰਿ ਜਾਉ ।
   ਆਖਣਿ ਅਉਖਾ ਸਾਚਾ ਨਾਉ ।
   (ਇਸਦੀਆਂ ਵੀ 18 ਪੰਕਤੀਆਂ ਹਨ)
4. ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰਪਾਸਿ ।
   ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ।
   (ਇਹ ਬਾਣੀ ਬੰਦ 10 ਪੰਕਤੀਆਂ ਦਾ ਹੈ)
5. ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ।
   ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ ।
   (ਇਹ ਬਾਣੀ ਬੰਦ 10 ਪੰਕਤੀਆਂ ਦਾ ਹੈ)
6. ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ।
   ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ।
   (ਇਹ ਬਾਣੀ ਬੰਦ 24 ਪੰਕਤੀਆਂ ਦਾ ਹੈ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. ਤੂ ਕਰਤਾ ਸਚਿਆਰ ਮੈਡਾ ਸਾਈਂ ।
ਜੋ ਤਉ ਭਾਵੈ ਸੋਈ ਥੀਸੀ ਜੋ ਤੂ ਦੇਹਿ ਸੋਈ ਹਉ ਪਾਈ ।
(ਇਹ ਬਾਣੀ ਬੰਦ 18 ਪੰਕਤੀਆਂ ਦਾ ਹੈ)

8. ਤਿਤੁ ਸਰਵਰੜੈ ਭਈ ਲੈ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ।
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ।
(ਇਹ ਬਾਣੀ ਬੰਦ 6 ਪੰਕਤੀਆਂ ਦਾ ਹੈ)

9. ਭਈ ਪਰਾਪਤਿ ਮਾਨੁਖ ਦੇਹੁਰੀਆ ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ।
(ਇਸ ਦੀਆਂ 10 ਪੰਕਤੀਆਂ ਹਨ)

ਉਪਰ ਅੰਕਿਤ ਬਾਣੀ-ਪਦਾਂ ਦੇ ਨਿਰੀਖਣ ਤੋਂ ਸਾਫ਼ ਹੈ ਕਿ ਇਨ੍ਹਾਂ ਸਾਰਿਆਂ ਦਾ ਲੈਅ-ਪ੍ਰਬੰਧ ਇਕ ਨਹੀਂ ਤੇ ਨਾ ਹੀ ਇਨ੍ਹਾਂ ਸਾਰਿਆਂ ਦਾ ਤੁਕ-ਪ੍ਰਬੰਧ ਇਕੋ ਹੀ ਹੈ। ਇਹ ਸਾਰੇ ਬਾਣੀ-ਪਦ ਇਕ ਰਾਗ-ਬੰਦਿਸ਼ ਦੇ ਵੀ ਨਹੀਂ । ਤੇ ਨਾ ਹੀ ਇਹ ਬਾਣੀਕਾਰ ਵਿਸ਼ੇਸ਼ ਦੀ ਰਚਨਾ ਹੈ। ਇਸ ਬਾਣੀ-ਰਚਨਾ ਦੀ ਵਿਸ਼ੇਸ਼ਤਾ ਇਸਦੀ ਅਨੇਕਤਾ ਵਿਚ ਹੈ । ਇਹ ਅਨੇਕ ਬਾਣੀਕਾਰਾਂ, ਅਨੇਕ ਤੁਕੀ ਤੇ ਬਹੁਰੰਗ ਲੈਅ-ਪ੍ਰਬੰਧ ਦੀ ਧਾਰਣੀ ਹੈ। ਕਮਾਲ ਗੱਲ ਇਹ ਹੈ ਬਹੁਰੰਗੀ ਵੰਨਸਵੰਨਤਾ ਇਕੋ ਹੀ ਬਾਣੀ ਵਿਸ਼ੇਸ਼ ਦੇ ਸਿਰਲੇਖ ਹੇਠ ਅੰਕਿਤ ਹੈ ।

ਇਥੇ ਇਹ ਗੱਲ ਜਾਨਣਯੋਗ ਹੈ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਵਿਧੀ ਦੇ ਅਨੁਸਾਰ ਬਾਣੀ-ਪਦਾਂ ਦੀ ਕ੍ਰਮ ਸੰਖਿਆ ਚਲਦੀ ਰੱਖੀ ਜਾਂਦੀ ਹੈ ਤਾਂਕਿ ਅਖੀਰ ਵਿਚ ਪਤਾ ਲੱਗ ਸਕੇ ਕਿ ਬਾਣੀ ਵਿਸ਼ੇਸ਼ ਵਿਚ ਕਿਤਨੇ ਬਾਣੀ ਪਦ ਦਰਜ ਹਨ ਇਸ ਪੱਖੋਂ ਇਹ ਬਾਣੀ ਨਿਵੇਕਲੀ ਨੁਹਾਰ ਦੀ ਧਾਰਣੀ ਹੈ। ਇਸ ਵਿਚ ਨੌਂ ਬੰਦ ਹਨ । ਇਸਦੀ ਕ੍ਰਮ-ਸੰਖਿਆ ਚਲਦੀ ਨਹੀਂ । ਸਗੋਂ ਇਹ ਦੋ ਭਾਗਾਂ ਵਿਚ ਵੰਡ ਕੇ ਦਰਜ ਕੀਤੀ ਗਈ ਹੈ। ਪਹਿਲੇ ਪੰਜ ਸ਼ਬਦ ਸੋਦਰੁ ਸਿਰਲੇਖ ਦੇ ਅਧੀਨ ਦਰਜ ਹਨ। ਪਿਛਲੇ ਚਾਰ ਦੁਬਾਰਾ ਮੰਗਲ ਉਪਰੰਤ ਦਰਜ ਹਨ। ਪਰ ਪਰੰਪਰਾ ਤੋਂ ਹੀ ਇਹ ਨੌਂ ਸ਼ਬਦ ਸ਼ਾਮ ਵੇਲੇ ਦੀ ਸੰਧਿਆ ਦੇ ਸਮੇਂ ਪੜ੍ਹੇ ਜਾਂਦੇ ਹਨ। ਅੱਜ ਕਲ੍ਹ ਦੀ ਰਹਿਰਾਸਿ ਜੋ ਪ੍ਰਚਲਤ ਹੈ ਉਸ ਵਿਚ ਹੋਰ ਵੀ ਕਈ ਸ਼ਬਦ ਦਰਜ ਹਨ। ਹਾਲ ਦੀ ਘੜੀ ਉਸਦੇ ਵੇਰਵੇ ਵਿਚ ਨਾ ਪੈ ਕੇ ਇਥੇ ਇਤਨਾ ਸੰਕੇਤ ਹੀ ਕਾਫ਼ੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਨੌਂ ਸ਼ਬਦ ਜੋ 'ਸੋਦਰ' ਬਾਣੀ ਕਰਕੇ ਜਾਣੇ ਜਾਂਦੇ ਹਨ ਇਕ ਸੰਗ੍ਰੀਹਤ ਬਾਣੀ ਹੈ ਤੇ ਇਸ ਉਪਰ ਕਿਸੇ ਇਕ ਪ੍ਰਕਾਰ ਦੇ ਨੇਮ-ਪ੍ਰਬੰਧ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਰਚਨਾ ਹਰ ਤਰ੍ਹਾਂ ਦੇ ਬੰਧਨ ਤੋਂ ਮੁਕਤ ਹੈ। ਇਸਦੀ ਵਿਲੱਖਣਤਾ, ਇਸ ਵਿਚ ਵੰਨਸਵੰਨ ਪ੍ਰਬੰਧ ਮੌਜੂਦ ਹਨ ਪਰ ਇਹ ਸਾਰੇ ਇਕੋ ਬਾਣੀ ਨਾਲ ਸੰਬੰਧਿਤ ਹੋ ਕੇ ਉਸਨੂੰ ਸੰਪੰਨਤਾ ਦੇ ਰਾਹ ਉੱਤੇ ਤੋਰਦੇ ਹਨ। ਪੜ੍ਹਨ ਵਾਲੇ ਜਾਂ ਪਾਠਕ ਜਨ ਇਸ ਵਿਚਲੀ ਬਹੁਰੰਗਤਾ ਵਲ ਰੁਚਿਤ ਨਹੀਂ ਹੁੰਦੇ ਸਗੋਂ ਇਸ ਦੀ ਇਕਰੂਪਤਾ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਣਦੇ ਹਨ। ਇਸੇ ਕਰਕੇ ਸਿੱਖ ਧਰਮ ਵਿਚ ਸੰਧਿਆ ਵੇਲੇ ਹਰ ਧਰਮ-ਸਥਾਨ ਉਪਰ ਇਸਦਾ ਪਾਠ-ਉਚਾਰਣ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਹਰ ਸਿੱਖ ਦੇ ਨਿੱਤਨੇਮ ਵਿਚ ਇਸ ਬਾਣੀ ਦਾ ਪਾਠ ਕਰਨਾ ਵਿਧਾਨ ਹੈ। ਰਹਿਰਾਸਿ ਇਕ ਬਾਣੀ ਹੈ ਜੋ ਇਕਰਸਤਾ ਨੂੰ ਰੂਪਮਾਨ ਕਰਦੀ ਹੈ। ਸੋਦਰ-ਬਾਣੀ ਦੀ ਵਿਲੱਖਣਤਾ ਦਾ ਰਾਜ਼ ਉਸ ਵਿਚਲੀ ਅਨੇਕਮੁੱਖ ਬਹੁਰੰਗਤਾ ਵਿਚ ਹੈ।

**ਸੋਹਿਲਾ—**

ਇਸ ਬਾਣੀ ਨੂੰ ਸਿੱਖ ਧਰਮ ਵਿਚ ਸੌਣ ਸਮੇਂ ਪੜ੍ਹਨ ਦਾ ਵਿਧਾਨ ਹੈ। ਇਸਨੂੰ ਰਾਤ-ਸੰਧਿਆ ਦਾ ਨਾਮ ਦਿਤਾ ਜਾ ਸਕਦਾ ਹੈ। ਇਸ ਰਚਨਾ ਵਿਚ ਕੁਲ ਪੰਜ ਸ਼ਬਦ ਹਨ। ਪਹਿਲੇ ਤਿੰਨ ਗੁਰੂ ਨਾਨਕ ਦੇਵ ਦੇ ਚੌਥਾ ਗੁਰੂ ਰਾਮ ਦਾਸ ਜੀ ਤੇ ਪੰਜਵਾਂ ਪੰਚਮ ਗੁਰੂ ਦਾ ਹੈ। ਇਸ ਬਾਣੀ ਦਾ ਆਰੰਭ ਹੈ—

ੳ. ੴ ਸਤਿਗੁਰ ਪ੍ਰਸਾਦਿ : ਮੰਗਲ-ਸੰਕੇਤ

ਅ. ਰਾਗ ਗਉੜੀ ਦੀਪਕੀ : ਰਾਗ ਬੰਦਿਸ਼-ਸੰਕੇਤ

ੲ. ਸੋਹਿਲਾ : ਬਾਣੀ ਸਿਰਲੇਖ

ਸ. ਮਹਲਾ ੧ : ਬਾਣੀਕਾਰ ਸੰਕੇਤ

ਇਹ ਤਰਤੀਬ ਇਸ ਤੋਂ ਪਹਿਲਾ ਅੰਕਿਤ 'ਸੋਦਰੁ' ਬਾਣੀ ਵਾਲੀ ਹੈ। ਇਸ ਬਾਣੀ-ਰਚਨਾ ਦੇ ਰੂਪ-ਪ੍ਰਬੰਧ ਨੂੰ ਸਮਝਣ ਲਈ ਇਸ ਦੀ ਰਚਨਾ ਨੂੰ ਵਾਚਣਾ ਉਚਿਤ ਪ੍ਰਤੀਤ ਹੁੰਦਾ ਹੈ—

1. ਰਾਗ ਗਉੜੀ ਦੀਪਕੀ ਮਹਲਾ ੧
   ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ
   ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣ ਹਾਰੋ (10 ਪੰਕਤੀਆਂ)

2. ਰਾਗ ਆਸਾ ਮਹਲਾ ੧
   ਛਿਅ ਘਰ ਛਿਅ ਗੁਰ ਛਿਅ ਉਪਦੇਸ।
   ਗੁਰ ਗੁਰ ਏਕੋ ਵੇਸ ਅਨੇਕ। (7 ਪੰਕਤੀਆਂ)

3. ਰਾਗ ਧਨਾਸਰੀ ਮਹਲਾ ੧
   ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
   ਧੂਪੁ ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।
   (13 ਪੰਕਤੀਆਂ)

4. ਰਾਗ ਗਉੜੀ ਪੂਰਬੀ ਮਹਲਾ ੪
   ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੈ।
   ਪੂਰਬਿ ਲਿਖਤ ਲਿਖੇ ਗੁਰੂ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੈ।
   (10 ਪੰਕਤੀਆਂ)

5. ਰਾਗ ਗਉੜੀ ਪੂਰਬੀ ਮਹਲਾ ੫



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ।

ਈਹਾ ਖਾਟਿ ਚਲਹੁ ਹਰਿਲਾਹਾ ਆਗੈ ਬਸਨੁ ਸੁਹੇਲਾ । (10 ਪੰਕਤੀਆਂ)

ਅੰਤ ਵਿਚ, ਸਾਰ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸੰਗ੍ਰੀਹਤ-ਰੂਪਾਂ ਦਾ ਨਵੇਕਲਾ ਰੂਪ ਇਨ੍ਹਾਂ ਦੇ ਸੰਕਲਨ ਵਿਚੋਂ ਪਛਾਣਿਆ ਜਾ ਸਕਦਾ ਹੈ । ਇਨ੍ਹਾਂ ਰਚਨਾਵਾਂ ਵਿਚ ਇਕ ਤੋਂ ਵਧੀਕ ਬਾਣੀਕਾਰਾਂ ਦੀ ਬਾਣੀ ਹੈ । ਇਨ੍ਹਾਂ ਵਿਚ ਰਾਗ ਬੰਦਿਸ਼ ਦੇ ਸੰਕੇਤ ਮੌਜੂਦ ਹਨ । ਇਨ੍ਹਾਂ ਦਾ ਰੂਪ-ਪ੍ਰਬੰਧ ਪਦਿਆਂ ਵਾਲਾ ਹੈ । ਲਗਭਗ ਹਰ ਸ਼ਬਦ ਵਿਚ ਰਹਾਉ ਮੌਜੂਦ ਹੈ । ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਬੱਧ ਬਾਣੀ ਦਾ ਵਿਸ਼ੇਸ਼ ਭਾਗ ਪਦਾ-ਰੂਪ ਵਿਚ ਪੇਸ਼ ਹੋਇਆ ਹੈ ਜਿਸ ਵਿਚ ਗੁਰੂ ਸਾਹਿਬਾਨ ਨੇ ਰਚਨਾ ਕੀਤੀ ਹੈ। ਇਹ ਪਦਾ-ਰੂਪ ਸੰਗ੍ਰੀਹਤ ਰੂਪਾਂ ਵਿਚੋਂ ਸਰੂਪ ਧਾਰਦਾ ਹੈ । ਇਨ੍ਹਾਂ ਪਦਿਆਂ ਅਥਵਾ ਬਾਣੀ ਪਦਿਆਂ ਦੀ ਰੂਪ-ਬਣਤਰ ਪਦਾ-ਪ੍ਰਬੰਧ ਦੀ ਅਨੁਸਾਰੀ ਹੈ । ਫ਼ਰਕ ਕੇਵਲ ਇਤਨਾ ਹੈ ਉਥੇ ਇਹ ਰਾਗ ਵਿਸ਼ੇਸ਼ ਦੀ ਬੰਦਿਸ਼ ਵਿਚ ਬਾਣੀਕਾਰਾਂ ਦੀ ਕ੍ਰਮ-ਸੰਖਿਆ ਵਿਚ ਬੰਨ੍ਹੀਜ ਕੇ ਪੇਸ਼ ਹੁੰਦੇ ਹਨ ਤੇ ਇਥੇ ਇਹ ਬਾਣੀ-ਵਿਸ਼ੇਸ਼ ਦੇ ਅੰਤਰਗਤ ਰੂਪਮਾਨ ਹੋਏ ਹਨ । ਉਂਞ ਰਹਰਾਸਿ ਅਤੇ ਸੋਹਿਲਾ ਦੀ ਆਪਣੀ ਨਿਵੇਕਲੀ ਪਛਾਣ ਗਾਇਬ ਹੈ ।

'ਸੋਹਿਲਾ' ਦਰਅਸਲ ਇਕ ਲੋਕ ਰੂਪ ਹੈ, ਲੋਕ ਰੂਪ ਦੇ ਪੱਖੋਂ ਇਸਦੀ ਵਿਚਾਰ ਅੱਗੇ ਚਲਕੇ ਗੁਰੂ ਗ੍ਰੰਥ ਸਾਹਿਬ ਦੇ ਲੋਕ-ਰੂਪ ਭਾਗ ਵਿਚ ਕੀਤੀ ਜਾਵੇਗੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਾਹਿਤਕ ਰੂਪ

ਸੰਕੇਤ ਕੀਤਾ ਜਾ ਚੁੱਕਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਹਿਤਕ ਰੂਪ ਆਪਣੀ ਵਿਲੱਖਣ ਨੁਹਾਰ ਦੇ ਧਾਰਣੀ ਹਨ। ਇਨ੍ਹਾਂ ਵਿਚਲੀ ਵਸਤੂ-ਸਾਮਗ੍ਰੀ ਨੂੰ ਕਿਸੇ ਇਕ ਰੂਪ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ। ਤਾਂ ਵੀ ਇਨ੍ਹਾਂ ਰੂਪਾਂ ਦੀ ਬਾਹਰਲੀ ਬਣਤਰ ਕਰਕੇ ਇਨ੍ਹਾਂ ਦਾ ਵੱਖਰਾ ਮੁਹਾਂਦਰਾ ਪਛਾਣਿਆ ਜਾ ਸਕਦਾ ਹੈ। ਸਾਹਿਤਕ ਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ—

ੳ. ਪਦਾ

ਅ. ਅਸਟਪਦੀ

ੲ. ਵਾਰਾਂ

ਸ. ਪਉੜੀਆਂ

ਹ. ਸਲੋਕ

ਕ. ਕਾਫ਼ੀ

ਖ. ਬਾਵਨ ਅੱਖਰੀ

ਗ. ਪਟੀ

ਘ. ਸਿਧਗੋਸਟਿ

ਙ. ਸੋਲਹੇ

ਰਚਨਾ ਮਿਸ਼ਰੇ ਦੇ ਸਿਰਲੇਖ ਤੇ ਬਾਹਰਲੀ ਬਣਤਰ ਉੱਤੇ ਧਿਆਨ ਕੇਂਦਰਿਤ ਕਰਦੇ ਹੋਏ ਇਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ੳ. ਮਾਤਰਾ ਬੋਧੀ : ਸਲੋਕ (ਦੁਤੁਕੇ) ਪਦਾ (ਦੁਤੁਕੇ, ਤਿਤੁਕੇ, ਚਉਤੁਕੇ ਆਦਿ)
ਅਸਟਪਦੀ—ਅਠ ਬੰਦਾਂ ਵਾਲੀ ਰਚਨਾ
ਸੋਲਹੇ—ਸੋਲਾਂ ਬੰਦਾਂ ਵਾਲੀ ਰਚਨਾ

ਅ. ਵਰਣ ਬੋਧੀ : ਬਾਵਨ ਅੱਖਰੀ, ਪਟੀ

ੲ. ਸੰਬਾਦ ਬੋਧੀ : ਸਿਧ ਗੋਸ਼ਟਿ

ਸ. ਚਿੰਤਨ ਬੋਧੀ : ਵਾਰਾਂ, ਪਉੜੀਆਂ, ਕਾਫ਼ੀ ਆਦਿ।

ਗੁਰੂ ਗ੍ਰੰਥ ਸਾਹਿਬ ਦਾ ਵਡੇਰਾ ਭਾਗ ਰਾਗਬੱਧ ਹੈ। ਰਾਗਬੱਧ ਬਾਣੀ ਵਿਚ ਪਦਾ-ਰੂਪ ਨੂੰ ਪਹਿਲ ਪ੍ਰਾਪਤ ਹੈ। ਉਪਰ ਸੰਕੇਤਕ ਰਚਨਾ-ਰੂਪਾਂ ਨੂੰ ਲਗਭਗ ਉਸੇ ਕ੍ਰਮ ਵਿਚ ਰੱਖ ਕੇ ਵਿਚਾਰਨ ਦਾ ਉਪਰਾਲਾ ਕੀਤਾ ਗਿਆ ਹੈ ਜੋ ਸਥਾਨ ਉਸ ਰੂਪ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ। ਉਪਰ ਅੰਕਿਤ ਵੰਡ ਤਾਂ ਕੇਵਲ ਸਮਝਣ ਦੇ ਸੌਖ ਲਈ ਕੀਤੀ ਗਈ ਹੈ। ਤੇ ਰੂਪ ਵਿਸ਼ੇਸ਼ ਨੂੰ ਵਿਚਾਰਦੇ ਸਮੇਂ ਉਸਦਾ ਸੰਕੇਤ ਵੀ ਕਰ ਦਿਤਾ ਗਿਆ ਹੈ। ਹਾਲ ਦੀ ਘੜੀ ਰੂਪ ਵਿਸ਼ੇਸ਼ ਦਾ ਅਧਿਐਨ ਪੇਸ਼ ਹੈ। ਕਾਲ-ਕ੍ਰਮ ਅਨੁਸਾਰ ਪਦਾ-ਰੂਪ ਦੀ ਵਰਤੋਂ ਸਰਬ ਪ੍ਰਥਮ ਬਾਬਾ ਫਰੀਦ ਜੀ ਨੇ ਬਾਰਵੀਂ ਸਦੀ ਵਿਚ ਕੀਤੀ। ਹੋਰ ਸੰਤ-ਭਗਤਾਂ ਨੇ ਵੀ ਇਸ ਰੂਪ ਨੂੰ ਅਪਣਾਇਆ। ਉਦਾ-ਹਰਣ ਹਾਜ਼ਰ ਹਨ—

## ਪਦਾ-ਰੂਪ

ੳ. **ਸ਼ੇਖ ਫ਼ਰੀਦ—**

ਸੂਹੀ ਲਲਿਤ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥
ਹਥੁ ਨ ਲਾਇ ਕਸੁੰਭੜੇ ਜਲਿ ਜਾਸੀ ਚੋਲਾ ।ਰਹਾਉ।
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ।
ਦੁਧਾ ਬਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥
ਕਹੈ ਫ਼ਰੀਦੁ ਸਹੇਲੀਹੋ ਸਹੁ ਅਲਾਏਸੀ।
ਹੰਸੁ ਚਲਸੀ ਡੂੰਮਣਾ ਅਹਿ ਤਨ ਢੇਰੀ ਥੀਸੀ ॥੩॥੨॥ ਪੰਨਾ ੭੯੪

ਅ. **ਭਗਤ ਕਬੀਰ**

**ਸੂਹੀ ਕਬੀਰ ਜੀ**

ਥਰਹਰ ਕੰਪੈ ਬਾਲਾ ਜੀਉ।
ਨਾ ਜਾਨਉ ਕਿਆ ਕਰਸੀ ਪੀਉ ॥੧॥
ਰੈਨਿ ਗਈ ਮਤ ਦਿਨੁ ਭੀ ਜਾਇ।
ਭਵਰ ਗਏ ਬਗ ਬੈਠੇ ਆਇ ॥ਰਹਾਉ॥
ਕਾਚੈ ਕਰਵੈ ਰਹੈ ਨਾ ਪਾਨੀ।
ਹੰਸੁ ਚਲਿਆ ਕਾਇਆ ਕੁਮਲਾਨੀ ॥੨॥
ਕੁਆਰ ਕੰਨਿਆ ਜੈਸੈ ਕਰਤ ਸੀਗਾਰਾ।
ਕਿੰਉ ਰਲੀਆ ਮਾਨੈ ਬਾਝੁ ਭਤਾਰਾ ॥੩॥
ਕਾਗ ਉਡਾਵਤ ਭੁਜਾ ਪਿਰਾਨੀ।
ਕਹਿ ਕਬੀਰ ਇਹ ਕਥਾ ਸਿਰਾਨੀ ॥੪॥ ਪੰਨਾ ੭੯੨

ਜ਼ਾਹਿਰ ਹੈ, ਮਧਕਾਲ ਵਿਚ ਪਦਾ-ਰੂਪ ਬਾਣੀਕਾਰਾਂ ਦਾ ਸਰਵ ਪ੍ਰਵਾਨਿਤ ਮਾਧਿਅਮ ਰਿਹਾ ਹੈ। ਪਦਾ-ਰੂਪ ਵਿਚ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਨੇ ਵੀ ਬਾਣੀ-ਸਿਰਜਣਾ ਕੀਤੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਪਹਿਲਾਂ ਪਦਾ-ਰੂਪ ਬਾਰੇ ਗੱਲ ਕੀਤੀ ਜਾਵੇ ਕਿਉਂਕਿ ਪਦਾ ਪ੍ਰਗੀਤ-ਕਾਵਿ ਦਾ ਹੀ ਇਕ ਰੂਪ ਹੈ ਇਸ ਲਈ ਪ੍ਰਗੀਤ ਸੰਰਚਨਾ, ਪ੍ਰਗੀਤ ਅਤੇ ਮੁਕਤਕ ਕਾਵਿ ਦਾ ਅੰਤਰ-ਨਿਖੇੜ ਕਰ ਲੈਣਾ ਉਚਿਤ ਪ੍ਰਤੀਤ ਹੁੰਦਾ ਹੈ।

**ਪ੍ਰਗੀਤ-ਸੰਰਚਨਾ—**

ਕਿਸੇ ਆਂਤਰਿਕ ਭਾਵ ਦੀ ਤੀਬਰ ਆਵੇਗ ਮੁੱਖ ਪੇਸ਼ਕਾਰੀ ਕਰਨਾ ਪ੍ਰਗੀਤ ਦੀ ਪ੍ਰਕਿਰਤੀ ਹੈ। ਵਿਸ਼ੇਸ਼ ਮਨੋਦਸ਼ਾ ਦਾ ਚਿਤ੍ਰਣ ਬਿੰਬਾਤਮਕ ਸ਼ਬਦਾਵਲੀ ਰਾਹੀਂ ਰੂਪਮਾਨ ਕਰਨਾ ਪ੍ਰਗੀਤ ਲਈ ਬੜਾ ਸਹਿਜ ਹੈ। ਪ੍ਰੇਰਕ-ਅਨੁਭੂਤੀ ਦੀ ਅਖੰਡਤਾ ਕਵੀ ਨੂੰ ਅੰਤਰਮੁਖੀ ਬਣਾ ਦੇਂਦੀ ਹੈ ਜਿਸ ਕਰਕੇ ਪ੍ਰਗੀਤ ਆਪਣੀ ਸਿਰਜਣ-ਪ੍ਰਕਿਰਿਆ ਵਿਚ ਕਈ ਤਰ੍ਹਾਂ ਦੇ ਉਤਰਾ ਚੜ੍ਹਾ ਤਾਂ ਪ੍ਰਕਾਸ਼ਮਾਨ ਕਰਦਾ ਹੈ ਪਰ ਉਸ ਵਿਚ ਭਾਵ-ਵਿਵਿਧਤਾ ਨਹੀਂ ਆਉਂਦੀ। ਇਕੋ ਹੀ ਭਾਵ ਦੀ ਪੇਸ਼ਕਾਰੀ ਲਈ ਅਨੇਕ ਖੰਡ-ਚਿੱਤ੍ਰਾਂ ਦਾ ਅੰਕਣ ਤਾਂ ਕੀਤਾ ਜਾਂਦਾ ਹੈ ਪਰ ਮੂਲ-ਭਾਵਨਾ ਇਕੋ ਹੀ ਰਹਿੰਦੀ ਹੈ ਤੇ ਇਹੀ ਪ੍ਰਗੀਤ ਦਾ ਕੇਂਦਰ-ਬਿੰਦੂ ਹੁੰਦੀ ਹੈ। ਮੂਲ-ਭਾਵਨਾ ਦੇ ਸੰਘਣੇ ਪਰ ਅਨੇਕ ਮੁਖ ਦੁਹਰਾਉ ਕਾਰਣ ਜਾਂ ਬਹੁ ਪ੍ਰਕਾਰੀ ਪ੍ਰੇਰਕਾਂ ਦੇ ਨਤੀਜੇ ਵਜੋਂ ਪ੍ਰਗੀਤ-ਬਿਰਤੀ ਪ੍ਰਧਾਨ ਵੀ ਹੋ ਗਿਆ ਹੈ ਜਿਹਾ ਕਿ ਭਗਤੀ-ਪ੍ਰਧਾਨ, ਦੇਸ਼ ਭਗਤੀ-ਪ੍ਰਧਾਨ, ਰੋਮਾਂਟਿਕ ਜਾਂ ਰਹੱਸ-ਪ੍ਰਧਾਨ ਆਦਿ। ਕੁਲ ਮਿਲਾ ਕੇ, ਪ੍ਰਗੀਤ-ਬਿਰਤੀ ਦਾ ਨਿਰਮਾਣ ਕਰਨ ਵਿਚ ਪ੍ਰੇਰਕ-ਅਨੁਭੂਤੀ ਦਾ ਮਹੱਤਵਪੂਰਣ ਰੋਲ ਹੈ।

ਪ੍ਰਗੀਤ ਵਿਚ ਪ੍ਰੇਰਕ-ਅਨੁਭੂਤੀ ਦੇ ਪ੍ਰਕਾਸ਼ਪ੍ਰਵਾਹ ਨੂੰ ਤਿੰਨ ਮੁਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ, ਕੋਈ ਦਮਿਤ ਭਾਵ ਪ੍ਰੇਰਕ ਭਾਵਨਾ ਦੁਆਰਾ ਵਿਚਲਿਤ ਹੁੰਦਾ ਹੈ। ਦੂਜਾ, ਇਹ ਵਿਚਲਿਤਾ ਇਕ ਖ਼ਾਸ ਤਰ੍ਹਾਂ ਦੀ ਅਨੁਕਿਰਿਆ ਨੂੰ ਜਨਮ ਦੇਂਦੀ ਹੈ। ਫਲਸਰੂਪ, ਸਿਰਜਣ-ਪ੍ਰਕਿਰਿਆ ਇਕ ਤੀਬਰ ਮਨੋਦਸ਼ਾ ਨੂੰ ਪੇਸ਼ ਕਰਨ ਦੇ ਸਮਰੱਥ ਹੁੰਦੀ ਹੈ। ਤੀਜਾ, ਚਰਮ ਸੀਮਾ ਉਪਰ ਪੁੱਜੀ ਭਾਵਨਾ ਫੁੱਟ ਕੇ ਨਿਕਲਣ ਤੋਂ ਬਾਅਦ ਮੋੜਾ ਖਾਂਦੀ ਹੈ ਤੇ ਆਪਣੀ ਸਹਿਜ-ਸਾਧਾਰਣ ਅਵਸਥਾ ਵਿਚ ਆ ਜਾਂਦੀ ਹੈ।

ਪਹਿਲੇ ਖੰਡ ਵਿਚ ਦਮਿਤ-ਭਾਵ ਜਦੋਂ ਵਿਚਲਿਤ ਹੁੰਦਾ ਹੈ ਤਾਂ ਉਸ ਨੂੰ ਰੂਪ-ਗ੍ਰਹਿਣ ਕਰਨ ਲਈ ਕਿਸੇ ਬਿੰਬ ਦੇ ਮਾਧਿਅਮ ਥਾਣੀਂ ਗੁਜ਼ਰਨਾ ਪੈਂਦਾ ਹੈ। ਇਹੀ ਉਹ ਬਿੰਦੂ ਹੈ ਜਿਥੇ ਕਾਵਿ-ਬਿੰਬ ਉਦੈ ਹੁੰਦਾ ਹੈ, ਇਹ ਪ੍ਰਤੱਖੀਕਰਣ ਦੀ ਅਵਸਥਾ ਹੈ। ਇਸ ਵਿਚ ਭਾਵ-ਤਰੰਗ ਬਿੰਬ-ਰੂਪ ਨੂੰ ਪ੍ਰਾਪਤ ਹੁੰਦੀ ਹੈ। ਪ੍ਰਗੀਤ ਦੇ ਦੂਸਰੇ ਖੰਡ ਵਿਚ ਪ੍ਰੇਰਕ ਤੋਂ ਪੈਦਾ ਹੋਣ ਵਾਲੀ ਅਨੁਕਿਰਿਆ ਨੂੰ ਸਮਝਣਾ ਵੀ ਉਚਿਤ ਹੈ। ਤੀਬਰ-ਭਾਵ-ਤਰੰਗ ਦੇ ਫੈਲਣ ਦਾ ਅਰਥ ਹੈ, ਜਦੋਂ ਮਨੋਭਾਵ ਵਿਸਤਾਰ ਗ੍ਰਹਿਣ ਕਰਦੇ ਹਨ। ਮਨੋਭਾਵ ਦੇ ਵਿਸਤਾਰ ਗ੍ਰਹਿਣ ਦਾ ਦੂਸਰਾ ਨਾਮ ਹੀ ਪ੍ਰੇਰਕ ਤੋਂ ਪੈਦਾ ਹੋਈ ਅਨੁਕਿਰਿਆ ਹੈ। ਇਸ ਅਨੁਕਿਰਿਆ ਰਾਹੀਂ ਹੀ ਭਾਵ-ਵਿਸ਼ੇਸ਼ ਬਿੰਬ-ਵਿਸ਼ੇਸ਼



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਰੂਪ ਗ੍ਰਹਣ ਕਰਦਾ ਹੈ। ਜਿਨੀਂ ਲੰਮੀ ਉਮਰ ਇਸ ਅਨੁਕਿਰਿਆਂ ਦੀ ਹੁੰਦੀ ਹੈ ਉੱਨੇ ਹੀ ਵਧੇਰੇ ਬਿੰਬ ਨਿਰਮਿਤ ਹੁੰਦੇ ਹਨ। ਧਿਆਨ ਰਹੇ, ਇਹ ਬਿੰਬ ਨਿਰਮਾਣ ਇਕੋ ਹੀ ਭਾਵ ਦੀ ਵਿਵਿਧ ਪੇਸ਼ਕਾਰੀ ਨਾਲ ਜੁੜਿਆ ਹੁੰਦਾ ਹੈ। ਪ੍ਰਗੀਤ ਦੇ ਤੀਸਰੇ ਖੰਡ ਵਿਚ ਤੀਰਥ-ਭਾਵ-ਤਰੰਗ ਆਪਣੀ ਚਰਮ ਸੀਮਾ ਤੋਂ ਸਾਧਾਰਣ ਅਵਸਥਾ ਵਿਚ ਪਰਤ ਆਉਂਦੀ ਹੈ। ਇਥੇ ਪਹੁੰਚ ਕੇ ਪ੍ਰੇਰਕ-ਉਤੇਜਨਾ ਸ਼ਾਂਤ ਹੋ ਜਾਂਦੀ ਹੈ। ਫਲਸਰੂਪ ਇਥੇ ਪਹੁੰਚ ਕੇ ਬੁੱਧੀਤੱਤ ਕਾਰਜਸ਼ੀਲ ਹੁੰਦਾ ਹੈ। ਇਹੋ ਉਹ ਬਿੰਦੂ ਹੈ, ਜਦੋਂ ਭਾਵ-ਤਰੰਗ ਵਿਚ ਪੇਸ਼ ਹੋਈ ਭਾਵਨਾ ਆਪਣੇ ਆਪ ਨੂੰ ਵਿਚਾਰ ਜਾਂ ਸਾਰ ਰੂਪ ਵਿਚ ਪੇਸ਼ ਕਰਦੀ ਹੈ। ਸੰਖੇਪ ਵਿਚ, ਪ੍ਰਗੀਤ-ਸੰਰਚਨਾ ਦੇ ਤਿੰਨ ਮੁੱਖ ਅੰਗ ਹਨ—ਪ੍ਰਤੱਖਣ, ਭਾਵਨਾ 'ਅਨੁਕਿਰਿਆ' ਅਤੇ ਸਾਰੰਸ਼। ਇਨ੍ਹਾਂ ਤਿੰਨਾਂ ਦੀ ਸੰਜੁਗਤ ਪੇਸ਼ਕਾਰੀ ਕਰਕੇ ਹੀ ਪ੍ਰਗੀਤ ਨੂੰ ਤ੍ਰਿਅੰਗੀ ਸੰਰਚਨਾ ਵੀ ਕਿਹਾ ਜਾ ਸਕਦਾ ਹੈ।

ਪ੍ਰਗੀਤ ਸੰਰਚਨਾ ਧਿਰ-ਦ੍ਰਿਸ਼ਟੀ ਤੋਂ ਵੀ ਤ੍ਰਿਅੰਗੀ ਹੈ। ਕਵੀ ਇਸ ਵਿਚ ਆਪਣੇ ਆਪ ਨੂੰ ਇਸ ਤਰ੍ਹਾਂ ਸੰਬੋਧਿਤ ਕਰਦਾ ਹੈ ਕਿ ਪਾਠਕ ਨੂੰ ਪ੍ਰਤੀਤ ਹੁੰਦਾ ਹੈ ਕਿ ਵਕਤਾ-ਸ੍ਰੋਤਾ ਆਪਸ ਵਿਚ ਇਕ ਦੂਜੇ ਨੂੰ ਕੁਝ ਕਹਿ ਸੁਣ ਰਹੇ ਹਨ। ਸਵੈ-ਵਾਰਤਾਲਾਪ ਪ੍ਰਗੀਤ ਦੀ ਜਿੰਦ ਜਾਨ ਹੈ। ਇਸ ਸਵੈ-ਵਾਰਤਾਲਾਪ ਦੀਆਂ ਦੋ ਧਿਰਾਂ ਹੁੰਦੀਆਂ ਹਨ। ਇਨ੍ਹਾਂ ਨੂੰ ਵਕਤਾ-ਸ੍ਰੋਤਾ, ਮੈਂ-ਤੂੰ, ਉਹ-ਉਹ ਧਿਰਾਂ ਦੇ ਨਾਮ ਨਾਲ ਵੀ ਸਮਝਿਆ ਜਾ ਸਕਦਾ ਹੈ। ਪਾਠਕ ਦੀ ਹੋਂਦ ਰਚਨਾ ਤੋਂ ਬਾਹਰ ਹੈ ਜਿਹਾ ਕਿ ਬਾਕੀ ਕਾਵਿ-ਰੂਪਾਂ ਵਿਚ ਵੀ ਹੁੰਦਾ ਹੈ। ਪਾਠਕ ਰਚਨਾ ਵਿਚਲੇ ਦੁਧਿਰੇ ਆਦਾਨ-ਪ੍ਰਦਾਨ ਨੂੰ ਸੁਣਦਾ ਅਤੇ ਮਾਰਦਾ ਹੈ। ਠੀਕ, ਇਸੇ ਤਰ੍ਹਾਂ ਜਿਵੇਂ ਦੋ ਪ੍ਰੇਮੀਆਂ ਦੀ ਗੱਲਬਾਤ ਕੋਈ ਜ਼ਾਹਰਾ ਨਾ ਸੁਣਕੇ ਪਿਛੋਂ ਕੰਡੀ ਸੁਣੇਂ। ਪ੍ਰਗੀਤ ਇਕ ਅਜਿਹਾ ਕਾਵਿ-ਰੂਪ ਹੈ, ਜਿਸਦਾ ਪਾਠਕ ਜਾ ਸ੍ਰੋਤਾ ਇਸ ਵਿਚਲੇ ਭਾਵਨ-ਵਿਆਪਾਰ ਨੂੰ ਅਸਿੱਧੇ ਰੂਪ ਵਿਚ ਸੁਣਦਾ ਤੇ ਮਾਣਦਾ ਹੈ। 'ਪ੍ਰੋਖ-ਸ੍ਰਵਣ' ਤੇ 'ਅਸਿੱਧੀ ਰਵਾਨਗੀ' ਪ੍ਰਗੀਤ-ਸੰਰਚਨਾ ਦਾ ਬੁਨਿਆਦੀ ਆਧਾਰ ਹੈ।

ਪ੍ਰਗੀਤ ਆਪਣੇ ਆਪ ਵਿਚ ਲਘੂ ਅਕਾਰੀ ਸੰਹਚਨਾ ਹੈ। ਪ੍ਰਗੀਤ ਦਾ ਕੋਈ ਨਿਸ਼ਚਿੰਤ ਆਕਾਰ ਆਂਕਿਆ ਵੀ ਨਹੀਂ ਜਾ ਸਕਦਾ ਹੈ। ਇਹ ਦੋ ਪੰਕਤੀਆਂ ਦਾ ਵੀ ਹੋ ਸਕਦਾ ਹੈ ਤੇ ਦਸ ਪੰਕਤੀਆਂ ਦਾ ਵੀ। ਦਰਅਸਲ, ਪ੍ਰਗੀਤ ਦੇ ਆਕਾਰ ਦਾ ਸੰਬੰਧ ਇਸ ਵਿਚ ਪੇਸ਼ ਹੋਈ ਅਖੰਡ ਅਨੁਭੂਤੀ ਨਾਲ ਕੋਈ ਸਰੋਕਾਰ ਨਹੀਂ। **ਪ੍ਰਗੀਤ ਦਾ ਸਾਰਾ ਦਾਰੋਮਦਾਰ ਏਕਾਭਾਵ ਦੀ ਅਖੰਡ ਅਨੁਭੂਤੀ ਉਪਰ ਹੈ।** ਇਸ ਵਿਚ ਇਕਹਿਰੇ ਭਾਵ, ਵਿਚਾਰ ਮਨੋ-ਸਥਿਤੀ ਜਾਂ ਸੰਕਲਪ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਬਲਕਿ ਇਕ ਮੁੱਖ ਇਕਾਗਰ ਭਾਵ-ਚੇਤਨਾ ਹੀ ਪ੍ਰਗੀਤ ਦਾ ਮਾਧਿਅਮ ਹੈ। ਤੀਬਰ ਭਾਵਵੇਗ ਜਿਤਨੀ ਦੇਰ ਤੱਕ ਰਹਿੰਦਾ ਹੈ, ਉਤਨਾ ਹੀ ਲੰਬਾ ਆਕਾਰ ਪ੍ਰਗੀਤ ਦਾ ਹੁੰਦਾ ਹੈ। ਮਨੋਭਾਵ ਦੀ ਉਤੇਜਨਾ ਮੁਕਦਿਆਂ ਹੀ ਪ੍ਰਗੀਤ-ਰਚਨਾ ਸਮਾਪਤ ਹੋ ਜਾਂਦੀ ਹੈ। ਇਸ ਤਰ੍ਹਾਂ ਉਤੇਜਿਤ ਮਨੋਭਾਵ ਦੀ ਮਿਆਦ ਹੀ ਪ੍ਰਗੀਤ ਦੀ ਮਿਆਦ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਉਤੇਜਿਤ ਮਨੋਭਾਵ ਆਮ ਤੌਰ ਤੇ ਥੜ੍ਹਾ ਚਿਰਾ ਹੁੰਦਾ ਹੈ। ਇਸ ਕਰਕੇ ਪ੍ਰਗੀਤ ਨੂੰ ਲਘੂ ਅਕਾਰੀ ਰਚਨਾ ਕਿਹਾ ਜਾਂਦਾ ਹੈ।

ਪ੍ਰਗੀਤ-ਸੰਰਚਨਾ ਦਾ ਇਕ ਹੋਰ ਮਹੱਤਵਪੂਰਣ ਲੱਛਣ ਹੈ, ਸੰਬੋਧਨ। ਇਸ ਸੰਬੋਧਨ ਦੀ ਪ੍ਰਕ੍ਰਿਤੀ ਵੀ ਸਵੈਂ ਹੀ ਹੈ। ਉਂਜ ਸਵੈ-ਸੰਬੰਧਿਤ ਰਚਨਾ ਅਚੇਤ ਹੀ ਪਰ-ਧਿਰ ਵਲ ਵੀ ਸੰਕੇਤ ਕਰਦੀ ਹੈ। ਉਪਰ ਸੰਕੇਤਕ ਵਾਰਤਾਲਾਪ ਦੀਆਂ ਦੋ ਧਿਰਾਂ ਵਾਸਤਵਿਕ ਧਿਰਾਂ ਨਾ ਹੋ ਕੇ ਕਾਵਿ-ਧਿਰਾਂ ਹਨ। ਇਸੇ ਤਰ੍ਹਾਂ ਮੈਂ ਤੂੰ ਵਾਸਤਵਿਕ ਸੰਬੋਧਨ ਨਾ ਹੋ ਕੇ ਸਵੈ-ਸੰਬੋਧਨ ਦੇ ਹੀ ਦੋ ਨਾਮ ਹਨ। ਜ਼ਾਹਿਰ ਹੈ, ਪ੍ਰਗੀਤ ਵਿਚ ਵਕਤਾ-ਸ੍ਰੋਤਾ ਧਿਰ ਤੇ ਮੈਂ-ਤੂੰ ਸੰਬੋਧਨ ਸਵੈ ਦਾ ਹੀ ਵਿਸਤਾਰ ਹੈ। ਖ਼ੁਦ ਪ੍ਰਗੀਤਕਾਰ ਲਈ ਵੀ ਪ੍ਰਗੀਤ ਦਾ ਮੁਹਾਂਦਰਾ ਨਿਸ਼ਚਿਤ ਕਰਨ ਵਿਚ ਧਿਰ ਸਿਰਜਣਾ, ਸੰਬੋਧਨ-ਵਿਧੀ, ਪ੍ਰੇਰਕ-ਅਨੁਭੂਤੀ, ਪਰਵਰਤੀ ਅਨੁਕਿਰਿਆ, ਤੀਬਰ ਭਾਵ-ਆਵੇਗ, ਫੁੱਟਣ-ਪ੍ਰਕਿਰਿਆ ਤੇ ਸ਼ਾਬਦਿਕ ਲੈਅਮੁੱਖ ਉਚਾਰਣ ਦਾ ਆਪੋ ਆਪਣਾ ਮਹੱਤਵਪੂਰਣ ਸਥਾਨ ਹੈ।

ਇਸ ਤੋਂ ਪਹਿਲਾਂ ਕੀਤੀ ਗਈ ਵਿਚਾਰ ਤੋਂ ਨਿਮਨ ਅੰਕਿਤ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ—

ੳ. ਤੀਬਰ ਭਾਵਾਵੇਗ ਨੂੰ ਬਿੰਬਾਤਮਕ ਰੂਪ ਪ੍ਰਦਾਨ ਕਰਨਾ ਪ੍ਰਗੀਤ ਦੀ ਪ੍ਰਕ੍ਰਿਤੀ ਹੈ।

ਅ. ਪ੍ਰੇਰਕ-ਅਨੁਭੂਤੀ ਦੀ ਅਖੰਡਤਾ ਪ੍ਰਗੀਤ ਦਾ ਲਾਜ਼ਮੀ ਜੁਜ਼ ਹੈ।

ੲ. ਪ੍ਰੇਰਕ ਅਨੁਭੂਤੀ ਨੂੰ ਤਿੰਨ ਅੰਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ: ਪ੍ਰਤੱਖ, ਭਾਵਨ-ਅਨੁਕਿਰਿਆ ਅਤੇ ਸਾਰੰਸ਼।

ਸ. ਧਿਰ-ਸਿਰਜਣਾ ਦੇ ਪੱਖੋਂ ਪ੍ਰਗੀਤ ਤਿਧਿਰਾ ਹੈ। ਪ੍ਰਗੀਤਕਾਰ ਖ਼ੁਦ ਆਪ ਸਵੈ ਅਲਾਪ ਰਾਹੀਂ ਦੋ ਧਿਰਾਂ ਦਾ ਸਿਰਜਣ ਕਰਦਾ ਹੈ ਮੈਂ-ਤੂੰ ਜਾਂ ਵਕਤਾ-ਸ੍ਰੋਤਾ ਇਸ ਦੀ ਤੀਸਰੀ ਧਿਰ ਰਚਨਾ ਤੋਂ ਬਾਹਰਲਾ ਪਾਠਕ ਹੈ ਜੋ ਰਚਨਾ ਵਿਚਲੇ ਭਾਵ-ਵਿਉਪਾਰ ਨੂੰ ਤੀਜੇ ਤਿਹਾਕ ਵਾਂਗ ਸੁਣਦਾ ਜਾਂ ਮਾਣਦਾ ਹੈ। ਪ੍ਰੇਖ-ਸ੍ਰਵਣ ਤੇ ਅਸਿੱਧੀ ਰਵਾਨਗੀ ਪ੍ਰਗੀਤ ਦੀ ਵਿਲੱਖਣਤਾ ਹੈ।

ਹ. ਪ੍ਰਗੀਤ ਸੰਰਚਨਾ ਵਿਚ ਸੰਬੋਧਨ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਉਪਰ ਸੰਕੇਤਿਕ ਸਵੈ ਅਲਾਪ ਹੀ ਮੈਂ-ਤੂੰ ਜਾਂ ਤੂੰ-ਤੂੰ ਜਾਂ ਉਹ-ਉਹ ਦਾ ਸੰਬੋਧਨ ਰੂਪ ਧਾਰਦਾ ਹੈ।

**ਪ੍ਰਗੀਤਕ ਦੇ ਪਛਾਣ-ਚਿਹਨ—**

ਭਾਰਤੀ ਕਾਵਿ-ਸ਼ਾਸਤਰ ਵਿਚ ਕਾਵਿ ਦੇ ਦੋ ਭੇਦ ਵਿਸ਼ੇਸ਼ ਕਰਕੇ ਸਵੀਕਾਰ ਕੀਤੇ ਗਏ ਹਨ—ਸਵੈ-ਅਨੁਭੂਤੀਮੂਲਕ ਅਤੇ ਵਿਸ਼ੇਮੂਲਕ ਕਾਵਿ। ਰੂਪ ਦੀ ਦ੍ਰਿਸ਼ਟੀ ਤੋਂ ਵੀ ਕਾਵਿ ਦੇ ਦੋ ਪ੍ਰਮੁਖ ਭੇਦ ਹਨ: ਪ੍ਰਬੰਧ ਅਤੇ ਮੁਕਤਕ। ਪਹਿਲੇ ਵਿਚ ਪ੍ਰਬੰਧ ਵਿਸ਼ੇਸ਼ ਬੰਨ੍ਹਿਆ ਬ੍ਰਿਤਾਂਤ ਹੁੰਦਾ ਹੈ। ਜਿਸ ਤਰ੍ਹਾਂ ਯੂਨਾਨ ਵਿਚ ਪਹਿਲੇ ਪਹਿਲ ਲਾਇਰ ਨਾਲ ਸਾਜ ਉਪਰ ਗਾਏ ਜਾਣ ਵਾਲੇ ਗੀਤ ਨੂੰ ਪ੍ਰਗੀਤ ਜਾਂ Lyric ਕਿਹਾ ਜਾਂਦਾ ਸੀ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੌਲੀ ਹੌਲੀ ਸਾਰੇ ਗਾਏ ਜਾਣ ਵਾਲੇ ਕਾਵਿ ਨੂੰ ਜਾਂ ਗਾਇਨ ਉੱਤ ਰੱਖਣ ਵਾਲੇ ਕਾਵਿ ਨੂੰ ਪ੍ਰਗੀਤ ਦਾ ਨਾਮ ਮਿਲਣ ਲੱਗ ਪਿਆ । ਇਸੇ ਤਰ੍ਹਾਂ ਭਾਰਤੀ ਸਾਹਿਤ ਵਿਚ ਪਹਿਲੇ ਪਹਿਲ ਗਾਇਨ ਮੁਖ ਰਚਨਾਵਾਂ ਨੂੰ ਗੀਤ ਕਿਹਾ ਜਾਂਦਾ ਸੀ ਪਰ ਹੁਣ ਗੀਤ ਕਾਵਿ ਦਾ ਘੇਰਾ ਕਾਫ਼ੀ ਵਿਸ਼ਾਲ ਹੋ ਗਿਆ ।

ਹਿੰਦੀ ਸਾਹਿਤ ਵਿਚ ਆਮ ਤੌਰ ਤੇ ਗੀਤ, ਪ੍ਰਗੀਤ ਅਤੇ ਗੀਤ-ਕਾਵਿ ਨੂੰ ਲਗਭਗ ਪ੍ਰਯਾਇ ਰੂਪ ਵਿਚ ਵਰਤਿਆ ਜਾਂਦਾ ਹੈ ਪਰ ਗਹੁ ਨਾਲ ਵਾਚਿਆਂ ਗੀਤ-ਕਾਵਿ ਦੀ ਵਰਤੋਂ Lyric ਲਈ ਅਤੇ ਗੀਤ-ਪ੍ਰਗੀਤ ਦੀ ਵਰਤੋਂ Song ਸ਼ਬਦ ਦੇ ਪ੍ਰਯਾਇ ਕਰਕੇ ਹੁੰਦੀ ਹੈ। ਪ੍ਰਗੀਤ ਸ਼ਬਦ ਗੀਤ ਦੇ ਅਗੇਤਰ 'ਪ੍ਰ' ਉਪਸਰਗ ਲਗਾ ਕੇ ਬਣਾਇਆ ਗਿਆ ਹੈ ਜਿਹਾ ਕਿ ਪ੍+ਗੀਤ='ਪ੍ਰ' ਗੀਤ ਦੇ ਅਰਥ ਨੂੰ ਨਾ ਹੀ ਵਿਸਤਾਰਦਾ ਹੈ ਤੇ ਨਾ ਹੀ ਸੰਕੋਚਦਾ । ਇਹ ਤਾਂ ਦੋ ਉਪਭੇਦਾਂ ਨੂੰ ਪਰਸਪਰ ਉਲਝਣ ਤੋਂ ਨਿਖੇੜਦਾ ਹੈ । ਜਿਸ ਤਰ੍ਹਾਂ ਗੀਤ ਇਕ ਕਾਵਿ ਰੂਪ ਹੈ, ਇਸੇ ਤਰ੍ਹਾਂ ਪ੍ਰਗੀਤ ਵੀ ਇਕ ਨਿਵੇਕਲਾ ਕਾਵਿ ਰੂਪ ਹੈ । ਅੱਜ ਗੀਤ Song ਦੇ ਅਰਥਾਂ ਵਿਚ ਤੇ ਪ੍ਰਗੀਤ Lyric ਦੇ ਅਰਥਾਂ ਵਿਚ ਸਰਬ ਪ੍ਰਵਾਣਿਤ ਹੈ। ਧਿਆਨ ਰਹੇ, ਇਸਤੋਂ ਪਹਿਲਾਂ ਪ੍ਰਗੀਤ ਦੀ ਪ੍ਰਕ੍ਰਿਤੀ ਦਾ ਨਿਖੇੜਾ ਕੀਤਾ ਜਾ ਚੁੱਕਾ ਹੈ । ਹੁਣ ਕਿਸੇ ਹੋਰ ਪਾਸੇ ਨਾ ਉਲਝ ਕੇ ਪ੍ਰਗੀਤ ਦੇ ਪਛਾਣ-ਚਿਹਨ ਨਿਸ਼ਚਿਤ ਕਰ ਲੈਣੇ ਉਚਿਤ ਪ੍ਰਤੀਤ ਹੁੰਦੇ ਹਨ ।

**ਸ਼ਾਬਦਿਕ ਲੈਅ—**

ਪ੍ਰਗੀਤ ਦੀ ਆਤਮਾ ਭਾਵ ਹੈ ਜੋ ਕਿਸੇ ਸਥਿਤੀਵਸ ਦਮਿਤ ਹੋ ਜਾਂਦਾ ਹੈ ਤੇ ਫਿਰ ਕਿਸੇ ਪ੍ਰੇਰਣਾ ਅਧੀਨ, ਜਲ-ਤਰੰਗ ਦੀ ਤਰ੍ਹਾਂ ਤੀਬਰ ਮਨੋਵੇਗ ਰਾਹੀਂ, ਆਮੁਹਾਰਾ ਪ੍ਰਗਟ ਹੋ ਜਾਂਦਾ ਹੈ । ਇਸ ਦੇ ਆਮੁਹਾਰੇ ਪ੍ਰਗਟਾ ਨੂੰ (Sprung Rhythm) ਵੀ ਕਿਹਾ ਗਿਆ ਹੈ ਜਿਸਨੂੰ 'ਫੁੱਟਣ-ਲੈਅ' ਦਾ ਨਾਮ ਵੀ ਦਿਤਾ ਜਾ ਸਕਦਾ ਹੈ । ਦੂਸਰੇ ਸ਼ਬਦਾਂ ਵਿਚ ਕੋਈ ਦਬੀ ਹੋਈ ਵਸਤੂ ਜੋ ਆਪੇ ਫੁੱਟ ਕੇ ਬਾਹਰ ਆ ਜਾਵੇ । 'ਆਮੁਹਾਰਤਾ' ਪ੍ਰਗੀਤ ਦੀ ਪ੍ਰਕ੍ਰਿਤੀ ਹੈ । ਪ੍ਰਗੀਤ ਪਲ ਭਰ ਦੇ ਤੀਬਰ ਮਨੋਵੇਗ ਦਾ ਸਿੱਟਾ ਹੈ ਜਿਸ ਨਾਲ ਕਵੀ ਦਾ ਅੰਦਰ-ਬਾਹਰ ਥਰਕ ਉਠਦਾ ਹੈ ਤੇ ਉਹ ਇਸਦੇ ਪ੍ਰਗਟਾ ਲਈ ਬੇਬਸ ਹੋ ਉਠਦਾ ਹੈ । ਇਹੋ ਉਹ ਬਿੰਦੂ ਹੈ, ਜਦੋਂ ਪ੍ਰਗੀਤ ਜਨਮ ਧਾਰਦਾ ਹੈ । ਜਨਮ ਧਾਰਣ ਦੀ ਪ੍ਰਕਿਰਿਆ ਵਿਚ ਹੀ ਪ੍ਰਗੀਤ ਇਕ ਵਿਸ਼ੇਸ਼ ਪ੍ਰਕਾਰ ਦੀ ਲੈ ਸਿਰਜਦਾ ਹੈ ਜੋ ਸੰਗੀਤ-ਲੈਅ ਅਤੇ ਕਾਵਿ-ਲੈਅ ਨਾਲੋਂ ਵੱਖਰੀ ਤਰ੍ਹਾਂ ਦੀ ਹੁੰਦੀ ਹੈ । ਇਸ ਨੂੰ 'ਸ਼ਾਬਦਿਕ ਲੈਅ' ਦੇ ਨਾਮ ਨਾਲ ਪਹਿਲੀਆਂ ਦੋਹਾਂ ਤੋਂ ਵਖਰਿਆਇਆ ਜਾ ਸਕਦਾ ਹੈ । ਇਸ ਲੈਅ ਦੀ ਪਹਿਲੀ ਪਰਤ ਵਿਚ ਬੱਚੇ ਦੀ ਕਿਲਕਾਰੀ ਵਰਗਾ ਵਾਵੇਲਾ ਹੁੰਦਾ ਹੈ ਤੇ ਦੂਜੀ ਪਰਤ ਵਿਚ ਕਿਲਕਾਰੀ ਵਰਗਾ ਮਨਮੋਹਕ ਸੁਰ ਜੋ ਬਾਰੰਬਾਰ ਦੁਹਰਾਉ ਦੀ ਪ੍ਰਕਿਰਿਆ ਥਾਣੀਂ ਰੂਪ-ਗ੍ਰਹਿਣ ਕਰਦਾ ਹੈ । ਪ੍ਰਗੀਤ ਦੀ ਲੈਅ ਸੰਜੁਗਤ ਲੈਅ ਤੋਂ ਵੱਖਰੀ ਨਹੀਂ ਪਰ ਅਦੁੱਤੀ ਹੁੰਦੀ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

**ਬਿੰਬ-ਮੁਖਤਾ—**

ਪ੍ਰਗੀਤ ਦੀ ਰਚਨਾ ਕਰਦੇ ਸਮੇਂ ਕਵੀ ਆਰੰਭ ਤੋਂ ਹੀ ਕਿਸੇ ਭਾਵ ਵਿਸ਼ੇਸ਼ ਤੋਂ ਪ੍ਰੇਰਤ ਹੁੰਦਾ ਹੈ। ਪਲ ਭਰ ਦੇ ਜਲ-ਤਰੰਗੀ-ਵੇਗ ਰਾਹੀਂ ਉਹ ਅੰਦਰੋਂ ਬਾਹਰ ਝੂੰਮ ਉਠਦਾ ਹੈ। ਫਲਸਰੂਪ, ਉਹ ਨਿੱਜ ਦ੍ਰਵਣ ਨੂੰ ਬਿੰਬ ਰੂਪ ਵਿਚ ਢਾਲ ਕੇ ਪੇਸ਼ ਕਰਦਾ ਹੈ। ਇਹ ਮੂਲ ਭਾਵ ਇਕ ਪੰਕਤੀ ਵਿਸ਼ੇਸ਼ ਵਿਚ ਰੂਪ-ਬੱਧ ਹੋ ਜਾਂਦਾ ਹੈ ਤੇ ਇਹੀ ਪੰਕਤੀ ਪ੍ਰਗੀਤ ਦਾ ਪ੍ਰਾਣ ਹੁੰਦੀ ਹੈ। ਇਸੇ ਕੇਂਦਰੀ ਪੰਕਤੀ ਰਾਹੀਂ ਬਾਕੀ ਦੀਆਂ ਪੰਕਤੀਆਂ ਅਰਥ-ਗ੍ਰਹਿਣ ਕਰਦੀਆਂ ਹਨ। ਇਸੇ ਮੂਲ ਪੰਕਤੀ ਨੂੰ ਬਾਕੀ ਦੀਆਂ ਪੰਕਤੀਆਂ ਵਿਚ ਵਿਕਸਿਤ ਕੀਤਾ ਜਾਂਦਾ ਹੈ। ਇਸ ਨੂੰ ਟੇਕ ਕਿਹਾ ਜਾ ਸਕਦਾ ਹੈ। ਇਸੇ ਦੁਆਲੇ ਸਾਰਾ ਪ੍ਰਗੀਤ ਚੱਕਰ ਕੱਢਦਾ ਹੈ। ਇਸ ਦੀ ਉੱਤਮ ਮਿਸਾਲ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਪਦੇ ਹਨ। ਰਹਾਉ ਵਾਲੀ ਪੰਕਤੀ ਇਨ੍ਹਾਂ ਪਦਿਆਂ ਦੀ ਜਿੰਦ ਜਾਨ ਹੁੰਦੀ। ਬਿੰਬਾਤਮਕ ਅਭਿਵਿਅਕਤੀ ਪ੍ਰਗੀਤ ਦੀ ਜਿੰਦ ਜਾਨ ਹੈ। ਬਿੰਬ ਪ੍ਰਤੱਖੀਕਰਣ ਤੋਂ ਬਿਨਾਂ ਤਾਂ ਪ੍ਰਗੀਤ ਰੂਪ ਹੀ ਗ੍ਰਹਿਣ ਨਹੀਂ ਕਰ ਸਕਦਾ।

**ਨਿੱਜ ਤੱਤ—**

ਪ੍ਰਗੀਤ ਵਿਅਕਤੀ ਪ੍ਰਧਾਨ ਕਾਵਿ ਦੇ ਅੰਤਰਗਤ ਆਉਂਦਾ ਹੈ ਇਸ ਵਿਚ ਨਾ ਤਾਂ ਕਥਾ ਹੁੰਦੀ ਹੈ ਤੇ ਨਾ ਹੀ ਇਸਦਾ ਦ੍ਰਿਸ਼ਟੀਕੋਣ ਵਿਸ਼ੈਪਰਕ ਹੈ। ਇਸ ਦਾ ਰਚੈਤਾ ਆਪਣੇ ਦੁਖ-ਸੁਖ, ਖ਼ੁਸ਼ੀ-ਗਮੀ, ਲਜਾ-ਗਿਲਾਨੀ, ਸਨੇਹ-ਘ੍ਰਿਣਾ, ਜਿਤ-ਹਾਰ,ਉਸਤਤ-ਨਿੰਦਾ ਆਦਿ ਨੂੰ ਪੇਸ਼ ਕਰਦੇ ਹੋਏ ਆਪਣੇ ਤੀਬਰ ਮਨੋਭਾਵਾਂ ਦਾ ਅੰਕਣ ਕਰਦਾ ਹੈ। ਇਸੇ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਨਿੱਜ ਤੱਤ ਦੀ ਪ੍ਰਧਾਨਤਾ ਰਹਿੰਦੀ ਹੈ। ਕਵੀ ਦੀ ਦ੍ਰਿਸ਼ਟੀ ਆਤਮ-ਨਿਸ਼ਠ ਹੁੰਦੀ ਹੈ। ਖ਼ਬਰੇ ਤਾਹੀਉਂ ਰਸਕਿਨ ਨੇ ਕਿਹਾ ਜੀ—"ਨਿੱਜੀ ਭਾਵਾਂ ਦੇ ਪ੍ਰਕਾਸ਼ ਦਾ ਦੂਸਰਾ ਨਾਮ ਪ੍ਰਗੀਤ ਹੈ।"

**ਭਾਵਬਹੁਲਤਾ—**

ਪ੍ਰਗੀਤ ਦੀ ਆਤਮਾ ਹੀ ਭਾਵ ਹੈ। ਇਸ ਵਿਚ ਕਵੀ ਭਾਵ ਅਨੁਕੂਲ ਲੈਅ ਵਿਚ ਆਪਣੇ ਆਤਮਨਿਸ਼ਠ ਨਿੱਜ ਨੂੰ ਪੇਸ਼ ਕਰਦਾ ਹੈ। ਪ੍ਰਗੀਤ ਹਿਰਦੇ ਦੇ ਉਸ ਗੰਭੀਰ ਪਰ ਤੀਬਰ ਭਾਵਾਵੇਸ਼ ਦਾ ਨਤੀਜਾ ਹੈ ਜੋ ਸਹਿਜ ਉਦੈ ਅਤੇ ਪ੍ਰਕ੍ਰਿਤਕ ਵੇਗ ਦੇ ਨਾਲ ਫੁੱਟਦਾ ਹੈ। ਭਾਵਨਾ ਦਾ ਇਹ ਤੀਬਰ ਵਹਾ ਹੀ ਤਾਂ ਪਾਠਕ ਨੂੰ ਰਸ ਦੇਂਦਾ ਹੈ। ਸ਼ਾਇਦ, ਇਸੇ ਲਈ ਸੰਸਕ੍ਰਿਤ ਆਚਾਰੀਆ ਵਿਸ਼ਵਨਾਥ ਨੇ 'ਰਸਾਤਮਕ ਵਾਕ' ਨੂੰ ਕਾਵਿ ਕਿਹਾ ਹੈ। ਇਹ ਇਕ ਅਜਿਹਾ ਰੂਪ ਹੈ ਜਿਸ ਵਿਚ ਸਭ ਤਰ੍ਹਾਂ ਦੇ ਭਾਵਾਂ ਦੀ ਪੇਸ਼ਕਾਰੀ ਕੀਤੀ ਜਾ ਸਕਦੀ ਹੈ। ਭਾਵ-ਪ੍ਰਕ੍ਰਿਤੀ ਦੀ ਦ੍ਰਿਸ਼ਟੀ ਤੋਂ ਪ੍ਰਗੀਤ ਭਾਵਾਂ ਦੀ ਵੰਨਸਵੰਨਤਾ ਨੂੰ ਪੇਸ਼ ਕਰਤ ਲਈ ਸਮਰੱਥ ਹੈ। ਭਾਵ-ਸਮਤਾ, ਭਾਵ-ਭਿੰਨਤਾ, ਭਾਵ-ਵਿਸ਼ਮਤਾ, ਭਾਵ-ਵਿਰੋਧਤਾ ਨੂੰ ਰੂਪਮਾਨ ਕਰਨ ਲਈ ਪ੍ਰਗੀਤ ਅਦੁੱਤੀ ਕਾਵਿ-ਰੂਪ ਹੈ।

**ਆਤਮ ਦ੍ਰਵਣ—**

ਪ੍ਰਗੀਤ ਸ਼ੁੱਧ ਭਾਵ ਦੀ ਵਸਤ ਹੋਣ ਕਰ ਕੇ ਹਿਰਦੇ ਨੂੰ ਛੂਹ ਜਾਣ ਦੀ ਸ਼ਕਤੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੱਖਦੇ ਹੋ। ਕਵੀ ਜਦੋਂ ਦੁੱਖ-ਸੁੱਖ ਆਤਮਕ ਅਨੁਭੂਤੀ ਨੂੰ ਹਿਰਦੇ ਵੇਧਕ ਬਿੰਬਾਂ ਰਾਹੀਂ ਪ੍ਰਕਾਸ਼ਮਾਨ ਕਰਦਾ ਹੈ ਤਾਂ ਕਵੀ ਵੀ ਸਹਿਜ ਆਂਤ੍ਰਿਕ ਪ੍ਰੇਰਣਾ ਇਤਨੀ ਬਲਵਾਨ ਤੇ ਸੰਘਣੀ ਹੁੰਦੀ ਹੈ ਕਿ ਕਵੀ ਭਾਵਾਂ ਦੀ ਸੀਮਾ ਨੂੰ ਪਾਰ ਨਹੀਂ ਕਰ ਸਕਦਾ। ਫਲਸਰੂਪ, ਭਾਵਾਂ ਦੇ ਸੰਸਕਾਰਾਂ ਵਿਚੋਂ ਦ੍ਰਵਣ-ਤੱਤ ਪਾਠਕਾਂ ਜਾਂ ਸ੍ਰੋਤੇ ਨੂੰ ਧੁਰ ਅੰਦਰ ਤਕ ਹਲੂਣ ਜਾਂਦਾ ਹੈ। ਇਹ ਆਤਮ ਦ੍ਰਵਣ ਦੀ ਅੰਤਰਧਾਰਾ ਦਾ ਹੀ ਪ੍ਰਤਾਪ ਹੈ। ਪਾਠਕ ਜਾਦੂਵਤ ਕੀਲਿਆ ਹੋਇਆ ਸੁਪਨ-ਸੰਸਾਰ ਵਿਚ ਪਹੁੰਚ ਜਾਂਦਾ ਹੈ। ਇਹ **ਚਿੱਤ-ਦ੍ਰਵਣ ਹੀ ਅਖੀਰ ਪ੍ਰਗੀਤ-ਰਸ ਬਣ ਨਿਬੜਦਾ ਹੈ। 'ਸੁਹਜਾਤਮਕ-ਭੰਗ' ਚਿੱਤ-ਦ੍ਰਵਣ ਦਾ ਦੂਸਰਾ ਨਾਮ ਹੈ ਤੇ ਇਹੀ ਰਸ-ਨਿਸ਼ਪਤੀ ਦਾ ਪ੍ਰਮੁਖ ਸ੍ਰੋਤ ਹੈ।**

## ਗਾਇਨਤੱਤ—

ਪ੍ਰਗੀਤ ਆਪਣੇ ਆਕਾਰ ਵਿਚ ਛੋਟੀ ਪਰ ਗੰਭੀਰ ਰਚਨਾ ਹੈ। ਸੰਗੀਤ ਇਸ ਦਾ ਲਾਜ਼ਮੀ ਜੁਜ਼ ਹੈ। ਉੱਤਮ ਕਵਿਤਾ ਸੰਗੀਤਮਈ ਹੁੰਦੀ ਹੈ। ਪਰ ਇਸਦਾ ਇਹ ਅਰਥ ਕਦਾਚਿਤ ਨਹੀਂ ਕਿ ਇਹ ਸੁਰ-ਲੈਅ ਦੀ ਨੇਮ-ਬੱਧ ਹੁੰਦੀ ਹੈ। ਦਰਅਸਲ, ਇਹ ਸਰੋਦੀ ਅੰਸ਼ ਨਾਲ ਭਰੀ ਪੂਰੀ ਹੁੰਦੀ ਹੈ। ਇਹ ਅੰਸ਼ ਸ਼ਬਦਾਂ ਨਾਲ ਵੀ ਪੈਦਾ ਕੀਤਾ ਜਾ ਸਕਦਾ ਹੈ ਤੇ ਲੈਅ ਨਾਲ ਵੀ। ਪਹਿਲੇ ਪਹਿਲ ਗੀਤ ਵੀਣਾ ਉੱਤੇ ਗਾਏ ਜਾਣ ਲਈ ਹੀ ਲਿਖਿਆ ਜਾਂਦਾ ਸੀ। ਹੁਣ ਇਹ ਸਥੂਲਤਾ ਤੋਂ ਸੂਖਮਤਾ ਵਲ ਜਾ ਰਿਹਾ ਹੈ। ਪ੍ਰਗੀਤ ਦੀ ਆਂਤਰਿਕ ਲੈਅ ਹੀ ਇਸ ਵਿਚਲਾ 'ਸੰਗੀਤ-ਤੱਤ' ਹੈ। ਪ੍ਰਗੀਤ ਵਿਚ ਗਾਇਨ ਤੱਤ ਬਾਹਰੀ ਸਾਮਗ੍ਰੀ ਅਥਵਾ ਸਾਜ਼ਾਂ ਦਾ ਸਾਥ ਛੱਡ ਕੇ ਸ਼ਬਦਾਂ ਦੀ ਧੁਨੀ ਵਿਚ ਵਸੇ ਸੁਰ-ਤਾਲ ਨਾਲ ਜੁੜ ਜਾਂਦਾ ਹੈ। ਪ੍ਰਗੀਤ ਦੇ ਨਿਬਾਹ ਵਿਚ ਪ੍ਰਵਾਹ ਹੋਣਾ ਚਾਹੀਦਾ ਹੈ। ਸ਼ਬਦ ਇਕ ਦੂਜੇ ਵਿਚ ਪਰੁਚੇ ਹੋਏ ਤਰਲ ਪ੍ਰਵਾਹ ਵਾਂਗ ਅਗਿਉਂ ਹੀ ਅੱਗੇ ਅਰਥ ਵਿਸਤਾਰ ਕਰਦੇ ਜਾਣ। ਸੰਖੇਪ ਵਿਚ, ਪ੍ਰਵਾਹਮਈ ਸ਼ੈਲੀ 'ਪ੍ਰਗੀਤ' ਵਿਚ ਮਹੱਤਵਪੂਰਣ ਸਥਾਨ ਰੱਖਦੀ ਹੈ। ਪ੍ਰਵਾਹ ਜਿਸਦੇ ਵਹਿਣ ਵਿਚ ਨਿਰੋਲ ਆਪਣੀ ਹੀ ਕਿਸਮ ਦਾ ਸੰਗੀਤ ਹੁੰਦਾ ਹੈ।

## ਧਿਰਯੁਕਤ—

ਪ੍ਰਗੀਤ ਦੀ ਸੰਰਚਨਾ ਵਿਚ ਵਕਤਾ-ਸ੍ਰੋਤਾ ਦੋ ਧਿਰਾਂ ਹਮੇਸ਼ਾ ਹੁੰਦੀਆਂ ਹਨ। ਵਕਤਾ ਭਾਵੇਂ ਸ੍ਰੋਤਾ ਨੂੰ ਸੰਬੋਧਿਤ ਨਹੀਂ ਹੁੰਦਾ ਤਾਂ ਵੀ ਮਾਲੂਮ ਕੀਤਾ ਜਾ ਸਕਦਾ ਹੈ ਕਿ ਵਕਤਾ-ਧਿਰ ਤੇ ਸ੍ਰੋਤਾ-ਧਿਰ ਨਾਲ ਭਾਵ ਪ੍ਰਕਾਸ਼ਣ ਦੀ ਪ੍ਰਕਿਰਿਆ ਵਿਚ ਕਿਸ ਤਰ੍ਹਾਂ ਦੀ ਡੂੰਘਿਆਈ, ਮਾਰਮਿਕਤਾ ਅਥਵਾ ਚਿੱਤ-ਦ੍ਰਵਤਾ ਦਾ ਸੰਚਾਰ ਕੀਤਾ ਹੈ। ਰਚਨਾ ਤੋਂ ਬਾਹਰ ਬੈਠਾ ਪਾਠਕ ਰਚਨਾ ਵਿਚਲੇ ਸੰਚਾਰ ਨੂੰ ਤੀਜੇ ਤਿਹਾਕ ਵਾਂਗ ਪਰੋਖ ਰੂਪ ਵਿਚ ਸੁਣਦਾ ਮਾਣਦਾ ਹੈ। ਧਿਆਨ ਰਹੇ, ਰਚਨਾ ਵਿਚਲੇ ਵਕਤਾ-ਸ੍ਰੋਤਾ ਦੇ ਸੰਬਾਦ ਜਾਂ ਰਚਨਾ ਤੋਂ ਪ੍ਰਾਪਤ ਅਰਥ-ਸੰਚਾਰ ਹੀ ਰਚਨਾ ਤੋਂ ਬਾਹਰ ਬੈਠੇ ਪਾਠਕ ਦੇ ਚਿੱਤ ਦ੍ਰਵਣ ਦਾ ਕਾਰਣ ਬਣਦਾ ਹੈ। ਧਿਰ-ਸਿਰਜਣਾ ਪ੍ਰਗੀਤ ਦਾ ਲਾਜ਼ਮੀ ਗੁਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੱਛਣ ਹੈ। ਇਸ ਦਾ ਦੀਦਾਰ ਮੱਧਕਾਲੀ ਪ੍ਰਗੀਤਾਂ ਵਿਚੋਂ ਵੀ ਹੋ ਸਕਦਾ ਹੈ (ਗੁਰਬਾਣੀ ਦੇ ਪਦੇ) ਅਤੇ ਆਧੁਨਿਕ ਕਾਲ ਦੀਆਂ ਪ੍ਰਗੀਤ ਰਚਨਾਵਾਂ ਵਿਚੋਂ ਵੀ।

**ਲਘੂ ਆਕਾਰ—**

ਇਸ ਦਾ ਵਰਣਨ ਪ੍ਰਗੀਤ ਸੰਰਚਨਾ ਵਿਚ ਹੋ ਚੁੱਕਾ ਹੈ।

ਸੰਖੇਪ ਵਿਚ, ਪ੍ਰਗੀਤ ਦੇ ਪ੍ਰਮੁੱਖ ਪਛਾਣ-ਚਿਨ੍ਹ ਇਸ ਪ੍ਰਕਾਰ ਹਨ—

ੳ. ਪ੍ਰਗੀਤ, ਰਚਨਾ ਵਿਚ ਇਕ ਖ਼ਾਸ ਤਰ੍ਹਾਂ ਦੀ ਲੈਅ ਹੁੰਦੀ ਹੈ ਜਿਸਨੂੰ 'ਸ਼ਾਬਦਿਕ ਲੈਅ-ਮੁੱਖ ਉਚਾਰਣ ਦੀ ਸੰਗਿਆ ਦਿੱਤੀ ਜਾ ਸਕਦੀ ਹੈ।

ਅ. ਬਿੰਬ ਮੁਖਤਾ ਪ੍ਰਗੀਤ ਦੀ ਪ੍ਰਕ੍ਰਿਤੀ ਹੈ। ਬਿੰਬਾਤਮਕ ਪ੍ਰਤੱਖੀਕਰਣ ਤੋਂ ਬਿਨਾਂ ਪ੍ਰਗੀਤ ਰੂਪ ਗ੍ਰਹਿਣ ਨਹੀਂ ਕਰ ਸਕਦਾ।

ੲ. ਪ੍ਰਗੀਤ ਵਿਅਕਤੀਮੂਲਕ ਭਾਵਾਂ ਨਾਲ ਸੰਪੰਨ ਹੁੰਦਾ ਹੈ। ਕਵੀ ਦੀ ਦ੍ਰਿਸ਼ਟੀ ਪਰਨਿਸ਼ਠ ਹੋਣ ਦੀ ਬਜਾਏ ਆਤਮਨਿਸ਼ਠ ਹੁੰਦੀ ਹੈ।

ਸ. ਪ੍ਰਗੀਤ ਦੀ ਪ੍ਰਕ੍ਰਿਤੀ ਬੰਧਨ-ਮੁਕਤ ਹੈ। ਇਹ ਵੰਨਸੁਵੰਨ ਭਾਵਾਂ ਦੀਆਂ ਰੀਮਾਂ, ਬੀਮਾਂ ਨੂੰ ਇਕੋ ਥਾਵੇਂ ਪ੍ਰਗਟਾਉਣ ਦੇ ਅਸਮਰੱਥ ਹੈ। ਉਂਞ ਭਾਵਬਹੁਲਤਾ ਪ੍ਰਗੀਤ ਦੀ ਕੰਗਰੋੜ ਹੈ। ਤੀਬਰ ਭਾਵ ਆਵੇਸ਼ ਦਾ ਸਹਿਜ ਉਦੇ ਕਰਨਾ ਇਸਦਾ ਖ਼ਾਸਾ ਹੈ। ਪ੍ਰਗੀਤ ਸ਼ੁਧ ਭਾਵ ਦੀ ਵਸਤ ਹੋਣ ਕਰਕੇ ਹਿਰਦੇ ਨੂੰ ਥਰਕਾ ਜਾਂਦਾ ਹੈ। ਇਸ ਵਿਚਲਾ ਸੁਹਜਾਤਮਕ ਡੰਗ ਹੀ ਚਿੱਤ-ਦ੍ਰਵਣ ਦਾ ਕਾਰਨ ਹੁੰਦਾ ਹੈ।

ਹ. ਗਾਇਨ ਤੱਤ ਪ੍ਰਗੀਤ ਦੀ ਜਿੰਦ ਜਾਨ ਹੈ। ਪ੍ਰਗੀਤ ਵਿਚ ਇਹ ਸਾਜ਼ਾਂ ਸਾਂ ਸੁਰ-ਤਾਲ ਦੀ ਸਹਾਇਤਾ ਨਾਲ ਨਹੀਂ, ਸਗੋਂ ਸ਼ਬਦਾਂ ਦੀ ਆਂਤਰਿਕ ਲੈਅ ਰਾਹੀਂ ਪੈਦਾ ਕੀਤਾ ਜਾਂਦਾ ਹੈ। ਪ੍ਰਵਾਹਮਈ ਸ਼ੈਲੀ ਪ੍ਰਗੀਤ ਦੀ ਪ੍ਰਮੁੱਖ ਪਛਾਣ ਹੈ।

ਕ. ਧਿਰਯੁਕਤ-ਪ੍ਰਗਟਾ ਪ੍ਰਗੀਤ-ਸੰਰਚਨਾ ਦੇ ਧੁਰ ਡੂੰਘ ਵਿਚ ਹੈ। ਆਮ ਤੌਰ 'ਤੇ ਪ੍ਰਗੀਤ ਦੋ ਧਿਰਾਂ ਦਾ ਸਿਰਜਣ ਕਰਦਾ ਹੈ। ਇਸਨੂੰ ਵਕਤਾ-ਸ੍ਰੋਤਾ ਧਿਰ ਦੇ ਨਾਮ ਨਾਲ ਸਮਝਿਆ ਜਾ ਸਕਦਾ ਹੈ। ਵਕਤਾ-ਧਿਰ ਸ੍ਰੋਤਾ-ਧਿਰ ਨੂੰ ਆਪਣਾ ਅਰਥ-ਸੰਚਾਰ ਕਰਦੀ ਹੈ ਤੇ ਰਚਨਾ ਤੋਂ ਬਾਹਰ ਬੈਠਾ ਪਾਠਕ ਇਸ ਨੂੰ ਤੀਜੇ ਤਿਹਾਕ ਵਾਂਗ ਪਰਤੱਖ ਰੂਪ ਵਿਚ ਸੁਣਦਾ ਜਾਂ ਮਾਣਦਾ ਹੈ।

ਖ. ਲਘੂ ਅਕਾਰੀ ਹੋਣਾ ਪ੍ਰਗੀਤ ਸੰਰਚਨਾ ਲਈ ਇਕ ਤਰ੍ਹਾਂ ਲਾਜ਼ਮੀ ਹੈ।

ਇਹ ਤਾਂ ਹੋਈ ਪ੍ਰਗੀਤ ਸੰਰਚਨਾ ਅਤੇ ਉਸਦੇ ਪਛਾਣ-ਚਿਹਨ। ਸੁਆਲ ਹੋ ਸਕਦਾ ਹੈ, ਕੀ ਬਾਣੀ-ਸੰਰਚਨਾ ਵਿਚੋਂ ਪਦਾ ਨੂੰ ਪ੍ਰਗੀਤ ਕੋਟੀ ਵਿਚ ਰੱਖਿਆ ਜਾ ਸਕਦਾ ਹੈ? ਜਿਥੋਂ ਤੱਕ ਪ੍ਰਗੀਤ ਵਿਚ ਇਕ ਖ਼ਾਸ ਤਰ੍ਹਾਂ ਦੀ ਲੈਅ ਹੁੰਦੀ ਹੈ, ਬਿੰਬਾਤਮਕ ਪ੍ਰਤੱਖੀਕਰਣ ਇਸਦੀ ਪ੍ਰਕ੍ਰਿਤੀ ਹੈ, ਗਾਇਨ ਤੱਤ ਪ੍ਰਗੀਤ ਦੀ ਜਿੰਨ-ਜਾਨ ਹੈ, ਧਿਰਯੁਕਤ-ਪ੍ਰਗਟਾ ਪ੍ਰਗੀਤ ਸੰਰਚਨਾ ਦੇ ਧੁਰ ਡੂੰਘ ਵਿਚ ਹੈ, ਲਘੂ ਅਕਾਰੀ ਹੋਣਾ ਇਸਦੀ ਲਾਜ਼ਮੀ ਸ਼ਰਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤੇ ਬੰਧਨ-ਮੁਕਤ ਪ੍ਰਗਟਾ ਆਦਿ ਇਹ ਸਾਰੇ ਗੁਣ-ਲਛਣ ਬਾਣੀ-ਪਦਾ-ਰੂਪ ਵਿਚ ਵੀ ਓਤਪੋਤ ਹਨ । ਪਰ ਇਕ ਗੁਣ ਜੋ ਬਾਣੀ-ਪਦਾ-ਰੂਪ ਨੂੰ ਪ੍ਰਗੀਤ ਤੋਂ ਨਿਖੇੜਦਾ ਹੈ, ਉਹ ਹੈ ਇਸ ਵਿਚਲਾ ਆਤਮ-ਤੱਤ । ਪ੍ਰਗੀਤ ਸ਼ੁਧ ਭਾਵ ਦੀ ਵਸਤ ਹੈ । ਇਹ ਵਿਅਕਤੀਮੂਲਕ ਭਾਵਾਂ ਨਾਲ ਸੰਪੰਨ ਹੁੰਦਾ ਹੈ । ਕਵੀ ਦੀ ਦ੍ਰਿਸ਼ਟੀ ਆਤਮ ਨਿਸ਼ਠ ਹੁੰਦੀ ਹੈ । ਇਸ ਤੋਂ ਉਲਟ ਬਾਣੀ-ਪਦਾ ਨਿੱਜ-ਮੁਕਤ ਕਿਸਮ ਦੀ ਸਿਰਜਣਾ ਹੈ । ਇਸ ਵਿਚ ਭਾਵ ਹੈ ਪਰ ਜ਼ਰੂਰੀ ਨਹੀਂ ਉਹ ਨਿੱਜਮੁਖ ਹੀ ਹੋਵੇ । ਉਹ ਦਾਰਸ਼ਨਿਕ ਸੰਕਲਪਾਂ ਦੀਆਂ ਵੰਨਸਵੰਨ ਲਸਰਾਂ (Shades) ਨਾਲ ਭਰਿਆ ਪੂਰਾ ਵੀ ਹੋ ਸਕਦਾ ਹੈ । ਆਪਣੇ ਇਸੇ ਗੁਣ ਕਾਰਨ ਹੀ ਬਾਣੀ-ਪਦਾ ਪ੍ਰਗੀਤ ਨਾਲੋਂ ਨਿਵੇਕਲਾ ਹੈ । ਇਸ ਤੱਥ ਦੀ ਨਿਰਖ-ਪਰਖ ਕਰ ਲੈਣੀ ਉਚਿਤ ਮਾਲੂਮ ਹੁੰਦੀ ਹੈ ।

## ਪ੍ਰਗੀਤ ਅਤੇ ਪਦਾ—

ਰੂਪ-ਸਿਰਜਣ (form) ਦੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੋਏ ਕਾਵਿ-ਰੂਪਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ । ਪਹਿਲੇ ਉਹ ਜੋ ਲੋਕ-ਰੂਪਾਂ ਦੇ ਮਾਡਲ ਉਪਰ ਉਸਾਰੇ ਗਏ ਹਨ ਤੇ ਦੂਜੇ ਉਹ ਜੋ ਸਾਹਿਤਕ ਕਾਵਿ-ਰੂਪ ਹਨ । ਦੋਹਾਂ ਤਰ੍ਹਾਂ ਦੇ ਮਾਡਲਾਂ ਦੇ ਸੰਬੰਧ ਵੈਦਿਕ ਕਾਲ ਵਿਚ ਸੰਕੇਤਕ ਗਾਨ-ਭੇਦ ਨਾਲ ਜੋੜਿਆ ਜਾ ਸਕਦਾ ਹੈ । ਇਹ ਗਾਨ ਹਨ : ਗ੍ਰਾਮਗਾਨ ਅਤੇ ਅਰਣਯ ਗਾਨ । ਗ੍ਰਾਮਗਾਨ ਸਾਹਿਤ ਪ੍ਰਵਾਹ ਵਿਚ ਪੈ ਕੇ ਸ਼ਹਿਰੀ ਜਾਂ ਸਾਹਿਤਕ ਗੀਤ ਦੇ ਰੂਪ ਵਿਚ ਪੇਸ਼ ਹੋਇਆ ਹੈ । ਇਸੇ ਤਰ੍ਹਾਂ ਅਰਣਯ ਗਾਨ ਪੇਂਡੂ ਅਥਵਾ ਲੋਕਗੀਤ ਦੇ ਰੂਪ ਵਿਚ ਪਰਿਣਤ ਹੋਇਆ ਹੈ । ਗਾਨ ਦੀਆਂ ਇਨ੍ਹਾਂ ਦੋਹਾਂ ਵਿਧੀਆਂ ਦਾ ਦੀਦਾਰ ਮੌਜੂਦਾ ਸਹਿਤ ਵਿਚੋਂ ਕੀਤਾ ਜਾ ਸਕਦਾ ਹੈ । ਪਹਿਲੀ ਦਾ ਸੰਬੰਧ ਸਾਹਿਤਕ ਕਾਵਿ-ਰੂਪਾਂ ਨਾਲ ਹੈ ਤੇ ਦੂਸਰੀ ਦਾ ਲੋਕਗੀਤਾਂ ਨਾਲ । ਇਨ੍ਹਾਂ ਲੋਕਗੀਤਾਂ ਅਤੇ ਸਾਹਿਤਕ ਕਾਵਿ-ਰੂਪਾਂ ਦਾ ਬੁਨਿਆਦੀ ਤੱਤ 'ਗਾਇਨ' ਹੈ । ਇਸੇ ਕਰਕੇ ਇਹ ਦੋਵੇਂ ਪਰਸਪਰ ਕੁਝ ਸਮਾਨਤਾਵਾਂ ਵੀ ਰੱਖਦੇ ਹਨ । ਇਹ ਦੋਵੇਂ ਸ੍ਰੋਤਾਮੁਖ ਹਨ । ਦੋਵੇਂ ਆਪਣੇ ਨਿਸ਼ਪਾਦਨ ਵਿਚ ਸਾਮੂਹਿਕ ਹਨ । ਦੋਹਾਂ ਨੂੰ ਸਾਮੂਹ ਦੀ ਪ੍ਰਵਾਨਗੀ ਪ੍ਰਾਪਤ ਹੈ । ਫ਼ਰਕ ਕੇਵਲ ਇਤਨਾ ਹੈ ਸਾਹਿਤਕ ਗੀਤ ਵਿਅਕਤੀਗਤ ਬਿਗਾਨਗੀ ਨੂੰ ਸਮਰਪਿਤ ਹੈ ਤੇ ਲੋਕ ਗੀਤ ਸਮੂਹਗਤ ਪ੍ਰਵਾਨਗੀ ਨੂੰ । ਪ੍ਰਗੀਤ ਦਾ ਪੂਰਬਲਾ ਰੂਪ ਲੋਕਗੀਤ ਹੈ ਤੇ ਗੀਤ ਪ੍ਰਗੀਤ ਦਾ ਹੀ ਸੰਵਰਿਆ ਰੂਪ ਹੈ ।

ਇਸੇ ਤਰ੍ਹਾਂ ਪਦਾਂ ਪ੍ਰਗੀਤ ਦਾ ਹੀ ਇਕ ਰੂਪ ਹੈ । ਇਸ ਵਿਚ ਪ੍ਰਗੀਤ ਵਾਲੇ ਗੁਣ ਵਿਦਮਾਨ ਵੀ ਹਨ ਤੇ ਇਹ ਉਸਤੋਂ ਕੁਝ ਵੱਖਰਾ ਵੀ ਹੈ । ਇਸ ਦੀ ਵਰਤੋਂ ਗੁਰਮਤਿ ਸਾਹਿਤ ਵਿਚ ਪਹਿਲੀ ਵਾਰ ਬਾਬਾ ਫਰੀਦ ਨੇ ਕੀਤੀ ਹੈ । ਬਾਬਾ ਫਰੀਦ ਦੇ ਪਦਾ-ਰੂਪ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਬਾਬਾ ਫਰੀਦ ਦੇ ਸਮੇਂ ਤੱਕ ਪਦਾ-ਰੂਪ ਆਪਣਾ ਨਿਵੇਕਲਾ ਸਰੂਪ ਗ੍ਰਹਿਣ ਕਰ ਚੁੱਕਾ ਸੀ । ਬਾਬਾ ਫਰੀਦ ਦੇ ਪਦਾ/ਰੂਪ ਤੋਂ ਇਸ ਤਰ੍ਹਾਂ ਦੀ ਕਚਿਆਈ ਦਾ ਝਾਉਲਾ ਨਹੀਂ ਪੈਂਦਾ ਜਿਸ ਤਰ੍ਹਾਂ ਦੀ ਕਿਸੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਯੋਗ ਦੀ ਮੁੱਢਲੀ ਅਵਸਥਾ ਵਿਚ ਹੁੰਦਾ ਹੈ। ਇਥੋਂ ਇਕ ਕਿਆਸ ਇਹ ਵੀ ਲਗਾਇਆ ਜਾ ਸਕਦਾ ਹੈ ਕਿ ਸਿੱਧਾਂ-ਜੋਗੀਆਂ ਦੀ ਸਾਹਿਤ ਰਚਨਾ ਤੇ ਬਾਬਾ ਫਰੀਦ ਦੀ ਸਾਹਿਤ-ਸਿਰਜਣਾ ਦੇ ਦਰਮਿਆਨ ਲਗਭਗ ਦੋ ਢਾਈ ਸਦੀਆਂ ਦਾ ਵਕਫਾ ਹੈ। ਕੀ ਇਸ ਦੌਰਾਨ ਸਾਹਿਤ ਰਚਨਾ ਹੋਈ ਨਹੀਂ ਜਾਂ ਇਸ ਸਮੇਂ ਦੀਆਂ ਸਿਰਜਿਤ ਰਚਨਾਵਾਂ ਸਾਡੇ ਹੱਥਾਂ ਤਕ ਪੁੱਜੀਆਂ ਨਹੀਂ ? ਰਚਨਾਵਾਂ ਸਾਡੇ ਹੱਥਾਂ ਤੱਕ ਕਿਉਂ ਨਹੀਂ ਪੁੱਜੀਆਂ ਇਸਦੇ ਕਈ ਕਾਰਣ ਹੋ ਸਕਦੇ ਹਨ। ਪਰ ਇਤਨਾ ਤਾਂ ਨਿਸਚਿਤ ਹੀ ਹੈ ਕਿ ਸਾਹਿਤ-ਸਿਰਜਣਾ ਇਸ ਦੌਰਾਨ ਹੁੰਦੀ ਰਹੀ ਹੈ। ਵਰਨਾ ਸਿੱਧਾਂ ਨਾਥਾਂ ਨੇ ਪਦਾ-ਰੂਪ ਦੀ ਵਰਤੋਂ ਤਾਂ ਕੀਤੀ ਹੀ ਨਹੀਂ ਤੇ ਜੇ ਦਰਮਿਆਨ ਵਿਚ ਸਾਹਿਤਕ-ਕਿਰਤ ਦੀ ਰਚਨਾ ਹੀ ਨਹੀਂ ਹੋਈ ਤਾਂ ਬਾਬਾ ਫਰੀਦ ਤਕ ਪੁੱਜਦੇ ਪੁੱਜਦੇ ਪਦਾ ਦਾ ਰੂਪ ਇਤਨਾ ਸੰਵਰਿਆ ਹੋਇਆ ਕਿਵੇਂ ਹੋ ਸਕਦਾ ਹੈ ? ਬਾਬਾ ਫਰੀਦ ਤੋਂ ਬਾਅਦ ਸਭ ਗੁਰੂ ਸਾਹਿਬਾਨ ਨੇ ਪਦਾ-ਰੂਪ ਨੂੰ ਬਾਣੀ ਸਿਰਜਣ ਦਾ ਮਾਧਿਅਮ ਬਣਾਇਆ ਹੈ। ਗੁਰੂ ਗ੍ਰੰਥ ਸਾਹਿਬ ਦਾ ਵਡੇਰਾ ਭਾਗ ਪਦਾ-ਰੂਪ ਵਿਚ ਰੂਪਮਾਨ ਹੋਇਆ ਹੈ। ਇਸ ਲਈ ਪਦਾ-ਰੂਪ ਉਪਰ ਨਿੱਠ ਕੇ ਵਿਚਾਰ ਕਰ ਲੈਣੀ ਉਚਿਤ ਹੈ।

7732

ਸ੍ਵ-ਕਾਵਿ, ਨਿਬੰਧ-ਕਾਵਿ ਅਤੇ ਨਿਰਬੰਧ ਕਾਵਿ ਵਿਚੋਂ ਪਦੇ ਦਾ ਸੰਬੰਧ ਨਿਰਬੰਧ ਕਾਵਿ ਨਾਲ ਹੈ। ਨਿਰਬੰਧ ਕਾਵਿ ਦੇ ਅੱਗੋਂ ਦੋ ਉਪਭੇਦ ਗੀਤ ਅਤੇ ਮੁਕਤਕ ਹਨ। ਗੀਤ ਦਾ ਸੰਬੰਧ ਨਿਰੋਲ ਗਾਇਨ ਨਾਲ ਹੈ ਪਰ ਮੁਕਤਕ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੈ। ਅਭਿਨਵ ਗੁਪਤ ਨੇ ਮੁਕਤਕ ਬਾਰੇ ਕਿਹਾ ਸੀ ਜੋ ਕਾਵਿ-ਰੂਪ ਪੂਰਬਲੇ ਪ੍ਰਸੰਗ ਤੋਂ ਮੁਕਤ ਹੋਵੇ ਤੇ ਰਸ ਪ੍ਰਦਾਨ ਕਰੇ, ਉਹ ਮੁਕਤਕ ਹੈ। ਇਸ ਤਰ੍ਹਾਂ ਇਹ ਤੱਥ ਅੱਜ ਵੀ ਸੱਤ ਹੈ। ਪ੍ਰਸਿੱਧ ਸੰਸਕ੍ਰਿਤ ਅਚਾਰੀਆ ਵਿਸ਼ਵਨਾਥ ਨੇ ਵੀ ਕਿਹਾ ਹੈ ਕਿ ਮੁਕਤਕ ਆਪਣਾ ਚਮਤਕਾਰ ਸੁਤੰਤਰ ਰੂਪ ਵਿਚ ਵਿਖਾਉਣ ਦੇ ਸਮਰੱਥ ਹੈ। ਇਹ ਪ੍ਰਸੰਗ ਰਹਿਤ ਹੋਣ ਕਰਕੇ ਆਪਣੇ ਆਪ ਵਿਚ ਸੰਪੂਰਣ ਅਤੇ ਸੁਤੰਤਰ ਹੈ। ਇਸ ਵਿਚ ਕਥਾ ਪ੍ਰਸੰਗ ਦੀ ਪਰਿਸਥਿਤੀ ਤੋਂ ਮੁਕਤ ਪਾਠਕ ਆਪਣੇ ਹਿਰਦੇ ਵਿਚ ਇਕ ਸਥਾਈ ਭਾਵ ਦਾ ਅਨੁਭਵ ਕਰਦਾ ਹੈ। ਇਸ ਵਿਚੋਂ ਰਸ ਦੇ ਅਜਿਹੇ ਛਿੱਟੇ ਪੈਂਦੇ ਹਨ ਕਿ ਪਲ ਭਰ ਲਈ ਪਾਠਕ ਦਾ ਦਿਲ ਖਿੜ ਉਠਦਾ ਹੈ। ਮੁਕਤਕ ਰਸ ਦੇ ਛਿੱਟੇ ਹਨ ਤੇ ਗੀਤ ਰਸ ਦੀ ਫੁਹਾਰ ਹੈ। ਪ੍ਰਬੰਧ-ਕਾਵਿ ਛੋਟੀ ਬਗੀਚੀ ਦੇ ਸਮਾਨ ਹੈ ਤੇ ਮੁਕਤਕ ਚੁਣਿਆ ਹੋਇਆ ਗੁਲਦਸਤਾ। ਮਨਮੋਹਣੀਆਂ ਵਸਤਾਂ ਤੇ ਭਾਵਾਂ ਦੇ ਪਲ ਭਰ ਦਾ ਦੀਦਾਰ। ਕਾਮਯਾਬ ਮੁਕਤਕਕਾਰ ਉਹੋ ਹੋ ਸਕਦਾ ਹੈ, ਜਿਸ ਵਿਚ ਤੇਜਸਵੀ ਪ੍ਰਤਿੱਭਾ ਤੇ ਭਾਸ਼ਾ ਉਪਰ ਪੂਰਾ ਅਧਿਕਾਰ ਹੋਵੇ। ਇਸ ਵਿਚ ਵਿਸਥਾਰ ਲਈ ਤਾਂ ਜਗ੍ਹਾ ਹੀ ਨਹੀਂ ਹੁੰਦੀ। ਇਸ ਲਈ ਵਿਅੰਜਨ ਸ਼ਕਤੀ ਦੇ ਸਹਾਰੇ ਗਾਗਰ ਵਿਚ ਸਾਗਰ ਭਰਨਾ ਪੈਂਦਾ ਹੈ। ਕੁਲ ਮਿਲਾ ਕੇ, ਮੁਕਤਕ ਸੰਖੇਪ ਤੇ ਬਹੁਅਰਥਕ, ਆਪਣੇ ਆਪ ਵਿਚ ਸੰਪੂਰਣ ਅਤੇ ਵਿਲੱਖਣ ਵਿਸਮਾਦੀ ਆਨੰਦ ਦੇਣ ਵਾਲੀ ਲਘੂ ਆਕਾਰੀ ਰਚਨਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਕਤਕ ਵਿਸ਼ੇ ਪ੍ਰਗੀਤ ਦਾ ਹੀ ਇਕ ਰੂਪ ਹੈ ਇਸ ਲਈ ਇਸਦਾ ਪ੍ਰਗੀਤ ਨਾਲੋਂ ਵਖਰੇਵਾਂ ਜਾਣ ਲੈਣਾ ਵੀ ਉਚਿਤ ਹੈ।

## ਪ੍ਰਗੀਤਕ ਅਤੇ ਮੁਕਤਕ—

ਮੁਕਤਕ ਵਿਸ਼ੇ ਪ੍ਰਧਾਨ ਹੁੰਦਾ ਹੈ ਤੇ ਪ੍ਰਗੀਤ ਭਾਵ ਪ੍ਰਧਾਨ। ਮੁਕਤਕ ਵਿਚ ਦ੍ਰਿਸ਼ਟ-ਅਦ੍ਰਿਸ਼ਟ ਦੋਹਾਂ ਦਾ ਵਰਣਨ ਹੋ ਸਕਦਾ ਹੈ, ਪ੍ਰਗੀਤ ਵਿਚ ਮਨੋ ਦਸ਼ਾ ਦਾਂ। ਮੁਕਤਕ ਵਿਚ ਅਭਿਵਿਅਕਤੀ ਦਾ ਮਾਧਿਅਮ ਵਿਭਾਵ (ਕਾਵਿ-ਕਾਰਣ) ਹੁੰਦਾ ਹੈ ਪ੍ਰਗੀਤ ਵਿਚ ਕਵੀ ਖ਼ੁਦ ਆਪ। ਮੁਕਤਕ ਦਾ ਰੂਪ ਸਥਿਰ ਹੁੰਦਾ ਹੈ, ਪ੍ਰਵਾਹਮਈ ਸ਼ੈਲੀ ਜੋ ਪ੍ਰਗੀਤ ਦਾ ਗੁਣ ਹੈ; ਮੁਕਤਕ ਵਿਚ ਨਹੀਂ ਹੁੰਦੀ। ਪ੍ਰਗੀਤ ਦੀ ਹੋਂਦ ਨਿੱਜ ਤੱਤ ਤੋਂ ਬਿਨਾਂ ਸੰਭਵ ਹੀ ਨਹੀਂ ਪਰ ਮੁਕਤਕ ਲਈ ਇਹ ਲਾਜ਼ਮੀ ਸ਼ਰਤ ਨਹੀਂ। ਪ੍ਰਗੀਤ ਵਿਚ ਭਾਵ ਬਹੁਲਤਾ ਦੇ ਪ੍ਰਦਰਸ਼ਨ ਦੀ ਗੁੰਜਾਇਸ਼ ਹੈ ਪਰ ਮੁਕਤਕ ਕਾਵਿ ਆਮ ਤੌਰ ਤੇ ਇਕ ਸਮੇਂ ਇਕ ਹੀ ਭਾਵ ਦੀ ਪੇਸ਼ਕਾਰੀ ਨੂੰ ਸਮਰਪਿਤ ਹੁੰਦਾ ਹੈ।[1]

ਅੰਤ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਪਦਾ-ਰੂਪ ਬਾਰੇ ਸੰਖੇਪ ਵਿਚਾਰ ਕਰ ਲੈਣੀ ਉਚਿਤ ਜਾਪਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਦਾ-ਰੂਪ ਦੀ ਅਨੇਕਤਾ ਵੇਖਣ ਵਿਚ ਆਉਂਦੀ ਹੈ। ਇਸ ਦੀ ਵੰਨਗੀ-ਸੂਚਨਾ ਸਿਰਲੇਖ ਯੁਕਤ ਹੁੰਦੀ ਹੈ। ਉਦਾਹਰਣ ਲਈ "ਆਸਾ ਮਹਲਾ ੫ ਚਉਪਦੇ" ਇਸ ਦਾ ਅਰਥ ਹੈ, ਗੁਰੂ ਅਰਜਨ ਦੇਵ ਦੁਆਰਾ ਰਚਿਤ ਪਦਾ ਚਾਰ ਬੰਦਾਂ ਦਾ ਧਾਰਣੀ ਹੈ। ਇਸੇ ਤਰ੍ਹਾਂ ਇਕ ਪਦਾ, ਦੁਪਦਾ, ਤਿਪਦਾ, ਪੰਚਪਦਾ, ਛਿਪਦਾ ਆਦਿ ਸੰਕੇਤ ਸਿਰਲੇਖ ਰਾਹੀਂ ਹੀ ਸੂਚਿਤ ਕਰ ਦਿਤੇ ਜਾਂਦੇ ਹਨ। 'ਪਦਾ'ਆਪਣੇ ਆਪ ਵਿਚ ਬਹੁ ਅਰਥਕ ਸ਼ਬਦ ਹੈ। ਇਸਦਾ ਪ੍ਰਯੋਗ ਕਾਵਿ-ਰੂਪ ਦੇ ਅਰਥਾਂ ਵਿਚ ਵੀ ਹੋਇਆ ਹੈ। ਉਪਰੋਕਤ ਸਿਰਲੇਖ-ਸੰਕੇਤ ਕਾਵਿ-ਬੰਦ ਦੇ ਸੂਚਕ ਹਨ। ਰੂਪ ਪੱਖੋਂ ਇਨ੍ਹਾਂ ਪਦਿਆਂ ਦੀ ਇਕ ਹੋਰ ਵਿਸ਼ੇਸ਼ਤਾ ਵੀ ਵੇਖਣ ਵਿਚ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਕਾਵਿ-ਰੂਪ ਤੇ ਕਾਵਿ-ਬੰਦ ਦੀ ਸੂਚਨਾ ਦਿਤੀ ਗਈ ਹੈ ਉਥੇ ਇਕ ਬੰਦ ਕਿੰਨੀਆਂ ਤੁਕਾਂ ਦਾ ਹੈ? ਉਸਦੀ ਸੂਚਨਾ ਵੀ ਨਾਲੋਂ ਨਾਲ ਦਿਤੀ ਹੈ। ਉਦਾਹਰਣ ਲਈ "ਸੋਰਠ ਮਹਲਾ ੩, ਚਉਪਦੇ, ਚਉਤੁਕੇ"। ਇਸ ਦਾ ਅਰਥ ਹੈ, ਗੁਰੂ ਅਮਰਦਾਸ ਜੀ ਦੁਆਰਾ ਰਚਿਤ ਪਦਿਆਂ ਦੇ ਚਾਰ ਬੰਦ ਹਨ ਤੇ ਹਰ ਬੰਦ ਚਾਰ ਤੁਕਾਂ ਦਾ ਹੈ। ਸੰਖੇਪ ਵਿਚ, ਇਹ ਸਪਸ਼ਟ ਹੋ ਗਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਦਿਆਂ ਦੇ ਬਾਹਰੀ ਸਰੂਪ ਦਾ ਸੰਕੇਤ ਨਾਲੋਂ ਨਾਲ ਦਿਤਾ ਹੈ। ਕੋਈ ਵੀ ਪਦਾ ਬੰਦ-ਸੂਚਨਾ ਤੋਂ ਰਹਿਤ ਨਹੀਂ ਤੇ ਨਾ ਹੀ ਕੋਈ ਬੰਦ ਤੁਕ-ਸੂਚਨਾ ਤੋਂ ਰਹਿਤ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਪਦਿਆਂ ਦਾ ਦੂਸਰਾ ਪਛਾਣ-ਚਿਹਨ ਇਹ ਹੈ ਕਿ ਹਰ ਪਦਾ ਰਾਗ-ਯੁਕਤ ਹੈ। ਰਾਗਾਂ ਦੇ ਸਿਰਲੇਖ ਬਾਣੀਕਾਰਾਂ ਦੀ ਵਿਲੱਖਣ ਅਨੁਭੂਤੀ ਨੂੰ ਇਕ ਵਿਸ਼ੇਸ਼ ਲੈਅ ਸੁਰ ਵਿਚ ਪ੍ਰਗਟਾਉਣ ਦੇ ਸੂਚਕ ਮਾਤਰ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਦਾ ਰਚਨਾ ਦੇ ਆਂਤ੍ਰਿਕ ਸੰਗਠਨ ਨਾਲ ਕੋਈ ਵਾਸਤਾ ਨਹੀਂ। ਇਸ ਦਾ ਅਰਥ ਹੈ, ਪਦਾ-ਰੂਪ ਰਾਗਾਤਮਕ ਲੈਅ ਦਾ ਧਾਰਣੀ ਹੈ।

ਹਰ ਪਦੇ ਵਿਚ ਰਹਾਉ ਦੀ ਵਰਤੋਂ ਕੀਤੀ ਗਈ ਹੈ। ਰਹਾਉ ਪਦਾ-ਸੰਗਠਨ ਦੀ ਲਾਜ਼ਮੀ ਸ਼ਰਤ ਹੈ। ਬਾਬਾ ਫਰੀਦ ਦੁਆਰਾ ਰਹੇ ਗਏ ਚਾਰ ਪਦਿਆਂ ਵਿਚ ਵੀ ਰਹਾਉ ਦਾ ਸੰਕੇਤ ਦੇਖਿਆ ਜਾ ਸਕਦਾ ਹੈ। ਭਾਵੇਂ ਰਹਾਉ ਪਦਾ-ਸੰਰਚਨਾ ਦੀ ਲਾਜ਼ਮੀ ਜੁਗਤ ਹੈ ਪਰ ਇਸਦਾ ਅਪਵਾਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਉਦਾਹਰਣ ਵਜੋਂ ਗੁਰੂ ਅਰਜਨ ਰਚਿਤ ਮਾਝ ਰਾਗ ਦੇ ਪਦਿਆਂ ਵਿਚ ਰਹਾਉ ਦੀ ਵਰਤੋਂ ਅਧਿਕਤਰ ਨਹੀਂ ਕੀਤੀ ਗਈ। 'ਰਹਾਉ' ਦਰਅਸਲ, ਪਦੇ-ਰੂਪ ਵਿਚ ਟੇਕ ਅਤੇ ਕੇਂਦਰੀ-ਅਰਥ ਨੂੰ ਉਜਾਗਰ ਕਰਦੀ ਹੈ। ਇਸ ਵਾਕ ਦਾ ਰਤਾ ਕੁ ਵਿਸਤਾਰ ਉਚਿਤ ਜਾਪਦਾ ਹੈ। ਪਦਾ-ਰੂਪ ਦਾ ਲਾਜ਼ਮੀ ਤੱਤ ਗਾਇਨ ਹੈ। ਗਾਇਨ ਸਮੇਂ ਗਾਵਣਹਾਰ ਰਹਾਉ ਦੀ ਪੰਕਤੀ ਨੂੰ ਸਥਾਈ ਜਾਂ ਟੇਕ ਰੂਪ ਵਿਚ ਬਾਰੰਬਾਰ ਦੁਹਰਾਉਂਦਾ ਹੈ। ਰਹਾਉ ਦਾ ਮਹੱਤਵ ਗਾਇਨ ਨੂੰ ਹੀ ਨਹੀਂ ਜਾਂਦਾ, ਇਹ ਇਕ ਖ਼ਾਸ ਤਰ੍ਹਾਂ ਦਾ ਅਰਥ-ਬੋਧ ਵੀ ਕਰਾਉਂਦਾ ਹੈ। ਪਦਾ-ਪ੍ਰਬੰਧ ਵਿਚ ਅਰਥ ਕਰਨ ਲਗਿਆਂ ਜੇ ਅਰਥਾਂ ਦੀ ਸੇਧ 'ਰਹਾਉ' ਪੰਕਤੀ ਤੋਂ ਲਈ ਜਾਏ ਤਾਂ ਅਰਥ-ਬੋਧ ਵਿਚ ਸਪਸ਼ਟਤਾ ਵਧੀਕ ਹੁੰਦੀ ਹੈ। ਰਹਾਉ ਦਾ ਸੰਬੰਧ ਤਾਂ ਹੈ ਹੀ ਪਦਾ-ਰੂਪ ਨਾਲ। ਇਸ ਲਈ ਜਿਥੇ ਪਦਿਆਂ ਵਿਚ ਦੋ 'ਰਹਾਉ ਆਉਂਦੇ ਹਨ, ਉਥੇ ਪਹਿਲਾ ਰਹਾਉ ਪ੍ਰਸ਼ਨ ਕਰਦਾ ਜਾਪਦਾ ਹੈ ਤੇ ਦੂਸਰਾ ਰਹਾਉ ਉੱਤਰ ਦੇਂਦਾ ਪ੍ਰਤੀਤ ਹੁੰਦਾ ਹੈ। ਜਿਨ੍ਹਾ ਪਦਿਆਂ ਵਿਚ ਤਿੰਨ ਰਹਾਉ ਆਏ ਹਨ ਉਥੇ ਪਹਿਲਾ ਰਹਾਉ ਪ੍ਰੇਰਣਾ-ਜਨਕ ਹੈ। ਦੂਜੇ ਵਿਚ ਜਗਿਆਸੂ ਵਲੋਂ ਮਜਬੂਰੀ ਦਾ ਪ੍ਰਗਟਾਵਾ ਹੈ ਤੇ ਤੀਸਰਾ ਰਹਾਉ ਸੁਭਾਉ ਆਤਮਕ ਹੈ। ਕਈ ਥਾਂਈ ਰਹਾਉ ਦਾ ਪ੍ਰਯੋਗ ਤੁਕਾਂਤ ਦੇ ਤੋਲ ਨੂੰ ਪੂਰਾ ਰੱਖਣ ਲਈ ਵੀ ਕੀਤਾ ਗਿਆ ਹੈ। ਸੰਖੇਪ ਵਿਚ, ਰਹਾਉ-ਸੰਕੇਤ ਦੀ ਵਰਤੋਂ ਪਦਾ-ਸੰਰਚਨਾ ਦਾ ਲਾਜ਼ਮੀ ਅੰਗ ਹੈ। ਪ੍ਰਗੀਤ ਵਿਚ ਨਿੱਜਤਤ ਦਾ ਕੇਂਦਰੀ ਸਥਾਨ ਹੈ। ਪਰ ਮੁਕਤਕ ਲਈ ਇਹ ਲਾਜ਼ਮੀ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚਲੇ ਪਦੇ ਵਿਸ਼ਾ-ਪ੍ਰਧਾਨ ਹਨ। ਪਰ ਇਹ ਕਿਸੇ ਇਕ ਵਿਸ਼ੇ ਨੂੰ ਸਾਹਮਣੇ ਰੱਖ ਕੇ ਉਚਾਰੇ ਗਏ ਹੋਣ ਅਜਿਹਾ ਗੋਚਰ ਨਹੀਂ ਹੁੰਦਾ। ਬਾਣੀਕਾਰ ਤਾਂ ਬੰਧਨ-ਮੁਕਤ ਹੋ ਕੇ ਪਰਮੇਸ਼ਰ ਦਾ ਜਸ ਗਾਉਂਦੇ ਸਨ। ਜਸ ਗਾਇਨ ਕਰਨ ਲਗਿਆਂ ਉਹ ਪਰਮਾਤਮਾ ਨੂੰ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ" ਕਹਿ ਕੇ ਸੰਬੋਧਨ ਕਰ ਸਕਦੇ ਸਨ। ਲਗਭਗ ਸਭ ਪ੍ਰਕਾਰ ਦੇ ਭਾਵ ਸਭਨਾਂ ਬਾਣੀਕਾਰਾਂ ਨੇ ਸਾਰੇ ਪਦਿਆਂ ਵਿਚ ਰੂਪਮਾਨ ਕੀਤੇ ਹਨ। ਇਸ ਤੋਂ ਇਕ ਸਿੱਟਾ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਪਦਾ-ਰੂਪ ਇਕ ਅਜਿਹੀ ਵੰਨਗੀ ਹੈ ਜਿਸ ਵਿਚ ਭਾਵ ਸਮਰੂਪਤਾ, ਭਾਵ ਵਿਚਿਤ੍ਰਤਾ, ਭਾਵ-ਭਿੰਨਤਾ ਅਤੇ ਭਾਵ-ਵਿਰੋਧੀ ਰਚਨਾਵਾਂ ਆ ਸਕਦੀਆਂ ਹਨ। ਇਕ ਸਰੋਦੀ ਹੂਕ ਸ੍ਰੋਤੇ ਨੂੰ ਦ੍ਰਵਿਤ ਕਰਦੀ ਹੈ ਪਰ ਉਹਨੂੰ ਸੁਣਨ ਲਈ ਨਿੱਜ-ਮੁਕਤ ਹੋਣਾ ਲਾਜ਼ਮੀ ਹੈ। ਇਸ ਵਿਚ ਨਿੱਜ-ਪੀੜਾ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਕਾ ਨਿੱਜ-ਮੁਕਤ ਹੋ ਕੇ ਦਿਤਾ ਜਾਂਦਾ ਹੈ। ਇਸ ਦੀ ਸ਼ਬਦਾਵਲੀ ਸਰਲ, ਮਧੁਰ, ਤੀਬਰ ਅਤੇ ਮਨੋਹਾਰੀ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਪਦਾ-ਰੂਪ ਦਾ ਇਕ ਹੋਰ ਪਛਾਣ-ਚਿਹਨ ਹੈ, ਇਹ ਛੰਦ-ਸ਼ਾਸਤ੍ਰੀਅਤਾ ਦੀ ਗ਼ੁਲਾਮੀ ਨਹੀਂ ਕਰਦਾ ਤੇ ਨਾ ਹੀ ਇਸ ਦੀ ਭਾਸ਼ਾ ਨੂੰ ਅਲੰਕਾਰ-ਸ਼ੈਲੀ ਦੀ ਅਧੀਨਤਾ ਸਵੀਕਾਰ ਹੈ। ਇਸ ਵਿਚ ਭਾਵਾਂ ਦਾ ਸਿੱਧਾ ਸਾਦਾ ਸਹਿਜ ਉਦੇ ਹੁੰਦਾ ਹੈ। ਇਕੋ ਹੀ ਭਾਵ ਦਾ ਬਾਰੰਬਾਰ ਦੁਹਰਾਉ ਕੀਤਾ ਜਾਂਦਾ ਹੈ। ਇਸ ਦਾ ਕਾਰਣ ਸ਼ਾਇਦ, ਅਦਵੈਤਵਾਦੀ ਬਾਣੀਕਾਰ ਉਸ 'ਇਕ' ਨਾਲ ਜੁੜ ਕੇ ਉਸ ਇਕ ਦੇ ਬਹੁਰੰਗੀ ਪਸਾਰੇ ਦੀ ਅਨੇਕਤਾ ਨੂੰ ਵਿਵਿਧ ਸ਼ਬਦਾਂ, ਸੁਰਾਂ, ਸ਼ੈਲੀਆਂ ਤੇ ਵਿਧੀਆਂ ਰਾਹੀਂ ਰੂਪਮਾਨ ਕਰਦੇ ਤਨ। ਇਹ ਕਾਵਿ ਸਰੋਦੀ ਹੂਕ ਨਾਲ ਓਤਪੋਤ ਹੈ। ਬਾਣੀਕਾਰਾਂ ਦੀ ਨਿੱਜਮੁਖਤਾ ਲੌਕਿਕ ਅਤੇ ਅਲੌਕਿਕ ਦੋਹਾਂ ਪਸਾਰਾਂ ਨਾਲ ਜੁੜੀ ਹੋਈ ਹੈ। ਬਹੁਤੀ ਵੇਰਾਂ ਤਾਂ ਇਸ ਵਿਚਲਾ ਦਿਗ-ਮੰਡਲ ਵੀ ਅਲੋਪ ਹੋ ਜਾਂਦਾ ਹੈ। ਅਸੀਮ ਸਸੀਮ ਤੇ ਸਸੀਮ ਅਸੀਮ ਬਣ ਨਿਬੜਦਾ ਹੈ। ਇਨ੍ਹਾਂ ਪਦਿਆਂ ਵਿਚ ਸਹਿਜ-ਇਕਾਗਰਤਾ ਤੇ ਬਹੁ ਪ੍ਰਕਾਰੀ ਵੰਨ-ਸੁਵੰਨਤਾ, ਵਖਰਤਾ ਅਤੇ ਸਮੁੱਚਤਾ ਇਹ ਲੋਕਤਾ ਅਤੇ ਪਰਲੋਕਤਾ ਵਾਰੋ ਵਾਰੀ ਆਪਣਾ ਸੰਬਾਦ ਰਚਾਉਂਦੀ ਹੈ, ਪੁੱਛਾਂ ਪੁੱਛਦੀ ਹੈ, ਉਨ੍ਹਾਂ ਦੇ ਉੱਤਰ ਪ੍ਰਾਪਤ ਕਰਦੀ ਤੇ ਸੰਤੁਸ਼ਟ ਹੋ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਪਦਿਆਂ ਦੀ ਮੁਖ ਥੀਮ ਪਾਰਬ੍ਰਹਮ, ਮਨੁੱਖ ਅਤੇ ਜਗਤ ਲੀਲ੍ਹਾ ਦੇ ਪਰਸਪਰ ਅਨੇਕ ਮੁਖ ਸੰਬੰਧਾਂ ਚੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਦੂਜੇ ਸ਼ਬਦਾਂ ਵਿਚ ਸ੍ਰਿਸ਼ਟੀ ਦਾ ਆਪਸੀ ਸੰਬੰਧ, ਕਰਮ ਅਤੇ ਪ੍ਰਤੀਪਾਦਨ ਹੀ ਪਦਿਆ ਦਾ ਪ੍ਰਮੁਖ ਵਿਸ਼ਾਵਸਤੂ ਹੈ।

ਮੁਕਤਕ ਕਾਵਿ ਬੰਧਨ-ਮੁਕਤ ਹੁੰਦਾ ਹੈ। ਇਹੀ ਤੱਥ ਪਦਿਆਂ ਵਿਚ ਮੌਜੂਦ ਹੈ। ਇਹ ਪਦੇ ਬਾਣੀਕਾਰਾਂ ਦੀ ਉਚ ਪ੍ਰਤਿਭਾ ਤੇ ਭਾਸ਼ਾ ਕਮਾਲ ਦੇ ਗਵਾਹ ਹਨ। ਕਮਾਲ ਤਾਂ ਇਹ ਹੈ ਕਿ ਇਨ੍ਹਾਂ ਵਿਚ ਸੰਸਕ੍ਰਿਤ ਕਾਵਿ-ਸ਼ਾਸਤਰ ਦੀਆਂ ਸਾਰੀਆਂ ਕਾਵਿ-ਜੁਗਤਾਂ ਦੀ ਵਰਤੋਂ ਕੀਤੀ ਗਈ ਹੈ ਪਰ ਇਹ ਕਿਸੇ ਵੀ ਕਾਵਿ-ਸ਼ੈਲੀ ਦੀ ਪਾਬੰਦੀ ਪਰਵਾਨ ਨਹੀਂ ਕਰਦੇ। ਇਨ੍ਹਾਂ ਵਿਚ ਆਲੰਕਾਰ ਅਤੇ ਸ਼ਬਦ-ਸ਼ਕਤੀਆਂ ਦੀ ਵਰਤੋਂ ਕੀਤੀ ਗਈ ਹੈ ਪਰ ਗ਼ੁਲਾਮੀ ਕਿਸੇ ਵੀ ਕਾਵਿ-ਸ਼ੈਲੀ ਦੀ ਕਬੂਲ ਨਹੀਂ ਕੀਤੀ ਗਈ। ਇਨ੍ਹਾਂ ਪਦਿਆਂ ਵਿਚ ਕਾਵਿ ਗੁਣਾਂ ਦਾ ਚਮਤਕਾਰ ਹੈ ਪਰ ਵਾਕ-ਚਾਤੁਰੀ ਨਹੀਂ। ਕਲਾ-ਕੌਸ਼ਲ ਦੀ ਸਹਿਜ ਪੇਸ਼ਕਾਰੀ ਤਾਂ ਹੈ ਪਰ ਵਿਖਾਲਾ ਬਿਰਤੀ ਨਹੀਂ। ਪ੍ਰਚੰਡ ਅਨੁਭੂਤੀ ਦੀ ਅਭਿਵਿਅਕਤੀ ਹੀ ਉਦਾਤ ਰੂਪ ਵਿਚ ਰੂਪਮਾਨ ਹੋਈ ਹੈ। ਬਹੁ-ਪ੍ਰਕਾਰੀ ਭਾਵ-ਸੰਬੰਧਾਂ ਨੂੰ ਬੰਧਨ-ਰਹਿਤ ਜ਼ਬਾਨ ਮਿਲੀ ਹੈ। ਪ੍ਰਵਾਹਮਈ ਸ਼ੈਲੀ ਦੀ ਬਜਾਇ ਸ਼ਾਂਤ ਵਗਦੀ ਕੂਲ ਵਰਗਾ ਸਹਿਜ-ਵਹਾਉ ਹੈ ਇਨ੍ਹਾਂ ਪਦਿਆਂ ਵਿਚ! ਗੱਲ ਕੀ ਇਹ ਪਦੇ ਸਭ ਤਰ੍ਹਾਂ ਦੇ ਪ੍ਰਸੰਗਾਂ ਸੰਦਰਭਾਂ ਅਤੇ ਬੰਧਨਾਂ ਤੋਂ ਮੁਕਤ ਹਨ ਤੇ ਇਹੋ ਇਸ ਕਾਵਿ-ਰੂਪ ਦੀ ਵਿਲੱਖਣਤਾ ਵੀ ਹੈ।

ਵੰਨਗੀ ਪੇਸ਼ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ. ਮੋਹਨ ਘਰਿ ਆਵਹੁ ਕਰਉ ਜੋਦਰੀਆਂ ॥
ਮਾਨੁ ਕਰਉ ਅਭਿਆਨੇ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆਂ ॥ਰਹਾਉ॥
ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆਂ ॥
ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆਂ ॥

ਆਦਿ ਗ੍ਰੰਥ ੧੨੦੯

ੳ. ਤੂ ਸੁਲਤਾਨੁ ਕਹਾ ਹਉ ਮੀਆਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਿਉ ਰਜਾਈ ॥ਰਹਾਉ॥
ਜੋ ਕਿਛੁ ਹੋਆ ਸਭੁ ਕਿਛੁ ਤੁਝਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬਾ ਮੈ ਅੰਧਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾਂ ਖਸਮੈ ਨਾਉ ਨ ਜਾਈ ॥੪॥

ਆਦਿ ਗ੍ਰੰਥ ੭੯੫

ਅੰਤ ਵਿਚ, ਇਹ ਸੰਕੇਤ ਕਰਨਾ ਉਚਿਤ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਪਦਾ ਹੀ ਇਕੋ ਇਕ ਅਜਿਹਾ ਕਾਵਿ-ਰੂਪ ਹੈ ਜਿਸ ਵਿਚ ਬਾਣੀਕਾਰਾਂ ਦੀ ਸੁਧ ਮਾਨਸਿਕਤਾ ਨੂੰ ਜ਼ਬਾਨ ਮਿਲੀ ਹੈ। ਗੱਲ ਵਖਰੀ ਹੈ, ਉਹ ਰੱਬ ਨਾਲ ਜੁੜੇ ਹੋਏ ਰਬੀ ਰੰਗ ਦੀ ਸ਼ਾਇਰੀ ਕਰਦੇ ਸਨ ਪਰ ਕਦੀ ਕਦੀ ਸੁਧ ਮਾਨਸਿਕਤਾ ਨੇ ਬੰਦਗੀ ਦਾ ਰੂਪ ਗ੍ਰਹਿਣ ਕੀਤਾ ਹੈ। ਅਜਿਹੇ ਪਦਿਆਂ ਦੀ ਰਚਨਾ ਲਗਭਗ ਸਾਰੇ ਬਾਣੀਕਾਰਾਂ ਨੇ ਕੀਤੀ ਹੈ ਭਾਵੇਂ ਇਹ ਮਾਤਰਾ ਵਿਚ ਥੋੜ੍ਹੀ ਹੈ। ਅਜਿਹੇ ਪਦੇ ਲੋਕ-ਬੁੱਲ੍ਹਾਂ ਤੇ ਲੋਕ-ਸਿਮਰਤੀ ਵਿਚ ਰਚਮਿਚ ਗਏ ਹਨ। ਉਦਾਹਰਣ ਵਜੋਂ ਗੁਰੂ ਨਾਨਕ ਦੇਵ ਰਚਿਤ—

ੳ. ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ...
ਅ. ਤੂੰ ਸੁਲਤਾਨ ਕਹਾ ਹਉ ਮੀਆ...

**ਬਸੰਤੁ ਮਹਲਾ ੩** (੧੧੭੭)

ਅ. ਬਸੰਤੁ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥
ਇਨ ਬਿਧਿ ਇਹੁ ਮਨੁ ਹਰਿਆ ਹੋਇ ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥ਰਹਾਉ॥
ਸਤਿਗੁਰ ਬਾਣੀ ਸ਼ਬਦੁ ਸੁਣਾਏ ॥
ਇਹੁ ਜਗੁ ਹਰਿਆ ਸਤਿਗੁਰ ਭਾਏ ॥੮॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫਲ ਫੂਲ ਲਾਗ ਜਾਂ ਆਪ ਲਾਏ ।।
ਮੂਲਿ ਲਗੈ ਤਾਂ ਸਤਿਗੁਰੁ ਪਾਏ ।।੩।।
ਆਪਿ ਬਸੰਤੁ ਜਗਤ ਸਭੁ ਵਾੜੀ ।।
ਨਾਨਕ ਪੂਰੇ ਭਾਗ ਭਗਤਿ ਨਿਰਾਲੀ ।।੪।।

ੲ. ਰਾਗ ਮਾਝ ਚਉਪਦੇ ਘਰ ੧ ਮਹਲਾ ੪ (੯੪)
ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ।।
ਵਡਭਾਗੀ ਹਰਿ ਨਾਮੁ ਧਿਆਇਆ ।।
ਗੁਰਿ ਪੂਰੇ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ।।
ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ।।
ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ।।
ਗੁਰਿ ਪੂਰੇ ਹਰਿ ਨਾਮੁ ਦ੍ਰਿੜਾਇਆ
ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ।।੨।।
ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ।।
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ।।
ਹਉ ਰਹਿ ਨ ਸਕਾ ਬਿਨੁ ਦੇਖੈ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ।।੩।।
ਸਤਿਗੁਰੁ ਮਿਤ੍ਰ ਮੇਰਾ ਬਾਲ ਸਖਾਈ ।।
ਹਉ ਰਹਿ ਨਾ ਸਕਾ ਬਿਨੁ ਦੇਖੇ ਮੇਰੀ ਮਾਈ ।।
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ
ਜਨ ਨਾਨਕ ਹਰਿ ਧਨੁ ਪਲੈ ਜੀਉ ।।੪।।

ਹ. ਗਉੜੀ ਮਹਲਾ ੯ (੨੧੯)
ਸਾਧੋ ਰਚਨਾ ਰਾਮ ਬਨਾਈ
ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ।।੧।।ਰਹਾਉ।।
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ।।
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਓ ਸੁਪਨਾ ਰੈਨਾਈ ।।੧।।
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ।।
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ।।੨।।

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਰਚਿਤ—
ੲ. ਮੋਤੀ ਤਾਂ ਮੰਦਰ ਊਸਰਹਿ ਰਤਨੀ ਤਾ ਹੋਹਿ ਜੜਾਉ (੧੪)
ਸ. ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ (੭੧)
ਹ. ਤੂ ਦਰਿਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤੁ ਲਹਾਂ ।। (੨੫)


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਅਮਰਦਾਸ ਰਚਿਤ—

ੳ. ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਅਹ (੧੭)

ਅ. ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤ ਹੈ ਦਾਤਾ (੬੬੬)

ਗੁਰੂ ਰਾਮਦਾਸ ਜੀ ਰਚਿਤ—

ੳ. ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ ਜਿਉ ਤ੍ਰਿਖਾਵੰਤ ਬਿਨੁ ਨੀਰ॥੮੬੧

ਅ. ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਿਗੇ ॥ (੧੩੨੧)

ਗੁਰੂ ਅਰਜਨ ਦੇਵ ਜੀ ਰਚਿਤ—

ੳ. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ (੯੬)

ਅ. ਮੇਹਿ ਅਨਾਥ ਪ੍ਰਿਯ ਨਾਥ ॥ (੮੪੭)

ੲ. ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ (੧੧੪੪)

ਜ਼ਾਹਿਰ ਹੈ, ਗੁਰੂ ਗ੍ਰੰਥ ਸਾਹਿਬ ਵਿਚ ਸ਼ੁਧ ਮੁਕਤਕ ਕਾਵਿ ਵੀ ਮੌਜੂਦ ਹੈ।

ਉਪਰ ਅੰਕਿਤ ਵਿਚਾਰ ਤੋਂ ਨਿਮਨ ਅੰਕਿਤ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ—

ੳ. ਰੂਪ ਦੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੋਏ ਕਾਵਿ-ਰੂਪਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਲੋਕ-ਰੂਪ-ਮਾਡਲ ਤੇ ਸਾਹਿਤ-ਰੂਪ-ਮਾਡਲ। ਪਦਾ-ਰੂਪ ਦਾ ਸੰਬੰਧ ਸਾਹਿਤ-ਰੂਪ-ਮਾਡਲ ਨਾਲ ਹੈ।

ਅ. ਪਦਾ ਮੁਕਤਕ ਦਾ ਹੀ ਇਕ ਰੂਪ ਹੈ। ਇਸ ਦੀ ਵਰਤੋਂ ਪਹਿਲੀ ਵੇਰ ਪੰਜਾਬੀ ਸਾਹਿਤ ਵਿਚ ਬਾਬਾ ਫ਼ਰੀਦ ਨੇ ਕੀਤੀ ਹੈ।

ੲ. ਪਦਾ-ਰੂਪ ਦਾ ਸੰਬੰਧ ਸ਼੍ਰਵ-ਕਾਵਿ ਨਾਲ ਹੈ। ਪਦਾ ਸ਼੍ਰਵ-ਕਾਵਿ ਦੀ ਨਿਰਬੰਧ-ਵੰਨਗੀ ਦੇ ਦੋ ਉਪਭੇਦਾਂ—ਗੀਤ ਅਤੇ ਮੁਕਤਕ ਵਿਚੋਂ ਮੁਕਤਕ ਨਾਲ ਸੰਬੰਧਿਤ ਹੈ।

ਸ. ਗੀਤ ਦਾ ਸੰਬੰਧ ਗਾਇਨਤੱਤ ਨਾਲ ਹੈ ਪਰ ਮੁਕਤਕ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੈ।

ਹ. ਮੁਕਤਕ ਆਪਣਾ ਚਮਤਕਾਰ ਸੁਤੰਤਰ ਰੂਪ ਵਿਚ ਵਿਖਾਉਣ ਦੇ ਸਮਰਥ ਹੈ। ਮੁਕਤਕ ਲਘੂਆਕਾਰੀ, ਬਹੁਅਰਥਕ, ਆਪਣੇ ਆਪ ਵਿਚ ਸੰਪੂਰਣ ਅਤੇ ਰਸਾਤਮਕ ਹੈ।

ਕ. ਮੁਕਤਕ ਵਿਸ਼ੇ-ਪ੍ਰਧਾਨ ਹੁੰਦਾ ਹੈ ਤੇ ਪ੍ਰਗੀਤ ਭਾਵ-ਪ੍ਰਧਾਨ। ਪ੍ਰਗੀਤ ਦੀ ਹੋਂਦ ਨਿੱਜਤੱਤ ਤੋਂ ਬਿਨਾਂ ਸੰਭਵ ਨਹੀਂ,ਪਰ ਮੁਕਤਕ ਲਈ ਇਹ ਸ਼ਰਤ ਲਾਜ਼ਮੀ ਨਹੀਂ।

ਖ. ਗੁਰੂ ਗ੍ਰੰਥ ਸਾਹਿਬ ਵਿਚ ਪਦਿਆਂ ਦੇ ਅਨੇਕ ਰੂਪ ਮਿਲਦੇ ਹਨ ਜਿਹਾ ਕਿ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ ਆਦਿ।

ਗ. ਰਾਗ-ਮੁਕਤ ਹੋਣ ਕਰਕੇ ਰਹਾਉ ਦਾ ਧਾਰਣੀ ਹੋਣਾ, ਪਦਾ-ਰੂਪ ਲਈ ਲਾਜ਼ਮੀ ਸ਼ਰਤ ਹੈ।

ਘ.ਪਦਾ-ਰਪ ਵਿਚ ਛੰਦਾਂ ਦੀ ਵਰਤੋਂ ਤਾਂ ਹੈ ਪਰ ਛੰਦਵਿਧਾਨ ਦੀ ਕਰੜੀ ਸ਼ਾਸਤ੍ਰੀਅਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੁਕਾਂ ਦੀ ਨਹੀਂ ਸਗੋਂ ਇਸ ਵਿਚ ਅਨੇਕ ਕਾਵਿ-ਗੁਣਾਂ ਦੀ ਵਰਤੋਂ ਹੁੰਦੀ ਹੈ, ਪਰ ਉਹ ਵੀ ਹਰ ਤਰ੍ਹਾਂ ਦੇ ਬੰਧਨ ਤੋਂ ਰਹਿਤ ਹਨ। ਇਸ ਵਿਚ ਕਾਵਿ-ਗੁਣਾਂ ਦਾ ਚਮਤਕਾਰ ਤਾਂ ਹੈ ਪਰ ਕਲਾ-ਕੌਸ਼ਲ ਦਾ ਵਿਖਾਲਾ ਨਹੀਂ।

ਙ. ਪਦਾ-ਰੂਪ ਵਿਚ ਪ੍ਰਗੀਤ-ਲੱਛਣਾਂ ਦੀ ਭਰਮਾਰ ਹੈ। ਪਰ ਇਹ ਉਸ ਤੋਂ ਵਖਰਾ ਵੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ੁਧ ਪ੍ਰਗੀਤ ਦਾ ਦੀਦਾਰ ਅਨੇਕ ਪਦਿਆਂ ਵਿਚੋਂ ਹੋ ਸਕਦਾ ਹੈ ਪਰ ਆਮ ਤੌਰ ਤੇ ਇਹ ਪਰੰਪਰਿਕ ਅਧਿਆਤਮਕ ਭਾਵਨਾ ਨਾਲ ਜੁੜਿਆ ਹੋਇਆ ਕਾਵਿ-ਰੂਪ ਹੈ।

## ਫੁਟ ਨੋਟ

1. ਮਾਂ. ਕਾ. ਦੇਸ਼ਪਾਂਡੇ, ਸਾਹਿਤ-ਸਾਧਨਾ, ਪੰਨਾ 137



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅਸਟਪਦੀਆਂ

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬੱਧ ਬਾਦੀ ਵਡ-ਅਕਾਰੀ ਹੈ। ਇਸ ਵਿਚ ਪ੍ਰਥਮ ਸਥਾਨ ਪਦਾ-ਰੂਪ ਨੂੰ ਪ੍ਰਾਪਤ ਹੈ। ਬਾਣੀ-ਅੰਕਣ ਕ੍ਰਮ ਵਿਚ ਪਦਿਆਂ ਤੋਂ ਬਾਅਦ ਅਸਟਪਦੀ ਦੂਸਰੇ ਸਥਾਨ ਉਪਰ ਦਰਜ ਹੁੰਦੀ ਹੈ। ਇਸ ਰੂਪ ਨੂੰ ਗੁਰੂ ਸਾਹਿਬਾਨ ਵਿਚੋਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਅਪਨਾਇਆ ਹੈ। ਇਸੇ ਤਰ੍ਹਾਂ ਸੰਤਾਂ ਭਗਤਾਂ ਵਿਚੋਂ ਕੇਵਲ ਕਬੀਰ ਜੀ ਨੇ ਇਸ ਰੂਪ ਵਿਚ ਬਾਣੀ-ਸਿਰਜਣਾ ਕੀਤੀ ਹੈ। ਪਦਾ-ਰੂਪ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਅੰਕਿਤ ਇਕੱਤੀ ਰਾਗਾਂ ਵਿਚ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਗੁਰੂ ਸਾਹਿਬਾਨ ਵਿਚੋਂ ਗੁਰੂ ਅੰਗਦ ਦੇਵ ਤੇ ਸੰਤਾਂ-ਭਗਤਾਂ ਵਿਚੋਂ ਬਾਬਾ ਸੁੰਦਰ ਅਤੇ ਸਤਾ ਬਲਵੰਡ ਨੇ ਪਦਾ-ਰੂਪ ਦੀ ਵਰਤੋਂ ਨਹੀਂ ਕੀਤੀ। ਇਸ ਤੋਂ ਇਲਾਵਾ ਸਾਰੇ ਬਾਣੀਕਾਰਾਂ ਨੇ ਇਸ ਰੂਪ ਦੀ ਵਰਤੋਂ ਕੀਤੀ ਹੈ।

ਅਸਟਪਦੀ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਕੱਤੀ ਰਾਗਾਂ ਵਿਚੋਂ ਇਕੀ ਰਾਗਾਂ ਵਿਚ ਰੂਪਮਾਨ ਹੋਈ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ—

| | | | |
|---|---|---|---|
| ਸਿਰੀ ਰਾਗ | ਮਹਲਾ ੧ | 18 | ਕੁਲ ਜੋੜ |
| | ਮਹਲਾ ੩ | 8 | |
| | ਮਹਲਾ ੫ | 3 | 29 |
| ਮਾਝ ਰਾਗ | ਮਹਲਾ ੧ | 1 | |
| | ਮਹਲਾ ੩ | 32 | |
| | ਮਹਲਾ ੪ | 1 | |
| | ਮਹਲਾ ੫ | 5 | 39 |
| ਗਉੜੀ ਰਾਗ | ਮਹਲਾ ੧ | 18 | |
| | ਮਹਲਾ ੩ | 9 | |
| | ਮਹਲਾ ੫ | 15 | |
| | ਕਬੀਰ ਜੀ | 1 | 43 |
| ਰਾਗ ਆਸਾ | ਮਹਲਾ ੧ | 22 | |
| | ੩ | 15 | |
| | ੫ | 2 | 39 |
| ਰਾਗ ਗੁਜਰੀ | ਮਹਲਾ ੧ | 5 | |
| | ੩ | 1 | |
| | ੪ | 1 | |
| | ੫ | 2 | 9 |
| | | | 197 |

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | | |
|---|---|---|---|
| ਰਾਗ ਵਡਹੰਸ | ਮਹਲਾ ੩ | 2 | 2 |
| ਰਾਗ ਸੋਰਠ | ਮਹਲਾ ੧ | 4 | |
| | ੩ | 3 | |
| | ੫ | 3 | 10 |
| ਰਾਗ ਧਨਾਸਰੀ | ਮਹਲਾ ੧ | 2 | |
| | ੪ | 1 | 3 |
| ਰਾਗ ਸੂਹੀ | ਮਹਲਾ ੧ | 5 | |
| | ੩ | 4 | |
| | ੪ | 2 | |
| | ੫ | 5 | 16 |
| ਰਾਗ ਬਿਲਾਵਲ | ਮਹਲਾ ੧ | 2 | |
| | ੩ | 1 | |
| | ੪ | 6 | |
| | ੫ | 3 | 12 |
| ਰਾਗ ਗੌਂਡ | ਮਹਲਾ ੫ | 1 | 1 |
| ਰਾਗ ਰਾਮਕਲੀ | ਮਹਲਾ ੧ | 1 | |
| | ੩ | 5 | |
| | ੫ | 8 | 14 |
| ਰਾਗ ਨਟ ਨਾਰਾਇਨ | ਮਹਲਾ ੪ | 6 | 6 |
| ਰਾਗ ਮਾਰੂ | ਮਹਲਾ ੧ | 8 | |
| | ੪ | 1 | |
| | ੫ | 2 | 11 |
| ਰਾਗ ਸਾਰੰਗ | ਮਹਲਾ ੧ | 2 | |
| | ੨ | 3 | |
| | ੫ | 1 | 6 |
| ਰਾਗ ਮਲਾਰ | ਮਹਲਾ ੧ | 5 | |
| | ੩ | 3 | 8 |
| ਰਾਗ ਕਾਨੜਾ | ਮਹਲਾ ੪ | 6 | |
| | ੫ | 1 | 7 |
| ਰਾਗ ਕਲਿਆਨ | ਮਹਲਾ ੪ | 6 | 6 |
| ਰਾਗ ਪ੍ਰਭਾਤੀ | ਮਹਲਾ ੧ | 7 | |
| | ੩ | 2 | |
| | ੫ | 3 | 12 |

ਕੁਲ ਜੋੜ ਗੁਰੂ ਸਾਹਿਬਾਨ=293
ਕਬੀਰ ਜੀ= 5

ਜੋੜ—296



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਖੇਪ ਵਿਚ,ਅਸਟਪਦੀ ਰੂਪ,ਪਦਾ-ਰੂਪ ਦੇ ਮੁਕਾਬਲੇ ਵਿਚ ਬਾਣੀਕਾਰਾਂ ਨੇ ਵਰਤੋਂ ਵਿਚ ਘਟ ਲਿਆਂਦਾ ਹੈ। ਹੁਣ ਅਸਟਪਦੀਆਂ ਦੇ ਬਹਿਰੰਗ ਰੂਪ ਬਾਰੇ ਵਿਚਾਰ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ।

ਅਸਟਪਦੀ ਕੋਈ ਛੰਦ ਨਹੀਂ ਸਗੋਂ ਇਕ ਹੀ ਅਸਟਪਦੀ ਵਿਚ ਕਈ ਤਰ੍ਹਾਂ ਦੇ ਛੰਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਸਟਪਦੀ ਇਕ ਤਰ੍ਹਾਂ ਦਾ ਕਾਵਿ-ਰੂਪ ਹੈ ਜਿਸ ਦੇ ਅਠ ਬੰਦ ਹਨ। ਇਹ ਅਠੇ ਪਦ ਇਕ ਛੰਦ-ਲੈਅ ਵਿਚ ਵੀ ਰਚੇ ਜਾ ਸਕਦੇ ਹਨ ਤੇ ਇਕ ਤੋਂ ਵਧੀਕ ਛੰਦਾਂ ਵਿਚ ਵੀ। ਮਿਸਾਲ ਵਜੋਂ ਸੁਖਮਨੀ ਦੀਆਂ ਅਸਟਪਦੀਆਂ ਚੌਪਈ ਛੰਦ ਵਿਚ ਰਚਿਤ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਅਸਟਪਦੀਆਂ ਅਜਿਹੀਆਂ ਵੀ ਹਨ ਜੋ ਇਕ ਛੰਦ-ਚਾਲ ਦੇ ਬੰਧਨ ਨੂੰ ਨਹੀਂ ਸਵੀਕਾਰਦੀਆਂ। ਉਦਾਹਰਣ ਹਾਜ਼ਰ ਹੈ—

ਰਾਗ ਗਾਉੜੀ ਗੁਆਰੇਰੀ ਮਹਲਾ ੫ ਅਸਟਪਦੀਆਂ (ਪੰਨਾ ੨੩੫)

ਜਬ ਇਹੁ ਮਨ ਮਹਿ ਕਰਤ ਗੁਮਾਨਾ ॥
ਤਬ ਇਹੁ ਬਾਵਰੁ ਫਿਰਤ ਬਿਗਾਨਾ ॥
ਜਬ ਇਹੁ ਹੂਆ ਸਗਲ ਕੀ ਰੀਨਾ ॥
ਤਾਤੇ ਰਮਈਆ ਘਟਿ ਘਟਿ ਚੀਨਾ ॥੧॥
ਸਹਜ ਸੁਹੇਲਾ ਫਲੁ ਮਸਕੀਨੀ ॥
ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ਰਹਾਉ॥
ਜਬ ਕਿਸ ਕਉ ਇਹੁ ਜਾਨਸਿ ਮੰਦਾ। ਤਬ ਸਗਲੇ ਇਸੁ ਮੇਲਹੁ ਫੰਦਾ ॥
ਮੇਰ ਤੇਰ ਜਬ ਇਨਹਿ ਚੁਕਾਈ। ਤਾਤੇ ਇਸ ਸੰਗਿ ਨਹੀ ਬੈਰਾਈ ॥੨॥
ਜਬ ਇਨਿ ਅਪੁਨੀ ਅਪਨੀ ਧਾਰੀ। ਤਬ ਇਸ ਕਉ ਹੈ ਮੁਸਕਲੁ ਭਾਰੀ ॥
ਜਬ ਇਨਿ ਕਰਣੈ ਹਾਰੁ ਪਛਾਤਾ। ਤਬ ਇਸ ਨੋ ਨਾਹੀ ਕਿਛੁ ਤਾਤਾ ॥੩॥
ਜਬ ਇਨਿ ਅਪੁਨੋ ਬਾਧਿਓ ਮੋਹਾ। ਆਵੈ ਜਾਇ ਸਦਾ ਜਮਿ ਜੋਹਾ ॥
ਜਬ ਇਸ ਤੇ ਸਭ ਬਿਨਸੇ ਭਰਮਾ। ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥
ਜਬ ਇਨਿ ਕਛੁ ਕਰਿ ਮਾਨੇ ਭੇਦਾ। ਤਬ ਤੇ ਦੂਖ ਡੰਡ ਅਰੁ ਖੇਦਾ ॥
ਜਬ ਇਨਿ ਏਕੋ ਏਕੀ ਬੂਝਿਆ। ਤਬ ਤੇ ਇਸਨੋ ਸਭੁ ਕਿਛੁ ਸੂਝਿਆ ॥੫॥
ਜਬ ਇਹੁ ਧਾਵੈ ਮਾਇਆ ਅਰਥੀ। ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥
ਜਬ ਇਸ ਤੇ ਇਹੁ ਹੋਇਓ ਜਉਲਾ। ਪੀਛੈ ਲਾਗਿ ਚਲੀ ਉਠਿ ਕਉਲਾ ॥੬॥
ਕਰ ਕਿਰਪਾ ਜਉ ਸਤਿਗੁਰੂ ਮਿਲਿਓ। ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ। ਤਉ ਇਸੁ ਘਰਿ ਕੀ ਕੀਮਤਿ ਪਰੀ ॥੭॥
ਕਰਨ ਕਰਾਵਨ ਸਭੁ ਕਿਛੁ ਏਕੈ। ਆਪੇ ਬੁਧਿ ਬੀਚਾਰਿ ਬਿਬੇਕੈ ॥
ਦੂਰਿ ਨ ਨੇਰੈ ਸਭ ਕੈ ਸੰਗਾ। ਸਚੁ ਸਾਲਾਹੁਣ ਨਾਨਕ ਹਰਿ ਰੰਗਾ ॥੮॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਫ ਹੈ, ਉਪਰ ਅੰਕਿਤ ਅਸਟਪਦੀ ਵਿਚ ਇਕ ਰਹਾਉ ਅਤੇ ਅਠ ਬੰਦ ਹਨ। ਹਰ ਬੰਦ ਚਾਰ ਪੰਕਤੀਆਂ ਦਾ ਹੈ। ਇਨ੍ਹਾਂ ਬੰਦਾਂ ਵਿਚ ਕਿਧਰੇ ਕਿਧਰੇ ਲੈਅ ਭੰਗ ਵੀ ਹੁੰਦੀ ਹੈ ਪਰ ਧਿਆਨਯੋਗ ਗੱਲ ਇਹ ਕਿ ਬੰਦਾਂ ਦੀਆਂ ਤੁਕਾਂ ਅਤੇ ਪਦਾਂ ਦੀ ਮਾਤਰਾ ਵਿਚ ਅੰਤਰ ਕਿਧਰੇ ਵੀ ਨਹੀਂ ਆਇਆ।

ਹੁਣ ਉਸ ਅਸਟਪਦੀ ਨੂੰ ਵੀ ਵਾਚ ਲੈਣਾ ਉਚਿਤ ਹੈ ਜਿਸ ਦੇ ਪਦ ਤਾਂ ਸਤਾਈ ਹਨ ਪਰ ਉਸ ਦਾ ਸਿਰਲੇਖ ਅਸਟਪਦੀ ਹੀ ਹੈ—

ਰਾਮਕਲੀ ਮਹਲਾ ੩ (੯੦੯)

ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ ॥੧॥
ਸੰਤਹੁ ਗੁਰਮੁਖਿ ਦੇਇ ਵਡਿਆਈ ॥੧॥ਰਹਾਉ॥
ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ। ਕਾਮ ਕ੍ਰੋਧੁ ਵਿਚਹੁ ਜਾਈ ॥੨॥
ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ॥੩॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਅੰਤੇ ਨਾਮੁ ਸਖਾਈ ॥੪॥
ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ ॥੫॥
ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵਲਾਈ ॥੬॥
ਸਤ ਸੰਗਤਿ ਮਹਿ ਨਾਮੁ ਨਿਰਮੋਲਕੁ। ਵਡੈ ਭਾਗਿ ਪਾਇਆ ਜਾਈ ॥੭॥
ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ ॥੮॥
ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥
ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੈ ਲਿਵਲਾਈ ॥੧੩॥
ਨਾਮ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੈ ਮੈਲੁ ਗਵਾਈ ॥੧੪॥
ਤ੍ਰੈਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਰਹਿ ਕਿਸੁ ਭਾਈ ॥੧੯॥
ਭਗਤ ਜਨਾ ਕੀ ਉਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥
ਕਾਇਆ ਨਗਰੀ ਸਬਦੈ ਖੋਜੇ ਨਾਮੁ ਨਵੰਨਿਧਿ ਪਾਈ ॥੨੨॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨਤੀ ਨਾਵਹੁ ਗਤਿ ਪਤਿ ਪਾਈ ॥੨੭॥

ਉਪਰ ਅੰਕਿਤ ਬਾਣੀ-ਰਚਨਾ ਦਾ ਸਿਰਲੇਖ ਅਸਟਪਦੀ ਹੈ ਪਰ ਇਸ ਦਾ ਬੰਦ-ਪ੍ਰਬੰਧ ਤੇ ਤੁਕ-ਪ੍ਰਬੰਧ ਆਪਣਾ ਹੀ ਹੈ। ਹਰ ਬੰਦ ਇਕ ਤੁਕਾ ਹੈ। ਹਰ ਤੁਕ ਦੀ ਸਮਾਪਤੀ ਉਪਰੰਤ ਅੰਕ ਦਰਜ ਹੈ ਜੋ ਤੁਕ-ਸੰਖਿਆ ਦਾ ਸੂਚਕ ਹੈ। ਇਸ ਅਸ਼ਟਪਦੀ ਵਿਚ ਸਤਾਈ ਪੰਕਤੀਆਂ ਹਨ। ਜ਼ਾਹਿਰ ਹੈ, ਇਸ ਬਾਣੀ-ਰਚਨਾ ਵਿਚ ਤੁਕ ਇਕ ਤਰ੍ਹਾਂ ਬੰਦ ਦੇ ਅਰਥਾਂ ਵਿਚ ਸਾਹਮਣੇ ਆਉਂਦੀ ਹੈ। ਦਰਅਸਲ, ਇਹ ਅਸਟਪਦੀ ਦੀ ਇਕ ਵੰਨਗੀ ਹੈ। ਅਜਿਹੀ ਵੰਨਗੀ ਦੀ ਸਿਰਜਣਾ ਪਹਿਲੇ ਅਤੇ ਪੰਜਵੇਂ ਗੁਰੂ ਨੇ ਵੀ ਕੀਤੀ ਹੈ। ਭਾਵੇਂ ਇਸ ਵੰਨਗੀ ਦੀ ਮਾਤਰਾ ਘਟ ਹੈ ਪਰ ਇਸ ਨੂੰ ਵੰਨਗੀ ਵਜੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦੀਆਂ ਅਸਟਪਦੀਆਂ ਵਿਚੋਂ ਇਕ ਹੋਰ ਵੰਨਗੀ ਵੀ ਪ੍ਰਾਪਤ ਹੁੰਦੀ ਹੈ। ਇਹ ਅਸਟਪਦੀ ਅਠ ਪਦਾਂ ਦੀ ਨਾ ਹੋ ਕੇ ਸਤਪਦੀ ਹੈ ਪਰ ਸਿਰਲੇਖ ਅਸਟਪਦੀ ਵਾਲਾ ਹੀ ਹੈ। ਇਸ ਦੀ ਵੰਨਗੀ ਮੁਤਾਲਿਆ ਲਈ ਪੇਸ਼ ਹੈ—

ਸਿਰੀ ਰਾਗ ਮਹਲਾ ੧ ਘਰ ੧ ਅਸਟਪਦੀਆਂ (੫੩)
ਆਖਿ ਆਖਿ ਮਨੁ ਵਾਵਣਾਂ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵਲਾਇ ॥੧॥
ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਥਾ ਪਰਵਦਿਗਾਰੁ ॥ਰਹਾਉ॥
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸ਼ਹੀਦ ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥
ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥
ਜਿਥੈ ਵਸੈ ਮੇਰਾ ਪਾਤਸਾਹੁ ਸੋ ਕੇਵਡੁ ਹੈ ਥਾਉ ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥
ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥
ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥
ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥
ਕੇਵਡੁ ਦਾਤਾ ਆਖੀਐ ਦੇ ਕੇ ਰਹਿਆ ਸੁਮਾਰਿ ॥
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰਿ ॥੭॥

ਗੁਰੂ ਨਾਨਕ ਰਚਿਤ ਉਪਰੋਕਤ ਅਸਟਪਦੀ ਇਕ ਹੋਰ ਰੂਪ-ਬਣਤਰ ਨੂੰ ਸਾਹਮਣੇ ਲਿਆਉਂਦੀ ਹੈ। ਇਸ ਰਚਨਾ ਦੇ ਸਤ ਬੰਦ ਹਨ। ਹਰ ਬੰਦ ਤਿਤੁਕਾ ਹੈ। ਇਸ ਵਿਚ ਇਕ ਰਹਾਉ ਵੀ ਹੈ। ਹਰ ਬੰਦ ਦੇ ਅਖੀਰ ਤੇ ਬੰਦ-ਅੰਕ ਦਾ ਸੰਕੇਤ ਹੈ। ਇਹ ਅੰਕ ਕ੍ਰਮ-ਵਾਰ ਸਤ ਅੰਕ ਉਪਰ ਸਮਾਪਤ ਹੋ ਜਾਂਦਾ ਹੈ। ਇਸ ਬਾਣੀ-ਰਚਨਾ ਦਾ ਸਿਰਲੇਖ ਅਸਟਪਦੀ ਹੀ ਹੈ। ਇਥੋਂ ਹੀ ਇਹ ਟੋਹ ਪ੍ਰਾਪਤ ਹੁੰਦੀ ਹੈ, ਅਸਟਪਦੀ ਲਈ ਅਠ ਪਦਾਂ ਦਾ ਹੋਣਾ ਲਾਜ਼ਮੀ ਨਹੀਂ। ਗੁਰੂ ਸਾਹਿਬਾਨ ਨੇ ਸਿਰਲੇਖ ਦੀ ਵਰਤੋਂ ਤਾਂ ਕੀਤੀ ਹੈ। ਪਰ ਸਦਾ ਵਾਂਗ ਨਿਰਬੰਧ ਰਹਿਕੇ। ਉਨ੍ਹਾਂ ਨੇ ਨਾ ਤਾਂ ਪਦ-ਸੰਖਿਆ ਦੀ ਕਰੜਾਈ ਹੈ ਤੇ ਨਾ ਹੀ ਤੁਕ-ਸੰਖਿਆ ਨੂੰ ਨਿਯਮਤ ਰੂਪ ਦਿਤਾ ਹੈ। ਕੁਲ ਮਿਲਾ ਕੇ, ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀ ਦੇ ਅਨੇਕਾਂ ਰੂਪ ਹਨ ਜਿਨ੍ਹਾਂ ਵਿਚੋਂ ਚਾਰ ਪ੍ਰਮੁਖ ਹਨ। ਇਨ੍ਹਾਂ ਦਾ ਵੇਰਵਾ ਕਰ ਲੈਣਾ ਉਚਿਤ ਪ੍ਰਤੀਤ ਹੁੰਦਾ ਹੈ।

ੳ. ਅਸਟਪਦੀ : ਅਠ ਬੰਦਾਂ ਵਾਲੀ ਜਿਸ ਦਾ ਹਰ ਬੰਦ ਚੁਤੁਕਾ ਹੁੰਦਾ ਹੈ। ਇਸ ਰੂਪ ਬੰਦਿਸ਼ ਵਿਚ ਸਭ ਤੋਂ ਅਧਿਕ ਮਾਤਰਾ ਹੈ।

ਅ. ,, : ਅਠ ਬੰਦਾਂ ਵਾਲੀ ਜਿਸ ਦਾ ਹਰ ਬੰਦ ਪਉੜੀ ਵਰਗਾ ਹੁੰਦਾ ਹੈ ਤੇ ਹਰ ਪਉੜੀ ਦਾ ਅਗੋਂ ਇਕ ਨਿਸ਼ਚਿਤ ਤੁਕ ਪ੍ਰਬੰਧ ਹੁੰਦਾ ਹੈ ਜੇਹਾ ਕਿ ਸੁਖਮਨੀ ਸਾਹਿਬ ਦੀਆਂ ਅਸਟਪਦੀਆਂ।

ੲ. ,, : ਸਤ ਪਦਾ ਵਾਲੀ ਜਿਸ ਦਾ ਹਰ ਪਦ ਤਿਤੁਕਾ ਹੈ। ਅਜਿਹੀ ਬੰਦਿਸ਼ ਵਾਲੀਆਂ ਅਸਟਪਦੀਆਂ ਦੀ ਮਾਤਰਾ ਅਲਪ ਹੈ।

ਸ. ,, : ਪੰਕਤੀ ਬੱਧ ਅਸਟਪਦੀ। ਇਸ ਦੇ ਅੰਤਰਗਤ ਤੁਕ-ਪ੍ਰਬੰਧ ਵਾਲੀਆਂ ਅਸਟਪਦੀਆਂ ਆਉਂਦੀਆਂ ਹਨ ਜਿਨ੍ਹਾਂ ਦੀ ਮਾਤਰਾ ੨੧ ਵੀ ਹੋ ਸ਼ਕਦੀ ਹੈ ਤੇ 27 ਵੀ ਅਥਵਾ ਵਧ ਘਟ ਵੀ।

ਉਪਰ ਅੰਕਿਤ ਵਿਵੇਚਨ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ ਅਸਟਪਦੀ ਕੋਈ ਛੰਦ ਨਹੀਂ ਸਗੋਂ ਇਕ ਹੀ ਅਸਟਪਦੀ ਵਿਚ ਕਈ ਤਰ੍ਹਾਂ ਦੇ ਛੰਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।[1] ਇਹ ਇਕ ਕਾਵਿ ਪ੍ਰਬੰਧ ਹੈ ਜਿਸ ਵਿਚ ਅਠ ਪਦ ਹੁੰਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਅਠੋ ਪਦ ਇਕ ਛੰਦ-ਚਾਲ ਵਿਚ ਵੀ ਰਚੇ ਜਾ ਸਕਦੇ ਹਨ ਤੇ ਇਕ ਤੋਂ ਵਧੀਕ ਛੰਦਾਂ ਵਿਚ ਵੀ। ਆਮ ਤੌਰ ਤੇ ਅਠਬੰਦਾਂ ਵਾਲੀ ਕਾਵਿ ਟੁਕੜੀ ਨੂੰ ਅਸਟਪਦੀ ਕਿਹਾ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੇਮ ਦਾ ਸਦਾ ਪਾਲਣ ਨਹੀਂ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਅਠ ਪਦਾਂ ਵਾਲੀ ਰਚਨਾ ਨੂੰ ਨਹੀਂ ਬਲਕਿ ਇਕ ਬਾਣੀ-ਰਚਨਾ ਨੂੰ ਵੀ ਅਸਟਪਦੀ ਦਾ ਨਾਮ ਦਿਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਕੀ ਪਦਾ ਵਾਲੀ ਰਚਨਾ ਨੂੰ ਵੀ ਅਸਟਪਦੀ ਸਿਰਲੇਖ ਹੇਠ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਕ ਹੋਰ ਗੱਲ ਵੀ ਧਿਆਨ ਜੋਗ ਹੈ, ਅਸਟਪਦੀ ਦੇ **ਇਕ ਪਦ ਜਾਂ ਬੰਦ** ਲਈ **ਤੁਕ-ਵਿਧਾਨ** ਨਹੀਂ ਕੀਤਾ ਗਿਆ। ਇਸ ਦਾ ਇਕ ਬੰਦ ਇਕ ਤੁਕਾ ਵੀ ਹੋ ਸਕਦਾ ਹੈ ਦੁਤੁਕਾ, ਤਿਤੁਕਾ, ਚਉਤੁਕਾ ਤੇ ਦਸਤੁਕਾ ਵੀ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀ ਦੀ **ਬੰਦ-ਸੰਖਿਆ** ਤੇ ਬੰਦ ਦੀ **ਤੁਕ-ਸੰਖਿਆ** ਲਈ ਕੋਈ ਨਿਸ਼ਚਿਤ ਨੇਮ-ਵਿਧਾਨ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀ ਦੇ ਬਾਹਰਲੇ ਢਾਂਚੇ ਦੀ ਪਹਿਚਾਣ ਕੇਵਲ ਇਤਨੀ ਹੀ ਹੈ ਕਿ ਉਸ ਉਪਰ ਅਸਟਪਦੀ ਸਿਰਲੇਖ ਵਿਸ਼ੇਸ਼ ਅੰਕਿਤ ਹੈ।

ਵਸਤੂ ਸਾਮਗ੍ਰੀ ਦੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਅਸਟਪਦੀ ਆਪਣੀ ਨਿਵੇਕਲੀ ਨੁਹਾਰ ਰਖਦੀ ਹੈ। ਮੁਕਤਕ ਕਾਵਿ ਵਾਲੇ ਗੁਣ-ਲੱਛਣਾਂ ਨਾਲ ਅਸਟਪਦੀ ਵੀ ਭਰਪੂਰ ਹੈ। ਅਸਟਪਦੀ ਵਿਚ ਤੇ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਅਸਟਪਦੀਆਂ ਵਿਚ ਭਾਵ-ਭਿੰਨਤਾਂ ਅਤੇ ਭਾਵ-ਵਿਚਤ੍ਰਤਾ ਵਿਦਮਾਨ ਹੈ। ਹਰ ਅਸਟਪਦੀ ਆਪਣੇ ਆਪ ਵਿਚ ਸੰਪੂਰਣ, ਸੁਤੰਤਰ ਅਤੇ ਨਿੱਜੀ ਹੋਂਦ ਦੀ ਧਾਰਣੀ ਹੈ। ਸਰੋਦੀ ਹੂਕ ਨਾਲ ਇਕਮਿਕ ਹੋਣ ਕਰਕੇ ਹੀ ਇਸ ਨੂੰ ਵੈਣਿਕ ਕਾਵਿ ਦੇ ਅੰਤਰਗਤ ਆਂਕਿਆ ਜਾਂਦਾ ਹੈ। ਪਰ ਮੁਕਤਕ ਕਾਵਿ ਦੀ ਤਰ੍ਹਾਂ ਇਹ ਸਭ ਬੰਧਨਾਂ ਤੋਂ ਮੁਕਤ ਵੀ ਹੈ। ਅਸਟਪਦੀ ਜਿਥੇ ਛੰਦ-ਚਾਲ, ਪਦ-ਸੰਖਿਆ ਤੋਂ ਮੁਕਤ ਹੈ ਉਥੇ ਭਾਵ ਤਦਰੂਪਤਾ ਵੀ ਇਸ ਦਾ ਅੰਗ ਨਹੀਂ। ਕਿਸੇ ਵੀ ਭਾਵ ਦੇ ਪੁਨਰ ਦੁਹਰਾਉ ਨੂੰ ਇਸ ਵਿਚ ਸਥਾਨ ਮਿਲ ਸਕਦਾ ਹੈ। ਆਪਣੀ ਪ੍ਰਕ੍ਰਿਤੀ ਵਿਚ ਅਸਟਪਦੀ ਪਦਾ-ਰੂਪ ਨਾਲ ਮੇਲ ਖਾਂਦੀ ਹੈ। ਸੁਆਲ ਹੋ ਸਕਦਾ ਹੈ ਜੇ ਅਸਟਪਦੀ ਆਪਣੇ ਬਾਹਰੀ ਅਤੇ ਆਂਤ੍ਰਿਕ ਢਾਂਚੇ ਵਿਚ ਪਦਾ-ਰੂਪ ਨਾਲ ਹੀ ਮੇਲ ਖਾਂਦੀ ਹੈ ਤਾਂ ਇਸ ਦਾ ਨਾਮ ਅਸਟਪਦੀ ਕਿਉਂ ਰਖਿਆ ਗਿਆ ? ਤੇ ਖ਼ਾਸ ਕਰਕੇ ਉਸ ਹਾਲਤ ਵਿਚ ਜਦੋਂ ਇਹ ਅਠ-ਪਦਾਂ ਦਾ ਨੇਮ ਵੀ ਕਰੜਾਈ ਨਾਲ ਨਹੀਂ ਨਿਭਾਉਂਦੀ।

ਉੱਤਰ ਹੈ, ਅਸਟਪਦੀ ਬਹੁਤ ਸਾਰੀਆਂ ਗੱਲਾਂ ਕਰਕੇ ਪਦਾ-ਰੂਪ ਨਾਲ ਮੇਲ ਖਾਂਦੀ ਹੈ। ਪਰ ਤਿੰਨ ਗੱਲਾਂ ਕਰਕੇ ਇਹ ਪਦਾ-ਰੂਪ ਨਾਲੋਂ ਅਡਰੀ ਹੈ। ਪਹਿਲਾ ਹੈ ਅਕਾਰ। ਪਦਾ-ਰੂਪ ਆਪਣੇ ਆਕਾਰ ਵਿਚ ਲਘੂ ਹੁੰਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੋਏ ਪਦੇ ਇਸ ਨੇਮ ਦਾ ਲਗਭਗ ਨਿਬਾਹ ਕਰਦੇ ਹਨ। ਦੂਸਰਾ ਹੈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਸਤੂ-ਸਾਮਗ੍ਰੀ ਕਰਕੇ ਅਸਟਪਦੀ ਪਦਾ-ਰੂਪ ਦੀ ਅਨੁਸਾਰੀ ਵੀ ਹੈ ਤੇ ਉਸ ਤੋਂ ਥੋੜੀ ਵਖਰੀ ਵੀ।

ਤੀਸਰਾ, ਅਸਟਪਦੀ ਆਪਣੀ ਬਿਰਤੀ ਵਿਚ ਵਧੇਰੇ ਕਰਕੇ ਮਹਿਮਾ ਮੁਖ ਹੈ। ਇਸ ਵਿਚ ਪ੍ਰਭੂ-ਮਹਿਮਾ, ਗੁਰੂ-ਮਹਿਮਾ, ਸੰਤ-ਮਹਿਮਾ, ਨਾਮ-ਮਹਿਮਾ ਆਦਿ ਦਾ ਸਥਾਨ ਵਿਸ਼ੇਸ਼ ਹੈ। ਪ੍ਰਭੂ ਉਸਤਤਿ ਕਰਦਿਆਂ ਕੋਸ਼-ਵੇਰਵਾ ਚਰਮ ਸੀਮਾਂ ਨੂੰ ਪੁਜ ਗਿਆ ਹੈ। ਭੈਰਉ ਰਾਗ ਵਿਚ ਅੰਕਿਤ ਹੋਈਆਂ ਪੰਚਮ ਗੁਰੂ ਦੀਆਂ ਅਸਟਪਦੀਆਂ ਵਿਚ ਪ੍ਰਭੂ ਦੀ ਬੇਅੰਤਤਾ ਨੂੰ ਅਤਿਸ਼ਯੋਕਤੀ ਰਾਹੀਂ ਮੂਰਤੀਮਾਨ ਕੀਤਾ ਗਿਆ ਹੈ। ਕ੍ਰੋੜਾਂ ਵਿਸ਼ਨੂੰ ਉਸ ਹਰੀ ਦਾ ਨਾਮ ਜਪ ਰਹੇ ਹਨ। ਕ੍ਰੋੜਾਂ ਲੋਕ ਉਸਦੇ ਦਰ ਉਤੇ ਸੰਖ ਪੂਰ ਰਹੇ ਹਨ, ਸਿਜਦੇ ਕਰ ਰਹੇ ਹਨ। ਕ੍ਰੋੜਾਂ ਸ਼ਿਵ ਸ਼ਕਤੀਆਂ ਉਸਦੇ ਹੁਕਮ ਵਿਚ ਚਲ ਰਹੀਆਂ ਹਨ। ਕ੍ਰੋੜਾਂ ਤੀਰਥ ਪ੍ਰਭੂ ਦੇ ਚਰਨਾਂ ਵਿਚ ਹਨ। ਕ੍ਰੋੜਾਂ ਪੁਜਾਰੀ ਉਸਦੀ ਪੂਜਾ ਕਰ ਰਹੇ ਹਨ। ਕ੍ਰੋੜਾਂ ਹੀ ਸਾਧੂ ਉਸਦੀ ਸਮਾਧੀ ਵਿਚ ਲੀਨ ਹਨ। ਕ੍ਰੋੜਾਂ ਹੀ ਮੌਨੀ ਮੌਨ ਬਿਰਤੀ ਤੇ ਧਿਆਨੀ ਉਸਦੇ ਧਿਆਨ ਵਿਚ ਜੁੜੇ ਹਨ। ਪਰ ਅਦ੍ਰਿਸ਼ਟ ਪਾਰਬ੍ਰਹਮ ਇਨ੍ਹਾਂ ਸਾਰਿਆਂ ਵਿਚ ਹੀ ਹੈ। ਤੇ ਇਨ੍ਹਾਂ ਸਾਰਿਆਂ ਤੋਂ ਅਭਿੱਜ ਵੀ। ਨਾਮ ਜਪਣ ਵਾਲਿਆਂ ਦੀ ਮਹਿਮਾ ਕਰਦੇ ਹੋਏ ਇਨ੍ਹਾਂ ਦੇ ਸੁਭਾਉ ਨੂੰ ਬ੍ਰਿਖ, ਬੇੜੀ, ਧਰਤੀ ਅਤੇ ਅਗਨੀ ਦੇ ਸਮਾਨ ਦਸਿਆ ਹੈ। ਇਹ ਹਰ ਚੰਗੇ ਮਾੜੇ ਜੀਵ-ਜੰਤੂ ਨੂੰ ਵਿਤਕਰਾ ਕੀਤੇ ਬਿਨਾਂ ਹੀ ਸੁਖ ਪਹੁੰਚਾਉਂਦੇ ਹਨ। ਬਿਲਾਵਲ ਰਾਗ ਦੀਆਂ ਅਸਟਪਦੀਆਂ ਪ੍ਰਭੂ-ਪ੍ਰੀਤ ਦੇ ਉਪਮਾਨਾਂ ਨਾਲ ਭਰਪੂਰ ਅਤੇ ਸਰਸ ਹਨ। ਅਸਟਪਦੀਆਂ ਵਿਚ ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ ਕਿਸ ਤਰ੍ਹਾਂ ਹੋ ਸਕਦਾ ਹੈ ਅਥਵਾ ਵਸਲ ਦੇ ਸਾਧਨਾਂ ਦੀ ਰਾਹਨੁਮਾਈ ਕਰਦੀਆਂ ਹਨ। ਵਸਲ ਦੇ ਸਾਧਨਾਂ ਦੀ ਰਾਹਨੁਮਾਈ ਕਰਨ ਵੇਲੇ ਵੀ ਮਹਿਮਾ ਪਾਰਬ੍ਰਹਮ ਦੀ ਹੀ ਕੀਤੀ ਗਈ ਹੈ। ਵਸਤੂ ਦ੍ਰਿਸ਼ਟੀ ਤੋਂ ਪਦਾ-ਰੂਪ ਮਿਸ੍ਰਤ ਭਾਵ-ਬਿਰਤੀ ਵਾਲਾ ਹੈ ਪਰ ਅਸਟਪਦੀ ਮਿਸ੍ਰਿਤ ਭਾਵ-ਬਿਰਤੀ ਰਖਣ ਦੇ ਬਾਵਜੂਦ ਮਹਿਮਾਮੁਖ ਵਧੇਰੇ ਹੈ। ਪਦਿਆਂ ਦਾ ਮੁਖ ਬਲ ਜੀਵਾਤਮਾ ਤੇ ਪ੍ਰਮਾਤਮਾ ਦੇ ਸੰਬੰਧ-ਵੇਰਵਿਆਂ ਉਪਰ ਹੈ। ਪਰ ਅਸਟਪਦੀਆਂ ਜਗਤ ਦੀ ਵੰਨਸਸੰਨਤਾ ਨੂੰ ਹੈਰਤਕੁਨ ਹੋ ਕੇ ਵੇਖਦਿਆਂ ਮਹਿਮਾਈ ਸਵਰ ਉਚਾਰਦੀਆਂ ਹਨ। ਪਦਿਆਂ ਦਾ ਬਲ ਮਿਸ਼੍ਰਿਤ ਭਾਵ-ਲੱਸਾ ਨੂੰ ਪੇਸ਼ ਕਰਨ ਉਪਰ ਹੈ ਤੇ ਅਸਟਪ-ਦੀਆਂ ਦਾ ਬਲ ਇਕਾਗਰ ਭਾਵ ਨੂੰ ਸਮਰਪਿਤ ਹੈ। ਹਾਲਾਂਕਿ ਅਸਟਪਦੀਆਂ ਬਹਿਰੰਗ ਕਰਮ ਕਾਂਡ, ਨਿਉਲੀ ਕਰਮ, ਭੁਇਅੰਗਮ ਸਾਧਨ (ਸੁਆਸ ਚੜ੍ਹਾਉਣੇ) ਮੌਨ ਵਰਤੀ ਹੋਣਾ, ਕਰਪਾਤ੍ਰ, ਤੀਰਥ-ਰਟਨ, ਸੋਨਾ-ਇਸਤ੍ਰੀ, ਅੰਨ, ਕੱਪੜੇ, ਹਾਥੀ, ਘੋੜੇ, ਭੂਮੀ ਆਦਿ ਦਾ ਦਾਨ, ਪੂਜਾ, ਅਰਚਾ, ਖਟਕਰਮ, ਚਉਰਾਸੀ ਆਸਨ ਆਦਿ ਦਾ ਵਰਣਨ ਨਕਾਰਾਤਮਕ ਰੂਪ ਵਿਚ ਕਰਦੀਆਂ ਹਨ ਪਰ ਇਨ੍ਹਾਂ ਦਾ ਪ੍ਰਮੁਖ ਬਲ ਗੁਰੂ ਦੀ ਹਸਤੀ ਤੇ ਨਾਮ ਸਿਮਰਨ ਦੀ ਮਹਾਨਤਾ ਉਪਰ ਹੈ। ਸੰਖੇਪ ਵਿਚ, ਮਹਿਮਾਮਈ ਬਿਰਤੀ ਹੀ ਅਸਟਪਦੀ ਦੀ ਵਿਲੱਖਣਤਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਇਹ ਸੰਕੇਤ ਕਰਨਾ ਉਚਿਤ ਹੈ ਕਿ ਅਸਟਪਦੀ ਦਾ ਪ੍ਰਮਾਣਿਕ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਹੀ ਉਲਪਬਧ ਹੈ।

ਵੰਨਗੀ ਹਾਜ਼ਰ ਹੈ—

ਜਾਨਉ ਨਹੀਂ ਭਾਵੈ, ਕਵਨ ਬਾਤਾ ॥ ਮਨ ਖੋਜਿ ਮਾਰਗੁ ॥ਰਹਾਉ॥
ਧਿਆਨੀ ਧਿਆਨੁ ਲਾਵਹਿ, ਗਿਆਨੀ ਗਿਆਨੁ ਕਮਾਵਹਿ,
ਪ੍ਰਭੁ ਕਿਨਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ, ਜੋਗੀ ਕਹਤ ਮੁਕਤਾ, ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿ ਧਾਰੀ, ਸਨਿਆਸੀ ਬ੍ਰਹਮਚਾਰੀ, ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਮਾ ॥੪॥
ਇਕ ਸਬਦੀ ਬਹੁਰੂਪਿ ਅਵਧੂਤਾ, ਕਾਪੜੀ ਕਉ ਤੇ ਜਾਗੂਤਾ,
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨਹੀ ਕਹਾਇਆ, ਸਭ ਕਹਤੇ ਹੈ ਪਾਇਆ
ਜਿਸੁ ਮੇਲੋ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ, ਤਿਆਗੀ ਸਰਨਿ ਪਾਵਾ,
ਨਾਨਕੁ ਗੁਰਚਰਣਿ ਪਰਾਤਾ ॥੮॥ (ਆ. ਗ੍ਰੰ: ੭੧)

ਕੁਲ ਮਿਲਾ ਕੇ,ਉਪਰੋਕਤ ਵਿਚਾਰ ਤੋਂ ਨਿਮਨ ਅੰਕਿਤ ਸਿੱਟੇ ਪ੍ਰਾਪਤ ਕੀਤੇ ਪ੍ਰਾਪਤ ਕੀਤੇ ਜਾ ਸਕਦੇ ਹਨ—

ੳ. ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀ ਦੀ ਵਰਤੋਂ ਇਕ ਕਾਵਿ-ਰੂਪ ਕਰਕੇ ਹੋਈ ਹੈ।

ਅ. ਆਮ ਤੌਰ ਤੇ ਅਠ-ਪਦਾਂ ਵਾਲੀ ਰਚਨਾ ਨੂੰ ਅਸਟਪਦੀ ਕਿਹਾ ਜਾਂਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਬੰਦ ਵਾਲੀ ਅਸਟਪਦੀ ਵੀ ਹੈ। ਇਸ ਤੋਂ ਇਹ ਗੱਲ ਸਥਾਪਿਤ ਹੁੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀ ਦੇ ਬੰਦਾਂ ਦੀ ਸੰਖਿਆ ਨਿਸਚਿਤ ਨਹੀਂ। ਇਸ ਦੇ ਨਾਲ ਹੀ ਇਕ ਬੰਦ ਵਿਚ ਤੁਕ-ਸੰਖਿਆ ਵੀ ਅਨਿਸਚਿਤ ਹੈ।

ੲ. ਅਸਟਪਦੀ ਵਿਚ ਰਹਾਉ ਦੀ ਵਰਤੋਂ ਨਹੀਂ ਪਰ ਰਾਗਾਤਮਕ ਬੰਦਿਸ਼ ਲਾਜ਼ਮੀ ਹੈ।

ਸ. ਅਸਟਪਦੀ ਵੀ ਪਦੇ ਵਾਂਗ ਆਪਣੇ ਆਪ ਵਿਚ ਮੁਕੰਮਲ, ਸੁਤੰਤਰ ਤੇ ਖ਼ੁਦਮੁਖਤਿਆਰ ਹੋਂਦ ਵਾਲੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਇਸ ਵਿਚ ਭਾਵ ਵਿਭਿਨਤਾ, ਭਾਵਕ ਵੇਗਾਂ ਤੇ ਭਾਵ ਇਕ ਰੂਪਤਾ ਨੂੰ ਮਹੱਤਵ ਜੋਗ ਸਥਾਨ ਪ੍ਰਾਪਤ ਹੈ।

ਕ. ਅਸਟਪਦੀ ਦੀ ਵਿਲੱਖਣਤਾ ਇਸ ਵਿਚਲੀ ਮਹਿਮਾ ਮੁਖ ਬਿਰਤੀ ਹੈ। ਇਹ ਮਹਿਮਾ ਚਾਹੇ ਪ੍ਰਭੂ ਦੀ ਹੈ, ਨਾਮ ਦੀ ਹੈ, ਸੰਤ ਦੀ ਹੈ ਜਾਂ ਗੁਰੂ ਦੀ ਹੈ।

ਖ. ਅਸਟਪਦੀ ਵਿਚ ਮੁਕਤਕ ਕਾਵਿ ਵਾਲੇ ਲਗਭਗ ਸਾਰੇ ਗੁਣ-ਲੱਛਣ ਮੌਜੂਦ ਹਨ।

## ਫੁਟ ਨੋਟ

1. ਭਾਈ ਕਾਹਨ ਸਿੰਘ, ਗੁਰ ਛੰਦ ਦਿਵਾਕਰ, ਪੰਨਾ 57



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਾਰ

ਮੱਧਕਾਲੀ ਪੰਜਾਬੀ ਕਾਵਿ ਵਿਚ ਵਾਰ-ਕਾਵਿ ਨੂੰ ਲੋਕ ਪ੍ਰਵਾਨਗੀ ਪ੍ਰਾਪਤ ਹੁੰਦਾ ਹੈ। ਇਸ ਕਾਵਿ-ਰੂਪ ਦੀ ਖ਼ਾਸੀ ਲੰਬੀ ਉਮਰ ਹੈ ਤੇ ਇਹ ਕਈ ਮੰਜ਼ਲਾਂ ਮਾਰਦਾ ਅੱਜ ਵੀ ਸਾਹਿਤਕ ਪਿੜ ਵਿਚ ਉਸੇ ਗੌਰਵ ਨਾਲ ਖੜਾ ਹੈ। ਲੰਬੀ ਆਰਜਾ ਰੱਖਣ ਕਰਕੇ ਇਸ ਨੇ ਕਈ ਰੂਪ ਵੀ ਬਦਲਾਏ ਹਨ। ਇਸਦੇ ਰੂਪ-ਪ੍ਰਬੰਧ ਵਿਚ ਸਮੇਂ ਦੇ ਵਹਾਉ ਨਾਲ ਬੜਾ ਕੁਝ ਜੁੜਦਾ ਰਿਹਾ ਹੈ ਤੇ ਕਈ ਕੁਝ ਟੁੱਟਦਾ ਵੀ। ਸ਼ਾਇਦ ਇਹੋ ਕਾਰਨ ਹੈ, ਇਸ ਦੇ ਨਾਲ ਅਨੇਕਾਂ ਪ੍ਰਸ਼ਨ ਜੁੜਦੇ ਗਏ ਹਨ ਤੇ ਇਸਦੀ ਮੂਲ ਸੰਰਚਨਾ ਅਨੇਕ ਅਪਵਾਦਾਂ ਦੇ ਬਾਅਦ ਵੀ ਆਪਣੀ ਥਾਂ ਸਿਰ ਖਲੋਤੀ ਰਹੀ। ਚੰਗਾ ਰਹੇਗਾ ਜੇ ਇਸ ਵਿਸ਼ੇ ਨੂੰ ਅਨੁਭਾਗਾਂ ਵਿਚ ਵੰਡ ਕੇ ਵਿਚਾਰਿਆ ਜਾਏ—

1. ਵਾਰਾ ਧਾਰਾ
2. ਸਾਹਿਤ ਵਰਗ ਵੰਡ ਤੇ ਵਾਰ-ਰੂਪ
3. ਲੋਕ ਵਾਰ ਤੇ ਅਧਿਆਤਮਕ ਵਾਰ ਦਾ ਅੰਤਰ-ਨਿਖੇੜ
4. ਅਧਿਆਤਮਕ ਵਾਰ ਦੀ ਰੂਪ-ਵਿਧੀ
5. ਅਧਿਆਤਮਕ ਵਾਰ ਦੀਆਂ ਰਚਨਾ ਰੂੜ੍ਹੀਆਂ
6. ਸਲੋਕ ਤੇ ਪਉੜੀਆਂ ਦਾ ਪਰਸਪਰ ਸੰਬੰਧ
7. ਅਧਿਆਤਮਕ ਵਾਰ ਦੀਆਂ ਦੋ ਵੰਨਗੀਆਂ

ੳ. ਸਲੋਕ ਤੇ ਪਉੜੀ ਦੇ ਸੰਜੋਗ ਤੋਂ ਹੋਂਦ ਵਿਚ ਆਈ ਆਸਾਂ ਦੀ ਵਾਰ ਤੇ ਹੋਰ ਕਈ ਵਾਰਾਂ।

ਅ. ਸਲੋਕ ਤੋਂ ਮੁਕਤ ਵਾਰ ਜੋ ਨਿਰੋਲ ਪਉੜੀਆਂ ਰਾਹੀਂ ਸਾਕਾਰ ਹੋਈ—ਜੇਹਾ ਕਿ ਰਾਮਕਲੀ ਦੀ ਵਾਰ ਤੇ ਬਸੰਤ ਦੀ ਵਾਰ।

**ਵਾਰਧਾਰਾ** ਦਾ ਸੰਬੰਧ ਪੂਰਬ ਨਾਨਕ ਕਾਲ ਨਾਲ ਹੈ। ਬਲਕਿ ਬਾਣੀ-ਧਾਰਾ ਜਿੰਨੀ ਉਮਰ ਹੀ ਵਾਰ-ਧਾਰਾ ਦੀ ਵੀ ਹੈ। ਬਾਣੀ ਦਾ ਆਰੰਭ ਨੌਵੀਂ ਦਸਵੀਂ ਸਦੀ ਤੋਂ ਹੋ ਜਾਂਦਾ ਹੈ। ਇਸੇ ਤਰ੍ਹਾਂ ਸੂਫ਼ੀ-ਧਾਰਾ ਦਾ ਪੰਜਾਬੀ ਸਾਹਿਤ ਵਿਚ ਅਗਾਜ਼ ਯਾਰਵੀਂ ਸਦੀ ਤੋਂ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਦਾ ਸਮਾਂ 1469 ਤੋਂ 1539 ਈ. ਸਦੀ ਦਾ ਹੈ। ਵਾਰ-ਕਾਵਿ ਦੀਆਂ ਪਹਿਲੀਆਂ ਪ੍ਰਮਾਣਿਕ ਰਚਨਾਵਾਂ ਗੁਰੂ ਨਾਨਕ ਦੇਵ ਰਚਿਤ ਵਾਰਾਂ ਹੀ ਹਨ। ਧਿਆਨਯੋਗ ਨੁਕਤਾ ਤਾਂ ਇਹ ਹੈ ਆਸਾ ਦੀ ਵਾਰ ਉਪਰ ਦਰਜ ਧੁਨੀ ਸੰਕੇਤ ਤੋਂ ਸੁਝਾਉ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਤੋਂ ਪਹਿਲਾਂ ਵੀ ਵਾਰ-ਰਚਨਾ ਹੁੰਦੀ ਰਹੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਰ-ਕਾਵਿ ਪੰਜਾਬੀ ਸਾਹਿਤ ਦਾ ਵਿਸ਼ੁਧ ਮੌਲਿਕ ਰੂਪ ਹੈ। ਵਾਰ-ਕਾਵਿ ਦੇ ਇਤਿਹਾਸਕ ਕਾਰਨਾਂ ਵਿਚ ਨਾ ਉਲਝ ਕੇ ਇਤਨਾ ਜਾਣ ਲੈਣਾ ਉਚਿਤ ਹੈ ਕਿ ਬਾਣੀ-ਧਾਰਾ ਦੇ ਨਾਲ ਨਾਲ ਲੋਕਧਾਰਾ ਦੀ ਜਨਤਾ ਦੀ ਦਿਲਚਸਪੀ ਦਾ ਕਾਰਣ ਬਣ ਚੁੱਕੀ ਸੀ। ਆਸਾ ਦੀ ਵਾਰ ਦਾ ਧੁਨੀ-ਸੰਕੇਤ ਇਸ ਧਾਰਣਾਂ ਨੂੰ ਪ੍ਰਪੱਕ ਕਰਦਾ ਹੈ ਕਿ ਵਾਰ ਦਾ ਪਹਿਲਾਰੂਪ ਲੋਕ-ਵਾਰ ਹੀ ਹੈ।

ਗੁਰੂ ਨਾਨਕ ਦੇਵ ਨੇ ਇਸ ਕਾਵਿ-ਰੂਪ ਦੀ ਬਿਰਤੀ ਅਧਿਆਤਮਿਕਤਾ ਵਲ ਮੋੜੀ। ਫਲਸਰੂਪ, ਗੁਰੂ ਅੰਗਦ ਦੇਵ ਤੇ ਗੁਰੂ ਤੇਗ ਬਹਾਦਰ ਨੂੰ ਛੱਡ ਕੇ ਸਾਰੇ ਗੁਰੂ ਸਾਹਿਬਾਨ ਨੇ ਵਾਰ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ। ਧਿਆਨ ਰਹੇ, ਕਿਸੇ ਸੰਤ-ਭਗਤ ਨੇ ਵਾਰ-ਰਚਨਾ ਨਹੀਂ ਕੀਤੀ। ਪੰਚਮ ਗੁਰੂ ਤੋਂ ਬਾਅਦ ਭਾਈ ਗੁਰਦਾਸ ਨੇ 39 ਅਧਿਆਤਮਕ ਵਾਰਾਂ ਦੀ ਸਿਰਜਣਾ ਕੀਤੀ। ਇਸੇ ਤਰ੍ਹਾਂ ਦਸਮ ਗੁਰੂ ਨੇ ਚੰਡੀ ਦੀ ਵਾਰ ਦੀ ਰਚਨਾ ਕੀਤੀ ਜੋ ਨਿਰੋਲ ਅਧਿਆਤਮਕ ਨਹੀਂ। ਇਸ ਵਿਚ ਪੌਰਾਣਿਕ ਪਾਤਰਾ ਨੂੰ ਅਧਿਆਤਮਕ ਰੰਗ ਵਿਚ ਪੇਸ਼ ਕੀਤਾ ਹੈ। ਜ਼ਾਹਿਰ ਹੈ, ਵਾਰਕਾਵਿ ਦੀ ਯਾਤਰਾ ਵਿਕਾਸ ਮੁੱਖ ਰਹੀ ਹੈ। ਇਸ ਦਾ ਪਹਿਲਾ ਪੜਾਉ ਲੋਕ-ਵਾਰ, ਦੂਸਰਾ ਪੜਾ ਅਧਿਆਤਮਕ ਵਾਰ ਤੇ ਤੀਸਰਾ ਪੜਾ ਇਤਿਹਾਸਕ ਵਾਰ ਦੇ ਨਾਮ ਨਾਲ ਆਂਕਿਆ ਜਾ ਸਕਦਾ ਹੈ।

2.

ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਦੇਵ ਤੋਂ ਪਹਿਲਾਂ ਲੋਕ ਸਾਹਿਤ ਦੀ ਦੀਰਘ ਪਰੰਪਰਾ ਮੌਜੂਦ ਹੈ। ਆਪਣੇ ਵਥ ਕਰਕੇ ਗੁਰਬਾਣੀ ਜਿਥੇ ਲੋਕ ਸਾਹਿਤ ਤੋਂ ਵਿਲੱਖਣ ਹੈ ਉਥੇ ਇਸਨੂੰ ਸਿੱਧ ਬਾਣੀ ਤੇ ਨਾਥਬਾਣੀ ਦੇ ਸਮਵਿਥ ਵੀ ਨਹੀਂ ਰੱਖਿਆ ਜਾ ਸਕਦਾ। ਸੰਕੇਤ ਕੀਤਾ ਜਾ ਚੁੱਕਾ ਹੈ, ਬਾਣੀ ਦੀ ਸੰਰਚਨਾ, (Structure) ਰਚਨਾ (Texture) ਆਪਣੀ ਪਹਿਚਾਨ ਆਪ ਹੈ। ਗੁਰੂ ਨਾਨਕ ਦੇਵ ਜਿਥੇ ਗੁਰਮਤਿ ਦੇ ਸਰਬ ਪ੍ਰਥਮ ਪ੍ਰਮਾਣਿਕ ਬਾਣੀਕਾਰ ਹਨ, ਉਥੇ ਸਰਬ ਸ਼ਰੋਮਣੀ ਗੁਰਬਾਣੀ-ਸ਼ਾਸਤਰੀ ਵੀ। ਗੁਰਮਤਿ ਸਕੂਲ ਦੀ ਵਿਲੱਖਣਤਾ ਉਸਦੇ ਨਿਖੜਵੇਂ ਵਸਤੂ (matter) ਵਿਧੀ (mode) ਤੇ ਅੰਦਾਜ਼ (manner) ਰਾਹੀਂ ਸਾਕਾਰ ਹੁੰਦੀ ਹੈ। ਇਨ੍ਹਾਂ ਤਿੰਨਾਂ ਦੇ ਦੇ ਸੰਜੁਗਤੀਕਰਣ ਰਾਹੀਂ ਹੀ ਗੁਰਮਤਿ ਦੇ ਪ੍ਰਮਾਣਿਕ ਪ੍ਰਤੀਮਾਨ ਸਥਾਪਿਤ ਹੋ ਸਕੇ ਹਨ। ਗੁਰੂ ਨਾਨਕ ਦੇਵ ਦੇ ਸਾਹਮਣੇ ਲੋਕ ਸਾਹਿਤ ਦੀਆਂ ਰੂੜ੍ਹੀਆਂ ਤੇ ਸਿੱਧ-ਨਾਥ-ਸੰਤ ਸਾਹਿਤ ਦੀਆਂ ਰੂੜ੍ਹੀਆਂ ਵੀ ਮੌਜੂਦ ਸਨ। ਗੁਰੂ ਨਾਨਕ ਦੇਵ ਨੇ ਇਨ੍ਹਾਂ ਦੋਹਾਂ ਦਾ ਸਮਨਵੈ ਕਰਕੇ, ਇਨ੍ਹਾਂ ਦੋਹਾਂ ਦੀ ਬੁਨਿਆਦ ਉਪਰ ਗੁਰਬਾਣੀ-ਮਾਡਲ ਦੀ ਉਸਾਰੀ ਕੀਤੀ ਹੈ। ਗੁਰੂ ਨਾਨਕ ਜਿਥੇ ਪੂਰਬਵਰਤੀ ਸਾਹਿਤ ਰੂੜ੍ਹੀਆਂ ਦੇ ਗਿਆਤਾ ਸਨ, ਉਥੇ ਸਾਹਿਤ ਦੇ ਸ਼ਾਸਤਰੀ ਨੇਮਾਂ ਪ੍ਰਤੀ ਦੀ ਚੇਤੰਨ ਸਨ। ਅਜਿਹਾ ਤੱਥ ਉਨ੍ਹਾਂ ਦੇ ਬਾਣੀ-ਅਧਿਐਨ ਤੋਂ ਪ੍ਰਾਪਤ ਹੁੰਦਾ ਹੈ। ਸੰਸਕ੍ਰਿਤ ਸਾਹਿਤ ਆਚਾਰੀਆ ਨੇ ਸਾਹਿਤ ਨੂੰ ਭਿੰਨ ਵਰਗਾਂ ਵਿਚ ਵੰਡਿਆ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਦ, ਪਦ ਅਤੇ ਚੰਪੂ ।

ਗਦ ਸਾਹਿਤ-ਵੰਨਗੀ ਪ੍ਰਤੀ ਗੁਰੂ ਨਾਨਕਦੇਵ ਆਪਣੇ ਵਥ ਕਾਰਣ ਹੀ ਰੁਚਿਤ ਨਹੀਂ ਹੋਏ । ਪਦ-ਰੂਪ ਦੀਆਂ ਅਨੇਕਾਂ ਵੰਨਗੀਆਂ ਵਿਚੋਂ ਗੁਰਬਾਣੀ-ਸੰਚਾਰ ਲਈ ਮੁਕਤਕ ਰੂਪ ਨੂੰ ਹੀ ਸਵੀਕਾਰਿਆ ਗਿਆ ਹੈ । ਸ਼ਾਸਤਰੀ ਵਰਗ-ਵੰਡ ਅਨੁਸਾਰ ਪਦ-ਰੂਪ ਦੇ ਅੰਤਰਗਤ ਵਾਰ-ਰੂਪ ਵਰਗੀ ਕੋਈ ਸ਼ੈਅ ਨਹੀਂ । ਤਾਂ ਪ੍ਰਸ਼ਨ ਪੈਦਾ ਹੁੰਦਾ ਹੈ ਵਾਰ-ਰੂਪ ਦਾ ਸੰਬੰਧ ਇਸ ਸਾਹਿਤ-ਵਰਗ ਨਾਲ ਹੈ ?

ਪੰਜਾਬੀ ਸਾਹਿਤ ਨੇ ਜਿਥੇ ਸ਼ਾਸਤਰੀ ਸ਼ੈਲੀਆਂ ਅਪਣਾਈਆਂ ਉਥੇ ਲੋਕ-ਸ਼ੈਲੀਆਂ ਵੀ । ਪਰ ਵਾਰ ਸ਼ੈਲੀ ਪੰਜਾਬੀ ਸਾਹਿਤ ਦਾ ਵਿਸ਼ੁੱਧ ਆਪਣਾ ਹੀ ਰੂਪ ਹੈ । ਇਸ ਦਾ ਰੂਪ-ਵਿਧਾਨ ਚੰਪੂ ਸਾਹਿਤ ਨਾਲ ਮੇਲ ਖਾਂਦਾ ਹੈ । ਚੰਪੂ ਸਾਹਿਤ ਦਾ ਪ੍ਰਮੁੱਖ ਗੁਣ-ਲੱਛਣ ਗਦ ਅਤੇ ਪਦ ਨੂੰ ਮਿਸ਼ਰਤ ਰੂਪ ਵਿਚ ਪੇਸ਼ ਕਰਨਾ ਹੈ । ਅਸਲ ਵਿਚ, ਇਹ ਸਾਹਿਤ ਬਿਰਤਾਂਤ ਨੂੰ ਲੈਅਬੱਧ ਜਾ ਛੰਦਬੱਧ ਕਰਕੇ ਪੇਸ਼ ਕਰਦਾ ਹੈ । ਵਾਰ-ਰੂਪ ਇਸੇ ਕੋਟੀ ਦੇ ਅੰਤਰਗਤ ਆਂਕਿਆ ਜਾਣਾ ਚਾਹੀਦਾ ਹੈ । ਵਾਰ ਵਿਚ ਵਿਅਕਤੀ ਵਿਸ਼ੇਸ਼ ਦੇ ਜੀਵਨ ਦੀ ਘਟਨਾ ਵਿਸ਼ੇਸ਼ ਨੂੰ ਨਾਟਕੀ ਸ਼ੈਲੀ ਰਾਹੀਂ ਨਿਰੂਪਤ ਕੀਤਾ ਜਾਂਦਾ ਹੈ । ਪੰਜਾਬੀ ਸਾਹਿਤ ਦੇ ਆਲੋਚਕਾਂ ਨੇ ਵਾਰ ਨੂੰ ਬ੍ਰਿਤਾਂਤਕ ਕਾਵਿ ਤਾਂ ਕਿਹਾ ਹੈ ਇਸ ਦਾ ਮੂਲ ਸੰਬੰਧ ਕਿਸ ਸਾਹਿਤ-ਵਰਗ ਨਾਲ ਹੈ, ਬਾਰੇ ਲਗਭਗ ਖਾਮੋਸ਼ ਹੀ ਰਹੇ ਹਨ । ਸੰਖੇਪ ਵਿਚ, ਵਾਪ-ਰੂਪ ਦਾ ਰੂਪ-ਵਿਧਾਨਕ ਸੰਬੰਧ ਚੰਪੂ ਸਾਹਿਤ ਦੇ ਨਾਲ ਹੀ ਹੈ । ਨਾਲੇ, ਅਪਭ੍ਰੰਸ਼ ਸਾਹਿਤ ਵਿਚ ਚੰਪੂ ਸਾਹਿਤ ਬਹੁਤ ਲੰਮੇ ਅਰਸੇ ਤੱਕ ਆਕਰਸ਼ਨ ਦਾ ਕਾਰਨ ਵੀ ਰਿਹਾ ਹੈ ।

3.

ਉਪਰ ਸੰਕੇਤ ਕੀਤਾ ਜਾ ਚੁੱਕਾ ਹੈ, ਵਾਰ ਕਾਵਿ ਵਿਸ਼ੁਧ ਪੰਜਾਬੀ ਸਾਹਿਤ ਦੀ ਉਪਜ ਹੈ । ਵਾਰ ਸਾਹਿਤ ਦੀ ਉਪਜ ਦੇ ਇਤਿਹਾਸਕ ਪਹਿਲੂ ਵਿਚ ਨਾ ਉਲਝ ਕੇ ਹਾਲ ਦੀ ਘੜੀ ਏਨਾ ਕੁ ਜਾਣਨਾ ਹੀ ਸੰਗਤ ਹੈ । ਗੁਰੂ ਨਾਨਕ ਦੇਵ ਤੋਂ ਪਹਿਲਾਂ ਲੋਕ ਸ਼ੈਲੀਆਂ ਜਨਤਾ ਦੀ ਦਿਲਚਸਪੀ ਦਾ ਕਾਰਣ ਬਣ ਚੁੱਕੀਆਂ ਸਨ । ਜਿਨ੍ਹਾਂ ਵਿਚ ਪਰਮੁੱਖ ਲੋਕ-ਵਾਰ ਹੈ । ਗੁਰੂ ਨਾਨਕ ਦੇਵ ਨੇ ਲੋਕ-ਮੁਹਾਵਰੇ ਦੇ ਪ੍ਰਯੋਗ ਰਾਹੀਂ ਜਨਤਾ ਦਾ ਮੂੰਹ ਅਧਿਆਤਮਿਕਤਾ ਵਲ ਮੋੜਿਆ ਹੈ । ਲੋਕ ਮਾਨਸ ਦੀ ਅਭਿਵਿ-ਅਕਤੀ ਲੋਕ-ਸ਼ੈਲੀਆਂ ਰਾਹੀਂ ਵਧੇਰੇ ਸੁਗਮ ਵੀ ਸੀ ਤੇ ਸੰਭਵ ਵੀ । ਗੁਰੂ ਨਾਨਕ ਦੇਵ ਜੀ ਦੀ ਰੂਪਾਤਮਕ ਪੱਖੋਂ ਇਹ ਦੇਣ ਵਡਮੁੱਲੀ ਹੈ । ਲੋਕ-ਸਾਮੂਹ ਦਾ ਮੁਖ ਲੌਕਿਕਤਾ ਤੋਂ ਅਲੌਕਿਤਤਾ ਵਲ ਹੋ ਗਿਆ ਜਾਂ ਇਉਂ ਕਹੋ ਕਿ ਸਾਮਾਜਿਕਤਾ ਤੋਂ ਅਧਿਆਤਮਿਕਤਾ ਵਲ । ਨਾਲੇ, ਸਾਹਿਤ ਸੰਰਚਨਾ ਅਤੀ ਪੇਚੀਦਾ ਪ੍ਰਬੰਧ ਹੈ । ਜਿਥੇ ਇਹ ਭਾਵਾਂ ਤੇ ਵੰਨ-ਸੁਵੰਨ ਕਾਵਿ-ਜੁਗਤਾਂ ਦੀ ਅਨਿਖੜ ਏਕਤਾ ਨੂੰ ਰੂਪਮਾਨ ਕਰਦੀ ਹੈ ਉਥੇ ਲੌਕਿਕਤਾ ਨੂੰ ਵੀ ਵਿਸਾਰਦੀ ਨਹੀਂ । ਦੂਸਰੇ ਸ਼ਬਦਾਂ ਵਿਚ ਸਾਹਿਤਕ-ਕਿਰਤ ਪਾਰਗਾਮੀ ਹੁੰਦੀ ਹੈ । ਜ਼ਾਹਿਰ ਹੈ, ਲੋਕ ਸਾਹਿਤ ਦੇ ਵੰਨ-ਸੁਵੰਨ ਰੂਪ (Form)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਖੀਰ ਵਸ਼ਿਸ਼ਟ ਸਾਹਿਤ ਨਾਲ ਜੁੜ ਜਾਂਦੇ ਹਨ। ਇਸੇ ਤਰ੍ਹਾਂ ਸਾਮਾਜਿਕ ਭਾਵਨਾਵਾਂ ਦਾ ਅੰਤਰਭਾਵ ਅਖੀਰ ਅਧਿਆਤਮਕ ਹੋ ਨਿਬੜਦਾ ਹੈ।

ਵਾਰ-ਰੂਪ ਹਮੇਸ਼ਾਂ ਦੁਪੱਖਾ ਹੁੰਦਾ ਹੈ। ਦੋ ਵਿਰੋਧੀ ਜੁਟ, ਦੋ ਧੁਰੇ ਤੇ ਦੋ ਪੱਖਾਂ ਨੂੰ ਸਿਰਜਣਾ ਇਸ ਦਾ ਬੁਨਿਆਦੀ ਲੱਛਣ ਹੈ। ਜੇ ਕੇਵਲ ਇਸੇ ਇਕ ਗੁਣ ਨੂੰ ਵਾਰ-ਰੂਪ ਵਿਚੋਂ ਨਕਾਰ (Negate) ਦਿਤਾ ਜਾਏ ਤਾਂ ਇਹ ਬ੍ਰਿਤਾਂਤ ਕਾਵਿ ਹੀ ਰਹਿ ਜਾਏਗਾ, ਵਾਰ-ਰੂਪ ਨਹੀਂ ਬਣੇਗਾ! ਇਸੇ ਤਰ੍ਹਾਂ ਜੇ ਵਾਰ ਵਿਚੋਂ ਨਾਟਕੀ ਸ਼ੈਲੀ ਨੂੰ ਕੱਢ ਦਿਤਾ ਜਾਏ ਤਾਂ ਇਹ ਜੰਗਨਾਮਾ ਬਣ ਕੇ ਰਹਿ ਜਾਏਗਾ। ਵਾਰ-ਰੂਪ ਨਹੀਂ ਰਹੇਗਾ। ਦੋ ਵਿਰੋਧੀ ਜੁਟ ਸਿਰਜਣਾ,ਵਾਰ ਦਾ ਉਹ ਅਜਿਹਾ ਬੁਨਿਆਦੀ ਗੁਣ-ਲੱਛਣ ਹੈ। ਜਿਸਦੀ ਵਰਤੋਂ ਲੋਕ-ਇਤਿਹਾਸਕ ਵਾਰ ਵਿਚ ਵੀ ਹੋਈ ਹੈ ਤੇ ਅਧਿਆਤਮਕ ਵਿਚ ਵੀ। ਹੁਣ ਲੋਕ-ਇਤਿਹਾਸਕ ਅਤੇ ਅਧਿਆਤਮਕ ਵਾਰ ਦਾ ਅੰਤਰ-ਨਿਖੇੜਾ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ।

ਪੰਜਾਬੀ ਵਾਰ ਸਾਹਿਤ ਬਿਰਤੀ ਵਿਸ਼ੇਸ਼ ਦਾ ਲਖਾਇਕ ਹੈ। ਇਸ ਕਾਵਿ-ਰੂਪ ਨਾਲ ਕੁਝ ਵਿਸ਼ੇਸ਼ਣ ਜੁੜੇ ਹੋਏ ਹਨ ਜਿਹਾ ਕਿ ਲੋਕ, ਇਤਿਹਾਸਕ, ਬੀਰ ਰਸੀ ਜਾਂ ਅਧਿਆਤਮਕ। ਬੀਰ-ਰਸ ਉਪਰ ਸੰਕੇਤਕ ਸਾਰੀਆਂ ਵਾਰਾਂ ਵਿਚ ਹੋ ਸਕਦਾ ਹੈ। ਪਰ ਜਿਥੇ ਲੋਕ ਜਾਂ ਇਤਿਹਾਸਕ ਵਾਰਾਂ ਬੀਰ ਰਸੀ ਵਿਸ਼ੇਸ਼ ਕਰਕੇ ਜਾਣੀਆਂ ਜਾ ਸਕਦੀਆਂ ਹਨ ਉਥੇ ਇਹ ਲਾਜ਼ਮੀ ਨਹੀਂ ਕਿ ਅਧਿਆਤਮਕ ਵਾਰ ਵੀ ਬੀਰ ਰਸ ਨਾਲ ਯੁਕਤ ਹੋਵੇ। ਚੰਡੀ ਦੀ ਵਾਰ ਦਾ ਮੁੱਲ ਅਧਿਆਤਮਕ ਹੈ ਤੇ ਉਹ ਬੀਰ ਰਸੀ ਵੀ ਹੈ। ਇਸ ਤੋਂ ਉਲਟ ਮਾਰੂ ਦੀ ਵਾਰ ਅਧਿਆਤਮਕ ਹੈ ਤੇ ਉਸ ਵਿਚ ਬੀਰ ਰਸ ਦਾ ਅਭਾਵ ਹੈ। ਲੋਕ-ਇਤਿਹਾਸਕ ਵਾਰਾਂ ਨਾ ਕੇਵਲ ਬਿਰਤੀ ਕਰਕੇ ਹੀ ਸਮਰੂਪ ਹਨ ਸਗੋਂ ਇਹ ਦੋਵੇਂ ਰਚਨਾ-ਰੂੜੀਆਂ ਵਿਚ ਸਮਰੂਪਤਾ ਰੱਖਦੀਆਂ ਹਨ। ਇਸ ਤੋਂ ਉਲਟ ਅਧਿਆਤਮਕ ਵਾਰ ਆਪਣੀ ਵੱਖਰੀ ਹੋਂਦ-ਵਿਧੀ ਦੀ ਧਾਰਣੀ ਹੈ।

ਲੋਕ-ਇਤਿਹਾਸਕ ਵਾਰਾਂ ਕਾਵਿ-ਬ੍ਰਿਤਾਂਤ ਹਨ। ਇਹ ਵਿਅਕਤੀ ਵਿਸ਼ੇਸ਼ ਨੂੰ ਨਾਟਕੀ ਸ਼ੈਲੀ ਰਾਹੀਂ ਇਕ ਖ਼ਾਸ ਸਥਿਤੀ ਵਿਚ ਵਿਚਰਦੇ ਵਿਖਾਉਂਦੀਆਂ ਹਨ। ਇਨ੍ਹਾਂ ਵਾਰਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਤੱਤਕਾਲੀਨ ਸਮਾਜਿਕ ਯਥਾਰਥ ਨੂੰ ਗਲਪ-ਬਿੰਬ ਰਾਹੀਂ ਉਸਾਰਦੀਆਂ ਹਨ। ਤੱਤਕਾਲੀਨ ਸੰਸਕ੍ਰਿਤਕ ਝਾਕੀ ਨੂੰ ਇਸ ਤਰ੍ਹਾਂ ਪੇਸ਼ ਕਰਦੀਆਂ ਹਨ ਕਿ ਤੱਤਕਾਲੀਨ ਇਤਿਹਾਸ-ਤੱਥ ਵਿਸ਼ੇਸ਼ ਉਜਾਗਰ ਹੋ ਜਾਂਦਾ ਹੈ।

ਇਸ ਤੋਂ ਉਲਟ ਅਧਿਆਤਮਕ ਵਾਰਾਂ ਬ੍ਰਿਤਾਂਤ-ਵਿਧੀ ਦਾ ਤਿਆਗ ਕਰਦੀਆਂ ਹਨ। ਵਰਣਨਾਤਮਕ, ਵਿਧੀ ਇਸ ਦੀ ਮੂਲ ਜੁਗਤ ਹੈ। ਇਨ੍ਹਾਂ ਵਾਰਾਂ ਵਿਚ ਤੱਤਕਾਲੀਨ ਵਸਤੂ-ਯਥਾਰਥ ਪੇਸ਼ ਕੀਤਾ ਵੀ ਜਾ ਸਕਦਾ ਹੈ ਤੇ ਨਹੀਂ ਵੀ। ਉਦਾਹਰਣ ਵਜੋਂ ਆਸਾ ਦੀ ਵਾਰ ਵਿਚ ਤੱਤਕਾਲੀਨ ਸਾਮਾਜਿਕ ਯਥਾਰਥ ਪੇਸ਼ ਹੋਇਆ ਹੈ ਪਰ ਮਾਰੂ ਡਖਣੇ ਦੀ ਵਾਰ ਮਹਲਾ ੫ ਇਸ ਪੱਖੋਂ ਵਿਰਵੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਤਮਕ ਵਾਰ ਦੀਆਂ ਪਉੜੀਆਂ ਲਈ ਅਮੂਰਤ ਸੰਬੋਧਾਂ (Concepts) ਨੂੰ ਕਥਨ ਦੀ ਪੱਥਰ ਉਪਰ ਪੇਸ਼ ਕਰਨਾ ਲਾਜ਼ਮੀ ਹੈ। ਪਾਰਬ੍ਰਹਮ ਤੇ ਬ੍ਰਹਿਮੰਡ,ਮਾਇਆ ਤੇ ਮਨੁੱਖ ਦੇ ਬਹੁਰੰਗ ਵਰਣਨ ਕਰਕੇ ਅਧਿਆਤਮਕ ਵਾਰਾਂ ਚਿੰਤਨਮਈ ਹੋ ਗਈਆਂ ਹਨ।

ਲੋਕ-ਇਤਿਹਾਸਕ ਵਾਰ ਮਨੁੱਖ ਕੇਂਦਰਿਤ ਹੈ ਤੇ ਅਧਿਆਤਮਕ ਵਾਰ ਬ੍ਰਹਮ ਕੇਂਦਰਿਤ। ਲੋਕ-ਇਤਿਹਾਸਕ ਵਾਰ ਦਾ ਨਾਇਕ ਲੜਦਾ, ਮਰਦਾ, ਜੂਝਦਾ, ਦੁੱਖ ਪਾਉਂਦਾ, ਦੁੱਖ ਦੇਂਦਾ, ਦੁੱਖ-ਸੁੱਖ ਦਾ ਸਹਿੰਦੜ ਜੀਊੜਾ ਹੈ। ਇਸਦੇ ਵਿਪਰੀਤ ਅਧਿਆਤਮਕ ਵਾਰ ਦਾ ਨਾਇਕ ਅਮੂਰਤ ਬ੍ਰਹਮ,ਅਕਥ, ਅਗਮ ਤੇ ਅਗੋਚਰ ਹੈ। ਉਸ ਦਾ ਕਥਨ ਤਰਕ ਦੀ ਪੱਧਰ 'ਤੇ ਨਹੀਂ ਕੀਤਾ ਜਾ ਸਕਦਾ ਹੈ। ਉਹ ਰਹੱਸ ਦਾ ਵਿਸ਼ਾ ਹੈ। ਅਨੁਭਵ ਸਿੱਧ ਹੋ ਕੇ ਉਸਨੂੰ ਪ੍ਰਤੀਤਿਆ ਜਾ ਸਕਦਾ ਹੈ। ਪਹਿਲੀ ਦੀ ਯਾਤਰਾ ਪ੍ਰਤੱਖ ਤੋਂ ਪ੍ਰਤੱਖ ਵਲ ਹੈ ਤੇ ਦੂਸਰੀ ਦੀ ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵਲ। ਇਹੋ ਉਹ ਦਵੰਦਾਤਮਕ ਬਿੰਦੂ ਹੈ ਜੋ ਅਧਿਆਤਮਕ ਵਾਰ ਦਾ ਕੇਂਦਰੀ ਨੁਕਤਾ ਹੈ। ਲੋਕ-ਇਤਿਹਾਸਕ ਵਾਰ ਵਿਚ ਟਕਰਾਉ ਦੀ ਸਥਿਤੀ ਅਨੇਕ ਵਾਰ ਪੈਦਾ ਹੁੰਦੀ ਤੇ ਬਿਣਸ ਜਾਂਦੀ ਹੈ। ਪਰ ਅਧਿਆਤਮਕ ਵਾਰ ਵਿਚ ਮਨੁੱਖ ਤੇ ਬ੍ਰਹਮ ਦੇ ਪਰਸਪਰ ਰਿਸ਼ਤੇ ਵਿਚੋਂ ਪੈਦਾ ਹੋਇਆ **ਦਵੰਦਾਤਮਕ ਤਣਾਉ ਹੈ। ਇਹ ਤਣਾਉ, ਤਣਾਉ ਹੀ ਰਹਿੰਦਾ ਹੈ, ਸੁਲਝਾਉ ਦੀ ਸਥਿਤੀ ਪੈਦਾ ਹੀ ਨਹੀਂ** ਹੁੰਦੀ। ਇਸ ਦਾ ਮੁਖ ਕਾਰਣ ਬ੍ਰਹਮ ਨਿਸਚਲ ਤੇ ਨਿਸ਼ਕ੍ਰਿਅ ਹੈ ਤੇ ਮਨੁੱਖ ਆਪਣੀ ਪ੍ਰਕ੍ਰਿਤੀ ਕਰਕੇ ਹੀ ਮਾਇਆ-ਵਿਗੁਤਾ, ਭਟਕਣ-ਰੂਪ। ਸਰਬ ਸਮਰੱਥ ਪਾਰਬ੍ਰਹਮ ਅੱਗੇ ਮਨੁੱਖ ਅਸਲੋਂ ਹੀ ਨਿਤਾਣਾ, ਨਿਮਾਣਾ ਤੇ ਲਾਚਾਰ ਸ਼ੈਅ ਹੈ। ਅਧਿਆਤਮਕ ਵਾਰਾਂ ਇਕ ਪਾਸੇ, ਬ੍ਰਹਮ ਦੀ ਬ੍ਰਹਮਤਾ ਨੂੰ ਪੇਸ਼ ਕਰਦੀਆਂ ਹਨ। ਦੂਜੇ ਪਾਸੇ, ਮਨੁੱਖੀਪਨ ਨੂੰ। ਸੰਖੇਪ ਵਿਚ, ਲੋਕ ਇਤਿਹਾਸਕ ਵਾਰਾਂ ਦਾ ਕੇਂਦਰੀ ਪ੍ਰੇਰਕ-ਤੱਤ ਟਕਰਾਉ ਹੈ ਤੇ ਅਧਿਆਤਮਕ ਵਾਰਾਂ ਦਾ ਕੇਂਦਰੀ ਪ੍ਰੇਰਕ-ਤੱਤ ਤਣਾਉ ਹੈ।

ਲੋਕ-ਇਤਿਹਾਸਕ ਵਾਰਾਂ ਦੇ ਪ੍ਰੇਰਕ ਹੇਤੂ ਸਾਮਾਜਿਕ ਹਨ। ਤੇ ਅਧਿਆਤਮਕ ਵਾਰ ਦੇ ਪ੍ਰੇਰਕ-ਹੇਤੂ ਧਾਰਮਿਕ। ਲੋਕ-ਇਤਿਹਾਸਿਕ ਵਾਰ ਦੇ ਮੁੱਲ (Values) ਸਾਮਾਜਿਕ ਹੋਣ ਕਰਕੇ ਹੀ ਮੁੱਲਾਂ ਦੇ ਆਪਸੀ ਟਕਰਾਉ ਜਾਂ ਸੰਘਰਸ਼ ਨੂੰ ਪੇਸ਼ ਕਰਦੇ ਹਨ। ਇਸ ਤੋਂ ਉਲਟ ਅਧਿਆਤਮਕ ਵਾਰ ਦਾ ਮੁੱਲ ਵਿਸ਼ੇਸ਼ ਕਰਕੇ ਅਧਿਆਤਮਕ ਹੀ ਹੁੰਦਾ ਹੈ। ਇਥੇ ਇਹ ਧਿਆਨ ਰਹੇ, ਕੋਈ ਵੀ ਰਚਨਾ ਇਸੇ ਇਕ ਮੁੱਲ ਦੀ ਧਾਰਣੀ ਨਹੀਂ ਹੁੰਦੀ। ਸਗੋਂ ਉਸ ਵਿਚ ਦੂਜੇਲੇ ਮੁੱਲ ਵੀ ਆਪਣਾ ਮਹੱਤਵਜੋਗ ਅਸਥਾਨ ਰੱਖਦੇ ਹਨ। ਇਹ ਮੁੱਲ ਸਾਹਿਤਕ, ਸਮਾਜਿਕ, ਇਤਿਹਾਸਕ ਅਦੇ ਅਧਿ-ਆਤਮਕ ਵੀ ਹੋ ਸਕਦੇ ਹਨ। ਕੁਲ ਮਿਲਾ ਕੇ, ਲੋਕ-ਇਤਿਹਾਸਕ ਵਾਰ ਦੇ ਮੁੱਲ ਨੈਤਿਕ ਅਥਵਾ ਸਾਮਾਜਿਕ ਹੀ ਹੁੰਦੇ ਹਨ ਪਰ ਅਧਿਆਤਮਕ ਵਾਰ ਦਾ **ਮੁੱਲ ਵਿਸ਼ੇਸ਼ ਲਗਭਗ ਅਧਿਆਤਮਕ ਹੀ** ਹੁੰਦਾ ਹੈ।

ਲੋਕ-ਇਤਿਹਾਸਕ ਵਾਰਾਂ ਵਿਚ ਕਾਵਿ-ਨਿਆਂ ਨੂੰ ਸਲਾਹੁਣ ਜੋਗ ਸਥਾਨ ਮਿਲਿਆ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਨਾਇਕ ਦੀ ਜਿੱਤ ਖਲਨਾਇਕ ਦੀ ਹਾਰ। ਕਦੀ ਕਦੀ ਖਲਨਾਇਕ ਵੀ ਚੰਗਾ ਜੌਹਰ ਵਿਖਾਉਂਦੇ ਹਨ। ਭਾਵੇਂ ਅੰਤਮ ਰੂਪ ਵਿਚ ਨਾਇਕ ਹੀ ਜਿੱਤਦਾ ਹੈ। ਨਾਲੇ ਧਿਆਨ ਰਹੇ, ਨਾਇਕ ਹਮੇਸ਼ਾ ਉੱਤਮ ਗੁਣਾਂ ਵਾਲਾ ਤੇ ਚੰਗੇ ਚਰਿੱਤਰ ਵਾਲਾ ਹੀ ਹੁੰਦਾ ਹੈ। ਅਧਿਆਤਮਕ ਵਾਰਾਂ ਵਿਚ ਮਾਇਆ ਵਿਲੀਨ ਮਨੁੱਖ ਹਮੇਸ਼ਾ ਹੀ ਤਣਾਉ ਦੀ ਸਥਿਤੀ ਵਿਚ ਵਿਚਰਦਾ ਹੈ। ਬ੍ਰਹਮ ਦੇ ਮੁਕਾਬਲੇ ਵਿਚ ਇਹ ਨਿਗੂਣੀ ਤੇ ਮਜਬੂਰ ਹਸਤੀ ਹੈ। ਲੋਕ-ਇਤਿਹਾਸਕ ਵਾਰ ਵਿਚ ਖਲਨਾਇਕ ਜੌਹਰ ਦਿਖਾਲਣ ਤੋਂ ਬਾਅਦ ਹਾਰਦਾ ਹੈ ਪਰ ਅਧਿਆਤਮਕ ਵਾਰ ਵਿਚ ਤਾਂ ਮਨੁੱਖ ਸਦਾ ਤੋਂ ਹੀ ਹਾਰਿਆ ਹੰਭਿਆ ਹੈ। ਆਪਣੇ ਅਸਲੇ ਬ੍ਰਹਮ ਤੋਂ ਟੁੱਟਿਆ ਹੋਇਆ ਹੈ। ਜੌਹਰ ਵਿਖਾਲਣ ਦੀ ਤਾਂ ਸਥਿਤੀ ਹੀ ਨਹੀਂ ਆਉਂਦੀ।

4.

ਲੋਕ-ਇਤਿਹਾਸਕ ਤੇ ਅਧਿਆਤਮਕ ਵਾਰ ਦਾ ਨਿਖੇੜਾ ਕਰਨ ਉਪਰੰਤ ਅਧਿ-ਆਤਮਕ ਵਾਰ ਦੀਆਂ ਰਚਨਾ-ਰੂੜ੍ਹੀਆਂ ਬਾਰੇ ਵਿਚਾਰ ਕਰਨੀ ਸੰਗਤ ਹੈ। ਉਪਰ-ਵਿਚਾਰ ਕੀਤੀ ਜਾ ਚੁਕੀ ਹੈ, ਮਨੁੱਖ ਬ੍ਰਹਮ ਦੀ ਤੁਲਨਾ ਵਿਚ ਨਿਹਾਇਤ ਤੁੱਛ ਹਸਤੀ ਹੈ। ਇਸ ਲਈ ਅਧਿਆਤਮਕ ਵਾਰਾਂ ਵਿਚ ਸਮਰੱਥ ਪ੍ਰਭੂ ਦੀ ਮਹਿਮਾ ਹੀ ਕੀਤੀ ਜਾਂਦੀ ਹੈ। ਦੂਸਰੇ ਸ਼ਬਦ ਵਿਚ ਮਹਿਮਾਮੁਖਤਾ ਅਧਿਆਤਮਕ ਵਾਰ ਦੀ ਪਰਮੁੱਖ ਰੂੜ੍ਹੀ ਹੈ। ਇਸਦੇ ਪ੍ਰੇਰਕ-ਹੇਤੂ ਸੰਸਾਰ ਦੀ ਥੋੜ੍ਹ ਚਿਰਤਾ, ਨਾਸ਼ਮਾਨਤਾ ਤੇ ਛਿਣ ਭੰਗਰਤਾ ਹੀ ਹਨ। ਮਨੁੱਖ ਇਸ ਸਭ ਕੁਝ ਨੂੰ ਭੋਗਣ ਲਈ ਉਪਕਰਣ ਮਾਤ੍ਰ ਹੈ। ਉਹ ਨਾ ਮਰਜ਼ੀ ਨਾਲ ਜੰਮਦਾ ਹੈ; ਨਾ ਮਰਦਾ। ਸਮਾਂ ਤੇ ਬ੍ਰਹਿਮੰਡ ਸਦਾ ਚਲਾਇਮਾਨ ਹਨ। ਇਸੇ ਗਤੀ ਵਿਚ ਬੱਝਾ ਜੀਵ ਵੀ ਨਿਰੰਤਰ ਚਲਾਇਮਾਨਤਾ ਦੀ ਪਕੜ (grip) ਵਿਚ ਰਹਿੰਦਾ ਹੈ। ਚਾਹੇ ਅਣਚਾਹੇ, ਹਾਲਾਤ ਵਿਚ ਜੀਂਦਾ-ਥੀਂਦਾ, ਰੋਂਦਾਂ, ਚਿਚ-ਲਾਉਂਦਾ, ਨਿਰੰਤਰ ਚਾਲੇ ਪਿਆ ਰਹਿੰਦਾ ਹੈ।

ਮਹਿਮਾਮੁਖਤਾ ਦਾ ਮੂਲ ਸੰਬੰਧ ਬ੍ਰਹਮ ਨਾਲ ਹੈ। ਜੋ ਅਕਥ ਹੈ। ਜ਼ਾਹਿਰ ਹੈ, ਬ੍ਰਹਮ ਦਾ ਵਰਣਨ ਕੀਤਾ ਜਾ ਸਕਦਾ ਹੈ। ਬਿਰਤਾਂਤ ਰਾਹੀਂ ਉਸ ਦਾ ਗਲਪ ਬਿੰਬ ਨਹੀਂ ਉਸਾਰਿਆ ਜਾ ਸਕਦਾ। ਦੂਸਰੇ ਸ਼ਬਦਾਂ ਵਿਚ ਵਰਣਨਾਤਮਕ ਵਿਧੀ ਨੂੰ ਗ੍ਰਹਿਣ ਕਰਨਾ ਅਧਿਆਤਮਕ ਵਾਰ ਦੀ ਦੂਸਰੀ ਪ੍ਰਮੁਖ ਰੂੜ੍ਹੀ ਹੈ।

ਲੋਕ-ਇਤਿਹਾਸਕ ਵਾਰ ਬਿਰਤਾਂਤ-ਵਿਧੀ ਦੇ ਮਾਧਿਅਮ ਰਾਹੀਂ ਆਪਣੇ ਨਾਇਕ ਨੂੰ ਉਸਾਰਦੀ, ਵੱਡੇ ਛੋਟੇ ਰੂਪ ਵਿਚ ਜੂਝਦਾ ਦਿਖਾਉਂਦੀ ਹੈ। ਨਾਇਕ ਦਾ ਜੀਵੰਤ ਚਿੱਤਰ ਇਨ੍ਹਾਂ ਵਾਰਾਂ ਦਾ ਖ਼ਾਸਾ ਹੈ ਪਰ ਅਧਿਆਤਮਕ ਵਾਰਾਂ ਵਿਚ ਨਾਇਕ ਦੀ ਹੋਂਦ ਸੰਕਲਪਕ ਹੈ।

ਵਾਰ-ਬੁਣਤਰ ਵਿਚ ਦਾਰਸ਼ਨਿਕ ਸੰਬੋਧਾਂ ਦੀ ਗੜਵੜਤਾ ਰਾਹੀਂ ਬ੍ਰਹਮ ਤੇ ਮਾਇਆ ਦੇ ਅਨੇਕ ਮੁੱਖ ਪਾਸਾਰੇ (dimensions) ਦਾ ਵਰਣਨ ਕੀਤਾ ਜਾਂਦਾ ਹੈ। ਪਰ ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਇਸ ਵਿਚ ਸੰਬੋਧ-ਸੰਗ੍ਰਹਿ ਜਾਣ ਬੁੱਝ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਕੀਤਾ ਜਾਂਦਾ ਹੈ। ਇਥੇ ਕੇਵਲ ਇਤਨਾ ਹੀ ਕਹਿਣਾ ਹੈ ਕਿ ਅਧਿਆਤਮਕ ਵਾਰ ਵਿਚ ਬਹੁਤ ਵਾਰੀ ਸੰਬੋਧ ਦਾ ਸਿੱਧਾ ਵਰਣਨ ਹੁੰਦਾ ਹੈ ਤੇ ਕਈ ਵਾਰੀ ਸੰਬੋਧ ਦੀ ਪੇਸ਼ਕਾਰੀ ਉਸਦੀ ਵਿਆਖਿਆ ਰਾਹੀਂ ਹੁੰਦੀ ਹੈ। ਉਹ ਅੰਸ਼ ਜੋ ਬਾਹਰੀ ਤੌਰ ਤੇ ਲੌਕਿਕਤਾ ਨਾਲ ਸੰਬੋਧਿਤ ਕਰਦੇ ਹਨ, ਅਖੀਰ ਉਹ ਵੀ ਲੌਕਿਕਤਾ ਨਾਲ ਸੰਬੋਧਿਤ ਨਹੀਂ ਰਹਿੰਦੇ। ਲੌਕਿਕ ਭਾਵਾਂ ਦਾ ਅਧਿਆਤਮੀਕਰਣ ਕਰਨਾ ਵਾਰ-ਪ੍ਰਬੰਧ ਦਾ ਮਹੱਤਵਯੋਗ ਵੇਰਵਾ ਹੈ। ਅਧਿਆਤਮਕ ਵਾਰ ਦੀ ਹੋਂਦ-ਵਿਧੀ ਦਾ ਰਾਜ਼ ਇਸ ਦੀ ਚਿੰਤਨਮਯਤਾ ਵਿਚ ਹੀ ਹੈ।

ਅਧਿਆਤਮਕ ਵਾਰ ਦੇ ਪ੍ਰੇਰਕ-ਹੇਤੂ ਧਾਰਮਕ ਹਨ। ਭਾਵੇਂ ਜਗਤ ਦੀ ਨਾਸ਼-ਮਾਨਤਾ ਆਪਣਾ ਮਹੱਤਵਪੂਰਣ ਰੋਲ ਅਦਾ ਕਰਦੀ ਹੈ, ਪਰ ਧਿਆਨ ਰਹੇ ਵਸਤੂ-ਜਗਤ ਦੀ ਨਾਸ਼ਮਾਨਤਾ ਹੀ ਤਾਂ ਓੜਕ ਜੀਵ ਨੂੰ ਬ੍ਰਹਮ ਵਾਲੇ ਪਾਸੇ ਜੋੜਦੀ ਹੈ। ਮਨੁੱਖ ਵਸਤੂ-ਯਥਾਰਥ (ਇਤਿਹਾਸ) ਤੋਂ ਟੁੱਟ ਕੇ ਪਾਰ-ਲੌਕਿਕਤਾ ਨਾਲ ਜੁੜਦਾ ਹੈ। ਇਸੇ ਤਰ੍ਹਾਂ ਅਧਿਆਤਮਕ ਵਾਰ ਦੇ ਮੁੱਲ ਧਾਰਮਿਕ, ਸਮਾਜਿਕ ਤੇ ਨੈਤਿਕ ਵੀ ਹੋ ਸਕਦੇ ਹਨ ਪਰ ਇਸਦਾ ਬਹੁਤਾ ਬਲ ਅਧਿਆਤਮਿਕਤਾ ਉਪਰ ਹੀ ਹੁੰਦਾ ਹੈ।

ਸੰਖੇਪ ਵਿਚ—

1. ਮਹਿਮਾ ਮੁਖਤਾ
2. ਬ੍ਰਹਮ ਤੇ ਮਾਇਆ ਦਾ ਪਰਸਪਰ ਦਵੰਦਾਤਮਕ ਤਣਾਉ
3. ਦਾਰਸ਼ਨਿਕਤਾ ਕਰਕੇ ਚਿੰਤਨਮਈ ਹੋਣਾ
4. ਅਧਿਆਤਮਕ ਮੁੱਲ (values) ਰੱਖਣਾ
5. ਪ੍ਰੇਰਕ-ਹੇਤੂ ਧਾਰਮਕ ਹੋਣੇ
6. ਇਤਿਹਾਸਕ ਸੱਚ ਨਾਲੋਂ ਪਰਾਭੌਤਿਕਤਾ ਦਾ ਚਿੱਤਰਣ
7. ਵਿਰੋਧੀ ਜੁੱਟਾਂ ਨੂੰ ਸਿਰਜਣਾ ਆਦਿ ਹੀ ਅਧਿਆਤਮਕ ਵਾਰ ਦੀਆਂ ਰਚਨਾ-ਰੂੜ੍ਹੀਆਂ ਹਨ।

5.

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ ਦੀ ਰੂਪਵਿਧੀ ਉਪਰ ਝਾਤ ਮਾਰ ਲੈਣੀ ਉਚਿਤ ਹੈ। ਵਾਰ ਪਉੜੀ ਦਾ ਹੀ ਪ੍ਰਯਾਇ ਹੈ। ਬਹੁਤ ਸਾਰੀਆਂ ਪਉੜੀਆਂ ਦੇ ਸਮੂਹ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਦਾ ਨਾਮ ਦਿਤਾ ਗਿਆ ਹੈ। ਵਿਦਵਾਨਾਂ ਦਾ ਵਿਚਾਰ ਹੈ, ਮੂਲ ਰੂਪ ਵਿਚ ਪਉੜੀਆਂ ਹੀ ਵਾਰ ਹਨ। ਸਲੋਕ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਨੇ ਇਨ੍ਹਾਂ ਦੇ ਆਰੰਭ ਵਿਚ ਜੜੇ ਹਨ। ਵਿਦਵਾਨਾ ਦੀ ਇਹ ਸਥਾਪਨਾ ਇਤਬਾਰਯੋਗ ਨਹੀਂ। ਪਰ ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ, ਆਦਿ ਗ੍ਰੰਥ ਵਿਚ ਅੰਕਿਤ ਗੁਰੂ ਅਰਜਨ ਦੇਵ ਦੀਆਂ ਵਾਰਾਂ ਉਪਰ ਇਹ ਸਥਾਪਨਾ ਲਾਗੂ ਨਹੀਂ ਹੁੰਦੀ। ਇਸ ਦਾ ਉਦਾਹਰਣ ਜੈਤਸਰੀ ਦੀ ਵਾਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
। ਮੋਟੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਈਆਂ ਵਾਰਾਂ ਦੀ ਬਾਹਰਲੀ ਸੰਰਚਨਾ ਦੇ ਕੁਝ ਲੱਛਣ ਇਸ ਪ੍ਰਕਾਰ ਹਨ—

**ੳ.** ਪਉੜੀ ਦੇ ਆਰੰਭ ਵਿਚ ਸਲੋਕ ਦਰਜ ਕੀਤੇ ਜਾਂਦੇ ਹਨ। ਇਹ ਸਲੋਕ ਇਕ ਵੀ ਹੋ ਸਕਦਾ ਹੈ, ਦੋ ਤੇ ਤਿੰਨ ਵੀ। ਸਲੋਕਾਂ ਦੀ ਸੰਖਿਆ ਚਲਦੀ ਰੱਖੀ ਜਾਂਦੀ ਹੈ ਤੇ ਪਉੜੀ ਵਿਸ਼ੇਸ਼ ਦੇ ਆਰੰਭ ਨਾਲ ਹੀ ਸਮਾਪਤ ਹੋ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਰਚਨਾ ਦੇ ਅਖੀਰ ਵਿਚ ਇਹ ਤਾਂ ਪਤਾ ਲੱਗ ਜਾਂਦਾ ਹੈ ਕਿ ਇਸ ਵਾਰ ਵਿਚ ਪਉੜੀਆਂ ਦੀ ਸੰਖਿਆ ਕਿਤਨੀ ਹੈ। ਪਰ ਇਸਤੋਂ ਉਲਟ ਸਲੋਕਾਂ ਦੀ ਅੰਕ-ਸੰਖਿਆ ਤੁਰਦੀ ਤਾਂ ਹੈ ਪਰ ਪਉੜੀ ਵਿਸ਼ੇਸ਼ ਦੇ ਆਰੰਭ ਤੋਂ ਪਹਿਲਾਂ ਹੀ ਅੰਤ-ਸੰਕੇਤ ਰਾਹੀਂ ਦਸ ਦਿਤੀ ਜਾਂਦੀ ਤੇ ਬਸ। ਇਹ ਸੰਖਿਆ-ਸੰਕੇਤ ਪਉੜੀ ਵਾਂਗ ਵਧਦਾ ਨਹੀਂ ਤੇ ਨਾ ਹੀ ਅੰਤ ਉਪਰ ਇਹ ਪਤਾ ਲਗਦਾ ਹੈ ਕਿ ਵਾਰ ਵਿਸ਼ੇਸ਼ ਵਿਚ ਕਿਤਨੇ ਸਲੋਕ ਦਰਜ ਕੀਤੇ ਗਏ ਹਨ।

**ਅ.** ਆਮ ਤੌਰ ਤੇ ਮਹਲਾ-ਸੰਕੇਤ ਪਉੜੀਆਂ ਦੇ ਰਚਣਹਾਰ ਦਾ ਸੰਕੇਤਕ ਹੈ। ਵਾਰ ਵਿਸ਼ੇਸ਼ ਵਿਚ ਸਲੋਕ ਕਿਸੇ ਵੀ ਗੁਰੂ ਦੇ ਹੋ ਸਕਦੇ ਹਨ ਪਰ ਪਉੜੀ ਲਗਭਗ ਸੰਕੇਤਕ ਮਹਲੇ ਜਾਂ ਗੁਰੂ ਦੀ ਹੀ ਹੁੰਦੀ ਹੈ। ਸੰਦੇਹ ਨਹੀਂ, ਕਦੀ ਕਦਾਈਂ ਇਕ ਅੱਧ ਪਉੜੀ ਕਿਸੇ ਹੋਰਸ ਗੁਰੂ ਦੀ ਵੀ ਆ ਜਾਂਦੀ ਹੈ ਪਰ ਵਾਰ ਵਿਚ ਪਉੜੀ ਰਚਨਾ ਦਾ ਵਡੇਰਾ ਭਾਗ ਮਹਲਾ ਵਿਸ਼ੇਸ਼ ਦੁਆਰਾ ਹੀ ਰਚਿਤ ਹੁੰਦਾ ਹੈ।

**ੲ.** ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਵਾਰਾਂ ਵਿਚ ਦੋ ਜੁਟ ਬੜੇ ਸਪਸ਼ਟ ਹਨ ਤੇ ਕਈ ਵਾਰੀ ਇਕੋ ਭਾਵ ਦਾ ਦੁਹਰਾਉ ਕਰਦੀਆਂ ਹਨ। ਉਦਾਹਰਣ ਵਜੋਂ ਆਸਾ ਦੀ ਵਾਰ ਦੇ ਸਲੋਕ ਤੱਤਕਾਲੀਨ ਸਮਾਜਕ ਯਥਾਰਥ ਨਾਲ ਸੰਬੰਧਿਤ ਹਨ ਤੇ ਪਉੜੀਆਂ ਪ੍ਰਾਭੌਤਿਕਤਾ ਨਾਲ। ਇਸੇ ਤਰ੍ਹਾਂ ਮਾਰੂ ਡਖਣੇ ਦੀ ਵਾਰ ਮਹਲਾ ੫ ਤੇ ਜੈਤਸਰੀ ਵਾਰ ਮਹਲਾ ੫ ਦੇ ਸਲੋਕ ਜਿਸ ਭਾਵ ਵਿਸ਼ੇਸ਼ ਨੂੰ ਨਿਰੂਪਿਤ ਕਰਦੇ ਹਨ, ਪਉੜੀਆਂ ਵੀ ਉਸੇ ਦਾ ਪੁਨਰ ਦੁਹਰਾਉ ਕਰਦੀਆਂ ਹਨ। ਅਜਿਹੀ ਹਾਲਤ ਵਿਚ ਰਚਨਾ ਵਿਚ ਪ੍ਰਵਾਹਿਤ ਦਵੰਦਾਤਮਕ ਤਣਾਉ ਹੀ ਵਾਰ ਵਿਸ਼ੇਸ਼ ਦਾ ਪ੍ਰਾਣ-ਤੱਤ ਹੁੰਦਾ ਹੈ।

**ਸ.** ਕੁਝ ਅਜਿਹੀਆਂ ਵਾਰਾਂ ਵੀ ਹਨ ਜਿਨ੍ਹਾਂ ਦੇ ਸਲੋਕ ਤੇ ਪਉੜੀਆਂ ਦਾ ਰਚੈਤਾ ਇਕ ਹੀ ਹੈ। ਦੂਸਰੀ ਤਰ੍ਹਾਂ ਦੀਆਂ ਵਾਰਾਂ ਵਿਚ ਰਚੈਤਾ ਵਿਸ਼ੇਸ਼ ਦੇ ਨਾਲ ਨਾਲ ਹੋਰਾਂ ਦੇ ਸਲੋਕ ਜਾਂ ਪਉੜੀਆਂ ਵੀ ਅੰਕਿਤ ਹਨ।

**ਹ.** ਆਦਿ ਗ੍ਰੰਥ ਵਿਚ ਦੋ ਵਾਰਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੇ ਆਰੰਭ ਵਿਚ ਸਲੋਕ ਦਰਜ ਨਹੀਂ ਕੀਤੇ ਗਏ ਤੇ ਉਹ ਨਿਰੋਲ ਪਉੜੀ-ਰੂਪ ਵਿਚ ਹੀ ਪੇਸ਼ ਹੋਈਆਂ ਹਨ, ਜਿਹਾ ਕਿ ਬਸੰਤ ਦੀ ਵਾਰ ਮਹਲਾ ੫ ਤੇ ਰਾਮਕਲੀ ਦੀ ਵਾਰ ਤਥਾ ਸਤੇ ਬਲਵੰਡ ਡੂਮ ਆਖੀ। ਇਹ ਦੋਵੇਂ ਸੰਰਚਨਾ ਪੱਖੋਂ ਇਕਸਾਰੀ ਹਨ। ਦੋਵੇਂ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿਮਾ ਮੁਖ ਹਨ । ਦੋਵੇਂ ਹੀ ਇਕ ਸਮਾਨ ਸਥਾਈ ਸਲੋਕ ਹਨ । ਦੋਵੇਂ ਹੀ ਆਕਾਰ ਵਿਚ ਛੋਟੀਆਂ ਹਨ । ਦੋਹਾਂ ਵਿਚੋਂ ਆਲੋਚਨਾਤਮਕ ਸੁਰ ਗਾਇਬ ਹੈ ।

ਅੰਤ ਵਿਚ,ਦੋ ਵਾਰਾਂ ਦਾ ਅਧਿਐਨ **ਆਦਿ ਗ੍ਰੰਥ : ਰਚਨਾ ਰੂਪ** ਪੁਸਤਕ ਵਿਚ ਪੇਸ਼ ਕੀਤਾ ਗਿਆ ਹੈ ਤਾਂਕਿ ਉਪਰ ਅੰਕਿਤ ਬਣਾਈਆਂ ਗਈਆਂ ਸਿਧਾਂਤਕ ਧਾਰਣਾਵਾਂ ਦੀ ਪ੍ਰਮਾਣਿਕਤਾ ਦੀ ਨਿਰਖ-ਪਰਖ ਕੀਤੀ ਜਾ ਸਕੇ । ਦੂਸਰੇ ਸ਼ਬਦਾਂ ਵਿਚ ਅਧਿਆਤਮਕ ਵਾਰ-ਮਾਡਲ ਨੂੰ ਸਹੀ ਰੂਪ ਵਿਚ ਸਪਸ਼ਟ ਕੀਤਾ ਜਾ ਸਕੇ । ਪਾਠਕ ਜਨ ਸਪਸ਼ਟਤਾ ਲਈ **ਆਦਿ ਗ੍ਰੰਥ: ਰਚਨਾ ਰੂਪ** ਪੁਸਤਕ ਵਲ ਗਹੁ ਕਰਨ । ਇਥੇ ਇਤਨਾ ਸੰਕੇਤ ਹੀ ਕਾਫੀ ਹੈ ਕਿ ਆਸਾ ਦੀ ਵਾਰ ਦੀ ਰਚਨਾ-ਬਣਤਰ ਸਲੋਕ ਅਤੇ ਪਉੜੀ ਰਾਹੀਂ ਰੂਪਮਾਨ ਹੋਈ ਹੈ । ਇਤਨਾ ਤਾਂ ਸਪਸ਼ਟ ਹੀ ਹੈ ਕਿ ਸਲੋਕਾਂ ਅਤੇ ਪਉੜੀ ਦੀ ਵਸਤੂ ਸਾਮਗ੍ਰੀ ਵਿਚ ਪਾੜ ਨਹੀਂ ਪਾਇਆ ਜਾ ਸਕਦਾ ਇਹ ਰੱਬ ਦੀ ਮਹਿਮਾ ਨਾਲ ਸੰਪੰਨ ਹਨ । ਸਲੋਕਾਂ ਵਿਚ ਪ੍ਰਭੂ ਦੀ ਮਹਿਮਾ ਦਾ ਆਧਾਰ ਜਗਤ-ਵਰਤਾਰਾ ਹੈ ਜੋ ਵਾਸਤਵਿਕਤਾ ਦਾ ਪ੍ਰਭਾਵ ਵੀ ਪੈਦਾ ਕਰਦਾ ਹੈ ਤੇ ਸਾਮਾਜਿਕ ਆਲੋਚਨਾ ਵੀ । ਹਾਲਾਂਕਿ ਜਗਤ-ਰਚਨਾ ਦਾ ਮੂਲਕਾਰਣ ਬ੍ਰਹਮ ਆਪ ਹੀ ਹੈ । ਪਉੜੀ ਵਿਚ ਪਾਰਬ੍ਰਹਮ ਦੀ ਵਡਿਆਈ ਹੈ ਉਹ ਸਰਬ ਦਾ ਦਾਤਾ ਹੈ ਤੇ ਸਾਰਿਆਂ ਨੂੰ ਪਾਲਣਹਾਰ ਹੈ । ਸੰਖੇਪ ਵਿਚ, ਇਹ ਕਿਹਾ ਜਾ ਸਕਦਾ ਹੈ, ਗੁਰੂ ਨਾਨਕ ਦੇਵ ਜੀ ਨੇ ਜਦੋਂ ਪਹਿਲੀ ਵੈਰਾਂ ਵਾਰ-ਰੂਪ ਦੀ ਸੰਰਚਨਾ ਉਪਰ ਧਿਆਨ ਕੇਂਦਰਿਤ ਕੀਤਾ ਤਾਂ ਉਹ ਵਾਰ-ਰੂਪ ਦੀਆਂ ਰੂੜ੍ਹੀਆਂ ਪ੍ਰਤੀ ਵੀ ਸੁਚੇਤ ਸਨ ਤੇ ਇਸਦੇ ਪ੍ਰਾਣੀਧਾਰੀ ਤੱਤ ਪ੍ਰਤੀ ਵੀ । **ਅਧਿਆਤਮਕ ਵਾਰਾਂ ਵਿਚੋਂ ਜੇ ਮੂਲ ਤਣਾਉ ਨੂੰ ਖਾਰਜ ਕਰ ਦਿਤਾ ਜਾਏ ਤਾਂ ਇਹ ਵਾਰਾਂ ਜਾਂ ਤਾ ਆਲੋਚਨਾਤਮਕ ਸੰਸਕਾਰਾਂ ਨੂੰ ਪੇਸ਼ ਕਰਨਗੀਆਂ ਜਾਂ ਨਿਰੋਲ ਮਹਿਮਾ ਨੂੰ ।** ਇਹ ਮੂਲ ਤਣਾਉ ਦੀ ਹੀ ਕਰਾਮਾਤ ਹੈ ਜੋ ਇਹ ਵਾਰਾਂ ਸੰਕਲਪ-ਮੁਖ ਮਹਿਮਾ ਸੰਪੰਨ ਹੋਣ ਦੇ ਬਾਵਜੂਦ ਵੀ ਅਲੋਚਨਾਤਮਕ ਸੰਸਕਾਰ ਨੂੰ ਰੂਪਮਾਨ ਕਰਦੀਆਂ ਹੋਈਆਂ ਉਸਤਤਗਾਨ ਬਣ ਨਿਬੜਦੀਆਂ ਹਨ । ਸਲੋਕ ਅਤੇ ਪਉੜੀਆਂ ਇਕ ਦੂਜੇ ਦੇ ਪੂਰਕ ਨਹੀਂ ਸਗੋਂ ਇਕ ਦੂਜੇ ਦੇ ਸਮਵਿਥ ਤੁਰਦੇ ਤੁਰਦੇ ਮੂਲ ਤਣਾਉ ਨੂੰ ਰੂਪਮਾਨ ਕਰਦੇ ਹਨ । ਮੂਲ ਤਣਾਉ ਜੋ ਲੌਕਿਕ ਦੇ ਵਿਚਕਾਰ ਹੈ । ਮਨੁੱਖੀਪਨ ਅਤੇ ਬ੍ਰਹਮਤਾ ਦੇ ਦਰਮਿਆਨ ਹੈ । ਕਰਮਸ਼ੀਲਤਾ ਅਤੇ ਮਿਹਰਵੰਤ ਦੇ ਵਿਚਕਾਰ ਹੈ । ਅਰੂਪ ਅਤੇ ਰੂਪਵੰਤ ਵਿਚਾਲੇ ਵਿਦਮਾਨ ਹੈ । ਇਹੀ ਅਧਿਆਤਮਕ ਵਾਰਾਂ ਦੀ ਵਿਲੱਖਣਤਾ ਵੀ ਹੈ ।

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਰਾਮਕਲੀ ਦੀ ਵਾਰ ਜੋ ਰਾਇ ਬਲਵੰਡ ਅਤੇ ਸਤੇ ਭੱਟ ਨੇ ਉਚਾਰਣ ਕੀਤੀ ਹੈ । ਉਹ ਆਪਣੀ ਰੂਪ-ਵਿਧੀ ਤੇ ਥੀਮ ਪੱਖੋਂ ਰਤਾ ਨਿਵੇਕਲੀ ਹੈ । ਮਿਸਾਲ ਵਜੋਂ—

1. ਇਹ ਵਾਰ ਆਪਣੀ ਰੂਪ ਵਿਧੀ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਹੋਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਤਮਕ ਵਾਰਾਂ ਤੋਂ ਵਖਰੀ ਹੈ। ਇਸ ਦੀ ਰਚਨਾ ਨਿਰੋਲ ਪਉੜੀ ਕਾਵਿ-ਰੂਪ ਰਾਹੀਂ ਪ੍ਰਵਾਨ ਚੜ੍ਹੀ ਹੈ।

2. ਸਤੋ ਬਲਵੰਡ ਦੀ ਵਾਰ ਵੀਰ ਕਾਵਿ-ਰੂਪ ਦੇ ਪ੍ਰਾਣਧਾਰੀ ਤੱਤ 'ਦੁਫਾੜ' ਨਾਲ ਸੰਪੰਨ ਹੋਈ ਹੈ। ਦੁਫਾੜ ਕਈ ਤਰ੍ਹਾਂ ਦਾ ਹੋ ਸਕਦਾ ਹੈ। ਇਸ ਵਾਰ ਵਿਚਲਾ ਦੁਫਾੜ ਇਕ ਪਾਸੇ, ਸੰਸਾਰ ਦੀ ਪਰਾ ਪਰਾਥਮਿਕ ਹੋਂਦ ਪਾਰਬ੍ਰਹਮ ਦੀ ਉਸਤਤ ਕਰਦਾ ਹੈ। ਦੂਜੇ ਪਾਸੇ, ਗੁਰੂ ਸਾਹਿਬਾਨ ਦੀ ਮਹਿਮਾ। ਇਕ ਤਰ੍ਹਾਂ ਇਹ ਵਾਰ ਅਧਿਆਤਮੀ ਕਰਣ ਤੇ ਇਤਿਹਾਸੀਕਰਣ ਦੇ ਦੁਫਾੜ ਨੂੰ ਰੂਪਮਾਨ ਕਰਦੀ ਹੋਈ ਸਿਫਤ-ਸਲਾਹ ਦਾ ਸਮੀਕਰਣ ਪੇਸ਼ ਕਰਦੀ ਹੈ।

3. ਇਹ ਵਾਰ ਬਾਦਸ਼ਾਹ ਦੀ ਬਾਦਸ਼ਾਹਤ ਦੇ ਰੂਪਕ ਰਾਹੀਂ ਸੰਪੰਨ ਹੋਈ ਹੈ। ਦੁਨਿਆਵੀ ਰਾਜੇ ਦੇ ਵਰਤ-ਵਿਹਾਰ ਦੇ ਸਮਤੁੱਲ ਨਾਨਕ-ਰਾਜ ਨੂੰ ਰਖਿਆ ਗਿਆ ਹੈ।

4. ਇਸ ਵਾਰ ਵਿਚ ਗੁਰੂ ਸਾਹਿਬਾਨ ਨੂੰ ਪਾਰਬ੍ਰਹਮ ਦੀ ਤੁਲਨਾ ਵਿਚ ਰਖ ਕੇ ਪੇਸ਼ ਕੀਤਾ ਗਿਆ ਹੈ।

5. ਇਹ ਵਾਰ ਗੁਰੂ ਸੰਸਥਾ ਦਾ ਨਿਖੜਵਾਂ ਚਰਿੱਤਰ ਉਜਾਗਰ ਕਰਦੀ ਹੈ। ਗੁਰਿਆਈ ਗੱਦੀ ਦਾ ਹੱਕਦਾਰ ਕੌਣ ਹੋਵੇਗਾ। ਉਸਦੀ ਚੋਣ ਕਰਨ ਵੇਲੇ ਕਿਹਨਾਂ ਗੱਲਾਂ ਨੂੰ ਧਿਆਨ ਵਿਚ ਰਖਿਆ ਜਾਵੇਗਾ ਤੇ ਗੁਰਿਆਈ ਦੇ ਤਿਲਕ ਦੀ ਰਸਮ ਦੀ ਵਿਧੀ ਕੀ ਹੋਵੇਗੀ ਬਾਰੇ ਸੰਕੇਤ ਇਸ ਵਿਚ ਮੌਜੂਦ ਹਨ।

6. ਇਹ ਵਾਰ ਜੋਤ-ਸੰਕਲਪ ਦੇ ਸੰਦਰਭ ਵਿਚ ਗੁਰੂ ਸਾਹਿਬਾਨ ਨੂੰ ਪਾਰਬ੍ਰਹਮ ਦੇ ਰੂਪ ਵਿਚ ਹੀ ਪੇਸ਼ ਕਰਦੀ ਹੈ। ਦੂਸਰੇ ਸ਼ਬਦਾਂ ਵਿਚ ਗੁਰੂ ਸਾਹਿਬਾਨ ਖ਼ਾਲੀ ਚੋਲਾ ਹੀ ਵਟਾਉਂਦੇ ਰਹੇ ਹਨ ਉਂਝ ਉਹ ਅਕਾਲਪੁਰਖ ਦੀ ਹੀ ਜੋਤ ਸਨ।

7. ਸਤਾ ਬਲਵੰਡ ਦੀ ਵਾਰ ਵਿਚ ਨਾਨਕ-ਰਾਜ ਦਾ ਵਿਗਾਸ ਨਾਦੀ ਜਾਂ ਬਿੰਦੀ ਪਰੰਪਰਾ ਤਕ ਸੀਮਤ ਨਹੀਂ। ਇਸ ਦਾ ਚੋਣ-ਬਲ ਅਧਿਕਾਰੀ ਉਪਰ ਹੈ। ਚਾਹੇ ਉਹ ਪੁਤਰ ਹਨ ਜਾਂ ਸ਼ਿਸ਼।

8. ਇਸ ਵਾਰ-ਕ੍ਰਿਤ ਵਿਚ ਨਾਨਕ-ਰਾਜ ਦੀ ਉਸਾਰੀ ਲੌਕਿਕ, ਮੌਟਿਫਾਂ ਦੀ ਸਹਾਇਤਾ ਨਾਲ ਕੀਤੀ ਗਈ ਹੈ। ਸੈਮਟਿਕ ਤੇ ਮਿਥਿਹਾਸਕ ਸੋਮਿਆਂ ਦੀ ਸਹਾਇਤਾ ਨਾਲ ਵੀ। ਇਨ੍ਹਾਂ ਤਿੰਨਾਂ ਦੀ ਸੰਜੁਗਤ ਵਰਤੋਂ ਕਰਕੇ ਹੀ ਗੁਰੂ-ਸੰਸਥਾ ਦੀ ਨਿਵੇਕਲੀ ਨੁਹਾਰ ਨੂੰ ਨਿਖਾਰਿਆ ਗਿਆ ਹੈ।

9. ਇਹ ਵਾਰ ਸੰਸਥਾਮੂਲਕ ਬਿਰਤੀ ਦੇ ਦੋ ਪ੍ਰਮੁਖ ਗੁਣਾ—ਵਿਸਤਾਰ ਅਤੇ ਪ੍ਰਲੋਭਨ ਨੂੰ ਬਾਰੰਬਾਰ ਦੁਹਰਾਉਂਦੀ ਹੈ।

10. ਸੰਸਥਾ ਦਾ ਮੰਹ ਮਥਾ ਨਿਖਾਰਨ ਵਾਲੇ ਤਿੰਨ ਗੁਣ ਹਨ—ਸ਼ਮੂਲੀਅਤ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਰੂਪਤਾ ਤੇ ਸਾਂਝੀਵਾਲਤਾ। ਚੌਥਾ ਗੁਣ ਸਿਫ਼ਤ-ਸਲਾਹ ਵਲ ਰੁਚਿਤ ਹੈ। ਇਸ ਵਾਰ ਵਿਚ ਇਨ੍ਹਾਂ ਚਹੁੰ ਗੁਣਾਂ ਦਾ ਪ੍ਰਤੀਪਾਦਨ ਵਿਖਾਈ ਦੇਂਦਾ ਹੈ।

11. ਸਤੇ ਬਲਵੰਡ ਦੀ ਵਾਰ ਜਿਥੇ ਗੁਰੂ-ਸੰਸਥਾ ਦੀ ਬਹਿਰੰਗ ਨੁਹਾਰ ਦੇ ਸੰਕੇਤ ਦਿੰਦੀ ਹੈ ਉਥੇ ਅੰਤਰੰਗ ਗੁਣ-ਅਵਗੁਣ ਜੋ ਧਾਰਨ ਜਾਂ ਤਿਆਗ ਕੀਤੇ ਜਾਣੇ ਚਾਹੀਦੇ ਹਨ ਉਨ੍ਹਾਂ ਦੇ ਸੂਖਮ ਸੰਕੇਤ ਵੀ ਦੇਂਦੀ ਹੈ। ਇਹ ਵਾਰ ਗੁਰੂ ਸੰਸਥਾ ਦੇ ਛੇ ਆਂਤਰਿਕ ਗੁਣਾਂ ਨੂੰ ਨਿਰਧਾਰਤ ਕਰਦੀ ਹੈ ਜੋ ਗੁਰੂ ਸੰਸਥਾ ਦੇ ਪੈਰੋਕਾਰਾਂ ਨੂੰ ਅਪਨਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਛੇ ਅਵਗੁਣਾਂ ਦੇ ਤਿਆਗ ਉਪਰ ਵੀ ਜ਼ੋਰ ਦੇਂਦੀ ਹੈ।

12. ਕੁਲ ਮਿਲਾ ਕੇ, ਇਹ ਵਾਰ ਸੰਸਥਾਮੂਲਕ ਬਿਰਤੀ ਦੀ ਲਖਾਇਕ ਹੈ। ਇਹ ਆਪਣੇ ਗੁਰੂ ਪੀਰ ਦੀ ਸਿਫਤ-ਸਲਾਹੁਤਾ ਕਰਨ ਦੇ ਨਾਲ ਨਾਲ ਗੁਰੂ-ਸੰਸਥਾ ਦੇ ਆਂਤਰਿਕ ਤੇ ਬਾਹਰੀ ਰੂਪ ਨੂੰ ਨਿਸਚਿਤ-ਨੁਹਾਰ ਪ੍ਰਦਾਨ ਕਰਦੀ ਹੈ ਤੇ ਅਧਿਆਤਮਕ ਜਟਿਲਤਾ ਨੂੰ ਸਰਲੀਕਰਣ ਦੀ ਵਿਧੀ ਰਾਹੀਂ ਇਤਿਹਾਸਕ ਹਸਤੀਆਂ ਨਾਲ ਜੋੜ ਕੇ ਵੇਖਦੀ ਹੈ। ਤੇ ਇਹੀ ਇਸ ਵਾਰ ਦੀ ਵਿਲੱਖਣਤਾ ਵੀ ਹੈ।

ਸੰਖੇਪ ਵਿਚ, ਵਾਰ-ਰੂਪ ਬਾਣੀਕਾਰਾਂ ਦਾ ਮਨਭਾਉਂਦਾ ਕਾਵਿ-ਰੂਪ ਹੈ। ਇਸ ਵਿਚ ਸਿਫਤ-ਸਲਾਹ ਦਾ ਬੋਲ-ਬਾਲਾ ਹੈ। ਸਿਫ਼ਤ ਭਾਵੇਂ ਮਨੁੱਖ ਦੀ ਹੋਵੇ ਕਿਸੇ ਲੌਕ ਨਾਇਕ ਦੀ ਜਾਂ ਪਾਰਬ੍ਰਹਮ ਦੀ। ਮਹਿਮਾਮਈ ਜੈਗਾਨ ਇਸ ਦਾ ਨਿਵੇਕਲਾ ਮੁਹਾਂਦਰਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਉੜੀ

ਵਾਰ ਅਧਿਐਨ ਕਰਦਿਆਂ ਅਸੀਂ ਵਾਚਿਆ ਹੈ ਕਿ ਵਾਰ-ਰੂਪ ਦੋ ਕਾਵਿ-ਰੂਪਾਂ ਦੇ ਸੁਮੇਲ ਤੋਂ ਰੂਪ ਗ੍ਰਹਿਣ ਕਰਦਾ ਹੈ—ਪਉੜੀ ਅਤੇ ਸਲੋਕ। ਇਥੇ ਪਉੜੀ-ਪ੍ਰਬੰਧ ਨੂੰ ਵਿਚਾਰ ਲੈਣਾ ਉਚਿਤ ਮਾਲੂਮ ਹੁੰਦਾ ਹੈ।

ਪਉੜੀ ਦੇ ਕੋਸ਼ਗਤ ਅਰਥ ਹਨ, ਪੈਰ ਰਖਣ ਦੀ ਥਾਂ। ਜਨ ਸਾਧਾਰਣ ਆਮ ਕਰਕੇ ਸੀੜ੍ਹੀ ਦੇ ਹਰ ਡੰਡੇ ਨੂੰ ਪਉੜੀ ਕਹਿੰਦੇ ਹਨ। ਇਨ੍ਹਾਂ ਡੰਡਿਆਂ ਨਾਲ ਤਿਆਰ ਹੋਈ ਸੀੜ੍ਹੀ ਨੂੰ ਵੀ ਪਉੜੀ ਹੀ ਕਿਹਾ ਜਾਂਦਾ ਹੈ।

ਸਾਹਿਤ-ਖੇਤਰ ਵਿਚ ਇਹ ਇਕ ਕਾਵਿ-ਰੂਪ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੱਧਕਾਲ ਦੇ ਇਕੋ ਇਕ ਪ੍ਰਮਾਣਿਕ ਕਵੀ ਬਾਬਾ ਫ਼ਰੀਦ ਜੀ ਹਨ। ਬਾਬਾ ਫ਼ਰੀਦ ਜੀ ਨੇ ਸਲੋਕ ਅਤੇ ਪਦਾ-ਰੂਪ ਨੂੰ ਆਪਣੀ ਬਾਣੀ ਦਾ ਸਿਰਜਣ-ਮਾਧਿਅਮ ਬਣਾਇਆ ਹੈ। ਪਉੜੀ ਦੀ ਸਰਬ ਪ੍ਰਥਮ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ। ਇਹ ਰੂਪ ਦਾਰਸ਼ਨਿਕ ਰਚਨਾਵਾਂ ਵਿਚ ਵਧੇਰੇ ਕਰਕੇ ਸਿਰਜਣ-ਮਾਧਿਅਮ ਦਾ ਅੰਗ ਬਣਿਆ ਹੈ। ਇਸ ਦਾ ਪ੍ਰਮੁਖ ਪਛਾਣ-ਚਿਹਨ ਹੀ ਇਹ ਹੈ ਕਿ ਇਸ ਵਿਚ ਵਿਚਾਰਾਂ ਦੀ ਉਸਾਰੀ ਪਉੜੀ ਦੇ ਡੰਡਿਆਂ ਵਾਂਗ ਪਉੜੀ ਦਰ ਪਉੜੀ ਹੁੰਦੀ ਹੈ। ਇਕ ਤੋਂ ਬਾਅਦ ਦੂਸਰਾ ਵਿਚਾਰ ਲੜੀਵਾਰ ਉਸਰਦਾ ਜਾਂਦਾ ਹੈ। ਇਸ ਤਰ੍ਹਾਂ ਸੰਕਲਪ ਵਿਸ਼ੇਸ਼ ਇਕ ਨਿਸਚਿਤ ਵਿਚਾਰ ਨੂੰ ਇਕੋ ਪਉੜੀ ਵਿਚ ਹੀ ਪੇਸ਼ ਕਰਨ ਵਿਚ ਸਫਲ ਹੋ ਜਾਂਦਾ ਹੈ ਤੇ ਸਾਰੀਆਂ ਪਉੜੀਆਂ ਜੁੜ ਕੇ ਰਚਨਾ-ਵਿਸ਼ੇਸ਼ ਦਾ ਮੂੰਹ ਮੱਥਾ ਸੰਵਾਰਦੀਆਂ ਹਨ। ਧਿਆਨ ਰਹੇ, ਪਉੜੀ ਵਿਸ਼ੇਸ਼ ਕਿਸੇ ਇਕ ਸੰਕਲਪ ਨਾਲ ਸੰਬੰਧਿਤ ਹੁੰਦੀ ਹੈ, ਪੂਰੀ ਫਿਲਾਸਫੀ ਨਾਲ ਨਹੀਂ। ਅਨੇਕ ਸੰਕਲਪ ਮਿਲ ਕੇ ਦਰਸ਼ਨ ਵਿਸ਼ੇਸ਼ ਦੀ ਉਸਾਰੀ ਕਰਦੇ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੀਤਾ ਨਹੀਂ ਗਿਆ ਸਿਵਾਏ ਜਪੁਜੀ ਦੇ। ਅਨੁਮਾਨ ਹੈ, ਜਪੁ-ਰਚਨਾ ਨੂੰ ਵਿਦਵਾਨ ਸਜਣਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ ਵਜੋਂ ਸਵੀਕਾਰ ਕੀਤਾ ਹੈ। ਭੂਮਿਕਾ ਵਿਚ ਆਮ ਤੌਰ ਤੇ ਪੁਸਤਕ ਦੇ ਅੰਦਰਲੇ ਵਿਸ਼ੇ ਨਾਲ ਜਾਣ-ਪਛਾਣ ਕਰਵਾਈ ਜਾਂਦੀ ਹੈ। ਸ਼ਾਇਦ ਇਹੋ ਕਾਰਣ ਹੈ, ਜਪੁਜੀ ਵਿਚ ਗੁਰਮਤਿ ਦਰਸ਼ਨ ਦੀ ਜਾਣ ਪਛਾਣ ਛੋਟੇ ਛੋਟੇ ਟੁਕੜਿਆਂ ਵਿਚ ਵੰਡ ਕੇ ਕਰਵਾਈ ਗਈ ਹੈ। ਮਿਸਾਲ ਵਜੋਂ ਸੁਣੀਐ, ਮੰਨੀਐ ਅਤੇ ਅਸੰਖ ਦੀਆਂ ਪਉੜੀਆਂ। ਜ਼ਾਹਿਰ ਹੈ, ਜਪੁ-ਰਚਨਾ ਦੇ ਅੱਡੋ ਅੱਡਰੇ ਟੁਕੜਿਆਂ ਉਪਰ ਧਿਆਨ ਕੇਂਦਰਿਤ ਕਰਕੇ ਗੁਰਮਤਿ ਦਰਸ਼ਨ ਦੀ ਉਸਾਰੀ ਹੋ ਸਕਦੀ ਹੈ। ਗੁਰੂ ਨਾਨਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇਵ ਨੇ ਇਸ ਵਿਧੀ ਦੀ ਵਰਤੋਂ ਆਸਾ ਦੀ ਵਾਰ ਵਿਚ ਕੀਤੀ ਹੈ, ਹਾਲਾਂਕਿ ਇਸਦਾ ਆਪਵਾਦ ਰੂਪ ਵੀ ਆਸਾ ਦੀ ਵਾਰ ਵਿਚ ਹੀ ਮਿਲਦਾ ਹੈ।

ਰਚਨਾ ਵਿਸ਼ੇਸ਼ ਦਾ ਦਾਰਸ਼ਨਿਕ ਮੁਹਾਂਦਰਾ ਉਸਾਰਨ ਵਿਚ ਪਉੜੀ-ਰੂਪ ਦਾ ਵਿਸ਼ੇਸ਼ ਯੋਗਦਾਨ ਹੈ। ਇਥੇ ਇਕ ਹੋਰ ਧਾਰਨਾ ਵੀ ਬਣਾਈ ਜਾ ਸਕਦੀ ਹੈ, ਦਾਰਸ਼-ਨਿਕ ਵਥ ਦੀ ਬੰਦ-ਦਰ-ਬੰਦ ਉਸਾਰੀ ਪਉੜੀ ਰੂਪ ਰਾਹੀਂ ਸੰਪੰਨ ਹੁੰਦੀ ਹੈ। ਗੁਰੂ ਨਾਨਕ ਦੇਵ ਨੇ ਇਸ ਜੁਗਤ ਦੀ ਵਰਤੋਂ ਸਿੱਧ ਗੋਸ਼ਟਿ, ਦਖਣੀ ਓਅੰਕਾਰ, ਬਾਵਨ-ਅੱਖਰੀ ਤੇ ਪਟੀ ਆਦਿ ਵਿਚ ਵੀ ਕੀਤੀ ਹੈ। ਗੁਰੂ ਨਾਨਕ ਦੇਵ ਦੀ ਅਨੁਸਾਰਤਾ ਕਰਦੇ ਹੋਏ ਗੁਰੂ ਅਮਰ ਦਾਸ ਨੇ 'ਅਨੰਦੁ' ਤੇ 'ਪਟੀ' ਦੀ ਰਚਨਾ ਕੀਤੀ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਨੇ ਗਉੜੀ ਸੁਖਮਨੀ ਅਤੇ ਥਿਤੀ ਵਿਚ ਪਉੜੀ-ਰੂਪ ਦੀ ਵਰਤੋਂ ਕੀਤੀ ਹੈ।

ਪੰਚਮ ਗੁਰੂ ਤੋਂ ਬਾਅਦ ਭਾਈ ਗੁਰਦਾਸ ਨੇ ਵੀ ਚਾਲੀ ਵਾਰਾਂ ਦੀ ਰਚਨਾ ਪਉੜੀ-ਰੂਪ ਰਾਹੀਂ ਕੀਤੀ ਹੈ। ਇਸਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਈ ਵਾਰਾਂ ਬ੍ਰਿਤਾਂਤ ਮੁਕਤ ਰਚਨਾਵਾਂ ਹਨ। ਰੂਪ ਦੇ ਪੱਖੋਂ ਇਨ੍ਹਾਂ ਨੂੰ ਵਰਣਨਾਤਮਕ ਜਾਂ ਮੁਕਤਕ ਪ੍ਰਗੀਤ ਕਿਹਾ ਜਾ ਸਕਦਾ ਹੈ। ਭਾਈ ਗੁਰਦਾਸ ਤਕ ਪੁਜਦਿਆਂ ਪੁਜਦਿਆਂ ਅਧਿਆਤਮਕ ਵਾਰ ਵਿਚ ਬ੍ਰਿਤਾਂਤਕ ਅੰਸ਼ ਆਉਣੇ ਸ਼ੁਰੂ ਹੋ ਗਏ ਹਨ। ਭਾਈ ਗੁਰਦਾਸ ਦੀਆਂ ਵਾਰਾਂ ਦੀਆਂ ਪਉੜੀਆਂ ਆਕਾਰ ਵਿਚ ਲਘੂ ਤੇ ਸੁਤੰਤਰ ਸੰਦਰਭ ਨੂੰ ਉਜਾਗਰ ਕਰਦੀਆਂ ਹਨ। ਛੰਦ-ਚਾਲ ਇਨ੍ਹਾਂ ਦੀ ਤੇਜ਼ ਰਵਾਨੀ ਵਾਲੀ ਹੈ। ਭਾਈ ਗੁਰਦਾਸ ਤੋਂ ਬਾਅਦ ਅਧਿਆਤਮਕ ਵਾਰ ਜਦੋਂ ਦਸਮ ਗੁਰੂ ਜੀ ਦੇ ਹੱਥਾਂ ਵਿਚ ਪੁਜਦੀ ਹੈ ਤਾਂ ਇਹ ਵਰਣਨਾਤਮਕ ਵਿਧੀ ਦਾ ਤਿਆਗ ਕਰ ਦੇਂਦੀ ਹੈ। ਚੰਡੀ ਦੀ ਵਾਰ ਸ਼ੁਧ ਬ੍ਰਿਤਾਂਤਕ ਨੇਮਾਂ ਦੇ ਅਧੀਨ ਰੂਪਮਾਨ ਹੋਈ ਹੈ। ਸੰਖੇਪ ਵਿਚ, ਵਾਰ-ਰੂਪ ਵਰਣਨਾਤਮਿਕਤਾ ਤੋਂ ਬਾਅਦ ਬ੍ਰਿਤਾਂਤਕ ਰੰਗਤ ਉਪਰ ਪੁੱਜਦੀ ਹੈ।

ਇਥੋਂ ਇਕ ਹੋਰ ਧਾਰਣਾ ਵੀ ਬਣਾਈ ਜਾ ਸਕਦੀ ਹੈ ਕਿ ਵਾਰ ਰੂਪਾਕਾਰ ਦਾ ਪਉੜੀ-ਰੂਪ ਨਾਲ ਵਿਸ਼ੇਸ਼ ਸੰਬੰਧ ਹੈ। ਮੱਧਕਾਲ ਵਿਚ ਗੁਰਮਤਿ ਸਾਹਿਤ ਨਾਲ ਸੰਬੰਧਿਤ 63 ਵਾਰਾਂ ਪਉੜੀ-ਰੂਪ ਨਾਲ ਸਿਰੇ ਚੜ੍ਹੀਆਂ ਹਨ। ਇਨ੍ਹਾਂ ਵਿਚੋਂ 22 ਗੁਰੂ ਸਾਹਿਬਾਨ, 40 ਭਾਈ ਗੁਰਦਾਸ ਤੇ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ।

ਪਉੜੀ ਆਪਣੀ ਪ੍ਰਕ੍ਰਿਤੀ ਵਿਚ ਉਤਸਾਹ ਜਨਕ ਕਾਵਿ-ਰਚਨਾ ਹੈ। ਨਾਇਕ ਦੀ ਮਹਿਮਾ ਕਰਨਾ ਇਸ ਦਾ ਪ੍ਰਮੁੱਖ ਪਛਾਣ-ਚਿਹਨ ਹੈ। ਵਾਰ ਦੀ ਇਕ ਵੰਨਗੀ ਇਤਿਹਾਸਕ ਵੀ ਰਹੀ ਹੈ। ਇਤਿਹਾਸਕ ਵਾਰ ਵਿਚ ਜੋਧਿਆਂ ਦੇ ਮਨ ਵਿਚ ਉਤਸ਼ਾਹ ਜਗਾਉਣ ਲਈ ਨਿਰੇ ਬ੍ਰਿਤਾਂਤ ਦੀ ਹੀ ਲੋੜ ਨਹੀਂ ਸੀ ਸਗੋਂ ਉਸ ਬ੍ਰਿਤਾਂਤ ਨੂੰ ਚਮਕਾਉਣ ਲਈ ਪ੍ਰਵਾਹਮਈ ਸ਼ੈਲੀ ਦੀ ਵੀ ਲੋੜ ਸੀ। ਸਾਧਾਰਣ ਮਨੁੱਖ ਦੇ ਮਨ ਵਿਚ ਤਾਂ ਉਤਸ਼ਾਹ ਜਗਾਇਆ ਹੀ ਰਵਾਨੀ ਭਰੀ ਪੇਸ਼ਕਾਰੀ ਨੇ ਹੈ। ਕਿਹਾ ਨਹੀਂ ਜਾ ਸਕਦਾ ਕਿ ਰਵਾਨੀ ਭਰਪੂਰ ਗੁਣ ਲੋਕਵਾਰ ਤੋਂ ਅਧਿਆਤਮਕ ਵਾਰ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਇਆ ਤੇ ਅਧਿਆਤਮਕ ਵਾਰ ਤੋਂ ਵਿਗਸ ਕੇ ਇਤਿਹਾਸਕ ਵਾਰ ਵਿਚ ਪਰਵੇਸ਼ ਕਰ ਗਿਆ। ਇਸ ਪ੍ਰਸੰਗ ਵਿਚ ਇਕ ਗੱਲ ਬੜੀ ਸਪਸ਼ਟ ਹੈ, ਮੱਧਕਾਲੀ ਵਾਰਕਾਰਾਂ ਨੇ ਪਉੜੀ-ਰੂਪ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਪਹਿਲਾਂ ਵੀ ਸੰਕੇਤ ਕੀਤਾ ਜਾ ਚੁੱਕਾ ਹੈ, ਪ੍ਰਚਲਿਤ ਕਾਵਿ-ਰੂੜ੍ਹੀਆਂ ਵਿਚੋਂ ਬਾਣੀਕਾਰਾਂ ਨੇ ਲੋੜ ਅਨੁਸਾਰ ਕੁਝ ਕੁ ਕਾਵਿ-ਰੂੜੀਆਂ ਨੂੰ ਪ੍ਰਵਾਨ ਕੀਤਾ ਹੈ ਤੇ ਕੁਝ ਕੁ ਨੂੰ ਅਪ੍ਰਵਾਨ। ਪ੍ਰਵਾਨ ਤਾਂ ਉਹੀ ਕੁਝ ਕੀਤਾ ਗਿਆ ਹੈ ਜੋ ਬਾਣੀਕਾਰਾਂ ਦੇ ਵਥ-ਵਸਤੂ ਅਨੁਕੂਲ ਸੀ। ਅਧਿਆਤਮਕ ਵਾਰਾਂ ਵਿਚ ਸਭ ਦੇ ਸਭ ਬਾਣੀਕਾਰਾਂ ਨੇ ਪਉੜੀ-ਰੂਪ ਦੀ ਵਰਤੋਂ ਕੀਤੀ ਹੈ।

ਪਉੜੀ ਲਘੂ ਅਕਾਰੀ ਹੈ ਅਤੇ ਆਪਣੇ ਆਪ ਵਿਚ ਹਰ ਬੰਧਨ ਤੋਂ ਸੁਤੰਤਰ, ਖ਼ੁਦਮੁਖ਼ਤਾਰ ਹੋਂਦ ਹੈ। ਪਉੜੀ-ਰੂਪ ਵਿਸ਼ੇਸ਼ ਲੈਅ ਦਾ ਧਾਰਣੀ ਹੈ। ਇਸ ਤਰ੍ਹਾਂ ਇਸ ਵਿਚਲਾ ਲੈਅ-ਪ੍ਰਬੰਧ ਦੁਹਰਾ ਹੈ। ਪਹਿਲਾ, ਉਹ ਜੋ ਛੰਦ ਚਾਲ ਦਾ ਹੈ ਤੇ ਦੂਸਰਾ ਉਹ ਜੋ ਪ੍ਰਗੀਤ-ਰਚਨਾ ਵਿਚ ਉਭਰਦਾ ਹੈ। ਬਾਣੀਕਾਰਾਂ ਨੇ ਅਧਿਆਤਮਕ ਵਾਰਾਂ ਲਈ ਪਉੜੀ-ਰੂਪ ਦਾ ਵਿਧਾਨ ਕੀਤਾ ਹੈ। ਬ੍ਰਿਤਾਂਤ ਮੁਕਤ ਹੋਣ ਕਰਕੇ ਵਾਰ ਵਿਚਲੀਆਂ ਪਉੜੀਆਂ ਹੋਰ ਤਾਂ ਹੋਰ ਆਪ ਤੋਂ ਅੰਕਿਤ ਪੂਰਬਲੇ ਸਲੋਕਾਂ ਤੋਂ ਵੀ ਹਰ ਤਰ੍ਹਾਂ ਮੁਕਤ ਹੁੰਦੀਆਂ ਹਨ। ਮੰਨ ਲਉ ਇਕ ਪਉੜੀ ਨੂੰ ਹਟਾ ਕੇ ਕਿਸੇ ਦੂਸਰੀ ਥਾਂ ਕਰ ਦਿਤਾ ਜਾਏ ਅਥਵਾ ਪਉੜੀ ਕਰਮ ਬਦਲ ਦਿਤਾ ਜਾਵੇ ਤਾਂ ਵਾਰ-ਵਿਸ਼ੇਸ਼ ਦੀ ਸੰਰਚਨਾ ਨੂੰ ਕੋਈ ਫ਼ਰਕ ਨਹੀਂ ਪਵੇਗਾ। ਠੀਕ, ਇਸੇ ਤਰ੍ਹਾਂ ਜੇ ਕਿਸੇ ਸਲੋਕ ਨੂੰ ਇਕ ਪਉੜੀ ਨਾਲੋਂ ਲਾਹ ਕੇ ਦੂਸਰੀ ਪਉੜੀ ਨਾਲ ਦਰਜ ਕਰ ਦਿਤਾ ਜਾਏ ਤਾਂ ਅਧਿਆਤਮਕ ਵਾਰ ਸੰਰਚਨਾ ਵਿਚ ਕੋਈ ਅੰਤਰ ਨਹੀਂ ਆਵੇਗਾ। ਇਸ ਦਾ ਪਹਿਲਾ ਕਾਰਣ, ਅਧਿਆਤਮਕ ਵਾਰ ਬ੍ਰਿਤਾਂਤ-ਮੁਕਤ ਰਚਨਾ ਹੈ। ਦੂਜਾ ਨਾ ਤਾਂ ਇਹ ਦਰਸ਼ਨ ਵਿਸ਼ੇਸ਼ ਦੇ ਸੰਕਲਪਾਂ ਨੂੰ ਕਿਸੇ ਕ੍ਰਮ ਵਿਚ ਬੰਨ੍ਹ ਕੇ ਵਿਚਾਰਦੀ ਹੈ ਤੇ ਨਾ ਹੀ ਦਰਸ਼ਨ-ਵਿਸ਼ੇਸ਼ ਦੀ ਕਿਸੇ ਤਰ੍ਹਾਂ ਉਸਾਰੀ ਕਰਦੀ ਹੈ। ਆਪਣੀ ਸੰਰਚਨਾ ਵਿਚ ਅਧਿਆਤਮਕ ਵਾਰਾਂ ਮੁਕਤਕ ਪ੍ਰਗੀਤ ਹਨ। ਜਿਸ ਥਾਂ ਉਤੇ ਵੀ ਸਲੋਕ-ਪਉੜੀ ਨੂੰ ਇਕ ਇਕਾਈ ਵਿਚ ਜੜ ਦਿਤਾ ਗਿਆ ਹੈ, ਉਸੇ ਪ੍ਰਕਰਣ ਤੋਂ ਹੀ ਇਨ੍ਹਾਂ ਨੇ ਇਕ ਖ਼ਾਸ ਤਰ੍ਹਾਂ ਦੀ ਸਾਰਥਕਤਾ ਗ੍ਰਹਿਣ ਕਰਨੀ ਹੈ ਤੇ ਇਹੋ ਨਿਰਵਿਸ਼ੇਸ਼ਤਾ ਹੀ ਇਨ੍ਹਾਂ ਦੀ ਵਿਸ਼ੇਸ਼ਤਾ ਹੈ। ਅਥਵਾ ਨਿਰਵਿਸੇਸ਼ ਰੂਪਾਂ (ਸਲੋਕ ਅਤੇ ਪਉੜੀ) ਨੂੰ ਅਧਿਆਤਮਕ ਵਾਰ ਵਿਚ ਕਿਸੇ ਵੀ ਥਾਂ ਉਪਰ ਅੰਕਿਤ ਕੀਤਾ ਜਾ ਸਕਦਾ ਹੈ। ਇਹੋ ਪ੍ਰਗੀਤ ਦੀ ਵਿਲੱਖਣਤਾ ਵੀ ਹੈ।

ਪਉੜੀ-ਰੂਪ ਬਾਰੇ ਇਕ ਹੋਰ ਨੁਕਤਾ ਵੀ ਧਿਆਨ ਜੋਗ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਉੜੀ ਸਿਰਲੇਖ ਹੇਠ ਅਨੇਕ ਛੰਦ ਵਰਤੇ ਜਾਂਦੇ ਹਨ। ਇਹ ਛੰਦ ਵਿਖਮ ਅਤੇ ਸਮ ਦੋਹਾਂ ਤਰ੍ਹਾਂ ਦਾ ਹੋ ਸਕਦਾ ਹੈ। ਭਾਈ ਕਾਹਨ ਸਿੰਘ ਨੇ ਗੁਰ ਛੰਦ ਦਿਵਾਕਰ ਵਿਚ ਤੀਹ ਪਉੜੀ-ਭੇਦਾਂ ਦਾ ਜ਼ਿਕਰ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੰਜ-ਭੇਦਾਂ ਦਾ ਦੁਹਰਾਉ ਅਨੇਕ ਵਾਰ ਕੀਤਾ ਗਿਆ ਹੈ। ਇਨ੍ਹਾਂ ਦਾ ਪ੍ਰਚਲਿਤ ਭੇਦ ਪਉੜੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਇਲਾਵਾ ਜੋ ਚਾਰ ਭੇਦ ਬਾਰੰਬਾਰ ਦੁਹਰਾਏ ਗਏ ਹਨ ਉਨ੍ਹਾਂ ਦਾ ਵੇਰਵਾ ਜਾਣ ਲੈਣਾ ਉਚਿਤ ਹੈ—

ਨਿਸ਼ਾਨੀ ਛੰਦ : ਚਾਰ ਚਰਣ, 22 ਮਾਤ੍ਰਾ, 13, 10 ਅਤੇ ਯਤੀ ਅੰਤ ਦੋ ਗੁਰੂ ਰਨ ।

ਰਾਧਕਾ ਛੰਦ : ਚਾਰ ਚਰਣ, 23 ਮਾਤ੍ਰਾ, 12, 9 ਉਤੇ ਯਤੀ, ਅੰਤ ਲਘੂ ਗੁਰੂ ਦਾ ਨੇਮ ਨਹੀਂ ।

ਹੰਸਗਤੀ ਛੰਦ : ਚਾਰ ਚਰਣ, 20 ਮਾਤ੍ਰਾ, 11, 9 ਉਤੇ ਯਤੀ, ਅੰਤ ਲਘੂ ਘਰ ਹੈ । ਕਈ ਛੰਦਕਾਰਾਂ ਨੇ ਇਸ ਦੇ ਅੰਤ ਵਿਚ ਰਗਣ (SIS) ਦਾ ਹੋਣਾ ਵਿਧਾਨ ਕੀਤਾ ਹੈ ।

ਮੁਕਤਾਮਣੀ ਛੰਦ : ਛੇ ਚਰਣ,25 ਮਾਤ੍ਰਾ,13,12 ਉਤੇ ਯਤੀ,ਅੰਤ ਦੋ ਗੁਰੂ ਹਨ ।

ਧਿਆਨਜੋਗ ਨੁਕਤਾ ਹੈ, ਇਨ੍ਹਾਂ ਚਾਰ ਛੰਦਾਂ ਦੀ ਵਰਤੋਂ ਪਉੜੀ ਰੂਪ ਵਿਚ ਬਾਰੰਬਾਰ ਕੀਤੀ ਗਈ ਹੈ । ਰਾਗਬੱਧ ਬਾਣੀ ਵਿਚ ਛੰਦ-ਵਿਸ਼ੇਸ਼ ਦੇ ਨਾਮ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕੀ ਨੇਮ ਅਨੁਸਾਰ ਨਹੀਂ ਕੀਤੀ ਜਾਂਦੀ । ਧਿਆਨ ਰਹੇ, ਯਤੀ ਦੋ ਰੂਪਾਂ ਵਿਚ ਵਰਤੀ ਜਾਂਦੀ ਹੈ । ਪਹਿਲੀ, ਚਰਣ-ਲੈਅ ਨੂੰ ਮੁਖ ਰਖ ਕੇ ਦੂਸਰੀ, ਚਰਣ-ਮਾਤਰਾ ਨੂੰ ਧਿਆਨ ਵਿਚ ਰਖ ਕੇ ।

ਗਾਇਨ ਦੇ ਪੱਖੋਂ ਪਉੜੀ ਇਕ ਤਾਲ, ਤਿੰਨ ਤਾਲ, ਪੰਜ ਤਾਲ ਤੇ ਢਾਈ ਤਾਲ ਵਿਚ ਗਾਈ ਜਾਂਦੀ ਹੈ । ਆਮ ਤੌਰ ਤੇ ਗਾਉਣ ਵੇਲੇ ਪਖਾਵਜ ਦੀ ਗਤ ਨਹੀਂ ਵਜਾਈ ਜਾਂਦੀ ਸਗੋਂ ਸਾਥ ਵਜਾਇਆ ਜਾਂਦਾ ਹੈ । ਪਉੜੀ-ਇਕ ਅਜਿਹੀ ਖ਼ਾਸ ਤਰ੍ਹਾਂ ਦੀ ਲੈਅ ਵਿਚ ਉਚਾਰੀ ਜਾਂਦੀ ਹੈ ਜਿਸ ਨਾਲ ਅਰਥ-ਸੰਚਾਰ ਸਹਿਜੇ ਹੀ ਹੋ ਜਾਂਦਾ ਹੈ।

ਪਉੜੀ ਰੂਪ ਦੀ ਵੰਨਗੀ ਹਾਜ਼ਰ ਹੈ—

ਆਸਾ ਦੀ ਵਾਰ ਮਹਲਾ ੧

ਵਡੇ ਕੀਆ ਵਡਿਆਈਆਂ ਕਿਛੁ ਕਹਿਣਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੇ ਪਾਇ ॥
ਨਾਨਕ ਏਕੀ ਬਾਹਰੀ ਹੋਰ ਦੂਜੀ ਨਾ ਹੀ ਜਾਇ ॥
ਸੋ ਕਰੈ ਜਿ ਤਿਸੈ ਰਜਾਇ ॥ (੪੭੫)

ਉਪਰ ਅੰਕਿਤ ਵਿਚਾਰ ਤੋਂ ਨਿਮਨ ਅੰਕਿਤ ਨਤੀਜੇ ਕੱਢੇ ਜਾ ਸਕਦੇ ਹਨ—

ੳ. ਗੁਰੂ ਗ੍ਰੰਥ ਸਾਹਿਬ ਵਿਚ ਪਉੜੀ ਇਕ ਕਾਵਿ-ਰੂਪ ਹੈ ।

ਅ. ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਸਰਬ ਪ੍ਰਥਮ ਗੁਰੂ ਨਾਨਕ ਦੇਵ ਨੇ ਕੀਤੀ ।

ੲ. ਇਸ ਰੂਪ ਵਿਚ ਵਸਤੂ-ਸਾਮਗ੍ਰੀ ਨਾਲ ਸਿਧਾਂਤਕ ਪੱਖ ਉਸਾਰਿਆ ਜਾਂਦਾ ਹੈ ਜੋ ਹੌਲੀ ਹੌਲੀ ਪਉੜੀ ਵਤ ਨਿਰਮਿਤ ਹੁੰਦਾ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੳ. ਦਾਰਸ਼ਨਿਕ ਸੁਹਾਵਣਾ ਉਸਾਰਨ ਵਿਚ ਪਉੜੀ-ਰੂਪ ਦਾ ਵਿਸ਼ੇਸ਼ ਯੋਗਦਾਨ ਹੈ। ਇਸੇ ਕਰਕੇ ਇਸਦੀ ਵਰਤੋਂ ਦਾਰਸ਼ਨਿਕ ਬਾਣੀਆਂ ਵਿਚ ਵਿਸ਼ੇਸ਼ ਕਰਕੇ ਕੀਤੀ ਜਾਂਦੀ ਹੈ।

ੲ. ਪਉੜੀ ਵਿਸ਼ਾ-ਵਸਤੂ ਨੂੰ ਉਸਾਰਨ ਵਿਚ ਸਰਬ ਪ੍ਰਵਾਣਿਤ ਕਾਵਿ-ਰੂਪ ਹੈ ਤੇ ਇਸੇ ਕਰਕੇ ਸਾਰੇ ਬਾਣੀਕਾਰਾਂ ਨੇ ਇਸਦੀ ਵਰਤੋਂ ਕੀਤੀ ਹੈ।

ਕ. ਅਧਿਆਤਮਕ ਵਾਰਾਂ ਵਿਚ ਪਉੜੀ-ਰੂਪ ਨੂੰ ਹੀ ਸਵੀਕਾਰਿਆ ਗਿਆ ਹੈ।

ਖ. ਪਉੜੀ, ਲਘੂ ਅਕਾਰੀ, ਸਭ ਬੰਧਨਾਂ ਤੋਂ ਮੁਕਤ ਲੈਆਤਮਕ ਸ਼ੈਲੀ ਜਿਹੇ ਗੁਣ ਵਿਸ਼ੇਸ਼ ਕਰਕੇ ਸੰਭਾਲੀ ਬੈਠੀ ਹੈ।

ਗ. ਰੂਪ ਦੀ ਦ੍ਰਿਸ਼ਟੀ ਤੋਂ ਪਉੜੀ ਮੁਕਤਕ ਪ੍ਰਗੀਤ ਹੈ। ਇਸ ਵਿਚ ਮੁਕਤਕ ਕਾਵਿ ਵਾਲੇ ਗੁਣ ਲੱਛਣ ਵੀ ਹਨ ਤੇ ਪ੍ਰਗੀਤ ਵਾਲੇ ਵੀ। ਧਿਆਨ ਰਹੇ, ਨਿੱਜ ਤੱਤ ਤੋਂ ਮੁਕਤ ਹੋਣਾ ਹੀ ਮੁਕਤਕ ਦੀ ਸਭ ਤੋਂ ਪ੍ਰਮੁੱਖ ਪਛਾਣ ਹੈ।

ਘ. ਪਉੜੀ ਰੂਪ ਅਨੇਕ ਛੰਦਾਂ ਅਤੇ ਤਾਲਾਂ ਵਿਚ ਗਾਈ ਜਾ ਸਕਦੀ ਹੈ।

ਙ. ਸਿਧਾਂਤ ਯੁਕਤ ਮਹਿਮਾਮਈ ਹੋਣਾ ਪਉੜੀ ਦੀ ਪ੍ਰਕਿਰਤੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਲੋਕ

ਮੁਕਤਕ ਕਾਵਿ ਦੀ ਇਕ ਹੋਰ ਮਧਕਾਲੀ ਵੰਨਗੀ ਸਲੋਕ ਹੈ। ਸਲੋਕ ਉਪਰ ਕਿਸੇ ਵੀ ਤਰ੍ਹਾਂ ਦੀ ਪਾਬੰਦੀ ਨਹੀਂ ਲਗਾਈ ਜਾ ਸਕਦੀ। ਸਲੋਕ ਦੀ ਨਿਰਵਿਸ਼ੇਸ਼ਤਾ ਹੀ ਇਸ ਦੀ ਵਿਸ਼ੇਸ਼ਤਾ ਹੈ। ਇਸ ਦੀ ਪ੍ਰਮਾਣਿਕ ਰੂਪ-ਵੰਨਗੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਉਪਲਬਧ ਹੈ। ਇਸ ਦਾ ਉਪਯੋਗ ਗੁਰੂ ਗ੍ਰੰਥ ਸਾਹਿਬ ਵਿਚ ਵਿਆਪਕ ਹੈ। ਇਸਦਾ ਉਪਯੋਗ ਗੁਰੂ ਗ੍ਰੰਥ ਸਾਹਿਬ ਦੀ ਰਾਗਬੱਧ ਬਾਣੀ, ਰਾਗ-ਮੁਕਤ-ਬਾਣੀ, ਬੇਮਿਸਾਲ ਬਾਣੀ ਹੋਰ ਤਾਂ ਹੋਰ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ ਜਪੁ ਬਾਣੀ ਵਿਚ ਵੀ ਕੀਤਾ ਗਿਆ ਹੈ। ਸਲੋਕ ਕਿਸੇ ਵੀ ਰਾਗ ਵਿਚ ਕਿਸੇ ਵੀ ਬਾਣੀ ਨਾਲ ਦਰਜ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀਆਂ ਜਿਹਾ ਕਿ ਬਾਵਨ ਅੱਖਰੀ ਸੁਖਮਨੀ, ਥਿਤੀ ਵਾਰਾਂ ਤੇ ਛੰਤਾਂ ਵਿਚ ਵੀ ਸਲੋਕ ਬਾਣੀ ਸਿਰਜਣਾ ਦਾ ਮਾਧਿਅਮ ਹੈ।

ਸਲੋਕ ਦਾ ਉਪਯੋਗ ਦੋ ਤਰ੍ਹਾਂ ਨਾਲ ਕੀਤਾ ਗਿਆ ਹੈ—ਕਾਵਿ ਛੰਦ ਅਤੇ ਕਾਵਿ ਰੂਪ। ਆਮ ਤੌਰ ਤੇ ਸਲੋਕ ਦੁਤੁਕਾ ਹੁੰਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਵੰਨਸੁਵੰਨੇ ਰੂਪ ਦਰਜ ਹਨ। ਪੰਚਮ ਗੁਰੂ ਨੇ ਦੋ ਤੋਂ ਸੋਲਾ ਤੁਕਾਂ ਦੇ ਸਲੋਕਾਂ ਦੀ ਰਚਨਾ ਵੀ ਕੀਤੀ ਹੈ। ਇਸੇ ਤਰ੍ਹਾਂ ਬਾਵਨ ਅੱਖਰੀ ਦਾ ਪਹਿਲਾ ਸਲੋਕ ਨੌ ਤੁਕਾਂ ਦਾ ਹੈ। ਗਉੜੀ ਦੀ ਪਉੜੀ ਅੰਕ ਸੋਲਾਂ ਨਾਲ 8 ਤੁਕਾਂ ਦਾ ਸਲੋਕ ਅੰਕਿਤ ਹੈ। ਰਾਮਕਲੀ ਦੀ ਵਾਰ ਮਹਲਾ ੫ ਪਉੜੀ ਅੰਕ ਸਤ ਨਾਲ ਸੋਲਾਂ ਤੁਕਾਂ ਦਾ ਸਲੋਕ ਦਰਜ ਹੈ।

ਅਜਿਹੇ ਸਲੋਕ ਲਘੂ ਆਕਾਰੀ ਸੰਪੂਰਣ ਸੁਤੰਤਰ ਰਚਨਾ ਦਾ ਝਾਂਵਲਾ ਦੇਂਦੇ ਹਨ। ਇਨ੍ਹਾਂ ਵਿਚ ਪੇਸ਼ ਹੋਇਆ ਭਾਵ ਜਾਂ ਸੰਕਲਪ ਆਪਣੀ ਨਿਵੇਕਲੀ ਰੰਗਤ ਰਖਦਾ ਹੈ। ਆਸਾ ਦੀ ਵਾਰ ਵਿਚ ਦਰਜ ਸਲੋਕ ਇਸ ਤੱਥ ਦੇ ਪੁਸ਼ਟ ਪ੍ਰਮਾਣ ਹਨ।

ਰਾਗਬੱਧ ਬਾਣੀ ਵਿਚ ਸਲੋਕ ਨੂੰ ਗੌਣ ਰੂਪ ਵਿਚ ਰਖਿਆ ਗਿਆ ਹੈ। ਇਸ ਸਥਾਪਨਾ ਦਾ ਰਤਾ ਕੁ ਵਿਸਤਾਰ ਉਚਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ, ਬਾਵਨ ਅੱਖਰੀ,, ਸੁਖਮਨੀ ਸਾਹਿਬ, ਥਿਤੀ, ਛੰਤਾਂ ਵਿਚ ਜਿਥੇ ਕਿਧਰੇ ਵੀ ਵੀ ਸਲੋਕ ਦਰਜ ਹੈ, ਸਲੋਕਾਂ ਦੀ ਗਿਣਤੀ ਗੌਣ ਰੂਪ ਵਿਚ ਰਖੀ ਗਈ ਹੈ। ਪ੍ਰਮੁਖਤਾ ਸੰਬੰਧਿਤ ਬਾਣੀ ਨੂੰ ਹੀ ਦਿਤੀ ਹੈ। ਉਦਾਹਰਣ ਵਜੋਂ ਵਾਰਾਂ ਦਰਜ ਕਰਦੇ ਸਮੇਂ ਪਹਿਲਾਂ ਸਲੋਕ ਦਰਜ ਹਨ। ਇਕ ਹੀ ਪਉੜੀ ਦੇ ਆਰੰਭ ਵਿਚ ਦੋ ਜਾਂ ਤਿੰਨ ਸਲੋਕ ਦੀ ਗਿਣਤੀ ਚਲਦੀ ਨਹੀਂ ਰਖੀ ਗਈ। ਸਲੋਕ-ਅੰਕ-ਸੰਖਿਆ ਹਰ ਸਲੋਕ ਦੇ ਨਾਲ ਆਰੰਭ ਹੁੰਦੀ ਹੈ ਤੇ ਉਥੇ ਹੀ ਸਮਾਪਤ ਹੋ ਜਾਂਦੀ ਹੈ। ਪਰ ਪਉੜੀ ਦੀ ਸੰਖਿਆ ਵਧਦੀ ਰਹਿੰਦੀ ਹੈ। ਰਚਨਾ ਦੀ ਸਮਾਪਤੀ ਉਪਰ ਅੰਕ-ਸੰਖਿਆ ਰਾਹੀਂ ਇਹ ਸੰਕੇਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਾਪਤ ਹੋ ਜਾਂਦਾ ਹੈ ਕਿ ਸੰਬੰਧਿਤ ਰਚਨਾ ਵਿਚ ਕੁਲ ਕਿਤਨੀਆਂ ਪਉੜੀਆਂ ਹਨ। ਪਰ ਕਿਸੇ ਵੀ ਰਚਨਾ ਵਿਚ ਦਰਜ ਕੁਲ ਸਲੋਕਾਂ ਦੀ ਗਿਣਤੀ ਕਿਤਨੀ ਹੈ, ਇਸ ਦਾ ਸੰਕੇਤ ਆਲੋਪ ਹੈ। ਇਕ ਹੋਰ ਨੁਕਤਾ ਵੀ ਧਿਆਨਯੋਗ ਹੈ। ਵਾਰ-ਵਿਸ਼ੇਸ਼ ਵਿਚ ਅੰਕਿਤ ਪਉੜੀਆਂ ਨਾਲੋਂ ਸਲੋਕਾਂ ਦੀ ਸੰਖਿਆ ਹਮੇਸ਼ਾ ਹੀ ਅਧਿਕ ਹੁੰਦੀ ਹੈ ਪਰ ਸਲੋਕ-ਸੰਖਿਆ-ਸੰਕੇਤ ਹਮੇਸ਼ਾ ਹੀ ਲੁਪਤ ਹੁੰਦਾ ਹੈ।

ਇਸ ਦੇ ਨਾਲ ਹੀ ਇਕ ਹੋਰ ਪੱਖ ਵੀ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ। ਰਾਗਬੱਧ ਬਾਣੀ ਵਿਚ ਸਲੋਕ ਹਮੇਸ਼ਾ ਹੀ ਗੌਣ ਰੂਪ ਰਹੇ ਹਨ ਪਰ ਜਦ ਇਹੋ ਸਲੋਕ ਰਾਗ-ਮੁਕਤ ਰੂਪ ਵਿਚ ਆਏ ਹਨ ਤਾਂ ਇਨ੍ਹਾਂ ਨੂੰ ਪ੍ਰਮੁਖਤਾ ਦਿਤੀ ਗਈ ਹੈ ਤੇ ਇਨ੍ਹਾਂ ਦੀ ਸਲੋਕ-ਸੰਖਿਆ ਦਾ ਸਪਸ਼ਟ ਸੰਕੇਤ ਮੌਜੂਦ ਹੈ। ਉਦਾਹਰਣ ਲਈ ਸਲੋਕ ਕਬੀਰ ਜੀ ਸਲੋਕ ਫ਼ਰੀਦ ਜੀ ਤੇ ਸਲੋਕ ਸਹਸਕ੍ਰਿਤੀ ਦੀ ਸਮਾਪਤੀ ਉਪਰ ਸਮੁੱਚੀ ਸਲੋਕ-ਸੰਖਿਆ ਦੇ ਸੰਕੇਤ ਦਰਜ ਹਨ।

ਥੀਮ ਦੇ ਪੱਖੋਂ, ਸਲੋਕਾਂ ਲਈ ਕੋਈ ਖਾਸ ਵਿਸ਼ਾ ਨਿਰਧਾਰਤ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਸਲੋਕਾਂ ਰਾਹੀਂ ਰੂਪਮਾਨ ਹੋ ਸਕਦਾ ਹੈ। ਕਈ ਥਾਈਂ ਤਾਂ ਸਲੋਕਾਂ ਦੀ ਬਿਰਤੀ ਉਪਰ ਹੀ ਸਮੁੱਚੀ ਵਾਰ-ਬਿਰਤੀ ਦਾ ਨਿਰਣੈ ਕੀਤਾ ਗਿਆ ਹੈ। ਆਸਾ ਦੀ ਵਾਰ ਦੀਆਂ ਸਾਰੀਆਂ ਪਉੜੀਆਂ ਮਹਿਮਾ ਮੁਖ ਹਨ ਤੇ ਸਲੋਕ ਆਲੋਚਨਾ-ਤਮਕ ਹਨ। ਪਰ ਸਲੋਕ-ਬਿਰਤੀ ਨੂੰ ਸਾਹਮਣੇ ਰਖ ਕੇ ਸਮੀਖਿਆਕਾਰਾਂ ਨੇ ਆਸਾ ਦੀ ਵਾਰ ਨੂੰ ਹੀ ਆਲੋਚਨਾਤਮਕ ਵਾਰ ਕਹਿਣਾ ਸ਼ੁਰੂ ਕਰ ਦਿਤਾ ਹੈ। ਅਜੇ ਕਿ ਵਾਰ ਦਾ ਸੰਬੰਧ ਸਲੋਕਾਂ ਨਾਲੋਂ ਕਿਤੇ ਵਧੀਕ ਪਉੜੀਆਂ ਨਾਲ ਹੀ ਹੈ। ਸਲੋਕ ਆਪਣੀ ਬਿਰਤੀ ਵਿਚ ਉਸਤਤਿਮੁਖ, ਆਲੋਚਨਾਤਮਕ, ਨਿਸ਼ੇਧਾਤਮਕ, ਤੁਲਨਾਤਮਕ, ਉਪਦੇਸ਼ਾਤਮਕ ਅਤੇ ਅਧਿਆਤਮਕ ਹਨ।

ਲਘੂ ਆਕਾਰੀ ਹੋਣ ਕਰਕੇ ਸਲੋਕ ਇਕੋ ਹੀ ਭਾਵ ਦਾ ਧਾਰਣੀ ਹੁੰਦਾ ਹੈ। ਪਦਿਆਂ ਵਾਂਗੂ ਸਲੋਕ ਮਿਸ੍ਰਤ ਬਿਰਤੀ ਵਾਲੇ ਨਹੀਂ। ਸਲੋਕ ਵਿਚ ਨਿਆਇਸ਼ੀਲਤਾ ਵੀ ਹੋ ਸਕਦੀ ਹੈ ਤੇ ਸਰੋਦੀ ਹੂਕ ਦਾ ਉਚੇਰਾ ਸੁਰ ਵੀ। ਸੰਗੀਤਾਤਮਿਕਤਾ ਪ੍ਰਗੀਤ ਦਾ ਪ੍ਰਮੁਖ ਲੱਛਣ ਹੈ। ਸਲੋਕ ਸੰਗੀਤਮੁਖ ਨਹੀਂ ਭਾਵੇਂ ਉਨ੍ਹਾਂ ਵਿਚ ਸੰਗੀਤਕ ਤੱਤ ਮੌਜੂਦ ਹੈ। ਸਲੋਕ ਆਪਣੇ ਆਕਾਰ ਵਿਚ ਛੋਟਾ, ਸੁਤੰਤਰ, ਨਿੱਜੀ ਹੋਂਦ ਦਾ ਧਾਰਣੀ ਹੋਣ ਕਰਕੇ ਮੁਕਤਕ ਵੰਨਗੀ ਦੇ ਅਧੀਨ ਆਉਂਦਾ ਹੈ। ਸਲੋਕ ਵਿਚ ਭਾਵੁਕਤਾ (ਮਾਰੂ ਡਖਣੇ ਦੀ ਵਾਰ) ਦੇ ਨਾਲ ਨਾਲ ਬੌਧਿਕਤਾ ਦਾ ਅੰਸ਼ ਵੀ ਮੌਜੂਦ ਹੈ। ਪਰ ਕਈ ਥਾਈਂ ਸਲੋਕ ਸ਼ੁਧ ਭਾਵਨਾਤਮਕ ਹੈ ਜਿਹਾ ਕਿ ਸਲੋਕ ਸ਼ੇਖ ਫ਼ਰੀਦ ਜੀ ਵਿਚ। ਸਲੋਕ ਫ਼ਰੀਦ ਕਈ ਥਾਂਈ ਸੁਹਜ-ਸੰਸਾਰ ਵਿਚ ਬੇਜੋੜ ਹਨ। ਆਮ ਤੌਰ ਤੇ ਸਲੋਕ ਤਿੱਖੇ ਅਣੀਦਾਰ ਤੇ ਧੁਰ ਅੰਦਰ ਤਕ ਖੁਭ ਜਾਣ ਵਾਲੇ ਹਨ।

ਸਲੋਕ ਨਾ ਤਾਂ ਉਚਾਰਣ ਕਰਨ ਵਾਲੀ ਕਵਿਤਾ ਦੇ ਅੰਤਰਗਤ ਆਉਂਦਾ ਹੈ ਤੇ ਨਾ ਹੀ ਗਾਇਨਸ਼ੈਲੀ ਦੇ ਅਧੀਨ। ਰਾਗੀ ਜਨ ਸਲੋਕ ਨੂੰ ਅੱਧਾ ਕੁ ਉਚਾਰਨ ਸ਼ੈਲੀ ਤੇ ਅੱਧਾ ਕੁ ਗਾਇਨ ਸ਼ੈਲੀ ਦੇ ਅੰਦਾਜ਼ ਵਿਚ ਪੇਸ਼ ਕਰਦੇ ਹਨ। ਗਾਇਨ ਦੀ ਦ੍ਰਿਸ਼ਟੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਇਹ ਮਿਸ੍ਰਿਤ ਸ਼ੈਲੀ ਦੇ ਅੰਤਰਗਤ ਆਉਂਦਾ ਹੈ ।

ਸਲੋਕ ਵੰਨਗੀ ਹਾਜ਼ਰ ਹੈ—

ੳ. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (੪੬੩)

ਅ. ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ ॥
ਇਤੀ ਮੰਝਿ ਨ ਸਮਾਵਈ ਜੋ ਗਲਿ ਪਹਰਾ ਹਾਰ ॥ (੧੦੯੫)

ੲ. ਦਾਸਹੁ ਏਕੁ ਨਿਹਾਰਿਆ ਸਭੁ ਕਛੁ ਦੇਵਣਹਾਰ ॥
ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਆਧਾਰ ॥

ਸ. ਰਤੇ ਸੇਈ ਜਿ ਮੁਖ ਨ ਮੋੜੰਨਿ ਜਿਨੀ ਸਿਵਾਤਾ ਸਾਈ ॥
ਝੜਿ ਝੜਿ ਪਵਦੇ ਕਚੋ ਬਿਰਹੀ ਜਿਨਾ ਕਾਰਿ ਨ ਆਈ ॥
ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥
ਧੂੜੀ ਵਿਚ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥ (੧੪੨੪)

ਉਪਰੋਕਤ ਵਿਚਾਰ ਤੋਂ ਨਿਮਨ ਅੰਕਿਤ ਸਿੱਟੇ ਕੱਢੇ ਜਾ ਸਕਦੇ ਹਨ—

ੳ. ਸਲੋਕ-ਰੂਪ ਸਭ ਬੰਧਨਾਂ ਤੋਂ ਆਜ਼ਾਦ ਹੈ ।

ਅ. ਇਸਦੀ ਵਰਤੋਂ ਰਾਗਬੱਧ ਤੇ ਰਾਗ ਬੰਦਿਸ਼ ਰਹਿਤ ਦੋਹਾਂ ਤਰ੍ਹਾਂ ਦੀਆਂ ਬਾਣੀਆਂ ਵਿਚ ਹੋ ਸਕਦੀ ਹੈ ।

ੲ. ਸਲੋਕ, ਕਾਵਿ-ਛੰਦ ਵੀ ਹੈ ਤੇ ਕਾਵਿ-ਰੂਪ ਵੀ । ਗੁਰੂ ਗ੍ਰੰਥ ਸਾਹਿਬ ਵਿਚ ਇਸਦੀ ਵਰਤੋਂ ਦੋਹਾਂ ਤਰ੍ਹਾਂ ਨਾਲ ਕੀਤੀ ਗਈ ਹੈ । ਇਹ ਇਕ ਲਘੂ ਆਕਾਰੀ ਕਾਵਿ-ਟੁਕੜੀ ਹੈ ।

ਸ. ਰਾਗਬੱਧ ਬਾਣੀ ਵਿਚ ਸਲੋਕ-ਜੜ੍ਹਤ ਗੌਣ-ਰੂਪ ਵਿਚ ਰੱਖੀ ਗਈ ਹੈ ।

ਹ. ਵਸਤੂ ਦੀ ਦ੍ਰਿਸ਼ਟੀ ਤੋਂ ਸਲੋਕਾਂ ਵਿਚ ਕਿਸੇ ਵੀ ਤਰ੍ਹਾਂ ਦਾ ਭਾਵ, ਸੰਕਲਪਨਾ, ਵਿਚਾਰ, ਅਥਵਾ ਸਿਧਾਂਤ ਪੇਸ਼ ਹੋ ਸਕਦਾ ਹੈ ।

ਕ. ਆਪਣੀ ਬਿਰਤੀ ਵਿਚ ਸਲੋਕ ਉਸਤਤਿ ਮੁਖ, ਆਲੋਚਨਾਤਮਕ, ਨਿਸ਼ੇਧਾਤਮਕ ਤੁਲਨਾਤਮਕ, ਉਪਦੇਸ਼ਾਤਮਕ ਅਤੇ ਅਧਿਆਤਮਕ ਹੋ ਸਕਦੇ ਹਨ ।

ਖ. ਇਕ ਸਲੋਕ ਇਕੋ ਹੀ ਭਾਵ ਜਾਂ ਵਿਚਾਰ ਨੂੰ ਸਮਰਪਿਤ ਹੁੰਦਾ ਹੈ ।

ਗ. ਸਲੋਕ ਸੰਗੀਤਮੁਖ ਨਹੀਂ, ਪਰ ਸੰਗੀਤਕ ਤੱਤ ਵਾਲਾ ਹੈ ।

ਘ. ਮੁਕਤਕ ਵਾਂਗੂ ਲਘੂ, ਸੁਤੰਤਰ, ਨਿੱਜਮੁਕਤ ਤੇ ਨਿਆਇਸ਼ੀਲਤਾ ਦਾ ਧਾਰਣੀ ਹੁੰਦਾ ਹੈ ।

ਙ. ਸਲੋਕ ਦੀ ਬਿਰਤੀ ਭਾਵੂਕ ਨਹੀਂ, ਵਿਚਾਰਸ਼ੀਲ ਹੁੰਦੀ ਹੈ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਂਈਂ ਇਸ ਦਾ ਅਪਵਾਦ ਵੀ ਹੈ ।

ਚ. ਸਲੋਕ ਅੱਧਾ ਕੁ ਉਚਾਰਣ ਤੇ ਅੱਧਾ ਕੁ ਗਾਇਨ ਸ਼ੈਲੀ ਦੇ ਅਧੀਨ ਪੇਸ਼ ਕੀਤਾ ਜਾਂਦਾ ਹੈ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਾਫ਼ੀ

ਕਾਫ਼ੀ ਅਰਬੀ ਭਾਸ਼ਾ ਦਾ ਬਹੁ-ਅਰਥਕ ਸ਼ਬਦ ਹੈ ਜਿਸ ਦੇ ਅਰਥ ਹਨ—ਬੇਨਿਆਜ਼ ਕਰਨ ਵਾਲਾ, ਅੱਗੇ ਅੱਗੇ ਚਲਣ ਵਾਲਾ, ਗਿਆਨਵਾਨ, ਲੋੜ ਪੂਰੀ ਕਰਨ ਵਾਲਾ,[1] ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਜੀ ਲਿਖਦੇ ਹਨ, ਅਰਬੀ ਵਿਚ ਕਾਫ਼ੀ ਦਾ ਅਰਥ ਹੈ, ਪਿੱਛੇ ਚਲਣ ਵਾਲਾ, ਅਨੁਚਰ, ਅਨੁਗਾਮੀ ਛੰਦ ਦਾ ਉਹ ਪਦ ਜੋ ਸਥਾਈ (ਰਹਾਉ) ਹੋਵੇ ਜਿਸ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ ਅਤੇ ਜੋ ਮੁੜ ਮੁੜ ਤਾਲ-ਬਿਸ੍ਰਾਮ ਪੁਰ ਆਵੇ।[2]

ਉਪਰ ਅੰਕਿਤ ਪਰਿਭਾਸ਼ਾ ਤੋਂ ਦੋ ਤਿੰਨ ਗੱਲਾਂ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ। ਪਹਿਲਾ 'ਕਾਫ਼ੀ' ਰਾਗ ਨਹੀਂ। ਦੂਜਾ 'ਕਾਫ਼ੀ' ਕਿਸੇ ਛੰਦ-ਰੂਪ ਦਾ ਵੀ ਨਾਮ ਨਹੀਂ। ਤੀਜਾ, ਇਸ ਦੀ ਗਾਇਨਸ਼ੈਲੀ ਵਿਸ਼ੇਸ਼ ਹੈ। ਜਿਸ ਦੇ ਸਥਾਈ ਜਾਂ ਰਹਾਉ ਪਦ ਨੂੰ ਹੀ ਕੇਵਲ ਬਾਰੰਬਾਰ ਨਹੀਂ ਦੁਹਰਾਇਆ ਜਾਂਦਾ ਸਗੋਂ ਉਸ ਨਾਲ ਹੋਰ ਤੁਕਾਂ ਵੀ (ਪ੍ਰਮਾਣ ਵਜੋਂ) ਜੋੜੀਆਂ ਜਾਂਦੀਆਂ ਹਨ। ਇਸ ਵਿਚ ਇਕ ਤਰ੍ਹਾਂ ਪ੍ਰਮਾਣ-ਸ਼ੈਲੀ ਨੂੰ ਪ੍ਰਮੁਖਤਾ ਪ੍ਰਾਪਤ ਹੈ। ਰਾਗ ਵਿਚ ਜਾਂ ਕੀਰਤਨ ਵਿਚ ਅੰਤਰਾ-ਅਸਥਾਈ ਦਾ ਸਥਾਨ ਵਿਸ਼ੇਸ਼ ਹੁੰਦਾ ਹੈ। ਪਰ ਬਾਰ ਬਾਰ ਦੁਹਰਾਉ ਅਸਥਾਈ ਦਾ ਹੁੰਦਾ ਹੈ। ਰਾਗੀ ਜਨ ਪ੍ਰਮਾਣ ਦੇਂਦੇ ਸਮੇਂ ਅਸਥਾਈ-ਪੰਕਤੀ ਦੀ ਬਿਰਤੀ ਵਲ ਵਧੇਰੇ ਧਿਆਨ ਦੇਂਦੇ ਹਨ ਤੇ ਉਸੇ ਅਨੁਸਾਰ ਪ੍ਰਮਾਣ ਵੀ ਦੇਂਦੇ ਹਨ। ਰਹਾਉ, ਅਸਥਾਈ ਜਾਂ ਟੇਕ ਦੇ ਬੰਦ ਕਾਫ਼ੀ ਵਿਚ ਵਿਸ਼ੇਸ਼ ਮਹੱਤਤਾ ਵਾਲੇ ਹੁੰਦੇ ਹਨ। ਕਾਫ਼ੀ ਦੀ ਗੀਤਾਤਮਕ ਲੈਅ ਇਸ ਦੇ ਆਲੇ ਘੁੰਮਦੀ ਹੈ। ਇਸੇ ਦਾ ਬਾਰ ਬਾਰ ਗਾਇਨ ਕੀਤਾ ਜਾਂਦਾ ਹੈ। ਕਾਫ਼ੀ ਸਾਮੂਹਿਕ ਗਾਨ ਦੀ ਹੀ ਇਕ ਵੰਨਗੀ ਹੈ।

ਕਈਆਂ ਨੇ ਕਾਫ਼ੀ ਨੂੰ "ਤੰਟਕ ਛੰਦ" ਦੀ ਚਾਲ ਆਖਿਆ ਹੈ। ਇਹ ਸਥਾਪਨਾ ਠੀਕ ਨਹੀਂ ਜਾਪਦੀ। ਗੁਰੂ ਗ੍ਰੰਥ ਸਾਹਿਬ ਵਿਚ ਸਰਬ ਪ੍ਰਥਮ ਸੂਫ਼ੀ ਫਕੀਰ ਬਾਬਾ ਫ਼ਰੀਦ ਹੈ। ਪਰ ਬਾਬਾ ਫਰੀਦ ਨੇ ਆਪਣੀ ਬਾਣੀ-ਸਿਰਜਣ ਵਿਚ ਕਾਫ਼ੀ ਨੂੰ ਸਿਰਜਣ-ਮਾਧਿਅਮ ਨਹੀਂ ਬਣਾਇਆ। ਇਹ ਠੀਕ ਹੈ, 'ਕਾਫ਼ੀ ਹੈ ਪ੍ਰਸਿੱਧੀ ਸੂਫ਼ੀ ਕਾਵਿ ਵਿਚ ਹੀ ਪ੍ਰਾਪਤ ਹੋਈ। ਪਰ 'ਕਾਫ਼ੀ' ਦੀ ਵਰਤੋਂ ਗੁਰੂ ਸਾਹਿਬਾਨ ਤੋਂ ਪਹਿਲੇ ਦੇ ਸੂਫ਼ੀ ਕਵੀਆਂ ਨੇ ਨਹੀਂ ਕੀਤੀ ਸਗੋਂ ਰਤਕਾਲੀ ਜਾਂ ਪਰਵਰਤੀ ਸੂਫ਼ੀਆਂ ਨੇ ਕੀਤੀ ਹੈ। 'ਕਾਫ਼ੀ' ਨੂੰ ਸਭ ਤੋਂ ਵਧ ਪ੍ਰਸਿੱਧੀ ਬੁੱਲ੍ਹੇ ਸ਼ਾਹ ਦੀ ਰਚਨਾ ਵਿਚ ਮਿਲੀ। ਇਹ ਰੂਪ ਹੋਂਦ ਵਿਚ ਕਦੋਂ ਆਇਆ, ਇਸ ਦਾ ਠੀਕ ਅੰਦਾਜ਼ਾ ਨਹੀਂ। ਸੂਫ਼ੀ ਫਕੀਰਾਂ ਵਿਚ ਇਹ ਹਰਮਨ ਪਿਆਰਾ ਰੂਪ ਰਿਹਾ ਹੈ। ਬੁਲ੍ਹੇਸ਼ਾਹ ਦੇ ਸਮੇਂ ਤੋਂ ਬਹੁਤ ਪਹਿਲਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ਾਵਰ ਕਵਾਲਾਂ ਦੇ ਅਖਾੜਿਆਂ ਵਿਚ ਗੀਤ ਅਤੇ ਨਾਚ ਦੀਆਂ ਮਹਿਫ਼ਲਾਂ ਦਾ ਰਿਵਾਜ਼ ਜ਼ੋਰ ਫੜ ਚੁੱਕਿਆ ਸੀ। ਇਨ੍ਹਾਂ ਮਹਿਫਲਾਂ ਵਿਚ 'ਕਾਫ਼ੀ' ਬੜੇ ਚਾਅ ਨਾਲ ਗਾਈ ਜਾਂਦੀ ਸੀ। ਅਚਰਜ ਨਹੀਂ ਕਿ ਲੋਕ-ਪ੍ਰਵਾਨ ਹੋਣ ਕਰਕੇ ਹੀ ਗੁਰੂ ਸਾਹਿਬਾਨ ਨੇ ਇਸ ਨੂੰ ਬਾਣੀ-ਸਿਰਜਣ ਵਿਚ ਥਾਂ ਦਿਤੀ ਹੋਵੇ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਜੀ ਨੇ ਵੀ ਕਾਫ਼ੀ-ਰਚਨਾ ਵਲ ਧਿਆਨ ਦਿਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਇਕੱਤੀ ਰਾਗਾਂ ਵਿਚੋਂ ਕਾਫ਼ੀ-ਰਚਨਾ ਨੂੰ ਚਾਰ ਰਾਗਾਂ ਵਿਚ ਸਥਾਨ ਪ੍ਰਾਪਤ ਹੈ। ਇਹ ਰਾਗ ਹਨ—ਆਸਾ, ਸੂਹੀ, ਤਿਲੰਗ ਅਤੇ ਮਾਰੂ।

'ਕਾਫ਼ੀ' ਬਾਰੇ ਇਕ ਹੋਰ ਧਾਰਣਾ ਵੀ ਹੈ। ਕੁਝ ਲੋਕ ਇਸ ਨੂੰ ਰਾਗਣੀ ਕਰਕੇ ਮੰਨਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਰਾਗ ਸਿਰਲੇਖ ਤੋਂ ਇਹ ਤੱਥ ਉਭਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਕਾਫ਼ੀ' ਰਾਗਣੀ ਦੇ ਅਰਥਾਂ ਵਿਚ ਵੀ ਵਰਤੀ ਜਾਂਦੀ ਹੈ ਤੇ ਕਾਵਿ-ਰੂਪ ਦੇ ਅਰਥਾਂ ਵਿਚ ਵੀ। ਇਸ ਦਾ ਨਿਰਣੇ ਕਰਨ ਲਈ ਕੁਝ ਕੁ ਕਾਫ਼ੀ ਯੁਕਤ ਸਿਰਲੇਖਾਂ ਦਾ ਮੁਤਾਲਿਆ ਜ਼ਰੂਰੀ ਹੈ—

ੳ. ਰਾਗੁ ਆਸਾ ਘਰੁ ੮ ਕੇ ਕਾਫ਼ੀ ਮਹਲਾ ੪ (ਆਦਿ ਗ੍ਰੰਥ ੩੬੯)
ਅ. ਆਸਾ ਘਰੁ ੮ ਕਾਫ਼ੀ ਮਹਲਾ ੫ (ਆਦਿ ਗ੍ਰੰਥ ੩੯੬)
ੲ. ਰਾਗ ਆਸਾ ਮਹਲਾ ੩ ਅਸਟਪਦੀਆਂ ਘਰੁ ੮ ਕਾਫ਼ੀ (ਆਦਿ ਗ੍ਰੰਥ ੪੨੪)
ਸ. ਤਿਲੰਗ ਮਹਲਾ ੯ ਕਾਫ਼ੀ (ਆਦਿ ਗ੍ਰੰਥ ੭੨੬)
ਹ. ਸੂਹੀ ਮਹਲਾ ੧ ਕਾਫ਼ੀ ਘਰੁ ੧੦ (ਆਦਿ ਗ੍ਰੰਥ ੭੫੧)
ਕ. ਰਾਗ ਸੂਹੀ ਮਹਲਾ ੫ ਅਸਟਪਦੀਆਂ ਘਰੁ ੧੦ ਕਾਫ਼ੀ (ਆਦਿ ਗ੍ਰੰਥ ੭੬੧)
ਖ. ਮਾਰੂ ਕਾਫ਼ੀ ਮਹਲਾ ੧ ਘਰੁ ੨ (ਆਦਿ ਗ੍ਰੰਥ ੧੦੧੪)

ਉਪਰ ਸੰਕੇਤਿਕ ਸਿਰਲੇਖਾਂ ਵਿਚ ੳ, ਅ, ੲ, ਹ, ਕ, ਖ ਵਿਚ ਜਿੱਥੇ ਰਾਗ-ਸੰਕੇਤ ਮੌਜੂਦ ਹੈ ਉਥੇ ਕਾਵਿ ਰੂਪ ਹੈ। ਤੇ ਇਸ ਦੇ ਨਾਲ ਹੀ ਰਾਗ ਵਿਸ਼ੇਸ਼ ਅਤੇ (ਘਰੁ) ਦਾ ਸੰਕੇਤ ਵੀ ਹੈ। ਕੇਵਲ 'ਸ' ਸਿਰਲੇਖ ਹੀ ਅਜਿਹਾ ਹੈ ਜਿਸ ਵਿਚ ਮਹਲਾ ੯ ਨੇ ਘਰੁ ਦਾ ਸੰਕੇਤ ਨਹੀਂ ਦਿਤਾ ਜਿਸ ਦਾ ਇਹ ਅਰਥ ਵੀ ਹੋ ਸਕਦਾ ਹੈ ਕਿ ਇਸ ਬਾਣੀ ਨੂੰ ਸਾਧਾਰਣ ਕਾਫ਼ੀ-ਲੈਅ ਵਿਚ ਗਾਇਆ ਜਾਵੇ। ਇਨ੍ਹਾਂ ਸਿਰਲੇਖਾਂ ਤੋਂ ਇਕ ਹੋਰ ਤੱਥ ਵੀ ਸਾਹਮਣੇ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਾਫ਼ੀ ਵਰਤੋਂ ਕਾਵਿ-ਰੂਪ ਦੇ ਅਰਥਾਂ ਵਿਚ ਵੀ ਹੋਈ ਹੈ ਅਤੇ ਰਾਗਣੀ ਜਾਂ ਰਾਗ ਦੇ ਅਰਥਾਂ ਵਿਚ ਵੀ। ਗੁਰੂ ਗ੍ਰੰਥ ਸਾਹਿਬ ਵਿਚ ਘਰ ਦਾ ਸੰਕੇਤ ਰਾਗਬੱਧ ਬਾਣੀ ਵਿਚ ਆਇਆ ਹੈ। ਘਰ-ਅੰਕ ਰਾਗ ਦੀ ਸੁਰ ਵਿਸ਼ੇਸ਼ ਦਾ ਸੰਕੇਤਕ ਹੈ ਅਥਵਾ ਰਾਗ ਦਾ ਥਾਟ ਸੰਕੇਤਕ ਸੁਰ ਜਾਂ ਘਰੁ ਨਾਲ ਆਰੰਭ ਕਰਨਾ ਹੈ। ਉਪਰ ਸੰਕੇਤਿਤ ਘਰੁ ਇਸ ਉਦੇਸ਼ ਦੀ ਪੂਰਤੀ ਕਰਦੇ ਹਨ। ਸੰਖੇਪ ਵਿਚ, ਗੁਰੂ ਸਾਹਿਬਾਨ ਨੇ ਕਾਫ਼ੀ ਨੂੰ ਰਾਗ ਵਜੋਂ ਗ੍ਰਹਿਣ ਕੀਤਾ ਹੈ ਤੇ ਰੂਪ-ਵਿਸ਼ੇਸ਼ ਕਰਕੇ ਵੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਸਾਹਿਬਾਨ ਤੋਂ ਇਲਾਵਾ ਇਹ ਰੂਪ ਸੂਫ਼ੀਆਂ ਵਿਚ ਬਹੁਤ ਪ੍ਰਚਲਿਤ ਰਿਹਾ ਹੈ। ਸੂਫ਼ੀਆਂ ਨੇ 'ਕਾਫ਼ੀਆਂ' ਨੂੰ ਕਵਾਲੀ ਦੇ ਅੰਦਾਜ਼ ਵਿਚ ਗਾ ਗਾ ਕੇ ਇਸਦੀ ਪ੍ਰਸਿੱਧੀ ਨੂੰ ਹੋਰ ਵਧਾਇਆ ਤੇ ਅੱਜ ਕਾਫ਼ੀ ਕਵਾਲੀ ਦਾ ਹੀ ਰੂਪ ਧਾਰਣ ਕਰ ਗਈ ਹੈ। ਬੁਲ੍ਹੇਸ਼ਾਹ ਦੀਆਂ ਕਾਫ਼ੀਆਂ ਨੂੰ ਗਾਇਆ ਹੀ ਕਵਾਲੀ ਵਾਂਗ ਜਾਂਦਾ ਹੈ। ਧਿਆਨ ਰਹੇ, ਸੂਫ਼ੀ-ਕਾਵਿ ਵਿਚ ਕਾਫ਼ੀ ਇਕ ਕਾਵਿ-ਰੂਪ ਹੈ ਜਿਸ ਦੀ ਵਰਤੋਂ ਅਨੇਕ ਸੂਫ਼ੀ ਸ਼ਾਇਰਾਂ ਨੇ ਕੀਤੀ ਹੈ। ਇਸਦੇ ਗਾਉਣ ਦਾ ਅੰਦਾਜ਼ ਆਪਣੀ ਹੀ ਕਿਸਮ ਦਾ ਹੈ। ਪਹਿਲਾਂ ਇਕ ਵਿਅਕਤੀ ਅਲਾਪ ਵਰਗੀ ਲੈਅ ਵਿਚ ਗਾਉਂਦਾ ਹੈ, ਬਾਅਦ ਵਿਚ ਸਾਰੀ ਟੋਲੀ ਮਿਲ ਕੇ ਗਾਉਂਦੀ ਹੈ। ਲੋਕ-ਗਾਇਨ ਦਾ ਅੰਦਾਜ਼ ਇਸ ਵਿਚ ਵਿਸ਼ੇਸ਼ ਹੈ। ਤਾਲ ਦੇਣ ਲਈ ਢੋਲਕ ਜਾਂ ਮ੍ਰਿਦੰਗ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਵੀ ਗਾਉਣ ਵਾਲਿਆਂ ਦੀ ਟੋਲੀ ਹੱਥਾਂ ਦੀ ਤਾੜੀ ਲੈ ਵਿਚ ਬੱਝ ਕੇ ਵਜਾਉਂਦੀ ਹੈ।

ਪੰਜਾਬ ਦੇ ਸੂਫ਼ੀ ਕਵੀਆਂ ਵਿਚੋਂ ਸਭ ਤੋਂ ਪਹਿਲਾ ਸ਼ਾਹ ਹੁਸੈਨ ਨੇ ਕਾਫ਼ੀ-ਰਚਨਾ ਕੀਤੀ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵੀ ਰਾਗ ਬੰਦਿਸ਼ ਦੀਆਂ ਅਨੁਸਾਰੀ ਹਨ। ਸ਼ਾਹ ਹੁਸੈਨ ਨੇ ਆਸਾ, ਗਉੜੀ, ਮਾਝ, ਜੈਜਾਵੰਤੀ ਆਦਿ ਵਿਚ ਕਾਫ਼ੀ-ਰਚਨਾ ਕੀਤੀ ਹੈ। ਇਸੇ ਤਰ੍ਹਾਂ ਸ਼ਾਹਸ਼ਰਫ, ਗੁਲਾਮ ਫਰੀਦ, ਬਾਹੂ ਤੇ ਬੁਲ੍ਹੇਸ਼ਾਹ ਨੇ ਵੀ ਕਾਫ਼ੀ ਰਚਨਾ ਕੀਤੀ ਹੈ। ਸੂਫ਼ੀ ਕਾਵਿ ਵਿਚ ਕਾਫ਼ੀ ਦਾ ਵਿਸ਼ਾ ਵਸਤੂ ਬ੍ਰਿਹਾ ਅਤੇ ਪ੍ਰੇਮ ਹੈ। ਇਹ ਸਨੇਹ ਰੱਬ ਨਾਲ ਵੀ ਹੋ ਸਕਦਾ ਹੈ ਤੇ ਮੁਰਸ਼ਦ ਨਾਲ ਵੀ। ਸੰਸਾਰਕ ਪਿਆਰ ਨਾਲੋਂ ਸੱਚੇ ਰੱਬ ਦਾ ਨੇਹੁ ਹੀ ਉੱਤਮ ਹੈ। ਇਸ਼ਕ ਮਜਾਜ਼ੀ ਦੀ ਰੰਗਤ ਰੱਖਣ ਵਾਲੀ ਭਾਸ਼ਾ ਵਿਚ ਇਸ਼ਕ ਹਕੀਕੀ ਦਾ ਜ਼ਿਕਰ ਕੀਤਾ ਗਿਆ ਹੈ। ਕਾਫ਼ੀਆਂ ਵਿਰ ਗਾਇਨ ਤੱਤ ਦੇ ਨਾਲ ਨਾਲ ਇਕ ਸਰੋਦੀ ਹੂਕ ਅੰਦਰ ਧਸਦੀ ਚਲੀ ਜਾਂਦੀ ਹੈ। ਕਾਫ਼ੀ ਲਘੂ ਅਕਾਰੀ ਸੁਤੰਤਰ, ਸੰਪੂਰਣ ਤੇ ਆਪਣੇ ਆਪ ਵਿਚ ਸੰਦਰਭ ਮੁਕਤ ਰਚਨਾ ਹੈ। ਨਿੱਜ ਤੱਤ ਦੀ ਪੇਸ਼ਕਾਰੀ ਕਈ ਵਾਰੀ ਇਸ ਵਿਚ ਦ੍ਰਵਿਤ ਕਰਨ ਵਾਲੀ ਹੁੰਦੀ ਹੈ।

ਵੰਨਗੀ ਹਾਜ਼ਰ ਹੈ—

ਹਾਜੀ ਲੋਕ ਮੱਕੇ ਨੂੰ ਜਾਂਦੇ ਮੇਰਾ ਰਾਂਝਾ ਮਾਹੀ ਮੱਕਾ ਨੀ ਮੈਂ ਕਮਲੀ ਹਾਂ।
ਮੈਂ ਤੇ ਮੰਗ ਰਾਂਝੇ ਦੀ ਹੋਈਆਂ ਮੇਰਾ ਬਾਬਲ ਕਰਦਾ ਧੱਕਾ, ਨੀ, ਮੈਂ ਕਮਲੀ ਹਾਂ।
ਗਾਜ਼ੀ ਲੋਕ ਮੱਕੇ ਨੂੰ ਜਾਂਦੇ, ਮੇਰੇ ਘਰ ਵਿਚ ਨੌਂ ਸੌ ਮੱਕਾ ਨੀ ਮੈਂ ਕਮਲੀ ਹਾਂ।
ਵਿਚੇ ਹਾਜੀ ਵਿਚੇ ਗਾਜ਼ੀ, ਵਿਚੇ ਚੋਰ ਉਚੱਕਾ, ਨੀ ਮੈਂ ਕਮਲੀ ਹਾਂ।
ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ-ਹਜ਼ਾਰੇ, ਨੀ ਮੈਂ ਕਮਲੀ ਹਾਂ।
ਜਿਤ ਵਲ ਯਾਰ ਉਤੇ ਵਲ ਕਾਅਬਾ, ਭਾਵੇਂ ਫੋਲ ਕਿਤਾਬਾਂ ਚਾਰੇ,
ਨੀ ਮੈਂ ਕਮਲੀ ਹਾਂ। (ਬੁਲ੍ਹੇ ਸ਼ਾਹ)

ਉਪਰ ਅੰਕਿਤ ਵਿਚਾਰ ਤੋਂ ਨਿਮਨ ਅੰਕਿਤ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ—

ੳ. ਕਾਫ਼ੀ ਬਹੁ ਅਰਥਕ ਸ਼ਬਦ ਹੈ ਪਰ ਇਸਦਾ ਸਰਬ ਪ੍ਰਵਾਨਿਤ ਅਰਥ ਹੈ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ ਦਾ ਉਹ ਪਦ ਜੋ ਸਥਾਈ (ਰਹਾਉ) ਹੋਵੇ, ਬਾਰ ਬਾਰ ਦੁਹਰਾਇਆ ਜਾਵੇ ਅਤੇ ਉਸ ਦੇ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ ।

ਅ. ਕਾਫ਼ੀ ਇਕ ਗਾਇਨ ਸ਼ੈਲੀ ਹੈ ਜਿਸ ਵਿਚ ਸਥਾਈ ਨੂੰ ਬਾਰੰਬਾਰ ਦੁਹਰਾ ਕੇ ਸਾਮੂਹਿਕ ਰੂਪ ਵਿਚ ਗਾਇਆ ਜਾਂਦਾ ਹੈ ।

ੲ. ਗੁਰੂ ਸਾਹਿਬਾਨ ਨੇ ਵੀ ਇਸਨੂੰ ਬਾਣੀ-ਸਿਰਜਣ ਦਾ ਮਾਧਿਅਮ ਬਣਾਇਆ ਹੈ।

ਹ. ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਰਾਗਣੀ ਵਿਸ਼ੇਸ਼ ਤੇ ਕਾਵਿ-ਰੂਪ ਵਿਸ਼ੇਸ਼ ਦੇ ਅਰਥਾਂ ਵਿਚ ਵੀ ਹੋਈ ਹੈ ।

ਕ. ਸੂਫ਼ੀਆਂ ਨੇ ਕਾਫ਼ੀ ਨੂੰ ਕਵਾਲੀ ਦੇ ਅੰਦਾਜ਼ ਵਿਚ ਗਾ ਕੇ ਇਸਦੀ ਪ੍ਰਸਿੱਧਤਾ ਹੋਰ ਵਧਾਈ ਹੈ ।

ਖ. ਗੁਰੂ ਗ੍ਰੰਥ ਸਾਹਿਬ ਵਿਚ ਇਹ ਰੂਪ ਵਧੇਰੇ ਕਰਕੇ ਸੰਸਾਰ ਦੀ ਨਾਸ਼ਮਾਨਤਾ ਤੇ ਆਵਾਗਮਣ ਦੇ ਵਿਸ਼ੇ-ਵਸਤੂ ਨਾਲ ਸੰਬੰਧਿਤ ਹੈ ।

ਗ. ਸੂਫ਼ੀ ਕਾਵਿ ਵਿਚ ਆ ਕੇ ਪ੍ਰਗੀਤ ਵਾਂਗ ਇਸ ਵਿਚ ਕੋਈ ਵੀ ਵਿਸ਼ਾ ਰੂਪਮਾਨ ਹੋ ਸਕਦਾ ਹੈ । ਇਹ ਵੀ ਬੰਧਨ-ਮੁਕਤ ਕਰਨਾ ਹੈ ।

ਘ. ਕਾਫ਼ੀ ਵਿਚ ਨਿੱਜ ਤੱਤ ਦਾ ਸਥਾਨ ਕੇਂਦਰੀ ਹੈ । ਕਾਫ਼ੀ ਸ਼ੁਧ ਪ੍ਰਗੀਤ ਰੂਪ ਹੈ । ਲਘੂ ਆਕਾਰੀ, ਸੁਤੰਤਰ, ਸੰਪੂਰਣ, ਲੈਆਤਮਕ, ਨਿੱਜਤੱਤ ਨਾਲ ਭਰਪੂਰ ਦ੍ਰਵਿਤ ਕਰਨ ਵਾਲੀ ਰਚਨਾ ਹੈ ।

ਅੰਤ ਵਿਚ, ਗੁਰੂ ਗ੍ਰੰਥ ਵਿਚ ਇਕ ਕਾਫ਼ੀ ਦਾ ਮੂਲ ਪਾਠ ਪੇਸ਼ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ । ਧਿਆਨ ਰਹੇ, ਗੁਰੂ ਗ੍ਰੰਥ ਸਾਹਿਬ ਵਿਚ, ਨਿਜਤੱਤ ਭਾਵ ਨਿੱਜ ਭਗਤੀ ਹੀ ਹੈ ਅਥਵਾ ਆਤਮ ਭਾਵ ਦੀ ਵਿਲੱਖਣਤਾ ਹੀ ਇਸੇ ਤੱਤ ਵਿਚ ਹੈ ਕਿ ਉਹ ਆਤਮ ਭਗਤੀ ਵਿਚ ਓਤਪੋਤ ਹੈ । ਉਦਾਹਰਣ ਹਾਜ਼ਰ ਹੈ—

ੴ ਸਤਿਗੁਰ ਪ੍ਰਸਾਦਿ ।
ਰਾਗ ਸੂਹੀ ਮਹਲਾ ੫ ਅਸਟਪਦੀਆਂ ਘਰੁ ੧੦ ਕਾਫ਼ੀ (੭੬੧)
ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ ।
ਜਿਨਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ।
ਹਉ ਨ ਛੋਡਉ ਕੰਤ ਪਾਸਰਾ ।
ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ।ਰਹਾਉ।
ਸਜਣ ਤੂਹੈ ਸੈਣੁ ਤੂ ਮੈਂ ਤੁਝ ਉਪਰਿ ਬਹੁ ਮਾਣੀਆਂ ।
ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ।
ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ।
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ।
ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ।
ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਤੀ ਲਖ ਕਰੋੜਿ ਪਿਰੀਏ ਰਮ ਨ ਪੁਜਨਿ ਤੇਰਿਆ ।
ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ।
ਸਹੀਆ ਤਉ ਅਸੰਖ ਮੰਝਹੁ ਹਭਿ ਵਧਾਣੀਆ ।
ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ।
ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨਿ ਦੂਰੇ ।
ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ।
ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ।
ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ।

## ਫੁਟ ਨੋਟ

2. ਪੰਜਾਬੀ ਸਾਹਿਤ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ) ਪੰਜਾਬੀ, ਯੂਨੀਵਰਸਿਟੀ, ਪਟਿਆਲਾ ਪੰਨਾ 221
2. ਕਾਹਨ ਸਿੰਘ, ਮਹਾਨਕੋਸ਼, ਪੰਨਾ 239



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬਾਵਨ ਅੱਖਰੀ

ਗੁਰੂ ਗ੍ਰੰਥ ਸਾਹਿਬ ਵਿਚ ਦੋ ਰਚਨਾਵਾਂ ਦਰਜ ਹਨ ਜਿਨ੍ਹਾਂ ਦਾ ਨਾਮ ਬਾਵਨ ਅੱਖਰੀ ਹੈ। ਇਸ ਵਿਚੋਂ ਪਹਿਲੀ ਗੁਰੂ ਅਰਜਨ ਦੇਵ ਤੇ ਦੂਸਰੀ ਕਬੀਰ ਜੀ ਨੇ ਰਚੀ ਹੈ। ਇਸ ਕਾਵਿ ਰੂਪ ਦਾ ਸੰਬੰਧ ਵਰਣਮਾਲਾ ਨਾਲ ਹੈ। ਇਹ ਵਰਣਮਾਲਾ ਗੁਰਮੁਖੀ, ਹਿੰਦੀ, ਉਰਦੂ ਅਥਵਾ ਫ਼ਾਰਸੀ ਕਿਸੇ ਵੀ ਜ਼ਬਾਨ ਦੀ ਹੋ ਸਕਦੀ ਹੈ। ਕਿਸੇ ਵੀ ਭਾਸ਼ਾ ਦੇ ਅੱਖਰਾਂ ਨੂੰ ਜਦ ਇਕ ਥਾਂ ਉਪਰ ਇਕੱਠਾ ਕਰ ਦਿਤਾ ਜਾਵੇ ਤਾਂ ਇਸੇ ਤਰਤੀਬ ਦਾ ਨਾਮ ਹੀ ਵਰਣਮਾਲਾ ਹੁੰਦਾ ਹੈ। ਹਰ ਵਰਣਮਾਲਾ ਦੀ ਆਪਣੀ ਨਿਵੇਕਲੀ ਤਰਤੀਬ ਹੁੰਦੀ ਹੈ। ਵਰਣਮਾਲਾ ਭਾਸ਼ਾ ਵਿਸ਼ੇਸ਼ ਨਾਲ ਸੰਬੰਧਿਤ ਹੋਣ ਕਰਕੇ ਇਸ ਦੇ ਵਰਣ ਜਾਂ ਅੱਖਰ ਗਿਣਤੀ ਵਿਚ ਘਟ ਵਧ ਵੀ ਹੋ ਸਕਦੇ ਹਨ। ਮਿਸਾਲ ਵਜੋਂ ਗੁਰਮੁਖੀ ਦੇ ਪੈਂਤੀ, ਦੇਵਨਾਗਰੀ ਦੇ ਬਵੰਜਾ ਤੇ ਫ਼ਾਰਸੀ ਦੇ ਤੀਹ ਅੱਖਰ ਹੁੰਦੇ ਹਨ। ਜਦੋਂ ਕਿਸੇ ਲਿਪੀ ਦੀ ਵਰਣਮਾਲਾ ਨੂੰ ਆਧਾਰਗਤ ਬਣਾ ਕੇ ਉਸ ਦੇ ਅੱਖਰਾਂ ਨੂੰ ਕਾਵਿ ਟੁਕੜੀਆਂ ਦੇ ਆਰੰਭ ਵਿਚ ਰਖ ਕੇ ਕਵਿਤਾ ਰਚੀ ਜਾਵੇ ਤਾਂ ਉਹ ਇਕ ਅਜਿਹਾ ਕਾਵਿ-ਪ੍ਰਬੰਧ ਬਣ ਜਾਂਦਾ ਹੈ ਜੋ ਵਰਣਾਤਮਕ ਹੁੰਦਾ ਹੈ। ਪੰਜਾਬੀ ਵਿਚ ਅਜਿਹੇ ਤਿੰਨ ਕਾਵਿ-ਰੂਪ ਹਨ—ਸੀਹਰਫ਼ੀ, ਪਟੀ ਅਤੇ ਬਾਵਨ ਅਖਰੀ। ਗੁਰੂ ਗ੍ਰੰਥ ਸਾਹਿਬ ਵਿਚ ਸੀਹਰਫ਼ੀ ਕਾਵਿ-ਰੂਪ ਦੀ ਵਰਤੋਂ ਨਹੀਂ ਕੀਤੀ ਗਈ। ਇਸ ਲਈ ਇਥੇ ਬਾਵਨ ਅਖਰੀ ਤੇ ਪਈ ਕਾਵਿ-ਰੂਪ ਉਪਰ ਵਿਚਾਰ ਕਰਨੀ ਉਚਿਤ ਰਹੇਗੀ।

## ਬਾਵਨ ਅੱਖਰੀ

'ਬਾਵਨ ਅੱਖਰੀ' ਦਾ ਸਿਰਲੇਖ ਆਪਣੇ ਆਪ ਵਿਚ ਸਪਸ਼ਟ ਹੈ ਕਿ ਇਹ ਰਚਨਾ ਅੱਖਰ-ਆਧਾਰਿਤ ਕਾਵਿ-ਰੂਪ ਹੈ। ਦੇਵ ਨਾਗਰੀ ਲਿਪੀ ਵਿਚ ਬਵੰਜਾਂ ਅੱਖਰ ਹਨ। ਭਾਵੇਂ ਇਹ ਗੁਰਮੁਖੀ ਅੱਖਰਾਂ ਵਿਚ ਹੀ ਲਿਖੀ ਗਈ ਹੈ ਪਰ ਇਸ ਦਾ ਅੱਖਰ-ਕ੍ਰਮ ਦੇਵ ਨਾਗਰੀ ਵਾਲਾ ਹੀ ਹੈ। ਇਹ ਤਾਂ ਸਾਫ਼ ਹੀ ਹੈ ਕਿ ਇਸ ਕਾਵਿ-ਰੂਪ ਦਾ ਪ੍ਰਮੁਖ ਪਛਾਣ-ਚਿਹਨ ਵਰਣਮਾਲਾ ਵਿਸ਼ੇਸ਼ ਦਾ ਅੱਖਰ-ਕ੍ਰਮ ਹੀ ਹੁੰਦਾ ਹੈ। ਦਰਅਸਲ, ਇੰਜ ਮਾਲੂਮ ਹੁੰਦਾ ਹੈ ਕਿ ਵਰਣਮਾਲਾ ਦੀ ਵਰਤੋਂ ਇਕ ਨਿਸਚਿਤ ਪ੍ਰਬੰਧ ਨੂੰ ਧਿਆਨ ਵਿਚ ਰਖ ਕੇ ਕੀਤੀ ਜਾਂਦੀ ਰਹੀ ਹੈ। ਮਨੁੱਖੀ ਵਿਕਾਸ ਨੇ ਵਿਚਾਰਵਾਨਾਂ ਨੂੰ ਵੀ ਅਨੇਕ ਬਾਰ ਭਾਸ਼ਾ ਅਤੇ ਲਿਪੀ ਦੇ ਉਦਗਮ ਸ੍ਰੋਤ ਤੇ ਵੰਨ-ਸਵੰਨੇ ਉਚਾਰਣ-ਪ੍ਰਵਾਰ ਨੂੰ ਸਮਝਣ-ਬੁੱਝਣ ਲਈ ਝੰਜੋੜਿਆ ਹੈ। ਭਾਸ਼ਾ ਭਾਵੇਂ ਲਿਖਿਤ ਸੰਸਕ੍ਰਿਤੀ ਨਾਲ ਜੁੜੀ ਹੋਈ ਸਾਮਗ੍ਰੀ ਹੈ, ਪਰ ਇਸ ਤੱਥ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਸ਼ਾ ਦਾ ਆਦਿ ਰੂਪ ਬੋਲ ਬਾਣੀ ਹੈ। ਮੌਖਿਕਤਾ ਦਾ ਲਿਖਿਤ-ਪ੍ਰਬੰਧ ਨੂੰ ਅਜਿਹਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਯੋਗਦਾਨ ਬੇਜੋੜ ਹੈ। ਲੋਕ ਸਾਹਿਤ ਦੀ ਪ੍ਰਮਾਣਿਕਤਾ ਉਸ ਦੇ ਅਲਿਖਿਤ ਹੋਣ ਵਿਚ ਹੈ। ਪਰ ਅਣਲਿਖੇ ਲੋਕ ਸਾਹਿਤ ਦਾ ਅਧਿਐਨ ਕਾਰਜ ਤਾਂ ਹੀ ਆਰੰਭ ਹੁੰਦਾ ਹੈ ਜੇ ਉਹ ਲਿਖਿਤ ਦਾ ਰੂਪ ਧਾਰ ਲਵੇ। ਵਰਣ-ਉਚਾਰ ਆਪਣੇ ਆਪ ਵਿਚ ਕਿਸਤਰ੍ਹਾਂ ਦੇ ਦਰਸ਼ਨ ਨੂੰ ਸਮੇਂਈ ਬੈਠਾ ਹੈ। ਇਸ ਨੇ ਦਾਰਸ਼ਨਿਕ ਕਵੀਆਂ ਅਤੇ ਬਾਣੀਕਾਰਾਂ ਦਾ ਧਿਆਨ ਵੀ ਆਪਣੇ ਵਲ ਆਕਰਸ਼ਿਤ ਕੀਤਾ ਹੈ। ਫਲਸਰੂਪ, ਵਰਣ ਆਧਾਰਿਤ ਕਾਵਿ-ਰੂਪ ਹੋਂਦ ਵਿਚ ਆਏ ਹਨ। ਭਾਵੇਂ ਇਹ ਤੱਥ ਵਿਵਾਦਜਨਕ ਹੈ ਕਿ ਇਨ੍ਹਾਂ ਦੀ ਗਣਨਾ ਲੋਕ ਸਾਹਿਤ ਵਿਚ ਹੋਣੀ ਚਾਹੀਦੀ ਹੈ ਕਿ ਸਾਹਿਤਕ ਰੂਪਾਂ ਵਿਚ ਪਰ ਇਤਨਾ ਤਾਂ ਸਪਸ਼ਟ ਹੀ ਹੈ ਕਿ ਇਨ੍ਹਾਂ ਦਾ ਸੰਬੰਧ ਲਿਪੀ ਵਿਸ਼ੇਸ਼ ਨਾਲ ਹੈ ਤੇ ਲਿਪੀ ਵਿਸ਼ੇਸ਼ ਭਾਸ਼ਾ ਵਿਸ਼ੇਸ਼ ਦੀ ਜਿੰਦ ਜਾਨ ਹੈ। ਲਿਪੀ ਭਾਸ਼ਾ ਵਿਸ਼ੇਸ ਦਾ ਵਾਹਨ ਹੈ ਜਿਸ ਦੀ ਪਹਿਚਾਣ ਲਿਖਿਤ ਰੂਪ ਵਿਚ ਹੀ ਹੋ ਸਕਦੀ ਹੈ। ਇਸ ਲਈ ਮੇਰੀ ਰਾਇ ਵਿਚ ਵਰਣ-ਮਾਲਾ ਆਧਾਰਿਤ ਕਾਵਿ-ਰੂਪਾਂ ਨੂੰ ਸਾਹਿਤਕ ਕਾਵਿ-ਰੂਪਾਂ ਵਿਚ ਸ਼ੁਮਾਰ ਕੀਤਾ ਜਾਣਾ ਚਾਹੀਦਾ ਹੈ। ਨਾਲੇ, ਇਹ ਕਾਵਿ-ਰੂਪ ਅੱਖਰ ਵਿਸ਼ੇਸ਼ ਨਾਲ ਸੰਬੰਧਿਤ ਦਾਰਸ਼-ਨਿਕ ਸੰਬੰਧ ਨੂੰ ਵੀ ਉਜਾਗਰ ਕਰਦੇ ਹਨ। ਆਪਣੇ ਇਸੇ ਗੁਣ ਕਾਰਣ ਇਹ ਉਤਕ੍ਰਿਸ਼ਟ ਸਾਹਿਤ ਦੀ ਪਦਵੀ ਨੂੰ ਪ੍ਰਾਪਤ ਵੀ ਹੋ ਸਕਦੇ ਹਨ।

ਡਾ: ਦੀਵਾਨਾ ਨੇ ਲਿਖਿਆ ਹੈ ਕਿ ਵਰਣਮਾਲਾ ਦੀ ਵਰਤੋਂ ਪਰਮਾਣਿਕ ਅੱਖਰ ਜੋੜ ਉਨ੍ਹਾਂ ਨੂੰ ਠੀਕ ਉਚਾਰਨ ਤੇ ਅੱਖਰਾਂ ਨਾਲ ਅਧਿਆਤਮਕ ਭਾਵਾਂ ਨੂੰ ਜੋੜਨ ਲਈ ਕੀਤੀ ਜਾਂਦੀ ਰਹੀ ਹੈ, ਜਿਵੇਂ ਸੰਸਕ੍ਰਿਤ ਵਿਚ 'ਏਕਾਕਸ਼ਰੀ' ਇਬਰਾਨੀ ਵਿਚ ਐਲਫ਼ਾਬੈਟ ਪੋਇਮ, ਹਿੰਦਵੀ ਵਿਚ ਕਨਪਾਟੇ ਨਾਥਾਂ ਦੀ ਚੌਂਤੀਸੀ, ਹਿੰਦੀ ਵਿਚ ਬਾਵਨ-ਅੱਖਰੀ ਪੰਜਾਬੀ ਵਿਚ ਪੱਟੀ ਜਾਂ ਪੈਂਤੀ ਅੱਖਰੀ ਆਦਿ।[1]

ਕੁਲ ਮਿਲਾ ਕੇ ਅੱਖਰ-ਵਿਉਂਤ ਨੂੰ ਲਿਪੀ ਵਿਸ਼ੇਸ਼ ਦੇ ਕ੍ਰਮ-ਪ੍ਰਬੰਧ ਨਾਲ ਜੋੜ ਕੇ ਅਧਿਆਤਮਕ ਭਾਵਾ ਦੀ ਪੇਸ਼ਕਾਰੀ ਹੀ ਬਾਵਨ ਅੱਖਰੀ ਦਾ ਸਹਿਜ ਗੁਣ ਮਾਲੂਮ ਹੁੰਦਾ ਹੈ। ਵਰਣਮਾਲਾ ਆਧਾਰਿਤ ਕਾਵਿ ਦੀ ਪਹਿਲੇ ਪਹਿਲ ਪਿਰਤ ਪੰਜਾਬੀ ਵਿਚ ਨਾਥ ਜੋਗੀਆਂ ਨੇ ਪਾਈ। ਨਾਥ-ਜੋਗੀ ਸਾਹਿਤ ਵਿਚ ਚੌਂਤੀਸ ਅੱਖਰੀ ਖਾਸੀ ਪ੍ਰਸਿੱਧਤਾ ਨੂੰ ਪ੍ਰਾਪਤ ਹੈ। ਇਸ ਰੂਪ ਦੀ ਵਰਤੋਂ ਅਨੇਕ ਸਾਹਿਤਕਾਰਾਂ ਨੇ ਕੀਤੀ। ਬਾਰ੍ਹਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿਚ ਮਸਊਦ ਬਾਅਦ ਸੁਲੇਮਾਨ ਨੇ ਸੀਹਰਫ਼ੀ ਕਾਵਿ-ਰੂਪ ਦੀ ਵਰਤੋਂ ਕੀਤੀ। ਗੁਰੂ ਨਾਨਕ ਤਕ ਇਹ ਕਾਵਿ-ਰੂਪ ਖ਼ਾਸਾ ਪ੍ਰਚਲਿਤ ਸੀ। ਡਾ: ਜੀਤ ਸਿੰਘ ਸੀਤਲ ਨੇ ਇਕ ਥਾਂ ਇਸ ਦਾ ਸੰਕੇਤ ਵੀ ਕੀਤਾ ਹੈ। ਉਨ੍ਹਾਂ ਦੇ ਅਨੁਸਾਰ ਕਾਜ਼ੀ ਰੁਕਨਦੀਨ ਤੇ ਗੁਰੂ ਨਾਨਕ ਦੇਵ ਦੀ ਵਾਰਤਾਲਾਪ ਸਮੇਂ ਇਸ ਕਾਵਿ-ਰੂਪ ਦਾ ਜ਼ਿਕਰ ਕੀਤਾ ਗਿਆ ਸੀ।[2] ਨਿਰਣੇ ਵਜੋਂ, ਇਹ ਕਿਹਾ ਜਾ ਸਕਦਾ ਹੈ, ਵਰਣਮਾਲਾ ਦੇ ਅੱਖਰ-ਕ੍ਰਮ ਨਾਲ ਮਨੁੱਖੀ ਭਾਵਾਂ ਦਾ ਸੰਜੁਗਤੀਕਰਣ ਕਰਨ ਦਾ ਰਿਵਾਜ਼ ਬੜਾ ਪੁਰਾਣਾ ਹੈ। ਅਜਿਹੇ ਉਦਾਹਰਣ ਹੀਬਰਊ (ਇਬਰਾਨੀ) ਵਿਚ 'ਐਲਫ਼ਾਬੈਟ ਪੋਇਮ' ਤੇ ਯੂਨਾਨੀ ਵਿਚ ਐਲਫ਼ਾਬੈਟ ਦੇ ਨਾਮ ਨਾਲ ਪ੍ਰਚਲਿਤ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਰੂਪਾਂ ਤੋਂ ਮਿਲ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਪਦਵੀ ਜੇ ਲੋਕਵੇਦੀ ਗ੍ਰੰਥ ਵਾਲੀ ਸਵੀਕਾਰ ਕਰ ਲਈ ਜਾਵੇ ਤਾਂ ਸਪਸ਼ਟ ਹੁੰਦਾ ਹੈ ਇਸ ਵਿਚ ਵਰਣਮਾਲਾ ਆਧਾਰਿਤ ਰੂਪਾਂ ਨੂੰ ਭਰਵੇਂ ਬੋਲ ਮਿਲੇ ਹਨ। ਗੁਰੂ ਅਰਜਨ ਦੇਵ ਜੀ ਰਚਿਤ ਬਾਵਨ ਅੱਖਰੀ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਕਬੀਰ ਜੀ ਰਚਿਤ ਬਾਵਨ ਅੱਖਰੀ ਬਾਰੇ ਸੰਖੇਪ ਵਿਚਾਰ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ। ਅਜੇਹਾ ਕਾਲ-ਕ੍ਰਮਤਾ ਨੂੰ ਧਿਆਨ ਵਿਚ ਰਖਕੇ ਕੀਤਾ ਗਿਆ ਹੈ—

੧ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ ॥

ਰਾਗ ਗਉੜੀ ਪੂਰਬੀ ਬਾਵਨ ਅੱਖਰੀ ਕਬੀਰ ਜੀਉ ਕੀ

ਇਸ ਰਚਨਾ ਵਿਚ ਕੁਲ 45 ਬੰਦ ਹਨ। ਬੰਦਾਂ ਵਿਚ ਤੁਕ ਪ੍ਰਬੰਧ ਇਕਸਾਰ ਨਹੀਂ। ਕੋਈ ਬੰਦ ਦੁਤੁਕਾ ਹੈ ਤੇ ਕੋਈ ਚਾਰਤੁਕਾ। ਦੁਤੁਕੇ ਤੋਂ ਬਾਅਦ ਚਹੁਤੁਕਾ ਬੰਦ ਆਵੇਗਾ ਇਹ ਕੋਈ ਜ਼ਰੂਰੀ ਨਹੀਂ। ਬਲਕਿ ਇਸ ਰਚਨਾ ਦਾ ਆਖ਼ਰੀ ਬੰਦ ਅਠਤੁਕਾ ਵੀ ਹੈ। ਪਰ ਇਕ ਗੱਲ ਜੋ ਸਾਰੀ ਬਾਣੀ-ਰਚਨਾ ਵਿਚ ਵਿਆਪਕ ਹੈ, ਉਹ ਹੈ, ਅੱਖਰ ਵਿਸ਼ੇਸ਼ ਨਾਲ ਬਾਣੀ ਬੰਦ ਦਾ ਆਰੰਭ ਸਿਵਾਏ ਪਹਿਲੇ ਦੋ ਬੰਦਾਂ ਤੇ ਅਖ਼ੀਰਲੇ ਇਕ ਬੰਦ ਦੇ। ਇਨ੍ਹਾਂ ਤਿੰਨਾਂ ਵਿਚ ਅੱਖਰ-ਨੇਮ ਦਾ ਨਿਬਾਹ ਵੇਖਣ ਵਿਚ ਨਹੀਂ ਆਉਂਦਾ। ਪਰ ਇਕ ਗੱਲ ਜੋ ਸਾਰੀ ਰਚਨਾ ਵਿਚ ਵਿਦਮਾਨ ਹੈ, ਉਹ ਅਧਿਆਤਮ ਵਿਚਾਰ ਹਨ। ਇਹ ਵਿਚਾਰ ਪਹਿਲੇ ਦੋਹਾਂ ਵਿਚ ਹੀ ਉਸੇ ਤਰ੍ਹਾਂ ਮੌਜੂਦ ਹਨ ਜਿਵੇਂ ਕਿ ਅੱਖਰ-ਕ੍ਰਮ ਦਾ ਨਿਬਾਹ ਕਰਨ ਵਾਲੇ ਬਾਣੀ-ਪਦ ਵੀ। ਕੁਝ ਉਦਾਹਰਣ ਪੇਸ਼ ਹਨ—

ੳ. ਬਾਵਨ ਅਖਰ ਲੋਕ ਤ੍ਰੈ ਸਭੁ ਕਿਛੁ ਇਹ ਹੀ ਮਾਹਿ ॥
ਏ ਅਖਰ ਖਿਰਿ ਜਾਹਗੇ ਓਇ ਅਖਰ ਇਨ ਮਹਿ ਨਾਹਿ ॥੧॥

ਅ. ਘਘਾ ਘਟਿ ਘਟਿ ਨਿਮਸੈ ਸੋਈ ॥
ਘਟ ਫੂਟੇ ਘਟਿ ਕਬਹਿ ਨ ਹੋਈ ॥
ਤਾ ਘਟ ਮਾਹਿ ਘਾਟ ਜਉ ਪਾਵਾ ॥
ਸੋ ਘਟ ਛਾਡਿ ਅਵਘਟ ਕਤ ਧਾਵਾ ॥੧੦॥

ੲ. ਬਾਵਨ ਅਖਰ ਜੋਰੇ ਆਨਿ ॥
ਸਕਿਆ ਨ ਅਖਰੁ ਏਕੁ ਪਛਾਨਿ ॥
ਸਤ ਕਾ ਸਬਦ ਕਬੀਰਾ ਕਹੈ ॥
ਪੰਡਿਤ ਹੋਏ ਸੁ ਅਨਭੈ ਰਹੈ ॥
ਪੰਡਿਤ ਲੋਗਹ ਕਉ ਬਿਉਹਾਰ ॥
ਗਿਆਨ ਵੰਤ ਕਉ ਤਤੁ ਬੀਚਾਰ ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥
ਕਹਿ ਕਬੀਰ ਜਾਨੈਗਾ ਸੋਈ ॥੪੫॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜ਼ਾਹਿਰ ਹੈ, ਕਬੀਰ ਜੀ ਨੇ ਬਾਵਨ ਅੱਖਰੀ ਤਾਂ ਲਿਖੀ ਹੈ ਪਰ ਅੱਖਰ-ਕ੍ਰਮਤਾ ਦੀ ਬੰਦਿਸ਼ ਨੂੰ ਸਵੀਕਾਰ ਨਹੀਂ ਕੀਤਾ। ਇਸ ਸੰਦਰਭ ਵਿਚ ਇਕ ਦੂਸਰੀ ਧਾਰਣਾ ਇਹ ਵੀ ਹੋ ਸਕਦੀ ਹੈ ਕਿ ਕਬੀਰ ਜੀ ਦੇ ਸਮੇਂ ਤਕ ਇਹ ਰੂਪ ਪੂਰੀ ਤਰ੍ਹਾਂ ਵਿਕਸਿਤ ਨਾ ਹੋਇਆ ਹੋਵੇ ਤੇ ਇਸ ਵਿਚ ਅੱਖਰ-ਕ੍ਰਮਤਾ ਦੀ ਬੰਦਿਸ਼ ਨੂੰ ਛੋਟ ਹੋਵੇ। ਪਰ ਇਸ ਦੇ ਲਾਜ਼ਮੀ ਤੱਤ ਦਾਰਸ਼ਨਿਕ ਸੰਬੋਧ ਹੀ ਹੋਣ। ਇਹੋ ਰੂਪ ਗੁਰੂ ਅਰਜਨ ਦੇਵ ਤਕ ਪੁੱਜਦਿਆਂ-ਪੁੱਜਦਿਆਂ ਪਰਪੱਕਤਾ ਗ੍ਰਹਿਣ ਕਰ ਗਿਆ ਹੋਵੇ। ਇਸ ਧਾਰਣਾ ਨੂੰ ਮੰਨਣ ਦਾ ਪਹਿਲਾ ਕਾਰਨ ਗੁਰੂ ਅਰਜਨ ਦੇਵ ਰਚਿਤ ਬਾਵਨ ਅੱਖਰੀ ਦਾ ਬਾਹਰੀ ਬਣਤਰ-ਪੱਖ ਹੀ ਹੈ। ਹੁਣ ਇਸਦਾ ਵਿਵੇਚਨ ਕਰਨਾ ਉਚਿਤ ਹੈ।

## ਗਉੜੀ ਬਾਵਨ ਅਖਰੀ ਮਹਲਾ ੫

ਰਚਨਾ ਦਾ ਵੇਰਵਾ—ਇਸ ਰਚਨਾ ਦੀਆਂ ਕੁਲ 55 ਪਉੜੀਆਂ ਅਤੇ 56 ਸਲੋਕ ਹਨ। ਪਹਿਲੇ ਸਲੋਕ ਨੂੰ ਇਸ ਰਚਨਾ ਦੇ ਆਦਿ ਅਤੇ ਅੰਤ ਵਿਚ ਪੜ੍ਹਨ ਦਾ ਆਦੇਸ਼ ਅੱਖਰਾਂ ਵਿਚ ਲਿਖ ਕੇ ਕੀਤਾ ਗਿਆ ਹੈ, ਜਿਸ ਕਰਕੇ ਸਲੋਕਾਂ ਦੀ ਗਿਣਤੀ 57 ਵੀ ਹੋ ਜਾਂਦੀ ਹੈ, ਪਰ ਮੂਲ ਰੂਪ ਵਿਚ ਸਲੋਕਾਂ ਦੀ ਗਿਣਤੀ 56 ਹੀ ਹੈ।

**ਬਣਤਰ—**

ਇਹ ਬਾਣੀ ਗੁਰਮੁਖੀ ਦੀ ਪੈਂਤੀ ਜਾਂ ਫ਼ਾਰਸੀ ਦੀ ਸੀਹਰਫ਼ੀ ਵਾਂਗੂ ਸੰਸਕ੍ਰਿਤ ਦੀ ਵਰਣਮਾਲਾ ਦੇ ਆਧਾਰ ਉਤੇ ਲਿਖੀ ਗਈ ਹੈ। ਅੱਖਰਾਂ ਦਾ ਜਾਂ ਵਰਣਾਂ ਦਾ ਉਚਾਰਣ ਗੁਰਮੁਖੀ ਵਰਣਮਾਲਾ ਦੀ ਤਰ੍ਹਾਂ ਹੈ ਜਿਵੇਂ ਸਸਾ, ਧਧਾ, ਝਝਾ, ਰਾਰਾ, ਲਲਾ, ਆਦਿ। ਇਸੇ ਰੂਪ ਨੂੰ ਮੁੱਖ ਰੱਖਕੇ ਗੁਰੂ ਨਾਨਕਦੇਵ ਜੀ ਨੇ ਅਤੇ ਗੁਰੂ ਅਮਰਦਾਸ ਜੀ ਨੇ ਆਸਾ ਰਾਗ ਵਿਚ 'ਪਟੀ' ਨਾਮੀ ਲੰਮੀ ਕਵਿਤਾ ਰਚੀ ਹੈ। ਇਹ ਦੋਵੇਂ ਪਟੀਆਂ ਸਾਧਾਰਣ ਪਦਿਆਂ ਵਿਚ ਹਨ ਜਦ ਕਿ ਬਾਵਨ ਅੱਖਰੀ ਦਾ ਪ੍ਰਬੰਧ ਹੈ—ਪਹਿਲੇ ਸਲੋਕ ਫਿਰ ਪਉੜੀ। ਇਥੇ ਵਾਰਾਂ ਵਾਂਗ ਇਕ ਪਉੜੀ ਨਾਲ ਦੋ ਜਾਂ ਤਿੰਨ ਸਲੋਕ ਨਹੀਂ ਰਖੇ ਗਏ। ਸਗੋਂ ਇਕਸਾਰਤਾ ਹੈ। ਇਹ ਧਿਆਨ ਰਹੇ, ਪਹਿਲਾ ਸਲੋਕ 9 ਸਤਰਾਂ ਦਾ ਹੈ ਤੇ ਅਖ਼ੀਰਲਾ 4 ਪੰਕਤੀਆਂ ਦਾ ਜਦ ਕਿ ਬਾਕੀ 54 ਸਲੋਕ ਦੋ-ਦੋ ਸਤਰਾਂ ਦੇ ਹਨ। ਹਰ ਪਉੜੀ ਦੀਆਂ 8-8 ਸਤਰਾਂ ਹਨ ਤੇ ਇਹ ਚਾਲ 56 ਪਉੜੀਆਂ ਵਿਚ ਕਰੜਾਈ ਨਾਲ ਨਿਬਾਹੀ ਗਈ ਹੈ। ਜੈਤਸਰੀ ਦੀ ਵਾਰ ਵਾਂਗੂ ਇਥੇ ਵੀ ਸਲੋਕ ਅਤੇ ਪਉੜੀ ਦਾ ਵਿਸ਼ਾ ਇਕ ਹੀ ਹੈ, ਪਰ ਕਿਧਰੇ ਕਿਧਰੇ ਇਸ ਨਿਯਮ ਨੂੰ ਤੋੜਿਆ ਵੀ ਗਿਆ ਹੈ।

ਬਾਵਨ ਅੱਖਰੀ ਇਕ ਲੰਮੇਰੀ ਬਾਣੀ ਹੋਣ ਕਰਕੇ ਸਾਰੇ ਗੁਰਮਤਿ ਦਰਸ਼ਨ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਗਉੜੀ-ਚਉਪਦਿਆਂ ਵਾਂਗੂ ਬਾਵਨ ਅੱਖਰੀ ਦੇ ਵਿਸ਼ੇ ਕ੍ਰਮ ਵਿਚ ਵੀ ਨਿਰੰਤਰਤਾ ਨਹੀਂ ਹੈ। ਸਗੋਂ ਵੱਖੋ-ਵੱਖ ਵਿਸ਼ਿਆਂ ਦੀ ਚਰਚਾ ਤੋੜ ਤੋੜ ਕੇ ਕੀਤੀ ਗਈ ਹੈ। ਵਿਆਸ-ਸ਼ੈਲੀ, ਸਰਲਤਾ, ਰਾਗਾਤਮਕਤਾ ਅਤੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਪਸ਼ਟਤਾ ਇਸ ਰਚਨਾ ਦੇ ਵਿਸ਼ੇਸ਼ ਗੁਣ ਹਨ। ਇਸ ਰਚਨਾ ਦਾ ਮੂਲ ਮੰਤਵ 'ਸਾਰ' ਗਿਆਨ ਦਾ ਪ੍ਰਗਟਾ ਕਰਨਾ ਹੈ। 'ਸਾਰ' ਗਿਆਨ ਦਾ ਸੋਮਾ ਗੁਰੂ ਹੈ। ਇਸ ਸਿਧਾਂਤ ਉਤੇ ਬਲ ਦੇਣ ਲਈ ਹੀ ਪਹਿਲਾ ਸਲੋਕ ਆਦਿ ਅਤੇ ਅੰਤ ਵਿਚ ਦੋ ਵਾਰ ਅੰਕਿਤ ਕੀਤਾ ਗਿਆ ਹੈ। ਤੇ ਨਾਲ ਹੀ ਅੱਖਰਾਂ ਵਿਚ ਲਿਖ ਕੇ ਸੰਕੇਤ ਕੀਤਾ ਗਿਆ ਹੈ 'ਏਹ ਸਲੋਕ ਆਦਿ ਅੰਤੁ ਪੜਣਾ' ਲਿਖਤੀ-ਸੰਕੇਤ ਤੋਂ ਬਿਨਾਂ ਇਹ ਸੰਦੇਹ ਉਪਜ ਸਕਦਾ ਸੀ ਕਿ ਸ਼ਾਇਦ ਇਹ ਸ਼ਬਦ ਦੋ ਵਾਰ ਭੁੱਲ ਨਾਲ ਲਿਖਿਆ ਗਿਆ ਹੈ। ਨਾਲੇ, ਸੰਕੇਤ ਨਾਲ 'ਗੁਰੂ-ਸਿਧਾਂਤ' ਉਤੇ ਵੀ ਬਲ ਦੇਣ ਦੀ ਪ੍ਰੌੜ੍ਹਤਾ ਹੋ ਜਾਂਦੀ ਹੈ।

ਬਾਵਨ ਅੱਖਰੀ ਵਿਚ ਅਪਣਾਏ ਗਏ ਵਿਸ਼ੇ ਇਸ ਪ੍ਰਕਾਰ ਹਨ—

1. ਇਹ ਬਾਣੀ ਗੁਰੂ ਮਹਿਮਾ ਤੋਂ ਆਰੰਭ ਹੁੰਦੀ ਹੈ। ਗੁਰੂ ਮਾਤਾ, ਪਿਤਾ, ਸਖਾ, ਸੁਆਮੀ, ਬੰਧਪ, ਦਾਤਾ, ਸਹੋਦਰਾ (ਭਰਾ) ਸੀਤਲਤਾ ਦਾ ਸੋਮਾ, ਸਤਿ, ਬੁਧੀ, ਤੀਰਥ, ਪਾਪ-ਹਰਤਾ, ਪਵਿਤਕਰਾ, ਸਤਿਗੁਰ, ਪਾਰਬ੍ਰਹਮ, ਪਰਮੇਸਰ ਅਥਵਾ ਸਭ ਕੁਝ ਹੀ ਹੈ।

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੨੪੦/ਆਦਿ ਗ੍ਰੰਥ

2. ਇਕ ਵਿਚ ਅਨੇਕ ਤੇ ਅਨੇਕ ਵਿਚ ਇਕ ਨੂੰ ਅਨੁਭਵ ਕਰਨਾ ਅਤੀ ਕਠਿਨ ਹੈ। ਇਹ ਦਿਸਦਾ ਜਗਤ-ਪਾਸਾਰ ਪ੍ਰਭੂ ਤੋਂ ਹੀ ਪਸਰਿਆ ਹੈ। ਉਹ ਆਪ ਹੀ ਜੀਵਾਂ ਨੂੰ ਚੰਗੇ ਮੰਦੇ ਰਾਹ ਪਾਉਂਦਾ ਹੈ ਪਰ ਹਉਂ ਹਉਂ ਦਾ ਮਾਰਿਆ ਜੀਵ ਇਸ ਰਾਜ਼ ਨੂੰ ਉਸ ਪਰਮੇਸਰ ਦੀ ਕ੍ਰਿਪਾ ਤੋਂ ਬਿਨਾਂ ਸਮਝ ਵੀ ਤਾਂ ਨਹੀਂ ਸਕਦਾ—

ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥
ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥
੨੫੧/ਆਦਿ ਗ੍ਰੰਥ

ਅਥਵਾ

ਲਾਲਚ ਝੂਠ ਬਿਕਾਰ ਮੋਹ ਬਿਆਪਸ ਮੂੜੇ ਅੰਧ ॥ ੨੫੨/ਆਦਿ ਗ੍ਰੰਥ

3. ਇਨ੍ਹਾਂ ਵਿਚਾਰਾਂ ਤੋਂ ਮਨੁੱਖ ਕਿਉਂ ਨਹੀਂ ਬਚ ਸਕਦਾ ? ਇਸ ਦਾ ਕਾਰਣ ਹੈ ਮਾਇਆ ਦੀ ਪ੍ਰਬਲਤਾ। ਜਿਸ ਤੋਂ ਮਨੁੱਖ ਸੰਤਾਂ ਦੀ ਸੰਗਤ ਤੋਂ ਬਿਨਾਂ ਨਿਜਾਤ ਨਹੀਂ ਪਾ ਸਕਦਾ ਤੇ ਇਹ ਸੰਗਤ ਵੀ ਗੁਰੂ ਦੀ ਕ੍ਰਿਪਾ ਬਗੈਰ ਮਿਲਣੀ ਅਸੰਭਵ ਹੈ—

ਏਉ ਜੀਅ ਬਹੁਤੁ ਗ੍ਰਭ ਵਾਸੇ ਮੋਹ ਮਗਨ ਮੀਠ ਜੋਨਿ ਫਾਸੇ ॥
ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ਆਪਨ ਮੋਹ ਘਟੇ ਘਟਿ ਦੀਨੇ ॥
ਏ ਸਾਜਨ ਕਛੁ ਕਹਹੁ ਉਪਾਇਆ ਜਾਤੇ ਤਰਉ ਬਿਖਮ ਇਹ ਮਾਇਆ ॥
ਕਰ ਕਿਰਪਾ ਸਤਸੰਗਿ ਮਿਲਾਏ ਨਾਨਕ ਤਾਕੈ ਨਿਕਟ ਨ ਮਾਏ ॥੭॥
੨੫੧/ਆਦਿ ਗ੍ਰੰਥ

4. ਸਤ ਸੰਗਤ ਵਿਚੋਂ ਨਾਮ ਦੀ ਪ੍ਰਾਪਤੀ ਗੁਰੂ ਕ੍ਰਿਪਾ ਦੁਆਰਾ ਹੁੰਦੀ ਹੈ। ਇਸ ਸ਼ਕਤੀਸ਼ਾਲੀ ਮਾਇਆ ਤੋਂ ਮੁਕਤੀ ਦਿਵਾਉਣ ਵਾਲਾ ਸਾਧਨ ਕੇਵਲ ਇਕ ਨਾਮ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਕੇਵਲ ਨਾਮੀ ਨੂੰ ਪ੍ਰੀਤ ਕਰਕੇ ਹੀ ਮਨੁੱਖ ਨਾਮੀ ਨੂੰ ਪ੍ਰਾਪਤ ਹੋ ਸਕਦਾ ਹੈ। ਪ੍ਰਸ਼ਨ ਹੈ ਨਾਮੀ ਨੂੰ ਪ੍ਰੀਤ ਕਿਵੇਂ ਕੀਤੀ ਜਾਵੇ ? ਉੱਤਰ ਹੈ, ਨਾਮੀ ਦੀ ਸ਼ਰਣ ਵਿਚ ਜਾਣਾ ਅਥਵਾ ਉਸਦਾ ਨਾਮ ਹਿਰਦੇ ਵਿਚ ਵਸਾਉਣ ਨਾਲ, 'ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ—

ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥੫੮॥੨੬੧/ਆਦਿ ਗ੍ਰੰਥ

5. ਅੰਤ ਵਿਚ, ਨਾਮੀ ਦੇ ਅਤਿ ਸੁੰਦਰ ਸਰੂਪ ਦੀ ਉਸਤਤ ਕਰਦਿਆਂ ਹੋਇਆਂ ਉਸਨੂੰ ਕਈ ਨਾਵਾਂ ਨਾਲ ਯਾਦ ਕੀਤਾ ਹੈ ਤੇ ਉਸਦੀ ਮਹਿਮਾ ਕਰਦਿਆਂ ਹੋਇਆਂ ਨਾਮ ਦਾ ਦਾਨ ਮੰਗਿਆ ਹੈ—

**ਸਲੋਕ**

ਹਬਿ ਕਲੰਮ ਅਗੰਮ ਮਸਤਕਿ ਲਿਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥

**ਪਉੜੀ**

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘੁਨਾਸ ॥
ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੇ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਵੀ ਹੋਵਨਹਾਰ ॥
ਹੇ ਸੰਤਹ ਕੇ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥੫॥ ੨੬੨/ਆਦਿ ਗ੍ਰੰਥ

ਅੰਤ ਵਿਚ, ਇਹ ਨਿਰਣੈ ਕਰਨਾ ਉਚਿਤ ਹੈ, ਬਾਣੀਕਾਰਾਂ ਨੇ ਕਲਾ ਕੌਸ਼ਲ ਨੂੰ ਪ੍ਰਧਾਨਤਾ ਕਦੀ ਵੀ ਆਪਣੇ ਸਿਰਜਣ-ਕ੍ਰਮ ਵਿਚ ਨਹੀਂ ਦਿਤੀ। ਪੰਚਮ ਗੁਰੂ ਵੀ ਪਉੜੀ-ਸਿਰਜਣ ਵੇਲੇ ਅੱਖਰ ਵਿਸ਼ੇਸ਼ ਵਲ ਧਿਆਨ ਦੇਂਦੇ ਹਨ। ਅੱਖਰ-ਕ੍ਰਮਤਾ ਨੂੰ ਨਿਬਾਹਿਆ ਵੀ ਗਿਆ ਹੈ ਤੇ ਤੋੜਿਆ ਵੀ। ਪਰ ਇਹ ਤੱਥ ਨਿਰਵਿਵਾਦ ਹੈ ਕਿ ਅੱਖਰ ਵਿਸ਼ੇਸ਼ ਦੀ ਬੰਦਿਸ਼ ਰਾਹੀਂ ਕਬੀਰ ਜੀ ਅਤੇ ਪੰਚਮ ਗੁਰੂ ਜੀ ਨੇ ਅਧਿਆਤਮਕ ਭਾਵਾਂ ਦੀ ਸਿਰਜਣਾ ਕੀਤੀ ਹੈ। ਦੋਹਾਂ ਬਾਵਨ ਅਖਰੀਆਂ ਵਿਚ ਅੱਖਰਾਂ ਦਾ ਉਚਾਰਣ ਪੰਜਾਬੀ ਜ਼ੁਬਾਨ ਵਾਲਾ ਹੈ। ਮਿਸਾਲ ਵਜੋਂ—

ੳ. ਕਕਾ ਕਿਰਣ ਕਮਲ ਮਹਿ ਪਾਵਾ ੭) ਕਬੀਰ ਜੀ
ਅ. ਗਗਾ ਗੁਰ ਕੇ ਬਚਨ ਪਛਾਨਾ ੯)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੲ. ਘਘਾ ਘਟਿ ਘਟਿ ਨਿਮਸੈ ਸੋਈ ੧੦)
ੳ. ਲਲਾ ਤਾਕੈ ਲਵੈ ਨ ਕੋਉ ੧੨) ਗੁਰੂ ਅਰਜਨ ਦੇਵ ਜੀ
ਅ. ਚਿਤਿ ਚਿਤਵਉ ਚਰਣਾਰ ਬਿੰਦ ੧੨)
ੲ. ਛਛਾ ਛੋਹਰੇ ਦਾਸ ਤੁਮਾਰੇ ੨੩)

ਜ਼ਾਹਿਰ ਹੈ, ਕਿ ਇਹ ਰਚਨਾਵਾਂ ਬਾਵਨ ਅਖਰੀ ਦੇ ਨਾਮ ਨਾਲ ਆਕੀਆਂ ਗਈਆਂ ਹਨ ਇਨ੍ਹਾਂ ਦੋਹਾਂ ਵਿਚ ਅੱਖਰ-ਕ੍ਰਮਤਾ ਨਿਯਮਿਤ ਰੂਪ ਵਿਚ ਨਹੀਂ ਨਿਬਾਹੀ ਗਈ। ਦੋਵੇਂ ਗਉੜੀ ਰਾਗ ਵਿਚ ਸਿਰਜੀਆਂ ਗਈਆਂ ਹਨ ! ਦੋਵੇਂ ਪਉੜੀ ਵਿਸ਼ੇਸ਼ ਵਿਚ ਸੰਬੋਧ ਵਿਸ਼ੇਸ਼ ਨੂੰ ਰੂਪਮਾਨ ਕਰਦੀਆਂ ਹਨ। ਦੋਹਾਂ ਦਾ ਸੁਰ ਦਾਰਸ਼ਨਿਕ ਹੈ। ਕਬੀਰ ਜੀ ਨੇ ਨਾਮ ਬਾਵਨ ਅਖਰੀ ਰਖਿਆ ਹੈ ਪਰ ਇਸ ਦੇ ਬੰਦ 45 ਹਨ। ਪੰਚਮ ਗੁਰੂ ਨੇ ਇਸ ਵਿਚ 56 ਬੰਦਾਂ ਦੀ ਸਿਰਜਣਾ ਕੀਤੀ ਹੈ। ਇਸ ਦੇ ਪਹਿਲੇ ਦੋ ਬੰਦ ਉਪਕ੍ਰਮ ਤੇ ਉਪਸੰਹਾਰ ਦੇ ਨਿਯਮ ਨੂੰ ਨਿਬਾਹੁੰਦੇ ਹਨ। ਬਾਕੀ ਦੇ 52 ਬਾਣੀ ਬੰਦ ਦੇਵਨਾਗਰੀ ਦੇ ਬਵੰਜਾ ਵਰਣਾਂ ਨੂੰ ਸਮਰਪਿਤ ਹਨ। ਇਹੋ ਨੁਕਤਾ ਇਨ੍ਹਾਂ ਦੋਹਾਂ ਰਚਨਾਵਾਂ ਨੂੰ ਆਪਸ ਵਿਚ ਨਿਖੇੜਦਾ ਵੀ ਹੈ। ਧਿਆਨ ਰਹੇ, ਰੂਪ ਬਣਤਰ ਦੇ ਪਖੋਂ ਇਨ੍ਹਾਂ ਦੋਹਾਂ ਵਿਚਲਾ ਇਕ ਹੋਰ ਭੇਦ ਵੀ ਹੈ। ਕਬੀਰ ਜੀ ਨੇ ਸਿਰਜਣ ਮਾਧਿਅਮ ਵਿਚ ਕੇਵਲ ਬੰਦ ਕ੍ਰਮ ਨੂੰ ਅਪਣਾਇਆ ਹੈ। ਇਸ ਵਿਚ ਸਲੋਕ ਅਤੇ ਪਉੜੀ ਦਾ ਉਪ ਸਿਰਲੇਖ ਲੁਪਤ ਹੈ। ਬਾਣੀ ਬੰਦ ਦੁਤੁਕੇ ਵੀ ਹਨ, ਚਾਰਤੁਕੇ ਤੇ ਅਠਤੁਕੇ ਵੀ। ਬਾਣੀ ਦੇ ਅਖੀਰ ਸੰਖਿਆ ਕ੍ਰਮ ਇਸ ਤੱਥ ਦਾ ਸੂਚਕ ਹੈ ਕਿ ਇਸ ਰਚਨਾ ਵਿਚ 45 ਰਾਣੀ ਬੰਦ ਕ੍ਰਮਵਾਰ ਅੰਕਿਤ ਹਨ।

ਇਸ ਤੋਂ ਉਲਟ ਗੁਰੂ ਅਰਜਨ ਰਹਿਤ ਬਾਵਨ ਅਖਰੀ ਸਲੋਕ ਅਤੇ ਪਉੜੀ ਦੇ ਸਿਰਲੇਖਾਂ ਨੂੰ ਰੂਪਮਾਨ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਕਣ ਪ੍ਰਬੰਧ ਅਨੁਸਾਰ ਇਸ ਰਚਨਾ ਵਿਚ ਸੰਖਿਆ ਪਉੜੀ-ਕ੍ਰਮ ਅਨੁਸਾਰ ਨਿਰੰਤਰ ਵਧਦੀ ਜਾਂਦੀ ਹੈ ਤੇ ਅੰਤ 56 ਅੰਕ ਉਪਰ ਸਮਾਪਤ ਹੁੰਦੀ ਹੈ। ਧਿਆਨ ਰਹੇ, ਇਸ ਰਚਨਾ ਵਿਚ ਸਲੋਕ ਦਰਜ ਹਨ ਪਰ ਸਲੋਕ ਸੰਖਿਆ ਦੀ ਅੰਕ ਮਾਤਰਾ ਚਲਦੀ ਨਹੀਂ ਸਗੋਂ ਹਰ ਸਲੋਕ ਦੇ ਅਖੀਰ ਇਕ ਅੰਕ ਵਿਦਮਾਨ ਹੈ ਜੋ ਇਸ ਗੱਲ ਦਾ ਸੂਚਕ ਹੈ ਕਿ ਹੁਣ ਸਲੋਕ ਦੀ ਸਮਾਪਤੀ ਹੈ। ਸਲੋਕ ਦੀ ਇਹ ਅੰਕਣ ਵਿਧੀ ਵੀ ਗੁਰੂ ਗ੍ਰੰਥ ਸਾਹਿਬ ਦੀ ਅਨੁਸਾਰੀ ਹੈ। ਸੰਖੇਪ ਵਿਚ, ਇਨ੍ਹਾਂ ਦੋਹਾਂ ਬਾਵਨ ਅਖਰੀਆਂ ਦਾ ਨਿਵੇਕਲਾਪਨ ਇਨ੍ਹਾਂ ਦੀ ਬਾਹਰਲੀ ਬਣਤਰ ਜਾਂ ਇਨ੍ਹਾਂ ਦੇ ਬਹਿਰੰਗ ਰੂਪ ਵਿਚ ਹੈ। ਵਸਤੂ ਸਾਮਗ੍ਰੀ ਦੇ ਪਖੋਂ ਇਹ ਦੋਵੇਂ ਸਹਿਧਰਮੀ ਹਨ।

## ਫੁਟ ਨੋਟ

1. ਡਾ: ਮੋਹਨ ਸਿੰਘ ਦਿਵਾਨਾ, ਹਿਸਟਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ 115
2. ਡਾ: ਜੀਤ ਸਿੰਘ ਸੀਤਲ, ਪੰਜਾਬੀ ਸੀਹਰਫ਼ੀਆ (ਇਕ ਸਰਵੇਖਣ 'ਚੋਂ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਟੀ

ਇਸ ਤੋਂ ਪਹਿਲਾਂ ਇਹ ਨਿਖੇੜਾ ਕੀਤਾ ਜਾ ਚੁੱਕਾ ਹੈ ਕਿ ਪੱਟੀ ਵਰਣਮਾਲਾ ਆਧਾਰਿਤ ਕਾਵਿ ਰੂਪ ਹੈ । ਪੱਟੀ ਦਾ ਸ਼ਬਦੀ ਅਰਥ ਤਖਤੀ ਜਾਂ ਲਕੜ ਦੀ ਫਟੀ ਹੈ ਜੋ ਆਮ ਤੌਰ ਤੇ ਛੋਟੇ ਬੱਚਿਆਂ ਦੀ ਲਿਖਾਈ ਵਰਤੀ ਜਾਂਦੀ ਸੀ। ਉਨ੍ਹਾਂ ਸਮਿਆਂ ਵਿਚ ਤਖਤੀ ਜਾਂ ਪੱਟੀ ਹੀ ਲਿਖਾਈ ਦਾ ਪ੍ਰਚਲਤ ਢੰਗ ਸੀ ਇਸ ਲਈ ਇਸ ਰੂਪ ਦਾ ਨਾਮ ਪੱਟੀ ਪ੍ਰਚਲਤ ਹੋ ਗਿਆ ।

ਪੱਟੀ-ਰੂਪ ਦਾ ਆਗਾਜ਼ ਪੰਜਾਬੀ ਵਿਚ ਨਾਥ-ਜੋਗੀਆਂ ਦੀਆਂ ਰਚਨਾਵਾਂ ਨਾਲ ਹੋਇਆ । ਨਾਥ-ਜੋਗੀ ਆਮ ਤੌਰ ਤੇ ਸਾਧ ਭਾਖਾ ਵਿਚ ਬਾਣੀ ਉਚਾਰਦੇ ਸਨ । ਇਸ ਨੂੰ ਰਲੀ ਮਿਲੀ ਹਿੰਦਵੀ ਬੋਲੀ ਵੀ ਕਿਹਾ ਜਾਂਦਾ ਹੈ । ਇਨ੍ਹਾਂ ਜੋਗੀਆਂ ਨੇ ਚੌਂਤੀ ਅੱਖਰਾਂ ਤੇ ਆਧਾਰਿਤ ਚੌਂਤੀਸੀ ਕਵਿਤਾ ਲਿਖਣੀ ਸ਼ੁਰੂ ਕੀਤੀ । ਜਦੋਂ ਗੁਰਮੁਖੀ ਲਿਪੀ ਦਾ ਪਹਿਰਾ ਆਇਆ ਤਾਂ ਇਸ ਦੇ ਪੈਂਤੀ ਅੱਖਰ ਸਨ । ਇਸ ਲਈ ਗੁਰਮੁਖੀ ਵਰਣਮਾਲਾ ਤੇ ਆਧਾਰਿਤ ਕਾਵਿ-ਰਚਨਾਵਾਂ ਪੈਂਤੀ ਅੱਖਰੀਆਂ ਅਖਵਾਣ ਲਗ ਪਈਆਂ । ਇਸੇ ਨੂੰ ਪੱਟੀ ਵੀ ਕਿਹਾ ਜਾਂਦਾ ਹੈ । ਪੰਜਾਬੀ ਸਾਹਿਤ ਵਿਚ ਸਰਬ ਪ੍ਰਥਮ ਪੱਟੀ ਗੁਰੂ ਨਾਨਕ ਦੇਵ ਨੇ ਉਚਾਰੀ । ਇਹ ਪੱਟੀ ਆਸਾ ਵਿਚ ਦਰਜ ਹੈ । ਗੁਰੂ ਨਾਨਕ ਦੇਵ ਦੀ ਅਨੁਸਾਰਤਾ ਕਰਦੇ ਹੋਏ ਗੁਰੂ ਅਮਰਦਾਸ ਜੀ ਨੇ ਵੀ ਆਸਾ ਰਾਗ ਵਿਚ ਹੀ ਪੱਟੀ-ਰਚਨਾ ਦੀ ਸਿਰਜਣਾ ਕੀਤੀ ।

ਇਸ ਕਾਵਿ-ਰੂਪ ਦਾ ਪਹਿਲਾ ਪਛਾਣ ਚਿੰਨ੍ਹ ਹੈ, ਇਸ ਵਿਚਲੀ ਹਰ ਬਾਣੀ ਟੁਕੜੀ ਅੱਖਰ ਵਿਸ਼ੇਸ਼ ਨਾਲ ਆਰੰਭ ਹੁੰਦੀ ਹੈ ।

ਦੂਜਾ, ਇਸ ਅੱਖਰ ਦਾ ਉਚਾਰਣ ਪੰਜਾਬੀ ਵਾਲਾ ਹੀ ਹੈ ।

ਤੀਜਾ, ਇਹ ਸੰਬੋਧ ਵਿਸ਼ੇਸ਼ ਨੂੰ ਹਰ ਬਾਣੀ ਟੁਕੜੀ ਨਾਲ ਮੇਲ ਕੇ ਰੂਪਮਾਨ ਕਰਦੀ ਹੈ ।

ਚੌਥਾ, ਇਸ ਦੀ ਬਿਰਤੀ ਉਪਦੇਸ਼ਾਤਮਕ ਹੁੰਦੀ ਹੈ । ਤੇ ਬਾਣੀਕਾਰ ਇਸ ਰਾਹੀਂ ਭਰਮ ਭੁਲੇਖਿਆਂ ਨੂੰ ਦੂਰ ਕਰਕੇ ਜੀਵ ਕਲਿਆਣ ਲਈ ਉਚੇਰਾ ਸੰਦੇਸ਼ ਦੇਂਦੇ ਹਨ ।

ਧਿਆਨ ਜੋਗ ਨੁਕਤਾ ਤਾਂ ਇਹ ਹੈ, ਕੋਈ ਜ਼ਰੂਰੀ ਨਹੀਂ ਕਿ ਬਾਣੀਕਾਰ ਦੇ ਪਹਿਲੇ ਅੱਖਰ ਨਾਲ ਹੀ ਪੱਟੀ ਦਾ ਆਰੰਭ ਕਰਨ । ਇਹ ਉਨ੍ਹਾਂ ਦੀ ਆਪਣੀ ਮਰਜ਼ੀ ਹੈ ਕਿ ਕਿਸ ਅੱਖਰ ਤੋਂ ਰਚਨਾ ਵਿਸ਼ੇਸ਼ ਦਾ ਆਰੰਭ ਕਰਨਾ ਚਾਹੁੰਦੇ ਹਨ । ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਨੇ ਪਟੀ ਦਾ ਆਰੰਭ 'ਸਸੇ' ਅੱਖਰ ਨਾਲ ਕੀਤਾ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਹਲਕੀ ਜੇਹੀ ਵਿਚਾਰ ਪੱਟੀ ਰਚਨਾਵਾਂ ਉਪਰ ਕਰ ਲੈਣੀ ਸੰਗਤ ਪ੍ਰਤੀਤ ਹੁੰਦੀ ਹੈ। ਇਸ ਰਚਨਾ ਦਾ ਆਰੰਭ ਹੈ—

ੳ. ੴ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਮਹਲਾ ੧ ਪਟੀ ਲਿਖੀ

ਅ. ੴ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਮਹਲਾ ੩ ਪਟੀ ਲਿਖੀ

ਤੁਕ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਦੋਵੇਂ ਰਚਨਾਵਾਂ ਦੁਤੁਕੇ ਬੰਦ ਰਾਹੀਂ ਰੂਪਮਾਨ ਹੋਈਆਂ ਹਨ। ਦੋਹਾਂ ਵਿਚ ਪਹਿਲੇ ਬੰਦ ਤੋਂ ਬਾਅਦ ਇਕ ਰਹਾਉ ਹੈ। ਦੋਹਾਂ ਦੇ ਬਾਣੀ ਬੰਦ ਅੱਖਰ ਵਿਸ਼ੇਸ਼ ਨਾਲ ਆਰੰਭ ਹੁੰਦੇ ਹਨ। ਦੋਹਾਂ ਦੇ ਬਾਣੀ ਬੰਦ ਅੰਕ ਸੰਖਿਆ ਨੂੰ ਰੂਪਮਾਨ ਕਰਦੇ ਹਨ। ਦੋਹਾਂ ਵਿਚਲਾ ਫ਼ਰਕ ਇਹ ਹੈ ਪਹਿਲੀ ਰਚਨਾ ਦੇ 35 ਬਾਣੀ ਬੰਦ ਹਨ ਤੇ ਉਨ੍ਹਾਂ ਦਾ ਅੱਖਰ ਕ੍ਰਮ ਇਸ ਤਰ੍ਹਾਂ ਦਾ ਹੈ—

ਸ, ੲ, ੳ, ੜ, ਕ, ਖ, ਗ, ਘ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਰ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ, ਹ, ਅ,

ਪ੍ਰਚਲਿਤ ਵਰਣਮਾਲਾ ਦੇ ਅਨੁਸਾਰ ਗੁਰੂ ਨਾਨਕ ਦੇਵ ਰਚਿਤ ਪਟੀ ਦੀ ਪਹਿਲੀ ਪੰਕਤੀ ਵਿਚ ਅੰਤਰ ਹੈ। ਪ੍ਰਚਲਿਤ ਅੱਖਰ ਕ੍ਰਮ ਹੈ—ੳ, ਅ, ੲ, ਸ, ਹ।

ਮਹਲਾ ੧ ਦਾ ਹੈ—ਸ, ਸ, ੳ, ਹ ਅਤੇ ਅ ਨਾਲ ਸੰਬੰਧਿਤ ਬਾਣੀ-ਬੰਦ ਸਭ ਤੋਂ ਅਖੀਰ ਵਿਚ ਹਨ।

ਇਨ੍ਹਾਂ ਸਾਰੇ ਵਰਣਾਂ ਦਾ ਉਚਾਰਣ ਪੰਜਾਬੀ ਵਾਲਾ ਹੀ ਹੈ। ਹੁਣ ਵੇਖੋ ਗੁਰੂ ਅਮਰਦਾਸ ਦੀ ਬਾਣੀ ਦਾ ਅੱਖਰ-ਕ੍ਰਮ—ਅ, ਸ, ਬ, ਜ, ਤ, ਸ, ਮ, ਕ, ਤ, ਘ, ਪ, ਭ, ਝ, ਧ, ਗ, ਹ, ਰ—ਇਸ ਰਚਨਾ ਦੇ ਅਠਾਰਾਂ ਬਾਣੀ-ਬੰਦ ਹਨ। ਇਹ ਰਚਨਾ ਨਾ ਤਾਂ ਅੱਖਰ-ਕ੍ਰਮ ਨੂੰ ਨਿਬਾਹੁਣ ਵਲ ਰੁਚਿਤ ਹੈ ਤੇ ਨਾ ਹੀ ਵਰਣਮਾਲਾ ਦੇ ਪੈਂਤੀ ਅੱਖਰਾਂ ਨੂੰ ਆਪਣੀ ਰਚਨਾ ਦੇ ਸਿਰਜਣ ਦਾ ਮਾਧਿਅਮ ਬਣਾਇਆ ਹੈ। ਇਸਦਾ ਸਿਰਲੇਖ ਭਾਵੇਂ ਪਟੀ ਹੈ ਪਰ ਵਾਸਤਵਿਕਤਾ ਵਿਚ ਇਹ ਅਠਾਰਾਂ ਬਾਣੀ-ਬੰਦਾਂ ਦੀ ਰਚਨਾ ਹੈ।

ਇਸ ਕਾਵਿ-ਰੂਪ ਦੇ ਹੋਰ ਸਾਰੇ ਪਛਾਣ-ਚਿੰਨ੍ਹ ਇਸ ਵਿਚ ਮੌਜੂਦ ਹਨ ਸਿਵਾਏ ਅੱਖਰ-ਕ੍ਰਮ ਦੇ ਨਿਰਬਾਹ ਦੇ। ਅਧਿਆਤਮ ਸੁਨੇਹਾ ਤੇ ਉਪਦੇਸ਼-ਆਤਮਕ ਵਿਚਾਰ ਇਸ ਰਚਨਾ ਵਿਚ ਹਾਵੀ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤੀ ਗਈ ਪਟੀ, ਆਪਣੇ ਆਪ ਵਿਚ ਨਿਵੇਕਲੇ ਕਾਵਿ-ਰੂਪ ਨੂੰ ਪ੍ਰਮਾਣਿਤ ਕਰਦੀ ਹੈ। ਗੁਰੂ ਅਮਰਦਾਸ ਦੀ ਪਟੀ ਵਿਚ ਪੱਟੀ-ਸੰਬੋਧ ਤਾਂ ਮੌਜੂਦ ਹੈ ਪਰ ਪਟੀ ਕਾਵਿ-ਰੂਪ ਦੇ ਤਥਾ ਕਥਿਤ ਗੁਣ ਇਸ ਵਿਚ ਪੂਰਣ ਭਾਂਤਿ ਰੂਪਮਾਨ ਨਹੀਂ ਹੋਏ। ਇਹੋ ਬਾਣੀਕਾਰਾਂ ਦੀ ਵਿਲੱਖਣਤਾ ਵੀ ਹੈ ਕਿ ਉਹ ਕਲਾ ਕੌਸ਼ਲ ਨਾਲੋਂ ਉਸਦੇ ਸੰਕਲਪ ਪ੍ਰਤੀ ਸੁਚੇਤ ਸਨ।

ਹੁਣ ਕੁਝ ਬਾਣੀ-ਪਦ ਮਹਲਾ ੧ ਅਤੇ ੩ ਦੇ ਕ੍ਰਮਵਾਰ ਪੇਸ਼ ਹਨ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੳ. ਸਭੋ ਕੋਇ ਸਾਲਾਹੀ ਸਾਚਾ ਸਾਚੀ ਨਾਈਐ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲ ਭਇਆ ॥

ਅ. ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥
ਬੁਰਾ ਭਲਾ ਜੇ ਸਮ ਕਰ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥ ਮ: ੧॥

ੲ. ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥

ਸ. ਵਵੈ ਵਾਰੀ ਆਈਆ ਮੂੜੇ ਵਾਸੁ ਦੇਉ ਤੁਧੁ ਵੀਸਰਿਆ ॥
ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂ ਜਮ ਕੇ ਵਸਿ ਪਇਆ ॥ ਮ: ੩

ਉਪਰ ਅੰਕਿਤ ਬਾਣੀ-ਪਦਾਂ ਦੇ ਬਾਣੀ-ਪਾਠ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਦੋਹਾਂ ਬਾਣੀਕਾਰਾਂ ਦੀ ਬਾਣੀ ਵਿਚ ਤਾਤਵਿਕ ਭੇਦ ਨਹੀਂ, ਦੋਹਾਂ ਦਾ ਮੂੰਹ ਅਧਿਆਤਮ ਵਲ ਹੈ ਤੇ ਦੋਵੇਂ ਹੀ ਉਪਦੇਸ਼ ਮੁਖ ਵੀ ਹਨ। ਦੋਹਾਂ ਵਿਚ ਅੱਖਰ ਵਿਸ਼ੇਸ਼ ਨਾਲ ਬਾਣੀ-ਬੰਦ ਦਾ ਆਰੰਭ ਇਸ ਕਾਵਿ-ਰੂਪ ਦੇ ਪਛਾਣ-ਚਿੰਨ੍ਹ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੋਸ਼ਟ

ਗੋਸ਼ਟ ਦੋ ਧਿਰਾਂ ਦੇ ਸੰਬਾਦ ਲਈ ਰੂੜ੍ਹ ਹੈ। ਇਸ ਦਾ ਨਿਕਾਸ ਸੰਸਕ੍ਰਿਤ ਦੇ 'ਗੋਸ਼ਠੀ' ਸ਼ਬਦ ਤੋਂ ਹੋਇਆ। ਪਹਿਲੇ ਪਹਿਲ ਇਸ ਦਾ ਸੰਬੰਧ ਸਥਾਨ ਨਾਲ ਜੋੜਿਆ ਜਾਂਦਾ ਸੀ ਜਿਹਾ ਕਿ ਇਕੋ ਖ਼ਿਆਲ ਦੇ ਲੋਕ ਇਕੋ ਸਥਾਨ ਉੱਤੇ ਵਸ ਜਾਣ ਤਾਂ ਉਸ ਜਗ੍ਹਾ ਨੂੰ ਗੋਸ਼ਟ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਹੌਲੀ ਹੌਲੀ ਵਖੋ ਵਖਰੇ ਵਿਚਾਰ ਰੱਖਣ ਵਾਲਿਆਂ ਦੀ ਇਕ ਸਥਾਨ ਤੇ ਬੈਠ ਕੇ ਕੀਤੀ ਚਰਚਾ ਨੂੰ ਗੋਸ਼ਟੀ ਕਿਹਾ ਜਾਣ ਲਗਾ।

ਗੋਸ਼ਟ ਕਹਿਣ-ਸੁਣਨ ਦੀ ਕਲਾ ਵਲ ਰੁਚਿਤ ਹੈ। ਇਸਦਾ ਅਰਥ ਹੈ ਇਸ ਵਿਚ ਦੋ ਧਿਰਾਂ ਹੁੰਦੀਆਂ ਹਨ, ਇਕ ਕਹਿਣ ਵਾਲੀ ਦੂਜੀ ਸੁਣਨ ਵਾਲੀ। ਇਹ ਜ਼ਰੂਰੀ ਨਹੀਂ ਕਿ ਸੁਣਨ ਵਾਲੀ ਧਿਰ ਸਦਾ ਸੁਣੇਗੀ ਹੀ। ਸਗੋਂ ਦੋਹਾਂ ਵਿਚੋਂ ਇਕ ਵੇਲੇ ਇਕ ਧਿਰ ਕਹੇਗੀ ਦੂਜੀ ਸੁਣੇਗੀ।

ਗੋਸ਼ਟ ਵਿਚਾਰ-ਪ੍ਰਗਟਾਵੇ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਹੈ। ਪੁਰਾਤਨ ਸਾਹਿਤ ਵਿਚ ਇਹ ਇਕ ਰੂਪ ਕਰਕੇ ਜਾਣੀ ਜਾਂਦੀ ਹੈ। ਪੁਰਾਣੇ ਵੇਲਿਆਂ ਵਿਚ ਭਾਰਤ ਅਨੇਕ ਮਤਾਂ-ਮਤਾਂਤਰਾਂ ਅਤੇ ਸੰਪ੍ਰਦਾਵਾਂ ਦਾ ਸਾਮੂਹ ਸੀ ਤੇ ਇਹ ਅੱਜ ਵੀ ਹੈ। ਹਰ ਮਤ ਆਪਣੇ ਹੱਕ ਵਿਚ ਕੁਝ ਦਲੀਲਾਂ ਰੱਖਦਾ ਹੈ। ਆਉਣ ਜਾਣ ਦੇ ਸਾਧਨ ਬਹੁਤੇ ਨਾ ਹੋਣ ਕਰਕੇ ਦੋਹਾਂ ਧਿਰਾਂ ਦਾ ਮੇਲ ਅਚਾਨਕ ਹੀ ਕਈ ਵਾਰ ਹੋ ਜਾਂਦਾ। ਸਮੇਂ ਤੋਂ ਲਾਭ ਉਠਾ ਕੇ ਵਿਦਵਾਨ ਅਤੇ ਧਾਰਮਿਕ ਸੰਤ ਭਗਤ ਗੋਸ਼ਟੀ ਵਿਚ ਰੁੱਝ ਜਾਂਦੇ। ਇਸ ਤਰ੍ਹਾਂ ਬਹੁਤ ਸਾਰੇ ਦਾਰਸ਼ਨਿਕ ਮਸਲੇ ਨਿਖਾਰ ਵੀ ਪ੍ਰਾਪਤ ਕਰਦੇ। ਗੋਸ਼ਟਾਂ ਦਾ ਆਮ ਰਿਵਾਜ ਧਾਰਮਕ ਟੋਲਿਆਂ ਵਿਚ ਪਾਇਆ ਜਾਂਦਾ ਸੀ। ਮੁਸਲਮਾਨ ਫ਼ਕੀਰਾਂ ਵਿਚ ਗੋਸ਼ਟੀ ਕਰਨ ਦਾ ਰਿਵਾਜ ਆਮ ਸੀ। ਗੋਸ਼ਟ ਰਾਹੀਂ ਪੀਰ ਫ਼ਕੀਰ ਆਪਣੇ ਮੁਰੀਦਾਂ ਨੂੰ ਕਈ ਨੁਕਤਿਆਂ ਬਾਰੇ ਸਪਸ਼ਟ ਕਰਦੇ। ਉਨ੍ਹਾਂ ਦੇ ਸੰਸੇ ਨਵਿਰਤ ਕਰਦੇ। ਉਨ੍ਹਾਂ ਦੇ ਦਿਮਾਗ਼ੀ ਜਾਲੇ ਸਾਫ਼ ਕਰਕੇ ਚਿੰਤਨ ਦੇ ਸਵੱਛ ਰਾਹ ਉੱਤੇ ਤੋਰਦੇ। ਗੋਸ਼ਟ ਰੂਪ ਦੀ ਮੁੱਖ ਪਛਾਣ ਪ੍ਰਸ਼ਨ-ਉੱਤਰ ਹੈ। ਇਕ ਧਿਰ, ਪ੍ਰਸ਼ਨ ਪੁੱਛਦੀ ਹੈ। ਦੂਜੀ ਧਿਰ, ਉੱਤਰ ਦੇਂਦੀ ਹੈ। ਬਾਬਾ ਦਾਰਾ ਸ਼ਕੋਹ ਤੇ ਬਾਬੇ ਲਾਲ ਦੀ ਗੋਸ਼ਟ ਪ੍ਰਸ਼ਨੋਤਰੀ ਸ਼ੈਲੀ ਵਿਚ ਹੀ ਹੈ। ਪੰਜਾਬੀ ਵਾਰਤਕ ਵਿਚ ਗੋਸ਼ਟ ਇਕ ਵੰਨਗੀ ਨੂੰ ਰੂਪਮਾਨ ਕਰਦੀ ਹੈ। ਇਸ ਰਾਹੀਂ ਗੁਰਬਾਣੀ ਦੀ ਵਿਆਖਿਆ ਤੇ ਗੁਰੂ ਆਸ਼ੇ ਨੂੰ ਬੋਲ ਮਿਲੇ ਹਨ। ਜਨਮ ਸਾਖੀ ਦੇ ਰਾਹੀਂ ਗੋਸ਼ਟ-ਰੂਪ ਵਿਚ ਉਭਾਰਿਆ ਹੈ। ਗੁਰੂ ਨਾਨਕ ਦੇਵ ਜੀ ਅਨੇਕਾਂ ਮਤਾਂ-ਮਤਾਂਤਰਾਂ ਦੇ ਲੋਕਾਂ ਨੂੰ ਮਿਲੇ। ਉਨ੍ਹਾਂ ਨਾਲ ਵਿਚਾਰ ਵਟਾਂਦਰੇ ਕੀਤੇ। ਗੋਸ਼ਟ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੌਧਿਕ ਸੰਬਾਦ ਦੀ ਸੰਕੇਤਕ ਹੈ। ਦਾਰਸ਼ਨਿਕ ਵਿਚਾਰਾਂ ਦੀ ਵਿਆਖਿਆ ਇਸ ਰਾਹੀਂ ਨੇਪਰੇ ਚੜ੍ਹੀ ਹੈ। ਮਿਹਰਬਾਨ ਦੀਆਂ ਗੋਸ਼ਟਾਂ, ਮੱਕੇ ਦੀ ਗੋਸ਼ਟ, ਨਿਰੰਕਾਰ ਨਾਲ ਗੋਸ਼ਟ, ਕਲਜੁਗ ਨਾਲ ਗੋਸ਼ਟ, ਆਦਿ ਗੋਸ਼ਟ, ਆਦਿ ਗੋਸ਼ਟੀਆਂ ਪੁਰਾਤਨ ਪੰਜਾਬੀ ਵਾਰਤਕ ਵਿਚ ਮੌਜੂਦ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਗੋਸ਼ਟ-ਰੂਪ ਨੂੰ ਸਿਰਜਣ ਮਾਧਿਅਮ ਬਣਾਇਆ ਗਿਆ ਹੈ। ਗੁਰੂ ਨਾਨਕਦੇਵ ਜੀ ਨੇ ਸਿਧਾਂ ਨਾਲ ਸੰਬਾਦ ਰਚਾਉਂਦੇ ਹੋਏ ਇਸਦਾ ਨਾਮ 'ਸਿਧ ਗੋਸ਼ਟਿ' ਰਖਿਆ ਹੈ। ਜਨਮ ਸਾਖੀਆਂ ਵਾਲੀਆਂ ਗੋਸ਼ਟਾਂ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿਧ ਗੋਸ਼ਟਿ ਵਿਚ ਇਕ ਬੁਨਿਆਦੀ ਭੇਦ ਹੈ। ਜਨਮ ਸਾਖੀ ਵਾਲੀ ਗੋਸ਼ਟ ਬ੍ਰਿਤਾਂਤਕ ਮੁਹਾਂਦਰੇ ਵਾਲੀ ਹੈ ਤੇ ਸਿਧਗੋਸ਼ਟਿ ਦੇ ਨਕਸ਼ ਦਾਰਸ਼ਨਿਕ ਹੋਣ ਕਰ ਕੇ ਵਰਣਨਾਤਮਕ ਨੁਹਾਰ ਵਾਲੀ ਹੈ।

ਸਿਧ ਗੋਸ਼ਟਿ ਗੁਰੂ ਨਾਨਕ ਤੇ ਸਿਧਾਂ ਦੇ ਸੰਬਾਦ ਨੂੰ ਸਮਰਪਿਤ ਹੈ। ਇਸ ਵਿਚਲੇ ਵਿਚਾਰ ਦਾਰਸ਼ਨਿਕ ਹਨ। ਅਨੇਕਾਂ ਪ੍ਰਸਨ ਦਲੀਲ ਦੀ ਪੱਧਰ ਉਪਰ ਰੂਪਮਾਨ ਹੋਏ ਹਨ। ਸੰਜਮ ਅਤੇ ਗੰਭੀਰਤਾ ਇਸ ਦੇ ਦੋ ਪ੍ਰਮੁਖ ਪਛਾਣ-ਚਿੰਨ੍ਹ ਹਨ। ਵਿਚਾਰ ਕਾਟਵੇਂ ਰੂਪ ਵਿਚ ਦਲੀਲਬੱਧ ਹੋ ਕੇ ਪੇਸ਼ ਹੋਏ ਹਨ। ਇਸ ਵਿਚ ਇਕ ਪਾਸੇ ਜੋਗ ਮਤ ਹੈ ਤੇ ਦੂਜੇ ਪਾਸੇ ਗੁਰੂ ਨਾਨਕ ਮਤ। ਦੋਹਾਂ ਨੇ ਕੁਝ ਬੁਨਿਆਦੀ ਨੁਕਤੇ ਉਠਾਏ ਹਨ। ਗੋਸ਼ਟ ਰੂਪ ਅਨੁਸਾਰ ਇਕ ਧਿਰ ਹਾਰਦੀ ਜਾਂ ਮੰਦੀ ਪੈ ਜਾਂਦੀ ਹੈ। ਦੂਜੀ ਧਿਰ ਜਿਤਦੀ ਜਾਂ ਉੱਭਰਦੀ ਹੈ। ਸਿਧਗੋਸ਼ਟਿ ਵਿਚ ਗੁਰੂ ਨਾਨਕ ਮਤ ਨੂੰ ਭਰਵੇਂ ਬੋਲ ਮਿਲੇ ਹਨ। ਇਥੇ ਕੁਝ ਪ੍ਰਸ਼ਨ-ਉੱਤਰ ਦਰ ਪੇਸ਼ ਹਨ—

ੳ. ਪ੍ਰਸ਼ਨ—ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗ ਕਉਨੁ ਸੁਆਉ ॥
ਉੱਤਰ—ਸਾਚੁ ਕਹਉ ਅਰਦਾਸ ਹਮਾਰੀ ਹਉ ਸੰਤਜਨਾ ਬਣ ਜਾਉ ॥

ਅ. ਪ੍ਰਸ਼ਨ—ਦੁਨੀਆਂ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥

... ... ...

ਉੱਤਰ—ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ,
ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

ੲ. ਪ੍ਰਸ਼ਨ—ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ,ਕਵਨੁ ਸੁ ਅੰਤਰਿ ਬਾਹਿਰ ਜੁਗਤਾ॥
ਕਵਨੁ ਆਵੈ ਕਵਨੁ ਸੁ ਜਾਇ, ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥
ਉੱਤਰ—ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ,ਅੰਤਰ ਬਾਹਿਰ ਸਬਦ ਸੁ ਜੁਗਤਾ॥
ਮਨਮੁਖਿ ਬਿਨਸੈ ਆਵੈ ਜਾਇ ਨਾਨਕ ਗੁਰਮੁਖਿ ਸਾਚਿ ਸਮਾਇ ॥

ਸ. ਪ੍ਰਸ਼ਨ—ਕਿਸੁ ਕਾਰਨ ਗ੍ਰਹਿ ਤਜਿਓ ਉਦਾਸੀ,ਕਿਸੁ ਕਾਰਣ ਇਹੁ ਭੇਖੁ ਨਿਵਾਸੀ ॥
ਕਿਸੁ ਵਖਰੁ ਕੇ ਤੁਮ ਵਣਜਾਰੇ, ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥
ਉੱਤਰ—ਗੁਰਮੁਖ ਖੋਜਤ ਭਏ ਉਦਾਸੀ, ਦਰਸਕ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ, ਨਾਨਕ ਗੁਰਮੁਖਿ ਉਤਰਸ ਪਾਰੇ ॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਾਹਿਰ ਹੈ, ਜੋਗੀ ਮੂਲ ਦੇ ਵਿਸ਼ਵਾਸੀ ਹਨ। ਗੁਰੂ ਨਾਨਕ ਦੇਵ ਕਾਲ ਮੂਰਤਿ ਦੇ। ਜੋਗੀ ਪ੍ਰਕ੍ਰਿਤੀ, ਪ੍ਰਾਣ, ਮਨ ਦੇ ਵਿਚ ਵਿਸ਼ਵਾਸ ਰੱਖਦੇ ਹਨ। ਗੁਰੂ ਸਾਹਿਬ ਇਨ੍ਹਾਂ ਨੂੰ ਕਰਤੇ ਦੀ ਖੇਡ ਮੰਨਦੇ ਹਨ। ਕੇਵਲ ਕਰਤਾ ਪੁਰਖ ਅਨਾਦੀ ਹੈ। ਜੋਗੀ ਸ਼ਬਦ ਦਾ ਵਿਸ਼ਵਾਸੀ ਹੈ। ਗੁਰੂ ਜੀ ਬ੍ਰਹਮ ਨੂੰ ਮੰਨਦੇ ਹਨ। ਜੋਗੀ ਸਮਾਧੀ ਨੂੰ ਮੰਨਦੇ ਹਨ। ਗੁਰੂ ਜੀ ਦਾ ਧਰਮ-ਧੁਰਾ ਨਾਮ ਹੈ। ਗੁਰਮੁਖਿ ਤੇ ਮਨਮੁਖ ਦੀ ਵਿਆਖਿਆ ਗੁਰੂ ਨਾਨਕ ਚਿੰਤਨ ਨੂੰ ਨਿਵੇਕਲਾਪਨ ਦੇਂਦਾ ਹੈ। ਕੁਲ ਮਿਲਾ ਕੇ, ਸਿਧ ਗੋਸਟਿ ਵਿਚ ਗੁਰੂ ਨਾਨਕ ਮਤ ਦੇ ਮੂਲ ਨੁਕਤੇ—ਬ੍ਰਹਮ ਜੋਤਿ (ਆਤਮਾ) ਹੁਕਮ, ਰਜਾ, ਵਿਸਮਾਦ, ਸਿਮਰਨ, ਕਿਰਪਾ; ਸਹਿਜ ਤੇ ਸੇਵਾ ਆਦਿ ਦੀ ਸਪਸ਼ਟ ਵਿਆਖਿਆ ਹੋਈ ਹੈ। ਇਸ ਦੇ ਨਾਲ ਹੀ ਜੋਗਮਤ ਦੇ ਕੁਝ ਬੁਨਿਆਦੀ ਨੁਕਤੇ ਵੀ ਸਾਹਮਣੇ ਆਏ ਹਨ ਜਿਹਾ ਕਿ ਸ਼ਬਦਵਾਦ, ਪ੍ਰਕ੍ਰਿਤੀ, ਕਾਰਣ-ਕਾਰਜ, ਗਿਆਨ, ਸਮਾਧੀ, ਪ੍ਰਾਣਾਯਾਮ, ਜੁਗਤੀ, ਨਿਰਵਿਰਤੀ ਹਨ, ਰਿਧੀ ਸਿਧੀ ਆਦਿ ਨਾਲ ਗੁਰੂ ਸਾਹਿਬ ਨੇ ਮਤਭੇਦ ਪ੍ਰਗਟ ਕੀਤਾ ਹੈ।

ਸੰਖੇਪ ਵਿਚ, ਗੋਸ਼ਟ-ਰੂਪ ਦੀ ਜਿੰਦ ਜਾਨ ਤਾਰਕਿਕਤਾ ਹੈ। ਪ੍ਰਸ਼ਨ ਉੱਤਰ ਸ਼ੈਲੀ ਵਿਚ ਸੰਬਾਦ ਦਾ ਆਧਾਰ ਬੌਧਿਕਤਾ ਹੈ। ਉਂਞ ਸੰਬਾਦ ਨਿੱਜ ਅਤੇ ਪਰ ਦੋਹਾਂ ਨਾਲ ਹੋ ਸਕਦਾ ਹੈ। ਸਿਧ ਗੋਸ਼ਟਿ ਵਿਚ ਸੰਬਾਦ ਨਿੱਜ ਆਤਮ ਨਹੀਂ ਸਗੋਂ ਦੂਸਰੀ ਧਿਰ ਨਾਲ ਹੈ। ਇਸ ਰਾਹੀਂ ਦੋ ਵਖਰੇ ਮਤਾਂ ਦਾ ਨਿਵੇਕਲਾਪਨ ਸਾਹਮਣੇ ਆਇਆ ਹੈ ਤੇ ਗੁਰੂ ਨਾਨਕ ਮਤ ਨੂੰ ਪ੍ਰਮੁਖਤਾ ਪ੍ਰਾਪਤ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਕ ਬਾਣੀ ਹੋਰ ਵੀ ਹੈ ਜੋ 'ਦਖਣੀ ਓਅੰਕਾਰ' ਕਰਕੇ ਪ੍ਰਸਿੱਧ ਹੈ। ਉਸਦੀ ਬਿਰਤੀ ਵੀ ਸੰਬਾਦੀ ਹੈ ਪਰ ਇਕ ਰਚਨਾ ਰੂਪ ਕਰਕੇ ਰੂੜ੍ਹ ਨਹੀਂ। ਮੱਧਕਾਲੀ ਸਾਹਿਤ ਵਿਚ ਗੋਸਟਿ ਰੂਪ ਗਦ ਪਦ ਦੋਹਾਂ ਵਿਚ ਮਕਬੂਲ ਰਿਹਾ ਹੈ। ਗੋਸਟਿ ਵੰਨਗੀ ਦੀ ਪ੍ਰਮਾਣਿਕ ਛਾਪ ਪਦ ਕਾਵਿ ਵਿਚ ਸਿਧਗੋਸਟਿ ਹੀ ਹੈ।

ਰੂਪ ਦੀ ਦ੍ਰਿਸ਼ਟੀ ਤੋਂ ਇਸ ਵਿਚ ਦੋ ਪ੍ਰਕਾਰ ਦੀ ਬੰਦ ਰਚਨਾ ਮੌਜੂਦ ਹੈ। ਪਹਿਲੀ ਤਰ੍ਹਾਂ ਦਾ ਬੰਦ ਚਉਤੁਕਾ ਹੈ ਤੇ ਦੂਸਰੀ ਤਰ੍ਹਾਂ ਦਾ ਛੇ ਤੁਕਾਂ। ਇਸ ਰਚਨਾ ਦੇ ਕੁਲ 73 ਬੰਦ ਹਨ। ਪਉੜੀ ਜਾਂ ਸਲੋਕ ਦਾ ਉਪਸਿਰਲੇਖ ਵੀ ਅੰਕਿਤ ਨਹੀਂ ਇਸ ਵਿਚ ਇਕ ਰਹਾਉ ਵੀ ਹੈ। ਇਸ ਰਚਨਾ ਦਾ ਪੂਰਾ ਸਿਰਲੇਖ ਹੈ—

ੴ ਸਤਿਗੁਰ ਪ੍ਰਸਾਦਿ

ਰਾਮਕਲੀ ਮਹਲਾ ੧ ਸਿਧਗੋਸਟਿ

ਇਸ ਸਿਰਲੇਖ ਤੋਂ ਇਹ ਪਤਾ ਨਹੀਂ ਲਗਦਾ ਕਿ ਇਸ ਰਚਨਾ ਰੂਪ ਨੂੰ ਪਉੜੀ ਰੂਪ ਮੰਨਿਆ ਜਾਏ ਜਾਂ ਪਦਾ ਰੂਪ। ਪਦਾ ਰੂਪ ਦਾ ਪ੍ਰਮੁਖ ਪਛਾਣ ਚਿੰਨ੍ਹ ਉਸ ਵਿਚ ਰਹਾਉ ਦੀ ਵਰਤੋਂ ਹੁੰਦੀ ਹੈ। ਜਿਹਦਾ ਇਸ ਰਚਨਾ ਵਿਚ ਅਭਾਵ ਹੈ। ਇਸ ਦੀ ਬੰਦ-ਬੰਦਿਸ਼ ਪਉੜੀ ਵਾਲੀ ਮਾਲੂਮ ਹੁੰਦੀ ਹੈ ਪਰ ਖ਼ੁਦ ਬਾਣੀਕਾਰ ਨੇ ਇਸ ਉਪ-ਸਿਰਲੇਖ ਦਾ ਸੰਕੇਤ ਨਹੀਂ ਦਿਤਾ। ਹਾਲ ਦੀ ਘੜੀ ਏਨਾ ਕੁ ਜਾਣ ਲੈਣਾ ਹੀ ਉਚਿਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ ਇਸ ਵਿਚ ਹੈ ਦੇ ਬਦਿਸ਼ਾ ਰੂਪਮਾਨ ਹਏਆ ਹਨ। ਪਹਿਲੀ, ਚਉਤੁਕਾ ਹੈ। ਇਸ ਵਿਚ 15 ਅੰਕਿਤ ਬਾਣੀ ਬੰਦ ਦਰਜ ਹਨ—

1, 2, 3, 4; 5, 6, 7, 8, 9, 10, 11, 12, 13, 14, 15, 16, 17, 18 ਅਤੇ 26

ਛੇ ਤੁਕੇ—19, 20, 21, 22. 23, 24, 25 ਤੇ 27 ਤੋਂ ਲੈ ਕੇ 73 ਤਕ।

ਇਸ ਰਚਨਾ ਰੂਪ ਵਿਚ ਤੁਕ ਸੰਕੇਤ, ਪਦਾ ਸੰਕੇਤ ਤੇ ਬੰਦ ਸੰਕੇਤ ਲੁਪਤ ਹੈ ਜਾਂ ਕਹੋ ਗੌਣ ਹਨ ਪ੍ਰਮੁਖਤਾ ਗੋਸਟਿ-ਰੂਪ ਨੂੰ ਮਿਲੀ ਹੈ ਜਿਸਦਾ ਸਪਸ਼ਟ ਸੰਕੇਤ ਬਾਣੀਕਾਰ ਨੇ ਦੇ ਦਿਤਾ ਹੈ। ਇਸ ਰਚਨਾ ਰੂਪ ਦਾ ਦੁਹਰਾਉ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੋਇਆ। ਦੁਧਿਰਾ ਸੰਬਾਦ, ਤਰਕਸ਼ੀਲਤਾ, ਅਧਿਆਤਮਵਾਦ, ਸੰਖੇਪਤਾ ਤੇ ਪ੍ਰਸ਼ਨੋਤਰੀ ਸ਼ੈਲੀ ਇਸਦੇ ਨਿਵੇਕਲੇ ਪਛਾਣ ਚਿੰਨ੍ਹ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੋਲਹੇ

ਸ਼ਬਦਾਰਥ ਅਨੁਸਾਰ ਸੋਲਾਂ ਪਦਾਂ ਵਾਲੇ ਸ਼ਬਦ ਨੂੰ ਸੋਲਹੇ ਕਿਹਾ ਹੈ, ਪਰ ਸੋਲਹੇ 15, 17, 21 ਪਦਾਂ ਦੇ ਵੀ ਆਉਂਦੇ ਹਨ ![1] ਸਾਡੇ ਵਿਵੇਚਨ ਅਨੁਸਾਰ ਪੰਚਮ ਗੁਰੂ ਦਾ ਇਕ ਸੋਲਹਾ ਅੰਕ 8 ਜੋ ਕਿ ਆਦਿ ਗ੍ਰੰਥ 1074 ਤੋਂ ਆਰੰਭ ਹੁੰਦਾ ਹੈ ਤੇ 1075 ਉਤੇ ਸਮਾਪਤ ਹੁੰਦਾ ਹੈ, ਦੇ ਬੰਦਾਂ ਦਾ ਸਪਸ਼ਟ ਜੋੜ 9 ਹੈ। ਸਪਸ਼ਟ ਹੈ, ਸ੍ਰੀ ਆਦਿ ਗ੍ਰੰਥ ਤਥਾ ਗੁਰੂ ਅਰਜਨ ਕਾਵਿ ਵਿਚ ਇਕ ਸੋਲਹਾ 9 ਬੰਦਾਂ ਦਾ ਵੀ ਹੈ। ਇਹ ਕਾਵਿ ਰੂਪ ਗੁਰੂ ਅੰਗਦ ਦੇਵ, ਗੁਰੂ ਤੇਗ ਬਹਾਦਰ ਨੂੰ ਛੱਡ ਕੇ ਬਾਕੀ ਦੇ ਸਾਰਿਆਂ ਗੁਰੂਆਂ ਨੇ ਵਰਤੋਂ ਵਿਚ ਲਿਆਂਦਾ ਹੈ। ਇਸ ਕਾਵਿ ਰੂਪ ਦਾ ਪ੍ਰਯੋਗ ਕੇਵਲ ਮਾਰੂ ਰਾਗ ਵਿਚ ਹੀ ਕੀਤਾ ਗਿਆ ਹੈ। ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਨੇ 22, ਗੁਰੂ ਅਮਰਦਾਸ ਨੇ 24 ਗੁਰੂ ਰਾਮਦਾਸ ਨੇ 2 ਅਤੇ ਗੁਰੂ ਅਰਜਨ ਦੇਵ ਨੇ 14 ਸੋਲਹੇ ਰਚੇ ਹਨ। ਸੋਲਹੇ ਦੀ ਰੂਪ ਵਿਧੀ ਨੂੰ ਸਮਝਣ ਲਈ ਬਹੁਤੇ ਵਿਚ ਨਾ ਉਲਝ ਕੇ ਇਥੇ ਇਕ ਬਾਣੀਕਾਰ ਅਥਵਾ ਗੁਰੂ ਅਰਜਨ ਦੇਵ ਦੇ ਸੋਲਹਿਆਂ ਦੀ ਰੂਪ ਵਿਧੀ ਨੂੰ ਸਮਝਣਾ ਉਚਿਤ ਪ੍ਰਤੀਤ ਹੁੰਦਾ ਹੈ। ਇਹ ਰੂਪ ਵਿਧੀ ਇਸ ਪ੍ਰਕਾਰ ਹੈ—

| ਸੋਲਹੇ ਅੰਕ | ਬੰਦ ਸੰਖਿਆ | ਤੁਕ ਸੰਖਿਆ |
|---|---|---|
| 1 | 16 | 3 |
| 2 | 15 | 3 |
| 3 | 17 | 3 |
| 4 | 9 | 3 |
| 5 | 16 | 3 |
| 6 | 19 | 3 |
| 7 | 15 | 3 |
| 8 | 16 | 3 |
| 9 | 16 | 3 |
| 10 | 16 | 3 |
| 11 | 21 | 3 |
| 12 | 15 | 3 |
| 13 | 16 | 3 |
| 14 | 15 | 3 |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ: ਤਾਰਨ ਸਿੰਘ ਨੇ 'ਸੋਲਹਿਆਂ' ਨੂੰ 'ਸੋਹਲਿਆਂ' ਲਿਖਿਆ ਹੈ। ਇਹ ਦੋਵੇਂ ਸ਼ਬਦ ਆਦਿ ਗ੍ਰੰਥ ਵਿਚ ਅੰਕਿਤ ਹਨ। ਸੋਹਿਲਾ ਆਦਿ ਗ੍ਰੰਥ ਪੰਨਾ 12 ਤੇ ਸੋਲਹੇ ਆਦਿ ਗ੍ਰੰਥ ਪੰਨਾ 1020 ਉਪਰ। ਇਨ੍ਹਾਂ ਦੋਹਾਂ ਸ਼ਬਦਾਂ ਦਾ ਨਿਖੇੜਾ ਜੋਗ ਪ੍ਰਤੀਤ ਹੈ।

ਲੋਕ ਜੀਵਨ ਵਿਚ ਜਨਮ ਉਤਸਵ ਦੇ ਗੀਤਾਂ ਨੂੰ ਸੋਹਰ ਦੀ ਸੰਗਿਆ ਦਿਤੀ ਗਈ ਹੈ। ਸੋਹਰ ਇਸਤ੍ਰੀ ਦੇ ਗਰਭਵਤੀ ਹੋਣ ਉਪਰ ਤੇ ਬੱਚੇ ਦੇ ਜਨਮ ਤੋਂ ਬਾਅਦ ਵਿਸ਼ੇਸ਼ ਕਰਕੇ ਛੁਟੀ ਦੇ ਦਿਨ ਗਾਏ ਜਾਂਦੇ ਹਨ। ਸੋਹਰ ਨੂੰ ਸੋਹਲੇ ਜਾਂ ਸੋਹਿਲਾ ਵੀ ਕਿਹਾ ਜਾਂਦਾ ਹੈ। ਅਸਲ ਵਿਚ ਸੋਹਰ ਇਕ ਮੰਗਲ ਗੀਤ ਹੈ ਤੇ ਇਸ ਨੂੰ ਮੰਗਲ ਵੀ ਕਿਹਾ ਜਾਂਦਾ ਹੈ।[3] ਸ੍ਰੀ ਆਦਿ ਗ੍ਰੰਥ ਵਿਚ ਗੁਰੂ ਨਾਨਕ ਰਚਿਤ 'ਕੀਰਤਨ ਸੋਹਿਲਾ' ਦਾ ਵਿਸ਼ਾ-ਵਸਤੂ ਇਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ। ਕੀਰਤਨ ਸੋਹਿਲਾ ਘਰੋਗੀ ਚਿੱਤਰ ਨੂੰ ਰੂਪਮਾਨ ਕਰਦਾ ਹੈ। ਇਸ ਰਚਨਾ ਦਾ ਕੇਂਦਰੀ ਨੁਕਤਾ ਘਰੋਗੀ ਬਿੰਬ ਹੈ। ਜੀਵ ਨਿੰਮਦਾ ਹੈ। ਇਸਤ੍ਰੀ ਗਰਭਵਤੀ ਹੁੰਦੀ ਹੈ। ਪ੍ਰਭੂ ਜੀਵ ਨੂੰ ਸਿਰਜਦਾ ਹੈ। ਸ਼ਿਸ਼ੂ ਪੈਦਾ ਹੁੰਦਾ ਹੈ। ਮਾਂ ਸਾਰ-ਸੰਭਾਲ ਕਰਦੀ ਹੈ। ਪ੍ਰਭੂ ਦਾਤਾਰ ਦੇ ਰੂਪ ਵਿਚ ਸਭ ਲੋੜਾਂ ਪੂਰੀਆਂ ਕਰਦਾ ਹੈ। ਬੱਚਾ ਜਵਾਨ ਹੁੰਦਾ ਹੈ। ਮਾਂ ਸ਼ਗਨ ਮਨਾਉਂਦੀ ਹੈ। ਆਂਢਣਾਂ ਗੁਆਂਢਣਾਂ ਨੂੰ ਸੱਦਾ ਦਿਤਾ ਜਾਂਦਾ ਹੈ। ਸਭ ਇਸਤ੍ਰੀਆਂ ਮਿਲ ਕੇ ਖ਼ੁਸ਼ੀ ਦੇ ਗੀਤ ਗਾਉਂਦੀਆਂ ਹਨ ਤੇ ਅਸੀਸ ਕਰਦੀਆਂ ਹਨ ਕਿ ਅਜਿਹੇ ਦਿਨ ਹਰ ਇਕ ਦੇ ਘਰ ਰੋਜ਼ ਰੋਜ਼ ਆਉਣ। ਇਹ ਰਚਨਾ ਦੂਹਰੇ ਭਾਵ ਵਾਲੀ (Allegory) ਕਵਿਤਾ ਹੈ। ਇਹ ਮਨੁੱਖ ਦੀ ਸਾਂਝ ਮਨੁੱਖੀ ਸ਼ਗਨਾ ਨਾਲ ਵੀ ਪੁਆਉਂਦੀ ਹੈ ਤੇ ਸਿਰਜਣਹਾਰ ਪ੍ਰਭੂ ਨਾਲ ਵੀ। ਪ੍ਰਭੂ ਦੇ ਉਪਕਾਰਾਂ ਦਾ ਵਰਣਨ ਵੀ ਤੇ ਪ੍ਰਭੂ ਮਹਿਮਾ ਗਾਇਨ ਦੀ ਪ੍ਰੇਰਣਾ ਵੀ।

ਨਿਰਣੈ ਵਜੋਂ 'ਸੋਹਿਲਾ' ਮੰਗਲ ਗੀਤ ਹੈ ਤੇ ਸੋਲਹਾ ਇਕ ਕਾਵਿ ਰੂਪ ਡਾ: ਤਾਰਨ ਸਿੰਘ ਦੇ ਮਤ ਅਨੁਸਾਰ ਸੋਹਲਿਆਂ ਦਾ ਆਮ ਵਿਸ਼ਾ ਬ੍ਰਹਮੰਡ ਦੀ ਉਤਪਤੀ ਤੇ ਵਿਕਾਸ ਹੈ ਤੇ ਬੜੀ ਦੀਰਘ ਵਿਸ਼ਾਲਤਾ ਨਾਲ ਨਿਭਾਇਆ ਗਿਆ ਹੈ। ਗੁਰੂ ਸਾਹਿਬ ਦੀ ਕਲਪਨਾ ਜੁਗਾਂ ਨੂੰ ਚੀਰਦੀ ਹੈ ਤੇ ਪਾਤਾਲਾ ਪਾਤਾਲ ਲਖ ਅਗਾਸਾ ਨੂੰ ਗਾਂਹਦੀ ਹੈ ਤੇ ਸੁੰਨ ਤੋਂ ਧੁੰਧੁਕਾਰ ਦੀ ਉੱਤਪਤੀ ਦਸਦੀ ਹੈ ਤੇ ਸਾਰੀ ਵਿਸ਼ਾਲ ਕੁਦਰਤ ਦੀ ਸੁੰਦਰਤਾ ਦਾ ਚਿਤ੍ਰ ਉਲੀਕਦੀ ਹੈ।[4] ਅਸੀਂ ਸੋਲਹਿਆਂ ਦਾ ਵਿਸ਼ਾ ਵਸਤੂ ਭਾਵ ਬਿਰਤੀ ਦੇ ਅਨੁਸਾਰ ਵਿਚਾਰਿਆ ਹੈ। ਜਿਨ੍ਹਾਂ ਪਦਿਆਂ ਦੀ ਆਪਸੀ ਭਾਵ ਤਦਰੂਪਤਾ ਸੀ, ਉਨ੍ਹਾਂ ਨੂੰ ਇਕੋ ਥਾਵੇਂ ਰਖ ਕੇ ਵਿਚਾਰਿਆ ਗਿਆ ਹੈ।

**ਵਿਸ਼ਾ ਵਸਤੂ—**

ਮਾਰੂ ਸੋਹਲੇ ਅੰਕ—1, 3, 5, 6, 8, 9, 10, 11, 12, 13

ਇਨ੍ਹਾਂ ਸੋਲਹਿਆਂ ਦੀ ਮੁਖ ਬਿਰਤੀ ਪ੍ਰਭੂ ਮਹਿਮਾ ਵਾਚਕ ਹੈ। ਹਰੀ ਅਥਵਾ ਹਰੀ ਨਾਮ ਦੀ ਮਹਿਮਾ ਅੱਡ ਅੱਡ ਦ੍ਰਿਸ਼ਟਾਂਤਾਂ ਰਾਹੀਂ ਕੀਤੀ ਗਈ ਹੈ।

ਕਲਾ ਉਪਾਇ ਧਰੀ ਜਿਨਿ ਧਰਣਾ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਗਨੁ ਰਹਾਇਆ ਹੁਕਮੇ ਚਰਣਾ ॥

ਪ੍ਰਭੂ ਨੇ ਦ੍ਰਿਸ਼ਟਮਾਨ ਜਗਤ ਨੂੰ ਇਕ ਕਲਾ ਰਾਹੀਂ ਪ੍ਰਗਟ ਕੀਤਾ ਹੈ। ਸਭ ਵਸਤੂਆਂ ਨੂੰ ਆਪਣੇ ਆਪ ਵਿਚ ਸਿਮਟਣ ਯੋਗ ਵੀ ਬਣਾਇਆ ਹੈ ਤੇ ਇਕ ਦੂਜੀਆਂ ਦੀ ਸਹਾਇਕ ਵੀ। ਜਿਹਾ ਕਿ ਅਗਨੀ ਦਾ ਲਕੜੀ ਵਿਚ ਸਿਮਟ ਕੇ ਰਹਿਣਾ। ਸਮਾਂ ਪੈਣ ਉਪਰ ਕਲਾ ਰਾਹੀਂ ਪ੍ਰਗਟ ਕਰ ਲੈਣਾ, ਪ੍ਰਭੂ ਦਾ ਸਭ ਜੀਆਂ ਜੰਤਾਂ (ਜਲੀਂ, ਥਲੀਂ, ਪਤਾਲੀਂ ਤੇ ਅਕਾਸ਼ੀਂ) ਦਾ ਰਾਜ਼ਕ ਹੋਣਾ,ਮਾਤ ਗਰਭ ਵਿਚ ਰੱਖਿਆ ਕਰਨੀ, ਗਰੀਬੋਂ ਅਮੀਰ ਅਤੇ ਮਹਾਰਾਜਿਉਂ ਫ਼ਕੀਰ ਕਰਨ ਦੀ ਕਲਾ ਆਦਿ ਸਭ ਉਸ ਦੇ ਹੀ ਹੱਥ ਵਿਚ ਹੈ। ਅਜਿਹੇ ਜੁਗਤੀ ਪ੍ਰਭੂ ਦੇ ਨਾਮ ਜਪਣ ਵਾਲਾ ਪਤਵੰਤਾ ਧਨਵੰਤਾ ਅਥਵਾ ਬਲਵਾਨ ਹੈ। ਆਨੰਦੀ ਪ੍ਰਭੂ ਆਪ ਹੀ ਆਪਣੀ ਰਚਨਾ ਰਾਹੀਂ ਘਟ ਘਟ ਵਿਚ ਆਨੰਦ ਭੋਗ ਰਿਹਾ ਹੈ "ਕਰੈ ਆਨੰਦ ਅਨੰਦੀ ਮੇਰਾ, ਘਟਿ ਘਟਿ ਪੂਰਨੁ ਸਿਰਿ ਸਿਰਹਿਨਿਬੇਰਾ" ਪ੍ਰਭੂ ਦਾ ਨਿਆਉਂ ਸਚਾ ਹੈ ਜਿਸ ਨੂੰ ਪ੍ਰਭੂ-ਕ੍ਰਿਪਾ ਦੁਆਰਾ ਗੁਰੁ ਸ਼ਬਦ ਨਾਲ ਹੀ ਜਾਣਿਆ ਜਾ ਸਕਦਾ ਹੈ। ਇਸ ਦੇ ਮੁਕਾਬਲੇ ਉਤੇ ਕਲਜੁਗੀ ਕਰਮ ਕਾਂਡ ਬੇਰੁਤੇ ਬੀਜ ਦੀ ਤਰ੍ਹਾਂ ਹਨ ਜੋ ਫ਼ਲਦਾਇਕ ਨਹੀਂ ਹੁੰਦੇ। ਸਭ ਜਗਤ ਰਚਨਾ-ਜੜ੍ਹ, ਜੰਗਮ, ਪਸ਼ੂ, ਪੰਛੀ, ਧਰਤੀ ਅਸਮਾਨ, ਆਦਿ ਪ੍ਰਭੂ ਦੇ ਹੁਕਮ ਅਨੁਸਾਰ ਹੀ ਆਉਂਦਾ ਹੈ "ਤੁਮਹਿ ਪਠਾਏ ਤਾ ਜਗ ਮਹਿ ਆਏ" ਇਸ ਜੁਗਤ-ਅਖਾੜੇ ਅੰਦਰ ਕਈ ਉਸ ਦੇ ਹੁਕਮ ਅੰਦਰ ਘਰ ਵਿਚ ਹੀ ਰਹਿੰਦੇ ਹਨ। ਕਈ ਫ਼ਕੀਰ ਬਣਕੇ ਘੁੰਮਦੇ ਹਨ। ਇਕ ਘਾਹੀ ਅਥਵਾ ਇਕ ਰਾਜੇ ਹਨ। ਤੇਰੇ ਹੁਕਮ ਅੰਦਰ ਹੀ ਮੁਕਤੀ ਅਤੇ ਨਰਕ ਹੈ। ਸੰਸਾਰੀ ਅਤੇ ਭਗਤ ਹਨ। ਦਾਨੀ ਅਤੇ ਹੋਛੇ ਹਨ। ਉਚੀ ਮਤ ਵਾਲੇ ਅਤੇ ਮੂਰਖ ਹਨ। ਤੇਰੀ ਵੱਡੀ ਵਡਿਆਈ ਦਾ ਕੋਈ ਵੀ ਸ਼ਰੀਕ ਨਹੀਂ। ਤੇਰੇ ਨਾਮ ਵੀ ਤਾਂ ਅਨੇਕ ਹਨ—

ਕਿਰਤਮ ਨਾਮ ਕਥੈ ਤੇਰੇ ਜਿਹਬਾ
ਸਤਿਨਾਮੁ ਤੇਰਾ ਪਰਾ ਪੁਰਬਲਾ ॥

**ਮਾਰੂ ਸੋਲਹੇ ਅੰਕ**—12 ਵਿਚ ਇਸਲਾਮੀ ਰਹੱਸਵਾਦ ਦੀ ਸਿਧਾਂਤਕ ਸ਼ਬਦਾ-ਵਲੀ ਪ੍ਰਯੁਕਤ ਕਰਕੇ—

ਅਲਹ ਅਗਮ ਖੁਦਾਈ ਬੰਦੇ
ਛੋਡਿ ਖਿਆਲ ਦੁਨੀਆਂ ਕੇ ਧੰਧੇ,
ਹੋਇ ਪੈਖਾਕ ਫਕੀਰ ਮੁਸਾਫਰੁ
ਇਹ ਦਰਵੇਸੁ ਕਬੁਲੁ ਦਰਾ ॥ ੧੨,੧੦੮੩

ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ—

**ਮਾਰੂ ਸੋਲਹੇ ਅੰਕ**—4, 14 ਗੁਰੂ ਮਹਿਮਾ ਵਾਚਕ ਪਦੇ ਹਨ।
ਗੁਰੁ ਗੰਪਾਲੁ ਗੁਰੁ ਗੋਵਿੰਦਾ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰ ਦਇਆਲੁ ਸਦਾ ਬਖਸਿੰਦਾ ॥

ਗੁਰੁ ਸਾਸਤ ਸਿਮ੍ਰਿਤ ਖਟੁ ਕਰਮਾ ॥

ਗੁਰੁ ਪਵਿੱਤ੍ਰ ਅਸਥਾਨਾ ਹੈ ॥ ੪/੧੦੭੪

ਗੁਰੂ ਭਗਤਾਂ ਦੁਆਰਾ ਹੀ ਪ੍ਰਭੂ ਦੀ ਕੁਝ ਸਾਰ ਪੈਂਦੀ ਹੈ । ਪਰ ਪੂਰੀ ਨਹੀਂ ਕਿਉਂਕਿ—

ਤੇਰੀ ਕੀਮਤ ਕਹਣੁ ਨ ਜਾਈ ॥ ਅਚਰਜ ਰੂਪੁ ਵਡੀ ਵਡਿਆਈ ॥

ਭਗਤਿ ਦਾਨੁ ਮੰਗੈ ਜਨੁ ਤੇਰਾ ਨਾਨਕ ਬਲਿ ਬਲਿ ਜਾਵਣਾ ॥੧੫॥

੧੪/੧੦੮੬

**ਮਾਰੂ ਸੋਲਹੇ ਅੰਕ—੨, ੭**

ਪਤੀ ਪਤਨੀ ਦੇ ਸੰਜੋਗ ਦਾ ਦ੍ਰਿਸ਼ਟਾਂਤ ਦੇ ਕੇ ਸਰੀਰ ਅਤੇ ਆਤਮਾ ਦਾ ਆਪਸੀ ਸੰਬਾਦ ਵਰਣਨ ਹੈ । ਇਸਤ੍ਰੀ ਪਤੀ ਨੂੰ ਬਾਹਰ ਜਾਣੋਂ ਰੋਕਦੀ ਹੈ ਤੇ ਹਰ ਪ੍ਰਕਾਰ ਦੇ ਪਦਾਰਥ ਲਿਆਉਣ ਦੀ ਪ੍ਰੇਰਣਾ ਕਰਦੀ ਹੈ । ਸਰੀਰ-ਰੂਪੀ ਇਸਤ੍ਰੀ ਜੀਵ-ਰੂਪੀ ਪਤੀ ਨੂੰ ਕਹਿੰਦੀ ਹੈ ਕਿ ਤੂੰ ਮੇਰੇ ਨਾਲ ਹੀ ਰਹੁ, ਪਰੰਤੂ ਪਤੀ ਕਹਿੰਦਾ ਹੈ ਕਿ ਮੈਂ ਤਾਂ ਹੁਕਮੀ ਬੰਦਾ ਹਾਂ ਜਦੋਂ ਪ੍ਰਭੂ ਬੁਲਾਏਗਾ ਚਲਾ ਜਾਵਾਂਗਾ । ਪਰ ਸਰੀਰ ਰੂਪੀ ਇਸਤ੍ਰੀ ਨਹੀਂ ਸਮਝਦੀ । ਅੰਤ ਆਗਿਆ ਅਨੁਸਾਰ ਜੀਵ ਨੂੰ ਬੁਲਾ ਲਿਆ ਜਾਂਦਾ ਹੈ ਤੇ ਸਰੀਰ ਮਿੱਟੀ ਹੋ ਜਾਂਦਾ ਹੈ । ਇਸ ਦ੍ਰਿਸ਼ਟਾਂਤ ਰਾਹੀਂ ਮਨ-ਸਮਝਾਉਣੀ ਕੀਤੀ ਗਈ ਹੈ ਕਿ ਲੋਭੀ ਮਨ ਸਤਿਗੁਰ-ਸੇਵਾ ਕਰ ਇਸ ਤੋਂ ਬਿਨਾਂ ਜਮ-ਫਾਹੀ ਪੈਂਦੀ ਹੈ । ਮਨਮੁਖ ਸਾਰੇ ਨਰਕ ਭੋਗਦਾ ਹੈ ਤੇ ਗੁਰਮੁਖ ਨੂੰ ਮਾਸਾ ਲੇਪ ਨਹੀਂ ਹੁੰਦਾ । ਵੈਰਾਗ ਜਨਕ ਉਪਦੇਸ਼ ਦੇਂਦਿਆਂ ਹੋਇਆਂ ਦਸਿਆ ਹੈ ਕਿ ਮੂਰਖ ਆਪਣੀ ਸੂਰਤ ਨੂੰ ਵੇਖ ਕੇ ਨਾ ਭੁਲ ਇਹ ਮਾਇਆ ਮੋਹ ਸਭ ਝੂਠਾ ਹੈ । ਸਤਿਗੁਰ-ਸਰਣ ਵਿਚ ਆ ਕੇ ਨਾਮ-ਜਾਚਨਾ ਕਰ । ਸਤਿਗੁਰ ਹੀ ਕਲਪ ਬ੍ਰਿਛ ਅਤੇ ਕਾਮਧੇਨ ਦੀ ਤਰ੍ਹਾਂ ਕਾਮਨਾਵਾਂ ਪੂਰਨ ਕਰਦਾ ਹੈ । ਪ੍ਰਭੂ ਕ੍ਰਿਪਾ ਨਾਲ ਹੀ ਸਤਿਗੁਰੂ ਦੇ ਦਰਸ਼ਨ ਹੁੰਦੇ ਹਨ ।

ਜ਼ਾਹਿਰ ਹੈ, ਸੋਲਹੇ ਰਚਨਾ-ਰੂਪ ਬੰਦ-ਮਾਤਰਾ ਦੀ ਪਾਬੰਦੀ ਨੂੰ ਪੂਰੀ ਤਰ੍ਹਾਂ ਨਿਬਾਹੁੰਦਾ ਨਹੀਂ । ਇਸ ਦੀ ਮਾਤਰਾ ਵਿਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ । ਧਿਆਨਜੋਗ ਨੁਕਤਾ ਤਾਂ ਇਹ ਹੈ, ਬੰਦ ਵਿਚਲਾ ਤੁਕ-ਪ੍ਰਬੰਧ ਬੜਾ ਇਕਾਗ੍ਰ ਪ੍ਰਭਾਵ ਸਿਰਜਦਾ ਹੈ । ਸਾਰੇ ਦੇ ਸਾਰੇ ਸੋਲਹੇ ਤਿਤੁਕੇ ਹਨ ।

ਸੋਲਹੇ ਦਰਅਸਲ, ਪ੍ਰਗੀਤ ਦੇ ਮੁਕਾਬਲੇ ਵਿਚ ਲੰਬੀ ਰਚਨਾ ਹੈ । ਇਸ ਕਾਵਿ ਰੂਪ ਦੀ ਵਿਲੱਖਣਤਾ ਇਸ ਦੀ ਰੂਪ-ਬਣਤਰ ਤੇ ਵਸਤੂ-ਸਾਮਗ੍ਰੀ ਵਿਚ ਹੈ । ਇਹ ਇਕ ਪਾਸੇ, ਪਦਾਂ-ਰੂਪ ਦਾ ਝਾਂਵਲਾ ਸਿਰਜਦੀ ਹੈ । ਦੂਜੇ ਪਾਸੇ ਬ੍ਰਹਿਮੰਡੀ ਰਚਨਾ-ਪਾਸਾਰ ਨੂੰ ਰੀਲ ਵਾਂਗ ਅੱਖਾਂ ਸਾਹਵਿਉਂ ਲੰਘਾਉਂਦੀ ਹੈ । ਪਦਾ-ਰੂਪ ਆਮ ਤੌਰ ਤੇ ਆਪਣੀ ਬਿਰਤੀ ਵਿਚ ਬੋਝਲ ਨਹੀਂ । ਸੋਲਹਾ ਚਿੰਤਨਮਈ ਪ੍ਰਵਾਹ ਨੂੰ ਸਨਮੁਖ ਕਰਦਾ ਹੈ । ਬਾਣੀਕਾਰ ਬ੍ਰਹਿਮੰਡ ਪ੍ਰਪੰਚ ਨੂੰ ਨਿਹਾਰਦੇ, ਉਸਦੀ ਅਕਲ-ਕਲਾ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਲਦੇ, ਭਾਲਦੇ, ਵਿਸਮਾਦ ਘਰ ਵਿਚ ਪਹੁੰਚ ਜਾਂਦੇ ਹਨ । ਸੋਲਹਾ ਗੰਭੀਰ ਵਿਸ਼ੇ ਨੂੰ ਉਸਾਰਨ ਦਾ ਇਕ ਮਾਧਿਅਮ ਹੈ । ਬ੍ਰਹਿਮੰਡ-ਸਿਰਜਣਾ ਜੇਹੇ ਗੰਭੀਰ ਵਿਸ਼ੇ ਲਈ ਰੂਪ-ਪ੍ਰਬੰਧ ਵੀ ਵਡੇਰਾ ਅਤੇ ਵਿਲੱਖਣ ਚਾਹੀਦਾ ਸੀ । ਇਹੋ ਕਾਰਣ ਹੈ ਜੋ ਫੈਲਾਉ-ਯੁਕਤ ਵਿਸ਼ੇ ਨੂੰ ਲੰਮੇਰੇ ਕਾਵਿ-ਰੂਪ ਰਾਹੀਂ ਜ਼ੁਬਾਨ ਮਿਲੀ ਹੈ । ਸੋਲਹਾ-ਰੂਪ ਬ੍ਰਹਿਮੰਡ ਸਿਰਜਣਾ ਲਈ ਰੂੜ੍ਹ ਹੈ । ਤੇ, ਸਾਰੇ ਬਾਣੀਕਾਰ ਇਸ ਰੂਪਬੱਧਤਾ ਉੱਤੇ ਪੂਰਾ ਉਤਰਦੇ ਹਨ ।

## ਫੁਟ ਨੋਟ

1., 2, ਸ਼ਬਦਾਰਥ, ਪੰਨਾ 1007, 1020 ।

3. ਵਰਮਾ, ਧੀਰੇਂਦਰ, ਹਿੰਦੀ ਸਾਹਿਤ ਕੋਸ਼, ਭਾਗ ਪਹਿਲਾ, ਪੰਨਾ 942

4. ਡਾ: ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਕਲਾ, ਪੰਨਾ 79



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਾਰ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਹਿਤਕ-ਰੂਪਾਂ ਨੂੰ ਵਾਚਦਿਆਂ ਇਹ ਦ੍ਰਿੜ੍ਹ ਪ੍ਰਤੀਤੀ ਹੁੰਦੀ ਹੈ ਕਿ ਗੁਰੂ ਸਾਹਿਬਾਨ ਬਾਣੀ ਦੇ ਰੂਪ-ਪ੍ਰਬੰਧ ਲਈ ਸੁਚੇਤ ਸਨ। ਬਾਣੀਕਾਰਾਂ ਨੇ ਉਨ੍ਹਾਂ ਰੂਪਾਂ ਨੂੰ ਵਧੇਰੇ ਕਰਕੇ ਅਪਣਾਇਆ ਜੋ ਸਾਹਿਤਕ ਤੌਰ ਤੇ ਮਾਨਤਾ ਪ੍ਰਾਪਤ ਕਰ ਚੁੱਕੇ ਸਨ। ਮਿਸਾਲ ਵਜੋਂ ਪਦਾ, ਅਸਟਪਦੀ ਤੇ ਸਲੋਕ ਆਦਿ।

**ਪਦਾ**—ਮੁਕਤਕ ਕਾਵਿ ਦਾ ਹੀ ਇਕ ਰੂਪ ਹੈ। ਇਸਦੀ ਪਹਿਲੋਂ ਪਹਿਲ ਵਰਤੋਂ ਬਾਬਾ ਫਰੀਦ ਜੀ ਨੇ ਕੀਤੀ।

ਪਦਾ-ਰੂਪ ਸ਼੍ਰਵ-ਕਾਵਿ ਦੀ ਨਿਰਬੰਧ ਵੰਨਗੀ ਦੇ ਦੋਹਾਂ ਉਪਭੇਦਾਂ ਗੀਤ ਅਤੇ ਮੁਕਤਕ ਵਿਚੋਂ ਮੁਕਤਕ ਨਾਲ ਸੰਬੰਧਿਤ ਹੈ।

ਮੁਕਤਕ ਵਿਸ਼ੇ ਪ੍ਰਧਾਨ ਹੋਣ ਦੇ ਨਾਲ ਨਾਲ ਸੰਖੇਪ, ਬਹੁਅਰਥਕ ਆਪਣੇ ਆਪ ਵਿਚ ਸੰਪੂਰਣ ਅਤੇ ਰਸਾਤਮਕ ਹੈ। ਸਭ ਪ੍ਰਕਾਰੀ ਬੰਧਨਾਂ ਤੋਂ ਮੁਕਤ ਇਸਦੀ ਵਿਲੱਖਣ ਪਹਿਚਾਨ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਮੁੱਖ ਪਦਿਆਂ ਦੀ ਵਰਤੋਂ ਹੋਈ ਹੈ। ਰਾਗਮੁਖ ਹੋਣ ਕਰਕੇ ਰਹਾਉ ਦੀ ਵਰਤੋਂ ਇਸਦੀ ਲਾਜ਼ਮੀ ਜੁਗਤ ਹੈ।

**ਅਸਟਪਦੀ**—ਰੂਪ ਦੀ ਵਰਤੋਂ ਪਦਾ-ਰੂਪ ਦੇ ਮੁਕਾਬਲੇ ਵਿਚ ਘਟ ਹੋਈ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਕੇਵਲ ਕਬੀਰ ਜੀ ਨੇ ਹੀ ਇਸ ਰੂਪ ਦੀ ਵਰਤੋਂ ਕੀਤੀ ਹੈ। ਹੋਰਾਂ ਸੰਤਾਂ-ਭਗਤਾਂ ਨੇ ਨਹੀਂ।

ਅਸਟਪਦੀ ਆਮ ਤੌਰ 'ਤੇ ਅਠ ਪਦਾਂ ਵਾਲੀ ਰਚਨਾ ਨੂੰ ਕਿਹਾ ਜਾਂਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਅਠ ਬੰਦਾਂ ਤੋਂ ਘਟ ਬੰਦਾਂ ਵਾਲੀ ਰਚਨਾ ਨੂੰ ਵੀ ਅਸਟਪਦੀ ਹੇਠ ਆਂਕਿਆ ਹੈ। ਤੇ ਅਸਟਪਦੀ ਇੱਕੀ ਅਤੇ ਸਤਾਈ ਤੁੱਕੀ ਵੀ ਹੈ। ਦਰਅਸਲ, ਅਸਟਪਦੀ ਦੀਆਂ ਦੋ ਵਿਸ਼ੇਸ਼ ਬੰਦਿਸ਼ਾਂ ਹਨ। ਪਹਿਲੀ ਚਉਤੁਕਾ ਤੇ ਦੂਸਰੀ ਤਿਤੁਕੀ ਹੈ। ਤੁੱਕ-ਰੂਪ ਵਿਚ ਅੰਕ ਮਾਤਰਾ ਪੰਕਤੀ ਅਨੁਸਾਰੀ ਹੈ। ਰਚਨਾ ਦੇ ਅੰਤ ਉਪਰ ਅੰਕ-ਮਾਤਰਾ ਦੇ ਸੰਕੇਤ ਰਾਹੀਂ ਪਤਾ ਲਗਦਾ ਹੈ ਕਿ ਅਸਟਪਦੀ ਵਿਸ਼ੇਸ਼ ਵਿਚ ਕਿੰਨੀਆਂ ਤੁਕਾਂ ਸਨ।

ਭਾਵ ਦ੍ਰਿਸ਼ਟੀ ਤੋਂ ਅਸਟਪਦੀ ਪਦਾ-ਰੂਪ ਦੀ ਅਨੁਸਾਰੀ ਹੈ ਅਥਵਾ ਇਸ ਵਿਚ ਭਾਵ ਭਿੰਨਤਾ ਵਚਿਤ੍ਰਤਾ ਤੇ ਇਕਰੂਪਤਾ ਨੂੰ ਭਰਵੇਂ ਬੋਲ ਮਿਲੇ ਹਨ। ਮੁਕਤਕ ਵਾਲੇ ਸਾਰੇ ਗੁਣ ਇਸ ਵਿਚ ਮੌਜੂਦ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਗ ਦੀ ਦ੍ਰਿਸ਼ਟੀ ਤੋਂ ਅਸਟਪਦੀ ਪਦੇ ਨਾਲੋਂ ਭਿੰਨ ਹੈ। ਇਹ ਰਾਗਬੱਧ ਤਾਂ ਹੈ ਪਰ ਇਸ ਵਿਚ ਰਹਾਉ ਸੰਕੇਤ ਦੀ ਵਰਤੋਂ ਨਹੀਂ।

ਆਪਣੇ ਸੁਭਾਉ ਵਿਚ ਅਸਟਪਦੀ ਮਹਿਮਾ ਮੁਖਤਾ ਨੂੰ ਸਮਰਪਿਤ ਹੈ।

**ਵਾਰ**—ਰੂਪ ਵਿਸ਼ੁਧ ਪੰਜਾਬੀ ਸਾਹਿਤ ਦੀ ਮੌਲਿਕ ਦੇਣ ਹੈ।

ਸਮੇਂ ਅਨੁਸਾਰ ਇਸਦੀ ਬਿਰਤੀ ਬਦਲਦੀ ਰਹੀ ਹੈ। ਪਹਿਲਾਂ ਪਹਿਲ ਇਹ ਲੋਕ ਮੁਖੀ ਸੀ। ਫਿਰ ਅਧਿਆਤਮਿਕਤਾ ਵਲ ਮੋੜਾ ਖਾ ਗਈ। ਅਜਕਲ ਇਤਿਹਾ-ਸਕਤਾ ਵਲ ਰੁਚਿਤ ਹੈ।

ਵਾਰ ਕਾਵਿ-ਰੂਪ ਦੋ ਰੂਪਾਂ ਦੇ ਸੰਜੋਗ ਤੋਂ ਰੂਪ ਗ੍ਰਹਿਣ ਕਰਦਾ ਹੈ ਸਲੋਕ ਅਤੇ ਪਉੜੀ। ਉਂਝ ਇਸਦਾ ਅਪਵਾਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ।

ਅਧਿਆਤਮਕ ਵਾਰ ਬ੍ਰਹਮ ਅਤੇ ਮਾਇਆ ਦੇ ਪਰਸਪਰ ਦਵੰਦਾਤਮਕ ਤਣਾਉ ਨੂੰ ਮਹਿਮਾਮਈ ਸੁਰ ਵਿਚ ਪੇਸ਼ ਕਰਦੀ ਹੈ। ਚਿੰਤਨਮਈ ਹੋਣਾ ਜਿਸਦਾ ਲਾਜ਼ਮੀ ਜੁਜ਼ ਹੈ। ਇਹ ਵਸਤੂ ਯਥਾਰਥ ਜਾਂ ਇਤਿਹਾਸਕ ਤੱਥਾਂ ਨਾਲੋਂ ਪਰਾਭੌਤਿਕ ਸਚ ਨੂੰ ਸਮਰਪਿਤ ਹੈ ਇਸੇ ਕਰਕੇ ਇਸਦੀ ਬਿਰਤੀ ਬ੍ਰਿਤਾਂਤਕ ਨਾ ਹੋ ਕੇ ਵਰਣਨਾਤਮਕ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪਉੜੀ-ਰੂਪ ਦਾ ਸਿਰਜਣ ਕਾਵਿ-ਰੂਪ ਦੇ ਅਰਥਾਂ ਵਿਚ ਹੋਇਆ ਹੈ।

ਇਸ ਦੀ ਵਰਤੋਂ ਗੁਰੂ ਸਾਹਿਬਾਨ ਅਤੇ ਸੰਤਾਂ-ਭਗਤਾਂ ਨੇ ਵੀ ਕੀਤੀ ਹੈ।

ਇਹ ਰੂਪ ਦਾਰਸ਼ਨਿਕ ਸੰਕਲਪਾਂ ਨੂੰ ਪੇਸ਼ ਕਰਨ ਵਿਚ ਖ਼ਾਸ ਸਥਾਨ ਰੱਖਦਾ ਹੈ। ਇਸ ਰਾਹੀਂ ਸਿਧਾਂਤਕ ਪੱਖ ਉਸਾਰਿਆ ਜਾਂਦਾ ਹੈ। ਜੋ ਹੌਲੀ ਹੌਲੀ ਪਉੜੀ ਵਾਂਗ ਨਿਰਮਰਿ ਹੁੰਦਾ ਹੈ।

**ਪਉੜੀ**—ਲਘੂ ਅਕਾਰੀ ਆਪਣੇ ਆਪ ਵਿਚ ਸੁਤੰਤਰ, ਸਵੈਛੰਦ, ਸੰਪੂਰਣ ਅਤੇ ਨਿੱਜੀ ਹੋਂਦ ਦੀ ਧਾਰਣੀ ਹੈ।

ਪਉੜੀ ਦੀ ਗਣਨਾ ਪ੍ਰਗੀਤ ਕਾਵਿ ਦੇ ਅੰਤਰਗਤ ਮੁਕਤਕ ਸ਼ੈਲੀ ਦੇ ਅਧੀਨ ਕੀਤੀ ਜਾ ਸਕਦੀ ਹੈ। ਰੂਪ ਦੀ ਦ੍ਰਿਸ਼ਟੀ ਤੋਂ ਪਉੜੀ ਮੁਕਤਕ ਪ੍ਰਗੀਤ ਹੈ। ਧਿਆਨ ਰਹੇ, ਇਹ ਨਿੱਜੀ ਹੋਂਦ ਦੀ ਸੁਆਮੀ ਤਾਂ ਹੈ ਪਰ ਨਿੱਜੀ-ਤੱਤ ਤੋਂ ਸਦਾ ਮੁਕਤ ਰਹਿੰਦੀ ਹੈ।

**ਸਲੋਕ**—ਬੰਧਨ-ਮੁਕਤ ਰੂਪ ਹੈ। ਇਸ ਨੂੰ ਰਾਗ ਬੱਧ, ਰਾਗ ਮੁਕਤ ਅਤੇ ਨਿੱਤਨੇਮ ਦੀਆਂ ਬਾਣੀਆਂ ਵਿਚ ਵੀ ਦਰਜ ਕੀਤਾ ਜਾ ਸਕਦਾ ਹੈ।

ਸਲੋਕ ਕਾਵਿ-ਛੰਦ ਵੀ ਹੈ ਤੇ ਕਾਵਿ-ਰੂਪ ਵੀ। ਗੁਰੂ ਗ੍ਰੰਥ ਸਾਹਿਬ ਵਿਚ ਇਸਦੀ ਵਰਤੋਂ ਦੋਹਾਂ ਤਰ੍ਹਾਂ ਨਾਲ ਕੀਤੀ ਗਈ ਹੈ।

ਵਸਤੂ ਦੀ ਦ੍ਰਿਸ਼ਟੀ ਤੋਂ ਸਲੋਕ ਅਧਿਆਤਮਕ, ਆਲੋਚਨਾਤਮਕ ਤੁਲਨਾਤਮਕ ਅਤੇ ਨਿਸ਼ੇਧਾਤਮਕ ਵੀ ਹੋ ਸਕਦਾ ਹੈ ਇਸ ਰਾਹੀਂ ਕਿਸੇ ਵੀ ਪ੍ਰਕਾਰ ਦੀ ਵਸਤੂ ਸਾਮਗਰੀ ਰੂਪਮਾਨ ਹੋ ਸਕ ਪ੍ਰ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਕਤਕ ਵਾਂਗੂ ਸਲੋਕ ਲਘੂ, ਸੁਤੰਤਰ, ਨਿੱਜਮੁਕਤ ਤੇ ਨਿਆਇਸ਼ੀਲਤਾ ਦਾ ਧਾਰਣੀ ਹੁੰਦਾ ਹੈ।

ਗਾਇਨ ਦੀ ਦ੍ਰਿਸ਼ਟੀ ਤੋਂ ਸਲੋਕ ਸ਼ੈਲੀ ਆਪਣਾ ਨਿਵੇਕਲਾ ਅੰਦਾਜ਼ ਰੱਖਦੀ ਹੈ।

**ਕਾਫ਼ੀ**—ਇਕ ਤੋਂ ਵਧੀਕ ਅਰਥਾਂ ਦਾ ਧਾਰਣੀ ਹੈ ਪਰ ਇਸਦਾ ਸਰਬ ਪ੍ਰਵਾਨਿਤ ਅਰਥ ਹੈ, ਛੰਦ ਦਾ ਉਹ ਹਿੱਸਾ ਜੋ ਬਾਰਬਾਰ ਦੁਹਰਾਇਆ ਜਾਵੇ।

ਕਾਫ਼ੀ ਇਕ ਗਾਇਨ ਸ਼ੈਲੀ ਹੈ ਜਿਸ ਵਿਚ ਸਥਾਈ ਨੂੰ ਬਾਰੰਬਾਰ ਦੁਹਰਾ ਕੇ ਸਾਮੂਹਿਕ ਰੂਪ ਵਿਚ ਗਾਇਆ ਜਾਂਦਾ ਹੈ।

ਕਾਫ਼ੀ-ਰੂਪ ਦਾ ਸੰਬੰਧ ਮੁਕਤਕ ਸ਼ੈਲੀ ਨਾਲ ਹੈ ਤੇ ਇਸ ਵਿਚ ਮੁਕਤਕ ਦੇ ਸਾਰੇ ਗੁਣ-ਲੱਛਣ ਮੌਜੂਦ ਹਨ।

**ਬਾਵਨ ਅਖਰੀ ਅਤੇ ਪਟੀ**—ਦੋਵੇਂ ਰਚਨਾਵਾਂ ਵਰਣਮਾਲਾ ਨੂੰ ਸਮਰਪਿਤ ਹਨ। ਪਹਿਲੀ ਦੇਵਨਾਗਰੀ ਲਿਪੀ ਦੇ ਬਾਵਨ ਅੱਖਰਾਂ ਨਾਲ ਆਰੰਭ ਹੁੰਦੀ ਹੈ ਤੇ ਦੂਜੀ ਗੁਰਮੁਖੀ ਲਿਪੀ ਦੇ ਪੈਂਤੀ ਵਰਣਾਂ ਨੂੰ ਧਿਆਨ ਵਿਚ ਰੱਖ ਕੇ ਬਾਣੀ-ਰਚਨਾ ਕੀਤੀ ਗਈ ਹੈ।

ਵਰਣਮਾਲਾ ਦੇ ਅੱਖਰਾਂ ਦਾ ਅਧਿਆਤਮੀਕਰਣ ਕਰਨਾ ਇਨ੍ਹਾਂ ਦੋਹਾਂ ਬਾਣੀਆਂ ਦਾ ਖ਼ਾਸਾ ਹੈ। ਇਹੋ ਕਾਰਣ ਹੈ, ਇਹ ਬਾਣੀਆਂ ਦਾਰਸ਼ਨਿਕ ਸੰਕਲਪਾਂ ਨਾਲ ਮਾਲਾਮਾਲ ਹਨ।

ਦੋਹਾਂ ਬਾਣੀਆਂ ਦੀ ਸਾਂਝ ਇਕ ਹੋਰ ਪੱਖੋਂ ਵੀ ਹੈ, ਦੋਵੇਂ ਪਉੜੀ-ਰੂਪ ਰਾਹੀਂ ਸੰਪੰਨ ਹੋਈਆਂ ਹਨ।

**ਸਿਧ ਗੋਸ਼ਟਿ ਅਤੇ ਦਖਣੀ ਓਅੰਕਾਰ**—ਦੋਵੇਂ ਸਿਧਾਂਤ ਮੁੱਖ ਰਚਨਾਵਾਂ ਹਨ। ਸੰਬਾਦ ਜੁਗਤ ਇਨ੍ਹਾਂ ਵਿਚ ਮਹੱਤਵਪੂਰਣ ਭੂਮਿਕਾ ਨਿਬਾਹੁੰਦੀ ਹੈ। ਪ੍ਰਸ਼ਨੋਤਰੀ ਸ਼ੈਲੀ ਰਾਹੀਂ ਪ੍ਰਸ਼ਨਾਂ ਤੇ ਸ਼ੰਕਿਆਂ ਦਾ ਸਮਾਧਾਨ ਹੁੰਦਾ ਹੈ। ਦੋਹਾਂ ਬਾਣੀਆਂ ਰਾਹੀਂ ਗੁਰੂ ਨਾਨਕ ਮਤ ਨੂੰ ਭਰਵੇਂ ਬੋਲ ਮਿਲੇ ਹਨ।

**ਗੋਸਟਿ**—ਰੂਪ ਉਨ੍ਹਾਂ ਦਿਨਾਂ ਵਿਚ ਵੀ ਵਿਚਾਰਵਾਨਾਂ ਦੀਆਂ ਟੋਲੀਆਂ ਜਾਂ ਸੰਸਥਾਵਾਂ ਵਿਚ ਖ਼ਾਸੀ ਮਾਨਤਾ ਨੂੰ ਪ੍ਰਾਪਤ ਸੀ। ਸਿਧ ਗੋਸ਼ਟਿ ਸਿਧਾਂ ਨਾਲ ਵਿਚਾਰ ਵਟਾਂਦਰੇ ਨੂੰ ਰੂਪਮਾਨ ਕਰਦੀ ਹੈ ਤੇ ਦਖਣੀ ਓਅੰਕਾਰ ਦੱਖਣ ਦੇ ਪਾਂਡਿਆਂ ਨਾਲ ਹੋਈ ਵਿਚਾਰ ਵਲ ਸੰਕੇਤ ਕਰਦੀ ਹੈ। ਇਕ ਤਰ੍ਹਾਂ ਇਹ ਤਤਕਾਲੀ ਅਕਾਦਮਿਕ ਲੋਕਾਂ ਦੀ ਵਿਚਾਰ-ਗੋਸ਼ਟੀ ਨੂੰ ਰੂਪਮਾਨ ਕਰਨ ਕਰਕੇ ਆਪਣਾ ਵੱਖਰਾ ਮੁਹਾਂਦਰਾ ਰੱਖਦੀਆਂ ਹਨ। ਤਰਕਸ਼ੀਲਤਾ ਇਨ੍ਹਾਂ ਦਾ ਲਾਜ਼ਮੀ ਗੁਣ ਹੈ।

**ਸੋਲਹੇ**—ਮੁਕਤਕ ਦੇ ਲੰਮੇਰੇ ਰੂਪ ਨੂੰ ਰੂਪਮਾਨ ਕਰਦੇ ਹਨ। ਪਦਾ, ਪਉੜੀ, ਸਲੋਕ ਤੇ ਕਾਫ਼ੀ ਲਘੂ ਅਕਾਰੀ ਰਚਨਾਵਾਂ ਹਨ। ਇਸਦੇ ਮੁਕਾਬਲੇ ਵਿਚ ਸੋਲਹੇ ਸੋਲਾਂ ਬੰਦਾਂ ਵਾਲੀ ਲੰਮੀ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੋਲਹੇ-ਬਾਣੀ ਵਿਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਹਿਮੰਡ ਸਿਰਜਣਾ ਦੇ ਵਿਰਾਟ ਸਰੂਪ ਨੂੰ ਵਿਆਸ ਸ਼ੈਲੀ ਰਾਹੀਂ ਬੋਲ ਮਿਲੇ ਹਨ। ਸੋਲਹਾ-ਰੂਪ ਬ੍ਰਹਿਮੰਡ ਸਿਰਜਣਾ ਲਈ ਰੂੜ੍ਹ ਹੈ।

ਕੁਲ ਮਿਲਾ ਕੇ, ਆਦਿ ਗ੍ਰੰਥ ਦੇ ਰਚਨਾ-ਰੂਪਾਂ ਨੂੰ ਚਾਰ ਕੋਟੀਆਂ ਵਿਚ ਵੰਡਿਆ ਜਾ ਸਕਦਾ ਹੈ—

ੳ. ਪਹਿਲੀ ਤਰ੍ਹਾਂ ਦੇ ਉਹ ਜਿਨ੍ਹਾਂ ਵਿਚ ਅੰਕ-ਨੇਮ ਪ੍ਰਧਾਨ ਹੈ। ਮਿਸਾਲ ਵਜੋਂ ਸਲੋਕ ਦੁਤੁਕਾ, ਪਦਾ ਚਉਤੁਕਾ, ਅਸਟਪਦੀ ਅਠਬੰਦਾਂ ਵਾਲੀ ਤੇ ਸੋਹਲੇ, ਸੋਲਾਂ ਬੰਦਾਂ ਦੇ ਧਾਰਣੀ ਹਨ। ਇਨ੍ਹਾਂ ਰੂਪਾਂ ਦੀ ਬਣਤਰ ਅੰਕ-ਮਾਤਰਾ ਦੀ ਅਨੁਸਾਰੀ ਹੈ ਅਥਵਾ ਮਾਤਰਾ-ਬੋਧੀ ਹੈ।

ਅ. ਦੂਜੀ ਤਰ੍ਹਾਂ ਦੇ ਉਹ ਰੂਪ, ਜੋ ਵਰਣ-ਕ੍ਰਮ ਵਲ ਰੁਚਿਤ ਹਨ ਜਿਹਾ ਕਿ ਬਾਵਨ ਅੱਖਰੀ ਤੇ ਪਟੀ।

ੲ. ਤੀਜੀ ਤਰ੍ਹਾਂ ਦੇ ਉਹ ਰੂਪ ਜੋ ਸੰਬਾਦ ਮੁਖ ਵੀ ਹਨ ਤੇ ਸਿਧਾਂਤਮੁਖ ਵੀ, ਜਿਹਾ ਕਿ ਸਿਧ ਗੋਸ਼ਟਿ ਤੇ ਦਖਣੀ ਓਅੰਕਾਰ।

ਸ. ਚੌਥੀ ਤਰ੍ਹਾਂ ਦੇ ਰੂਪ ਉਹ ਹਨ ਜੋ ਚਿੰਤਨਸ਼ੀਲਤਾ ਨਾਲ ਸੰਪੰਨ ਹਨ। ਇਸ ਚਿੰਤਨ ਦਾ ਮੁਖ ਅਧਿਆਤਮਿਕਤਾ ਤੇ ਸਮਾਜਿਕਤਾ ਵਲ ਹੈ। ਸੋਲਹੇ, ਵਾਰਾਂ ਅਥਵਾ ਪਉੜੀਆਂ ਇਸ ਕੋਟੀ ਵਿਚ ਆਂਕੀਆਂ ਜਾ ਸਕਦੀਆਂ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਗ੍ਰੰਥ ਸਾਹਿਬ : ਲੋਕ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਕਥਨ
ਲੋਕ ਕਾਵਿ : ਜਾਣ-ਪਛਾਣ
ਲੋਕਯਾਨ ਦਾ ਖੇਤਰ
ਲੋਕਯਾਨਿਕ ਪ੍ਰਗਟਾ-ਵਿਧੀਆਂ
ਲੋਕ-ਕਾਵਿ ਦੇ ਅਭਿਵਿਅਕਤੀ-ਅੰਗ
ਲੋਕ ਮਾਨਸ
ਲੋਕ ਕਾਵਿ ਦੇ ਪਛਾਣ-ਚਿੰਨ੍ਹ
ਲੋਕ ਗੀਤਾਂ ਦੇ ਪ੍ਰਕਾਰ
ਬਾਣੀਕਾਰ ਤੇ ਲੋਕ-ਰੂਪ
ਅਨੁਸ਼ਠਾਨਿਕ ਰੂਪ
ਅਨੁਸ਼ਠਾਨ
ਛੰਤ
ਸੋਹਿਲਾ
ਘੋੜੀਆਂ
ਲਾਵਾਂ
ਅਲਾਹਣੀਆਂ
ਅੰਜਲੀਆਂ
ਸਦ
ਮੁੰਦਾਵਣੀ
ਤਿਥੀਵਾਰਕ ਰੂਪ
ਤਿਥੀਵਾਰਕ
ਪਹਿਰੇ
ਦਿਨਰੈਣਿ
ਵਾਰਸਤ
ਥਿਤੀ
ਰੁਤੀ
ਬਾਰਾਂਮਾਹ
ਸਤੁਤੀ ਆਤਮਕ ਰੂਪ
ਸੋਦਰੁ/ਸੋ ਪੁਰਖੁ
ਆਰਤੀ
ਮੰਗਲ
ਉਦਯੋਗਾਤਮਕ ਰੂਪ
ਕਰਹਲੇ
ਵਣਜਾਰਾ
ਲੋਕ ਮੁਹਾਵਰਾ ਬੋਧਕ
ਬਿਰਹੜੇ
ਕੁਚਜੀ/ਸੁਚਜੀ/ਗੁਣਵੰਤੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪ੍ਰਾਕਥਨ

1

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡਾ ਇਸ਼ਟ ਹੀ ਨਹੀਂ ਸਗੋਂ ਪੰਜਾਬੀ ਸਾਹਿਤ ਦਾ ਮੂਲ ਪ੍ਰਮਾਣਿਕ ਗ੍ਰੰਥ ਵੀ ਹੈ। ਗੁਰੂ ਗ੍ਰੰਥ ਸਾਹਿਬ ਨਾਲ ਹੀ ਪੰਜਾਬੀ ਸਾਹਿਤ ਦਾ ਪਛਾਣਨ ਜੋਗ ਮੁਹਾਂਦਰਾ ਬਣਿਆ ਹੈ। ਪੰਜਾਬੀ ਸਾਹਿਤ ਵਿਚ ਗੁਰੂ ਗ੍ਰੰਥ ਸਾਹਿਬ ਨੇ ਹੀ ਟੀਕਾ, ਉਥਾਨਿਕਾ, ਪਰਮਾਰਥ ਤੇ ਗੋਸ਼ਟਾਂ ਆਦਿ ਸ਼ੈਲੀਆਂ ਨੂੰ ਜਨਮ ਦਿਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਅਦ ਬਹੁਤ ਲੰਮਾ ਅਰਸਾ ਸਾਡੇ ਸਾਹਿਤ-ਕਾਰ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ-ਕਾਰਜ ਨਾਲ ਜੁੜੇ ਰਹੇ ਹਨ। ਮੱਧਕਾਲੀ ਪੰਜਾਬੀ ਸਾਹਿਤ ਦੀਆਂ ਹੋਰ ਕਾਵਿ-ਵੰਨਗੀਆਂ ਦੀ ਤੁਲਨਾ ਵਿਚ ਗੁਰਮਤਿ ਸਾਹਿਤ ਉਪਰ ਸਭ ਤੋਂ ਵਧੀਕ ਕੰਮ ਹੋਇਆ ਹੈ ਤੇ ਅਜੇ ਵੀ ਹੋ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੇ ਮੂਲ ਵਥ (Basic Content) ਦੀ ਅਨੇਕਮੁਖ ਵਿਆਖਿਆ ਸਾਡੇ ਪੁਰਾਤਨ ਤੇ ਆਧੁਨਿਕ ਵਿਦਵਾਨਾਂ ਨੇ ਕੀਤੀ ਹੈ। ਪਰ ਗੁਰੂ ਗ੍ਰੰਥ ਸਾਹਿਬ ਜਿਥੇ ਇਕ ਦਾਰਸ਼ਨਿਕ ਗ੍ਰੰਥ ਹੈ ਉਥੇ ਪੰਜਾਬੀ ਸਾਹਿਤ ਦਾ ਸਰਬ ਪ੍ਰਮ ਗ੍ਰੰਥ ਵੀ ਹੈ। ਇਸ ਦੀ ਸਿਰਜਣਾ ਵਿਚ ਸਾਹਿਤਕ ਨੇਮ ਵੀ ਕੰਮ ਕਰ ਰਹੇ ਹਨ। ਇਸ ਵਿਚ ਪੇਸ਼ ਹੋਏ ਵੰਨ-ਸੁਵੰਨੇ ਰਚਨਾ-ਰੂਪ ਆਪੋ ਆਪਣੀਆਂ ਵੱਖਰੀਆਂ ਰੂੜ੍ਹੀਆਂ ਦੇ ਧਾਰਨੀ ਵੀ ਹਨ। ਧਿਆਨ ਜੋਗ ਤੱਥ ਤਾਂ ਇਹ ਹੈ, ਗੁਰੂ ਗ੍ਰੰਥ ਸਾਹਿਬ ਵਿਚ ਨਾ ਕੇਵਲ ਸਾਹਿਤਕ ਸ਼ੈਲੀਆਂ ਦਾ ਨਿਰੂਪਣ ਹੋਇਆ ਹੈ ਸਗੋਂ ਇਸ ਵਿਚ ਲੋਕ-ਰੂਪਾਂ ਨੂੰ ਵੀ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਵਿਦਵਾਨਾਂ ਅਤੇ ਵਿਦਿਆਰਥੀਆਂ ਲਈ ਜਿਤਨਾ **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ** ਵਥ ਨੂੰ ਜਾਣਨਾ ਸੰਗਤ ਹੈ, ਉਤਨਾ ਹੀ ਉਸ ਵਿਚ ਪੇਸ਼ ਹੋਏ ਲੋਕ-ਰੂਪਾਂ ਨੂੰ ਜਾਣਨਾ ਲਾਜ਼ਮੀ ਹੈ।

2

ਇਸ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਵਥ (Content) ਨੂੰ ਵਸਤੂ-ਵਿਸ਼ੇ ਦੇ ਨਾਮ ਹੇਠ ਤੇ ਰੂਪ (Form) ਨੂੰ ਸ਼ੈਲੀ (Style) ਦੇ ਅੰਤਰਗਤ ਵਿਚਾਰਿਆ ਜਾਂਦਾ ਰਿਹਾ ਹੈ ਜਦ ਕਿ ਰੂਪ ਸ਼ੈਲੀ ਤੋਂ ਕਿਤੇ ਵਿਸਤ੍ਰਿਤ ਤੇ ਵਡੇਰੇ ਘੇਰੇ ਦਾ ਸੁਆਮੀ ਹੈ। ਵੀਹਵੀਂ ਸਦੀ ਦੇ ਆਲੋਚਕ ਤਾਂ ਇਸ ਤੋਂ ਵੀ ਕਿਤੇ ਅਗਾਂਹ ਨਿਕਲ ਗਏ ਹਨ। ਉਨ੍ਹਾਂ ਦੇ ਵਿਚਾਰ ਵਿਚ ਰੂਪ ਹੀ ਵਸਤੂ ਦੀ ਰਚਨਾ ਕਰਨ ਦੇ ਸਮਰੱਥ ਹੁੰਦਾ ਹੈ। "ਸਾਹਿਤ-ਪਾਠ ਇਕ ਸੰਰਚਨਾ ਦੀ ਰਚਨਾ ਕਰਦਾ ਹੈ। ਉਹ ਲੇਖਕ ਨੂੰ ਇਕ ਅਰਥ ਹੀ ਨਹੀਂ ਪਹੁੰਚਾਉਂਦਾ, ਇਕ ਰੂਪ-ਪ੍ਰਬੰਧ ਪਹੁੰਚਾਉਂਦਾ ਹੈ।" ਜ਼ਾਹਿਰ ਹੈ ਇਨ੍ਹਾਂ ਦੋਹਾਂ ਦਾ ਪਰਸਪਰ ਦਵੰਦਾਤਮਕ (dialectical) ਸੰਬੰਧ ਹੈ। ਰੂਪ-ਪ੍ਰਬੰਧ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਥ ਅਤੇ ਰੂਪ ਇਕ ਦੂਜੇ ਵਿਚ ਓਤਪੋਤ ਹਨ। ਸ਼ੈਲੀ ਰੂਪ-ਪ੍ਰਬੰਧ ਨੂੰ ਸਮਝਣ ਲਈ ਕਿਸੇ ਹਦ ਤਕ ਸਿਰਫ ਮਾਧਿਅਮ ਹੀ ਰਹਿੰਦੀ ਹੈ। ਅਸਲ ਵਿਚ ਸਰੰਚਨਾ ਹੀ ਸੰਸਾਰ ਦੀਆਂ ਜੁਗਤਾਂ ਨੂੰ ਰੂਪਮਾਨ ਕਰਦੀ ਹੈ। ਜਿਸ ਵਿਚ ਉਸ ਸਰੰਚਨਾ ਦਾ ਬਹਿਰੰਗ ਅਤੇ ਆਂਤ੍ਰਿਕ ਸਮੁੱਚ ਸ਼ਾਮਲ ਹੁੰਦਾ ਹੈ।

3

ਰੂਪ-ਨਿਖੇੜੇ ਪ੍ਰਤੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਸੁਚੇਤ ਜਾਪਦੇ ਹਨ। ਰਚਨਾ-ਰੂਪ ਦੀ ਦ੍ਰਿਸ਼ਟੀ ਤੋਂ ਆਦਿ ਗ੍ਰੰਥ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਸਾਹਿਤਕ ਰੂਪ, ਦੂਜੇ ਲੋਕ-ਰੂਪ, ਤੇ ਤੀਸਰੇ ਵਿਵਿਧ ਰੂਪ। ਇਹ ਸਾਰੇ ਦੇ ਸਾਰੇ ਇਕ ਵਡੇਰੀ ਬੰਦਿਸ਼ ਨਾਲ ਜੁੜੇ ਹੋਏ ਹਨ ਤੇ ਉਹ ਹੈ, ਰਾਗ-ਬੰਦਿਸ਼। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਨੇ ਅਥਵਾ ਬਾਣੀਕਾਰਾਂ ਨੇ ਸਿਰਲੇਖ-ਜੁਗਤ ਰਾਹੀਂ ਇਨ੍ਹਾਂ ਦਾ ਆਪਸ ਵਿਚ ਅੰਗ-ਨਿਖੇੜ ਕਰ ਲਿਆ ਹੈ। ਰਾਗ-ਬੰਦਿਸ ਵਿਸ਼ੇਸ਼ ਦੇ ਅੰਤਰਗਤ ਅੰਕਿਤ ਬਾਣੀ ਦੇ ਨਾਲ ਨਾਲ ਇਕ ਉਪਸਿਰਲੇਖ ਵੀ ਆਮ ਤੌਰ ਤੇ ਦਰਜ ਹੁੰਦਾ ਹੈ ਜੇਹਾ ਕਿ ਇਕਪਦਾ, ਦੁਪਦਾ, ਤਿਪਦਾ ਅਤੇ ਚਉਪਦਾ ਆਦਿ। ਇਹ ਸਿਰਲੇਖ ਰਚਨਾ ਵਿਸ਼ੇਸ਼ ਦੇ 'ਰੂਪ' ਵਲ ਹੀ ਸੰਕੇਤ ਕਰਦਾ ਹੈ। 'ਪਦਾ' ਰੂਪ ਢੇਰ ਚਿਰ ਪਹਿਲਾਂ ਭਾਰਤੀ ਸਾਹਿਤ ਵਿਚ ਸਾਹਿਤਕ (literary) ਕਾਵਿ-ਰੂਪ ਦੇ ਤੌਰ ਉੱਤੇ ਕਬੂਲ ਹੋ ਚੁੱਕਾ ਹੈ। ਇਸੇ ਤਰ੍ਹਾਂ ਅਸਟਪਦੀਆਂ, ਸੋਲਹੇ, ਸਲੋਕ, ਸਵੈਯੇ, ਛੁਨਹੇ ਆਦਿ ਸਿਰਲੇਖ ਸਾਹਿਤਕ ਪਰੰਪਰਾ ਨੂੰ ਹੀ ਦ੍ਰਿੜ੍ਹ ਕਰਾਉਂਦੇ ਹਨ।

ਰਾਗ-ਬੰਦਿਸ਼ ਅਧੀਨ ਦਰਜ ਬਾਣੀ ਦੇ ਅੰਗਰਗਤ ਹੀ ਅਜੇਹੇ ਰਚਨਾ-ਰੂਪ ਵੀ ਹਨ ਜੋ ਲੋਕ-ਰੂਪਾਂ ਦਾ ਝਾਉਲਾ ਦੇਂਦੇ ਹਨ ਜੇਹਾ ਕਿ ਸੋਹਿਲਾ, ਮੰਗਲ ਪਹਿਰੇ, ਦਿਨ ਰੈਣਿ, ਵਾਰਸਤ, ਬਿਤੀ, ਰੁਤੀ, ਬਾਰਾਮਾਹ, ਆਰਤੀ, ਅੰਜੁਲੀ, ਕੁਚਜੀ ਸੁਚੱਜੀ, ਗੁਣਵੰਤੀ, ਕਰਹਲੇ, ਵਣਜਾਰਾ, ਘੋੜੀਆਂ, ਬਿਰਹੜੇ, ਅਲਾਹੁਣੀਆ, ਸਦ, ਛੰਤ, ਵਾਰਾਂ ਤੇ ਮੁੰਦਾਵਣੀ। ਇਥੇ ਇਹ ਧਿਆਨ ਰਹੇ ਗੁਰੂ ਗ੍ਰੰਥ ਸਾਹਿਬ ਵਿਚ ਲੋਕ-ਰੂਪਾਂ ਦੀ ਵੰਨਗੀ ਨਾਮ-ਵਿਸ਼ੇਸ਼ ਨਾਲ ਹੀ ਸੰਕੇਤਿਤ ਹੈ। ਸਾਹਿਤਕ ਕਾਵਿ-ਰੂਪ ਤੇ ਲੋਕ-ਕਾਵਿ-ਰੂਪਾਂ ਦੀ ਵਰਗ-ਵੰਡ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਜਾਂ ਸੰਪਾਦਿਕ ਨੇ ਨਹੀਂ ਕੀਤੀ। ਨਾਲੇ, ਉਹ ਤਾਂ ਸਾਹਿਤ-ਸਿਰਜਣਹਾਰ ਸਨ। ਰਚਨਾ ਵਿਸ਼ੇਸ਼ ਦਾ ਸੰਬੰਧ ਕਿਸ ਵੰਨਗੀ ਨਾਲ ਹੈ, ਦੀ ਸਮੱਸਿਆ ਤਾਂ ਬਹੁਤੀ ਕਰਕੇ ਅਧਿਐਤਾ ਦੀ ਹੈ।

ਰਾਗ-ਬੰਦਿਸ਼ ਦੇ ਅੰਤਰਗਤ ਕੁਝ ਉਹ ਰਚਨਾ-ਰੂਪ ਵੀ ਦਰਜ ਹਨ ਜੋ ਆਪਣੇ ਰੂਪ ਕਰਕੇ ਵਿਵਿਧ ਹਨ ਤੇ ਇਕ ਰੂਪ ਦਾ ਬਹਿਰੰਗ ਮਾਡਲ ਦੂਜੇ ਤੋਂ ਭਿੰਨ ਹੈ। ਉਦਾਹਰਣ ਵਜੋਂ ਜਪੁਜੀ, ਸੋਦਰੁ, (ਪ੍ਰਚਲਿਤ ਨਾਮ ਰਹਿਰਾਸ) ਸੋਹਿਲਾ, ਬਾਵਨ ਅਖਰੀ, ਸੁਖਮਨੀ, ਪਟੀ, ਅਨੰਦੁ, ਸਿਧ ਗੋਸਟਿ, ਦਖਣੀ ਓਅੰਕਾਰ ਆਦਿ। ਇਸੇ ਤਰ੍ਹਾਂ ਕੁਝ ਉਹ ਰਚਨਾ-ਰੂਪ ਜੋ ਰਾਗ ਬੰਦਿਸ਼ ਤੋਂ ਮੁਕਤ ਹਨ ਜੇਹਾ ਕਿ ਗਾਥਾ, ਚਉਬੋਲੇ ਆਦਿ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਛੰਤ ਅਤੇ ਵਾਰ-ਰੂਪ ਨੂੰ ਛੱਡ ਕੇ ਬਾਕੀ ਦੇ ਸਾਰੇ ਲੋਕ-ਰੂਪਾਂ ਨੂੰ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ। ਉਂਞ ਤਾਂ ਇਹ ਦੋਵੇਂ ਰੂਪ ਵੀ ਇਸ ਪੁਸਤਕ ਦੇ ਅੰਤਰਗਤ ਹੀ ਆਉਣੇ ਚਾਹੀਦੇ ਸਨ, ਪਰ ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਛੰਤ ਅਤੇ ਵਾਰ ਦੋ ਅਜਿਹੇ ਲੋਕ-ਰੂਪ ਹਨ ਜਿਨ੍ਹਾਂ ਦੀ ਵਰਤੋਂ ਮਹਲਾ ੧, ੩, ੪ ਤੇ ੫ ਨੇ ਅਨੇਕ ਵਾਰ ਕੀਤੀ ਹੈ। ਇਹ ਦੋਵੇਂ ਰੂਪ ਅਕਾਰ ਵਿਚ ਵਡੇਰੇ ਹਨ ਤੇ ਇਨ੍ਹਾਂ ਸਾਰਿਆਂ ਨੂੰ ਇਕੋ ਥਾਂ ਇਕੋ ਭਾਗ ਵਿਚ ਪੇਸ਼ ਕਰਨਾ ਰਤਾ ਕਠਿਨ ਸੀ। ਇਸੇ ਕਰਕੇ ਛੰਤ ਲੋਕ-ਰੂਪ ਨੂੰ ਇਸ ਤੋਂ ਪਹਿਲਾਂ ਆਦਿ ਗ੍ਰੰਥ ਛੰਤ ਵਿਵੇਚਨ ਪੁਸਤਕ ਅਰਪਿਤ ਕੀਤੀ ਜਾ ਚੁੱਕੀ ਹੈ। ਵਾਰ-ਰੂਪ ਦੀਰਘਾਕਾਰੀ ਹੋਣ ਕਰਕੇ ਬਾਈ ਵਾਰਾਂ ਦੇ ਨਾਮ ਹੇਠ ਵੀ ਪ੍ਰਕਾਸ਼ਿਤ ਹੋਇਆ ਹੈ ਤੇ ਵਿਕ੍ਰਿਤ ਰੂਪ ਵਿਚ ਵੀ। ਵਾਰ ਹੀ ਇਕੋ ਇਕ ਅਜਿਹਾ ਰਚਨਾ-ਰੂਪ ਹੈ ਜਿਸ ਦੀ ਵਿਕਾਸ-ਯਾਤਰਾ ਨੇ ਉਹਨੂੰ ਵੱਖੋ ਵੱਖ ਬਿਰਤੀ-ਬਿੰਦੂਆਂ ਨਾਲ ਸੰਬੰਧਿਤ ਕੀਤਾ ਹੈ। ਮਿਸਾਲ ਵਜੋਂ, ਪਹਿਲਾਂ ਵਾਰ ਲੋਕ-ਕਾਵਿ-ਰੂਪ ਸੀ। ਉਸ ਤੋਂ ਬਾਅਦ ਉਹ ਅਧਿਆਤਕ ਵਾਰ ਦੇ ਰੂਪ ਵਿਚ ਸਾਹਮਣੇ ਆਈ ਤੇ ਅਜਕਲ ਇਹ ਇਤਿਹਾਸਕ ਵਾਰ ਦੇ ਰੂਪ ਵਿਚ ਮੌਜੂਦ ਹੈ। ਸਾਹਿਤਕ ਦ੍ਰਿਸ਼ਟੀ ਤੋਂ ਭਾਵੇਂ ਵਾਰ-ਰੂਪ (ਅਧਿਆਤਮਕ-ਵਾਰ) ਹੋਰ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ ਪਰ ਇਤਨਾ ਤਾਂ ਸਪਸ਼ਟ ਹੀ ਹੈ, ਘਟੋ ਘਟ ਇਹ ਰਚਨਾ-ਰੂਪ ਅਣਛੋਹ ਨਹੀਂ ਰਿਹਾ।

ਇਸ ਪੁਸਤਕ ਦੀ ਤਿਆਰੀ ਕਰਦੇ ਸਮੇਂ ਕੋਸ਼ਿਸ਼ ਇਹੀ ਕੀਤੀ ਗਈ ਹੈ ਕਿ ਆਦਿ ਗ੍ਰੰਥ ਦੇ ਸਾਰੇ ਲੋਕ-ਰੂਪਾਂ ਨੂੰ ਇਸ ਵਿਚ ਸੰਗ੍ਰਹੀਤ ਕਰ ਲਿਆ ਜਾਵੇ ਸਿਵਾਏ ਛੰਤ ਅਤੇ ਵਾਰਾਂ ਦੇ।

ਹੁਣ ਸੁਆਲ ਪੈਦਾ ਹੋ ਸਕਦਾ ਹੈ ਕਿ ਇਸ ਪੁਸਤਕ ਵਿਚ ਪੇਸ਼ ਕੀਤੇ ਜਾ ਰਹੇ ਲੋਕ-ਰੂਪਾਂ ਪ੍ਰਤੀ ਮੇਰੇ ਕੰਮ ਦੀ ਪ੍ਰਕ੍ਰਿਤੀ ਕੀ ਹੋਏਗੀ? ਇਥੇ ਇਹ ਸੰਕੇਤ ਕਰਨਾ ਉਚਿਤ ਹੈ ਕਿ ਮੇਰਾ ਅਧਿਐਨ ਕਾਰਜ ਇਸ ਪੁਸਤਕ ਵਿਚ ਰੂਪ ਵਿਸ਼ੇਸ਼ ਦੀ ਨਿਵੇਕਲੀ ਪਹਿਚਾਣ ਤਕ ਹੀ ਸੀਮਿਤ ਹੈ। ਇਕੋ ਰੂਪ ਦੇ ਅੰਤਰਗਤ ਦੋ ਬਾਣੀਕਾਰਾਂ ਦਾ ਰੂਪਗਤ ਤੁਲਨਾਤਮਕ ਅਧਿਐਨ ਜਾਂ ਰਚੈਤਾ ਵਿਸ਼ੇਸ਼ ਦੇ ਸ਼ੈਲੀਗਤ ਵਖਰੇਵੇਂ ਜਾਂ ਸਮਾਨਤਾਵਾਂ ਨੂੰ ਸਮਝਣ-ਬੁੱਝਣ ਦਾ ਕੰਮ ਆਪਣੇ ਆਪ ਵਿਚ ਬੜੀ ਵੱਡੀ ਸੰਭਾਵਨਾ ਰੱਖਦਾ ਹੈ। ਉਦਾਹਰਣ ਵਜੋਂ ਪਹਰੇ ਮਹਲਾ ੧, ੩, ੪ ਤੇ ੫ ਨੇ ਰਚੇ ਹਨ। ਇਸੇ ਤਰ੍ਹਾਂ ਥਿਤੀ ਦੀ ਰਚਨਾ ਮਹਲਾ ੧, ੪ ਤੇ ਕਬੀਰ ਜੀ ਨੇ ਕੀਤੀ ਹੈ। ਵਾਰ ਸਤ ਮਹਲਾ ੩ ਤੇ ਕਬੀਰ ਜੀ ਨੇ ਸਿਰਜੇ ਹਨ। ਬਾਰਾਮਾਹ ਮਹਲਾ ੧ ਤੇ ੫ ਨੇ ਲਿਖੇ ਹਨ। ਅਲਾਹੁਣੀਆਂ ਮਹਲਾ ੧ ਤੇ ੩ ਨੇ ਰਚੀਆਂ ਹਨ। ਇਨ੍ਹਾਂ ਰਚਨਾ-ਰੂਪਾਂ ਦਾ ਤੁਲਨਾਤਮਕ ਅਧਿਐਨ ਵੀ ਪੇਸ਼ ਕੀਤਾ ਜਾ ਸਕਦਾ ਸੀ ਪਰ ਇਸ ਪੁਸਤਕ ਦਾ ਮੂਲ ਉਦੇਸ਼ ਆਦਿ ਗ੍ਰੰਥ ਵਿਚ ਪੇਸ਼ ਹੋਏ ਲੋਕ-ਰੂਪਾਂ ਨੂੰ ਇਕੋ ਥਾਂ ਪੇਸ਼ ਕਰਕੇ ਉਨ੍ਹਾਂ ਦੇ ਨਿਵੇਕਲੇ ਸੰਦਰਭ ਨੂੰ ਉਜਾਗਰ ਕਰਨਾ ਹੈ। ਸੰਦਰਭ-ਅਧਿਐਨ ਅਜਕਲ ਇਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹੁੰਚ-ਵਿਧੀ ਦੇ ਅਰਥਾਂ ਵਿਚ ਵੀ ਮੌਜੂਦ ਹੈ। ਮੋਟੇ ਤੌਰ ਤੇ ਰੂਪ-ਵਿਸ਼ੇਸ਼ ਦੇ ਸੰਦਰਭਾਂ ਰਾਹੀਂ ਉਸ ਦੇ ਇਤਿਹਾਸਕ, ਤਾਤਵਿਕ ਤੇ ਦਾਰਸ਼ਨਿਕ ਆਦਿ ਅਰਥਾਂ ਤਕ ਪਹੁੰਚਣ ਦਾ ਜਤਨ ਕੀਤਾ ਗਿਆ ਹੈ। ਤੇ ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੇ ਲੋਕ-ਰੂਪਾਂ ਦੇ ਮੂਲ-ਪਾਠ ਨੂੰ ਪੇਸ਼ ਕੀਤਾ ਗਿਆ ਹੈ।

ਇਹ ਪੁਸਤਕ ਕਿਉਂਕਿ ਆਦਿ ਗ੍ਰੰਥ ਦੇ ਲੋਕ-ਰੂਪਾਂ ਨਾਲ ਸੰਬੰਧਿਤ ਹੈ ਇਸ ਲਈ 'ਲੋਕ-ਰੂਪ' ਨੂੰ ਇਸ ਪੁਸਤਕ ਵਿਚ ਕਿਹਨਾਂ ਅਰਥਾਂ ਵਿਚ ਗ੍ਰਹਿਣ ਕੀਤਾ ਗਿਆ ਹੈ, ਬਾਰੇ ਸੰਖੇਪ ਜੇਹੀ ਵਿਚਾਰ ਕਰ ਲੈਣੀ ਉਚਿਤ ਮਾਲੂਮ ਹੁੰਦੀ ਹੈ।

4

ਕਲਾ ਮਨੁੱਖੀ ਅਭਿਵਿਅਕਤੀ ਦਾ ਹੀ ਇਕ ਅੰਦਾਜ਼ ਹੈ, ਇਕ ਵੱਖਰੀ ਤਰ੍ਹਾਂ ਦਾ ਅਭਿਵਿਅੰਜਨ। ਸਾਧਾਰਣ ਤੌਰ ਤੇ ਹਰ ਕਲਾ ਦਾ ਇਕ ਰੂਪ ਹੁੰਦਾ ਹੈ ਤੇ ਹਰ ਰੂਪ ਦੀ ਆਪਣੀ ਸੰਰਚਨਾ। ਹਰ ਸੰਰਚਨਾ ਮਾਡਲ ਵਿਸ਼ੇਸ਼ ਜਾ ਰੂਪ ਵਿਸ਼ੇਸ਼ ਦੀ ਧਾਰਣੀ ਹੁੰਦੀ ਹੈ, ਤਾਂ ਸੁਆਲ ਪੈਦਾ ਹੋ ਸਕਦਾ ਹੈ ਹਰ ਜੀਵੰਤ ਸਰੀਰ ਦਾ ਵੀ ਤਾਂ ਇਕ ਆਪਣਾ ਰੂਪ ਹੁੰਦਾ ਹੈ ਚਾਹੇ ਉਹ ਮਨੁੱਖ ਦਾ ਹੈ, ਜਾਨਵਰ ਦਾ ਜਾਂ ਕਿਸੇ ਜੀਵ-ਜੰਤੂ ਦਾ। ਕੀ ਹਰ ਅਜੇਹੇ ਰੂਪ ਨੂੰ ਕਲਾਤਮਕ ਰੂਪ ਕਿਹਾ ਜਾ ਸਕਦਾ ? ਇਹ ਪ੍ਰਸ਼ਨ ਜਿਤਨਾ ਅਸਾਨ ਹੈ ਉਤਨਾ ਹੀ ਕਠਿਨ ਵੀ। ਮੋਟੇ ਤੌਰ ਤੇ ਰੂਪ ਦੀ ਦ੍ਰਿਸ਼ਟੀ ਤੋਂ ਸੰਸਾਰ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ, ਵੰਨਸੁਵੰਨੇ ਪ੍ਰਕ੍ਰਿਤਕ ਰੂਪ, ਜਿਨ੍ਹਾਂ ਦਾ ਰਚੈਤਾ ਮਨੁੱਖ ਨਹੀਂ। ਦੂਜੇ ਉਹ ਜੋ ਮਨੁੱਖ ਨੇ ਅਨੇਕ ਕਲਾ-ਕਿਰਤਾਂ ਦੇ ਰੂਪ ਵਿਚ ਸਿਰਜੇ ਹਨ। ਇਸ ਤਰ੍ਹਾਂ ਪਹਿਲੀ ਪ੍ਰਕਾਰ ਦੇ ਰੂਪ ਪ੍ਰਕ੍ਰਿਤਕ ਹਨ ਤੇ ਦੂਜੀ ਤਰ੍ਹਾਂ ਦੇ ਕ੍ਰਿਤਮ। ਦੋਹਾਂ ਦਾ ਮੂਲ ਬੁਨਿਆਦੀ ਫ਼ਰਕ ਇਨ੍ਹਾਂ ਦੇ ਰਚੈਤਾ ਕਰਕੇ ਹੀ ਹੈ ਤੇ ਇਸੇ ਕਰਕੇ ਇਹ ਆਪਣੇ ਚਰਿੱਤਰ ਵਿਚ ਵੱਖ ਵੱਖ ਵੀ ਹਨ। ਪਰ ਇਤਨਾ ਤਾਂ ਸਪਸ਼ਟ ਹੀ ਹੈ ਜਦੋਂ ਆਰਟ ਦੀ ਗੱਲ ਕੀਤੀ ਜਾਂਦੀ ਹੈ ਤਾਂ ਮੂਲ ਸਮੱਸਿਆ ਕ੍ਰਿਤਮ ਰੂਪਾਂ ਨਾਲ ਸੰਬੰਧਿਤ ਹੁੰਦੀ ਹੈ।

ਕਲਾਤਮਕ ਰੂਪ ਨੂੰ ਮਨੁੱਖ ਤੇ ਉਸ ਦੀ ਬੌਧਿਕਤਾ ਸਿਰਜਦੀ ਹੈ। ਹਰ ਰੂਪ ਦੀ ਜਿਥੇ ਆਪਣੀ ਨਿਵੇਕਲੀ ਨੁਹਾਰ ਹੁੰਦੀ ਹੈ ਉਥੇ ਉਹ ਇਕ ਖ਼ਾਸ ਵਿਚਾਰ (Idea) ਨੂੰ ਸੰਚਾਰਿਤ ਵੀ ਕਰਦਾ ਹੈ। ਜੇ ਇਸ ਸਥਾਪਨਾ ਨੂੰ ਸਾਹਿਤ-ਕਿਰਤਾਂ ਨਾਲ ਜੋੜ ਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਹਰ ਸਾਹਿਤ-ਰੂਪ ਆਪਣੀ ਨਿਵੇਕਲੀ ਨੁਹਾਰ ਹੀ ਨਹੀਂ ਰੱਖਦਾ ਸਗੋਂ ਵਥ ਵਿਸ਼ੇਸ਼ ਨੂੰ ਵੀ ਰੂਪਮਾਨ ਕਰਦਾ ਹੈ। ਰੂਪ ਅਤੇ ਵਥ ਇਕੋ ਹੀ ਵਸਤੂ ਦੇ ਦੋ ਪੱਖ (aspects) ਹਨ। ਇਕ ਦੀ ਅਣਹੋਂਦ ਵਿਚ ਦੂਸਰੇ ਦੀ ਹੋਂਦ ਨੂੰ ਨਿਸਚਿਤ ਕਰਨਾ ਅਤੀ ਕਠਿਨ ਹੈ। ਰੂਪ ਅਤੇ ਵਥ ਕਿਸੇ ਵੀ ਰਚਨਾ-ਰੂਪ ਵਿਚ ਇਕੋ ਜਿੰਨਾ ਮਹੱਤਵ ਰੱਖਦੇ ਹਨ। ਦੂਸਰੇ ਸ਼ਬਦਾਂ ਵਿਚ ਨਾ ਰੂਪ ਵਥ ਨਾਲੋਂ ਉਚੇਰਾ ਹੈ ਤੇ ਨਾ ਵਥ ਰੂਪ ਨਾਲੋਂ ਘਟ। ਦੋਹਾਂ ਦੀ ਹੋਂਦ ਅੰਤਰ-ਸੰਬੰਧਿਤ ਵੀ ਹੈ ਤੇ ਅੰਤਰ-ਨਿਰਭਰ ਵੀ। ਕੁਲ ਮਿਲਾ ਕੇ, ਵਥ, ਵਿਧੀ ਤੇ ਅੰਦਾਜ਼ (Content, mode


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

and manı er) ਦੇ ਜੀਵੰਤ ਸਮੁੱਚ ਤੇ ਕਾਰਜਸੀਲ ਸੰਬੰਧਾਂ ਨੂੰ Text ਦਾ ਨਾਮ ਦਿਤਾ ਜਾ ਸਕਦਾ ਹੈ।

'ਰੂਪ' ਦੀ ਅਨੇਕ ਮੁਖ ਵਿਆਖਿਆ ਅਨੇਕ ਅੰਤਰ ਦ੍ਰਿਸ਼ਟੀਆਂ ਤੋਂ ਹੋ ਸਕਦੀ ਹੈ। ਇਥੇ ਵਿਭਿੰਨ ਪਹੁੰਚ-ਵਿਧਿਆਂ ਦੀਆਂ ਮੂਲ ਸਥਾਪਨਾਵਾਂ, ਸਮਾਨਤਾਵਾਂ ਜਾਂ ਵਖਰਤਾਵਾਂ ਵਿਚ ਨਾ ਉਲਝ ਕੇ ਇਤਨਾ ਸੰਕੇਤ ਹੀ ਕਾਫ਼ੀ ਹੈ, ਇਸ ਪੁਸਤਕ ਵਿਚ ਪੇਸ਼ ਕੀਤੇ ਜਾ ਰਹੇ ਲੋਕ-ਰੂਪ, ਲੋਕ-ਕਾਵਿ-ਰੂਪਾਂ ਵਰਗਾ ਕੇਵਲ ਝਾਉਲਾ ਹੀ ਸਿਰਜਦੇ ਹਨ। ਅਸਲ ਵਿਚ ਆਪਣੇ ਰੂਪ-ਪ੍ਰਬੰਧ ਵਿਚ ਇਹ ਉਨ੍ਹਾਂ ਤੋਂ ਬਿਲਕੁਲ ਹੀ ਭਿੰਨ ਹਨ। ਦੋਹਾਂ ਵਿਚਲਾ ਅੰਤਰ ਇਨ੍ਹਾਂ ਦੀ ਪ੍ਰਕ੍ਰਿਤੀ ਕਰਕੇ ਹੀ ਹੈ। ਲੋਕ-ਕਾਵਿ-ਰੂਪ ਅਨੁਭਵ ਆਧਾਰਿਤ ਹਨ ਤੇ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਲੋਕ-ਰੂਪ ਅਨੁਭਵ ਨਾਲੋਂ ਵਧੀਕ ਗਿਆਨ ਅਨੁਰਾਗੀ ਤੇ ਗਿਆਨ ਵੀ ਉਹ ਜੋ ਤਾਤਵਿਕ ਹੈ। ਲੋਕ-ਕਾਵਿ-ਰੂਪ ਲੋਕ ਮਨ ਵਿਚ ਵਸਦੇ ਕਲਾਤਮਕ ਸੁਹਜ ਦੀ ਟੁਹ ਦੇਂਦੇ ਹਨ ਪਰ ਲੋਕ-ਰੂਪ ਪਰਾਭੌਤਿਕ ਸੁਹਜ ਦੇ ਨਾਲ ਨਾਲ ਦਾਰਸ਼ਨਿਕ ਵਥ ਦਾ ਬੋਧ ਵੀ ਕਰਾਉਂਦੇ ਹਨ। ਇਥੇ ਇਹ ਧਿਆਨ ਰਹੇ ਆਦਿ ਗ੍ਰੰਥ ਦੇ ਲੋਕ-ਰੂਪ ਲੋਕ-ਸੰਸਕ੍ਰਿਤੀ ਦੇ ਗਿਆਨ ਨੂੰ ਪਿੱਠ ਭੂਮੀ ਦੇ ਤੌਰ ਉੱਤੇ ਵਰਤਦੇ ਹਨ ਤੇ ਅਧਿਆਤਮ ਤੇ ਤਾਤਵਿਕ ਗਿਆਨ ਇਨ੍ਹਾਂ ਵਿਚ ਅਗਰਭੂਮਿਤ ਹੋ ਜਾਂਦਾ ਹੈ। ਲੋਕ-ਕਾਵਿ-ਰੂਪਾਂ ਦਾ ਸੰਬੰਧ ਸਾਪੇਖਤਾ ਨਾਲ ਹੈ ਤੇ ਆਦਿ ਗ੍ਰੰਥ ਦੇ ਲੋਕ-ਰੂਪਾਂ ਦੀ ਥੀਮ ਸਦੀਵਤਾ ਨਾਲ ਜੁੜੀ ਹੋਈ ਹੈ ਤੇ ਆਦਿ ਗ੍ਰੰਥ ਦੇ ਲੋਕ-ਰੂਪਾਂ ਦੀ ਯਾਤਰਾ ਲੋਕ-ਭੂਮੀ ਤੋਂ ਆਰੰਭ ਹੋ ਕੇ ਲੋਕ-ਮੁਕਤ ਹੁੰਦੀ ਹੋਈ ਆਪਣੇ ਅੰਤਿਮ ਅਰਥਾਂ ਵਿਚ ਨਿਰੋਲ ਦਾਰਸ਼ਨਿਕ ਵੇਰਵਿਆਂ ਨੂੰ ਪੇਸ਼ ਕਰਦੀ ਹੈ। ਲੋਕ-ਕਾਵਿ-ਰੂਪ ਭਾਵਾਤਮਕ ਅਰਥਾਂ ਨਾਲ ਵੀ ਜੁੜੇ ਹੁੰਦੇ ਹਨ ਪਰ ਰੂਪਾਂਤਰਣ ਪ੍ਰਕਿਰਿਆ ਵਿਚ ਪਹੁੰਚਦੇ ਪਹੁੰਚਦੇ ਜਦੋਂ ਇਹ ਬਾਣੀ-ਸੰਸਾਰ ਨਾਲ ਜੁੜਦੇ ਹਨ ਤਾਂ ਇਕ ਵਡੇਰੀ ਸਾਰਥਕਤਾ ਨੂੰ ਉਭਾਰਦੇ ਹਨ ਜਾਂ ਇਉਂ ਕਹੋ ਉਦੋਂ ਇਹ ਇਕ ਅਸਿਹੇ ਸੰਸਾਰ ਨੂੰ ਸਿਰਜਦੇ ਹਨ ਜਿਸ ਦਾ ਇਕ ਲੜ ਇਸ ਲੋਕ ਨਾਲ ਸੰਬੰਧਿਤ ਹੁੰਦਾ ਹੈ ਤੇ ਦੂਜਾ ਦਾਰਸ਼ਨਿਕ ਤੇ ਤਾਤਵਿਕ ਸੰਦਰਭ ਨਾਲ ਜਿਸ ਦਾ ਮੂਲ ਖ਼ੁਦ 'ਪਾਰਬ੍ਰਹਮ' ਆਪ ਹੈ। ਇਸ ਤਰ੍ਹਾਂ ਆਦਿ ਗ੍ਰੰਥ ਵਿਚ ਪੇਸ਼ ਹੋਏ ਲੋਕ-ਰੂਪ ਇਕ 'ਸਾਰ ਗਰਭਿਤ' ਸਥਿਤੀ ਨੂੰ ਉਭਾਰਦੇ ਹਨ। ਲੋਕ-ਪਰਲੋਕ ਦੇ ਸਮੁੱਚ ਨੂੰ ਪੇਸ਼ ਕਰਨਾ ਹੀ ਇਨ੍ਹਾਂ ਲੋਕ-ਰੂਪਾਂ ਦੀ ਸਹਿਜ ਪ੍ਰਕਿਰਤੀ ਹੈ। ਇਹ ਧਿਆਨ ਰਹੇ, ਰੂਪਾਂਤਰਣ-ਪ੍ਰਕਿਰਿਆ ਵਿਚ ਲੋਕ ਤੱਤ ਆਪਣਾ ਅਸਲਾ ਗੁਆਉਂਦੇ ਨਹੀਂ ਸਗੋਂ ਪ੍ਰਤੀਕਾਤਮਕ ਸਿਰਜਣਾ ਵਿਚ ਢਲ ਜਾਂਦੇ ਹਨ।

ਹੁਣ ਸੁਆਲ ਪੈਦਾ ਹੁੰਦਾ ਹੈ, ਚਾਹੇ ਲੋਕ-ਕਾਵਿ-ਰੂਪ ਹਨ ਜਾਂ ਆਦਿ ਗ੍ਰੰਥ ਵਿਚਾਲੇ ਲੋਕ-ਰੂਪ ਦੋਹਾਂ ਨਾਲ ਲੋਕ ਸ਼ਬਦ ਜੁੜਿਆ ਹੋਇਆ ਹੋਇਆ ਹੈ? ਅਸਲ ਵਿਚ ਲੋਕ-ਸਾਹਿਤ ਰਚੈਤਾ ਹੋਣ ਜਾਂ ਬਾਣੀਕਾਰ ਦੋਵੇਂ ਹੀ ਲੋਕ-ਸਮੂਹ ਨਾਲ ਜੁੜੇ ਹੋਏ ਹਨ। ਦੋਹਾਂ ਦੀ ਜਿਥੇ ਯੋਗਤਾ ਵਿਚ ਅੰਤਰ ਹੈ ਉਥੇ ਦੋਹਾਂ ਦੀ ਚੇਤਨਾ ਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਲੱਗ ਅਲੱਗ ਸਿਸਟਮਾਂ ਨਾਲ ਜੁੜੀ ਹੋਈ ਹੈ । ਲੋਕ-ਰਚੈਤਾ ਦੀ ਚੇਤਨਾ ਲੌਕਿਕ ਪੱਧਰ ਤਕ ਹੀ ਸੀਮਿਤ ਹੋ ਜਾਂਦੀ ਹੈ ਤੇ ਬਾਣੀਕਾਰਾਂ ਦੀ ਚੇਤਨਾ ਪਾਰਗਾਮਤਾ ਨਾਲ ਬੱਝੀ ਹੋਈ ਹੈ । ਉਂਞ ਪਾਰਗਾਮਤਾ ਤਕ ਪਹੁੰਚਣ ਦਾ ਮਾਧਿਅਮ ਲੋਕ ਹੀ ਹੈ । ਇਕ ਦੀ ਚੇਤਨਾ ਲੋਕ ਦੁਖ-ਸੁਖ ਨੂੰ ਪੇਸ਼ ਕਰਦੀ ਹੈ ਤੇ ਦੂਜੇ ਦੀ ਬ੍ਰਹਿਮੰਡ ਵਿਚ ਵਿਆਪਤ ਪ੍ਰਕਿਰਿਆ ਨਾਲ ਇਕ ਸੁਰ ਹੈ ਪਰ ਇਸ ਤੋਂ ਪ੍ਰਾਪਤ ਅੰਤਰ-ਦ੍ਰਿਸਟੀ ਲੋਕ ਕਲਿਆਣ-ਨਿਸ਼ਠ ਹੈ । ਇਸੇ ਕਰਕੇ ਦੋਹਾਂ ਨਾਲੋਂ ਲੋਕ ਸ਼ਬਦ ਅਲਗ ਨਹੀਂ ਕੀਤਾ ਜਾ ਸਕਦਾ । ਆਖਰਕਾਰ ਬ੍ਰਹਿਮੰਡ ਜਾਂ ਬਹਿਮੰਡ ਦਾ ਕਰਤਾ ਵੀ ਤਾਂ ਇਹਲੋਕ ਨਾਲ ਹੀ ਜੁੜਿਆ ਹੋਇਆ ਹੈ । ਨਤੀਜੇ ਵਜੋਂ, ਆਦਿ ਗ੍ਰੰਥ ਦੇ ਲੋਕ-ਰੂਪ ਦੋ ਅੰਤਰ-ਦ੍ਰਿਸ਼ਟੀਆਂ ਦਾ ਸਮੀਕਰਣ ਕਰਦੇ ਹਨ : ਲੋਕ-ਦ੍ਰਿਸ਼ਟੀ ਤੇ ਧਰਮ-ਦ੍ਰਿਸ਼ਟੀ । ਇਥੇ ਇਹ ਜਾਣਨਾਯੋਗ ਹੈ, ਧਰਮ ਦਾ ਅਮਲੀ ਕਿਰਦਾਰ ਵੀ ਲੋਕ ਮੁਖ ਹੀ ਹੁੰਦਾ ਹੈ । ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰਚਨਾ-ਰੂਪਾਂ ਨੂੰ 'ਲੋਕ-ਰੂਪ' ਕਰਕੇ ਆਂਕਣਾ ਉਚਿਤ ਜਾਪ ਰਿਹਾ ਹੈ ।

ਇਥੇ ਇਹ ਨਿਖੇੜਾ ਕਰਨਾ ਉਚਿਤ ਹੈ ਇਨ੍ਹਾਂ ਲੋਕ-ਰੂਪਾਂ ਨੂੰ ਲੋਕ-ਕਾਵਿ-ਰੂਪਾਂ ਦੇ ਨਾਮ ਹੇਠ ਵੀ ਦਰਜ ਕੀਤਾ ਜਾ ਸਕਦਾ ਸੀ ਪਰ ਲੋਕ-ਕਾਵਿ-ਰੂਪ ਨੂੰ ਸਾਡੀ ਚੇਤਨਾ ਇਕ ਵਿਸ਼ੇਸ਼ ਸੰਦਰਭ ਵਿਚ ਗ੍ਰਹਿਣ ਕਰਨ ਦੀ ਅਭਿਆਸੀ ਹੋ ਚੁੱਕੀ ਹੈ । ਕਿਸੇ ਵੀ ਤਰ੍ਹਾਂ ਦੇ ਅਪਵਾਦ ਤੋਂ ਬਚਦੇ ਹੋਏ ਇਨ੍ਹਾਂ ਰਚਨਾ-ਰੂਪਾਂ ਨਾਲ ਲੋਕ ਸ਼ਬਦ ਦੀ ਵਰਤੋਂ ਕਰਨੀ ਤਾਂ ਉਚਿਤ ਜਾਪਦੀ ਹੈ ਪਰ ਕਾਵਿ ਦੀ ਵਰਤੋਂ ਇਥੇ ਅਨੁਚਿਤ ਲਗਦੀ ਹੈ । ਇਸ ਦਾ ਕਾਰਣ ਸਪਸ਼ਟ ਹੈ, ਬਾਣੀ ਅਤੇ ਕਾਵਿ ਆਪੋ ਆਪਣੇ ਨੇਮਾਂ ਦੇ ਧਾਰਣ ਹਨ । ਇਨ੍ਹਾਂ ਦੋਹਾਂ ਦੀ ਪ੍ਰਕਿਰਤੀ ਵੀ ਵਖੋ ਵੱਖਰੀ ਹੈ ਤੇ ਸੰਰਚਨਾ ਵੀ। ਸੋ ਪਰੰਪਰਾਗਤ ਲੋਕ-ਕਾਵਿ-ਰੂਪਾਂ ਤੋਂ ਨਿਖੇੜਨ ਲਈ ਇਸ ਪੁਸਤਕ ਦਾ ਨਾਮ 'ਆਦਿ ਗ੍ਰੰਥ—ਲੋਕ-ਰੂਪ' ਰੱਖਣਾ ਉਚਿਤ ਜਾਪਦਾ ਹੈ ।

ਇਥੇ ਇਹ ਸੰਕੇਤ ਕਰਨਾ ਕੁਥਾਂ ਨਹੀਂ ਹੋਵੇਗਾ ਆਦਿ ਗ੍ਰੰਥ ਵਿਚ ਪੇਸ਼ ਹੋਏ ਲੋਕ-ਰੂਪ ਸਾਰੇ ਪਰਵਰਤੀ ਸਾਹਿਤ-ਸਿਰਜਣਾ ਵਿਚ ਰੂਪਾਕਾਰ ਵਿਚ ਪਰਿਣਤ ਨਹੀਂ ਹੋਏ। ਇਨ੍ਹਾਂ ਵਿਚੋਂ ਕੁਝ ਕੁ ਨਿਰੋਲ 'ਰੂਪ' ਦੀ ਪੱਧਰ ਉਪਰ ਪੇਸ਼ ਹੋਏ ਹਨ ਜੇਹਾ ਕਿ ਸੋਦਰੁ, ਸੋਪੁਰਖ, ਸੋਹਿਲਾ, ਮੰਗਲ, ਕਰਹਲੇ, ਵਣਜਾਰਾ, ਬਿਰਹੜੇ, ਕੁਚਜੀ, ਸੁਚਜੀ, ਗੁਣਵੰਤੀ ਤੇ ਦਿਨਰੈਣਿ ਆਦਿ । ਇਨ੍ਹਾਂ ਰੂਪਾਂ ਦੀ ਵਰਤੋਂ ਆਦਿ ਗ੍ਰੰਥ ਵਿਚ ਕੇਵਲ ਇਕ ਵਾਰ ਇਕੋ ਬਾਣੀਕਾਰ ਨੇ ਕੀਤੀ ਹੈ । ਇਸ ਤੋਂ ਉਲਟ ਕੁਝ ਉਹ ਰੂਪ ਵੀ ਹਨ ਜੋ ਰੂਪਾਕਾਰ ਵਿਚ ਰੂਪਾਂਤਰਿਤ ਹੋ ਗਏ ਹਨ ਜੇਹਾ ਕਿ ਪਹਿਰੇ, ਥਿਤੀ, ਵਾਰਸਤ, ਬਾਰਾਮਾਹ, ਅਲਾਹੁਣੀਆ, ਘੋੜੀਆਂ, ਸਦ, ਛੰਤ ਅਤੇ ਵਾਰ ਆਦਿ । ਇਨ੍ਹਾਂ ਦੀ ਸਿਰਜਣਾ ਘੋੜੀਆਂ ਅਤੇ ਸਦ ਲੋਕ-ਰੂਪਾਂ ਨੂੰ ਛੱਡ ਕੇ ਇਕ ਤੋਂ ਵਧੀਕ ਬਾਣੀਕਾਰਾਂ ਨੇ ਕੀਤੀ ਹੈ । ਛੰਤ ਅਤੇ ਵਾਰ ਦੀ ਰਚਨਾ ਤਾਂ ਇਕੋ ਬਾਣੀਕਾਰ ਨੇ ਇਕ ਤੋਂ ਵਧੀਕ ਰਾਗਾਂ ਵਿਚ ਵੀ ਕੀਤੀ ਹੈ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੋਕ ਕਾਵਿ–ਪਿੱਠ ਭੂਮੀ

ਮੌਖਿਕ ਪ੍ਰਸਾਰਣ (Oral Transmission) ਦੇ ਸਿਧਾਂਤ ਨੂੰ ਫੋਕਲੋਰ ਕਿਹਾ ਜਾਂਦਾ ਹੈ। ਅੱਜ ਦੇ ਜੁਗ ਵਿਚ ਕੋਈ ਵੀ ਅਜਿਹਾ ਖੇਤਰ ਨਹੀਂ ਜਿਸ ਦਾ ਸਿੱਧਾ ਅਸਿੱਧਾ ਸੰਬੰਧ ਲੋਕਯਾਨ ਨਾਲ ਨਾ ਜੁੜਦਾ ਹੋਵੇ। ਲੋਕਯਾਨ ਦੇ ਕੁਝ ਅਜਿਹੇ ਰੂਪ ਵੀ ਹਨ ਜਿਨ੍ਹਾਂ ਦਾ ਪ੍ਰਸਾਰਣ ਮੌਖਿਕ ਰੂਪ ਵਿਚ ਨਹੀਂ ਹੋ ਸਕਦਾ, ਪਰ ਉਹ ਅਖਵਾਉਂਦੇ ਲੋਕਯਾਨ ਹੀ ਹਨ। ਸਾਡੇ ਜੀਵਨ ਨਾਲ ਸੰਬੰਧਿਤ ਨਿੱਤ-ਕਿਰਿਆ ਦੇ ਕਈ ਵੇਰਵੇ ਅਜਿਹੇ ਹਨ ਜੋ ਮੌਖਿਕਤਾ ਨਾਲੋਂ ਵੇਖ ਵੇਖ ਕੇ ਸਿਖੇ ਜਾਂਦੇ ਹਨ। ਉਦਾਹਰਣ ਲਈ ਉਬਲਦੇ ਪਤੀਲੇ ਤੋਂ ਢੱਕਣ ਲਾਹੁਣਾ, ਬਹੁਕਰ ਫੜਕੇ ਮਾਰਨ ਦੀ ਜਾਚ, ਭਾਂਡੇ ਮਾਂਜ ਧੋ ਕੇ ਚਿਣਨ ਦਾ ਵਲ, ਖੇਡਾਂ ਦੇ ਦਾਅ ਪੇਚ, ਸਬਜ਼ੀ ਕੱਟਣ ਦੀ ਜਾਚ, ਨਹਾਉਂਦੇ ਸਮੇਂ ਪਿੰਡੇ ਉਤੇ ਪਾਣੀ ਪਾਉਣ ਦੀ ਵਿਧੀ, ਫੁਲਕਾ ਵੇਲਣ ਦਾ ਤਰੀਕਾ, ਸੂਈ ਵਿਚ ਧਾਗਾ ਪਾਉਣ ਦਾ ਵਲ ਆਦਿ। ਇਹ ਸਾਰੇ ਅਜਿਹੇ ਕਾਰਜ ਹਨ ਜਿਨ੍ਹਾਂ ਦਾ ਸੰਬੰਧ ਮੌਖਿਕ-ਰੂਪ ਦੇ ਨਾਲ ਨਾਲ ਕਰਨ ਜਾਂ ਸਿਖਣ ਨਾਲ ਹੈ ਪਰ ਕਿਸੇ ਵੀ ਲੋਕਯਾਨੀ ਨੇ ਅਜਿਹੇ ਨਿੱਕੇ ਨਿੱਕੇ ਕਾਰਜਾਂ ਦੀ ਗਿਣਤੀ ਲੋਕਯਾਨ ਵਿਚ ਨਹੀਂ ਕੀਤੀ। ਨਤੀਜੇ ਵਜੋਂ ਇਹ ਕਿਹਾ ਜਾ ਸਕਦਾ ਹੈ, ਲੋਕਯਾਨ ਮੌਖਿਕ ਪ੍ਰਸਾਰਣ ਦਾ ਧਾਰਣੀ ਤਾਂ ਹੈ ਹੀ ਪਰ ਇਸ ਵਿਚ ਹੋਰ ਜੁਗਤਾਂ ਦਾ ਵੀ ਮਹੱਤਵਪੂਰਣ ਜੋਗਦਾਨ ਹੈ, ਖ਼ਾਸ ਕਰਕੇ ਨਿਹਾਰ-ਜੁਗਤ ਤੇ ਕਾਰਜ-ਜੁਗਤ। ਸਾਹਿਤਕ ਸ਼ੈਲੀ ਮੌਖਿਕ ਪ੍ਰਸਾਰਣ ਨਿਹਾਰ-ਜੁਗਤ ਤੇ ਕਾਰਜ-ਜੁਗਤ ਤਿੰਨਾਂ ਤੋਂ ਹੀ ਵੱਖਰੀ ਭਾਂਤ ਦੀ ਹੈ। ਭਾਵੇਂ ਇਹ ਸਾਰੀਆਂ ਹੀ ਉਸਦੇ ਮੂਲ ਵਿਚ ਕੱਚੇ ਮਸਾਲੇ (raw material) ਦਾ ਕੰਮ ਕਰਦੀਆਂ ਹਨ।

ਮਨੁੱਖ ਦੇ ਕੋਲ ਅਭਿਵਿਅਕਤੀ ਦੇ ਹੋਰ ਵੀ ਬਹੁਤ ਸਾਰੇ ਸਾਧਨ ਹਨ ਪਰ ਉਨ੍ਹਾਂ ਸਾਰਿਆਂ ਵਿਚੋਂ ਮਨੁੱਖ ਦੇ ਲਈ ਸਭ ਤੋਂ ਵਧ ਸਹਿਜ ਤੇ ਸਰਲ ਬੋਲ-ਬਾਣੀ ਹੈ। ਬੋਲ-ਬਾਣੀ ਮਨੁੱਖ ਲਈ ਜਿਤਨੀ ਸੌਖੀ ਹੈ ਉਤਨੀ ਹੀ ਪ੍ਰਬਲ ਵੀ। ਆਖ਼ਰ ਇਨ੍ਹਾਂ ਬੋਲਾਂ ਵਿਚ ਅਜਿਹਾ ਕਿਹੜਾ ਤੱਤ ਹੈ ਜੋ ਪੰਨਿਆਂ ਵਿਚ ਅੰਕਿਤ ਭਾਵੇਂ ਨਾ ਕੀਤਾ ਜਾਏ ਪਰ ਉਸ ਦਾ ਅੰਕਣ ਹਿਰਦੇ ਵਿਚ ਸਦਾ ਲਈ ਹੋ ਜਾਂਦਾ ਹੈ। ਬੋਲ-ਬਾਣੀ ਨੇ ਸਦੀਆਂ ਤਕ ਮਨੁੱਖ ਨੂੰ ਪਿਤਾ-ਪੁੱਤਰ-ਪਰੰਪਰਾ ਵਾਂਗ ਜ਼ਿੰਦਾ ਵੀ ਰੱਖਿਆ ਹੈ ਤੇ ਵਿਵੇਕਵਾਨ ਵੀ। ਇਹ ਬੋਲ-ਬਾਣੀ ਵਿਸ਼ੁਧ ਉਪਯੋਗਿਤਾ ਮੂਲਕ ਰਹੀ ਹੈ ਤੇ ਇਸੇ ਕਰਕੇ ਸਾਮਿਅਕ ਵੀ। ਵਿਅਕਤੀ ਦਾ ਵਸਤੂਮੂਲਕ ਗਿਆਨ ਜਿਵੇਂ ਜਿਵੇਂ ਗਹਿਰਾ ਹੁੰਦਾ ਗਿਆ ਉਸਨੂੰ ਅੱਖਰਾਂ ਦੀ ਲੋੜ ਪੈਂਦੀ ਗਈ। ਇਸ ਤਰ੍ਹਾਂ ਜੋ ਗਿਆਨ ਬੁਲ੍ਹਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਬੁਲ੍ਹਾਂ ਤਕ ਚਲਿਆ ਆ ਰਿਹਾ ਸੀ। ਬੋਲਾਂ ਤੋਂ ਅੱਖਰਾਂ ਵਿਚ ਢਲਣ ਲਗਾ। ਫਲਸਰੂਪ, ਇਹ ਤਤਕਾਲੀ ਤੋਂ ਦੀਰਘਕਾਲੀ ਬਨਣ ਲਗ ਪਿਆ। ਹੁਣ ਇਸ ਤੋਂ ਲਾਭ ਕੇਵਲ ਸ੍ਰੋਤਾ ਨਹੀਂ ਸੀ ਲੈ ਰਿਹਾ ਸਗੋਂ ਪੜ੍ਹਨ ਵਾਲਾ ਵੀ ਲਾਭਵੰਤ ਹੋਣ ਲਗ ਪਿਆ। ਇਸ ਦਾ ਇਕ ਹੋਰ ਫ਼ਾਇਦਾ ਇਹ ਵੀ ਹੋਇਆ ਵਿਅਕਤੀ ਨਿਰੀ ਤਤਕਾਲੀ ਵਾਸਤਵਿਕਤਾ ਵਿਚ ਹੀ ਨਾ ਰਿਹਾ ਸਗੋਂ ਅਤੀਤਕਾਲੀ ਬਹੁਪ੍ਰਕਾਰੀ ਪਰੰਪਰਾ ਨਾਲ ਵੀ ਜੁੜਨ ਲਗ ਪਿਆ।

ਲੋਕ-ਬਾਣੀ ਦੇ ਮੌਖਿਕ ਪ੍ਰਸਾਰਣ ਨੇ ਭਾਵੇਂ ਲਿਖਤੀ ਰੂਪ ਗ੍ਰਹਿਣ ਕਰ ਲਿਆ ਹੈ ਪਰ ਇਸ ਦੇ ਅਨੇਕ ਮੁਖ ਕਾਰਜਾਂ ਨਾਲੋਂ 'ਲੋਕ' ਸ਼ਬਦ ਟੁੱਟ ਨਹੀਂ ਸਕਿਆ, ਸਗੋਂ ਇਸਦੇ ਪ੍ਰਯੋਗ ਬਹੁਵਿਧ ਹੁੰਦੇ ਗਏ ਹਨ। ਪਰ ਇਤਨਾ ਤਾਂ ਸਪਸ਼ਟ ਹੀ ਹੈ ਲੋਕਯਾਨ ਵਿਚ ਵਰਤਿਆ ਜਾਂਦਾ ਪਦ 'ਲੋਕ' ਇਕ ਵਿਸ਼ੇਸ਼ ਤਰ੍ਹਾਂ ਦੇ ਸੰਬੋਧ (Concept) ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਲੋਕਯਾਨ ਦਾ ਮੂਲ ਸੰਬੋਧ ਇਕ ਅਜਿਹੇ ਲੋਕ-ਸਮੂਹ ਦੀ ਕਲਪਨਾ ਕਰਦਾ ਹੈ ਜੋ ਇਕੋ ਕੌਮ, ਬੋਲੀ ਤੇ ਧਰਮ ਨਾਲ ਜੁੜਿਆ ਹੋਵੇ ਤੇ ਲਾਜ਼ਮੀ ਤੌਰ ਉੱਤੇ ਉਸ ਦੀ ਆਪਣੀ ਵੀ ਕੋਈ ਪਰੰਪਰਾ ਹੋਵੇ। ਇਸ ਲੋਕ ਸਮੂਹ ਵਿਚ ਸਭ ਵਰਗਾਂ ਦੇ ਲੋਕ ਸਭ ਜਾਤਾਂ ਦੇ ਲੋਕ, ਸਭ ਧਰਮਾਂ ਦੇ ਲੋਕ ਸ਼ਾਮਲ ਹੋ ਸਕਦੇ ਹਨ। ਪੜ੍ਹੇ-ਅਨਪੜ੍ਹੇ, ਪੇਂਡੂ-ਨਾਗਰਿਕ, ਸਭਿਅਕ ਅਸਭਿਅਕ ਸਭ ਤਰ੍ਹਾਂ ਦੇ ਲੋਕ ਇਸ ਦੇ ਅੰਤਰਗਤ ਆ ਸਕਦੇ ਹਨ। ਇਨ੍ਹਾਂ ਸਾਰਿਆਂ ਨੂੰ ਜੋ ਚੀਜ਼ ਜੋੜਦੀ ਹੈ ਉਹ ਹੈ ਸਮੂਹਿਕ ਚੇਤਨਾ ਜਿਸ ਦੀ ਨਿਸ਼ਠਾ ਲੋਕ-ਕਲਿਆਣ ਵਿਚ ਹੈ।

ਇਸ ਤਰ੍ਹਾਂ ਲੋਕ ਦਾ ਅਰਥ ਸਰਲ ਰੂਪ ਵਿਚ ਉਹ ਮਾਨਵ ਸਮੂਹ ਹੈ ਜਿਸ ਦੀਆਂ ਭਾਵਨਾਵਾਂ, ਵਿਚਾਰ, ਪਰੰਪਰਾਵਾਂ, ਕਿਰਿਆਵਾਂ, ਤੇ ਮਾਨਵਤਾਵਾਂ ਵਿਚ ਵਾਸਤਵਿਕ ਲੋਕ ਕਲਿਆਣ ਦੇ ਤੱਤ ਮੌਜੂਦ ਹੁੰਦੇ ਹਨ। ਇਸੇ ਦਾ ਦੂਸਰਾ ਨਾਮ ਲੋਕ-ਸੰਸਕ੍ਰਿਤੀ ਲੋਕ-ਪ੍ਰਸਾਰਣ ਦੇ ਅਨੇਕ ਮੁਖ ਸਾਧਨਾ ਰਾਹੀਂ ਲੋਕ-ਸਿਮਰਤੀ ਵਿਚ ਇਤਨੀ ਡੂੰਘੀ ਲਹਿ ਜਾਂਦੀ ਹੈ ਕਿ ਜਦੋਂ ਕੋਈ ਵਿਅਕਤੀ ਸੁਚੇਤ ਪੱਧਰ ਉੱਤੇ ਕਿਸੇ ਵੀ ਰੂਪ ਦੀ ਰਚਨਾ ਕਰਨ ਲਗਦਾ ਹੈ ਤਾਂ ਅਚੇਤ ਹੀ ਲੋਕ-ਸੰਸਕ੍ਰਿਤੀ ਨਾਲ ਸੰਬੰਧਿਤ ਅੰਸ਼ ਉਸ ਵਿਚ ਪ੍ਰਗਟ ਹੋ ਜਾਂਦੇ ਹਨ।

**ਲੋਕਯਾਨ ਦਾ ਖੇਤਰ—**

ਅਜ ਦੇ ਵਿਗਿਆਨਕ ਯੁਗ ਵਿਚ ਲੋਕਯਾਨ ਦਾ ਖੇਤਰ ਬਹੁਤ ਹੀ ਵਿਆਪਕ ਤੇ ਵਿਸਤ੍ਰਿਤ ਸਵੀਕਾਰ ਕੀਤਾ ਗਿਆ ਹੈ। ਜੇ ਇਸ ਦੇ ਅੰਤਰਗਤ ਆਉਣ ਵਾਲੀ ਸਾਮਗ੍ਰੀ ਨੂੰ ਤਥਾਤਮਕ ਰੂਪ ਵਿਚ ਕਹਿਣਾ ਹੋਵੇ ਤਾਂ ਲੋਕਯਾਨ ਨਾਲ ਸੰਬੰਧਿਤ ਪਰੰਪਰਾਗਤ ਰੂਪ ਵਿਚ ਉਹ ਸਾਰੀ ਸਾਮਗ੍ਰੀ ਸ਼ਾਮਲ ਕੀਤੀ ਜਾ ਸਕਦੀ ਹੈ ਜਿਸ ਵਿਚ ਲੋਕ ਮਨ ਦਾ ਪ੍ਰਗਟਾ ਹੋਵੇ ਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨ ਕਰਕੇ ਪੀੜ੍ਹੀਓ ਦਰ ਪੀੜ੍ਹੀ ਅੱਗੇ ਤੋਰਿਆ ਹੋਵੇ। ਅਜਿਹੀ ਸਾਮਗ੍ਰੀ ਵਿਚ ਲੋਕ ਸੰਸਕ੍ਰਿਤੀ ਦੇ ਅਵਸ਼ੇਸ਼ਾਂ (Survivals) ਦੀ ਵੀ ਵਿਆਪਕਤਾ ਹੁੰਦੀ ਹੈ। ਲੋਕ-ਸਾਹਿਤ, ਮਿਥ ਕਥਾਵਾਂ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਲੋਕ-ਵਿਸ਼ਵਾਸ, ਅਨੁਸ਼ਠਾਨ, ਲੋਕ-ਰੀਤੀ-ਰਵਾਜ, ਲੋਕ-ਧੰਦੇ ਤੇ ਲੋਕ-ਮਨੋਰੰਜਨ ਆਦਿ ਖੇਤਰਾਂ ਨਾਲ ਸੰਬੰਧਿਤ ਸਾਮਗ੍ਰੀ ਲੋਕਯਾਨ ਦੇ ਅੰਤਰਗਤ ਹੀ ਆਉਂਦੀ ਹੈ। ਲੋਕ ਸਾਹਿਤ ਵਿਚ ਉਪਰ ਸੰਕੇਤਕ ਸਾਰੀ ਸਾਮਗ੍ਰੀ ਨੂੰ ਪ੍ਰਗਟਾਵਾ ਮਿਲ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਸਾਰੇ ਖੇਤਰ ਲੋਕਯਾਨ ਦਾ ਅੰਗ ਵੀ ਹਨ ਤੇ ਆਪਣੀ ਵੱਖਰਤਾ ਵੀ ਰੱਖਦੇ ਹਨ। ਜਦੋਂ ਖੇਤਰ ਵਿਸ਼ੇਸ਼ ਵਿਚ ਲੋਕ ਤੱਤਾਂ ਨੂੰ ਅਭਿਵਿਅਕਤੀ ਦੀ ਰੰਗਣ ਦਿਤੀ ਜਾਂਦੀ ਹੈ ਤਾਂ ਉਹ ਖੇਤਰ ਵਿਸ਼ੇਸ਼ ਦੀ ਜਿੰਦ ਜਾਨ ਬਣ ਜਾਂਦੇ ਹਨ। ਲੋਕ-ਤੱਤ ਜਿਸ ਤਰ੍ਹਾਂ ਲੋਕ-ਸਾਹਿਤ ਵਿਚ ਸਮਾਏ ਹੁੰਦੇ ਹਨ ਇਸੇ ਤਰ੍ਹਾਂ ਇਹ ਲੋਕ-ਮਨੋਰੰਜਨ ਦੇ ਸਾਧਨਾਂ ਵਿਚੋਂ ਵੀ ਪੇਸ਼ ਹੁੰਦੇ ਹਨ। ਬਹੁਤ ਨਾ ਉਲਝ ਕੇ ਇਥੇ ਲੋਕ-ਯਾਨਿਕ ਪ੍ਰਗਟਾ-ਵਿਧੀਆਂ ਨੂੰ ਜਾਣਨਾ ਉਚਿਤ ਹੈ।

## ਲੋਕਯਾਨਿਕ ਪ੍ਰਗਟਾ-ਵਿਧੀਆਂ

ਮਨੁੱਖੀ ਜੀਵਨ ਹੈ ਹੀ ਅਭਿਵਿਅਕਤੀ-ਜੀਵਨ। ਮਨੁੱਖੀ ਜੀਵਨ ਦੇ ਨਾਲ ਸੰਬੰਧਿਤ ਕੋਈ ਵੀ ਖੇਤਰ ਅਜਿਹਾ ਨਹੀਂ ਜੋ ਅਭਿਵਿਅਕਤੀ ਤੋਂ ਬਿਨਾਂ ਹੋਵੇ। ਮੋਟੇ ਤੌਰ ਤੇ ਲੋਕ-ਪ੍ਰਗਟਾ-ਵਿਧੀਆਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—

ੳ. ਸਰੀਰ ਤੋਸ਼ਣੀ ਅ. ਮਨਸ ਤੋਸ਼ਣੀ ੲ. ਮਨਸ ਮੋਦਨੀ

### ੳ. ਸਰੀਰ ਤੋਸ਼ਣੀ (ਸਰੀਰ ਸੰਤੁਸ਼ਟੀ)

ਇਸ ਅਭਿਵਿਅਕਤੀ ਦਾ ਸੰਬੰਧ ਜੀਵਨ ਦੀ ਉਪਯੋਗਤਾ ਨਾਲ ਹੈ। ਭੋਜਨ, ਪਹਿਰਾਵਾ, ਭੋਗ ਤੇ ਸਰੀਰਕ ਰੱਖਿਆ ਦੀ ਸਾਮਗ੍ਰੀ ਇਸੇ ਦੇ ਅੰਤਰਗਤ ਆਉਂਦੀ ਹੈ। ਪੁਰਾਣੇ ਸਮਿਆਂ ਵਿਚ ਲੋਕ-ਵਿਸ਼ਵਾਸ ਅਨੁਸਾਰ ਸਰੀਰਕ ਲੋੜਾਂ ਨੂੰ ਪੂਰਾ ਕਰਨ ਲਈ ਕੁਝ ਅਜਿਹੀਆਂ ਸ਼ਾਬਦਿਕ ਉਕਤੀਆਂ ਹੁੰਦੀਆਂ ਸਨ ਜਿਨ੍ਹਾਂ ਦੇ ਉਚਾਰਣ ਨਾਲ ਮਨ ਇੱਛਤ ਵਸਤੂਆਂ ਪ੍ਰਾਪਤ ਹੋ ਜਾਂਦੀਆਂ ਹਨ। ਇਸੇ ਪੂਰਤੀ ਹਿਤ ਹੀ ਜਾਦੂ ਟੂਣੇ ਆਦਿ ਪ੍ਰਗਟਾ-ਵਿਧੀਆਂ ਹੋਂਦ ਵਿਚ ਆਈਆਂ। ਇਹੀ ਜਾਦੂ ਟੂਣੇ ਅੱਗੇ ਚਲ ਕੇ ਜੰਤਰ ਤੰਤਰ ਦੇ ਰੂਪ ਵਿਚ ਰੂਪਾਂਤਰਿਤ ਹੋ ਗਏ ਜੋ ਅੱਜ ਵੀ ਪ੍ਰਚਲਿਤ ਹਨ। ਸਰੀਰ ਤੋਸ਼ਣੀ ਪ੍ਰਗਟਾ-ਵਿਧੀ ਇਕ ਪਾਸੇ, ਸਾਂਸਕ੍ਰਿਤਕ ਖੇਤਰ ਤੇ ਉਸ ਦੇ ਵਿਸਤਾਰ ਦੀ ਬਹੁ ਦੇਂਦੀ ਹੈ। ਦੂਜੇ ਪਾਸੇ, ਇਹ ਸਰੀਰਕ ਰੱਖਿਆ ਦੇ ਅਨੇਕ ਸਾਧਨਾਂ ਨੂੰ ਉਜਾਗਰ ਕਰਦੀ ਹੈ। ਇਸ ਦਾ ਮੂਲ ਸੰਬੰਧ ਭੌਤਿਕਤਾ ਨਾਲ ਹੈ।

### ਅ. ਮਨਸ ਤੋਸ਼ਣੀ (ਮਨ ਸੰਤੁਸ਼ਟੀ)

ਇਸ ਅਭਿਵਿਅਕਤੀ ਦਾ ਮੂਲ ਉਦੇਸ਼ ਮਨ ਨੂੰ ਸੰਤੁਸ਼ਟ ਕਰਨਾ ਹੈ। ਮਨੁੱਖੀ ਮਨ ਵਿਚ ਅਸਚਰਜਤਾ ਅਤੇ ਭੈਅ ਦੇ ਦੋ ਭਾਵ ਬੜੇ ਪ੍ਰਬਲ ਹੁੰਦੇ ਹਨ। ਮਨੁੱਖ ਨੂੰ ਗਿਆਨ ਪ੍ਰਾਪਤੀ ਕਰਾਉਣ ਵਿਚ ਅਸਚਰਜਤਾ ਦਾ ਯੋਗਦਾਨ ਬੇਜੋੜ ਹੈ। ਭੈਅ ਦੇ ਮੂਲ ਵਿਚ ਅਸੁਰੱਖਿਆ ਮਿਸ੍ਰਤ ਅਗਿਆਨ ਹੁੰਦਾ ਹੈ। ਇਸ ਭੈਅ ਦੇ ਨਿਵਾਰਣ ਲਈ ਹੀ ਮਨੁੱਖ ਨੇ ਅਨੇਕ ਨਿੱਕੇ ਨਿੱਕੇ 'ਕਰਮ' ਚਲਾਏ ਜਿਨ੍ਹਾਂ ਨੇ ਅੱਗੇ ਚਲ ਕੇ ਅਨੁਸ਼ਠਾਨ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਧਾਰਣ ਕੀਤਾ। ਇਹ ਅਨੁਸ਼ਠਾਨ ਧਾਰਮਿਕ ਤੌਰ ਤੇ ਮਨੁੱਖੀ ਮਨ ਦਾ ਭੈਅ ਨਿਵਾਰਣ ਵੀ ਕਰਦੇ ਸੀ ਤੇ ਉਸ ਨੂੰ ਇਕ ਖਾਸ ਤਰ੍ਹਾਂ ਦੀ ਤਸੱਲੀ ਵੀ ਦੇਂਦੇ ਸੀ। ਮਨੋਵਿਗਿਆਨਕ ਤੌਰ ਤੇ ਅਨੁਸ਼ਠਾਨ ਮਨੁੱਖ ਦੀ ਅਸੁਰੱਖਿਆ-ਭਾਵਨਾ ਨੂੰ ਇਕ ਪੂਰਤੀ ਦਾ ਅਹਿਸਾਸ ਦੇਂਦੇ ਹੈ। ਅਨੁਸ਼ਠਾਨ ਅਜ ਵੀ ਸਾਡੇ ਪ੍ਰਚਲਿਤ ਧਰਮਾਂ ਦਾ ਲਾਜ਼ਮੀ ਅੰਗ ਹਨ।

ੲ. **ਮਨਸ-ਮੋਦਨੀ** (ਮਨੋਰੰਜਨ)

ਇਸ ਅਭਿਵਿਅਕਤੀ ਦਾ ਸੰਬੰਧ ਮਨੁੱਖ ਦੇ ਮਨੋਰੰਜਨ ਨਾਲ ਰਿਹਾ ਹੈ। ਇਸ ਵਿਚ ਲੋਕ ਕਲਾਵਾਂ, ਲੋਕ-ਸੰਗੀਤ, ਲੋਕ-ਨਿਰਤ ਤੇ ਲੋਕ-ਮਨੋ ਵਿਨੋਦ ਦੇ ਹੋਰ ਛੋਟੇ ਮੋਟੇ ਸਾਧਨ ਤੇ ਲੋਕ-ਸਾਹਿਤ ਸ਼ਾਮਲ ਹੈ।

ਇਨ੍ਹਾਂ ਪ੍ਰਗਟ-ਵਿਧੀਆਂ ਤੋਂ ਇਕ ਗੱਲ ਸਾਫ਼ ਜ਼ਾਹਿਰ ਹੈ, ਇਹ ਪ੍ਰਗਟਾ-ਵਿਧੀਆਂ ਮਨੁੱਖ ਦੀ ਸੰਪੂਰਣ ਸ਼ਖਸੀਅਤ ਨਾਲ ਜੁੜੀਆਂ ਹੋਈਆਂ ਹਨ। ਇਕ ਤਰ੍ਹਾਂ ਇਨ੍ਹਾਂ ਦੀ ਲਪੇਟ ਵਿਚ ਮਨੁੱਖ ਦਾ ਸਰੀਰ, ਮਨ ਤੇ ਆਤਮਾ ਆ ਜਾਂਦੇ ਹਨ। ਇਹ ਉਹ ਸੰਤੁਲਿਤ ਵਿਧੀਆਂ ਹਨ ਜੋ ਸਮੁੱਚੇ ਮਾਨਵੀ ਵਿਕਾਸ ਦਾ ਆਧਾਰ ਹਨ।

ਲੋਕ-ਸਾਹਿਤ ਲੋਕਯਾਨ ਦਾ ਹੀ ਇਕ ਹਿੱਸਾ ਹੈ। ਲੋਕ-ਸਾਹਿਤ ਵਿਚ ਲੋਕ-ਕਾਵਿ ਹੀ ਸਾਡੇ ਅਧਿਐਨ ਦਾ ਅੰਗ ਹੈ। ਇਥੇ ਲੋਕ-ਕਾਵਿ ਦੀ ਅਭਿਵਿਅਕਤੀ ਦੇ ਅੰਗਾਂ ਨੂੰ ਜਾਣਨਾ ਉਚਿਤ ਹੈ।

**ਲੋਕ-ਕਾਵਿ ਦੇ ਅਭਿਵਿਅਕਤੀ-ਅੰਗਾਂ**

(ੳ) ਸਾਮਗਰੀ (ਅ) ਸਾਮਗ੍ਰੀ ਦੀ ਸੰਰਚਨਾ (ੲ) ਸੰਰਚਨਾ ਸ਼ਿਲਪ (ਸ) ਮੋਟਿਫ ਪ੍ਰਬੰਧ (ਹ) ਅਰਥ-ਬੋਧਕ (ਕ) ਕਥਨ ਸ਼ੈਲੀ (ਖ) ਵਿਆਪਤ ਮਨੋਸਥਿਤੀ।

ਇਨ੍ਹਾਂ ਅੰਗਾਂ ਨੂੰ ਇਕ ਉਦਾਹਰਣ 'ਹੀਰ ਦੇ ਕਿੱਸੇ' ਰਾਹੀਂ ਸਮਝਿਆ ਜਾ ਸਕਦਾ ਹੈ। ਇਥੇ ਹੀਰ ਦਾ ਕਿੱਸਾ ਸਾਮਗ੍ਰੀ ਹੈ। ਕਿੱਸੇ ਦੀ ਸੰਰਚਨਾ ਕੇਹੋ ਜੇਹੀ ਹੋਣੀ ਚਾਹੀਦੀ ਹੈ, ਸਾਮਗ੍ਰੀ ਦੀ ਸੰਰਚਨਾ ਹੈ। ਇਸ ਸੰਰਚਨਾ ਵਿਚ ਸੰਮੋਹਨ ਕਿਵੇਂ ਲਿਆਂਦਾ ਜਾਏ, ਇਹ ਸੰਰਚਨਾ-ਸ਼ਿਲਪ ਹੈ। ਇਸ ਸੰਰਚਨਾ ਵਿਚ ਤਥਾ ਘਟਨਾਵਾਂ ਤੇ ਮੋਟਿਵ ਨੂੰ ਆਪਸ ਵਿਚ ਕਿਸ ਵਿਧੀ ਨਾਲ ਜੋੜਿਆ ਜਾਵੇ, ਮੋਟਿਵ-ਪ੍ਰਬੰਧ ਹੈ। ਇਸ ਕਿੱਸੇ ਰਾਹੀਂ ਕਿਸ ਤਰ੍ਹਾਂ ਦਾ ਅਰਥ ਉਜਾਗਰ ਕਰਨਾ ਹੈ, ਅਰਥ-ਬੋਧਕ ਹੈ। ਸਾਰੀ ਸਾਮਗ੍ਰੀ ਤੇ ਅਰਥ ਨੂੰ ਆਪਸ ਵਿਚ ਕਿਵੇਂ ਬੰਨ੍ਹਣਾ ਹੈ ? ਜੋ ਸੁਹਜ ਦਾ ਸੰਚਾਰ ਹੋ ਸਕੇ, ਇਹ ਕਥਨ ਸ਼ੈਲੀ ਹੈ। ਇਸ ਸਾਰੇ ਕਾਰਜ-ਪ੍ਰਬੰਧ ਵਿਚ ਇਕ ਮਨੋ-ਸਥਿਤੀ ਦਾ ਵਿਆਪਤ ਹੋਣਾ ਅਤੀ ਲਾਜ਼ਮੀ ਹੈ। ਇਸ ਨਾਲ ਹੀ ਸਾਹਿਤ ਵੰਨਗੀ ਨਿਰਧਾਰਤ ਹੋ ਸਕਦੀ ਹੈ।

ਅਸਲ ਵਿਚ ਅਭਿਵਿਅਕਤੀ ਦੇ ਅੰਗਾਂ ਵਿਚੋਂ ਸਭ ਤੋਂ ਪ੍ਰਮੁਖ ਬਲ ਮਨੋਸਥਿਤੀ ਉਪਰ ਹੀ ਹੈ। ਇਹ ਉਹ ਮੂਲ-ਬਿੰਦੂ ਹੈ ਜਿਸ ਦੇ ਓਟ ਆਸਰੇ ਵਿਚ ਬਾਕੀ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਗ ਉੱਭਰਦੇ ਵੀ ਹਨ ਤੇ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। ਇਥੇ ਇਹ ਧਿਆਨ ਰਹੇ ਇਸ ਵਿਆਪਤ ਮਨੋ-ਸਥਿਤੀ ਦਾ ਦੂਸਰਾ ਨਾਮ ਲੋਕ੍ਰਮਾਨਸ ਹੈ। ਇਹੀ ਉਹ ਮੂਲ ਨੁਕਤਾ ਹੈ ਜਿਸਦੇ ਨਾਲ ਲੋਕ-ਕਾਵਿ ਨੂੰ ਵਸ਼ਿਸ਼ਟ ਸਾਹਿਤ ਨਾਲੋਂ ਨਿਖੇੜਿਆ ਜਾ ਸਕਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਲੋਕ ਮਾਨਸ ਹੈ ਕੀ ਸ਼ੈਅ ?

**ਲੋਕ ਮਾਨਸ—**

ਵੱਖ ਵੱਖ ਵਿਦਵਾਨਾਂ ਨੇ ਲੋਕ ਮਾਨਸ ਉਪਰ ਭਰਵੀਂ ਵਿਚਾਰ ਕਰਦੇ ਹੋਏ ਇਸ ਨੂੰ ਜਾਤੀ ਮਨ ਤੇ ਸਾਮੂਹਿਕ ਮਨ ਤੋਂ ਨਿਖੇੜਿਆ ਹੈ। ਵਧੇਰੇ ਗੰਭੀਰ ਬਹਿਸ ਵਿਚ ਨਾ ਉਲਝ ਕੇ ਇਥੇ ਲੋਕ ਮਾਨਸ ਦੇ ਸੰਬੋਧ ਨੂੰ ਸਪਸ਼ਟ ਕਰਨਾ ਠੀਕ ਜਾਪ ਰਿਹਾ ਹੈ। ਇਸ ਦਾ ਕਾਰਨ ਹੈ ਲੋਕ-ਸਾਹਿਤ ਦੇ ਨਿਰਧਾਰਣ ਕਰਨ ਵਿਚ ਸਭ ਤੋਂ ਪ੍ਰਮੁਖ ਤੱਤ ਹੈ। ਫਰਾਇਡ ਨੇ ਆਪਣੀ ਖੋਜ ਵਿਚ ਅਵਚੇਤਨ ਮਨ ਦਾ ਸੰਬੋਧ ਪੇਸ਼ ਕੀਤਾ ਸੀ। ਸੀ. ਜੀ. ਜੁੰਗ ਆਪਣੇ ਅਧਿਐਨ ਵਿਚ ਫਰਾਇਡ ਤੋਂ ਵੀ ਅਗਾਂਹ ਨਿਕਲ ਗਿਆ ਤੇ ਉਸ ਨੇ 'ਜਾਤੀ ਅਵਚੇਤਨ' (Racial unconscious) ਦਾ ਸੰਬੋਧ ਪੇਸ਼ ਕਰਦੇ ਹੋਏ ਇਹ ਸਿੱਧ ਕੀਤਾ ਕਿ ਸਾਡੇ ਅਵਚੇਤਨ ਮਨ ਵਿਚ ਨਸਲੀ ਅੰਸ਼ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਰਹਿੰਦਾ ਹੈ। ਭਾਵੇਂ ਫਰਾਇਡ ਦੀਆਂ ਸਥਾਪਨਾਵਾਂ ਵਿਚ ਅਨੇਕ ਸੰਬੋਧਨ ਹੋਏ ਹਨ ਪਰ ਅਜੇ ਤਕ 'ਅਵਚੇਤਨ ਸੰਬੋਧ' ਨੂੰ ਸਵੀਕਾਰਿਆ ਹੀ ਗਿਆ ਹੈ। ਫਰਾਇਡ ਨੇ ਅਵਚੇਤਨ ਮਨ ਦੇ ਨਿਰਮਾਣ ਵਿਚ ਵਿਸ਼ਾਦ ਨੂੰ ਵਿਸ਼ੇਸ਼ ਸਥਾਨ ਦਿਤਾ ਹੈ। ਮਨੁਖ ਨੂੰ ਆਪਣੇ ਵਡੇਰਿਆਂ ਤੋਂ ਵਿਰਾਸਤ ਵਿਚ ਸਾਰੀਆਂ ਪਰਿਵਿਰਤੀਆਂ ਮਿਲਦੀਆਂ ਹਨ। ਇਹ ਪਰਿਵਿਰਤੀਆਂ ਉਸ ਵਿਸ਼ੇਸ਼ ਦਾ ਸਬੂਤ ਹਨ ਜੋ ਸਾਡੇ ਨਿਰਮਾਣ ਦੇ ਮੂਲ ਸਰੂਪ ਦਾ ਆਧਾਰ ਹਨ। ਇਨ੍ਹਾਂ ਪਰਿਵਿਰਤੀਆਂ ਦਾ ਵਾਸ ਸਾਡੇ ਮਨ ਵਿਚ ਹੀ ਹੁੰਦਾ ਹੈ। ਇਹ ਸਥਾਪਨਾ ਤਾਂ ਰੂੜ੍ਹ ਹੀ ਹੈ ਕਿ ਅਵਚੇਤਨ ਮਨ ਦੀ ਤਰ੍ਹਾਂ ਵਿਰਸੇ ਵਿਚੋਂ ਪ੍ਰਾਪਤ ਪਰਿਵਿਰਤੀਆਂ ਵੀ ਮਨੁੱਖ ਦੀ ਸਾਰੀ ਸ਼ਖ਼ਸੀਅਤ ਨੂੰ ਪ੍ਰੇਰਿਤ ਤੇ ਨਿਰਮਾਣ ਕਰਨ ਵਿਚ ਮਹੱਤਵ ਪੂਰਨ ਰੋਲ ਅਦਾ ਕਰਦੀਆਂ ਹਨ। ਜ਼ਾਹਿਰ ਹੈ, ਇਸ ਤਰ੍ਹਾਂ ਅਵਚੇਤਨ ਮਨ ਦੋ ਭੇਦਾਂ ਵਿਚ ਵੰਡਿਆ ਜਾਂਦਾ ਹੈ। ਪਹਿਲਾ, ਸਹਿਜ ਅਵਚੇਤਨ ਤੇ ਦੂਸਰਾ, ਕਮਾਇਆ ਹੋਇਆ (ਉਪਾਰਜਿਤ)। ਇਹ ਸਹਿਜ ਅਵਚੇਤਨ ਹੀ ਲੋਕ ਮਾਨਸ ਹੈ। ਇਹ ਲੋਕ ਮਨ ਸਮੁੱਚੀ ਜਾਤੀ ਦਾ ਮਨ ਹੁੰਦਾ ਹੈ ਜਿਸ ਦੀ ਪਰਛਾਈ ਹਰੇਕ ਮਨੁੱਖ ਵਿਚ ਕਿਸੇ ਨਾ ਕਿਸੇ ਰੂਪ ਵਿਚ ਝਲਕਦੀ ਹੈ। ਬ੍ਰਹਿਮੰਡੀ ਨੇਮ ਦੇ ਅਨੁਸਾਰ ਵਸਤੂ-ਜਗਤ ਦੀ ਹਰ ਸ਼ੈਅ ਆਪਣੀ ਗਤੀ ਵਿਚ ਹੈ। ਇਸੇ ਸਥਾਪਨਾ ਅਨੁਸਾਰ ਭਾਵੇਂ ਮਨੁੱਖੀ ਸੰਸਕ੍ਰਿਤੀ ਆਦਮ ਅਵਸਥਾ ਤੋਂ ਵਿਗਿਆਨਕ ਜੁਗ ਤਕ ਪਹੁੰਚ ਗਈ ਹੈ ਤਾਂ ਵੀ ਇਸ ਵਿਚ ਕੁਝ ਨਾ ਕੁਝ ਅੰਸ਼ ਆਦਿਮ ਮਨ ਦੇ ਬਚੇ ਹੋਏ ਮੌਜੂਦ ਹਨ। ਇਹ ਆਦਿਮ ਤੱਤ ਅਵਚੇਤਨ ਮਨ ਦਾ ਅਟੁੱਟ ਅੰਗ ਹਨ। ਲੋਕ ਮਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਵਚੇਤਨ ਮਨ ਵਿਚ ਸਮਾਇਆ ਰਹਿੰਦਾ ਹੈ ਤੇ ਸਮੇਂ ਅਨੁਸਾਰ ਮਨੁੱਖ ਦੀ ਮਾਨਸਿਕ ਸਥਿਤੀ ਦੇ ਰੂਪ ਵਿਚ 'ਅਵਚੇਤਨ ਤੋਂ ਚੇਤਨ ਵਿਚ ਉੱਭਰਦਾ ਹੈ।

ਲੋਕ ਮਾਨਸ ਜਾਂ ਮਨ ਲੋਕ-ਕਾਵਿ ਦਾ ਮੂਲ ਬੁਨਿਆਦੀ ਤੱਤ ਹੈ। ਇਥੇ ਇਹ ਧਿਆਨ ਰਹੇ ਲੋਕ ਮਨ ਦਾ ਦੂਸਰਾ ਭੇਦ ਉਪਾਰਜਿਤ ਅਵਚੇਤਨ ਵੀ ਮਨੁੱਖੀ ਜੀਵਨ ਵਿਚ ਮਹੱਤਵਪੂਰਣ ਸਥਾਨ ਰੱਖਦਾ ਹੈ। ਮਨੁੱਖ ਆਪਣੀ ਪਰਿਵਾਰਕ ਪਰੰਪਰਾ ਅਨੁਸਾਰ ਕੁਝ ਰੂੜ੍ਹੀਆਂ, ਵਿਸ਼ਵਾਸ ਤੇ ਮਨੌਤਾਂ, ਆਦਿ ਗ੍ਰਹਿਣ ਕਰਦਾ ਹੈ। ਇਹ ਸਭ ਕੁਝ ਕਿਸੇ ਇਕ ਮਨੁੱਖ ਦਾ ਬਣਾਇਆ ਹੋਇਆ ਨਹੀਂ ਹੁੰਦਾ ਸਗੋਂ ਇਸ ਵਿਚ ਸਾਮੂਹਿਕ ਚੇਤਨਾ ਵਿਸ਼ੇਸ਼ ਹੁੰਦੀ ਹੈ। ਲੋਕ ਮਨੁੱਖ ਸਮਾਜ ਦਾ ਉਹ ਵਰਗ ਹੈ ਜੋ ਆਪਣੀ ਜਾਤ, ਸੰਸਕਾਰ, ਸ਼ਾਸਤਰੀ ਪੰਡਤਾਈ ਦੀ ਚੇਤਨਾ ਅਤੇ ਵਿਅਕਤੀ ਹਉਮੈ ਤੋਂ ਖ਼ਾਲੀ ਹੁੰਦਾ ਹੈ। ਇਹ ਇਕ ਪਰੰਪਰਾ ਦੇ ਪ੍ਰਵਾਹ ਵਿਚ ਜੀਉਂਦਾ ਰਹਿੰਦਾ ਹੈ। ਅਜਿਹੇ ਲੋਕ-ਜੀਵਨ ਦੀ ਅਭਿਵਿਅਕਤੀ ਵਿਚੋਂ ਜੋ ਕੁਝ ਵੀ ਪ੍ਰਤੀਬਿੰਬਤ ਹੁੰਦਾ ਹੈ ਉਹ ਕਮਾਇਆ ਹੋਇਆ (ਉਪਾਰਜਿਤ) ਅਵਚੇਤਨ ਹੈ। ਇਸੇ ਦਾ ਦੂਸਰਾ ਨਾਮ ਲੋਕ ਤੱਤ ਵੀ ਹੈ। ਲੋਕ-ਮਨ ਨੂੰ ਜਾਨਣ ਤੋਂ ਬਾਅਦ ਲੋਕ ਕਾਵਿ ਦੇ ਪਛਾਣ-ਚਿਹਨ ਨਿਸਚਿਤ ਕਰਨੇ ਲਾਜ਼ਮੀ ਹਨ।

## ਲੋਕ-ਕਾਵਿ ਤੇ ਪਛਾਣ-ਚਿਹਨ

ਲੋਕ-ਕਾਵਿ ਦਾ ਅਧਿਐਨ ਕਰਨ ਲਈ ਲੋਕ ਵਿਗਿਆਨੀਆਂ ਨੇ ਤਿੰਨ ਨੁਕਤੇ ਸੁਝਾਏ ਹਨ। ਪਹਿਲਾ ਲੋਕ-ਕਾਵਿ ਦੀ ਆਪਣੀ ਰਚਨਾ-ਬੁਣਤਰ (Texture) ਹੁੰਦੀ ਹੈ। ਦੂਜਾ, ਲੋਕ-ਕਾਵਿ ਦਾ ਆਪਣਾ ਮੂਲ-ਪਾਠ (Text) ਹੁੰਦਾ ਹੈ। ਤੀਜਾ ਲੋਕ-ਕਾਵਿ ਦਾ ਆਪਣਾ ਸੰਦਰਭ (Context) ਹੁੰਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਲੋਕ ਕਾਵਿ ਦੇ ਮੌਖਿਕ ਪ੍ਰਸਾਰਣ ਦਾ ਮੁਹਾਂਦਰਾ ਵੀ ਤਾਂ ਭਾਸ਼ਾਤਮਕ ਹੀ ਹੁੰਦਾ ਹੈ। ਲੋਕ ਗੀਤ, ਮੁਹਾਵਰੇ, ਅਖਾਣ, ਬੁਝਾਰਤਾਂ, ਟੋਟਕੇ, ਲੋਕ-ਕਹਾਣੀਆਂ ਆਦਿ ਸਾਰੇ ਦੇ ਸਾਰੇ ਪ੍ਰਸਾਰਣ-ਪ੍ਰਕਿਰਿਆ (Transmission Process) ਵਿਚੋਂ ਹੀ ਭਾਸ਼ਾਈ ਰੂਪ ਧਾਰਨ ਕਰ ਲੈਂਦੇ ਹਨ। ਇਹ ਇਕ ਤਰ੍ਹਾਂ ਦਾ ਭਾਸ਼ਾ ਸ਼ਾਸਤਰੀ ਵਾਕ ਛੱਲ ਹੀ (Linguistic fallacy) ਤਾਂ ਹੈ। ਇਹ ਉਹ ਵਾਹਨ (vehicle) ਹੈ ਜਿਸ ਤੋਂ ਬਿਨਾਂ ਲੋਕ-ਕਾਵਿ ਪ੍ਰਸਾਰਣ ਕਠਿਨ ਹੀ ਨਹੀਂ, ਅਸੰਭਵ ਵੀ ਹੈ। ਲੋਕ ਸਾਹਿਤ ਨੂੰ ਸਮਝਣ ਲਈ ਰਚਨਾ-ਰੂਪ ਦੇ ਬੁਣਤਰੀ-ਮੁਹਾਂਦਰੇ (Texture features) ਨੂੰ ਸਮਝਣਾ ਵੀ ਅਤੀ ਲਾਜ਼ਮੀ ਹੈ।

ਲੋਕ-ਸਾਹਿਤ ਦੇ ਕਿਸੇ ਵੀ ਰਚਨਾ-ਰੂਪ ਨੂੰ ਲੈ ਲਉ ਉਸਦਾ ਆਪਣਾ ਮੂਲ-ਪਾਠ (Text) ਜ਼ਰੂਰ ਹੁੰਦਾ ਹੈ। ਚਾਹੇ ਉਹ ਕੋਈ ਕਵਿਤਾ, ਕਹਾਣੀ, ਗੀਤ ਜਾਂ ਕੋਈ ਟੋਟਕਾ ਹੈ। ਸਾਮਨਿਯ ਤੌਰ ਤੇ ਮੂਲ-ਪਾਠ ਹੀ ਤਾਂ ਰੂਪ ਨਾਲੋਂ ਨਿਖੇੜਦਾ ਹੈ।

ਲੋਕ-ਕਾਵਿ ਦੇ ਹਰ ਰਚਨਾ-ਰੂਪ ਦਾ ਆਪਣਾ ਸੰਦਰਭ (context) ਹੁੰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਤਨੀ ਦੇਰ ਕਿਸੇ ਰਚਨਾ-ਰੂਪ ਦੇ ਸਹੀ ਸੰਦਰਭ ਦਾ ਪਤਾ ਨਾ ਲਗੇ ਉਤਨੀ ਦੇਰ ਉਸ ਰਚਨਾ-ਰੂਪ ਦੀ ਠੀਕ ਉਪਯੋਗਿਤਾ ਦਾ ਪਤਾ ਵੀ ਨਹੀਂ ਲਗਦਾ । ਲੋਕ ਵਿਗਿਆਨੀ ਜੇ ਰਚਨਾ-ਬਣਤਰ ਨੂੰ ਭਾਸ਼ਾ ਵਿਗਿਆਨੀ ਲਈ ਤੇ ਸੰਦਰਭ ਨੂੰ ਸਾਂਸਕ੍ਰਿਤਕ ਮਾਨਵ ਸ਼ਾਸਤਰੀ ਲਈ ਛੱਡ ਦੇਂਦਾ ਹੈ ਤਾਂ ਉਹ ਬਹੁਤ ਵੱਡੀ ਭੁੱਲ ਕਰਦਾ ਹੈ । ਲੋਕ-ਕਾਵਿ ਨੂੰ ਸਮਝਣ ਲਈ ਜਿਥੇ ਮੂਲ-ਪਾਠ ਲਾਜ਼ਮੀ ਹੈ ਉਥੇ ਸੰਦਰਭ ਇਸ ਨਾਲੋਂ ਵਿਛੁੰਨਿਆ ਨਹੀਂ ਜਾ ਸਕਦਾ ।

ਕੁਲ ਮਿਲਾ ਕੇ, ਲੋਕ ਸ਼ੈਲੀਆਂ ਆਪਣੇ ਮੂਲ ਵਿਚ ਮੌਖਿਕ ਪ੍ਰਸਾਰਣ ਨਾਲ ਜੁੜੀਆਂ ਹੋਈਆਂ ਹਨ । ਬੋਲੀ ਪ੍ਰਸਾਰਣ ਵਿਧੀਆਂ ਦਾ ਲਾਜ਼ਮੀ ਜੁਜ਼ ਹੈ । ਪਰ ਹੈ, ਇਹ ਲਿਖਤ-ਰਹਿਤ ਅਥਵਾ ਇਹ ਬੋਲ-ਬਾਣੀ ਹੈ । ਨਿਹਾਰ-ਜੁਗਤਾਂ ਤੇ ਕਾਰਜ-ਜੁਗਤਾਂ ਇਸ ਦੀਆਂ ਅਨਿੱਖੜਵਾਂ ਅੰਗ ਹਨ । ਲੋਕ-ਮਨ ਦਾ ਸੰਕੇਤ ਕੀਤਾ ਜਾ ਚੁੱਕਾ ਹੈ, ਪ੍ਰਮਾਣਿਕ ਅਧਿਐਨ ਤਿੰਨ ਨੁਕਤਿਆਂ ਨੂੰ ਸਾਹਮਣੇ ਰੱਖ ਕੇ ਕੀਤਾ ਜਾ ਸਕਦਾ ਹੈ : ਰਚਨਾ-ਬਣਤਰ, ਮੂਲ ਪਾਠ ਅਤੇ ਸੰਦਰਭ । ਇਥੇ ਇਹ ਧਿਆਨ ਰਹੇ ਲੋਕ-ਕਲਾ, ਲੋਕ-ਧਾਰਣਾਵਾਂ, ਲੋਕ-ਰੀਤਾਂ-ਰਸਮਾਂ, ਲੋਕ-ਤੌਰ ਤਰੀਕੇ ਤੇ ਲੋਕ-ਸਾਹਿਤ(Folk art, Folk practices, Folk rituals, Folk ways and Folk Literature) ਆਦਿ ਦੇ ਪਛਾਣ-ਚਿਨ੍ਹ ਵੀ ਇਨ੍ਹਾਂ ਤਿੰਨ ਨੁਕਤਿਆਂ ਨੂੰ ਧਿਆਨ ਵਿਚ ਰਖਕੇ ਨਿਰਧਾਰਤ ਕੀਤੇ ਜਾ ਸਕਦੇ ਹਨ । ਲੋਕ ਮਾਨਸ ਇਨ੍ਹਾਂ ਸਾਰਿਆਂ ਦਾ ਮੂਲ ਬੁਨਿਆਦੀ ਕੇਂਦਰ-ਬਿੰਦੂ ਹੈ । ਇਹ ਸਾਰੇ ਉਸ ਤੋਂ ਹੀ ਪ੍ਰਵਾਹਿਤ ਹੁੰਦੇ ਹਨ ।

**ਲੋਕ ਗੀਤਾਂ ਦੇ ਪ੍ਰਕਾਰ—**

ਲੋਕ ਗੀਤਾਂ ਦੀ ਪ੍ਰਕਾਰ ਵੰਡ ਅਨੇਕ ਦ੍ਰਿਸ਼ਟੀਆਂ ਤੋਂ ਕੀਤੀ ਜਾ ਸਕਦੀ ਹੈ । ਲੋਕ ਗੀਤਾਂ ਦਾ ਜਨਮ ਜੀਵਨ ਦੀ ਜਟਿਲਤਾ ਦੇ ਪ੍ਰਤੀਕਰਮ ਵਿਚ ਹੀ ਹੋਇਆ ਹੈ । ਜੀਵਨ ਦਾ ਪਸਾਰ ਜਿਵੇਂ ਅਨੇਕ ਦਿਸ਼ਾਵੀ ਹੈ । ਇਸੇ ਤਰ੍ਹਾਂ ਲੋਕ ਗੀਤਾਂ ਦੀ ਬਿਰਤੀ ਵੀ ਬਹੁਬਿਧ ਪ੍ਰਕਾਰੀ ਹੈ । ਖੇਤਰ ਦੀ ਦ੍ਰਿਸ਼ਟੀ ਤੋਂ ਇਹ ਸ਼ਹਿਰੀ ਤੇ ਪੇਂਡੂ ਗੀਤ ਹੋ ਸਕਦੇ ਹਨ । ਪੱਧਰ ਦੀ ਦ੍ਰਿਸ਼ਟੀ ਤੋਂ ਇਹ ਸਮੂਹਿਕ, ਸਮਾਨ੍ਯ ਤੇ ਮਨੋਰੰਜਨਾਰਥ ਹੋ ਸਕਦੇ ਹਨ । ਅਵਸਥਾ ਨੂੰ ਧਿਆਨ ਵਿਚ ਰੱਖ ਕੇ ਇਹ ਅਵਸਥਾ-ਭੇਦ ਵਾਲੇ ਗੀਤ ਹੋ ਸਕਦੇ ਹਨ ਕਿ ਬਾਲਪਨ, ਜੁਆਨੀ ਤੇ ਬਿਰਧ ਆਰਜਾ ਨਾਲ ਸੰਬੰਧਿਤ ਗੀਤ। ਲਿੰਗ ਦੀ ਦ੍ਰਿਸ਼ਟੀ ਤੋਂ ਉਹ ਗੀਤ ਜੋ ਨਿਰੋਲ ਇਸਤ੍ਰੀਆਂ ਹੀ ਆਉਂਦੀਆਂ ਹਨ ਜਿਹਾ ਕਿ ਸੋਹਰ ਗੀਤ । ਇਸੇ ਤਰ੍ਹਾਂ ਉਹ ਗੀਤ ਜੋ ਨਿਰੋਲ ਪੁਰਖ ਹੀ ਆਉਂਦੇ ਹਨ ਜਿਵੇਂ ਕਿ ਢੋਲਾ ਆਦਿ । ਉਪਯੋਗਤਾ ਦੀ ਦ੍ਰਿਸ਼ਟੀ ਤੋਂ ਇਹ ਉਦਯੋਗਿਕ ਗੀਤ ਹੋ ਸਕਦੇ ਹਨ, ਜਿਵੇਂ ਕਿ ਕੰਮ ਕਰਦੇ ਸਮੇਂ ਗਾਏ ਜਾਣ ਵਾਲੇ ਗੀਤ—ਚਰਖਾ ਕਤਦੇ ਸਮੇਂ, ਚੱਕੀ ਚਲਾਂਦੇ ਸਮੇਂ, ਪਾਣੀ ਭਰਦੇ ਸਮੇਂ ਤੇ ਯਾਤਰਾ ਕਰਦੇ ਸਮੇਂ ਦੇ ਗੀਤ । ਧਰਮ ਦੀ ਦ੍ਰਿਸ਼ਟੀ ਤੋਂ ਇਹ ਅਨੁਸ਼ਠਾਨਿਕ, ਤਿਥੀਵਾਰਕ ਤੇ ਸਤੁਤੀ ਆਤਮਕ(Hymnological)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੀ ਹੋ ਸਕਦੇ ਹਨ। ਇਥੇ ਲੋਕ-ਧਰਮ ਨਾਲ ਸੰਬੰਧਿਤ ਲੋਕ-ਰੂਪਾਂ ਦਾ ਨਿਖੇੜਾ ਰਤਾ ਕੁ ਵਿਸਤਾਰ ਨਾਲ ਕਰਨਾ ਉਚਿਤ ਰਹੇਗਾ।

ੲ. **ਅਨੁਸ਼ਠਾਨਿਕ :** ਦੇ ਅੰਤਰਗਤ ਜਨਮ, ਵਿਆਹ, ਮਰਣ ਸਮੇਂ ਦੇ ਗੀਤ ਆਉਂਦੇ ਹਨ। ਆਦਿ ਗ੍ਰੰਥ ਵਿਚ ਅਜੇਹੇ ਰੂਪ ਹਨ—ਸੋਹਿਲਾ, ਛੰਤ, ਘੋੜੀਆਂ, ਲਾਵਾਂ, ਅੰਜੁਲੀਆਂ, ਅਲਾਹੁਣੀਆਂ ਸਦ ਤੇ ਮੁੰਦਾਵਣੀ।

ਅ. **ਤਿਥੀ ਵਾਰਕ :** ਦੇ ਅਧੀਨ ਕਿਸੇ ਪੁਰਬ, ਤਿਉਹਾਰ, ਤਿੱਥੀ, ਮਹੀਨੇ ਤੇ ਰੁੱਤ ਨਾਲ ਸੰਬੰਧਿਤ ਗੀਤ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਰੂਪ ਹਨ—ਪਹਿਰੇ, ਦਿਨਰੈਣਿ, ਵਾਰਸਤ, ਥਿਤੀ ਰੁਤੀ ਤੇ ਬਾਰਾਮਾਂਹ।

ੲ. **ਸਤੁਤੀ ਆਤਮਕ :** ਦੇ ਸਿਰਲੇਖ ਉਂਞ ਤਾਂ ਸਾਰਾ ਗੁਰੂ ਗ੍ਰੰਥ ਸਾਹਿਬ ਹੀ ਆ ਜਾਂਦਾ ਹੈ,ਪਰ ਵਿਸ਼ੇਸ਼ ਕਰਕੇ ਆਰਤੀ ਤੇ ਸੋ ਪੁਰਖ ਦੇ ਰੂਪ ਆਉਂਦੇ ਹਨ।

ਸ. **ਯਾਤਰਾ ਗੀਤ :** ਇਹ ਗੀਤ ਯਾਤਰਾ ਕਰਦੇ ਸਮੇਂ ਗਾਏ ਜਾਂਦੇ ਹਨ। ਇਹਨਾਂ ਦਾ ਮੂਲ ਉਦੇਸ਼ ਰਾਹ ਦੀਆਂ ਪ੍ਰੇਸ਼ਾਨੀਆਂ,ਥਕਾਵਟ ਤੇ ਮਾਨਸਿਕ ਵਿਕਾਰਾਂ ਤੋਂ ਆਪਣੇ ਆਪ ਨੂੰ ਸੁਚੇਤ ਪੱਧਰ ਉਪਰ ਬਚਾਉਣਾ ਹੈ। ਯਾਤਰਾ ਗੀਤ ਉਦਯੋਗਿਕ ਗੀਤਾਂ ਦੀ ਹੀ ਕਿਸਮ ਹਨ। ਉਦਯੋਗਿਕ ਗੀਤ ਆਮ ਤੌਰ 'ਤੇ ਕੰਮ ਕਰਦੇ ਸਮੇਂ ਗਾਏ ਜਾਂਦੇ ਹਨ। ਆਦਿ ਗ੍ਰੰਥ ਵਿਚ ਅਜਿਹੇ ਦੋ ਰੂਪ ਹਨ—ਕਰਹਲੇ ਤੇ ਵਣਜਾਰਾ।

ਹ. **ਲੋਕ ਮੁਹਾਵਰਾ ਬੋਧਕ :** ਇਹ ਅਜਿਹੇ ਰੂਪ ਹਨ ਜਿਨ੍ਹਾਂ ਵਿਚ ਲੋਕ ਮੁਹਾਵਰੇ ਦੀ ਵਿਸ਼ੇਸ਼ ਝਲਕ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਚਾਰ ਰੂਪ ਹਨ—ਕੁਚਜੀ, ਸੁਚਜੀ, ਗਣਵੰਤੀ ਤੇ ਬਿਰਹੜੇ।

ਲੋਕ ਸਾਹਿਤ ਵਿਗਿਆਨੀਆਂ ਨੇ ਲੋਕ ਗੀਤਾਂ ਦੀ ਪ੍ਰਕਾਰ-ਵੰਡ ਉਹਨਾਂ ਦੀ ਪ੍ਰਕ੍ਰਿਤੀ-ਭੇਦ ਨਾਲ ਵੀ ਕੀਤੀ ਹੈ। ਉਦਾਹਰਣ ਵਜੋਂ :




ਗੁਰੂ ਗ੍ਰੰਥ ਸਾਹਿਬ ਵਿਚ ਗਾਏ ਜਾਣ ਵਾਲੇ ਰੂਪਾਂ ਨੂੰ ਹੀ ਸਥਾਨ ਪ੍ਰਾਪਤ ਹੈ। ਲੋਕ-ਕਾਵਿ ਦੀ ਪ੍ਰਿਸ਼ਠਭੂਮੀ,ਲੋਕਯਾਨ ਦਾ ਖੇਤਰ,ਲੋਕਯਾਨਿਕ ਪ੍ਰਗਟਾ-ਵਿਧੀਆਂ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੋਕ-ਕਾਵਿ ਦੇ ਅੰਤਰਵਿਅਕਤੀ ਅਰਥ, ਲੋਕ ਮਾਨਸ, ਲੋਕ ਤੱਤ, ਲੋਕਕਾਵਿ ਦੇ ਪਛਾਣ-ਚਿੰਨ੍ਹ ਤੇ ਲੋਕ ਗੀਤਾਂ ਦੇ ਪ੍ਰਕਾਰ ਜਾਨਣ ਤੋਂ ਬਾਅਦ ਆਦਿ ਗੁੰਥ ਦੇ ਲੋਕ-ਰੂਪਾਂ ਤੇ ਉਨ੍ਹਾਂ ਦੇ ਪਛਾਣ-ਚਿੰਨ੍ਹਾਂ ਬਾਰੇ ਵਿਚਾਰ ਕਰ ਲੈਣੀ ਉਚਿਤ ਹੈ। ਘਟੋ ਘਟ ਏਨਾ ਕੁ ਸਪਸ਼ਟ ਹੀ ਹੈ, ਬਾਣੀ ਅਤੇ ਲੋਕ-ਕਾਵਿ ਦੋ ਵਖੋ ਵਖਰੇ ਅਨੁਸ਼ਾਸਨਾਂ ਨਾਲ ਸੰਬੰਧਿਤ ਹਨ। ਪਹਿਲਾ—ਮਨੁੱਖ ਦੀ ਅੰਤਿਮ ਹੋਣੀ ਉਤੇ ਬਲ ਦੇਂਦਾ ਹੈ ਤੇ ਦੂਜਾ—ਮਨੁੱਖ ਦੀਆਂ ਭੌਤਿਕੀ ਲੋੜਾਂ ਜਾਂ ਸਾਮਿਅਕੀ ਲੋੜਾਂ ਉਪਰ। ਤਾਂ ਸੁਆਲ ਪੈਦਾ ਹੋ ਸਕਦਾ ਹੈ ਕਿ ਲੋਕ-ਕਾਵਿ-ਰੂਪ ਆਪਣੀ ਰੂਪਾਂਤਰਣ-ਪ੍ਰਕਿਰਿਆ ਵਿਚ ਬਾਣੀ-ਸੰਸਾਰ ਤਕ ਪਹੁੰਚਦੇ ਪਹੁੰਚਦੇ ਕਿਹੋ ਜਿਹਾ ਚਰਿੱਤਰ ਧਾਰਣ ਕਰ ਜਾਂਦੇ ਹਨ ?

## ਬਾਣੀਕਾਰ ਅਤੇ ਲੋਕ-ਰੂਪ—

ਹਰ ਸੰਕ੍ਰਿਤੀ ਨੂੰ ਜਾਨਣ ਦਾ ਪ੍ਰਮਾਣਿਕ ਸੋਮਾ ਉਸ ਦਾ ਲੋਕਯਾਨ ਹੀ ਹੁੰਦਾ ਹੈ। ਇਸ ਰਾਹੀਂ ਸੰਸਕ੍ਰਿਤੀ ਵਿਸ਼ੇਸ਼ ਦੇ ਚਰਿੱਤਰ ਸੰਬੰਧੀ ਮਹੱਤਵ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ। ਸੰਸਕ੍ਰਿਤੀ ਦਾ ਸੰਬੰਧ ਸੰਸਕਾਰ ਨਾਲ ਹੈ। ਉਂਞ ਤਾਂ ਸੰਸਕਾਰ ਅਨੇਕ ਪ੍ਰਕਾਰੀ ਹਨ ਪਰ ਮੋਟੇ ਤੌਰ 'ਤੇ ਇਸ ਦੀ ਹੋਂਦ ਵਿਧੀ ਨੂੰ ਦੋ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ।

ਪਹਿਲੇ—ਉਹ ਸੰਸਕਾਰ ਹਨ ਜੋ ਵਿਧੀ ਵਿਸ਼ੇਸ਼ ਨਾਲ ਸੰਸਕਾਰਿਤ ਕੀਤੇ ਜਾਂਦੇ ਹਨ ਜਿਹਾ ਕਿ ਜੰਮਣ-ਮਰਣ ਦੇ ਸੰਸਕਾਰ ਆਦਿ। ਦੂਜਾ—ਉਹ ਸੰਸਕਾਰ ਜੋ ਮਨੁੱਖ ਸੁਤੇ ਸਿੱਧ ਆਪਣੇ ਪ੍ਰਵਾਰ, ਬਜ਼ੁਰਗਾਂ ਤੇ ਆਪਣੇ ਆਲੇ ਦੁਆਲੇ ਤੋਂ ਗ੍ਰਹਿਣ ਕਰਦਾ ਹੈ।

ਇਹਨਾਂ ਦੋਹਾਂ ਵਿਚ ਬਹੁਤ ਵੱਡਾ ਫ਼ਰਕ ਹੁੰਦਾ ਹੈ। ਪਹਿਲੀ ਤਰ੍ਹਾਂ ਦੇ ਸੰਸਕਾਰ ਸੰਭਾਵਨਾ-ਗਰਭਿਤ (ਰੀਮਕ) ਹੁੰਦੇ ਹਨ। ਕਰਮ ਕਾਂਡ ਨਾਲ ਸੰਬੰਧਿਤ ਹੋਣ ਕਰ ਕੇ ਇਹ ਉਪਰਲੀ ਸਤਹ ਤਕ ਹੀ ਸੀਮਤ ਹੋ ਸਕਦੇ ਹਨ ਤੇ ਵਿਅਕਤੀ-ਮਨ ਉਪਰ ਆਪਣੀ ਅਮਿਟ ਛਾਪ ਵੀ ਲਾ ਸਕਦੇ ਹਨ। ਦੂਜੇ—ਸੰਸਕਾਰ ਉਹ ਹਨ ਜੋ ਵਿਧੀ-ਵਿਸ਼ੇਸ਼ ਤੋਂ ਮੁਕਤ ਹਨ। ਮਨੁੱਖ ਇਹਨਾਂ ਨੂੰ ਸਹਿਜ ਰੂਪ ਵਿਚ ਨਿਰੰਤਰ ਗ੍ਰਹਿਣ ਕਰਦਾ ਰਹਿੰਦਾ ਹੈ ਤੇ ਇਹ ਗ੍ਰਹਿਣ-ਪ੍ਰਕਿਰਿਆ ਰਾਹੀਂ ਹੌਲੀ ਹੌਲੀ ਮਨੁੱਖ ਮਨ ਦੇ ਧੁਰ ਡੂੰਘਾਣ ਵਿਚ ਲਹਿੰਦੇ ਜਾਂਦੇ ਹਨ। ਇਹੀ ਉਹ ਸੰਸਕਾਰਕ ਤੱਤ ਹਨ ਜੋ ਸਾਡੇ ਆਚਾਰ ਦੀ ਭੂਮੀ ਬਣ ਕੇ ਸਾਡੀ ਸੰਸਕ੍ਰਿਤੀ ਦਾ ਨਿਰਮਾਣ ਕਰਦੇ ਹਨ। ਮਨੁੱਖ ਦੇ ਵਿਕਾਸ ਦਾ ਵਾਸਤਵਿਕ ਰੂਪ ਹੈ ਹੀ ਸੰਸਕਾਰ। ਇਹ ਸੰਸਕਾਰ ਨਿਰੰਤਰ ਵਿਕਾਸ ਦੇ ਰਾਹ ਪਏ ਰਹਿੰਦੇ ਹਨ ਤੇ ਦਰਿਆ ਦੇ ਵਹਿਣ ਵਾਂਗ ਹੌਲੀ ਹੌਲੀ ਆਪਣਾ ਰਾਹ ਵੀ ਬਦਲਾਉਂਦੇ ਰਹਿੰਦੇ ਹਨ ਪਰ ਆਪਣੇ ਅਸਲੇ ਨਾਲੋਂ ਅਸਲੋਂ ਟੁੱਟਦੇ ਨਹੀਂ।

ਧਰਮ-ਸੰਸਾਰ ਦੇ ਪੈਰ ਹਮੇਸ਼ਾਂ 'ਲੋਕ'ਵਿਚ ਹੁੰਦੇ ਹਨ। ਇਹ ਲੋਕ ਮੁਖ ਹੋਣ ਕਰਕੇ ਨਾ ਲੋਕ-ਸੰਸਕ੍ਰਿਤੀ ਨੂੰ ਤਿਆਗਦਾ ਹੈ ਤੇ ਨਾ ਲੋਕ-ਬੋਲੀ ਨੂੰ। ਧਰਮ ਦੀ ਬਿਰਤੀ ਲੋਕ-ਕਲਿਆਣ ਵਾਲੀ ਹੁੰਦੀ ਹੈ। ਇਹੀ ਕਾਰਣ ਹੈ, ਧਰਮ-ਕਾਵਿ ਦੀ ਦ੍ਰਿਸ਼ਟੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਾਰਗਾਮੀ ਹੁੰਦੀ ਹੈ। ਇਹ ਲੋਕ-ਪਰਲੋਕ ਦੇਹਾਂ ਨੂੰ ਘੁਮਦੇ ਹੋਏ ਗੋਲੇ ਵਾਂਗ ਉਘਾੜਦੀ ਰਹਿੰਦੀ ਹੈ ਤੇ ਲੋਕ-ਪਰਲੋਕ ਆਪਣੇ ਵਿਲੱਖਣ ਖੇਤਰਾਂ ਦੀ ਪਰਦਰਸ਼ਨੀ ਧਰਮ-ਕਾਵਿ ਵਿਚ ਵਾਰੀ ਵਾਰੀ ਕਰਦੇ ਰਹਿੰਦੇ ਹਨ। ਲੋਕ-ਪਰਲੋਕ ਦੀ ਸੂਝ ਦਾ ਮੂਲ ਮਾਧਿਅਮ ਸੰਸਕਾਰਾਤਮਕ ਗਿਆਨ ਹੀ ਹੈ। ਸ਼ਾਇਦ ਇਹੀ ਕਾਰਣ ਹੈ, ਗੁਰੂ ਗ੍ਰੰਥ ਸਾਹਿਬ ਵਿਚ ਜੋ ਸਰਬ ਪ੍ਰਥਮ ਸੰਸਕਾਰ ਪੇਸ਼ ਹੋਇਆ ਹੈ, ਉਹ ਹੈ 'ਸੋਹਿਲਾ' ਜਿਸ ਦਾ ਸੰਬੰਧ ਜਨਮ-ਸੰਸਕਾਰਾਂ ਨਾਲ ਜੋੜਿਆ ਗਿਆ ਹੈ। ਇਸੇ ਨੂੰ ਲੋਕ-ਸੰਸਕ੍ਰਿਤੀ ਵਿਚ 'ਸੋਹਰ' ਦੇ ਗੀਤਾ ਨਾਲ ਜਾਣਿਆਂ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਸਕਾਰੀ-ਰੂਪਾਂ (Forms) ਦੀ ਪ੍ਰਕਿਰਤੀ ਆਪਣੀ ਹੀ ਹੈ। ਇਹ ਸੰਦਰਭ ਵਿਸ਼ੇਸ਼ ਨੂੰ ਪੇਸ਼ ਕਰਨ ਤੋਂ ਬਾਅਦ ਸਿਧਾਂਤ ਮੁਖ ਹੋ ਕੇ ਦਰਸ਼ਨ ਦਾ ਹੀ ਰੂਪ ਹੋ ਜਾਂਦੇ ਹਨ। ਕਮਾਲ ਗੱਲ ਤਾਂ ਇਹ ਹੈ, ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਲੋਕ-ਰਚਨਾ ਰੂਪਾਂ ਵਿਚੋਂ ਪ੍ਰਤੀਬਿੰਬਤ ਸੰਦਰਭ ਦਾ ਮੁਹਾਂਦਰਾ ਲੋਕ-ਜੀਵਨ ਵਰਗਾ ਹੀ ਹੁੰਦਾ ਹੈ ਤੇ ਇਸ ਦੀ ਸ਼ਬਦ-ਬੁਣਤੀ ਲੋਕ-ਖੇਤਰ ਨਾਲ ਸੰਬੰਧਿਤ ਹੁੰਦੀ ਹੈ। ਕੁਲ ਮਿਲਾ ਕੇ, ਲੋਕ ਰਚਨਾ-ਰੂਪ ਵਾਸਤਵਿਕਤਾ ਦਾ ਝਾਉਲਾ ਪਾਉਣ ਵਾਲੇ ਮੋਟਿਫਾਂ ਦੀ ਵਰਤੋਂ ਤਾਂ ਕਰਦੇ ਹਨ ਪਰ ਅਸਲ ਵਿਚ ਇਹ ਵਾਸਤ-ਵਿਕਤਾ ਦਾ ਭਰਮ ਉਪਜਾਉਣ ਹਿੱਤ ਹੀ ਵਰਤੇ ਜਾਂਦੇ ਹਨ। ਸੋ ਆਦਿ ਗ੍ਰੰਥ ਦੇ ਲੋਕ-ਰੂਪਾਂ ਵਿਚ ਵਾਸਤਵਿਕਤਾ ਪ੍ਰੇਰਕ ਤੱਤ ਦਾ ਕੰਮ ਕਰਦੀ ਹੈ। ਇਸ ਦਾ ਇਕ ਹੋਰ ਲਾਭ ਵੀ ਹੁੰਦਾ ਹੈ। ਬਾਣੀ-ਸੰਸਾਰ ਵਿਚ ਲੋਕ-ਸ਼ਬਦ-ਖੇਤਰੀ ਚੋਣ ਰਾਹੀਂ ਇਕ ਪਾਸੇ ਵਾਸਤਵਿਕਤਾ ਦਾ ਭਰਮ ਪੈਦਾ ਹੁੰਦਾ ਹੈ ਤੇ ਦੂਜੇ ਪਾਸੇ ਧਰਮ-ਕੋਡ ਉਦੈ ਹੁੰਦੇ ਹੈ। ਨਤੀਜੇ ਵਜੋਂ, ਇਹ ਰਚਨਾ-ਰੂਪ ਲੋਕ ਅਤੇ ਧਰਮ-ਸੰਸਾਰ ਦਾ ਸਮੀਕਰਣ ਕਰਦੇ ਹਨ। ਇਸ ਤਰ੍ਹਾਂ ਧਰਮ-ਸੰਸਾਰ ਆਪਣਾ ਵੱਖਰਾ ਅਰਥ ਸੰਚਾਰਿਤ ਵੀ ਕਰਦਾ ਹੈ ਤੇ ਲੋਕ ਜੀਵਨ ਦੀ ਝਲਕੀ ਵੀ ਪ੍ਰਸਤੁਤ ਹੋ ਜਾਂਦੀ ਹੈ। ਅਸਲ ਵਿਚ ਜੀਵਨ ਦੇ ਹਰ ਖੇਤਰ ਦੇ ਆਪਣੇ ਕੋਡ ਹੁੰਦੇ ਹਨ। ਜਦੋਂ ਦਰਸ਼ਨ ਨੂੰ ਦਰਸ਼ਨ ਦੇ ਕੋਡ ਵਿਚ ਸਮਝਾਉਣ ਦੀ ਲੋੜ ਸਾਹਮਣੇ ਆਉਂਦੀ ਹੈ ਤਾਂ ਜਪੁਜੀ, ਸਿਧ ਗੋਸਟਿ ਤੇ ਓਅੰਕਾਰ ਵਰਗੀਆਂ ਰਚਨਾਵਾਂ ਹੋਂਦ ਵਿਚ ਆਉਂਦੀਆਂ ਹਨ। ਉਦੋਂ ਦਰਸ਼ਨਿਕ ਕੋਡ ਵਿਚ ਸੰਬਾਦ ਕਰਦਾ ਹੈ। ਪਰ ਜਦੋਂ ਉਸੇ ਦਰਸ਼ਨ ਦਾ ਮੂੰਹ ਲੋਕ ਸਮੂਹ ਵਲ ਮੁੜ ਜਾਂਦਾ ਹੈ ਤਾਂ 'ਆਰਤੀ' ਜੇਹੇ ਰਚਨਾ-ਰੂਪ ਉਦੈ ਹੁੰਦੇ ਹਨ। ਉਦੋਂ ਸ਼ਬਦ ਬੁਣਤੀ ਵਾਤਾਵਰਣਕ ਹੁੰਦੀ ਹੈ ਤੇ ਚਿਹਨਿਤ ਹੋਂਦ ਕਿਸੇ ਦੂਸਰੇ ਸੰਸਾਰ ਨਾਲ ਸੰਬੰਧਿਤ ਹੁੰਦੀ ਹੈ। ਇਹੀ ਲੋਕ ਤੋਂ ਪਰਲੋਕ ਵਲ ਦੀ ਯਾਤਰਾ ਹੈ।

ਧਰਮ-ਸੰਸਾਰ ਵਿਚ ਅਸਲ ਗਿਰਾਵਟ ਉਦੋਂ ਆਉਂਦੀ ਹੈ ਜਦੋਂ ਉਹ ਆਪਣੇ ਮੂਲ ਤੱਤ ਨੂੰ ਅਣਗੌਲਿਆ ਕਰਕੇ ਕਰਮ-ਕਾਂਡ ਨੂੰ ਹੀ ਪ੍ਰਭੂ-ਪ੍ਰਾਪਤੀ ਦਾ ਸਾਧਨ ਮੰਨ ਲੈਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਲੋਕ ਤੱਤ ਦੇ ਵਿਧੀਆਂ ਰਾਹੀਂ ਪੇਸ਼ ਹੋਇਆ ਹੈ। ਪਹਿਲੀ ਵਿਧੀ ਦਾ ਸੰਬੰਧ ਉਨ੍ਹਾਂ ਰਚਨਾ-ਰੂਪਾਂ ਨਾਲ ਹੈ ਜੋ ਵਿਧੀ-ਵਿਸ਼ੇਸ਼ ਨਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੁੜੇ ਹੋਏ ਹਨ ਜਹਾਂ ਕਿ ਸੋਹਿਲਾ, ਆਰਤੀ, ਘੋੜੀਆਂ ਅਤੇ ਅਲਾਹੁਣੀਆਂ ਆਦਿ। ਇਹ ਰਚਨਾ-ਰੂਪ ਵਿਧੀਵਤ ਸੰਸਕਾਰਿਤ ਰੂਪ ਵਿਚ ਲੋਕ ਤੱਤਾਂ ਨੂੰ ਸੰਚਾਰਿਤ ਕਰਦੇ ਹਨ। ਦੂਜੀ ਵਿਧੀ ਦਾ ਸੰਬੰਧ ਗੁਰਬਾਣੀ ਦੀ ਆਮ ਸਾਧਾਰਣ ਸ਼ਬਦ-ਬਣਤਰ ਨਾਲ ਹੈ। ਇਹ ਰਚਨਾਵਾਂ ਵਾਰਾਂ ਵੀ ਤੇ ਗੀਤਕ ਰਚਨਾ-ਰੂਪ ਵੀ। ਜੇਹਾ ਕਿ ਬਾਰਾਂਮਾਹ। ਅਜਿਹੇ ਲੋਕ-ਤੱਤਾਂ ਦਾ ਉਦੋਂ ਤਤਕਾਲੀਨ ਜੀਵਨ-ਵਿਧੀ ਵਿਚ ਮਹੱਤਵਪੂਰਣ ਸਥਾਨ ਸੀ। ਇਹ ਤੱਤ ਲੋਕ ਜੀਵਨ-ਜਾਚ ਦਾ ਅੰਗ ਬਣ ਚੁੱਕੇ ਸਨ ਪਰ ਇਨ੍ਹਾਂ ਦਾ ਆਪਣਾ ਵਿਧੀਵਤ ਰੂਪ ਕੋਈ ਨਹੀਂ ਸੀ। ਇਹ ਲੋਕ-ਮਨ ਵਿਚ ਲੋਕ-ਵਿਸ਼ਵਾਸ ਬਣ ਕੇ ਜਿਉ ਰਹੇ ਸਨ। ਇਸ ਤੱਥ ਨੂੰ ਆਸਾ ਦੀ ਵਾਰ ਦੇ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ। ਇਹ ਹਨ—

ੳ. ਜਿਉ ਜੋਰੂ ਸਿਰ ਨਾਵਣੀ ਆਵੈ ਵਾਰੋ ਵਾਰ 2/17
ਅ. ਜੇਕਰ ਸੂਤਕੁ ਮੰਨੀਐ ਸਭ ਤੇ ਸੂਤਕ ਹੋਇ 1/18
ੲ. ਪਹਿਲਾ ਸੁਚਾ ਆਪ ਹੋਇ ਸੁਚੈ ਬੈਠਾ ਆਇ 1/19
ਸ. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵਿਆਹੁ 2/19

ਜ਼ਾਹਿਰ ਹੈ, ਤਤਕਾਲੀਨ ਲੋਕ ਤੱਤਾਂ ਦੀ ਪੇਸ਼ਕਾਰੀ ਕਰਨ ਹਿੱਤ ਹੀ ਲੋਕ-ਰਚਨਾ-ਰੂਪਾਂ ਦਾ ਰੂਪਾਂਤਰਣ ਗੁਰਬਾਣੀ ਸਾਹਿਤ ਵਿਚ ਹੋਇਆ ਹੈ। ਇਥੇ ਇਹ ਯਾਦ ਰਹੇ, ਗੁਰਬਾਣੀ ਸਾਹਿਤ ਵਿਚ ਜਿਥੇ ਇਕ ਪਾਸੇ, ਤਤਕਾਲੀਨ ਸੰਸਕਾਰ ਦੀ ਪੇਸ਼ਕਾਰੀ ਕਰਦਾ ਹੈ ਉਥੇ ਉਸੇ ਦਾ ਸੰਸ਼ੋਧਿਤ ਰੂਪ ਵੀ ਪੇਸ਼ ਕਰਦਾ ਹੈ। ਮਿਸਾਲ ਵਜੋਂ:

ਦਇਆ ਕਪਾਹ ਸੰਤੋਖ ਸੂਤ ਜਿਤ ਗੰਢੀ ਸਤ ਵਟੁ
ਏਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤ
ਨਾ ਏਹ ਤੁਟੈ ਨਾ ਮਲ ਲਗੈ ਨਾ ਇਹ ਜਲੈ ਨਾ ਜਾਇ
ਧੰਨ ਸੁ ਮਾਣਸ ਨਾਨਕਾ ਜੋ ਗਲ ਚਲੇ ਪਾਇ ॥ ਆਸਾ ਦੀ ਵਾਰ 1/15

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰਚਨਾ ਰੂਪਾਂ ਦੀ ਬਿਰਤੀ ਅਨੁਸ਼ਠਾਨਿਕ ਵੀ ਹੈ ਤੇ ਗੀਤਕ ਵੀ। ਦਰਅਸਲ, ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰੂਪ ਆਪਣੀ ਪ੍ਰਕ੍ਰਿਤੀ ਵਿਚ ਭਾਵੇਂ ਅਨੁਸ਼ਠਾਨਿਕ ਹਨ ਜਾਂ ਗੀਤਕ ਦੋਵੇਂ ਇਕੋ ਹੀ ਉਦੇਸ਼ ਨਾਲ ਬੱਝੇ ਹੋਏ ਹਨ। ਇਨ੍ਹਾਂ ਦਾ ਉਦੇਸ਼ ਲੋਕ-ਜੀਵਨ ਵਿਚ ਵਿਆਪਤ ਗਿਰਾਵਟ ਨੂੰ ਉਭਾਰਨਾ ਤੇ ਨਵੀਆਂ ਸਵੱਛ ਕਦਰਾਂ ਕੀਮਤਾਂ ਦਾ ਸੁਝਾਉ ਦੇਣਾ ਹੀ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਲੋਕ-ਸੰਸਕ੍ਰਿਤੀ ਦੇ ਵਿਆਪਕ ਵਤੀਰੇ ਸਾਹਮਣੇ ਆਉਂਦੇ ਹਨ ਉਥੇ ਕੀਤੇ ਗਏ ਸੰਸ਼ੋਧਨਾਂ ਦਾ ਆਪਣਾ ਵੱਖਰਾ ਮੁੱਲ ਮਹੱਤਵ ਵੀ ਉਜਾਗਰ ਹੋਇਆ ਹੈ। ਫਲਸਰੂਪ, ਇਕ ਪਾਸੇ ਗੁਰਮਤਿ ਦਾ ਆਪਣਾ ਸਦਾਚਾਰਕ ਕੋਡ ਉਸਰਦਾ ਗਿਆ ਤੇ ਦੂਜੇ ਪਾਸੇ, ਲੋਕ ਅਨੁਸ਼ਠਾਨਾਂ ਦਾ ਪੁਨਰ ਮੁਲੰਕਣ ਵੀ ਹੁੰਦਾ ਗਿਆ ਹੈ।

ਮਨੁੱਖੀ ਜੀਵਨ ਦੇ ਵਰਤ ਵਿਹਾਰ ਵਿਚ ਲੋਕ ਮਨ ਦਾ ਅਚੇਤ ਅੰਕੁਸ ਹੁੰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੋਕ ਮਨ ਮਨੁੱਖ ਦੀ ਜ਼ਿੰਦਗੀ ਵਿਚ ਨਿਰਾ ਅੰਕੁਸ ਹੀ ਨਹੀਂ ਸਗੋਂ ਲੋਕ ਜੀਵਨ ਦੇ ਵਡੇਰੇ ਭਾਗ ਨੂੰ ਸੰਚਾਲਿਤ ਵੀ ਲੋਕ ਮਨ ਹੀ ਕਰਦਾ ਹੈ। ਧਰਮ ਦਾ ਕ੍ਰਿਆਤਮਕ ਪੱਖ ਇਕ ਤਰ੍ਹਾਂ ਲੋਕ ਮਨ ਦਾ ਹੀ ਬਦਲਿਆ ਹੋਇਆ ਰੂਪ ਹੁੰਦਾ ਹੈ। ਇਸ ਦਾ ਮੁਖ ਉਦੇਸ਼ ਲੋਕ ਕਲਿਆਣ ਹੀ ਹੁੰਦਾ ਹੈ ਤੇ ਇਸੇ ਕਰਕੇ ਇਸ ਦੀ ਅਪੀਲ ਜਨ ਸਾਧਾਰਣ ਲਈ ਹੁੰਦੀ ਹੈ। ਲੋਕ ਮਨ ਦਾ ਸਹਿਜ ਤੇ ਸੰਸ਼ੋਧਿਤ ਰੂਪ ਤਾਂ ਪ੍ਰਤੀਬਿੰਬਤ ਹੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਲੋਕ-ਰਚਨਾ-ਰੂਪਾਂ ਰਾਹੀਂ ਹੋਇਆ ਹੈ ਤੇ ਇਹੀ ਇਨ੍ਹਾਂ ਰਚਨਾ-ਰੂਪਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਵੀ ਹੈ।

ਲੋਕ ਰਚਨਾ-ਰੂਪ ਜਿਥੇ ਆਪਣਾ ਵਿਲੱਖਣ ਰੂਪ-ਪ੍ਰਬੰਧ ਰੱਖਦੇ ਹਨ ਉਥੇ ਦੋ ਤਰ੍ਹਾਂ ਦੇ ਸੰਚਾਰ-ਪ੍ਰਬੰਧ ਨਾਲ ਜੁੜੇ ਹੋਏ ਵੀ ਹਨ। ਪਹਿਲਾ, ਇਹ ਰੂਪ (form) ਵਿਸ਼ੇਸ਼ ਨੂੰ ਸੰਚਾਰਿਤ ਕਰਦੇ ਹਨ। ਇਹ ਰੂਪ ਵਿਸ਼ੇਸ਼ ਆਪਣੀ ਲੋਕ ਪਰੰਪਰਾ ਵੀ ਰੱਖਦੇ ਹਨ, ਆਪਣਾ ਮੂਲ ਪਾਠ (text), ਆਪਣੀ ਰਚਨਾ-ਬੁਣਤਰ (Texture) ਤੇ ਆਪਣਾ ਸੰਦਰਭ (context) ਵੀ। ਧਿਆਨ ਜੋਗ ਤੱਥ ਤਾਂ ਇਹ ਹੈ, ਹਰ ਰੂਪ ਵਿਸ਼ੇਸ਼ ਵਿਚ ਉਪ ਸੰਚਾਰ ਜੁਗਤਾਂ ਦਾ ਪ੍ਰਯੋਗ ਵੀ ਹੋਇਆ ਹੈ। ਹਾਲ ਦੀ ਘੜੀ ਇਨ੍ਹਾਂ ਦਾ ਨੋਟਸ ਨਾ ਲੈ ਕੇ ਇਥੇ ਇਤਨਾ ਸੰਕੇਤ ਹੀ ਕਾਫ਼ੀ ਹੈ, ਗੁਰਮਤਿ ਲੋਕ-ਧਰਮ ਹੈ। ਇਸ ਦੇ ਪ੍ਰਸਾਰਣ ਵਿਚ ਲੋਕ ਬੋਲੀ ਦਾ ਵਿਸ਼ੇਸ਼ ਹੱਥ ਹੈ। ਲੋਕ-ਸੰਸਕ੍ਰਿਤੀ ਨੂੰ ਲਿਖਤੀ ਰੂਪ ਵਿਚ ਇਨ੍ਹਾਂ ਲੋਕ-ਰੂਪਾਂ ਰਾਹੀਂ ਹੀ ਰਾਖਵਾਂ (Preserve) ਕੀਤਾ ਗਿਆ ਹੈ। ਤੇ ਉਸ ਵਿਥ ਸੁਝਾਏ ਗਏ ਸੰਸ਼ੋਧਨ ਲੋਕ ਯੋਗਤਾ ਤੇ ਲੋਕ ਕਲਿਆਣ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੇ ਗਏ ਹਨ। ਪਰਿਣਾਮ ਸਰੂਪ, ਦਰਸ਼ਨ ਦਾ ਸਰਲੀਕ੍ਰਿਤ (Simplified) ਰੂਪ ਹੀ ਤਾਂ ਹਨ ਇਹ ਰਚਨਾ-ਰੂਪ। ਸਾਇਦ, ਦਰਸ਼ਨ ਦੀ ਜਟਿਲਤਾਂ ਨੂੰ ਇਨ੍ਹਾਂ ਲੋਕ-ਰਚਨਾ-ਰੂਪਾਂ ਦੇ ਰੂਪਾਂਤਰਣ ਰਾਹੀਂ ਹੀ ਸੁਖੈਨ ਬਣਾਇਆ ਜਾ ਸਕਦਾ ਸੀ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਲੋਕ-ਰਚਨਾ-ਰੂਪਾਂ ਰਾਹੀਂ ਦਰਸ਼ਨ ਦਾ ਪ੍ਰਤੱਖਣ ਹੋਇਆ ਹੈ। ਧਿਆਨ ਜੋਗ ਨੁਕਤਾ ਤਾਂ ਇਹ ਹੈ, 'ਕਲਾ ਪ੍ਰਤੱਖਣ ਨਿੱਤ ਜੀਵਨ ਤੋਂ ਵੱਖਰਾ ਹੈ। ਇਹ ਰਚਨਾ-ਰੂਪ ਕਲਾ-ਪ੍ਰਤੱਖਣ ਦੇ ਪ੍ਰਤੀਨਿਧੀ ਨਹੀਂ। ਕਲਾ-ਪ੍ਰਤੱਖਣ ਸਾਡੀ ਨਜ਼ਰ ਕਲਾ-ਕਿਰਤ ਦੇ ਰੂਪ ਉਪਰ ਟਿਕਾ ਦੇਂਦਾ ਹੈ, ਤਾਂ ਜੁ ਅਨੁਭਵ ਕੀਤਾ ਜਾ ਸਕੇ, ਵੇਖਿਆ ਜਾ ਸਕੇ, ਕੇਵਲ ਪਛਾਣਿਆਂ ਹੀ ਨਹੀਂ। ਇਨ੍ਹਾਂ ਰਚਨਾ-ਰੂਪਾਂ ਦਾ ਬਲ ਕਲਾ ਦੇ ਰੂਪ ਉਪਰ ਹੈ, ਪਰ ਕੇਵਲ ਰੂਪ ਉਪਰ ਨਹੀਂ। ਰੂਪ ਕਲਾ-ਕਿਰਤ ਦੀ ਸਮੁੱਚ ਦਾ ਪ੍ਰਤੀਨਿਧ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕ ਰਚਨਾ-ਰੂਪਾਂ ਨੂੰ ਜੇ ਇਸ ਸਥਾਪਨਾ ਅਨੁਸਾਰ ਵਾਚਿਆ ਜਾਏ ਤਾਂ ਇਹ ਇਸ ਤੱਥ ਉਪਰ ਪੂਰੀ ਤਰ੍ਹਾਂ ਪੂਰੇ ਉਤਰਦੇ ਹਨ। ਇਹ ਲੋਕ ਤੱਤ ਤੇ ਦਰਸ਼ਨ ਦਾ ਸਮੀਕਰਣ ਕਰਦੇ ਹੋਏ ਉਨ੍ਹਾਂ ਦੀ ਸਮੁੱਚ ਨੂੰ ਉਭਾਰਦੇ ਹਨ। ਇਨ੍ਹਾਂ ਦਾ ਮੁਖ ਬਲ ਕਲਾ ਦੇ ਰੂਪ ਉਪਰ ਨਹੀਂ, ਲੋਕ ਤੱਤ ਤੇ ਦਰਸ਼ਨ ਦੀ ਸਮੀਕਰਣਤਾ ਉਪਰ ਹੈ। ਇਹੀ, ਸ਼ਾਇਦ ਇਨ੍ਹਾਂ ਲੋਕ-ਰੂਪਾਂ ਦਾ ਸਮੁੱਚ ਤੇ ਖ਼ੂਬਸੂਰਤੀ ਵੀ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਆਲ ਹੈ ਸਕਦਾ ਹੈ ਲੋਕ ਕਾਵਿ-ਰੂਪ ਤੇ ਗੁਰਮਤਿ ਦਾ ਪਰਸਪਰ ਰਿਸ਼ਤਾ ਕੀ ਹੈ। ਪਹਿਲੇ ਸੰਕੇਤ ਕੀਤਾ ਜਾ ਚੁੱਕਾ ਹੈ ਗੁਰਮਤਿ ਸਕੂਲ ਦੇ ਕਾਵਿ-ਸ਼ਾਸਤਰੀ ਆਦਿ ਗੁਰੂ ਹਨ। ਗੁਰੂ ਨਾਨਕ ਦੇਵ ਨੇ ਮੁਕਤਕ ਕਾਵਿ-ਰੂੜੀ ਦਾ ਪ੍ਰਯੋਗ ਉਸ ਦੇ ਪਰੰਪਰਿਕ ਅਰਥਾਂ ਵਿਚ ਹੀ ਕੀਤਾ ਹੈ ਤੇ ਲੋੜ ਅਨੁਸਾਰ ਪਦ ਸੰਕੇਤਾਂ ਦੀ ਵਰਤੋਂ ਵੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਾਗ ਵਿਸ਼ੇਸ਼ ਦੇ ਅਧੀਨ ਇਕ ਇਕ ਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ ਆਦਿ ਰੂਪ ਸਿਰਲੇਖਾਂ ਦਾ ਪ੍ਰਯੋਗ ਇਸ ਤੱਥ ਦੀ ਪੁਸ਼ਟੀ ਕਰਦਾ ਹੈ।

ਦੂਜੇ ਪਾਸੇ, ਲੋਕ ਯਾਨਿਕ ਕਾਵਿ-ਰੂਪਾਂ ਦੇ ਨਾਮ ਦੀ ਵਰਤੋਂ ਵਿਸ਼ੇਸ਼ ਰੂਪ ਵਜੋਂ ਕੀਤੀ ਹੈ ਪਰ ਥੀਮ ਪਖੋਂ ਇਨ੍ਹਾਂ ਦੀ ਆਪਣੀ ਹੀ ਹੋਂਦ-ਵਿਧੀ ਹੈ। ਹੁਣ ਇਕ ਬੁਨਿਆਦੀ ਨੁਕਤਾ ਸਨਮੁਖ ਹੁੰਦਾ ਹੈ। ਗੁਰੂ ਨਾਨਕ ਦੇਵ ਨੂੰ ਲੋਕ ਕਾਵਿ-ਰੂਪ ਦੇ ਨਾਮ ਵਿਸ਼ੇਸ਼ ਦੀ ਵਰਤੋਂ ਵੀ ਕਿਉਂ ਕਰਨੀ ਪਈ? ਕੀ ਨਾਮ ਵਿਸ਼ੇਸ਼ ਦੇ ਪ੍ਰਯੋਗ ਰਾਹੀਂ ਉਹ ਪਾਠਕ-ਵਰਗ ਦਾ ਧਿਆਨ ਆਪਣੇ ਵਲ ਖਿੱਚਣਾ ਚਾਹੁੰਦੇ ਸਨ? ਜਾਂ ਇਸ ਜੁਗਤ ਰਾਹੀਂ ਬਾਣੀ ਵਿਚ ਗਹਿਰਾਈ ਭਰਨਾ ਚਾਹੁੰਦੇ ਸਨ? ਜਾਂ ਫਿਰ ਇਸ ਨਾਲ ਲੋਕ ਮਾਨਸ ਦੀ ਅਭਿਵਿਅਕਤੀ ਕਰਨਾ ਚਾਹੁੰਦੇ ਸਨ?

ਅਸਲ ਵਿਚ ਸਾਹਿਤ ਸੰਰਚਨਾ ਅਤਿ ਪੇਚੀਦਾ ਸੰਜੁਗਤ ਵਸਤੂ ਹੈ। ਅਨੇਕ ਪਰਤਾਂ ਦੀ ਧਾਰਣੀ ਹੋਣ ਕਰਕੇ ਭਾਵਾਂ, ਵਿਚਾਰਾਂ ਅਤੇ ਵੰਨਸੁਵੰਨ ਕਾਵਿ-ਜੁਗਤਾਂ ਦੀ ਅਨਿੱਖੜ ਏਕਤਾ ਨੂੰ ਰੂਪਮਾਨ ਕਰਨਾ ਇਸ ਦਾ ਸਹਿਜ ਧਰਮ ਹੈ। ਸਾਹਿਤ-ਸੰਰਚਨਾ ਥੀਮ ਅਤੇ ਕਲਾ-ਜੁਗਤਾਂ ਦੇ ਏਕੀਕਰਣ ਵਿਚੋਂ ਹੀ ਸਾਕਾਰ ਹੁੰਦੀ ਹੈ। ਪਰ ਇਹ ਧਿਆਨ ਰਹੇ ਸੰਚਾਰੀ ਪ੍ਰਭਾਵ ਰਚਨਾ ਵਿਚ ਸਮਾਇਆ ਹੋਣ ਦੇ ਬਾਵਜੂਦ ਵੀ ਰਚਨਹਾਰ ਦੀ ਵਿਸ਼ੇਸ਼ ਸੁਰਤਿ ਦੀ ਮੰਗ ਕਰਦਾ ਹੈ। ਮਧਕਾਲੀ ਕਾਵਿ ਸ੍ਰੋਤਾ ਮੁਖ ਹੈ। ਸ਼ਾਇਦ, ਇਹੀ ਕਾਰਣ ਹੈ, ਕੁਝ ਕਾਵਿ-ਰੂਪ ਆਪਣੀ ਸ਼ੈਲੀ ਕਾਰਣ ਲੋਕਾਂ ਵਿਚ ਹਰਮਨ ਪਿਆਰੇ ਹੋ ਗਏ। ਇੰਝ ਮਾਲੂਮ ਹੁੰਦਾ ਹੈ, ਲੋਕ ਕਾਵਿ-ਰੂਪਾਂ ਦੇ ਨਾਮ ਵਿਸ਼ੇਸ਼ ਰਾਹੀਂ ਉਪਰੀ ਨਜ਼ਰੇ ਸਾਧਾਰਣ ਜਨਤਾ ਦਾ ਧਿਆਨ ਆਪਣੇ ਵਲ ਖਿਚਿਆ ਜਾਏ ਪਰ ਜਦੋਂ ਸਰੋਤੇ ਰੁਚਿਤ ਹੋ ਜਾਣ ਤਾਂ ਉਨ੍ਹਾਂ ਨੂੰ ਗੱਲ ਆਪਣੀ ਹੀ ਸੁਣਾਈ ਜਾਏ। ਇਸੇ ਕਰਕੇ ਹੀ ਗੁਰਮਤਿ ਸਾਹਿਤ ਵਿਚ ਕਾਵਿ-ਰੂਪ ਵਿਸ਼ੇਸ਼ ਦੇ ਨਾਮ ਦੀ ਵਰਤੋਂ ਤਾਂ ਕੀਤੀ ਗਈ ਹੈ ਪਰ ਇਨ੍ਹਾਂ ਕਾਵਿ-ਰੂਪਾਂ ਵਿਚ ਅਪਣਾਈਆਂ ਗਈਆਂ ਰਚਨਾ-ਰੂੜੀਆਂ ਵਿਚ ਅੰਤਾਂ ਦੀ ਰਦੋ ਬਦਲ ਕੀਤੀ ਗਈ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ, ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਰੂਪ ਵਿਸ਼ੇਸ਼ ਦਾ ਨਾਮ ਤਾਂ ਗੁਰਮਤਿ ਸਾਹਿਤ ਵਿਚ ਮੌਜੂਦ ਹੈ ਪਰ ਰੂਪ ਵਿਸ਼ੇਸ਼ ਦੇ ਅੰਤਰਗਤ ਵਰਤੀਆਂ ਗਈਆਂ ਰਚਨਾ-ਰੂੜੀਆਂ ਦੀ ਨੁਹਾਰ ਨਿਰੋਲ ਆਪਣੀ ਹੀ ਹੈ। ਅਜਿਹੀ ਸਥਿਤੀ ਵਿਚ ਗੁਰਮਤਿ ਸਾਹਿਤ ਵਿਚਲੇ ਲੋਕ ਕਾਵਿ-ਰੂਪਾਂ ਦੀ ਹੋਂਦ-ਵਿਧੀ ਸੰਦੇਹਜਨਕ ਬਣ ਜਾਂਦੀ ਹੈ। ਇਸ ਦਾ ਇਕੋ ਇਕ ਕਾਰਣ ਪ੍ਰਚਲਿਤ ਰਵਾਇਤੀ ਰੂਪ ਤੇ ਗੁਰਮਤਿ ਸਾਹਿਤ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੇਸ਼ ਹੋਏ ਕਾਵਿ ਰੂਪਾਂ ਦੀ ਇਕਪਾਸੜ ਸਾਂਝ ਹੀ ਹੈ ਜੋ ਕੇਵਲ ਨਾਮ ਵਿਸ਼ੇਸ਼ ਦੀ ਵਰਤੋਂ ਦੁਆਰਾ ਸਾਹਮਣੇ ਆਉਂਦੀ ਹੈ। ਜ਼ਾਹਿਰ ਹੈ, ਗੁਰਮਤਿ ਸਾਹਿਤ ਵਿਚ ਪੇਸ਼ ਹੋਏ ਸਾਰੇ ਲੋਕ ਕਾਵਿ-ਰੂਪ ਆਪਣੀ ਹੀ ਰਚਨਾ-ਰੂੜੀ ਦੇ ਧਾਰਣੀ ਹਨ ਉਦਾਹਰਣ ਵਜੋਂ ਪਹਿਰੇ, ਥਿਤੀ, ਛੰਤ, ਬਾਰਾਂਮਾਹ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਗੁਰੂ ਨਾਨਕ ਦੇਵ ਦੁਆਰਾ ਕੀਤੇ ਗਏ ਵੰਨਸੁਵੰਨ ਸ਼ੈਲੀ ਪ੍ਰਯੋਗ ਹੀ ਗੁਰਮਤਿ ਸਾਹਿਤ ਦੇ ਬਹੁਰੰਗ ਕਾਵਿ-ਰੂਪਾਂ ਦੀਆਂ ਰਚਨਾ-ਰੂੜੀਆਂ ਦਾ ਵਿਧਾਨ ਕਰਦੇ ਨਜ਼ਰੀਂ ਆਉਂਦੇ ਹਨ। ਇਥੇ ਇਹ ਧਿਆਨ ਰਹੇ ਗੁਰੂ ਨਾਨਕ ਸਿਰਜਿਤ ਸਾਹਿਤ ਦਾ ਕੇਂਦਰ-ਬਿੰਦੂ ਬ੍ਰਹਮ ਹੋਣ ਕਰਕੇ ਅਨੇਕ ਮੁਖ ਸ਼ੈਲੀ-ਪ੍ਰਯੋਗਾਂ ਵਿਚ ਵੀ ਅਧਿਆਤਮਿਕਤਾ ਨੂੰ ਹੀ ਕੇਂਦਰੀ ਸਥਾਨ ਪ੍ਰਾਪਤ ਹੈ। ਗੁਰੂ ਨਾਨਕ ਪਦੇ ਰਚਣ ਜਾਂ ਜਾਂ ਸੋਲਹੇ, ਵਾਰ ਜਾਂ ਬਾਰਾਂਮਾਹ ਪ੍ਰਾਥਮਿਕਤਾ ਅਧਿਆਤਮਿਕਤਾ ਨੂੰ ਹੀ ਮਿਲੇਗੀ। ਰਚਨਾ ਵਿਸ਼ੇਸ਼ ਵਿਚ ਸਾਹਿਤਿਕਤਾ ਜਾਂ ਸਾਮਾਜਿਕਤਾ ਦੂਜੈਲੀ ਵਸਤ ਹੈ। ਗੁਰਮਤਿ ਸਾਹਿਤ ਦੇ ਇਸ ਸਰਬ ਸ਼ਿਰੋਮਣੀ ਗੁਣ-ਲੱਛਣ ਨੂੰ ਸਹਿਜੇ ਹੀ ਸਵੀਕ੍ਰਿਤੀ ਵੀ ਪ੍ਰਾਪਤ ਹੈ। ਇਹ ਤਾਂ ਹੋਈ ਰੂਪ ਵਿਸ਼ੇਸ਼ ਦੇ ਨਾਮ ਦੀ ਵਰਤੋਂ ਬਾਰੇ ਹਲਕੀ ਜਿਹੀ ਵਿਚਾਰ। ਅਜੇ ਲੋਕ ਕਾਵਿ-ਰੂਪਾਂ ਨੂੰ ਰਚਨਾ-ਸ਼ੈਲੀ ਵਜੋਂ ਕਿਉਂ ਵਰਤਿਆ ਗਿਆ, ਉਪਰ ਸੋਚ ਵਿਚਾਰ ਕਰਨੀ ਬਾਕੀ ਹੈ।

ਆਚਾਰੀਆਂ ਨੇ ਲੋਕ ਯਾਨ ਦੇ ਮੂਲ ਤਿੰਨ ਤੱਤ ਮੰਨੇ ਹਨ—ਲੋਕ ਸੰਸਕ੍ਰਿਤੀ, ਪਰੰਪਰਾ ਅਤੇ ਲੋਕ ਮਨ। ਲੋਕਯਾਨ ਦਾ ਪ੍ਰਮੁਖ ਗੁਣ ਇਹ ਹੈ ਕਿ ਇਸ ਵਿਚ ਲੋਕਮਨ ਦੀ ਅਭਿਵਿਅਕਤੀ ਹੁੰਦੀ ਹੈ। ਲੋਕ ਵੇਦ ਜੀਵਨ ਦਾ ਸਹਿਜ ਅੰਗ ਹੁੰਦਾ ਹੈ, ਉਚੇਚ ਤਾਂ ਇਸ ਤੋਂ ਕੋਹਾਂ ਦੂਰ ਰਹਿੰਦਾ ਹੈ। ਸਥਾਪਿਤ ਪਰੰਪਰਾ ਤੋਂ ਲੋਕ ਮਨ ਦਾ ਹਮੇਸ਼ਾ ਹੀ ਵਿਕਾਸ ਹੁੰਦਾ ਆਇਆ ਹੈ। ਭਾਵੇਂ ਲੋਕ ਸੰਸਕ੍ਰਿਤੀ ਦੀ ਯਾਤਰਾ ਪਰੰਪਰਾ ਮੁਖ ਹੀ ਰਹੀ ਹੈ। ਅਸਲ ਵਿਚ ਲੋਕ ਸੰਸਕ੍ਰਿਤੀ ਦੀ ਸਰੀਰਕ, ਮਾਨਸਿਕ ਤੇ ਬੌਧਿਕ ਸਭ ਪ੍ਰਕਾਰ ਦੀਆਂ ਕ੍ਰਿਆਵਾਂ ਦਾ ਮੂਲ ਸ੍ਰੋਤ ਹੁੰਦਾ ਹੀ ਸਾਮੂਹਿਕ ਚਿੱਤ ਹੈ। ਇਸੇ ਸਾਮੂਹਿਕ ਚਿੱਤ ਨੂੰ ਹੀ ਲੋਕ ਮਨ ਵੀ ਆਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਨੇ ਜਦੋਂ ਚੰਪੂ ਸਾਹਿਤ ਨੂੰ ਸੰਚਾਰ ਮਾਧਿਅਮ ਚੁਣਿਆ ਉਦੋਂ ਉਨ੍ਹਾਂ ਦੇ ਸਾਹਮਣੇ ਨਿਸ਼ਚੈ ਹੀ ਲੋਕ ਮਾਨਸ ਦੀ ਅਭਿਵਿਅਕਤੀ ਦਾ ਉਦੇਸ਼ ਸੀ। ਲੋਕਯਾਨਿਕ ਆਚਾਰੀਆ ਇਸ ਤੱਥ ਪ੍ਰਤੀ ਇਕ ਮਤ ਹਨ ਕਿ ਕਾਵਿ ਰੂਪਾਂ ਦਾ ਉਦਗਮ ਸ੍ਰੋਤ ਲੋਕਯਾਨ ਹੀ ਹੈ। ਕਵੀ ਜਾਂ ਬਾਣੀਕਾਰ ਲੋਕ ਸ਼ੈਲੀ ਨੂੰ ਸਾਹਿਤਕ ਸ਼ੈਲੀ ਵਿਚ ਢਾਲ ਕੇ ਪੇਸ਼ ਕਰਦੇ ਰਹੇ ਹਨ। ਮਧਕਾਲੀ ਪੰਜਾਬੀ ਕਾਵਿ ਦੇ ਲਗਭਗ ਸਾਰੇ ਕਾਵਿ-ਰੂਪਾਂ ਦਾ ਪ੍ਰਥਮ ਰੂਪ ਲੋਕਯਾਨਿਕ ਹੈ ਤੇ ਸਾਹਿਤਕ ਕਾਵਿ-ਰੂਪ ਉਸੇ ਦਾ ਸੁਧਰਿਆ ਰੂਪ। ਸ਼ਾਇਦ, ਇਹੀ ਕਾਰਣ ਹੈ, ਸਾਡੇ ਵਿਦਵਾਨਾਂ ਨੇ ਸਾਹਿਤ ਦਾ ਮੋਟਾ ਜਿਹਾ ਨਿਖੇੜਾ ਲੋਕ ਸਾਹਿਤ ਤੇ ਵਿਸ਼ਿਸ਼ਟ ਸਾਹਿਤ ਕਰਕੇ ਕੀਤਾ ਹੈ। ਵਿਸ਼ਿਸ਼ਟ ਸਾਹਿਤ ਲੋਕ ਸਾਹਿਤ ਦਾ ਅਗਲੇਰਾ ਵਿਕਸਤ ਰੂਪ ਹੈ। ਸੰਖੇਪ ਵਿਚ, ਗੁਰੂ ਨਾਨਕ ਦੇਵ ਨੇ ਲੋਕ ਮਾਨਸ ਦੀ ਅਭਿਵਿਅਕਤੀ ਲਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਲੋਕਯਾਨਿਕ ਰੂਪ ਗੁਰਮਤਿ ਸਾਹਿਤ ਦੇ ਸੰਚਾਰ ਮਾਧਿਅਮ ਲਈ ਨਿਸ਼ਚਿਤ ਕੀਤੇ ।

ਅਜੇ ਇਸਦੇ ਸਾਹਿਤਕ ਪਹਿਲੂ ਉਪਰ ਵਿਚਾਰ ਕਰਨੀ ਬਾਕੀ ਹੈ । ਸਾਹਿਤ ਰਚਨਾ ਕਰਨ ਵਾਲੇ ਹਮੇਸ਼ਾ ਹੀ ਅਜਿਹੀਆਂ ਜੁਗਤਾਂ ਦੀ ਤਲਾਸ਼ ਵਿਚ ਰਹਿੰਦੇ ਹਨ ਜਿਨ੍ਹਾਂ ਦੇ ਸਹਾਰੇ ਉਹ ਆਪਣੀ ਰਚਨਾ ਵਿਚ ਗਹਿਰਾਈ ਕਰ ਸਕਣ । ਵਿਸ਼ਿਸ਼ਟ ਸਾਹਿਤ ਨੂੰ ਲੋਕ ਸਾਹਿਤ ਇਕ ਅਮੀਰ ਵਿਰਸਾ ਤੇ ਬਲਵਾਨ ਸਥਲ ਹੀ ਪੇਸ਼ ਨਹੀਂ ਕਰਦਾ ਸਗੋਂ ਇਸਨੂੰ ਅੰਤਾਂ ਦਾ ਗਹਿਰਾ ਵੀ ਕਰਦਾ ਹੈ । ਔਖੀ ਤੋਂ ਔਖੀ, ਗਹਿਰੀ ਤੋਂ ਗਹਿਰੀ ਗੱਲ ਮਿੱਥ-ਸਿਰਜਣਾ ਰਾਹੀਂ ਸਮਝਾਈ ਜਾ ਸਕਦੀ ਹੈ । ਲੋਕ ਅਖਾਣ, ਕਥਾ, ਲਜਿੰਦਰੀ, ਮੁਹਾਵਰੇ, ਲੋਕ ਵਿਸ਼ਵਾਸਾਂ ਨੂੰ ਤਾਂ ਪ੍ਰਤੀਬਿੰਬਤ ਕਰਦੇ ਹੀ ਹਨ ਪਰ ਇਸ ਦੇ ਨਾਲ ਨਾਲ ਇਹ ਕਾਵਿ-ਸ਼ੈਲੀ ਵਿਚ ਇਕ ਖ਼ਾਸ ਤਰ੍ਹਾਂ ਦੀ ਡੂੰਘਾਈ, ਸੰਜਮ ਤੇ ਗਿਆਨ ਦਾ ਚਮਤਕਾਰ ਵੀ ਭਰਦੇ ਹਨ ।

ਸਮਾਜ ਸ਼ਾਸਤਰੀਆਂ ਅਨੁਸਾਰ ਧਰਮ ਦਾ ਸੰਕਲਪ ਮਨੁੱਖੀ ਜ਼ਿੰਦਗੀ ਵਿਚ ਉਸ ਦੀ ਅਸੁਰੱਖਿਆ ਭਾਵਨਾ ਕਰਕੇ ਪੈਦਾ ਹੋਇਆ ਪਰ ਧਰਮ ਨੂੰ ਸੰਸਥਾ ਦੇ ਰੂਪ ਵਿਚ ਸਥਾਪਿਤ ਕਰਨ ਲਈ ਲੋਕਯਾਨ ਬਹੁਤ ਹੱਦ ਤਕ ਜ਼ਿੰਮੇਵਾਰ ਹੈ । ਧਰਮ ਦਾ ਆਧਾਰ ਦਰਸ਼ਨ ਹੁੰਦਾ ਹੈ । ਅਜ ਵੀ ਧਰਮ ਵਿਸ਼ੇਸ਼ ਦੀ ਮਰਿਯਾਦਾ ਵਿਚ ਕੁਝ ਅਜਿਹੀਆਂ ਰੂੜੀਆਂ ਮੌਜੂਦ ਹਨ ਜਿਨ੍ਹਾਂ ਦਾ ਸੰਬੰਧ ਲੋਕ ਵਿਸ਼ਵਾਸ ਨਾਲ ਹੈ । ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਗਹਿਰਾਈ ਭਰਨ ਲਈ ਕੁਝ ਅਜੇਹੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਹੈ ਜਿਨ੍ਹਾਂ ਨਾਲ ਉਨ੍ਹਾਂ ਦੀ ਬਾਣੀ ਵਿਚ ਗਹਿਰਾਈ ਆ ਸਕਦੀ ਸੀ । ਇਸ ਸੰਦਰਭ ਵਿਚ ਜਿਸ ਜੁਗਤ ਦਾ ਨਾਮ ਸਭ ਤੋਂ ਪ੍ਰਮੁਖ ਹੈ, ਉਹ ਹੈ ਮਿਥ । ਇਸੇ ਤਰ੍ਹਾਂ ਲਜਿੰਦਰੀ, ਸਾਖੀ, ਨੀਤੀ ਕਥਾ, ਮਹਾਤਮ ਆਦਿ ਜੁਗਤਾਂ ਦਾ ਪ੍ਰਯੋਗ ਵੀ ਗੁਰਬਾਣੀ ਸਾਹਿਤ ਵਿਚ ਮੌਜੂਦ ਹੈ । ਜਿਨ੍ਹਾਂ ਦੀ ਵਰਤੋਂ ਰਾਹੀਂ ਬਾਣੀਕਾਰ ਮਨੁੱਖ ਨੂੰ ਅਸਲੀ ਮਰਮ ਤਕ ਪਹੁੰਚਾਉਂਦੇ ਹਨ । ਚੌਰਾਸੀ ਲਖ ਜੂਨ, ਅਸੀਸ ਬਦਾਸੀਸ, ਦੁਖ-ਸੁਖ, ਕਟਾਖਸ਼, ਕਰਮ ਦਾ ਫਲ, ਮਸਤਕ ਲੇਖ, ਨਾਮ ਜਪਣ ਨਾਲ ਦੁਖ ਦਾ ਖ਼ਾਤਮਾ ਹੋਣਾ ਆਦਿ ਮਨੌਤਾਂ ਤੇ ਲੋਕ ਵਿਸ਼ਵਾਸ ਦਾ ਮੂਲਾਧਾਰ ਲੋਕਯਾਨ ਹੀ ਹੈ । ਲੋਕ-ਸੰਸਕ੍ਰਿਤੀ ਦਾ ਭਰਵਾਂ ਚਿੱਤਰ ਤੇ ਭਰਪੂਰ ਪ੍ਰਗਟਾ ਲੋਕਯਾਨਿਕ ਰੂਪਾਂ ਰਾਹੀਂ ਹੀ ਹੋਇਆ ਹੈ । ਇਹੀ ਕਾਰਣ ਹੈ ਆਦਿ ਗੁਰੂ ਨੇ ਲੋਕਯਾਨਿਕ ਕਾਵਿ-ਰੂਪਾਂ ਨੂੰ ਵੀ ਸੰਚਾਰ-ਮਾਧਿਅਮ ਦਾ ਅੰਗ ਵਿਧਾਨ ਕੀਤਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਲੋਕ-ਰਚਨਾ-ਰੂਪ ਇਕ ਵਡੇਰੇ ਸੰਚਾਰ-ਪ੍ਰਬੰਧ ਦਾ ਅੰਗ ਵੀ ਹਨ ਤੇ ਆਪਣੀ ਵਿਸ਼ੇਸ਼ ਸ਼ਬਦ-ਬੁਣਤੀ ਰਾਹੀਂ ਆਪਣੇ ਮੂਲ ਨੁਕਤੇ 'ਪਾਰਗਾਮੀ ਹੋਂਦ' ਨੂੰ ਵੰਨਸਵੰਨ ਰੂਪਾਂ ਵਿਚ ਚਿਹਨਿਤ ਵੀ ਕਰਦੇ ਰਹਿੰਦੇ ਹਨ । ਇਸੇ ਰੂਪ ਵਿਧੀ ਦਾ ਅਨੁਸਰਣ ਪਰਵਰਤੀ ਗੁਰੂ ਸਾਹਿਬਾਨ ਨੇ ਵੀ ਕੀਤਾ ਹੈ ।

ਲੋਕ ਸੰਸਕ੍ਰਿਤੀ ਨੂੰ ਗੁਰਬਾਣੀ ਸਾਹਿਤ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਗੁਰਬਾਣੀ ਸਾਹਿਤ ਨੇ ਸਦੀਆਂ ਤੋਂ ਮੌਖਿਕ ਚਲੀ ਆਉਂਦੀ ਲੋਕ-ਪਰੰਪਰਾ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹਿਲੀ ਵਾਰ ਲਿਪੀਬੱਧ ਕਰਕੇ ਇਸ ਨੂੰ ਪ੍ਰਮਾਣਿਕਤਾ ਪ੍ਰਦਾਨ ਕੀਤੀ ਹੈ। ਪਰੰਪਰਾਗਤ ਮੌਖਿਕ ਧਾਰਣਾਵਾਂ ਦੇ ਲਿਖਤੀ ਵੇਰਵੇ ਪਹਿਲੀ ਵਾਰ ਪੰਜਾਬੀ ਵਿਚ ਗੁਰਬਾਣੀ ਸਾਹਿਤ ਰਾਹੀਂ ਪਰਸਾਰਿਤ ਹੋਏ ਹਨ। ਲੋਕ-ਸਾਹਿਤ ਦੇ ਅਨੇਕਾਂ ਰੂਪ—ਮਿਥ, ਲਜਿੰਦਰੀ, ਟੋਟਕੇ (Anecdotes) ਮਨੌਤਾਂ, ਵਿਸ਼ਵਾਸ ਅਨੁਸ਼ਠਾਨ, ਤੇ ਗੀਤਕ ਰੂਪ ਪਹਿਲੀ ਵਾਰ ਗੁਰਮੁਖੀ ਲਿਪੀ ਵਿਚ ਕਲਮਬੱਧ ਹੋਏ ਤੇ ਪ੍ਰਵਾਨ ਚੜ੍ਹੇ ਹਨ। ਇਹ ਇਸੇ ਉਦਮ ਦਾ ਤਾਂ ਨਤੀਜਾ ਹੈ ਕਿ ਜੇ ਅੱਜ ਕੋਈ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਲੋਕਯਾਨੀ ਦ੍ਰਿਸ਼ਟੀ ਤੋਂ ਕਰਨਾ ਚਾਹਵੇ ਤਾਂ ਲੋਕਯਾਨੀ-ਵਿਗਿਆਨੀ ਦੇ ਅਨੁਸਾਰ ਲੋਕ ਰਚਨਾ ਰੂਪਾਂ ਦਾ ਇਕ ਆਪਣਾ ਮੂਲਪਾਠ, ਰਚਨਾ-ਬੁਣਤਰ ਤੇ ਸੰਦਰਭ ਹੁੰਦਾ ਹੈ। ਇਹ ਤਿੰਨ ਆਪਣੇ ਮੂਲ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਕੋਈ ਵੀ ਅਧਿਐਨ-ਕਰਤਾ ਇਸ ਸਥਾਪਨਾ ਨੂੰ ਮੁਖ ਰੱਖ ਕੇ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਲੋਕ ਸਾਹਿਤ-ਵਿਗਿਆਨ ਦੀ ਦ੍ਰਿਸ਼ਟੀ ਤੋਂ ਕਰ ਸਕਦਾ ਹੈ।

ਇਨ੍ਹਾਂ ਲੋਕ ਰਚਨਾ-ਰੂਪਾਂ ਨੇ ਸਾਹਿਤਕ ਰੂਪਾਂਤਰਣ ਦੀ ਯਾਤਰਾ-ਪ੍ਰਕਿਰਿਆ ਨੂੰ ਵੀ ਰੂਪਮਾਨ ਕੀਤਾ ਹੈ। ਸਾਡੇ ਸਾਹਿਤ ਸ਼ਾਸਤਰੀ ਇਕ ਮਤ ਹਨ ਕਿ ਸਾਹਿਤਕ-ਰੂਪਾਂ ਦਾ ਪਰਾ-ਪ੍ਰਾਥਮਿਕ-ਰੂਪ ਲੋਕ-ਸਾਹਿਤ-ਰੂਪ ਹੀ ਹੁੰਦਾ ਹੈ। ਜ਼ਾਹਿਰ ਹੈ, ਇਹ ਰਚਨਾ-ਰੂਪ ਇਕ ਅਜਿਹੀ ਸਾਹਿਤਕ ਯਾਤਰਾ ਵਲ ਸੰਕੇਤ ਕਰਦੇ ਹਨ, ਲੋਕ ਰਚਨਾ-ਰੂਪਾਂ ਨੂੰ ਆਪਣੇ ਵਥ (Content) ਤੇ ਸ਼ਬਦ-ਬੁਣਤੀ ਦੀ ਪਾਹ ਦੇਕੇ ਵਸ਼ਿਸ਼ਟ ਸਾਹਿਤ ਵਿਚ ਰੂਪਾਂਤਰਿਤ ਕਰ ਦੇਂਦੀ ਹੈ। ਅਜਿਹੀ ਸਥਾਪਨਾ ਲੋਕ ਰਚਨਾ-ਰੂਪਾਂ ਨੂੰ ਬਾਣੀ ਦੇ ਸਿਰਜਣ-ਮਾਧਿਅਮ ਵਜੋਂ ਸਵੀਕਾਰ ਕਰਨ ਕਰਕੇ ਹੋਂਦ ਵਿਚ ਆਈ ਹੈ। ਇਸ ਤਰ੍ਹਾਂ ਲੋਕ-ਦ੍ਰਿਸ਼ਟੀ ਧਰਮ-ਦ੍ਰਿਸ਼ਟੀ ਵਿਚ ਰੂਪਾਂਤਰਿਤ ਹੋ ਕੇ ਇਸ ਨਵੀਂ ਸਾਰਥਕਤਾ ਨੂੰ ਪ੍ਰਾਪਤ ਹੋਈ ਹੈ।

ਹੁਣ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਲੋਕ-ਰੂਪਾਂ ਦਾ ਅਧਿਐਨ ਪੇਸ਼ ਕਰਨਾ ਉਚਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਰਚਨਾ ਰੂਪਾਂ ਨੂੰ ਵਸਤੂ-ਦ੍ਰਿਸ਼ਟੀ ਤੋਂ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

ੳ. ਅਨੁਸ਼ਠਾਨਿਕ ਰਚਨਾ-ਰੂਪ
ਅ. ਤਿਥੀਵਾਰਕ ਰਚਨਾ-ਰੂਪ
ੲ. ਸਤੁਤੀ ਆਤਮਕ ਰਚਨਾ-ਰੂਪ
ਸ. ਉਦਯੋਗਾਤਮਕ ਰਚਨਾ-ਰੂਪ
ਹ. ਲੋਕ ਮੁਹਾਵਰਾ ਬੋਧਕ ਰਚਨਾ-ਰੂਪ

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਇਨ੍ਹਾਂ ਰਚਨਾਂ ਰੂਪਾਂ ਦਾ ਵਰਗੀਕਰਣ ਵਸਤੂ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। ਰਾਗ ਬੰਦਿਸ਼ ਜਾਂ ਮਹਲਾ ਵਿਸ਼ੇਸ਼ ਨੂੰ ਧਿਆਨ ਵਿਚ ਰੱਖ ਕੇ ਨਹੀਂ। ਇਥੇ 'ਰੂਪ' ਵਰਗੀਕਰਣ ਨੂੰ ਪੇਸ਼ ਕਰਨਾ ਉਚਿਤ ਜਾਪਦਾ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਅਨੁਸ਼ਠਾਨਿਕ

ੳ. ਸੋਹਿਲਾ

ਅ. ਛੰਤ

ੲ. ਘੋੜੀਆਂ

ਸ. ਅਲਾਹੁਣੀਆਂ

ਹ. ਅੰਜੁਲੀਆ

ਕ. ਸਦ

ਖ. ਮੁੰਦਾਵਣੀ

2. ਤਿਥੀਵਾਰਕ

ੳ. ਪਹਿਰੇ

ਅ. ਦਿਨ ਰੈਣਿ

ੲ. ਵਾਰ ਸਤ

ਸ. ਥਿਤੀ

ਹ. ਰੁਤੀ

ਕ. ਬਾਰਾਮਾਹ

3. ਸਤੁਤੀ ਆਤਮਕ

ੳ. ਸੋਦਰ

ਅ. ਸੋ ਪੁਰਖੁ

ੲ. ਆਰਤੀ

4. ਉਦਯੋਗਾਤਮਕ

ੳ. ਕਰਹਲੇ

ਅ. ਵਣਜਾਰਾ

5. ਲੋਕ ਮੁਹਾਵਰਾ ਬੋਧਕ

ੳ. ਬਿਰਹੜੇ

ਅ. ਕੁਚਜੀ

ੲ. ਸੁਚਜੀ

ਸ. ਗੁਣਵੰਤੀ

ਹੁਣ ਹਰ ਵਰਗ ਉਪਰ ਕ੍ਰਮਵਾਰ ਅਧਿਐਨ ਕਰਨਾ ਉਚਿਤ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅਨੁਸ਼ਠਾਨਿਕ-ਰੂਪ

ਸੋਹਿਲਾ ਮਹਲਾ ੧
ਛੰਤ ਮਹਲਾ ੧, ੩, ੪, ੫
ਘੋੜੀਆ ਮਹਲਾ ੪
ਸੂਹੀ (ਲਾਵਾ) ਮਹਲਾ ੪
ਅਲਾਹਣੀਆ ਮਹਲਾ ੧
ਅਲਾਹਣੀਆ ਮਹਲਾ ੩
ਅੰਜੁਲੀਆ ਮਹਲਾ ੫
ਸਦ-ਬਾਬਾ ਸੁੰਦਰ
ਮੁੰਦਾਵਣੀ ਮਹਲਾ ੫

**ਅਨੁਸ਼ਠਾਨ—**

ਅਨੁਸ਼ਠਾਨ ਦਾ ਸ਼ਬਦੀ ਅਰਥ ਹੈ 'ਕੋਈ ਕਰਮ ਕਰਨਾ' ਪਰ ਸਮੇਂ ਨਾਲ ਅਨੁਸ਼ਠਾਨ ਧਰਮ ਨਾਲ ਜੁੜੇ ਕਰਮਕਾਂਡਾਂ ਲਈ ਰੂੜ੍ਹ ਹੋ ਗਿਆ ਹੈ। ਧਰਮ ਨਾਲ ਅਨੁਸ਼ਠਾਨਾਂ ਦਾ ਜੋੜ ਲੋਕ-ਕਲਿਆਣ ਦੀ ਭਾਵਨਾ ਨੂੰ ਮੁਖ ਰੱਖ ਕੇ ਹੀ ਕੀਤਾ ਗਿਆ ਜਾਪਦਾ ਹੈ। ਜਿਸ ਤਰ੍ਹਾਂ ਮਜ਼ਹਬ ਵਿਸ਼ੇਸ਼ ਦੀ ਬੁਨਿਆਦ ਕੋਈ ਅਸਾਧਾਰਣ ਵਿਵੇਕਸ਼ੀਲ ਮਾਂਹਪੁਰਖ ਹੀ ਰੱਖਦਾ ਆਇਆ ਹੈ ਤੇ ਉਸ ਪਾਸ ਆਪਣੀ ਦ੍ਰਿਸ਼ਟੀ ਵਿਸ਼ੇਸ਼ ਵੀ ਹੁੰਦੀ ਹੈ। ਠੀਕ, ਇਸੇ ਤਰ੍ਹਾਂ ਮਜ਼ਹਬ ਵਿਸ਼ੇਸ਼ ਨਾਲ ਜੋੜੇ ਗਏ ਅਨੁਸ਼ਠਾਨ ਵੀ ਵਿਸ਼ੇਸ਼ ਮੁੱਲ-ਮਹੱਤਵ ਦੇ ਧਾਰਣੀ ਹੁੰਦੇ ਹਨ। ਅਨੁਸ਼ਠਾਨ ਵਿਸ਼ੇਸ਼ ਇਕ ਖ਼ਾਸ ਮਨੋਂਤ ਦਾ ਧਾਰਣੀ ਹੁੰਦਾ ਹੀ ਹੈ। ਧਰਮ ਆਪਣੀ ਪ੍ਰਕ੍ਰਿਤੀ ਵਿਚ ਫੈਲਾਉ ਮੁਖ ਹੋਂਦ ਹੈ। ਇਸ ਦਾ ਫੈਲਾਉ ਇਕ ਤੋਂ ਅਨੇਕ ਵਲ ਹੈ। ਇਸ ਫੈਲਾਉਮੁਖਤਾ ਦਾ ਮੂਲ ਆਧਾਰ ਅਨੁਸ਼ਠਾਨ ਹੀ ਹਨ। ਅਨੁਸ਼ਠਾਨ ਲੋਕ ਸਮੂਹ ਵਾਸਤੇ ਸਦਾ ਹੀ ਆਕਰਸ਼ਣ ਦਾ ਕਾਰਨ ਰਹੇ ਹਨ ਤੇ ਅੱਜ ਵੀ ਹਨ।

ਸਮੇਂ ਦੇ ਤੁਰਦੇ ਪ੍ਰਵਾਹ ਵਿਚ ਅਕਸਰ ਇਹ ਹੁੰਦਾ ਆਇਆ ਹੈ ਕਿ ਲੋਕ ਆਪਣੀਆਂ ਵਿਚਾਰ-ਵਿਧੀਆਂ ਵਿਚ ਹੌਲੀ ਹੌਲੀ ਤਬਦੀਲ ਹੁੰਦੇ ਚਲੇ ਜਾਂਦੇ ਹਨ। ਤੇ ਅਨੁਸ਼ਠਾਨ ਜੋ ਵਿਧੀ ਵਿਸ਼ੇਸ਼ ਨਾਲ ਜੁੜੇ ਹੁੰਦੇ ਹਨ ਉਨ੍ਹਾਂ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ ਤੇ ਫਿਰ ਲੋਕ-ਸੰਸਕ੍ਰਿਤੀ ਵਿਚ ਇਕ ਅਜਿਹਾ ਵਕਤ ਵੀ ਆਉਂਦਾ ਹੈ ਜਿਥੇ ਲੋਕ ਆਪਣੀ ਮੂਲ ਮਨੋਂਤ ਨਾਲੋਂ ਟੁੱਟਦੇ ਜਾਂਦੇ ਹਨ ਤੇ ਅਨੁਸ਼ਠਾਨ ਨਿਰਾ ਇਕ 'ਕਰਮ' ਬਣ ਕੇ ਰਹਿ ਜਾਂਦਾ ਹੈ। ਆਪਣੇ ਮੂਲ ਵਿਚ ਅਨੁਸ਼ਠਾਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੋਕ-ਵਿਹਾਰ ਨੂੰ ਜਾਣਨ ਦੀਆਂ ਸਾਧਨ ਮਾਤ੍ਰ ਹਨ। ਇਸ ਦੇ ਰਾਹੀਂ ਲੋਕ ਵਿਸ਼ਵਾਸ ਪ੍ਰਦਰਸ਼ਿਤ ਹੁੰਦੇ ਹਨ ਤੇ ਧਰਮ-ਦਰਸ਼ਨ ਇਨ੍ਹਾਂ ਰਾਹੀਂ ਹੀ ਕ੍ਰਿਆਤਮਕ ਰੂਪ ਗ੍ਰਹਿਣ ਕਰਦਾ ਹੈ। ਧਰਮ ਦੀ ਦੁਨੀਆਂ ਵਿਚ ਅਨੁਸ਼ਠਾਨ ਹੀ ਇਕੋ ਇਕ ਅਜਿਹਾ ਤੱਤ ਹੈ ਜੋ ਮਨੁੱਖ ਦੀ ਮੌਤ ਦਾ ਵੀ, ਜਸ਼ਨ ਮਨਾਉਂਦਾ ਹੈ। ਭਾਵੇਂ ਇਹ ਜਸ਼ਨ 'ਆਵਾ ਗਮਨ' ਜਿਹੀ ਮੂਲ ਹਕੀਕਤ ਦਾ ਹੀ ਹੈ ਪਰ ਇਸ ਵਿਚੋਂ ਵਿਅਕਤੀ ਵਿਸ਼ੇਸ਼ ਨੂੰ ਨਕਾਰਿਆ ਨਹੀਂ ਜਾ ਸਕਦਾ। ਲੋਕਯਾਨ ਵਿਚ ਅਨੁਸ਼ਠਾਨ ਇਕ ਪਰਿਭਾਸ਼ਕ ਸ਼ਬਦ ਹੈ। ਪੰਜਾਬੀ ਵਿਚ ਇਸ ਦਾ ਪ੍ਰਯਾਇ ਰਹੁ-ਰੀਤ ਹੈ। ਭਾਵੇਂ ਵਖੋ ਵੱਖ ਕੋਸ਼-ਗ੍ਰੰਥਾਂ ਨੇ ਅਨੁਸ਼ਠਾਨ ਦੇ ਅਨੇਕ ਅਰਥ ਕੀਤੇ ਹਨ, ਪਰ ਉਨ੍ਹਾਂ ਵਿਚੋਂ ਚਾਰ ਪ੍ਰਮੁਖ ਹਨ—

ੳ. ਕਿਸੇ ਕਰਮ ਦਾ ਕਰਨਾ।

ਅ. ਕਿਸੇ ਕਾਰਜ ਨੂੰ ਨੇਮ ਪੂਰਬਕ ਕਰਨਾ।

ੲ. ਸ਼ਾਸਤਰੀ ਵਿਧੀ ਅਨੁਸਾਰ ਕਿਸੇ ਕਾਰਜ ਨੂੰ ਕਰਨਾ।

ਸ. ਫ਼ਲ-ਪ੍ਰਾਪਤੀ ਲਈ ਦੇਵ-ਅਰਾਧਨ ਕਰਨਾ।

ਇਕ ਹੋਰ ਵਿਦਵਾਨ ਨੇ ਮਨੁੱਖੀ ਜ਼ਿੰਦਗੀ ਦੇ ਉਨ੍ਹਾਂ ਸਾਰੇ ਨੇਮਾਂ ਕਰਮਾਂ ਦਾ ਸੰਬੰਧ ਅਨੁਸ਼ਠਾਨ ਨਾਲ ਜੋੜਿਆ ਹੈ ਜਿਨ੍ਹਾਂ ਦਾ ਆਧਾਰ ਧਰਮ ਜਾਂ ਲੋਕ ਵਿਸ਼ਵਾਸ ਦੀਆਂ ਰੂੜ੍ਹੀਆਂ ਹਨ। ਦੂਸਰੇ ਸ਼ਬਦਾਂ ਵਿਚ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮ-ਕਾਂਡਾਂ, ਰਹੁ-ਰੀਤਾਂ, ਪੂਜਾ-ਵਿਧੀਆਂ, ਪੁਰਬਾਂ, ਵਰਤਾਂ, ਪ੍ਰਥਾਵਾਂ ਤੇ ਸੰਸਕਾਰਾਂ ਆਦਿ ਦੇ ਸਮੂਹ ਨੂੰ ਹੀ ਅਨੁਸ਼ਠਾਨ ਕਿਹਾ ਜਾਂਦਾ ਹੈ। ਇਸ ਨਾਲ ਜਨ ਸਾਧਾਰਣ ਦੀ ਭਾਵਨਾ ਜੁੜੀ ਰਹਿੰਦੀ ਹੈ।

ਬਾਣੀਕਾਰਾਂ ਨੇ ਤਤਕਾਲੀਨ ਲੋਕ-ਸੰਸਕ੍ਰਿਤੀ ਨੂੰ ਅੱਖੋਂ ਓਹਲੇ ਨਹੀਂ ਕੀਤਾ। ਉਨ੍ਹਾਂ ਵਿਚੋਂ ਕੁਝ ਕੁ ਅਨੁਸ਼ਠਾਨਿਕ ਰੂਪ ਬਾਣੀ-ਸਿਰਜਣ ਦਾ ਅੰਗ ਬਣੇ ਹਨ। ਬਾਣੀਕਾਰਾਂ ਨੇ ਅਨੁਸ਼ਠਾਨਿਕ-ਰੂਪ-ਵੰਨਗੀ ਦੀ ਚੋਣ ਭਾਵੇਂ ਨਾ ਕੀਤੀ ਹੋਵੇ ਪਰ ਜੀਵਨ ਦੇ ਲਗਭਗ ਹਰ ਖੇਤਰ ਨਾਲ ਸੰਬੰਧਿਤ ਅਨੁਸ਼ਠਾਨ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ। ਇਥੇ ਇਹ ਧਿਆਨ ਰਹੇ ਗੁਰਬਾਣੀ ਸਾਹਿਤ ਵਿਚ ਇਹ ਅਨੁਸ਼ਠਾਨ ਆਪਣੇ ਪਰੰਪਰਾਗਤ ਰੂਪ ਨੂੰ ਵੀ ਪੇਸ਼ ਕਰਦੇ ਹਨ ਤੇ ਗੁਰੂ ਸਾਹਿਬਾਨ ਦੇ ਮੁੱਲ-ਮਹੱਤਵ ਨੂੰ ਵੀ ਨਿਰੂਪਿਤ ਕਰਦੇ ਹਨ। ਬਾਣੀਕਾਰਾਂ ਦੀ ਦ੍ਰਿਸ਼ਟੀ ਵਿਸ਼ੇਸ ਨੂੰ ਇਨ੍ਹਾਂ ਅਨੁਸ਼ਠਾ-ਨਿਕ ਰੂਪਾਂ ਵਿਚ ਕੇਂਦਰੀ ਸਥਾਨ ਪ੍ਰਾਪਤ ਹੈ। ਬਾਣੀਕਾਰ ਇਨ੍ਹਾਂ ਰੂਪਾਂ ਵਿਚ ਨਾ ਤਾਂ ਖੰਡਨ-ਵਿਧੀ ਹੀ ਅਪਣਾਉਂਦੇ ਹਨ ਤੇ ਨਾ ਹੀ ਪ੍ਰਚਲਿਤ ਰਹੁ-ਰੀਤਾਂ ਦਾ ਵਿਰੋਧ ਹੀ ਕਰਦੇ ਹਨ। ਉਹ ਤਾਂ ਬਸ ਆਪਣਾ ਮਤ ਹੀ ਪੇਸ਼ ਕਰਦੇ ਹਨ। ਅਧਿਐਨ-ਕਰਤਾ ਲਈ ਇਹ ਦ੍ਰਿਸ਼ਟੀ-ਬਿੰਦੂ ਹੀ ਮਹੱਤਵਪੂਰਣ ਤੱਥ ਹੈ। ਹੁਣ ਗੁਰੂ ਗ੍ਰੰਥ ਵਿਚ ਪੇਸ਼ ਹੋਏ ਅਨੁਸ਼ਾਠਿਕ ਰੂਪਾਂ ਨੂੰ ਪੇਸ਼ ਕਰਨਾ ਉਚਿਤ ਹੈ—

**ਸੋਹਿਲਾ—**

ਸੋਹਿਲਾ-ਰੂਪ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਹੀ ਉਚਾਰਿਆ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਉਂਞ ਇਹ ਗੁਰੂ ਗ੍ਰੰਥ ਸਾਹਿਬ ਵਿਚ ਦੋ ਥਾਵਾਂ ਉਪਰ ਦਰਜ ਹੈ। ਪਹਿਲਾ ਪੰਨਾ 12 ਉਪਰ ਤੇ ਦੂਜਾ, ਪੰਨਾ 157 ਉਪਰ। ਦੋਹੀਂ ਥਾਈਂ ਜੇ ਕੋਈ ਫ਼ਰਕ ਹੈ ਤਾਂ ਉਹ ਇਸ ਰਚਨਾ-ਰੂਪ ਦੇ ਸਿਰਲੇਖ ਵਿਚ ਹੈ। ਪੰਨਾ-ਅੰਕ ਬਾਰਾਂ ਉਪਰ ਇਸ ਦਾ ਸਿਰਲੇਖ ਹੈ—ਸੋਹਿਲਾ ਰਾਗੁ ਗਉੜੀ ਦੀਪਕੀ—ਮਹਲਾ ੧ ਤੇ ਪੰਨਾ 157 ਉਪਰ ਹੈ—ਗਉੜੀ ਪੂਰਬੀ ਦੀਪਕੀ ਮਹਲਾ ੧, ਇਥੇ 'ਸੋਹਿਲਾ' ਸ਼ਬਦ ਦਰਜ ਨਹੀਂ ਕੀਤਾ ਗਿਆ ਪਰ ਇਕ ਹੋਰ ਸ਼ਬਦ 'ਪੂਰਬੀ' ਅੰਕਿਤ ਹੈ ਜੋ ਪੰਨਾ ਅੰਕ—12 ਉਪਰ ਨਹੀਂ। ਉਂਞ ਮੂਲ-ਪਾਠ ਵਿਚ ਕੋਈ ਅੰਤਰ ਨਹੀਂ। ਪੰਨਾ ਅੰਕ ਬਾਰਾਂ ਉਪਰ ਜਿਥੇ 'ਸੋਹਿਲਾ' ਮੁਖ ਸਿਰਲੇਖ ਹੈ ਤੇ ਰਾਗ ਗਉੜੀ ਦੀਪਕੀ ਮਹਲਾ ੧, ਉਪ ਸਿਰਲੇਖ। ਉਥੇ ਇਸ ਦੇ ਨਾਲ ਕੁਝ ਹੋਰ ਸ਼ਬਦ ਵੀ ਸੰਗ੍ਰਹਿਤ ਹਨ। ਉਥੇ ਸੋਹਿਲਾ ਇਕ ਬਾਣੀ ਹੈ, ਪਰ ਪੰਨਾ ਅੰਕ 157 ਉਪਰ ਇਹ ਕੇਵਲ ਇਕ ਸ਼ਬਦ ਹੀ ਹੈ।

ਸੋਹਿਲਾ ਦਾ ਮੂਲ ਸੰਬੰਧ ਸੋਹਰ ਨਾਲ ਜੋੜਿਆ ਗਿਆ ਹੈ। ਲੋਕ-ਸੰਸਕ੍ਰਿਤੀ ਵਿਚ ਸੋਹਰ ਨੂੰ ਸੋਹਿਲਾ ਤੇ ਸੋਹਿਲੇ ਵੀ ਕਿਹਾ ਜਾਂਦਾ ਹੈ। ਉਂਝ ਸੋਹਰ ਜਨਮ ਸਮੇਂ ਦੇ ਗੀਤਾਂ ਲਈ ਰੂੜ੍ਹ ਹੈ। ਸੋਹਰ ਉਹ ਮੰਗਲਮਈ ਗੀਤ ਹਨ ਜੋ ਬੱਚੇ ਦੇ ਜਨਮ ਸਮੇਂ ਗਾਏ ਜਾਂਦੇ ਹਨ, ਖ਼ਾਸ ਕਰਕੇ ਬੱਚੇ ਦੇ ਜਨਮ ਦੇ ਛੇਵੇਂ ਦਿਨ (ਛਠੀ) ਤੇ ਬਾਹਰਵੇਂ ਦਿਨ (ਬਰਹੀ) ਪਰਿਵਾਰ ਦੀਆਂ ਇਸਤ੍ਰੀਆਂ ਮਿਲ ਕੇ ਬੜੇ ਹੁਲਾਸ ਨਾਲ ਗਾਉਂਦੀਆਂ ਹਨ। ਸੋਹਿਲਾ ਨੂੰ ਲੋਕ-ਬੋਲੀ ਵਿਚ ਮੰਗਲ ਵੀ ਕਿਹਾ ਜਾਂਦਾ ਹੈ। ਮੰਗਲ ਸ਼ਬਦ ਸ਼ਾਇਦ ਸੋਹਿਲਾ ਦੀ ਬਿਰਤੀ ਦਾ ਲਖਾਇਕ ਹੈ।

'ਸੋਹਿਲਾ' ਰਚਨਾ ਰੂਪ ਦਾ ਮੂਲ-ਪਾਠ ਇਸ ਵਿਸ਼ੇਸ਼ ਸੰਦਰਭ ਨੂੰ ਉਘਾੜਦਾ ਹੈ। ਮੰਗਲਮਈ ਸ਼ਬਦ ਗਾਏ ਜਾਂਦੇ ਹਨ, ਸਾਹਾ ਸੁਧਾਇਆ ਜਾਂਦਾ ਹੈ, ਘਰ ਘਰ ਸਦਾ ਦਿਤਾ ਜਾਂਦਾ ਹੈ, ਮਿਲ ਕੇ ਤੇਲ ਚੜ੍ਹਾਇਆ ਜਾਂਦਾ ਹੈ ਤੇ ਮਿਥੇ ਹੋਏ ਵਕਤ ਅਨੁਸਾਰ ਹੀ ਦੋ ਰੂਹਾਂ ਨੇ ਮਿਲਣਾ ਹੁੰਦਾ ਹੈ। ਸ਼ਬਦ ਬੁਣਤੀ (Paradigm) ਦੀ ਦ੍ਰਿਸ਼ਟੀ ਤੋਂ ਇਹ ਰਚਨਾ ਦੋ ਸੰਦਰਭ ਪੇਸ਼ ਕਰਦੀ ਹੈ। ਇਕ ਦਾ ਸੰਬੰਧ ਵਿਹਾਰਕ ਜੀਵਨ ਨਾਲ ਹੈ ਤੇ ਦੂਜੇ ਦਾ ਪਾਰਲੌਕਿਕ ਸੁਖ ਨਾਲ। ਪਹਿਲੀਆਂ ਦੋਵੇਂ ਪੰਕਤੀਆਂ ਇਹ ਲੋਕ ਪ੍ਰਤੀ ਸੰਕੇਤਿਕ ਹਨ। ਪਰ ਦੋਹਾਂ ਪੰਕਤੀਆਂ ਦੇ ਦੂਜੇ ਅੱਧ ਵਿਚ ਕਰਤੇ ਕਾ ਹੋਇ ਬੀਚਾਰੋਂ ਤੇ 'ਸਿਵਰਿਹੁ ਸਿਰਜਣ ਹਾਰੋ' ਦੇ ਪ੍ਰੇਰਕ ਤੱਤ ਮੌਜੂਦ ਹਨ। ਤੀਸਰੀ ਪੰਕਤੀ ਵੀ 'ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ' ਇਸੇ ਤੱਥ ਨੂੰ ਸਮਰਪਿਤ ਹੈ ਅਥਵਾ ਮੰਗਲਮਈ ਸ਼ਬਦ ਜ਼ਰੂਰ ਅਲਾਪੋ ਪਰ ਕਿਸੇ ਦੁਨਿਆਵੀ ਹੋਂਦ ਦੇ ਨਹੀਂ ਸਗੋਂ ਇਸ ਸ੍ਰਿਸ਼ਟੀ-ਸਿਰਜਣਹਾਰ ਦੇ। ਸਾਧਾਰਣ ਵਿਹਾਰਕ ਜੀਵਨ ਵਿਚ ਲੜਕੀ ਲੜਕੇ ਦੇ ਮਿਲਾਪ ਲਈ ਵਿਆਹ ਦਾ ਦਿਨ ਨੀਅਤ ਕੀਤਾ ਜਾਂਦਾ ਹੈ 'ਸੰਬਤ ਸਾਹਾ ਲਿਖਿਆ ਮਿਲ ਕਰ ਪਾਵਹੁ ਤੇਲ' ਪੰਕਤੀ ਅਸਲ ਵਿਚ ਜਨਮ ਸਮੇਂ ਨਾਲ ਸੰਬੰਧਿਤ ਨਾ ਹੋ ਕੇ ਵਿਆਹ ਦੇ ਸੰਦਰਭ ਨੂੰ ਪੇਸ਼ ਕਰਦੀ ਹੈ। 'ਘਰ ਘਰ ਏਹੋ ਪਹੁਚਾ ਸਦੜੇ


CC-0. In Public Domain. Gurukul Kangri Collection, Haridwar

ਨਿਤ ਪਵੰਨਿ' ਤੋਂ ਵੀ ਲੋਕ-ਵਿਧੀ ਹੀ ਪੇਸ਼ ਹੁੰਦੀ ਹੈ—ਘਰ ਘਰ ਜਾ ਕੇ ਸੱਦਾ ਦੇਣਾ ਆਦਿ। ਪਰ ਅਖੀਰਲੀ ਪੰਕਤੀ 'ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ' ਕਿਸੇ ਪਾਰਲੌਕਿਕ ਹੋਂਦ ਵਲ ਸੰਕੇਤਿਤ ਹੈ।

Digitized by Arya Samaj Foundation Chennai and eGangotri

ਇਥੇ ਇਕ ਟਪਲਾ ਲਗ ਸਕਦਾ ਹੈ 'ਸੋਹਿਲਾ' ਅਸਲ ਵਿਚ ਮੰਗਲਮਈ ਗੀਤ ਹੈ, ਲੋਕ ਸੰਸਕ੍ਰਿਤੀ ਵਿਚ ਇਸ ਦਾ ਸੰਬੰਧ ਜਨਮ ਸਮੇਂ ਦੇ ਗੀਤਾਂ ਨਾਲ ਜੋੜਿਆ ਜਾਂਦਾ ਹੈ ਪਰ ਸੋਹਿਲਾ ਰਚਨਾ-ਰੂਪ ਵਿਚ ਪੇਸ਼ ਹੋਇਆ ਸੰਦਰਭ ਵਿਆਹ ਦੇ ਸੰਸਕਾਰਾਂ ਨਾਲ ਮੇਲ ਖਾਂਦਾ ਹੈ। ਇਹ ਵੀ ਹੋ ਸਕਦਾ ਹੈ, ਮੰਗਲਮਈ ਗੀਤ ਜਨਮ ਸਮੇਂ ਵੀ ਗਾਏ ਜਾਂਦੇ ਹੋਣ ਤੇ ਵਿਆਹ ਵੇਲੇ ਵੀ। ਤੇ ਦੋਵੇਂ ਹੀ 'ਸੋਹਰ' ਗੀਤ ਕਰਕੇ ਜਾਣੇ ਜਾਂਦੇ ਹੋਣ। ਇਥੇ ਇਤਨਾ ਤਾਂ ਸਪਸ਼ਟ ਹੀ ਹੈ ਸੋਹਿਲਾ ਰਚਨਾ-ਰੂਪ ਦਾ ਸੰਦਰਭ ਵਿਆਹ-ਸੰਸਕਾਰਾਂ ਨਾ ਮੇਲ ਖਾਂਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

(ਆਦਿ ਗ੍ਰੰਥ-੧੨)

ਜੋ[1] ਘਰਿ ਕੀਰਤਿ[2] ਆਪੀਐ ਕਰਤੇ ਕਾ ਹੋਇ ਬੀਚਾਰੋ ॥
ਤਿਤੁ[3] ਘਰਿ ਗਾਵਹੁ ਸੋਹਿਲਾ ਸਿਵਰਿਹੁ[4] ਸਿਰਜਣ ਹਾਰੋ ॥
ਤੁਮ ਗਾਵਹੁ ਮੇਰੇ ਨਿਰਭਉ[5] ਕਾ ਸੋਹਿਲਾ ॥
ਹਉ[6] ਵਾਰੀ[7] ਜਿਤੁ[8] ਸੋਹਿਲੈ[9] ਸਦਾ ਸੁਖੁ ਹੋਇ ॥ਰਹਾਉ॥
ਨਿਤ ਨਿਤ ਜੀਅੜੇ[10] ਸਮਾਲੀਅਨਿ[11] ਦੇਖੈਗਾ[12] ਦੇਵਣਹਾਰੁ ॥
ਤੇਰੇ ਦਾਨੈ[13] ਕੀਮਤਿ ਨਾ ਪਵੈ ਤਿਸੁ[14] ਦਾਤੇ ਕਵਣੁ[15] ਸੁਮਾਰੁ[16] ॥
ਸੰਬਤਿ[17] ਸਾਹਾ[18] ਲਿਖਿਆ ਮਿਲਿ ਕਰਿ ਪਾਵਹੁ ਤੇਲੁ[19] ॥
ਦੇਹੁ ਸਜਣ ਅਸੀਸੜੀਆਂ ਜਿਉ ਹੋਵੈ ਸਾਹਿਬ ਸਿਉ ਮੇਲੁ ॥
ਘਰਿ ਘਰਿ ਏਹੋ ਪਹੁਚਾ[20] ਸਦੜੇ[21] ਨਿਤ ਪਵੰਨਿ[22] ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ[23] ਆਵੰਨਿ[24] ॥

**ਛੰਤ—**

ਗੁਰੂ ਗ੍ਰੰਥ ਸਾਹਿਬ ਵਿਚ ਇਕ ਤੋਂ ਵਧੀਕ ਗੁਰੂ ਸਾਹਿਬਾਨ ਨੇ ਛੰਤ-ਬਾਣੀ ਦੀ ਰਚਨਾ ਕੀਤੀ ਹੈ। ਥਾਂ ਦੀ ਥੁੜ ਹੋਣ ਕਾਰਨ ਸਾਰੇ ਬਾਣੀਕਾਰਾਂ ਦਾ ਛੰਤ-ਅਧਿਐਨ ਅਤੇ ਛੰਤ-ਬਾਣੀ ਮੂਲ ਰੂਪ ਵਿਚ ਇਥੇ ਦਰਜ ਨਹੀਂ ਕੀਤੀ ਜਾ ਸਕੀ (ਇਸ ਲਈ ਆਦਿ ਗ੍ਰੰਥ ਛੰਤ ਵਿਵੇਚਨ ਪੁਸਤਕ ਵੇਖੋ) ਹਾਲ ਦੀ ਘੜੀ ਛੰਤ ਵਿਵੇਚਨ ਦੀ ਸਕੀਮ ਇਸ ਪ੍ਰਕਾਰ ਹੈ—

ੳ. ਛੰਤ ਸੂਚੀ
ਅ. ਛੰਤ ਸਰੂਪ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੲ. ਛੰਦ ਅਤੇ ਛੰਦ

ਸ. ਛੰਤ ਵਿਧਾਨ

ਹ. ਗੁਰੂ ਨਾਨਕ ਦੇਵ ਦੇ ਛੰਤਾਂ ਦਾ ਸੰਗਠਨਾਤਮਕ ਅਧਿਐਨ—ਤਾਂ ਜੁ ਬਣਾਈ ਗਈ ਛੰਤ-ਥਿਊਰੀ ਦੀ ਨਿਰਖ-ਪਰਖ ਕੀਤੀ ਜਾ ਸਕੇ। ਹੁਣ ਕ੍ਰਮਵਾਰ ਅਧਿਐਨ ਦਰਪੇਸ਼ ਹੈ—

## ਫੁਟ ਨੋਟ

1 ਜਿਸ, 2 ਕਿਰਤ-ਮਹਿਮਾ, 3 ਉਸ, 4 ਸਿਮਰਨ-ਯਾਦ ਕਰੋ, 5 ਨਿਡਰ-ਨਾ ਡਰਨ ਵਾਲਾ, 6 ਮੈਂ, 7 ਬਲਿਹਾਰ, 8 ਜਿਸ, 9 ਮੰਗਲਮਈ ਸ਼ਬਦ 10 ਚਿੱਤ ਵਿਚ-ਜੀਅ ਵਿਚ, 11 ਸਿਮਰਨ, 12 ਤੇਰੇ ਵਲ ਵੀ ਵੇਖੇਗਾ, 13 ਤੇਰੇ ਕੋਲੋਂ ਉਸਦੇ ਦਾਨ ਦੀ ਕੀਮਤ ਨਹੀਂ ਪਾਈ ਜਾਂਦੀ, 14 ਉਸ 15 ਕਿਵੇਂ 16 ਅੰਤ, 17 ਸਾਲ, 18 ਸਮਾਂ, 19 (ਵੈਰਾਗ ਰੂਪੀ) ਤੇਲ, 20 ਵਿਆਹ ਦਾ ਸੱਦਾ, 21 ਸੱਦੇ, 22 ਪੈਂਦੇ ਹਨ, 23 ਦਿਨ, 24 ਆਉਣਗੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਛੰਤ-ਸੂਚੀ

(ਗੁਰੂ ਗ੍ਰੰਥ ਸਾਹਿਬ ਅਨੁਸਾਰ)

| ਕ੍ਰਮ-ਸੰਖਿਆ | ਰਾਗ | ਮਹਲਾ ੧ | ਮਹਲਾ ੩ | ਮਹਲਾ ੪ | ਮਹਲਾ ੫ | ਜੋੜ |
|---|---|---|---|---|---|---|
| 1 | ਸਿਰੀ | — | — | 1 | 2 | 3 |
| 2 | ਗਉੜੀ | 2 | 5 | — | 4 | 11 |
| 3 | ਆਸਾ | 5 | 2 | 14 | 14 | 35 |
| 4 | ਬਿਹਾਗੜਾ | — | — | 6 | 9 | 15 |
| 5 | ਵਡਹੰਸ | 2 | 6 | 4 | 3 | 15 |
| 6 | ਧਨਾਸਰੀ | 3 | — | 1 | 1 | 5 |
| 7 | ਜੈਤਸਰੀ | — | — | — | 3 | 3 |
| 8 | ਸੂਹੀ | 5 | 7 | 6 | 11 | 29 |
| 9 | ਬਿਲਾਵਲ | 2 | — | 2 | 5 | 9 |
| 10 | ਰਾਮਕਲੀ | — | — | — | 5 | 5 |
| 11 | ਤੁਖਾਰੀ | 5 | — | 4 | 1 | 10 |
| 12 | ਕੇਦਾਰਾ | — | — | — | 1 | 1 |
| 13 | ਸਾਰੰਗ | — | — | — | 1 | 1 |
| 14 | ਮਲਾਰ | — | — | — | 1 | 1 |
| 15 | ਤਾਨੜਾ | — | — | — | 1 | 1 |
| | ਜੋੜ | 24 | 20 | 38 | 62 | 144 |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਵੈਕਤ ਸੂਚੀ ਤੋਂ ਇਹ ਸਪੱਸ਼ਟ ਹੋ ਜਾਂਦਾ ਤਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਚਾਰ—ਮਹਲਾ ੧, ਮਹਲਾ ੩, ਮਹਲਾ ੪ ਤੇ ਮਹਲਾ ੫ ਹੀ ਅਜਿਹੇ ਬਾਣੀ-ਕਾਰ ਹਨ ਜਿਨ੍ਹਾਂ ਨੇ ਛੰਤਾਂ ਦੀ ਰਚਨਾ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਸੰਤ-ਭਗਤਾਂ ਵਿਚੋਂ ਕਿਸੇ ਇਕ ਨੇ ਵੀ ਛੰਤ ਰੂਪ ਨੂੰ ਹੱਥ ਨਹੀਂ ਪਾਇਆ। ਛੰਤ ਦਾ ਸੰਬੰਧ ਭਾਵੇਂ ਲੋਕ ਕਾਵਿ ਰੂਪਾਂ ਨਾਲ ਹੈ, ਪਰ ਇਸ ਦੀ ਮੁਖ ਜੁਗਤ ਰਾਗ ਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਕੱਤੀ ਰਾਗਾਂ ਵਿਚੋਂ ਪੰਦਰਾਂ ਰਾਗਾਂ ਵਿਚ ਛੰਤ-ਰਚਨਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵਡੇਰੀ ਮਾਤਰਾ ਵਿਚ ਬਾਣੀ ਗੁਰੂ ਅਰਜਨ ਦੇਵ ਦੀ ਹੀ ਹੈ। ਇਥੇ ਵੀ ਸਭ ਤੋਂ ਵਧ ਛੰਤ ਗੁਰੂ ਅਰਜਨ ਦੇਵ ਜੀ ਦੇ ਹੀ ਹਨ।

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ, ਛੰਤ-ਰੂਪ ਦੀ ਸੰਪਦਨਾ ਵੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਜੁਗਤ ਅਨੁਸਾਰ ਹੀ ਹੋਈ ਹੈ। ਛੰਤ ਮੰਗਲ-ਸਿਰਲੇਖ, ਘਰ-ਸਿਰਲੇਖ ਤੇ ਰਾਗ-ਵੰਨਗੀ ਦੇ ਹੀ ਧਾਰਣੀ ਹਨ। ਇਨ੍ਹਾਂ ਸਾਰਿਆਂ ਦਾ ਸੰਕੇਤ ਨਾਲੋ ਨਾਲ ਦਿਤਾ ਗਿਆ ਹੈ। ਇਸੇ ਤਰ੍ਹਾਂ ਛੰਤਾਂ ਦੀ ਗਿਣਤੀ ਅੰਕ-ਪ੍ਰਬੰਧ ਦੇ ਅਨੁਸਾਰ ਨਾਲੋ ਨਾਲ ਦਿਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਛੰਤ ਤਿੰਨ ਵਿਧੀਆਂ ਰਾਹੀਂ ਆ ਕੇ ਗਏ ਹਨ। ਪਹਿਲਾ, ਨਿਰੋਲ ਛੰਤ, ਦੂਜਾ, ਛੰਤ ਦੇ ਆਰੰਭ ਵਿਚ ਇਕ ਸਲੋਕ। ਤੀਜਾ, ਛੰਤ ਦੇ ਹਰ ਬੰਦ ਦੇ ਆਰੰਭ ਵਿਚ ਇਕ ਸਲੋਕ। ਇਨ੍ਹਾਂ ਸਾਰਿਆਂ ਦਾ ਨਿਖੇੜਾ ਗੁਰੂ ਵਿਸ਼ੇਸ਼ ਦੇ ਛੰਤਾਂ ਵਿਚ ਨਾਲੋ ਨਾਲ ਕੀਤਾ ਗਿਆ ਹੈ।

ਹੁਣ ਗੁਰੂ ਵਿਸ਼ੇਸ਼ ਦੀ ਛੰਤ-ਸੂਚੀ ਕ੍ਰਮਵਾਰ ਹਾਜ਼ਰ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਛੰਤ-ਤਾਲਿਕਾ ਮਹਲਾ ੧

| ਕ੍ਰਮ-ਸੰਖਿਆ | ਰਾਗ ਤੇ ਰਾਗ ਵੰਨਗੀ | ਬੰਦ-ਸੰਖਿਆ | ਤੁਕ ਸੰਖਿਆ | ਸੰਖਿਆ-ਸੰਕੇਤ | ਘਰ-ਸੰਕੇਤ | ਮੰਗਲ-ਸੰਕੇਤ | ਸਲੋਕ-ਸੰਕੇਤ | ਫੁਟਕਲ |
|---|---|---|---|---|---|---|---|---|
| 1 | ਗਉੜੀ | 4 | 6 | 1 | | | | |
| | ਪੂਰਬੀ | 4 | 6 | 2 | | | | |
| 2 | ਆਸਾ | 4 | 6 | 1 | ਘਰ 1 | | | |
| | | 4 | 6 | 2 | — | | | |
| | | 4 | 6 | 3 | — | | | |
| | | 4 | 6 | 4 | ਘਰ 2 | | | |
| | | 4 | 6 | 5 | ਘਰ 3 | | | |
| 3 | ਵਡਹੰਸ | 4 | 6 | 1 | ਘਰ 1 | | | |
| | | 4 | 6 | 1 | ਘਰ 1 | | | |
| | | 8 | | 2 | — | | | ਬੰਦਾਂ ਦੀਆਂ ਤੁਕਾਂ ਵਿਚ |
| | | 1 | 6 | | | | | ਵਿਭਿੰਨਤਾ ਹੈ ਤੇ ਇਹ |
| | | 2 | 7 | | | | | ਵੀ ਜ਼ਾਹਿਰ ਹੈ, ਇਸ |
| | | 3 | 6 | | | | | ਛੰਤ ਦੇ ਅੱਠ ਬੰਦ ਹਨ। |
| | | 4 | 6 | | | | | |
| | | 5 | 7 | | | | | |
| | | 6 | 7 | | | | | |
| | | 7 | 7 | | | | | |
| | | 8 | 6 | | | | | |
| 4 | ਧਨਾਸਰੀ | 4 | 6 | 1 | | | | |
| | | 5 | 6 | 2 | | | | |
| | | 5 | 6 | 3 | | | | |
| 5 | ਸੂਹੀ | 4 | 6 | 1 | ਘਰ 1 | | | |
| | | 4 | 6 | 2 | ਘਰ 2 | | | |
| | | 4 | 6 | 3 | ਘਰ 3 | | | |
| | | 4 | 6 | 4 | ਘਰ 1 | | | |
| | | 9 | 6 | 5 | — | | | ਇਸ ਛੰਤ ਦੇ 9 ਬੰਦ ਹਨ। |
| 6 | ਬਿਲਾਵਲ | 4 | 6 | 1 | | | | |
| | ਦਖਣੀ | 4 | 6 | 2 | | | | |
| 7 | ਤੁਖਾਰੀ | 5 | 6 | 1 | | | | |
| | | 4 | 6 | 2 | | | | |
| | | 4 | 6 | 3 | | | | |
| | | 4 | 6 | 4 | | | | |
| | | 4 | 6 | 5 | | | | |
| | ਕੁਲ | — | — | 24 | | | | |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛਲੀ ਸੰਕੇਤਿਕ ਤਾਲਿਕਾ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਨੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਕੱਤੀ ਰਾਗਾਂ ਵਿਚੋਂ ਕੇਵਲ ਸਤ ਰਾਗਾਂ ਵਿਚ ਛੰਤਾਂ ਦੀ ਸਿਰਜਨਾ ਕੀਤੀ ਹੈ।

ਗੁਰਬਾਣੀ ਦੇ ਸਾਹਿਤ-ਸਾਸ਼ਤਰੀ ਹੋਣ ਦੇ ਨਾਤੇ ਗੁਰੂ ਨਾਨਕ ਦੇਵ ਨੇ ਛੰਤ-ਰੂਪ ਵਿਧਾਨ ਕਰਦੇ ਸਮੇਂ ਇਸ ਦੇ ਤੁਕ-ਪ੍ਰਬੰਧ ਵਲ ਉਚੇਚਾ ਧਿਆਨ ਦਿਤਾ ਹੈ। ਇਸ ਤਾਲਿਕਾ ਤੋਂ ਇਹ ਤੱਤ ਉਭਰ ਕੇ, ਸਾਹਮਣੇ ਆਉਂਦਾ ਹੈ ਕਿ ਛੰਤ ਦੇ ਇਕ ਬੰਦ ਦੀਆਂ ਛੇ ਤੁਕਾਂ ਹੀ ਹੋਣਗੀਆਂ। ਆਮ ਤੌਰ ਤੇ ਇਕ ਛੰਦ ਚਾਰ ਬੰਦਾਂ ਦਾ ਧਾਰਣੀ ਹੈ ਪਰ ਗੁਰੂ ਨਾਨਕ ਦੇਵ ਨੇ ਇਸ ਬੰਦਿਸ਼ ਨੂੰ ਤੋੜਿਆ ਵੀ ਹੈ ਤੇ ਇਸੇ ਕਰਕੇ ਉਨ੍ਹਾਂ ਦੇ ਵਡਹੰਸ, ਸੂਹੀ, ਤੁਖਾਰੀ ਰਾਗ ਵਿਚ ਸਿਰਜੇ ਛੰਤ ਵਿਵਧਤਾ ਦੇ ਧਾਰਣੀ ਵੀ ਹਨ।

ਇਸ ਤੋਂ ਛੁੱਟ ਇਹ ਤਾਲਿਕਾ ਇਹ ਵੀ ਸੰਕੇਤ ਦੇਂਦੀ ਹੈ ਕਿ ਗੁਰੂ ਨਾਨਕ ਦੇਵ ਜਿਥੇ ਛੰਤ ਕਾਵਿ-ਰੂਪ ਦੀ ਬੰਦਿਸ਼ ਵਲ ਰੁਚਿਤ ਸਨ ਉਥੇ ਰਾਗ ਦੀ ਸੁਰ-ਵਿਵਧਤਾ ਨੂੰ ਵੀ ਅੱਖੋਂ ਓਹਲੇ ਨਹੀਂ ਸਨ ਕਰ ਰਹੇ। ਸ਼ਾਇਦ ਇਹੀ ਕਾਰਣ ਹੈ, ਉਨ੍ਹਾਂ ਦੇ ਛੰਤ ਘਰ-ਸੰਕੇਤ ਦੇ ਵੀ ਧਾਰਣੀ ਹਨ ਤੇ ਰਾਗ-ਭੇਦ ਦੇ ਵੀ। ਬਿਲਾਵਲ ਦੇ ਛੰਤਾਂ ਨਾਲ ਦਖਣੀ ਸ਼ਬਦ ਦਾ ਪ੍ਰਯੋਗ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਛੰਤ-ਤਾਲਿਕਾ ਮਹਲਾ ੩

| ਕ੍ਰਮ-ਸੰਖਿਆ | ਰਾਗ ਤੇ ਰਾਗ-ਵੰਨਗੀ | ਬੰਦ-ਸੰਖਿਆ | ਤਕ-ਸੰਖਿਆ | ਸੰਖਿਆ-ਸੰਕੇਤ | ਘਰ-ਸੰਕੇਤ | ਮੰਗਲ-ਸੰਕੇਤ | ਸਲੋਕ-ਸੰਕੇਤ | ਫੁਟਕਲ |
|---|---|---|---|---|---|---|---|---|
| 1 | ਗਉੜੀ | 4 | 6 | 1 | | | | |
| | | 4 | 6 | 2 | | | | |
| | | 4 | 6 | 3 | | | | |
| | | 4 | 6 | 4 | | | | |
| | | 4 | 6 | 5 | | | | |
| 2 | ਆਸਾ | 4 | 6 | 1 | ਘਰ 1 | | | |
| | | 10 | 6 | 2 | ਘਰ 3 | | | |
| 3 | ਵਡਹੰਸ | 4 | 6 | 1 | | | | |
| | | 4 | 6 | 2 | | | | |
| | | 4 | 6 | 3 | | | | |
| | | 4 | 6 | 4 | | | | |
| | | 4 | 6 | 5 | | | | |
| | | 4 | 6 | 6 | | | | |
| 4 | ਸੂਹੀ | 4 | 6 | 1 | ਘਰ 2 | | | |
| | | 4 | 1 | 2 | ਘਰ 3 | | | |
| | | 4 | 6 | 3 | | | | |
| | | 4 | 6 | 4 | | | | |
| | | 4 | 6 | 5 | | | | |
| | | 4 | 6 | 6 | | | | |
| | | 4 | 6 | 7 | | | | |
| | | | | 20 | | | | |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਬ ਸੰਕੇਤਿਕ ਸੂਚੀ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਕੁਲ ਚਾਰ ਰਾਗਾਂ ਵਿਚ ਵੀਹ ਛੰਤਾਂ ਦੀ ਰਚਨਾ ਕੀਤੀ ਹੈ।

ਛੰਤ ਰੂਪ-ਵਿਧਾਨ ਨੂੰ ਇਨ੍ਹਾਂ ਨੇ ਕਰੜਾਈ ਨਾਲ ਨਿਬਾਹਿਆ ਹੈ। ਸਾਰੇ ਛੰਤ ਚਾਰ ਬੰਦ ਰਖਦੇ ਹਨ। ਹਰ ਬੰਦ ਛੇ ਤੁਕਾਂ ਦਾ ਧਾਰਣੀ ਹੈ।

ਗੁਰਬਾਣੀ ਅਨੁਸ਼ਾਸਨ ਅਨੁਸਾਰ ਇਨ੍ਹਾਂ ਨੇ ਰਾਗ ਦੀ ਮੁਖ ਸੁਰ ਦਾ ਸੰਕੇਤ 'ਘਰ' ਰਾਹੀਂ ਦਿਤਾ ਹੈ।

ਗੁਰੂ ਨਾਨਕ ਦੇਵ ਦੀ ਅਨੁਸਾਰਤਾ ਕਰਦੇ ਹੋਏ ਛੰਤਾਂ ਦੇ ਆਰੰਭ ਵਿਚ ਉਨ੍ਹਾਂ ਦੋਹਾਂ ਮੰਗਲਾਂ ਦਾਂ ਹੀ ਪ੍ਰਯੋਗ ਕੀਤਾ ਹੈ ਜਿਨ੍ਹਾਂ ਦੀ ਵਰਤੋਂ ਆਦਿ ਗੁਰੂ ਨੇ ਕੀਤੀ ਸੀ ਉਦਾਹਰਣ ਵਜੋਂ—

ੳ. ੧ੳ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ ॥

ਅ. ੧ੳ ਸਤਿਗੁਰ ਪ੍ਰਸਾਦਿ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਛੰਤ-ਤਾਲਿਕਾ ਮਹਲਾ ੪

| ਕ੍ਰਮ-ਸੰਖਿਆ | ਰਾਗ ਤੇ ਰਾਗ-ਵੰਨਗੀ | ਬੰਦ-ਸੰਖਿਆ | ਤੁਕ-ਸੰਖਿਆ | ਸੰਖਿਆ-ਸੰਕੇਤ | ਘਰ-ਸੰਕੇਤ | ਮੰਗਲ-ਸੰਕੇਤ | ਸਲੋਕ-ਸੰਕੇਤ | ਫੁਟਕਲ |
|---|---|---|---|---|---|---|---|---|
| 1 | ਸਿਰੀ | 5 | 6 | 1 | ਘਰ 2 | | | |
| 2 | ਆਸਾ | 4 | 6 | 1 | ਘਰ 1 | | | |
| | | 8 | 6 | 2 | — | | | |
| | | 4 | 1 | 3 | ਘਰ 2 | | | |
| | | 4 | 6 | 4 | — | | | |
| | | 4 | 6 | 5 | — | | | |
| | | 4 | 6 | 6 | — | | | |
| | | 4 | 6 | 7 | — | | | |
| | | 4 | 4 | 8 | ਘਰ 4 | | | |
| | | 4 | 4 | 9 | — | | | |
| | | 4 | 4 | 10 | — | | | |
| | | 4 | 4 | 11 | — | | | |
| | | 4 | 4 | 12 | — | | | |
| | | 4 | 4 | 13 | — | | | |
| | | 6 | 4 | 13 | ਘਰ 5 | | | |
| 3 | ਬਿਹਾਗੜਾ | 4 | 4 | 1 | ਘਰ 1 | | | |
| | | 4 | 4 | 2 | — | | | |
| | | 4 | 4 | 3 | — | | | |
| | | 4 | 4 | 4 | — | | | |
| | | 4 | 4 | 5 | — | | | |
| | | 4 | 4 | 6 | — | — | — | ਛੰਕਾ 1 |
| 4 | ਵਡਹੰਸ | 4 | 6 | 1 | | | | |
| | | 4 | 6 | 2 | | | | |
| | | 4 | 6 | 3 | | | | |
| | | 4 | 6 | 4 | | | | |
| 5 | ਧਨਾਸਰੀ | 5 | 6 | 1 | ਘਰ 1 | | | |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | | | | | | |
|---|---|---|---|---|---|---|---|
| 6 | ਸੂਹੀ | 4 | 6 | 1 | ਘਰ 1 | | ਇਹ ਛੰਤ ਗੁਰਮਤਿ ਵਿਚ |
| | | 4 | 6 | 2 | — | | ਲਾਵਾ ਕਰਕੇ ਪ੍ਰਸਿੱਧ ਹੈ ਤੇ |
| | | 4 | 6 | 3 | ਘਰ 2 | | ਆਨੰਦ ਕਾਰਜ ਇਸੇ ਛੰਤ |
| | | 4 | 6 | 4 | ਘਰ 2 | | ਦੇ ਚੌਹਾਂ ਬੰਦਾਂ ਨੂੰ ਵਾਰੀ |
| | | 4 | 4 | 5 | ਘਰ 2 | | ਵਾਰੀ ਪੜ੍ਹਕੇ ਕੀਤਾ ਜਾਂਦਾ |
| | | 4 | 4 | 6 | — | | ਹੈ। ਪਰ ਇਹ ਧਿਆਨ ਰਹੇ ਇਸਦਾ ਸਿਰਲੇਖ ਲਾਵਾਂ ਨਹੀਂ। |
| 7 | ਬਿਲਾਵਲ | 4 | 4 | 1 | — | ਮੰਗਲ | — |
| | | 4 | 4 | 2 | — | — | 1 ਇਹ ਸਲੋਕ ਛੰਤ ਦੇ ਆਰੰਭ ਵਿਚ ਅੰਕਿਤ ਹੈ। |
| 8 | ਤੁਖਾਰੀ | 4 | 6 | 1 | | | |
| | | 4 | 6 | 2 | | | |
| | | 4 | 6 | 3 | | | |
| | | 6 | 6 | 4 | | | |
| | | | | 38 | | | |

ਉਪਰ ਅੰਕਿਤ ਤਾਲਿਕਾ ਤੋਂ ਸਪਸ਼ਟ ਹੈ ਕਿ ਗੁਰੂ ਰਾਮਦਾਸ ਜੀ ਨੇ 8 ਰਾਗਾਂ ਵਿਚ 38 ਛੰਤਾਂ ਦੀ ਰਚਨਾ ਕੀਤੀ ਹੈ। ਪ੍ਰਤਿੱਭਾਵਾਨ ਬਾਣੀਕਾਰ ਦੀ ਤਰ੍ਹਾਂ ਆਪ ਨੇ ਛੰਤ-ਰੂਪ ਦੀ ਬਣਤਰ ਵਿਚ ਹਲਕੀ ਜਿਹੀ ਤਬਦੀਲੀ ਵੀ ਕੀਤੀ ਹੈ।

ਗੁਰੂ ਨਾਨਕ ਅਤੇ ਗੁਰੂ ਅਮਰਦਾਸ ਜੀ ਨੇ ਸਾਰੇ ਦੇ ਸਾਰੇ ਛੰਤ ਛੇ ਤੁਕੇ ਰਚੇ ਹਨ ਆਪ ਜੀ ਨੇ ਛੇ ਤੁਕੇ ਛੰਤਾਂ ਦੀ ਰਚਨਾ ਵੀ ਕੀਤੀ, ਪਰ ਨਾਲ ਹੀ ਚਾਰ ਤੁਕੇ ਛੰਤਾਂ ਦੀ ਪਿਰਤ ਵੀ ਪਾਈ ਹੈ, ਜਿਸ ਦੀ ਅਨੁਸਾਰਤਾ ਅੱਗੋਂ ਪੰਚਮ ਗੁਰੂ ਨੇ ਕੀਤੀ ਹੈ। ਛੰਤਾਂ ਵਿਚ ਬੰਦ-ਸੰਖਿਆ ਦੀ ਵਿਵਿਧਤਾ ਤਾਂ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਆਰੰਭ ਹੋ ਗਈ ਸੀ। ਸੋ ਆਪ ਦੇ ਛੰਤਾਂ ਵਿਚ ਬੰਦ ਇਕਸਾਰਤਾ ਨੂੰ ਵੀ ਕਰੜੀ ਪਾਬੰਦੀ ਹੇਠ ਨਹੀਂ ਰੱਖਿਆ ਗਿਆ।

ਘਰ ਸ਼ਬਦ ਦਾ ਵਰਤੋਂ ਮਹਲਾ 1 ਅਤੇ 3 ਨੇ ਵੀ ਕੀਤੀ ਹੈ। ਪਰ ਛਕਾ ਸ਼ਬਦ ਦੀ ਵਰਤੋਂ ਗੁਰੂ ਰਾਮਦਾਸ ਜੀ ਨੇ ਪਹਿਲੀ ਵਾਰ ਬਿਹਾਗੜਾ ਦੇ ਛੰਤਾਂ ਵਿਚ ਕੀਤੀ ਜਿਸ ਦਾ ਅਰਥ ਹੈ, ਛੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਛੰਤ-ਤਾਲਿਕਾ ਸਮੂਹ-ੳ

| ਕ੍ਰਮ-ਸੰਖਿਆ | ਰਾਗ ਤੇ ਰਾਗਵੰਨਗੀ | ਬੰਦ-ਸੰਖਿਆ | ਤੁਕ-ਸੰਖਿਆ | ਸੰਖਿਆ-ਸੰਕੇਤ | ਘਰ-ਸੰਕੇਤ | ਮੰਗਲ-ਸੰਕੇਤ | ਸਲੋਕ-ਸੰਕੇਤ | ਫੁਟਕਲ |
|---|---|---|---|---|---|---|---|---|
| 1 | ਸਿਰੀ | 5 | 6 | 1 | — | — | ਡਖਣਾ | ਹਰ ਇਕ ਬੰਦ ਦੇ ਆਰੰਭ ਵਿਚ ਇਕ ਸਲੋਕ |
| | | 5 | 6 | 2 | | | | |
| 2 | ਗਉੜੀ | 4 | 6 | 1 | | | ਇਕ ਸਲੋਕ ਆਰੰਭ ਵਿਚ | |
| | | 4 | 6 | 2 | | | | |
| | | 4 | 6 | 3 | | | | |
| | | 4 | 4 | 4 | | | | |
| 3 | ਆਸਾ | 4 | 6 | 1 | ਘਰ 1 | | | |
| | | 4 | 6 | 2 | — | | | |
| | | 4 | 6 | 3 | ਘਰ 4 | | | |
| | | 4 | 6 | 4 | ਘਰ 6 | —ਇਕ ਸਲੋਕ ਆਰੰਭ'ਚ ਉਹੀ | | |
| | | 4 | 6 | 5 | — | — | ਉਹੀ | |
| | | 4 | 6 | 6 | — | — | ਉਹੀ | |
| | | 4 | 6 | 7 | — | — | ਉਹੀ | |
| | | 4 | 6 | 8 | — | — | ਉਹੀ | |
| | | 4 | 6 | 9 | — | — | — | |
| | | 4 | 6 | 10 | ਘਰ 1 | — | ਉਹੀ | |
| | | 4 | 6 | 11 | — | — | | |
| | | 4 | 6 | 12 | — | | | |
| | | 4 | 6 | 13 | — | | | |
| | | 4 | 6 | 14 | ਘਰ 8 | — | | |
| 4 | ਬਿਹਾਗੜਾ | 4 | 6 | 1 | ਘਰ 1 | — | — | |
| | | 4 | 6 | 2 | ਘਰ 2 | — | — | |
| | | 4 | 6 | 3 | — | — | — | |
| | | 4 | 6 | 4 | ਘਰ 2 | — | — | |
| | | 4 | 6 | 5 | — | — | — | |
| | | 4 | 6 | 6 | — | — | — | |
| | | 4 | 6 | 7 | — | — | — | |
| | | 5 | 6 | 8 | — | — | — | |
| | | 4 | 6 | 9 | — | — | — | |
| 5 | ਵਡਹੰਸ | 4 | 6 | 1 | ਘਰ 4 | — | 1 | ਹਰ ਛੰਦ ਦੇ ਆਰੰਭ ਇਕ ਸਲੋਕ |
| | | 4 | 6 | 2 | — | — | 1 | |
| | | 4 | 6 | 3 | — | — | 1 | |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | | | | | | | | |
|---|---|---|---|---|---|---|---|---|
| 6 | ਧਨਾਸਰੀ | 4 | 6 | 1 | — | — | — | — |
| 7 | ਜੈਤਸਰੀ | 4 | 6 | 1 | ਘਰ 1 | — | 1 | ਆਰੰਭ'ਚ ਇਕ |
| | | 4 | 6 | 2 | ਘਰ 2 | — | 4 | ਸਲੋਕ ਹਰ ਬੰਦ |
| | | 4 | 6 | 3 | — | — | — | ਦੇ ਆਰੰਭ ਵਿਚ ਸਲੋਕ |
| 8 | ਸੂਹੀ | 4 | 6 | 1 | ਘਰ 1 | | | |
| | | 4 | 6 | 2 | — | — | — | |
| | | 4 | 6 | 3 | ਘਰ 2 | — | — | |
| | | 4 | 6 | 4 | ਘਰ 3 | | | |
| | | 4 | 6 | 5 | — | — | — | |
| | | 4 | 6 | 6 | — | | | |
| | | 4 | 6 | 7 | — | | | |
| | | 4 | 6 | 8 | — | | | |
| | | 4 | 6 | 9 | — | | | |
| | | 4 | 6 | 10 | — | | | |
| | | 4 | 6 | 11 | — | | | |
| 9 | ਬਿਲਾਵਲ | 4 | 6 | 1 | | | | |
| | | 4 | 6 | 2 | | | | |
| | | 4 | 6 | 3 | | | | |
| | | 4 | 6 | 4 | — | ਮੰਗਲ | 1 | ਆਰੰਭ ਵਿਕ |
| | | 4 | 6 | 5 | | | | ਇਕ ਸਲੋਕ |
| 10 | ਰਾਮਕਲੀ | 4 | 6 | 2 | — | — | — | |
| | | 4 | 6 | 2 | — | — | — | |
| | | 4 | 6 | 3 | — | — | — | |
| | | 4 | 6 | 4 | — | — | 4 | ਹਰ ਬੰਦ ਦੇ |
| | | | | | | — | | ਆਰੰਭ ਇਕ |
| | | — | 2 | 5 | — | — | — | ਸਲੋਕ ਦੋ ਤੁਕਾਂ ਦਾ ਛੰਤ |
| 11 | ਤੁਖਾਰੀ | 4 | 6 | 1 | — | — | — | |
| 12 | ਕੇਦਾਰਾ | 4 | 6 | 1 | — | — | — | |
| 13 | ਸਾਰੰਗ | 4 | 6 | 1 | — | — | — | — |
| 14 | ਮਲਾਰ | 4 | 6 | 1 | — | — | — | — |
| 15 | ਕਾਨੜਾ | 4 | 6 | 1 | — | — | — | |
| | ਕੁਲ | | | 62 | | | | |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਅੰਕਿਤ ਤਾਲਿਕਾ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਪੂਰਬਵਰਤੀ ਗੁਰੂ ਸਾਹਿਬਾਨ ਦੇ ਮੁਕਾਬਲੇ ਵਿਚ ਛੰਤ-ਰਚਨਾ ਵਧੇਰੇ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੰਚਮ ਗੁਰੂ ਦੀ ਬਾਣੀ ਦਾ ਅਕਾਰ ਸਭ ਤੋਂ ਵਡੇਰਾ ਹੈ ਇਸੇ ਤਰ੍ਹਾਂ ਛੰਤ-ਰਚਨਾ ਵੀ ਸਭ ਤੋਂ ਵਧ ਆਪ ਦੀ ਹੀ ਹੈ। ਪੰਚਮ ਗੁਰੂ ਨੇ 15 ਰਾਗਾਂ ਵਿਚ 62 ਛੰਤਾਂ ਦੀ ਰਚਨਾ ਕੀਤੀ ਹੈ।

ਗੁਰੂ ਨਾਨਕ ਦੇਵ ਨੇ ਛੰਤ-ਵਿਧਾਨ ਕਰਨ ਦੇ ਨਾਲ ਨਾਲ ਰਾਗ ਵਿਸ਼ੇਸ਼ ਦੇ ਮੂਲ ਸਵਰ ਦਾ ਸੰਕੇਤ ਵੀ ਕੀਤਾ ਹੈ ਰਾਗ-ਵੰਨਗੀ ਦਾ ਵੀ। ਗੁਰੂ ਅਮਰਦਾਸ ਜੀ ਨੇ ਪ੍ਰਥਮ ਗੁਰੂ ਦੀ ਅਨੁਸਾਰਤਾ ਹੀ ਕੀਤੀ ਤੇ ਛੰਤ-ਰੂਪ-ਵਿਧਾਨ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਤਬਦੀਲੀ ਜਾਂ ਵਾਧਾ ਨਹੀਂ ਕੀਤਾ।

ਗੁਰੂ ਅਮਰਦਾਸ ਜੀ ਨੇ ਛੰਤ-ਰੂਪ-ਵਿਧੀ ਵਿਚ ਥੋੜ੍ਹਾ ਜਿਹਾ ਵਾਧਾ ਕੀਤਾ। ਆਪ ਨੇ ਬਿਲਾਵਲ ਰਾਗ ਵਿਚ ਸਿਰਜਿਤ ਛੰਤ ਦੇ ਆਰੰਭ ਵਿਚ ਇਕ ਸਲੋਕ ਵੀ ਰਚਿਆ ਤੇ ਇਸੇ ਛੰਤ ਦੇ ਸਿਰਲੇਖ ਨਾਲ 'ਮੰਗਲ' ਸ਼ਬਦ ਦਾ ਉਪ ਸਿਰਲੇਖ ਵੀ ਅੰਕਿਤ ਕੀਤਾ ਗਿਆ ਹੈ। ਇਥੇ ਇਹ ਧਿਆਨ ਰਹੇ ਮੰਗਲ ਸ਼ਬਦ ਥੀਮ ਦੇ ਪੱਖੋਂ ਛੰਤ ਦਾ ਹੀ ਪ੍ਰਯਾਇ ਹੈ। ਇਹ ਇਕ ਤਰ੍ਹਾਂ ਛੰਤ ਦੇ ਅਰਥ ਦਾ ਸਪਸ਼ਟੀਕਰਣ ਹੈ ਜਿਵੇਂ 'ਮਹਲਾ ੩ ਤੀਜਾ' ਇਥੇ ਸਪਸ਼ਟ ਹੈ 3 ਅੰਕ ਦਾ ਉਚਾਰਨ ਤੀਜਾ ਕਰਨਾ ਹੈ। ਇਸੇ ਤਰ੍ਹਾਂ ਛੰਤ ਦਾ ਅਰਥ ਹੈ ਮੰਗਲ ਤੇ ਇਹੀ ਤੱਥ ਮੰਗਲ ਲਿਖ ਕੇ ਦਸਿਆ ਗਿਆ ਹੈ। ਬਿਹਾਗੜਾ ਰਾਗ ਦੇ ਅੰਤ ਵਿਚ 'ਛਕਾ' ਸ਼ਬਦ ਦਾ ਪ੍ਰਯੋਗ ਕੀਤਾ ਹੈ ਜਿਸ ਦਾ ਸੰਬੰਧ ਛੰਤਾਂ ਦੀ ਗਿਣਤੀ ਨਾਲ ਹੈ।

ਪੰਚਮ ਪਾਤਸ਼ਾਹ ਨੇ ਸਿਰੀ ਰਾਗ ਵਿਚ 'ਡਖਣਾ' ਜੋ ਸਲੋਕ ਦਾ ਹੀ ਪ੍ਰਯਾਇ ਹੈ ਦੀ ਵਰਤੋਂ ਕੀਤੀ। ਪੰਚਮ ਗੁਰੂ ਨੇ ਛੰਤ ਵਿਚ ਭਾਸ਼ਾ ਦੇ ਪੱਖੋਂ ਇਕ ਹੋਰ ਵਾਧਾ ਕੀਤਾ। ਗੁਰੂ ਰਾਮਦਾਸ ਜੀ ਨੇ ਛੰਤ ਦੇ ਆਰੰਭ ਵਿਚ ਇਕ ਸਲੋਕ ਲਗਾਇਆ ਸੀ। ਪੰਚਮ ਗੁਰੂ ਨੇ ਇਸ ਰੂਪ-ਵਿਧੀ ਦੀ ਅਨੁਸਾਰਤਾ ਵੀ ਕੀਤੀ ਏ ਛੰਤ ਦੇ ਹਰ ਬੰਦ ਦੇ ਆਰੰਭ ਵਿਚ ਇਕ ਸਲੋਕ ਲਗਾ ਕੇ ਇਸ ਵਿਚ ਹਲਕਾ ਜਿਹਾ ਵਾਧਾ ਵੀ ਕੀਤਾ। ਘਰ-ਪ੍ਰਯੋਗ ਤੇ ਮੰਗਲ ਪ੍ਰਯੋਗ ਪੂਰਬਵਰਤੀ ਗੁਰੂ ਸਾਹਿਬਾਨ ਵਾਂਗ ਹੀ ਕੀਤਾ।

ਇਥੇ ਇਹ ਸੰਕੇਤ ਕਰਨਾ ਉਚਿਤ ਹੈ ਬੋਲੀ ਦੇ ਪੱਖੋਂ ਛੰਤਾਂ ਵਿਚ ਕਿਸੇ ਹੋਰ ਗੁਰੂ ਨੇ ਅਜਿਹਾ ਪ੍ਰਯੋਗ ਨਹੀਂ ਕੀਤਾ। ਭਾਸ਼ਾ ਦੇ ਵੰਨਸਵੰਨ ਪ੍ਰਯੋਗ ਵਿਚ ਪੰਚਮ ਗੁਰੂ ਨੇ ਹੀ ਦਿਲਚਸਪੀ ਵਿਖਾਈ ਹੈ। ਸਿਰੀ ਰਾਗ ਛੰਤ ਅੰਕ 2 ਦੇ ਪੰਜ ਬੰਦ ਹਨ। ਹਰ ਬੰਦ ਦੇ ਆਰੰਭ ਵਿਚ ਇਕ ਸਲੋਕ ਅੰਕਿਤ ਹੈ ਜੋ ਦੱਖਣੀ ਜਾਂ ਲਹਿੰਦੀ ਪੰਜਾਬੀ ਦੀ ਦਿੱਖ ਰੱਖਦਾ ਹੈ। ਲਹਿੰਦੀ ਬੋਲੀ ਵਿਚ 'ਦ' ਦਾ ਉਚਾਰਣ 'ਡ' ਕਰਕੇ ਕੀਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੈ। 'ਭੁਵਣ' ਦੀ ਲੰਮ ਸਲੰਕ ਵਾਲੀ ਹੈ। ਛੰਤਾ ਵਿਚ ਅਜਿਹਾ ਪ੍ਰਯੋਗ ਕੇਵਲ ਪੰਚਮ ਗੁਰੂ ਨੇ ਹੀ ਕੀਤਾ ਹੈ।

## ਛੰਤ ਸਰੂਪ—

ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਸਾਹਿਤ ਦੀ ਵਰਗ ਵੰਡ ਕੇ ਛੰਤ ਦਾ ਉਸ ਨਾਲ ਸੰਬੰਧ ਅਤੇ ਗੁਰਮਤਿ ਵਿਚ ਲੋਕ ਕਾਵਿ-ਰੂਪਾਂ ਦੀ ਵਰਤੋਂ ਦਾ ਉਦੇਸ਼ ਜਾਣਨ ਤੋਂ ਬਾਅਦ ਛੰਤ ਸਰੂਪ ਬਾਰੇ ਵਿਚਾਰ ਕਰਨੀ ਉਚਿਤ ਹੈ।

ਛਾਂਦੋਗਯ ਜਾਂ ਛੰਦੋਗ ਸਾਮਵੇਦ ਦਾ ਇਕ ਹਿੱਸਾ ਹੈ। ਜਿਸ ਦਾ ਦੂਸਰਾ ਨਾਮ ਬ੍ਰਾਹਮਣ ਭਾਗ ਹੈ। ਬ੍ਰਾਹਮਣ ਭਾਗ ਦੇ ਪਹਿਲੇ ਦੇ ਹਿਸਿਆਂ ਵਿਚ ਵਿਆਹ ਆਦਿ ਸੰਸਕਾਰਾਂ ਦਾ ਵਰਣਨ ਹੈ। ਇਸ ਤੋਂ ਛੁਟ ਛਾਂਦੋਗ ਉਪਨਿਸ਼ਦ ਵਿਚ ਓਅੰ (ਅੰ) ਦੀ ਵਿਆਖਿਆ ਯਗ ਕਰਨ ਦੀ ਵਿਧੀ ਤੇ ਆਤਮ ਵਿਦਿਆ ਦਾ ਵਰਣਨ ਹੈ। ਵੈਦਿਕ ਕਾਲ ਵਿਚ ਛੰਦ-ਸਤੋਤ੍ਰ ਦੇ ਅਰਥਾਂ ਵਿਚ ਵਰਤਿਆ ਜਾਂਦਾ ਸੀ। ਮਹਾਰਿਸ਼ੀ ਪਾਣਨੀ ਨੇ ਛੰਦ ਦਾ ਅਰਥ ਅਹਿਲਾਦਨ ਕੀਤਾ ਹੈ। ਉਪਨਿਸ਼ਦ ਕਾਲ ਵਿਚ ਛੰਦ ਦਾ ਅਰਥ ਅਛਾਦਨ ਨਾਲ ਜੋੜਿਆ ਗਿਆ ਜਿਸ ਦਾ ਭਾਵ ਸੀ ਢੁਕਣਾ।

ਜ਼ਾਹਿਰ ਹੈ, ਉਪਰ ਅੰਕਿਤ ਤੁਕਾਂ ਅਨੁਸਾਰ ਛੰਦ ਦਾ ਅਰਥ ਸਮੇਂ ਅਨੁਸਾਰ ਬਦਲਦਾ ਰਿਹਾ ਹੈ। ਇਥੇ ਇਨ੍ਹਾਂ ਟੂਕਾਂ ਬਾਰੇ ਸੰਖੇਪ ਵਿਚਾਰ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ—

ੳ. ਛੰਦੋਗ ਦਾ ਦੂਸਰਾ ਨਾਮ ਬ੍ਰਾਹਮਣ ਭਾਗ ਹੈ। ਵਿਆਹ ਆਦਿ ਸੰਸਕਾਰਾਂ ਦਾ ਵਿਧੀ ਪੂਰਣ ਨਿਸ਼ਾਪਾਦਨ ਕਿਉਂਕਿ ਬ੍ਰਾਹਮਣ ਰਾਹੀਂ ਹੀ ਸੰਭਵ ਸੀ। ਕੋਈ ਅਚਰਜ ਨਹੀਂ ਜੋ ਇਸ ਭਾਗ ਦਾ ਨਾਮ ਇਸੇ ਕਰਕੇ ਬ੍ਰਾਹਮਣ ਭਾਗ ਰੱਖਿਆ ਗਿਆ ਹੋਵੇ।

ਆਮ ਤੌਰ ਤੇ ਵਿਆਹ ਇਕ ਅਜਿਹਾ ਮੌਕਾ ਹੈ ਜਿਸ ਦਾ ਸੰਬੰਧ ਆਨੰਦ, ਖੇੜਾ, ਖੁਸ਼ੀ ਅਤੇ ਪ੍ਰਸੰਨਤਾ ਨਾਲ ਹੈ। ਗੁਰਮਤਿ ਵਿਚ ਤਾਂ ਵਿਆਹ ਨੂੰ ਕਿਹਾ ਈ ਆਨੰਦ ਕਾਰਜ ਜਾਂਦਾ ਹੈ। ਸ਼ਾਇਦ ਇਸੇ ਕਰਕੇ ਹੀ, ਵੈਦਿਕ ਕਾਲ ਵਿਚ ਛੰਤ ਨੂੰ ਸਤੋਤ੍ਰ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਰਿਹਾ ਹੈ। ਸਤੋਤ੍ਰ ਤੋਂ ਭਾਵ ਹੈ ਸਤੁਤੀ ਜਾਂ ਮਹਿਮਾਮਈਗਾਨ। ਕਿਸੇ ਦੇਵਤਾ ਦੇ ਛੰਦਬੱਧ ਸਰੂਪ-ਕਥਨ ਜਾਂ ਗੁਣ-ਕੀਰਤਨ ਆਦਿ ਨੂੰ ਵੀ ਸਤੋਤ੍ਰ ਕਿਹਾ ਜਾਂਦਾ ਹੈ।[1]

ਭਾਰਤੀ ਮਨੁੱਖ ਦੇ ਜੀਵਨ ਵਿਚ ਵਿਆਹ ਇਕ ਬਹੁਤ ਹੀ ਮਹੱਤਵਪੂਰਣ ਬਿੰਦੂ ਹੈ। ਸ਼ਾਦੀ ਦਾ ਸਿੱਧਾ ਸੰਬੰਧ ਮਨੁੱਖ ਦੇ ਭਵਿੱਖ ਨਾਲ ਹੈ। ਭਵਿੱਖ ਸਦਾ ਤੋਂ ਹੀ ਹਨੇਰਾ ਚਲਿਆ ਆਉਂਦਾ ਹੈ। ਇਸ ਦੇ ਭਾਵੀ ਸਿੱਟੇ ਚੰਗੇ ਜਾਂ ਮੰਦੇ ਦੋਵੇਂ ਪ੍ਰਕਾਰ ਦੇ ਹੋ ਸਕਦੇ ਹਨ। ਮਨੁੱਖੀ ਜ਼ਿੰਦਗੀ ਵਿਚ ਇਹ ਸੰਭਾਵਨਾ ਗਰਭਿਤ ਸਥਿਤੀ ਹੁੰਦੀ ਹੈ। ਇਸ ਬਿੰਦੂ ਉਪਰ ਜਿਥੇ ਮਨੁੱਖ ਦੇ ਮਨ ਵਿਚ ਖੁਸ਼ੀ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਨੰਦ ਦੇ ਭਾਵ ਹੁੰਦੇ ਹਨ ਉਥੇ ਅਸੁਰੱਖਿਆ ਦੀ ਭਾਵਨਾ ਵੀ ਉਤਨੀ ਹੀ ਪ੍ਰਬਲ ਹੁੰਦੀ ਹੈ। ਡਰਦਾ ਡੋਲਦਾ ਤੇ ਅਨੰਦ ਤਰੰਗਤ ਮਨੁੱਖ ਇਸ ਮੌਕੇ ਉਪਰ ਦੇਵਤਾ ਆਦਿ ਨੂੰ ਰੀਝਾਣ ਲਈ ਉਸਦੀ ਉਸਤਤ ਵਿਚ ਗੀਤ ਆਉਂਦਾ ਹੈ। ਭਾਵੀ ਜੀਵਨ ਵਿਚ ਉਹ ਮੇਹਰ ਕਰੇ ਤੇ ਮਨੁੱਖ ਆਨੰਦ ਭਰਪੂਰ ਜੀਵਨ ਬਿਤਾ ਸਕੇ।

ਪਰੰਪਰਾ ਅਨੁਸਾਰ ਇਸਤਰੀ ਦੇ ਜੀਵਨ ਦਾ ਕਾਰ-ਭਾਰ ਮਰਦ ਉਪਰ ਹੀ ਰਿਹਾ ਹੈ। ਸਾਮਾਜ ਵਿਚ ਮਰਦ ਇਸਤਰੀ ਨਾਲੋਂ ਮਹੱਤਵਪੂਰਣ ਸਥਾਨ ਦਾ ਅਧਿਕਾਰੀ ਸੀ। ਹੋ ਸਕਦਾ ਹੈ, ਸ਼ਾਦੀ ਦੇ ਮੌਕੇ ਉਪਰ ਲਾੜੇ ਦੀ ਮਹਿਮਾ ਵੀ ਕੀਤੀ ਜਾਂਦੀ ਹੋਵੇ ਤੇ ਇਸ ਕਰਕੇ ਛੰਦ ਨੂੰ ਸਤੋਤਰ ਦੇ ਅਰਥਾਂ ਵਿਚ ਪ੍ਰਵਾਨਿਆ ਗਿਆ ਹੋਵੇ।

ਅ. ਮਹਾਰਿਸ਼ੀ ਪਾਣਿਨੀ ਨੇ ਛੰਦੋਗ ਨੂੰ ਅਹਿਲਾਦਨ ਦੇ ਅਰਥ ਵਿਚ ਪੇਸ਼ ਕੀਤਾ ਹੈ। ਅਹਿਲਾਦਨ ਦਾ ਅਰਥ ਵੀ ਆਨੰਦ, ਖ਼ੁਸ਼ੀ ਅਤੇ ਪ੍ਰਸੰਨਤਾ ਹੀ ਹੈ। ਆਪਣੇ ਸੰਦਰਭਾਰਥ ਵਿਚ ਇਹ ਸਤੋਤਰ ਦਾ ਹੀ ਪ੍ਰਯਾਇ ਹੈ।

ੲ. ਉਪਨਿਸਦ ਕਾਲ ਵਿਚ ਛੰਦੋਗ ਦਾ ਸੰਬੰਦ ਅਛਾਦਨ ਨਾਲ ਜੋੜਿਆ ਗਿਆ ਜਿਸ ਦਾ ਅਰਥ ਸੀ ਢੱਕਣਾ। ਸਾਡੀ ਸੰਸਕ੍ਰਿਤੀ ਪੁਰਖ-ਪ੍ਰਧਾਨ ਰਹੀ ਹੈ। ਇਸ ਵਿਚ ਮਰਦ ਨੂੰ ਇਸਤਰੀ ਨਾਲੋਂ ਕਿਤੇ ਵਧੀਕ ਮਹੱਤਵ ਮਿਲਦਾ ਰਿਹਾ ਹੈ। ਹੋ ਸਕਦਾ ਹੈ, ਪੁਰਖ ਨੂੰ ਇਸਤਰੀ ਦੇ ਪਰਦੇ ਢੱਕਣ ਵਾਲਾ ਮੰਨ ਕੇ ਹੀ ਛੰਦੋਗ ਦਾ ਸੰਬੰਧ ਅਛਾਦਨ ਨਾਲ ਜੋੜਿਆ ਗਿਆ ਹੋਵੇ। ਛੰਦੋਗ ਉਪਨਿਸ਼ਦ ਵਿਚ ਇਸ ਸੰਕਲਪ ਦੀ ਵਿਸਤਾਰ ਸਾਹਿਤ ਚਰਚਾ ਕੀਤੀ ਗਈ ਹੈ।

ਸ. ਕੁਲ ਮਿਲਾ ਕੇ, ਛੰਦੋਗ ਮਹਿਮਾ ਮੁਖ ਕਾਵਿ ਹੈ। ਇਸ ਵਿਚ ਦੇਵਤਾਦਿ ਯਾ ਪ੍ਰਭੂ ਦਾ ਗੁਣਗਾਨ ਤੇ ਉਸਤਤ ਕੀਤੀ ਗਈ ਹੈ ਜੋ ਮਨੁੱਖ ਦੇ ਅਨੇਕ ਤ੍ਰਹਾਂ ਦੇ ਪੜਦੇ ਢੱਕਦਾ ਜਾਂ ਉਸਦੀ ਪੈਜ ਰੱਖਦਾ ਹੈ।

## ਛੰਤ ਅਤੇ ਛੰਦ—

ਪੰਜਾਬੀ ਲੋਕ ਗੀਤਾਂ ਵਿਚ ਬਹੁਤ ਵਾਰ ਅੱਖਰ-ਉਚਾਰਣ ਦੀ ਭਿੰਨਤਾ ਹੋਣ ਕਰਕੇ ਛੰਤ ਨੂੰ ਛੰਦ ਹੀ ਕਿਹਾ ਜਾਂਦਾ ਹੈ। ਇਥੇ ਇਸ ਰੋਲ ਘਚੋਲ ਨੂੰ ਸਪਸ਼ਟ ਕਰਨਾ ਉਚਿਤ ਹੈ।

ਪਿੰਗਲ-ਆਚਾਰੀਆ ਨੇ ਪਿੰਗਲ-ਛੰਦ-ਸੂਤ੍ਰਮ ਵਿਚ ਛੰਦ ਨੂੰ ਅੱਖਰ-ਸੰਖਿਆ ਦਾ ਪ੍ਰਮਾਣ ਮੰਨਿਆ ਹੈ। ਛੰਦ-ਆਚਾਰੀਆਂ ਨੇ ਕਵਿਤਾ ਲਈ ਛੰਦ, ਇਕ ਧਰਮ-ਤੁੱਲਾ ਹੈ, ਕਰਕੇ ਪ੍ਰਵਾਨਿਆ ਹੈ। ਵੈਦਿਕ ਸ਼ਰੁਤੀਆਂ ਸਾਡਾ ਸਭ ਤੋਂ ਪੁਰਾਣਾ ਸਾਹਿਤ ਹਨ। ਇਹ ਛੰਦਾਂ ਵਿਚ ਹੋਣ ਕਰਕੇ ਹੀ ਛਾਂਦਸ ਕਹੀਆਂ ਜਾਂਦੀਆਂ ਹਨ। ਪਿੰਗਲ ਦਾ ਅਤੀ ਪ੍ਰਮਾਣਿਕ ਗ੍ਰੰਥ ਛੰਦ-ਸੂਤ੍ਰਮ ਹੈ। ਉਸ ਦਾ ਇਕ ਭਾਗ ਵੈਦਿਕ ਛੰਦਾਂ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਰਵਾ ਦੇਂਦਾ ਹੈ। ਛੰਦ ਮੁਖ-ਧੁਨੀ ਦੀ ਨਿਯਮਿਤ ਰਚਨਾ ਹੈ। ਆਪਣੇ ਵਿਆਪਕ ਅਰਥਾਂ ਵਿਚ ਛੰਦ ਇਕ ਬੈਖਰੀ ਧੁਨੀ-ਸਮੂਹ ਹੈ, ਜਿਸ ਦੀ ਸੀਮਾ ਮਨੁੱਖ ਦੁਆਰਾ ਉਚਰਿਤ ਧੁਨੀ ਦੇ ਘੇਰੇ ਤਕ ਸੀਮਤ ਹੈ। ਛੰਦ ਉਹ ਮਨੁੱਖ ਉਚਰਿਤ ਪ੍ਰਤੱਖੀਕ੍ਰਿਤੀ ਧੁਨੀ ਹੈ ਜੋ ਨਿਰੰਤਰ ਤਰੰਗ ਭੰਗਿਮਾ ਦੇ ਸਹਾਰੇ ਆਨੰਦਾਇਕ ਭਾਵ ਅਤੇ ਅਰਥ ਦੀ ਅਭਿਵਿਅੰਜਨਾ ਕਰਦੀ ਹੈ।

ਸਪਸ਼ਟ ਹੈ, ਛੰਤ ਆਨੰਦਾਤਮਕ ਰਚਨਾ ਹੈ ਤੇ ਛੰਦ ਆਨੰਦਾਤਮਕ ਅਭਿ-ਵਿਅੰਜਨਾ। ਛੰਤ ਆਨੰਦ ਸੰਪੰਨ ਰਚਨਾ ਹੈ ਤੇ ਛੰਦ ਆਨੰਦ ਸੰਪੰਨਤਾ ਵਿਚ ਸੀਰ ਪਾਉਂਦਾ ਹੈ। ਪਹਿਲੇ ਦਾ ਸੰਬੰਧ ਨਿਰੋਲ ਆਨੰਦ, ਖ਼ੁਸ਼ੀ ਖੇੜੇ ਤੇ ਪ੍ਰਸੰਨਤਾ ਦੇ ਭਾਵਾਂ ਨਾਲ ਹੈ। ਦੂਜੇ ਵਿਚ ਤ੍ਰਾਸਦ, ਕਰੁਣ, ਭਿਆਨਕ ਵਿਭਿਤਸਾ ਅਤੇ ਹੈਰਤ ਭਰੇ ਭਾਵਾਂ ਨੂੰ ਵੀ ਸਥਾਨ ਪ੍ਰਾਪਤ ਹੈ। ਛੰਤ ਇਕ ਕਾਵਿ-ਵੰਨਗੀ ਹੈ ਜਿਸਦਾ ਮੂਲ ਸੰਬੰਧ ਚੰਪੂ ਸਾਹਿਤ-ਭੇਦ ਨਾਲ ਹੈ। ਛੰਦ ਇਕ ਤਕਨੀਕ ਹੈ ਜਿਸਦਾ ਰਿਸ਼ਤਾ ਪਿੰਗਲ ਛੰਦ-ਸੂਤ੍ਰਮ ਨਾਲ ਹੈ। ਛੰਤ ਛੰਦਾਂ ਨੂੰ ਰੂਪ ਦੇਂਦਾ ਹੈ ਤੇ ਛੰਦ ਰੂਪਕ ਪੱਖ ਤੋਂ ਛੰਤਾਂ ਵਿਚ ਸੁੰਦਰਤਾ ਵਧਾਉਂਦੇ ਹਨ।

ਦੋਹਾਂ ਦੀ ਸਾਂਝ ਵਿਚਲਾ ਰਾਜ਼ ਹੈ, ਇਹ ਦੋਵੇਂ ਹੀ ਅੰਤਰ ਸੰਬੰਧਨੀ (Reciprocal) ਕਿਰਦਾਰ ਦੇ ਸੁਆਮੀ ਹਨ ਤੇ ਦੋਹਾਂ ਦੀ ਹੋਂਦ ਅੰਤਰ ਨਿਰਭਰ (inter dependent) ਹੈ।

ਸੰਖੇਪ ਵਿਚ, ਛੰਤ ਨੂੰ ਨਿਰੋਲ 'ਸਤੁਤੀ-ਕਾਵਿ' ਦੇ ਅਰਥਾਂ ਵਿਚ ਪਾਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਹ ਮਹਿਮਾ ਚਾਹੇ ਨਿਰਗੁਣ ਬ੍ਰਹਮ ਦੇ ਗੁਣ-ਲੱਛਣਾਂ ਦੀ ਹੋਵੇ ਤੇ ਚਾਹੇ ਮਨੁੱਖ ਦੀ (ਜਿਵੇਂ ਕਿ ਲੋਕ ਗੀਤਾਂ ਵਿਚ ਮਿਲਦਾ ਛੰਦ) ਸਿਫਤੋ ਸਲਾਹ ਤੇ ਜਸਕੀਰਤ ਕਰਨਾ ਹੀ ਇਸ ਕਾਵਿ-ਰੂੜੀ ਦੀ ਪ੍ਰਮੁਖ ਅਤੇ ਸਰਬਵਿਆਪਕ ਵਿਸ਼ੇਸ਼ਤਾ ਹੈ।

## ਛੰਤ ਵਿਧਾਨ—

ਹੁਣ ਇਕ ਮੂਲ ਪ੍ਰਸ਼ਨ ਸਾਹਮਣੇ ਆਉਂਦਾ ਹੈ। ਕੀ ਛੰਤ ਕਾਵਿ-ਰੂੜੀ ਦੇ ਆਪਣੇ ਵਿਲੱਖਣ ਚਰਿੱਤਰ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਛੰਤ ਪੂਰੇ ਉਤਰਦੇ ਹਨ। ਸਾਫ਼ ਹੈ, ਉਪਰਲੀ ਪੁੱਛਣਾ ਦਾ ਸਿਧਾ ਸੰਬੰਧ ਇਸ ਥੀਮ ਨਾਲ ਹੈ। ਤਾਂ ਕੀ ਥੀਮ ਵਿਸ਼ੇਸ਼ ਦੇ ਪ੍ਰਗਟਾ ਲਈ ਕਿਸੇ ਤਕਨੀਕੀ ਜੁਗਤ ਦਾ ਵਿਧਾਨ ਵੀ ਗੁਰੂ ਨਾਨਕਦੇਵ ਨੇ ਕੀਤਾ ਹੈ? ਗੁਰੂ ਨਾਨਕ ਦੇਵ ਦੇ ਛੰਤਾਂ ਦਾ ਜੇ ਰੂਪਕ ਪੱਖੋਂ ਅਧਿਅਨ ਕੀਤਾ ਜਾਏ ਤਾਂ ਨਿਮਨ ਅੰਕਿਤ ਤੱਥ ਸਾਹਮਣੇ ਆਉਂਦੇ ਹਨ—

1. ਛੰਤ ਆਮ ਤੌਰ ਤੇ ਚਾਰ ਬੰਦਾਂ (Units) ਦਾ ਹੁੰਦਾ ਹੈ। ਤੇ ਹਰ ਬੰਦ ਦੀਆਂ ਛੇ ਤੁਕਾਂ ਜਾਂ ਪੰਕਤੀਆਂ ਹਨ। ਗੁਰੂ ਨਾਨਕ ਦੇਵ ਤੇ ਪਰਵਰਤੀ ਗੁਰੂ ਸਾਹਿਬਾਨ ਨੇ ਇਸ ਜੁਗਤ ਦੀ ਵਰਤੋਂ ਸੰਘਣੀ ਮਾਤਰਾ ਵਿਚ ਕੀਤੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਬਾਣੀਕਾਰ ਸਾਹਿਤ-ਰੂਪਾਂ ਦੀ ਤਕਨੀਕੀ ਜੁਗਤ ਦੇ ਪਹਿਲੂਆਂ ਤੋਂ ਚੰਗੀ ਤਰ੍ਹਾਂ ਜਾਣੂ ਸਨ, ਅਜੇਹਾ ਤੱਥ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ-ਅਧਿਅਨ ਤੋਂ ਕਰਨ ਨਾਲ ਉਜਾਗਰ ਹੁੰਦਾ ਹੈ। ਬਾਣੀਕਾਰਾਂ ਦਾ ਇਕ ਵਿਲੱਖਣ ਸੁਭਾਉ ਵੀ ਸਾਡੇ ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਬਾਣੀਕਾਰਾਂ ਨੇ ਤਕਨੀਕੀ ਜੁਗਤ ਨੂੰ ਵਰਤਿਆ ਜ਼ਰੂਰ ਹੈ, ਉਸ ਦੀ ਅਧੀਨਗੀ ਕਿਸੇ ਵੀ ਤਰ੍ਹਾਂ ਸਵੀਕਾਰ ਨਹੀਂ ਕੀਤੀ। ਛੰਤ ਦੀ ਚੋਖੀ ਮਾਤਰਾ ਚਾਰ ਬੰਦਾਂ ਨੂੰ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਹਰ ਬੰਦ ਛੇ ਤੁਕਾ ਰੱਖਣ ਦਾ ਵਿਧਾਨ ਕੀਤਾ ਗਿਆ ਹੈ ਪਰ ਬੰਦ-ਮਾਤਰਾ ਅਤੇ ਤੁਕ-ਮਾਤਰਾ ਵਿਚ ਅਪਵਾਦ ਗੁਰੂ ਨਾਨਕ ਛੰਤਾਂ ਵਿਚੋਂ ਹੀ ਪ੍ਰਤੀਬਿੰਬਤ ਹੋਣ ਲਗ ਪਿਆ। ਤੇ ਇਹ ਅਪਵਾਦ ਆਉਣ ਵਾਲੇ ਗੁਰੂ ਸਾਹਿਬਾਨ ਦੇ ਛੰਤਾਂ ਵਿਚ ਵੀ ਮੌਜੂਦ ਹੈ।

3. ਛੰਤ ਵੀ ਮੁਕਤਕ ਕਾਵਿ ਦੀਆਂ ਰੂੜੀਆਂ ਨੂੰ ਪੇਸ਼ ਕਰਦਾ ਹੈ, ਪਰ ਸਾਡੇ ਮੱਦੀ ਬਾਣੀਕਾਰ ਨੇ ਇਸ ਦੀ ਤਕਨੀਕੀ ਜੁਗਤ ਵਿਚ ਰਤਾ ਕੁ ਫ਼ਰਕ ਪਾ ਲਿਆ ਹੈ। ਪਦਿਆਂ ਵਿਚ 'ਰਹਾਉ' ਦਾ ਪ੍ਰਯੋਗ ਲਾਜ਼ਮੀ ਹੈ। ਪਰ ਛੰਤਾਂ ਵਿਚ ਇਸ ਜੁਗਤ ਦਾ ਅਭਾਵ ਹੈ। ਇਸ ਦਾ ਮੂਲ ਕਾਰਣ ਰਹਾਉ ਦਾ ਸੰਬੰਧ ਰਾਗ ਨਾਲ ਹੈ ਤੇ ਛੰਤ ਦਾ ਲੋਕਯਾਨਿਕ ਰੂਪ ਨਾਲ।

4. ਛੰਤ **ਮਿਸਤ ਜਾਂ ਛਾਇਆ ਲਿੰਗਤ** ਰਾਗਾਂ ਵਿਚ ਵੀ ਉਚਾਰੇ ਜਾ ਸਕਦੇ ਹਨ ਖ਼ੁਦ ਗੁਰੂ ਨਾਨਕ ਦੇਵ ਨੇ ਰਾਗ ਗਉੜੀ ਪੂਰਬੀ ਤੇ ਬਿਲਾਵਲ ਦੱਖਣੀ ਵਿਚ ਛੰਤ ਉਚਾਰੇ ਹਨ।

5. ਛੰਤ ਸਿਰਲੇਖ ਦੇ ਨਾਲ **ਮੰਗਲ** ਵੀ ਅੰਕਿਤ ਕੀਤਾ ਜਾ ਸਕਦਾ ਹੈ। ਲਗਭਗ ਸਾਰੇ ਗੁਰੂ ਸਾਹਿਬਾਨ ਨੇ ਛੰਤ ਰਚਨਾ ਦੇ ਆਰੰਭ ਵਿਚ ਮੰਗਲ ਦਰਜ ਕੀਤੇ ਹਨ।

6. ਛੰਤ ਦੇ ਸਿਰਲੇਖ ਨਾਲ **ਘਰ** ਦਾ ਸੰਕੇਤ ਵੀ ਵਿਦਮਾਨ ਹੋ ਸਕਦਾ ਹੈ। ਲਗਭਗ ਸਾਰੇ ਗੁਰੂ ਛੰਤਕਾਰਾਂ ਨੇ ਇਸ ਦੀ ਵਰਤੋਂ ਕੀਤੀ ਹੈ।

7. ਛੰਤਾਂ ਦੇ ਆਰੰਭ ਵਿਚ **ਸਲੋਕ** ਵੀ ਦਰਜ ਕੀਤੇ ਜਾ ਸਕਦੇ ਹਨ।

ਸਲੋਕ ਛੰਤ ਦੇ ਹਰ ਬੰਦ ਦੇ ਆਰੰਭ ਵਿਚ ਵੀ ਆ ਸਕਦਾ ਹੈ। ਪੂਰੇ ਛੰਤ ਦੇ ਸ਼ੁਰੂ ਵਿਚ ਕੇਵਲ ਇਕੋ ਸਲੋਕ ਵੀ ਹੋ ਸਕਦਾ ਹੈ। ਦੂਸਰੇ ਅਰਥਾਂ ਵਿਚ ਸਲੋਕ ਅੰਕਣ ਦੀਆਂ ਦੋ ਵਿਧੀਆਂ ਹਨ। ਪਹਿਲਾਂ ਛੰਤ ਦੇ ਆਰੰਭ ਵਿਚ ਸਲੋਕ ਹੁੰਦਾ ਹੈ। ਦੂਜਾ ਪ੍ਰਤੇਕ ਬੰਦ ਦੇ ਆਰੰਭ ਵਿਚ ਇਕ ਸਲੋਕ ਹੁੰਦਾ ਹੈ। ਇਥੇ ਇਹ ਧਿਆਨ ਰਹੇ, ਸਲੋਕ-ਅੰਕਣ ਦੀ ਵਿਧੀ ਦਾ ਆਰੰਭ ਗੁਰੂ ਨਾਨਕ ਦੇਵ ਨੇ ਨਹੀਂ ਕੀਤਾ। ਇਸ ਦਾ ਪ੍ਰਯੋਗ ਤੀਸਰੇ ਅਤੇ ਚੌਥੇ ਗੁਰੂ ਨੇ ਵੀ ਨਹੀਂ ਕੀਤਾ। ਇਸ ਵਿਧੀ ਦਾ ਪ੍ਰਯੋਗ ਕੇਵਲ ਗੁਰੂ ਅਰਜਨ ਦੇਵ ਨੇ ਕੀਤਾ ਹੈ। ਇੰਵ ਮਾਲੂਮ ਹੁੰਦਾ ਹੈ, ਪੰਚਮ ਗੁਰੂ ਨੇ ਛੰਤ-ਰੂਪਾਕਾਰ ਵਿਚ ਹਲਕਾ ਜਿਹਾ ਵਿਸਤਾਰ ਕੀਤਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਲ ਮਿਲਾ ਕੇ ਛੰਤ ਨੂੰ ਨਿਰੋਲ ਸਤਰਿ ਕਾਵਿ ਦੇ ਅਰਥਾਂ ਵਿਚ ਹੀ ਪਾਰਿਭਾਸ਼ਤ ਕੀਤਾ ਜਾ ਸਕਦਾ ਹੈ। ਇਹ ਮਹਿਮਾ ਚਾਹੇ ਕਿਸੇ ਦੇਵਤਾਦਿ ਦੀ ਹੋਵੇ, (ਸਤੋਤਰ ਵੈਦਿਕ ਕਾਲ) ਚਾਹੇ ਨਿਰਗੁਣ ਬ੍ਰਹਮ ਦੇ ਗੁਣ ਲੱਛਣਾਂ ਦੀ (ਅਹਿਲਾਦਨ-ਪ ਣਿਨੀ) ਤੇ ਚਾਹੇ ਮਨੁੱਖ ਦੀ (ਅਛਾਦਨ-ਉਪਨਿਸ਼ਦ)। ਸਿਫਤ ਸਲਾਹ ਤੇ ਜਸ ਕਰਨਾ ਹੀ ਇਸ ਕਾਵਿ ਰੂੜ੍ਹੀ ਦੀ ਪ੍ਰਮੁਖ ਵਿਸ਼ੇਸ਼ਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਛੰਤਾਂ ਦਾ ਨਿਕਟ ਅਧਿਅਨ ਇਸ ਤੱਥ ਨੂੰ ਨਿਸਚਿਤ ਕਰਦਾ ਹੈ ਕਿ ਇਹਨਾਂ ਛੰਤਾਂ ਵਿਚ ਪ੍ਰਤੀਬਿੰਬਤ ਰੂਪਕ, ਬਿੰਬ ਤੇ ਪ੍ਰਤੀਕ ਆਦਿ ਕਾਵਿ-ਜੁਗਤਾਂ ਵਿਆਹ ਸੰਸਕਾਰਾਂ ਨਾਲ ਸੰਬੰਧਿਤ ਹਨ। **ਵਿਆਹ ਦਾ ਰੂਪਕ ਛੰਤ ਲਈ ਲਗਭਗ ਲਾਜ਼ਮੀ ਕਰਾਰ ਦਿੱਤਾ ਗਿਆ ਹੈ।** ਇਨ੍ਹਾਂ ਦੀ ਮੁਖ ਥੀਮ ਅਰੂਪ ਬ੍ਰਹਮ ਦੇ ਵੰਨਸਵੰਨੇ ਗੁਣ-ਲੱਛਣਾਂ ਦੀ ਅਪਾਰ ਮਹਿਮਾ ਹੈ।

ਇਥੇ ਇਕ ਨਿਖੇੜਾ ਕਰਨਾ ਜੋਗ ਪ੍ਰਤੀਤ ਹੁੰਦਾ ਹੈ। ਸਾਡੇ ਵਿਦਵਾਨਾਂ ਨੇ ਛੰਤ ਨੂੰ ਲੋਕ ਬਹਿਰ ਮੰਨਿਆ ਹੈ ਜਿਸ ਨੂੰ ਲੜਕੀ ਦੇ ਵਿਆਹ ਸਮੇਂ ਪੇਕੇ ਘਰ ਦੀਆਂ ਇਸਤ੍ਰੀਆਂ ਵਲੋਂ ਗਾਇਆ ਜਾਂਦਾ ਹੈ। 'ਛੰਦ ਪਰਾਗੇ ਆਈਏ ਜਾਈਏ' ਦੀ ਧਾਰਨਾ ਬਹੁਤ ਹੀ ਪ੍ਰਚਲਿਤ ਹੈ। ਪਰ ਇਹ ਧਿਆਨ ਰਹੇ, ਸਾਡੇ ਲੋਕ ਮੁਹਾਵਰੇ ਵਿਚ ਛੰਦ ਹੀ ਪ੍ਰਚਲਿਤ ਹੈ, ਛੰਤ ਨਹੀਂ। ਥੀਮ ਦੇ ਪਖੋਂ ਭਾਵੇਂ ਛੰਤਾਂ ਦਾ ਧਰਾਤਲ ਲੌਕਿਕ ਹੋਵੇ ਜਾਂ ਅਲੌਕਿਕ ਉਸ ਵਿਚ ਵਾਤਾਵਰਣ ਵਿਆਹ ਨਾਲ ਸੰਬੰਧਿਤ ਹੋਵੇਗਾ। ਦੂਸਰੇ ਅਰਥਾਂ ਵਿਚ ਛੰਤ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚੋਂ ਲਏ ਜਾਣ ਜਾਂ ਲੋਕ ਗੀਤਾਂ ਵਿਚੋਂ ਦੋਹਾਂ ਹਾਲਤਾਂ ਵਿਚ ਛੰਤ ਦਾ ਸੰਬੰਧ ਵਿਆਹ ਦੇ ਸੰਸਕਾਰ ਨਾਲ ਹੈ ਤੇ ਇਹੀ ਇਸ ਕਾਵਿ-ਰੂਪ ਦੀ ਵਿਲੱਖਣਤਾ ਵੀ ਹੈ।

ਛੰਦੋਗ ਉਪਨਿਸ਼ਦ ਵਿਚ ਓਅੰ (ਅੋਂ) ਦੀ ਵਿਆਖਿਆ, ਯਗਾਂ ਦੀ ਵਿਧੀ ਤੇ ਆਤਮ ਵਿਦਿਆ ਦਾ ਵਰਣਨ ਹੈ। ਯੱਗਾਂ ਦੀ ਵਿਧੀ ਨੂੰ ਛੱਡ ਕੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਛੰਤ ਅਧਿਆਤਮਿਕਤਾ ਨਾਲ ਭਰੇ ਪੂਰੇ ਹਨ। ਵਿਆਹ ਸੰਸਕਾਰ ਨਾਲ ਸੰਬੰਧਿਤ ਸੰਬੋਧਨ, ਰੂਪਕ, ਬਿੰਬ, ਪ੍ਰਤੀਕ ਆਦਿ ਤਾਂ ਕੇਵਲ ਕਾਵਿ-ਜੁਗਤਾਂ ਹੀ ਹਨ। ਸਪੱਸ਼ਟ ਹੈ, ਛੰਦੋਗ ਵਿਧਾਨ ਅਨੁਸਾਰ ਛੰਤ ਥੀਮ ਦੀ ਪੇਸ਼ਕਾਰੀ ਕਰਨ ਦੇ ਨਾਲ ਨਾਲ ਅਨੇਕ ਛੰਤਾਂ ਦਾ ਨਿਭਾਉ ਵੀ ਸਫਲਤਾ ਪੂਰਵਕ ਕਰਦੇ ਹਨ।

ਰੂਪ ਦੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਮੁਖ ਜੁਗਤ ਰਾਗ ਹੈ। ਰਾਗ ਬੱਧ ਬਾਣੀ ਦੇ ਅੰਤਰਗਤ ਪਹਿਲਾ ਸਥਾਨ ਪਦਿਆਂ ਜਾਂ ਸ਼ਬਦਾਂ ਨੂੰ ਪ੍ਰਾਪਤ ਹੈ। ਉਸ ਤੋਂ ਬਾਅਦ ਅਸਟਪਦੀਆਂ ਆਦਿ। ਦੂਸਰੇ ਸ਼ਬਦਾਂ ਵਿਚ ਸਾਹਿਤਕ ਕਾਵਿ-ਰੂਪਾਂ ਤੋਂ ਬਾਅਦ ਹੀ ਲੋਕ ਯਾਨਿਕ ਰੂਪ ਅੰਕਿਤ ਕੀਤੇ ਗਏ। ਇਸ ਤਰ੍ਹਾਂ ਗੁਰੂ ਗ੍ਰੰਥ ਵਿਚ ਸਾਹਿਤਕ-ਰੂਪਾਂ (ਪਦਾ ਤੇ ਅਸਟਪਦੀ) ਤੋਂ ਬਾਅਦ ਹੀ ਲੋਕ-ਯਾਨਿਕ ਰੂਪ ਦਰਜ ਕੀਤੇ ਗਏ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਤਕ ਕੀਤੀ ਗਈ ਵਿਚਾਰ ਤੋਂ ਨਿਮਨ ਅੰਕਿਤ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ—

ੳ. ਛੰਤ ਇਕ ਤੋਂ ਵਧੀਕ ਅਰਥਾਂ ਵਿਚ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ, ਜਿਹਾ ਕਿ ਸਤੋਤਰ, ਅਹਿਲਾਦਨ ਅਤੇ ਅਛਾਦਨ ।

ਅ. ਛੰਤ ਆਨੰਦਾਤਮਕ ਰਚਨਾ ਹੈ, ਛੰਤ ਆਨੰਦਾਇਕ ਅਭਿਵਿਅੰਜਨਾ ।

ੲ. ਛੰਤ ਨਿਰੋਲ ਸਤੁਤੀ ਕਾਵਿ ਹੈ, ਛੰਤ ਵੰਨਸਵੰਨ ਭਾਵ ਨਿਰੂਪਣ ਦਾ ਸਾਧਨ ਮਾਤਰ । ਦੋਵੇਂ ਅੰਤਰ ਸੰਬੰਧਨੀ ਕਿਰਦਾਰ ਦੇ ਸੁਆਮੀ ਹਨ ।

ਸ. ਛੰਤ ਦੀ ਮੁਖ ਥੀਮ ਵਿਆਹ ਦੇ ਸੰਸਕਾਰਾਂ ਨੂੰ ਸੰਚਾਰ-ਮਾਧਿਅਮ ਬਣਾ ਕੇ ਅਖ਼ੀਰ ਅਧਿਆਤਮਿਕਤਾ ਨੂੰ ਪੇਸ਼ ਕਰਦੀ ਹੈ । ਦੂਸਰੇ ਅਰਥਾਂ ਵਿਚ ਛੰਤ ਤਤਕਾਲੀ ਜਾਂ ਵਕਤੀ ਪ੍ਰਸੰਨਤਾ ਤੋਂ ਆਰੰਭ ਹੋ ਕੇ ਅਖ਼ੀਰ ਸਦੀਵੀ ਅਧਿਆਤਮਕ ਆਨੰਦ ਨੂੰ ਪ੍ਰਾਪਤ ਹੁੰਦੇ ਹਨ ।

ਹ. ਛੰਤ ਇਕ ਲੋਕ ਬਹਿਰ ਹੈ ਤੇ ਛੰਦ ਇਕ ਤਕਨੀਕੀ ਰੂਪ (Form) ਇਕ ਬੈਖਰੀ ਧੁਨੀ-ਸਮੂਹ ਜੋ ਨਿਰੰਤਰ ਤਰੰਗ-ਭੰਗਿਮ ਦੇ ਸਹਾਰੇ ਆਨੰਦਾਇਕ ਭਾਵ ਅਤੇ ਅਰਥ ਨੂੰ ਅਭਿਵਿਅੰਜਤ ਕਰਦਾ ਹੈ ।

ਕ. ਛੰਤਾਂ ਵਿਚ ਪ੍ਰਤੀਬਿੰਬਤ ਧਰਾਤਲ ਲੌਕਿਕ ਹੋਵੇ ਜਾਂ ਅਲੌਕਿਕ ਹਮੇਸ਼ਾ ਵਿਆਹ ਸੰਸਕਾਰਾਂ ਦੀਆਂ ਵੰਨਸਵੰਨ ਲੱਸਾ (Shades) ਪੇਸ਼ ਕਰਦਾ ਹੈ ਤੇ ਇਹੀ ਇਸ ਕਾਵਿ ਰੂਪ ਦੀ ਵਿਲੱਖਣਤਾ ਵੀ ਹੈ ।

## ਫੁਟ ਨੋਟ

1. ਧੀਰੇਂਦਰ ਵਰਮਾ ਅਤੇ ਹੋਰ, ਹਿੰਦੀ ਸਾਹਿਤਯ ਕੋਸ਼, ਪੰਨਾ 945



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਗੁਰੂ ਨਾਨਕ ਦੇਵ ਜੀ ਰਚਿਤ ਛੰਤਾਂ ਦਾ

# ਸੰਗਠਨਾਤਮਕ ਅਧਿਅਨ (ਵੰਨਗੀ ਮਾਤ੍ਰ)

'ਛੰਤ-ਸੂਚੀ ਅਨੁਸਾਰ ਗੁਰੂ ਨਾਨਕ ਦੇਵ ਨੇ ਸਤ ਰਾਗਾਂ ਵਿਚ ਕੁਲ ਚੌਵੀ ਛੰਤਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਦੇ ਨਿਕਟ ਅਧਿਅਨ ਤੋਂ ਬਾਅਦ ਇਸ ਨਤੀਜੇ ਉਪਰ ਪੁੱਜਿਆ ਜਾ ਸਕਦਾ ਹੈ ਕਿ ਥੀਮ ਦੇ ਪੱਖੋਂ ਇਨ੍ਹਾਂ ਦੀ ਮੂਲ ਇਕਾਈ ਭਗਤੀ ਹੀ ਹੈ। ਸੰਦੇਹ ਨਹੀਂ ਛੰਤਾਂ ਵਿਚ ਕੁਝ ਉਪ ਇਕਾਈਆਂ ਵੀ ਉਭਰਦੀਆਂ ਹਨ ਜਿਹਾ ਕਿ ਉਪਦੇਸਾਦਿ। ਪਰ ਇਹ ਉਪਦੇਸ਼ ਵੀ ਭਗਤੀ ਦੇ ਮੂਲਾਦਰਸ਼ ਨੂੰ ਹੀ ਦ੍ਰਿੜ ਕਰਾਉਂਦਾ ਹੋਇਆ ਭਗਤੀ ਦਾ ਹੀ ਅੰਗ ਬਣ ਜਾਂਦਾ ਹੈ। ਸੰਖੇਪ ਵਿਚ, ਛੰਤਾਂ ਦੀ ਮੂਲ ਇਕਾਈ 'ਭਗਤੀ' ਹੀ ਹੈ।

ਭਗਤ ਭਗਤੀ (ਨਾਮ ਜਪਣ ਨਾਲ ਜਾਂ ਸਾਧਨਾ) ਰਾਹੀਂ ਸਿੱਧੀ (ਨਾਮੀ) ਨੂੰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਨਾਮ ਜਪਣ ਵਾਲਾ, ਨਾਮ ਤੇ ਨਾਮੀ ਇਕ ਸਿਸਟਮ ਵਿਚ ਬੱਝ ਜਾਂਦੇ ਹਨ। ਜਿਸ ਤਰ੍ਹਾਂ ਭਾਸ਼ਾ ਬੋਲਣ ਵਾਲਾ ਸਾਰਾ ਜਗਤ ਹੀ ਹੈ ਪਰ ਭਾਸ਼ਾ ਵਿਗਿਆਨੀ ਵਿਰਲੇ। ਇਸੇ ਤਰ੍ਹਾਂ ਭਗਤੀ ਕਰਨ ਵਾਲੇ ਅਨੇਕ ਹਨ ਪਰ ਭਗਤੀ ਦੀ ਸਿਧਾਂਤਕ ਵਿਚਾਰ ਕਰਨ ਵਾਲੇ ਟਾਵੇ। ਭਗਤੀ ਵੀ ਇਕ ਸਿਸਟਮ ਹੋਣ ਕਰਕੇ ਕੁਝ ਨੇਮਾਂ ਦਾ ਧਾਰਣੀ ਹੁੰਦਾ ਹੈ। ਸਿਸਟਮ ਨਾਲ ਸੰਬੰਧਿਤ ਹੋਣ ਕਰਕੇ ਹੀ ਭਗਤੀ ਦੀ ਸਿਧਾਂਤਕ ਵਿਚਾਰ ਹੋ ਸਕਦੀ ਹੈ। ਉਂਜ ਤਾਂ ਭਗਤੀ ਆਦਿਮ ਚੇਤਨਾ ਹੈ ਦੇ ਅਨੁਭਵ ਦੀ ਵਸਤੂ ਹੈ। ਸਮਾਜ ਸ਼ਾਸਤਰੀਆਂ ਨੇ ਧਰਮ ਦਾ ਮੂਲ ਮਨੁੱਖੀ ਅਸੁਰੱਖਿਅਤਾ ਨੂੰ ਮੰਨਿਆ ਹੈ। ਮਨੁੱਖ ਭੈਅ ਯੁਕਤ ਹੋ ਕੇ ਪ੍ਰਭੂ ਦੀ ਬੰਦਗੀ ਵਿਚ ਜੁੜਦਾ ਹੈ ਤਾਂ ਉਸ ਦੀ ਭਾਵਨਾ ਗਿਆਨ ਮੂਲਕ ਹੋ ਜਾਂਦੀ ਹੈ। ਭਗਤੀ ਇਕ ਨੇਮ ਵਿਚ ਬੱਝ ਜਾਂਦੀ ਹੈ। ਭਗਤੀ ਭਾਵ ਦੀ ਭਗਤੀ ਸਿਸਟਮ ਵਲ ਯਾਤਰਾ ਇਸਤਰ੍ਹਾਂ ਦਾ ਹੀ ਵਿਸਤਾਰ ਹੈ ਜਿਵੇਂ ਆਦਮ ਮਨੁੱਖ ਹੌਲੀ ਹੌਲੀ ਉਨਤੀ ਕਰਦਾ ਪੌਂਡੂ ਤੋਂ ਨਾਗਰਿਕ ਬਣ ਗਿਆ ਜਾਂ ਜੰਗਲੀ ਮਨੁੱਖ ਵਟਦਿਆਂ ਵਟਦਿਆਂ ਸਭਿਅਕ ਅਤੇ ਸਿਸ਼ਟ ਹੋ ਗਿਆ। ਭਗਤ ਪਹਿਲੋਂ ਪਹਿਲ ਭੈਅ ਖਾ ਕੇ ਹੀ ਪ੍ਰਭੂ ਅਨੁਰਾਗੀ ਹੋਇਆ ਹੈ। ਗੱਲ ਵੱਖਰੀ ਹੈ, ਜਿਵੇਂ ਜਿਵੇਂ ਉਸਨੂੰ ਨਿਰਵੇਦ ਪ੍ਰਾਪਤ ਹੋਇਆ ਉਹ ਗਿਆਨੀ ਬਣ ਕੇ ਪ੍ਰਭੂ ਭਗਤੀ ਕਰਨ ਲਗਾ। ਇਥੇ ਇਹ ਧਿਆਨ ਰਹੇ ਭਗਤੀ ਆਪਣੇ ਬੁਨਿਆਦੀ ਨੇਮ ਵਿਚ ਵਿਅਕਤੀਗਤ ਵਸਤੂ ਹੈ ਪਰ ਇਸ ਦੀ ਸੰਪੰਨਤਾ ਸਾਮੂਹਿਕ ਹੈ। ਭਗਤੀ ਭਗਤ ਵਿਸ਼ੇਸ਼ ਇਕੱਲਾ ਹੀ ਕਰਦਾ ਹੈ ਪਰ ਇਸ ਦਾ ਨਿਭਾਉ (Performance) ਸਾਮੂਹ ਰਾਹੀਂ ਹੁੰਦਾ ਹੈ। ਧਰਮ-ਮੰਦਿਰ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰਦੁਆਰੇ, ਮਸਜਿਦ, ਚਰਚ ਆਦਿ ਸਭ ਇਸ ਤੱਥ ਦੀ ਪੁਸ਼ਟੀ ਕਰਦੇ ਹਨ। ਦਿਲਚਸਪ ਗੱਲ ਤਾਂ ਇਹ ਹੈ, ਹਰ ਦੇਸ਼, ਹਰ ਮਜ਼ਹਬ, ਹਰ ਆਂਚਲ ਦੀਆਂ ਲੋਕ ਰੂੜੀਆਂ ਆਪਣੀ ਵੱਖ ਰਖਦੀਆ ਹਨ ਤੇ ਇਨ੍ਹਾਂ ਵਿਚੋਂ ਬਹੁਤੀਆਂ ਸਥਾਨ-ਵਿਸ਼ੇਸ਼ ਨਾਲ ਸੰਬੰਧਿਤ ਧਰਮ ਦੀ ਰਹਿਤ-ਮਰਿਆਦਾ ਵਿਚ ਵੇਖੀਆਂ ਜਾ ਸਕਦੀਆਂ ਹਨ। ਅਸਲ ਵਿਚ ਧਰਮ ਦੀਆਂ ਜੜ੍ਹਾਂ ਹਨ ਹੀ ਲੋਕਯਾਨ ਵਿਚ। ਲੋਕ ਮਾਨਸ ਦਾ ਸਹੀ ਪ੍ਰਗਟਾ ਹੁੰਦਾ ਹੀ ਧਰਮ ਰਾਹੀਂ ਹੈ। ਲੋਕ ਮਨੌਤਾਂ, ਲੋਕ ਵਿਸ਼ਵਾਸ, ਰੀਤਾਂ, ਰਸਮਾਂ, ਖ਼ੁਸ਼ੀ ਗਮੀ ਸਭ ਦਾ ਸੰਬੰਧ ਅਖੀਰ ਧਰਮ ਵਿਸ਼ੇਸ਼ ਨਾਲ ਜੁੜ ਜਾਂਦਾ ਹੈ। ਇਹ ਤਾਂ ਹੋਈ ਸੰਖੇਪ ਜਿਹੀ ਵਿਚਾਰ ਭਗਤੀ ਦੇ ਉਦਗਮ ਸ੍ਰੋਤ ਬਾਰੇ।

ਹੁਣ ਭਗਤੀ ਦੇ ਸਿਸਟਮ ਬਾਰੇ ਵਿਚਾਰ ਕਰਨੀ ਉਚਿਤ ਹੈ। ਭਗਤੀ ਦੇ ਦੋ ਮੁਖ ਤੱਤ ਹਨ : ਕਿਰਿਆ ਅਤੇ ਗਿਆਨ। ਭਗਤੀ ਦੀ ਭਾਵਨਾ ਪਰਾ-ਪ੍ਰਾਚੀਨ ਹੈ ਇਸ ਤੱਥ ਦੀ ਪ੍ਰੋੜਤਾ ਧਰਮ, ਸਾਹਿਤ, ਸਾਂਸਕ੍ਰਿਤੀ ਤੇ ਇਤਿਹਾਸ ਨਾਲ ਸੰਬੰਧਿਤ ਗ੍ਰੰਥ ਵੀ ਕਰਦੇ ਹਨ। ਭਗਤੀ ਦੀ ਭਾਵਨਾ ਭਾਵੇਂ ਪਰਾ-ਪ੍ਰਾਚੀਨ ਹੈ ਪਰ ਇਸ ਦੀ ਸਿਧਾਂਤਕ ਵਿਚਾਰ ਵੈਦਿਕ ਕਾਲ ਤੋਂ ਹੀ ਨਿਖੜਵਾਂ ਰੂਪ ਗ੍ਰਹਿਣ ਕਰਨ ਲਗੀ। ਵੇਦ ਅਨੁਸਾਰ ਧਰਮ-ਗਿਆਨ ਦਾ ਮੁਖ ਪ੍ਰਦਾਤਾ ਬ੍ਰਹਮ ਹੀ ਹੈ। ਬ੍ਰਹਮ-ਗਿਆਨ-ਨਿਰੂਪਣ ਨੂੰ ਵੇਦ ਵਿਚ ਸਭ ਤੋਂ ਵਧ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਵੇਦ ਦਾ ਮਤ ਬੜਾ ਸਪਸ਼ਟ ਹੈ, ਆਤਮਾ ਅਤੇ ਬ੍ਰਹਮ ਹੀ ਵੇਦ੍ਯ (ਜਾਣਨ ਜੋਗ) ਹਨ। ਭਾਰਤੀ ਸਾਹਿਤ ਆਚਾਰੀਆ ਨੇ ਵੇਦ ਨੂੰ ਪ੍ਰਾਚੀਨਤਮ ਸਾਹਿਤ ਮੰਨਿਆ ਹੈ।[1] ਉਨ੍ਹਾਂ ਅਨੁਸਾਰ ਵੇਦ ਤੋਂ ਬਿਨਾਂ ਬ੍ਰਹਮ ਗਿਆਨ ਹੋ ਹੀ ਨਹੀਂ ਸਕਦਾ ਤੇ ਗਿਆਨ ਤੋਂ ਬਿਨਾਂ ਮੁਕਤੀ ਨਹੀਂ। ਵਿਆਕਰਣ ਵਾਲੇ ਵਿਦ ਧਾਤੂ ਤੋਂ ਵੇਦ ਸ਼ਬਦ ਦੀ ਉਪਜ ਮੰਨਦੇ ਹੋਏ ਵਿਚ ਦੇ ਚਾਰ ਅਰਥ ਕਰਦੇ ਹਨ : ਗਿਆਨ, ਵਿਚਾਰ, ਸੱਤਾ ਅਤੇ ਲਾਭ। ਇਨ੍ਹਾਂ ਚਾਰਾਂ ਦਾ ਬੁਨਿਆਦੀ ਸੰਬੰਧ ਬ੍ਰਹਮ ਦੇ ਗਿਆਨ ਤੇ ਕਿਰਿਆ ਨਾਲ ਹੈ। ਵੇਦ ਦੀ ਅਪਾਰ ਮਹਿਮਾ ਦੀ ਪੁਸ਼ਟੀ ਗੁਰੂ ਨਾਨਕ ਦੇਵ ਨੇ ਵੀ ਕੀਤੀ ਹੈ—

ਚਾਰੇ ਵੇਦ ਹੋਏ ਸਚਿਆਰ ਪੜਹਿ ਗੁਣਹਿ ਤਿਨ ਚਾਰ ਵੀਚਾਰ
ਭਾਉ ਭਗਤ ਕਰ ਨੀਚ ਸਦਾਏ ਤਉ ਨਾਨਕ ਮੋਖੰਤਰ ਪਾਏ।

ਸਪਸ਼ਟ ਹੈ, ਵੇਦ ਬ੍ਰਹਮ ਤੇ ਧਰਮ ਗਿਆਨ ਦੀਆਂ ਮੂਲ ਪੁਸਤਕਾਂ ਹਨ। ਬ੍ਰਹਮ ਗਿਆਨ-ਰੂਪ ਹੈ ਤੇ ਧਰਮ ਕਿਰਿਆ-ਰੂਪ। ਨਿਆਇ ਸ਼ਾਸਤਰ ਅਨੁਸਾਰ ਗਿਆਨ ਤੋਂ ਇੱਛਾ ਪੈਦਾ ਹੁੰਦੀ ਹੈ। ਇਛਾ ਤੋਂ ਕ੍ਰਿਤੀ (ਜਤਨ) ਕ੍ਰਿਤੀ ਤੋਂ ਕਰਮ (ਕਿਰਿਆ) ਇਹੀ ਕਿਰਿਆ ਜਦੋਂ ਸਿੱਧ ਅਵਸਥਾ ਨੂੰ ਪਹੁੰਚਦੀ ਹੈ ਤਾਂ ਸਿੱਧੀ ਰੂਪ ਵਿਚ ਸੰਪੰਨ ਹੁੰਦੀ ਹੈ। ਬ੍ਰਹਿਮੰਡ ਵਿਚ ਚੇਤਨ (ਗਿਆਨ ਰੂਪ ਮਨੁੱਖ) ਅਰਧ ਚੇਤਨ (ਬਨਸਪਤਿ) ਤੇ ਅਚੇਤਨ (ਪੱਥਰ) ਵਿਚ ਕਿਰਿਆ ਤੇ ਗਿਆਨ ਤੋਂ ਬਿਨਾ ਹੋਰ ਕੁਝ ਵੀ ਵਿਖਾਈ ਨਹੀਂ ਦੇਂਦਾ। ਜ਼ਾਹਿਰ ਹੈ, ਸ੍ਰਿਸ਼ਟੀ ਦੀ ਮੂਲ ਸ਼ਕਤੀ ਕੋਈ ਅਜਿਹੀ ਵਸਤੂ ਹੀ ਹੈ ਜੋ ਕਿਰਿਆ ਅਤੇ ਗਿਆਨ ਰੂਪ ਹੈ। ਸਾਰੀ ਸ੍ਰਿਸ਼ਟੀ ਹਰ ਪਲ, ਹਰ ਛਿਣ ਬਦਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਹੀ ਹੈ ਪਰ ਪਰਿਵਰਤਨ ਦੇ ਨਾਲ ਨਾਲ ਸਥਿਰਤਾ ਦਾ ਅਨੁਭਵ ਵੀ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਵਿਅਕਤੀ ਨੂੰ ਲੰਮੇ ਅਰਸੇ ਬਾਦ ਵੇਖਣ ਉਪਰੰਤ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਨੂੰ ਅੱਗੇ ਕਿਧਰੇ ਵੇਖਿਆ ਹੈ ਜਾਂ ਇਹ ਫਲਾਣਾ ਮਨੁੱਖ ਹੈ। ਮਨੁੱਖ ਵਿਸ਼ੇਸ਼ ਵਿਚ ਜੋ ਤਬਦੀਲ ਹੁੰਦਾ ਹੈ, ਉਹ ਕਿਰਿਆ-ਰੂਪ ਹੈ। ਜੋ ਉਸ ਦੀ ਵਾਸਤਵਿਕਤਾ ਦੀ ਜਾਣਕਾਰੀ ਦੇਂਦਾ ਹੈ, ਉਹ ਗਿਆਨ ਹੈ। ਸਪਸ਼ਟ ਹੈ, ਜਗਤ ਦਾ ਮੂਲ ਆਧਾਰ ਪਰਿਵਰਤਨਸ਼ੀਲ ਤੇ ਸਥਿਤੀਸ਼ੀਲ ਤੱਤ ਹਨ। ਕਿਰਿਆ ਪਰਿਵਰਤਨਸ਼ੀਲ ਤੇ ਗਿਆਨ ਸਥਿਤੀਸ਼ੀਲ ਤੱਤ ਹੈ। ਦਰਸ਼ਨ ਵਿਚ ਇਸੇ ਨੂੰ ਕ੍ਰਮ ਵਾਰ ਮਾਇਆ ਅਤੇ ਬ੍ਰਹਮ ਕਿਹਾ ਜਾਂਦਾ ਹੈ।

ਕਿਰਿਆ ਵਿਚ ਛੇ ਨੇਮ ਕੰਮ ਕਰਦੇ ਹਨ—

ਜਾਯਤੇ—ਪੈਦਾ ਹੋਣਾ।

ਅਸਤੀ—ਹੈ, ਪ੍ਰਤੀਤ ਹੋਣਾ।

ਵਿਪ੍ਰਣਤੇ—ਤਬਦੀਲ ਹੋਣਾ।

ਵਰਧਤੇ—ਵਧਣਾ।

ਅਖਸ਼ਤੇ—ਕਮਜ਼ੋਰ ਹੋਣਾ।

ਵਿਨਸ਼ਅਤੀ—ਨਾਸ ਹੋਣਾ।

ਇਸਤੋਂ ਉਲਟ ਗਿਆਨ (ਬ੍ਰਹਮ) ਦੇ ਵੀ ਛੇ ਲੱਛਣ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

ਸਤਿ—ਇਕ ਰਸ ਰਹਿਣਾ।

ਚਿਤ—ਚੇਤਨ, ਜਿਸ ਨਾਲ ਹਰ ਵਸਤੂ ਵਿਚ ਚੇਨਤੰਨਤਾ ਆਉਂਦੀ ਹੈ।

ਆਨੰਦ—ਮੰਗਲ, ਖੇੜਾ, ਪ੍ਰਸੰਨਤਾ।

ਅਸਤੀ—ਹੈ—ਹਰ ਹਾਲ ਵਿਚ ਮੌਜੂਦ ਹੈ।

ਭਾਂਤੀ—ਪ੍ਰਤੀਤ ਹੋਣਾ।

ਪ੍ਰਿਯ—ਪਿਆਰਾ ਜਾਂ ਮੋਹਕ।

ਜ਼ਾਹਿਰ ਹੈ, ਗਿਆਨ ਹਮੇਸ਼ਾ ਇਕ ਰਸ ਰਹਿੰਦਾ ਹੈ। ਇਸ ਵਿਚ ਤਬਦੀਲੀ ਨਹੀਂ ਆਉਂਦੀ। ਗਿਆਨ ਅੰਮ੍ਰਿਤ ਰੂਪ ਤੇ ਕਿਰਿਆ ਮ੍ਰਿਤੂ ਰੂਪ ਹੈ। ਗਿਆਨ ਸੱਤ ਹੈ, ਕਿਰਿਆ ਅਸੱਤ। ਗਿਆਨ ਅਪਰਿਣਮ ਹੈ ਤੇ ਕਿਰਿਆ ਪਰਿਣਮਸ਼ੀਲ। ਗਿਆਨ ਤੋਂ ਬਿਨਾਂ ਕਿਰਿਆ ਨਹੀਂ ਰਹਿੰਦੀ ਤੇ ਕਿਰਿਆ ਤੋਂ ਬਿਨਾਂ ਗਿਆਨ ਪ੍ਰਕਾਸ਼ ਵਿਚ ਨਹੀਂ ਆਉਂਦਾ। ਗਿਆਨ ਬ੍ਰਹਮ ਰੂਪ ਹੈ ਤੇ ਕਿਰਿਆ ਮਾਇਆ ਰੂਪ। ਜਗਤ ਦਾ ਮੂਲ ਕਾਰਣ-ਪ੍ਰਜਾਪਤੀ ਇਕ ਹੀ ਹੈ। ਉਸ ਦਾ ਅੱਧਾ ਭਾਗ ਅੰਮ੍ਰਿਤ ਤੇ ਅੱਧਾ ਮਿਰਤੂ ਹੈ। ਮਧੂਸੂਧਨ ਸਰਸਵਤੀ ਅਨੁਸਾਰ ਭਗਤੀ ਦੇ ਦੋ ਰੂਪ ਪਰਾ ਅਤੇ ਅਪਰਾ ਹਨ। ਭਗਤੀ ਨੂੰ ਗਿਆਨ ਦੀ ਚਰਮ ਸੀਮਾ ਕਿਹਾ ਜਾਂਦਾ ਹੈ। ਇਸ ਨੂੰ ਆਚਾਰੀਆਂ ਨੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੈਵਲਯ ਭਗਤੀ ਦਾ ਨਾਮ ਦਿਤਾ ਹੈ। ਬਾਣੀਕਾਰਾਂ ਨੇ ਇਸੇ ਨੂੰ ਨਿਹਕੇਵਲ[2] ਜਾਂ ਨਿੱਜਭਗਤੀ[3] ਦਾ ਨਾਮ ਦਿਤਾ ਹੈ। ਅਪਰਾ ਭਗਤੀ ਨੂੰ ਸਾਧਨ ਕੋਟੀ ਵਿਚ ਰੱਖਿਆ ਹੈ। ਇਸੇ ਨੂੰ ਨਵਧਾ ਭਗਤੀ ਵੀ ਕਹਿੰਦੇ ਹਨ। ਅਪਰਾ ਭਗਤੀ ਦਾ ਮੂਲ ਸੰਬੰਧ ਕਿਰਿਆ ਨਾਲ ਹੈ ਤੇ ਪਰਾ ਦਾ ਗਿਆਨ ਨਾਲ। ਸੰਖੇਪ ਵਿਚ, ਭਗਤੀ ਕਿਰਿਆ ਅਤੇ ਗਿਆਨ ਦੇ ਯੋਗ ਨਾਲ ਹੀ ਸੰਪੰਨ ਹੁੰਦੀ ਹੈ।

ਸੰਕੇਤ ਕੀਤਾ ਜਾ ਚੁੱਕਾ ਹੈ, ਥੀਮ ਦੇ ਪੱਖੋਂ ਗੁਰੂ ਨਾਨਕ ਰਚਿਤ ਛੰਤਾਂ ਦੀ ਮੂਲ ਇਕਾਈ ਭਗਤੀ ਹੀ ਹੈ। ਭਗਤੀ ਆਚਾਰੀਆਂ ਨੇ ਅਨੁਰਾਗਾਤਮਕ ਅਨੁਭਵ ਸਿੱਧ ਮਨੋਬਿਰਤੀ ਨੂੰ ਸਨੇਹ ਕਿਹਾ ਹੈ। ਸ਼ੁਧ ਸਨੇਹ ਹੀ ਸ਼ੁਧ ਭਗਤੀ ਦੀ ਰਤੀ ਹੈ ਤੇ ਸ਼ੁਧ ਭਗਤੀ ਹੀ ਬ੍ਰਹਮ ਦੇ ਰੱਸਤਵ ਨੂੰ ਪ੍ਰਾਪਤ ਹੋ ਸਕਦੀ ਹੈ।

ਹੁਣ ਇਕ ਬੁਨਿਆਦੀ ਪ੍ਰਸ਼ਨ ਸਨਮੁਖ ਹੁੰਦਾ ਹੈ, ਭਗਤੀ-ਭਾਵਨਾ ਦਾ ਸੰਚਾਰ-ਮਾਧਿਅਮ ਕੀ ਹੈ ? ਸਾਹਿਤ ਆਚਾਰੀਆਂ ਵੀ ਇਸ ਤੱਥ ਨਾਲ ਸਹਿਮਤ ਹਨ ਕਿ ਭਗਵਦ ਵਿਸ਼ਿਅਕ ਅਨੁਭੂਤੀ ਨੂੰ ਪ੍ਰਗਟਾਣ ਲਈ ਭਗਤ ਜਨਾਂ ਜਾਂ ਬਾਣੀਕਾਰਾਂ ਨੂੰ ਲੌਕਿਕ ਸੰਬੰਧਾਂ ਦਾ ਸਹਾਰਾ ਲੈਣਾ ਪੈਂਦਾ ਹੈ। ਲੌਕਿਕ ਸੰਬੰਧ ਗੁਰਬਾਣੀ ਸੰਸਾਰ ਵਿਚ ਚਿਹਨ ਦਾ ਕੰਮ ਕਰਦੇ ਹਨ। ਬਾਣੀਕਾਰ ਚਿਹਨਿਕ ਚਿਹਨ ਦੇ ਅੰਤਰ ਨੂੰ ਭਾਸ਼ਕ ਜੁਗਤਾਂ ਰਾਹੀਂ ਵਖਰਿਆਉਂਦੇ ਹਨ। ਉਦਾਹਰਣ ਵਜੋਂ ਲੌਕਿਕ ਸੰਬੰਧਾਂ ਵਿਚ ਇਸਤ੍ਰੀ ਅਤੇ ਪੁਰਖ ਦੋਹਾਂ ਦੇ ਸੰਬੰਧਾਂ ਦੀ ਭਗਤੀ ਆਤਮਕ ਪੇਸ਼ਕਾਰੀ ਕੀਤੀ ਗਈ ਹੈ। ਗੁਰੂ ਨਾਨਕ ਦੇਵ ਨੇ ਛੰਤ-ਬਾਣੀ ਵਿਚ ਦੋ ਜੁਟ ਸਿਰਜੇ ਹਨ। ਪਹਿਲੇ ਦੀ ਹੋਂਦ ਅਧਿ-ਆਤਮਕ ਜਾਂ ਪਰਾ ਸਰੀਰਕ ਹੈ ਤੇ ਦੂਜੇ ਦੀ ਲੌਕਿਕ ਜਾਂ ਮਾਨਵੀ। ਅਧਿਆਤਮਕ ਹੋਂਦ ਬ੍ਰਹਮੀ ਹੋਂਦ ਹੈ। ਇਸੇ ਨੂੰ ਪਿਰ, ਨਾਹ, ਸਾਜਨ, ਸੁਆਮੀ, ਮੀਤਾ, ਪਿਆਰੇ, ਪ੍ਰੀਤਮ, ਸੋਹਨ, ਮੇਰੇ ਲਾਲ ਰੰਗੀਲੇ, ਖਸਮ, ਸਹੁ ਆਦਿ ਸ਼ਬਦਾਂ ਰਾਹੀਂ ਚਿਹਨਿਤ ਕੀਤਾ ਗਿਆ ਹੈ[4]। ਇਨ੍ਹਾਂ ਸਾਰਿਆਂ ਚਿਹਨਾਂ ਦਾ ਸੰਬੰਧ ਪਰਵਾਰਿਕ ਸੰਸਥਾ ਨਾਲ ਹੈ। ਇਹ ਇਸਤਰੀ ਪੁਰਖ ਦੇ ਆਤਮੀਅਤਾ ਦੇ ਸੰਬੰਧਾਂ ਨੂੰ ਚਿਹਨਿਤ ਕਰਦੇ ਹਨ। ਬਰਾਉਨ ਅਤੇ ਗਿਲਮੈਨ ਇਸੇ ਨੂੰ (Pronouns of Solidarity) ਜਾਂ ਆਤਮੀਅਤਾ ਪੜਨਾਵ ਕਹਿੰਦੇ ਹਨ। ਦੂਜੇ ਪਾਸੇ, ਗੁਰੂ ਨਾਨਕ ਦੇਵ ਨੇ ਬ੍ਰਹਮੀ ਹੋਂਦ ਲਈ ਕੁਝ ਅਜਿਹੇ ਚਿਹਨ ਵੀ ਵਰਤੇ ਹਨ ਜੋ ਅਮੂਰਤ ਸੰਕਲਪਕ ਹੋਂਦਾਂ ਵੀ ਹਨ[5] ਜਿਹਾ ਕਿ ਗੁਰਿ, ਹਰਿ, ਪ੍ਰਭ, ਆਦਿ ਪੁਰਖ,ਅਪਰੰਪਰ ਪਿਆਰਾ, ਸਤਿਗੁਰ, ਨਰਾਇਣ, ਗੋਪਾਲਾ, ਦਾਤਾ, ਸਾਚਾ ਸਾਹਿਬ, ਪਾਰਬ੍ਰਹਮ, ਆਦਿ ਜੁਗਾਦਿ, ਹੈਭੀ ਹੋਸੀ, ਸਿਰਜਣਹਾਰ, ਕਰਮਬਿਧਾਤਾ, ਦੁਖ ਬਿਸਾਰਣਹਾਰ, ਬਲਿਰਾਮ, ਸ੍ਰੀ ਧਰ, ਜਗਜੀਵਨ, ਬਨਵਾਰੀ, ਪ੍ਰਤਿਪਾਲਾ, ਭਰਪੂਰ ਧਾਰਿ, ਤ੍ਰਿਭਵਣ ਧਾਰੇ ਆਦਿ। ਖ਼ੂਬਸੂਰਤੀ ਇਹ ਹੈ, ਇਹ ਸੰਕਲਪਕ ਹੋਂਦਾ ਛੰਤਾਂ ਵਿਚ ਸਰੂਪਧਾਰ ਸੰਬੋਧਨ ਬਣ ਜਾਂਦੀਆਂ ਹਨ। ਇਨ੍ਹਾਂ ਨੂੰ ਹੀ ਗਿਲਮੈਨ ਸ਼ਕਤੀ ਪੜਨਾਂਵ (Pronouns of Power) ਦਾ ਨਾਮ ਦੇਂਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਸਾਰੇ ਦੇ ਸਾਰੇ ਚਿਹਨ ਬ੍ਰਹਮੀ ਹੋਂਦ ਦੀ ਸ਼ਕਤੀ ਨੂੰ ਚਿਹਨਿਤ ਕਰਦੇ ਹਨ। ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਉਪਰ ਸੰਕੇਤਿਕ ਪੜਨਾਂਵ ਇਕ ਅਜਿਹੀ ਹੋਂਦ ਨੂੰ ਚਿਹਨਿਤ ਕਰਦੇ ਹਨ ਜੋ ਅਸਾਧਾਰਣ ਸ਼ਕਤੀ ਦਾ ਸੁਆਮੀ ਵੀ ਹੈ ਤੇ ਨਿੱਤ ਜੋਬਨ ਬਾਲਾ ਵੀ। ਰੰਗ ਰੰਗੀਲਾ ਸਾਹਿਬ ਅੰਤਾਂ ਦਾ ਸਜੀਲਾ ਵੀ ਹੈ।

ਹੁਣ ਜ਼ਰਾ ਲੌਕਿਕ ਹੋਂਦ ਬਾਰੇ ਵੀ ਗੌਰ ਕਰਨੀ ਬਣਦੀ ਹੈ। ਇਸ ਜੁਟ ਦੀ ਹੋਂਦ ਮਾਨਵੀ ਹੈ। ਇਸ ਨੂੰ ਲੌਕਿਕ ਸੰਬੰਧਾਂ ਵਿਚ ਜੀਂਦਾ ਥੀਂਦਾ ਵਿਖਾਇਆ ਗਿਆ ਹੈ। ਵਿਰੋਧਾਭਾਸ ਇਹ ਹੈ ਕਿ ਹਨ ਇਹ ਵੀ ਸੰਕਲਪ ਹੋਂਦਾਂ। ਇਸ ਹੋਂਦ ਨੂੰ ਜੀਵਨ ਦੀਆਂ ਦੋ ਤਰ੍ਹਾਂ ਦੀਆਂ ਵਿਧੀਆਂ ਰਾਹੀਂ ਚਿਹਨਿਤ ਕੀਤਾ ਗਿਆ ਹੈ। ਪਹਿਲੀ ਵਿਧੀ ਨੂੰ ਸਾਮਾਜਿਕ ਪ੍ਰਵਾਨਗੀ ਪ੍ਰਾਪਤ ਹੈ। ਇਹ ਸੁਹਾਗਣ ਇਸਤ੍ਰੀ-ਪ੍ਰਤੀਕ ਹੈ। ਇਸ ਨੂੰ ਮੁੰਧ, ਸਾਧਨ, ਧਨ, ਨਾਰ, ਸਖੀ, ਸਹੇਲੀ, ਸਖੀ ਸਹੇਲੜੀ, ਪਿਰਸੰਗਿ ਮੂਠੜੀਏ ਆਦਿ ਸ਼ਬਦਾਂ ਰਾਹੀਂ ਸੰਬੋਧਿਤ ਕਰਕੇ ਮਾਨਵੀ ਹੋਂਦ ਚਿਹਨਿਤ ਕੀਤੀ ਗਈ ਹੈ। ਉਹ ਮਾਨਵੀ ਹੋਂਦ ਜੋ ਸਾਮਾਜਿਕ ਸੰਦਰਭ ਵਿਚ ਵਿਚਰਦੀ ਹੈ। ਇਸਨੂੰ ਸਾਮਾਜਿਕ ਪੱਧਰ ਉਤੇ ਪ੍ਰਵਾਨਗੀ ਪ੍ਰਾਪਤ ਹੈ। ਦੂਜੀ ਜੀਵਨ ਵਿਧੀ ਛੁੱਟੜ ਇਸਤਰੀ ਦੀ ਹੈ। ਇਸ ਨੂੰ ਸਾਮਾਜਿਕ ਸੰਦਰਭ ਵਿਚ ਨਾ ਤਾਂ ਪ੍ਰਵਾਨਗੀ ਹੀ ਪ੍ਰਾਪਤ ਹੈ ਤੇ ਨਾ ਹੀ ਇੱਜ਼ਤ ਮਾਣ। ਅਜਿਹੀ ਦਸ਼ਾ ਵਾਲੀ ਹੋਂਦ ਲਈ ਪੰਜ ਸ਼ਬਦਾਂ : ਦੁਹਾਗਣਿ, ਅਵਿਗੁਣਆਰੀ, ਕੂੜਿਆਰ, ਛੁੱਟੜ ਅਤੇ ਰਾਂਡ ਦਾ ਪ੍ਰਯੋਗ ਕੀਤਾ ਗਿਆ ਹੈ।[6] ਵਾਸਤਵ ਵਿਚ ਇਹ ਮਾਇਆ-ਵਿਗੁਤੇ ਜੀਵ ਦੀ ਅਵਸਥਾ ਨੂੰ ਚਿਹਨਿਤ ਕਰਦੇ ਹਨ। ਸਾਫ਼ ਹੈ, ਉਪਰ ਸੰਕੇਤਕ ਦੋਵੇਂ ਹੋਂਦਾ ਮਾਨਵੀ ਹੋਣ ਦਾ ਭੁਲੇਖਾ ਸਿਰਜਦੀਆਂ ਹਨ ਜਦ ਕਿ ਦੋਵੇਂ ਹੀ ਸੰਕਲਪਕ ਹਨ। ਗੁਰਮਤਿ ਅਨੁਸਾਰ ਪਹਿਲੀ ਨੂੰ 'ਗੁਰਮੁਖ' ਤੇ ਦੂਜੀ ਨੂੰ 'ਮਨਮੁਖ' ਸ਼ਬਦਾਂ ਰਾਹੀਂ ਪਾਰਿਭਾਸ਼ਤ ਕੀਤਾ ਜਾ ਸਕਦਾ ਹੈ।

ਇਥੇ ਇਹ ਨਿਖੇੜਾ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਬਰਾਊਨ ਤੇ ਗਿਲਮੈਨ ਨੇ ਆਤਮੀਅਤਾ ਪੜਨਾਂਵ ਤੇ ਸ਼ਕਤੀ ਪੜਨਾਂਵ ਦੀ ਸਾਰਥਕਤਾ ਨੂੰ ਸਾਮਾਜਿਕ ਸੰਦਰਭ ਵਿਚ ਨਿਰੂਪਿਤ ਕੀਤਾ ਹੈ। ਗੱਲ ਵਖਰੀ ਹੈ, ਅਜਿਹੇ ਪੜਨਾਂਵ ਧਰਮ-ਸੰਸਾਰ ਵਿਚ ਵੀ ਸੁਲੱਭ ਹਨ। ਇਥੇ ਇਹ ਧਿਆਨ ਰਹੇ, ਧਰਮ ਸੰਸਾਰ ਦਾ ਇਕ ਪੱਖ ਹਮੇਸ਼ਾ ਹੀ ਸੰਕਲਪਕ ਹੁੰਦਾ ਹੈ। ਬਾਣੀਕਾਰ ਇਸੇ ਸੰਕਲਪਕ ਹੋਂਦ ਦਾ ਨਿਰੂਪਣ ਕਰਨ ਲਗਿਆਂ ਇਨ੍ਹਾਂ ਦੋਹਾਂ ਤਰ੍ਹਾਂ ਦੇ ਪੜਨਾਂਵਾਂ ਦੀ ਵਰਤੋਂ ਕਰਦੇ ਹਨ। ਗਿਲਮੈਨ ਨੇ ਸ਼ਕਤੀ ਦਾ ਸੰਬੰਧ ਮਨੁੱਖ ਦੇ ਵਿਵਹਾਰਕ ਜਗਤ ਨਾਲ ਜੋੜਿਆ ਹੈ, ਪਰ ਧਰਮ ਸੰਸਾਰ ਵਿਚ ਬ੍ਰਹਮੀ ਹੋਂਦ ਸਦਾ ਤੋਂ ਹੀ ਸ਼ਕਤੀਵਾਨ ਰਹੀ ਹੈ ਤੇ ਮਨੁੱਖੀ ਹੋਂਦ ਹਮੇਸ਼ਾਂ ਤੋਂ ਲਾਚਾਰ ਮਜ਼ਬੂਰ ਤੇ ਨਿਗੂਣੀ ਜਿਹੀ ਸ਼ੈਅ ਹੈ। ਇਨ੍ਹਾਂ ਦੋਹਾਂ ਦਾ ਸੰਬੰਧ ਅਸਮਭਾਵੀ ਹੈ।

ਛੰਤਾਂ ਵਿਚ ਮਾਨਵੀਂ ਹੋਂਦ ਬ੍ਰਹਮੀ ਹੋਂਦ ਲਈ ਵਿਲਕਦੀ ਹੈ[7]। ਮਾਨਵੀਂ ਹੋਂਦ ਦੇ ਸਾਮਾਜਿਕ ਸੰਦਰਭਾਂ ਦੇ ਉਪਰ ਚਰਚਾ ਕੀਤੀ ਜਾ ਚੁੱਕੀ ਹੈ। ਪਹਿਲੀ, ਸੁਹਾਗਣ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਦੂਜੀ, ਦੁਹਾਗਣ। ਇਥ ਇਕ ਤੀਸਰੀ ਵਿਧੀ ਵੀ ਨਿਰੂਮਿਤ ਹੋਈ ਹੈ। ਉਹ ਹੈ, ਸ਼ਾਦੀ ਤੋਂ ਪਹਿਲਾਂ ਕੁਆਰੀ ਕੰਨਿਆ, ਹੋਣ ਵਾਲੇ ਪਤੀ ਲਈ ਲਾਲਸਾ ਰੱਖਦੀ ਹੈ, ਪਤੀ ਸੋਹਣਾ ਸੁਨੱਖਾ ਹੋਵੇ, ਰੰਗੀਲਾ ਤੇ ਸਜੀਲਾ ਹੋਵੇ, ਰਸੀਲੀ ਰਸਨਾ ਵਾਲਾ ਹੋਵੇ, ਮਨਮੋਹਕ ਅੰਗਾਂ ਵਾਲਾ ਹੋਵੇ ਆਦਿ ਭਾਵਾਂ ਦੀ ਅਭਿਵਿਅਕਤੀ ਮੁਈਏ, ਬਾਲੜੀਏ, ਨਵੇਲੜੀਏ, ਨੈਣ ਸਲੋਨੜੀਏ, ਸਚਿ ਨਵੇਲੜੀਏ, ਜੋਬਨ ਬਾਲੀ ਆਦਿ ਸੰਬੋਧਨਾਂ ਰਾਹੀਂ ਹੋਈ ਹੈ[8]। ਭਗਤ ਦੀ ਭਾਵੁਕਤਾ ਦਾ ਬੜਾ ਮਾਰਮਿਕ ਤੇ ਤਰਲ ਨਿਰੂਪਣ ਬਾਲੜੀ ਕੰਨਿਆ ਦੇ ਰੂਪਕ ਰਾਹੀਂ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਪਹਿਲੇ ਬਾਣੀਕਾਰ ਹਨ ਜਿਨ੍ਹਾਂ ਨੇ ਇਸਤਰੀ ਦੇ ਵਿਅਕਤੀਗਤ ਰੂਪ ਨੂੰ ਭਗਤ ਦੀ ਮਾਨਸਿਕਤਾ ਨਾਲ ਸੰਜੁਗਤ ਕਰਕੇ ਪੇਸ਼ ਕੀਤਾ ਹੈ।

ਭਗਤੀ ਆਚਾਰੀਆਂ ਨੇ ਭਗਤੀ ਨੂੰ ਇਕ ਸਿਸਟਮ ਵਿਚ ਬਿਆਨਣ ਲਗਿਆਂ ਉਚੇਚਾ ਬਲ ਅਸੰਨਿਧਾਨ (ਵਿਜੋਗ) ਭਗਤੀ ਉਪਰ ਦਿਤਾ ਹੈ। ਖੁਦ ਬਾਣੀਕਾਰਾਂ ਨੇ ਵੀ ਵਿਜੋਗਾਤਮਕ ਪੱਖ ਉਪਰ ਉਚੇਚਾ ਬਲ ਦਿਤਾ ਹੈ। ਸੰਨਿਧਾਨ (ਸੰਜੋਗ) ਭਗਤੀ ਤ੍ਰਿਪਤੀ ਦੀ ਲਖਾਇਕ ਹੈ। ਛੰਤਾਂ ਵਿਚ ਗਹਿਰਾਈ ਉਦੋਂ ਹੀ ਆਉਂਦੀ ਹੈ ਜਦੋਂ ਵਿਜੋਗਾਤਮਕ ਭਾਵਾਂ ਨੂੰ ਅਭਿਵਿਅਕਤ ਕੀਤਾ ਜਾਂਦਾ ਹੈ। ਛੰਤ ਅਸਲ ਵਿਚ ਸਿੰਗਾਰ-ਭਗਤੀ ਜੋ ਸਾਤਵਿਕ ਸਮਾਧੀ ਰੂਪ ਹੈ,' ਪੇਸ਼ ਕਰਦੇ ਹਨ। ਸਿੰਗਾਰ-ਰਸ ਦੇ ਨਾਇਕ ਵਿਸ਼ੇਸ਼ ਇਤਿਹਾਸਕ ਵਿਅਕਤੀ ਰਹੇ ਹਨ। ਸ਼ਿੰਗਾਰ-ਭਗਤੀ ਦਾ ਨਾਇਕ ਦੇਸ ਕਾਲ ਦੀ ਸੀਮਾ ਤੋਂ ਮੁਕਤ ਹੈ। ਉਸਦੇ ਮਿਲਾਪ ਲਈ ਸੋਚਿਆ ਜਾ ਸਕਦਾ ਹੈ। ਉਸ ਦੇ ਮਿਲਣ-ਛਿਣ ਨੂੰ ਸੁੰਦਰ ਤੋਂ ਸੁੰਦਰ ਭਾਵਪੂਰਤ ਸ਼ਬਦਾਂ ਦਾ ਜਾਮਾਂ ਪਹਿਨਾਇਆ ਜਾ ਸਕਦਾ ਹੈ, ਪਰ ਇਹ ਧਿਆਨ ਰਹੇ ਭਗਤ ਦੀ ਲੋਚਾ ਦਾ ਪ੍ਰਤੀ ਉੱਤਰ ਜਾਂ ਹੁੰਗਾਰਾ ਕਦੀ ਵੀ ਪ੍ਰਾਪਤ ਨਹੀਂ ਹੁੰਦਾ। ਇਸੇ ਲਈ ਹੀ ਮੂਲ ਰੂਪ ਵਿਚ ਬ੍ਰਹਮੀ ਤੇ ਮਾਨਵੀ ਹੋਂਦਾ ਅਸਮਭਾਵੀ ਹਨ। ਪਹਿਲੀ ਮੁਕਤਮਨ ਹੈ ਤੇ ਦੂਜੀ ਸਦਾ ਹੀ ਭਟਕਣ-ਰੂਪ। ਪਰ ਜੇ ਇਸ ਵਿਚ ਪ੍ਰਤੀਬਿੰਬਤ ਸਾਮਗ੍ਰੀ ਵਥ (content) ਨੂੰ ਨਕਾਰ ਦਿਤਾ ਜਾਏ ਤਾਂ ਦੋਹਾਂ ਜੁਟਾਂ ਦੀ ਹੋਂਦ ਹੀ ਸਮਾਪਤ ਹੋ ਜਾਂਦੀ ਹੈ। ਸੰਰਚਨਾ-ਵਾਦੀਆਂ ਅਨੁਸਾਰ ਸਾਹਿਤ ਵਸਤ ਨਹੀਂ, ਭਾਸ਼ਕ ਹੋਂਦ ਹੈ। ਜੇ ਸਾਹਿਤ ਨੂੰ ਭਾਸ਼ਕ ਹੋਂਦ ਮੰਨ ਲਿਆ ਜਾਵੇ ਤਾਂ ਸਾਹਿਤ ਵਿਚੋਂ ਵਥ ਨਹੀਂ, ਵਥ ਨੂੰ ਪੇਸ਼ ਕਰਨ ਵਾਲੇ ਨੇਮਾਂ ਨਾਲ ਪਛਾਣ ਪੈਦਾ ਕਰਨੀ ਪਵੇਗੀ। ਛੰਤਾਂ ਦਾ ਪੈਰਾਡਾਈਮ ਇਕ ਕ੍ਰਿਆ-ਲੜੀ ਵਿਚ ਬੱਝਾ ਹੋਇਆ ਹੈ। ਇਹ ਕਿਰਿਆ ਲੜੀ ਦੋਹਾਂ ਜੁਟਾਂ ਨੂੰ ਅਨੇਕ ਚਿਹਨਾਂ ਰਾਹੀਂ ਚਿਹਨਿਤ ਕਰਦੀ ਹੈ, ਪਰ ਹਰ ਹਾਲ ਵਿਚ ਨੇਮ ਇਕੋ ਹੀ ਹੈ। ਅਧਿਆਤਮਕ ਸਾਮਗ੍ਰੀ ਨੂੰ ਸਾਮਾਜਿਕ ਸੰਦਰਭਾਂ ਰਾਹੀਂ ਜਾਂ ਧਾਰਮਕ ਸੰਦਰਭਾਂ ਰਾਹੀਂ ਰੂਪਮਾਨ ਕੀਤਾ ਜਾਂਦਾ ਹੈ। ਵਾਧਾ ਇਹ ਹੈ ਕਿ ਅੰਗੀ ਅਤੇ ਅੰਗਵਾਨ ਦੇ ਅਨੇਭਾਵੀ ਸੰਬੰਧਾਂ ਦਾ ਪ੍ਰਗਟਾ-ਮਾਧਿਅਮ ਇਕੋ ਹੀ ਹੈ, ਪਰ ਚਿਹਨਿਕ ਅਲਗ ਅਲਗ। ਕੁਝ ਉਦਾਹਰਣ ਪੇਸ਼ ਹਨ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

| | |
|---|---|
| ੳ. ਮੇਰਾ ਇਛ ਪੁਨੀ ਜੀਉ ਹਸੈ ਘਰ | (ਮਾਨਵੀ ਹੋਂਦ) |
| ਸਾਜਨ ਆਇਆ | (ਮਾਨਵੀ ਹੋਂਦ ਨੂੰ ਬ੍ਰਹਮ ਹੋਂਦ ਦੀ ਪ੍ਰਾਪਤੀ ਹੋਈ)। |
| ਮਿਲ ਵਰ ਨਾਰੀ ਮੰਗਲ ਗਾਇਆ ਗੁਣ | (ਮਾਨਵੀ ਹੋਂਦ) |
| ਗਾਇ ਮੰਗਲ ਪ੍ਰੇਮ ਰਹਸੀ | |
| ਮੁੰਧ ਮਨ ਓਮਾਹਓ | (ਮਾਨਵੀ ਹੋਂਦ) |
| ਸਾਜਨ ਰਹੰਸੇ ਦੁਸਟ ਵਿਆਪੇ | |
| ਸਾਚੁ ਜਪੁ ਸਚੁ ਲਾਹਓ | (ਦੋਵੇਂ ਹੋਂਦਾਂ) |
| ਅ. ਸੁਣਿ ਨਾਹ ਪ੍ਰਭੂ ਜੀਓ ਏਕਲੜੀ ਬਨ ਮਾਹੇ | (ਮਾਨਵੀ ਹੋਂਦ) |
| ਕਿਉਂ ਧੀਰੈਗੀ ਨਾਹ ਬਿਨਾਂ ਪ੍ਰਭ | (ਦੋਵੇਂ ਹੋਂਦਾਂ—ਇਕ, ਵਿਆਕੁਲ |
| ਵੇਪਰਵਾਹੇ | ਦੂਜਾ, ਬੇਪਰਵਾਹ) |
| ਧਨ ਨਾਹ ਬਾਝਹੁ ਰਹਿ ਨਾ ਸਾਕੈ | ਮਾਨਵੀ ਹੋਂਦ |
| ਬਿਖਮ ਰੈਣਿ ਘਣੇਰੀਆਂ | |
| ਨਹਿ ਨੀਂਦ ਆਵੈ ਪ੍ਰੇਮ ਭਾਵੈ | ਮਾਨਵੀ ਹੋਂਦ |
| ਸੁਣਿ ਬੇਨਤੀ ਮੇਰੀਆਂ | ਮਾਨਵੀ ਬ੍ਰਹਮੀ ਹੋਂਦ ਅਗੇ ਜੋਦੜੀ ਕਰਦੀ ਹੈ। |
| ਬਾਝਹੁ ਪਿਆਰੇ ਕੋਇ ਨ ਸਾਰੇ | ਮਾਨਵੀ ਹੋਂਦ |
| ਏਕਲੜੀ ਕੁਰਲਾਇ | |
| ਨਾਨਕ ਸਾਧਨ ਮਿਲੇ ਮਿਲਾਈ | ਮਾਨਵੀ ਹੋਂਦ ਦਾ ਬ੍ਰਹਮੀ |
| ਮਿਲ ਪ੍ਰੀਤਮ ਸੂਖ ਪਾਏ | ਹੋਂਦ ਵਿਚ ਅੰਤਰਭਾਵ |
| ੲ. ਮੁੰਧ ਜੋਬਨ ਬਾਲੜੀਏ ਮੇਰਾ ਪਿਰ | ਮਾਨਵੀ ਹੋਂਦ (ਮੇਰਾ) ਸੰਦੇਸ਼ ਦੇਣ |
| ਰਲੀਆਲਾ ਰਾਮ | ਵਾਲਾ ਆਪਣੇ ਰਾਮ ਦੇ ਬਾਰੇ ਸੂਚਨਾ ਵੀ ਦੇ ਰਿਹਾ ਹੈ। |
| ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ | ਦੋਵੇਂ ਹੋਂਦਾਂ ਮੂਕ ਹਨ ਕੋਈ |
| ਦਇਆਲਾ ਰਾਮ | ਤੀਸਰੀ ਹੋਂਦ ਉਨ੍ਹਾਂ ਬਾਰੇ ਸੂਚਨਾ ਦੇ ਰਹੀ ਹੈ। |
| ਧਨ ਪਿਰਹਿ ਮੇਲਾ ਹੋਇ ਸੁਆਮੀ | ਕੋਈ ਤੀਸਰੀ ਹੋਂਦ |
| ਆਪ ਪ੍ਰਭ ਕਿਰਪਾ ਕਰੇ | |
| ਸੇਜਾ ਸੁਹਾਵੀ ਸੰਗਿ ਪਿਰਕੈ | ਪਹਿਲੀ-ਮਾਨਵੀ ਹੋਂਦ |
| ਸਾਤ ਸਰ ਅੰਮ੍ਰਿਤ ਭਰੇ | |
| ਸ. ਅਨਹਦੋ ਅਨਹਦ ਵਾਜੈ | ਮਾਨਵੀ ਹੋਂਦ—ਆਪਣੀ |
| ਰੁਣ ਝੁਣ ਕਾਰੇ ਰਾਮ | ਆਨੰਦਮਈ ਦਸ਼ਾ ਬਿਆਨ ਕਰ |



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਮਨੋ ਮੇਰਾ ਮਨ ਓਰਾਤੇ ਲਾਲ ਦੇਹੀ ਹੈ।
ਪਿਆਰੇ ਰਾਮ
ਅਨ ਦਿਨ ਰਾਤਾ ਮਨੁ ਬੈਰਾਗੀ ਅਲੋਕਿਕ ਹੋਂਦ
ਸੁੰਨ ਮੰਡਲ ਘਰਿ ਪਾਇਆ
ਆਦਿ ਪੁਰਖ ਅਪਰੰਪਰ ਪਿਆਰਾ
ਸਤਿਗੁਰ ਅਲਖ ਲਖਾਇਆ।

ਪ੍ਰਤੱਖ ਹੈ, ਇਨ੍ਹਾਂ ਛੰਤਾਂ ਵਿਚ ਦੋ ਧਿਰਾਂ ਉੱਭਰਦੀਆਂ ਹਨ। ਪਹਿਲੀ ਅਧਿਆਤਮਕ ਜਾਂ ਬ੍ਰਹਮੀ ਹੋਂਦ ਹੈ ਤੇ ਦੂਸਰੀ ਭਗਤੀ ਆਤਮਕ ਜਾਂ ਸਾਧਕ ਅਥਵਾ ਮਾਨਵੀ ਹੋਂਦ ਹੈ। ਇਥੇ ਇਨ੍ਹਾਂ ਦੋਹਾਂ ਦੇ ਚਿਹਨਿਤ ਚਿਹਨਾਂ ਦਾ ਨਿਖੇੜਾ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ—

| ਅਧਿਆਤਮਕ/ਬ੍ਰਹਮੀ ਹੋਂਦ | ਭਗਤੀ ਆਤਮਕ/ਮਾਨਵੀ ਹੋਂਦ |
|---|---|
| ੳ. ਸਾਜਨ | ੳ. ਮੇਰੀ, ਹਮ, ਨਾਰੀ, ਮੁੰਧ |
| ਅ. ਪ੍ਰਭੂ, ਵੇਪਰਵਾਹ, ਪਿਆਰੇ, ਨਾਹ | ਅ. ਏਕਲੜੀ, ਧਨ, ਸਾਧਨ। |
| ੲ. ਪਿਰ ਰਲੀਆਲਾ, ਰਾਮ, ਰਸ ਪ੍ਰੀਤ ਦਇਆਲਾ, ਸੁਆਮੀ ਪ੍ਰਭੂ ਪਿਰ | ੲ. ਮੁੰਧ, ਜੋਬਨ ਬਾਲੜੀਏ |
| ਸ. ਪਿਆਰਾ, ਆਦਿ ਪੁਰਖ, ਅਪਰੰਪਰ, ਸਤਿਗੁਰ, ਅਲਖ। | ਸ. ਮੇਰਾ |

ਪਹਿਲੀ ਧਿਰ ਅਮਾਨਵੀ ਹੋਣ ਕਰਕੇ ਅਧਿਆਤਮਕ ਕੋਟੀ ਦੇ ਅੰਤਰਗਤ ਆਉਂਦੀ ਹੈ। ਜੇ ਸਮਾਜਿਕ ਸ਼ੈਲੀਆਂ ਨੂੰ ਧਿਆਨ ਵਿਚ ਰੱਖਿਆ ਜਾਏ ਤਾਂ ਇਸ ਵਿਚ ਕੁਝ ਅਜਿਹੇ ਚਿਹਨ ਵੀ ਹਨ ਜਿਨ੍ਹਾਂ ਦਾ ਸੰਬੰਧ ਸਾਮਾਜਿਕ ਜਾਂ ਪਰਵਾਰਿਕ ਸੰਸਥਾ ਨਾਲ ਹੈ। ਉਦਾਹਰਣ ਵਜੋਂ ਸਾਜਨ, ਪਿਆਰਾ, ਪਿਰ ਤੇ ਸੁਆਮੀ ਅਜਿਹੇ ਸੰਕੇਤ ਹਨ ਜਿਨ੍ਹਾਂ ਦਾ ਪਰਵਾਰਿਕ ਜੀਵਨ ਵਿਚ ਮਹੱਤਵਪੂਰਣ ਸਥਾਨ ਹੈ। ਇਹ ਸਾਰੇ ਦੇ ਸਾਰੇ ਰਤੀ ਆਤਮਕ ਸੰਕੇਤ ਹਨ। ਪਿਆਰ-ਸੰਬੰਧ ਵਿਚ ਇਨ੍ਹਾਂ ਦਾ ਮਹੱਤਵ ਚਰਮ ਸੀਮਾ ਨੂੰ ਪ੍ਰਾਪਤ ਹੁੰਦਾ ਹੈ। ਦੂਸਰੇ ਪਾਸੇ, ਧਰਮ ਸੰਸਾਰ ਵਿਚ ਵੀ ਇਨ੍ਹਾਂ ਦਾ ਕੇਂਦਰੀ ਸਥਾਨ ਹੈ। ਦੈਵ ਮਨੁੱਖ ਲਈ ਅਨੁਰਾਗ ਦਾ ਵਿਸ਼ਾ ਹੈ। ਪ੍ਰੀਤ ਵਿਗੁਤਾ ਸਾਧਕ ਬ੍ਰਹਮ ਲਈ ਅਜਿਹੇ ਸੰਕੇਤਾਂ ਦਾ ਪ੍ਰਯੋਗ ਕਰਦਾ ਹੈ। 'ਪਿਰੁ ਰਲੀਆਲਾ' 'ਰਸ ਪ੍ਰੀਤ ਦਇਆਲਾ' ਵਰਗੇ ਸੰਕੇਤ ਜੀਵ ਅਤੇ ਬ੍ਰਹਮ ਦੇ ਭਾਵਨਾ ਮੂਲਕ ਸੰਬੰਧਾਂ ਦੀ ਹੀ ਪੁਸ਼ਟੀ ਕਰਦੇ ਹਨ। ਇੰਝ ਮਾਲੂਮ ਹੁੰਦਾ ਹੈ, ਬ੍ਰਹਮ ਇਥੇ ਸੰਕਲਪ ਨਾ ਰਹਿ ਕੇ ਮਾਨਵੀ ਹੋਂਦ ਦਾ ਰੂਪ ਗ੍ਰਹਿਣ ਕਰ ਗਿਆ ਹੋਵੇ। ਉਸ ਦੇ ਵੰਨਸੁਵੰਨੇ ਚੋਜ ਸਾਧਕ ਨੂੰ ਲੁਭਾ ਲੈਂਦੇ ਹੋਣ ਤੇ ਉਹ ਆਨੰਦ ਮੰਗਲ ਹੋ ਕੇ ਪ੍ਰਭੂ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਹਿਮਾ ਕਰਨ ਲਗਾਧਦਾ ਹੈ। ਇਥੇ ਇਕ ਹੋਰ ਸੰਕੇਤ ਵੀ ਪ੍ਰਾਪਤ ਹੁੰਦਾ ਹੈ। ਇਸ ਧਿਰ ਦਾ ਸੰਬੰਧ ਲੌਕਿਕ ਜਗਤ ਨਾਲ ਨਾਂ ਹੋ ਕੇ ਅਧਿਆਤਮਕ ਨਾਲ ਹੈ। ਇਸੇ ਕਰਕੇ ਜਦੋਂ ਗਿਆਨ ਮੂਲਕ ਸਿਧਾਂਤ ਦਾ ਨਿਰੂਪਣ ਕਰਨਾ ਹੋਵੇ ਤਾਂ ਅਜਿਹੀ ਹੋਂਦ ਪ੍ਰਕਾਸ਼ ਵਿਚ ਆਉਂਦੀ ਹੈ। ਇਸ ਦਾ ਸੁਨੇਹਾ ਪਾਰਜਾਤ ਸੱਤਹ ਨਾਲ ਹੈ। ਅਨਹਦੋ ਅਨਹਦ, ਸੁੰਨ ਮੰਡਲ, ਅਪਰੰਪਰ ਆਦਿ ਚਿਹਨ ਕਿਸੇ ਅਰੂਪ ਸੱਤਹ ਨੂੰ ਚਿਹਨਿਤ ਕਰਦੇ ਹਨ, ਜੋ ਨਿਪਟ ਸੰਕਲਪਕ ਹੋਂਦ ਹੈ। ਅਧਿਆਤਮਕ ਸੰਕਲਪ ਇਸੇ ਧਿਰ ਰਾਹੀਂ ਹੀ ਹੋਂਦ ਵਿਚ ਆਉਂਦੇ ਹਨ। ਇਹੀ ਨੇਮ ਭਗਤੀ ਦੇ ਮੂਲ ਤੱਤ ਗਿਆਨ ਦਾ ਪੂਰਕ ਹੈ ਤੇ ਛੰਤਾਂ ਦਾ ਵਿਆਪਕ ਗੁਣ-ਲੱਛਣ ਵੀ ਹੈ।

ਹੁਣ ਛੰਤਾਂ ਵਿਚ ਪੇਸ਼ ਹੋਈ ਦੂਸਰੀ ਧਿਰ ਬਾਰੇ ਸੰਖੇਪ ਵਿਚਾਰ ਉਚਿਤ ਹੈ। ਇਸ ਧਿਰ ਵਿਚ ਕੁਝ ਅਜਿਹੇ ਸੰਕੇਤ ਹਨ ਜੋ ਸੰਭਾਵਨਾ ਗਰਭਿਤ ਹਨ। ਇਸ ਧਿਰ ਦਾ ਮੂਲ ਸੰਬੰਧ ਵਿਅਕਤੀ ਵਿਸ਼ੇਸ਼ ਜਾਂ ਸਾਧਕ ਜਾਂ ਫਿਰ ਭਗਤ ਨਾਲ ਹੈ। ਇਹ ਆਪਣੇ ਬੁਨਿਆਦੀ ਰੂਪ ਵਿਚ ਇਕੱਲਕਾਰਾ ਹੀ ਹੁੰਦਾ ਹੈ। ਪਰ ਉਪਰ ਸੰਕੇਤਿਕ ਚਿਹਨ ਜਿਨ੍ਹਾਂ ਨੂੰ ਮੈਂ ਸੰਭਾਵਨਾ ਗਰਭਿਤ ਕਿਹਾ ਹੈ, ਉਸਦੇ ਅਧੀਨ ਦੋ ਤੁਕਾਂਤ ਆਉਂਦੇ ਹਨ—ਹਮ ਘਰ ਸਾਜਨ ਆਇਆ ਇਥੇ ਹਮ ਇਕ ਵਚਨ ਲਈ ਵੀ ਆ ਸਕਦਾ ਹੈ ਤੇ ਬਹੁ ਵਚਨ ਲਈ ਵੀ। ਇਸੇ ਤਰ੍ਹਾਂ ਮਿਲ ਵਰ ਨਾਰੀ ਮੰਗਲ ਗਾਇਆ' ਇਥੇ ਨਾਰੀ ਇਕਲੀ ਵੀ ਹੋ ਸਕਦੀ ਹੈ ਤੇ ਇਕੱਠ ਵਾਚਕ ਵੀ। ਉਂਝ ਇਸ ਵਿਚ ਬਹੁਤੇ ਉਹੀ ਸੰਕੇਤ ਹੀ ਹਨ ਜੋ ਨਿਪਟ ਇਕਲਕਾਰੀ ਮਾਨਵੀ ਹੋਂਦ ਦੇ ਲਖਾਇਕ ਹਨ ਜਿਹਾ ਕਿ ਮੁੰਧ, ਧਨ, ਸਾਧਨ, 'ਜੋਬਨ ਬਾਲੜੀਏ' 'ਏਕਲੜੀ ਬਨ ਮਾਹੇ' ਆਦਿ ਇਹ ਸਾਧਕ ਮਾਰਗ ਜਾਂ ਸਾਧਕ ਕੋਟੀ ਵਿਚ ਆਉਣ ਕਰਕੇ ਦੁਖ ਸਹਿੰਦੇ, ਭਟਕਦੇ ਜੋਦੜੀਆਂ ਕਰਦੇ ਪ੍ਰਭੂ ਮਿਲਣ ਲਈ ਅੰਤਾਂ ਚੀ ਲੋਚਾ ਰਖਦੇ ਹਨ। ਇਥੇ ਇਹ ਸਪਸ਼ਟ ਕਰਨਾ ਉਚਿਤ ਪ੍ਰਤੀਤ ਹੁੰਦੀ ਹੈ, ਜਿਨ੍ਹਾਂ ਦੀ ਸੰਬੋਧਨ ਸ਼ੈਲੀ ਦਾ ਸੰਬੰਧ ਧਾਰਮਿਕ ਸੰਸਥਾ ਨਾਲ ਹੈ। ਧਾਰਮਿਕ ਆਪਣੇ ਆਪ ਵਿਚ ਸੰਪ੍ਰਦਾਇਕ ਹੁੰਦੀ ਹੈ ਪਰ ਇਹ ਸੰਬੋਧਨ ਆਪਣੀ ਪ੍ਰਾਕਿਰਤੀ ਵਿਚ ਅਸੰਪ੍ਰਦਾਇਕ ਹਨ। ਮੁੰਧ, ਬਾਲੜੀ ਉਮਰ ਦੀ ਲੜਕੀ ਲਈ ਤੇ ਸਾਧਨ ਸਾਧਨਾਂ ਕਰਨ ਵਾਲੀ ਇਸਤ੍ਰੀ ਲਈ ਵਰਤਿਆ ਗਿਆ ਹੈ। ਇਸੇ ਤਰ੍ਹਾਂ ਨਾਰੀ ਅਤੇ ਧਨ ਵਿਆਹੁਤਾ ਨਾਰ ਲਈ ਸੰਕੇਤਿਕ ਹਨ। ਇਨ੍ਹਾਂ ਸੰਕੇਤਾਂ ਦਾ ਸਪਸ਼ਟ ਸੰਬੰਧ ਸਾਧਕ ਦੀ ਆਰਜਾ ਜਾਂ ਅਵਸਥਾ ਨਾਲ ਹੈ। ਭਗਤੀ ਆਚਾਰੀਆ ਨੇ ਸਿਧਾਂਤਕ ਤੌਰ ਤੇ ਚਾਰ ਤਰ੍ਹਾਂ ਦੇ ਭਗਤਾਂ ਦੀ ਗਣਨਾ ਕੀਤੀ ਹੈ—

1. ਆਰਤ ਭਗਤ (ਜੋ ਕਿਸੇ ਕਾਮਨਾ ਕਰਕੇ ਭਗਤੀ ਕਰਦਾ ਹੈ)
2. ਅਰਥਾ-ਅਰਥੀ ਭਗਤ (ਪ੍ਰਭੂ ਤੁੱਲ ਵਿਭੂਤੀ ਦੀ ਇੱਛਾ ਰੱਖਣ ਵਾਲਾ ਭਗਤ)
3. ਜਗਿਆਸੂ ਭਗਤ (ਲੌਕਿਕ ਦੁਖਾਂ ਦੀ ਨਵਿਰਤੀ ਤੇ ਅਲੌਕਿਕ ਸੁਖਾਂ ਦੀ ਲਾਲਸਾ ਰੱਖਣ ਵਾਲਾ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਗਿਆਨੀ ਭਗਤ(ਵਿਸ਼ੇ ਤਿਆਗਣ ਉਪਰੰਤ ਸ਼ਾਂਤ ਚਿੱਤ ਪ੍ਰਭੂ ਨਾਲ ਜੁੜਨ ਵਾਲਾ)

ਛੰਤਾਂ ਦਾ ਵਿਸ਼ਲੇਸ਼ਣਾਤਮਕ ਅਧਿਅਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਛੰਤਾਂ ਵਿਚ ਆਰਤ, ਜਗਿਆਸੂ ਅਤੇ ਗਿਆਨੀ ਭਗਤ ਨੂੰ ਉਚੇਚਾ ਸਥਾਨ ਮਿਲਿਆ ਹੈ। ਇਸਤੋਂ ਅਰਥ ਇਹ ਕਦਾਚਿਤ ਨਹੀਂ ਕਿ ਛੰਤਾਂ ਵਿਚ ਅਰਥ-ਅਰਥੀ ਭਗਤੀ ਨੂੰ ਸਥਾਨ ਨਹੀਂ ਮਿਲਿਆ ਇਥੇ ਇਤਨੀ ਹੀ ਬੇਨਤੀ ਹੈ ਅਰਥਾ-ਅਰਥੀ ਭਗਤ ਦਾ ਸਥਾਨ ਅਲਪ ਮਾਤਰਾ ਵਿਚ ਹੈ। ਗੁਰੂ ਨਾਨਕ ਦੇਵ ਨੇ ਸਮਰੱਥ ਬਾਣੀਕਾਰ ਵਾਂਗ ਪ੍ਰਭੂ ਅਤੇ ਸਾਧਕ ਦੇ ਸੰਬੰਧਾਂ ਨੂੰ ਭਗਤ ਵਿਸ਼ੇਸ਼ ਦੇ ਨਾਮ ਨਾਲ ਨਾ ਜੋੜ ਕੇ ਬ੍ਰਹਮੀ ਹੋਂਦ ਨੂੰ ਮਾਨਵੀ ਰੂਪ ਵਿਚ ਪੇਸ਼ ਕੀਤਾ ਹੈ। ਛੰਤਾਂ ਵਿਚ ਇਸਤਰੀ ਮਰਦ ਸੰਬੰਧਾਂ ਦੀ ਭਰਪੂਰ ਪੇਸ਼ਕਾਰੀ ਹੋਈ ਹੈ। ਉਨ੍ਹਾਂ ਦਾ ਜ਼ਿਕਰ ਕਰਨਾ ਅਨੁਚਿਤ ਨਹੀਂ ਹੋਵੇਗਾ। ਬਾਣੀ ਵਿਚ ਬ੍ਰਹਮ ਅਤੇ ਭਗਤ ਰੂਪੀ ਇਸਤ੍ਰੀ ਨੂੰ ਪਤੀ-ਪਤਨੀ ਪਿਰ-ਪਿਰਿਆ, ਸਖਾ-ਸਖੀ ਤੇ ਸਾਹਿਬ ਦਾਸੀ ਦੇ ਸੰਬੰਧ ਵਿਚ ਪੇਸ਼ ਕੀਤਾ ਗਿਆ ਹੈ।[9] ਬ੍ਰਹਮ ਨਾਲ ਦੂਸਰਾ ਰਿਸ਼ਤਾ ਇਸਤ੍ਰੀ ਸੰਬੰਧਾਂ ਦਾ ਨਾ ਹੋ ਕੇ ਮਰਦ-ਮਰਦ ਦੇ ਸੰਬੰਧ ਵੀ ਪ੍ਰਤੀਬਿੰਬਤ ਹੋਏ ਹਨ ਜਿਵੇਂ ਕਿ ਪਿਓ-ਪੁੱਤਰ, ਮਿੱਤਰ-ਮਿੱਤਰ, ਸਾਹਿਬ-ਗੋਲਾ। ਉਂਜ ਇਨ੍ਹਾਂ ਸਾਰਿਆਂ ਸੰਬੰਧਾਂ ਦੇ ਮੂਲ ਵਿਚ ਭਗਤੀ ਹੀ ਕੰਮ ਕਰ ਰਹੀ ਹੈ। ਛੰਤਾਂ ਵਿਚੋਂ ਇਹ ਨਿਖੇੜਾ ਕਰਨਾ ਸੰਭਵ ਨਹੀਂ ਕਿ ਕਿਸ ਛੰਤ ਵਿਸ਼ੇਸ਼ ਵਿਚ ਕਿਹੜੇ ਭਗਤ ਵਿਸ਼ੇਸ਼ ਦੀ ਭਗਤੀ ਨਿਰੂਪਤ ਹੋਈ ਹੈ। ਪਰ ਲੋਕਯਾਨ ਦੀਆਂ ਦੂਜੀਆਂ ਵੰਨਗੀਆਂ ਵਾਂਗ ਲੋਕ ਸਾਹਿਤ ਵੀ ਕਾਰਣ-ਕਾਰਜ-ਸੰਜੋਗ ਉਪਰ ਆਧਾਰਿਤ ਹੈ।[10] ਸੰਜੋਗ ਚੇਤਨਾ ਮਨੁੱਖ ਜਾਤੀ ਦੀ ਆਦਿਮ ਚੇਤਨਾ ਹੈ। ਭਾਸ਼ਾ ਚਿਹਨਾਂ ਵਿਚ ਇਹ ਸੰਜੋਗ-ਸੰਬੰਧ ਅਜ ਦਿਨ ਤਕ ਕੰਮ ਕਰਦਾ ਆ ਰਿਹਾ ਹੈ। ਸਪਸ਼ਟ ਹੈ, ਉਪਰ ਸੰਕੇਤਿਕ ਸੰਬੰਧ ਵਾਸਤਵ ਵਿਚ ਭਾਸ਼ਕ ਚਿਹਨ ਹਨ। ਇਨ੍ਹਾਂ ਭਾਸ਼ਕ ਚਿਹਨਾਂ ਰਾਹੀਂ ਸੰਜੁਗਤ ਭਗਤੀ ਦੀ ਪੇਸ਼ਕਾਰੀ ਹੋਈ ਹੈ। ਦੂਸਰੇ ਸ਼ਬਦਾਂ ਵਿਚ ਇਕੋ ਹੀ ਛੰਤ ਵਿਚ ਸਾਰੀਆਂ ਭਗਤੀਆਂ ਸਮਾਈਆਂ ਹੋਈਆਂ ਹਨ। ਛੰਤਾਂ ਵਿਚ ਸਿਰਜੀ ਗਈ ਦੂਸਰੀ ਧਿਰ ਭਗਤ ਤੇ ਭਗਤੀ ਦੀਆਂ ਲਗਭਗ ਸਾਰੀਆਂ ਲੱਸਾਂ ਨੂੰ ਪੇਸ਼ ਕਰਦੀ ਹੈ। ਕਿਸੇ ਛੰਤ ਵਿਚ ਆਰਤ ਭਗਤੀ ਜ਼ਰਾ ਵਧ ਤੇ ਜਗਿਆਸੂ ਭਗਤੀ ਜ਼ਰਾ ਘਟ ਹੈ। ਇਸੇ ਤਰ੍ਹਾਂ ਕਿਸੇ ਪੰਕਤੀ ਰਾਹੀਂ ਗਿਆਨੀ ਭਗਤ ਸਾਹਮਣੇ ਆਉਂਦਾ ਹੈ ਤਾਂ ਦੂਜੇ ਬੰਨਿਉ ਅਰਥਾ ਅਰਥੀ ਭਗਤ। ਕੁਲ ਮਿਲਾਕੇ, ਇਨ੍ਹਾਂ ਸੰਬੰਧਾਂ ਦਾ ਬੁਨਿਆਦੀ ਰਿਸ਼ਤਾ ਸਮਾਜ ਅਤੇ ਧਰਮ ਸੰਸਾਰ ਨਾਲ ਹੈ ਤੇ ਇਹ ਸੰਬੰਧ ਵੇਖਣ ਵਿਚ ਬਹੁਤ ਵਾਰ ਬਰਾਬਰੀ ਦਾ ਸੰਬੰਧ ਹੈ ਪਰ ਧਰਮ ਦ੍ਰਿਸਟੀ ਤੋਂ ਇਹ ਸੰਬੰਧ ਲਾਜ਼ਮੀ ਤੌਰ ਤੇ ਅਸਮਭਾਵੀ ਹੈ। ਬ੍ਰਹਮ ਤੇ ਮਨੁੱਖ ਕਦੇ ਵੀ ਇਕ ਪੱਧਰ, ਇਕ ਧਰਾਤਲ ਤੇ ਖਲੋ ਨਹੀਂ ਸਕਦੇ। ਹਾਂ ਜੇ ਬ੍ਰਹਮ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇ ਤਾਂ ਮਨੁੱਖ ਬ੍ਰਹਮ ਦਾ ਹੀ ਰੂਪ ਹੋ ਜਾਂਦਾ ਹੈ। ਅਜਿਹਾ ਭਗਤੀ ਆਚਾਰੀਆਂ ਦਾ ਮਤ ਹੈ। ਇਤਨਾ ਤਾਂ ਸਪਸ਼ਟ ਹੀ ਹੈ ਸਿਧਾਂਤਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੌਰ ਤੇ ਦਵੰਦ ਹੀ ਸੰਕਲਪਕ ਹੋਂਦਾ ਹੈ ਤੇ ਅਸਮਭਾਵੀ ਵੀ ।

ਹੁਣ ਇਕ ਨੁਕਤਾ ਸਹਿਜੇ ਹੀ ਸਾਹਮਣੇ ਆਉਂਦਾ ਹੈ । ਬਾਣੀਕਾਰਾਂ ਨੂੰ ਆਪਣੇ ਸੰਬੰਧ-ਪ੍ਰਗਟਾ ਜਾਂ ਅਨੁਭੂਤੀ-ਸੰਚਾਰ ਲਈ ਲੌਕਿਕ ਸੰਬੰਧਾਂ ਦੀ ਲੋੜ ਕਿਉਂ ਪਈ ? ਕਾਰਣ ਸਪਸ਼ਟ ਹੈ । ਮਨੁੱਖੀ ਜ਼ਿੰਦਗੀ ਵਿਚ ਇਸਤ੍ਰੀ ਪੁਰਖ ਸੰਬੰਧ ਨੂੰ ਸਭ ਤੋਂ ਵਧ ਮਹੱਤਵ ਮਿਲਿਆ ਹੈ । ਮਨੁੱਖ ਹਰ ਗੱਲ ਦਾ ਗਿਆਨ ਕਿਰਿਆ ਰਾਹੀਂ ਪ੍ਰਾਪਤ ਕਰਦਾ ਹੈ । ਫਰਾਇਡ ਅਨੁਸਾਰ ਸੰਸਾਰ ਦੀ ਚੂਲ ਇਸਤਰੀ ਪੁਰਖ ਦਾ ਲਿੰਗ-ਸੰਬੰਧ ਹੈ ਇਸ ਨੂੰ ਧਰਮ ਸੰਸਾਰ ਵਿਚ ਵੀ ਮਹੱਤਵਪੂਰਣ ਸਥਾਨ ਪ੍ਰਾਪਤ ਹੈ । ਲੌਕਿਕ ਸੰਬੰਧਾਂ ਵਿਚ ਇਸਤ੍ਰੀ ਪੁਰਖ ਦੇ ਰਿਸ਼ਤੇ ਦੀ ਕਿਤਨੀ ਤੀਖਣ ਖਿੱਚ ਹੁੰਦੀ ਹੈ ਉਸੇ ਦਾ ਹੀ ਰੂਪਾਂਤਣ ਧਰਮ-ਸੰਸਾਰ ਵਿਚ ਮਿਲਦਾ ਹੈ । ਲੌਕਿਕ ਵਿਵਹਾਰ ਵਿਚ ਇਸਤ੍ਰੀ ਪੁਰਖ ਸੰਜੋਗ-ਵਿਜੋਗ ਨੂੰ ਜਿਉਂਦੇ ਤੇ ਮਾਂਣਦੇ ਹਨ । ਦੁਖ-ਸੁਖ ਝਲਦੇ ਹਨ । ਇਕ ਦੀ ਅਣਹੋਂਦ ਵਿਚ ਘਰ-ਸੰਸਾਰ ਦੀ ਕਾਰ ਚਲਾਉਣੀ ਕਿਤਨੀ ਕਠਿਨ ਹੁੰਦੀ ਹੈ । ਅਨੁਭਵੀ ਪੁਰਖਾਂ ਨੇ ਜਗਿਆਸੂ ਦਾ ਉਪਕਰਣ ਬਦਲਕੇ ਸੰਸਾਰ ਦਾ ਮੂੰਹ ਰੱਬ ਵਲ ਕਰ ਦਿਤਾ ਹੈ । ਮਨੁੱਖ ਮਾਤਰ ਸੰਸਾਰੀ ਕਾਰ-ਵਿਹਾਰ ਤੇ ਸੰਜੋਗ-ਵਿਜੋਗ ਦੇ ਅਭਿਆਸੀ ਹੀ ਨਹੀਂ ਇਸ ਦਾ ਸ਼ਿਦਤ ਭਰਿਆ ਅਨੁਭਵ ਵੀ ਰੱਖਦੇ ਹਨ । ਇਹੀ ਕਾਰਣ ਹੈ, ਜੀਵ ਦੇ ਬ੍ਰਹਮ ਤੇ ਸੰਬੰਧ ਨੂੰ ਹੋਰ ਗਹਿਰਾਈ ਦੇਣ ਲਈ ਧਾਰਮਿਕਤਾ ਨੂੰ ਸਾਮਾਜਿਕਤਾ ਦੀ ਪਾਣ ਚੜ੍ਹਾਈ ਗਈ ਹੈ । ਅਧਿਆਤਮਕ ਵਿਹਾਰ ਦੀ ਸਹੀ ਸੂਝ ਲੌਕਿਕ ਵਿਹਾਰ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ । ਸ਼ਾਇਦ ਇਹੀ ਕਾਰਣ ਹੈ, ਬਾਣੀਕਾਰਾਂ ਨੇ ਅਧਿਆਤਮਕ ਰਮਜ਼ ਸਮਝਾਣ ਲਈ ਰੂਪਕ ਤੇ ਉਪਮਾਨ ਸਾਰੇ ਦੇ ਸਾਰੇ ਵਸਤੂ ਜਗਤ ਵਿਚੋਂ ਲਏ ਹਨ । ਮਨੁੱਖ ਨਿੱਜੀ ਅਨੁਭਵ ਤੋਂ ਡੂੰਘਿਆਈ ਗ੍ਰਹਿਣ ਕਰਦਾ ਹੈ ।

ਸੰਖੇਪ ਵਿਚ, ਛੰਤ ਜਿਥੇ ਇਸਤਰੀ ਮਰਦ ਦੇ ਪ੍ਰਾਕ੍ਰਿਤਕ ਸੰਬੰਧਾਂ ਨੂੰ ਸਾਂਸਕ੍ਰਿਤਕ ਰੂਪ ਵਿਚ ਪੇਸ਼ ਕਰਦੇ ਹਨ ਉਥੇ ਇਹ ਰੂਪਕ ਅਧਿਆਤਮਕ ਸੰਬੰਧਾਂ ਨੂੰ ਨਾਂ ਕੇਵਲ ਸਮਝਣ ਵਿਚ ਮਦਦ ਹੀ ਕਰਦੇ ਹਨ ਡੂੰਘਾ ਹੋਰ ਡੂੰਘੇਰਾ ਕਰਦੇ ਹਨ । ਨਹੀਂ ਤਾਂ ਬਾਣੀਕਾਰਾ ਨੂੰ ਇਨ੍ਹਾਂ ਸੰਬੰਧਾਂ ਵਿਚ ਲੌਕਿਕ ਰਿਸ਼ਤੇ ਜਿੰਨੀ ਤੀਖ਼ਣਤਾ, ਵੇਗ, ਭਾਵੁਕਤਾ ਆਦਿ ਭਰਨ ਦੀ ਕੀ ਲੋੜ ਸੀ ? ਇਥੇ ਇਹ ਧਿਆਨ ਰਹੇ, ਬਾਣੀਕਾਰਾਂ ਨੇ ਬ੍ਰਹਮ ਤੇ ਮਨੁੱਖੀ ਹੋਂਦ ਦੇ ਰਿਸ਼ਤੇ ਨੂੰ ਇਕ ਸਿਸਟਮ ਵਾਂਗ ਪੇਸ਼ ਕਰਕੇ ਅਧਿਆਤਮਕ ਸੰਕਲਪਨਾ ਦੀ ਗਹਿਰ ਨੂੰ ਹੋਰ ਗੰਭੀਰ ਕੀਤਾ ਹੈ । ਸੰਬੰਧ-ਚੋਣ ਕਰਨ ਲਗਿਆਂ ਉਨ੍ਹਾਂ ਨੇ ਵਥ (Content) ਨੂੰ ਅੱਖੋਂ ਓਹਲੇ ਨਹੀਂ ਕੀਤਾ । ਉਨ੍ਹਾਂ ਨੇ ਅੰਤਿਮ ਸੱਚ ਦਾ ਪ੍ਰਗਟਾ ਕਰਨ ਲਈ ਭਾਸ਼ਕ ਚਿਹਨਾਂ ਨੂੰ ਜੁਗਤ ਦੇ ਤੌਰ ਤੇ ਹੀ ਨਹੀਂ ਵਰਤਿਆ ਸਗੋਂ ਇਸ ਰਾਹੀਂ ਪ੍ਰਾਕ੍ਰਿਤਕ ਸੰਬੰਧਾਂ ਉਪਰ ਛਾਪ ਵੀ ਲਾਈ ਹੈ । ਇਥੇ ਇਹ ਦੁਹਰਾਣਾ ਜੋਗ ਪ੍ਰਤੀਤ ਹੁੰਦਾ ਹੈ । ਛੰਤਾਂ ਸੁਨਿਸ਼ਚਿਤ ਨਿਆਇਕ ਸੰਗਠਨ ਅਨੁਸਾਰ ਅਲੌਕਿਕ ਤੇ ਲੌਕਿਕ ਹੋਂਦਾ ਸ਼ਿੰਗਾਰ ਭਗਤੀ ਦੇ ਮਾਧਿਅਮ ਰਾਹੀਂ ਅਧਿਆਤਮਕ ਤੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਨਵੀ ਹੋਂਦ ਦੋ ਵਖਰੀਆਂ ਹੋਂਦਾਂ ਦੇ ਰੂਪ ਵਿਚ ਸਥਾਪਿਤ ਵੀ ਕਰਦਾ ਹੈ ਤੇ ਦੋਹਾਂ ਦਾ ਅੰਤਰਭਾਵ ਵੀ। ਇਹੀ, ਇਸ ਰੂਪ ਦੀ ਆਪਣੀ ਨਿਵੇਕਲੀ ਵਿਲੱਖਣਤਾ ਵੀ ਹੈ। ਅਧਿਆਤਮਕ ਆਨੰਦ ਦੀ ਪ੍ਰਾਪਤੀ ਲਈ ਇਹ ਦੋਵੇਂ ਧਿਰਾਂ ਇਕ ਮਾਧਿਅਮ ਵੀ ਹਨ ਤੇ ਆਪਣੇ ਆਪ ਵਿਚ ਅੰਤਿਮ ਪ੍ਰਾਪਤੀ-ਬਿੰਦੂ ਵੀ। ਇਹ ਦੋਵੇਂ ਹੋਂਦਾਂ ਅੰਤਰ ਨਿਰਭਰ ਵੀ ਹਨ ਤੇ ਇਕ ਦੂਜੇ ਦੀਆਂ ਪੂਰਕ ਵੀ। ਜੇ ਮਾਨਵੀ ਹੋਂਦ ਨੂੰ ਮਨਫ਼ੀ ਕਰ ਦਿਤਾ ਜਾਏ ਤਾਂ ਬ੍ਰਹਮੀ ਹੋਂਦ ਦੀ ਸਾਰਥਕਤਾ ਅਧੂਰੀ ਹੀ ਨਹੀਂ ਸੰਦਿਗਧ ਰਹਿ ਜਾਂਦੀ ਹੈ। ਛੰਤ-ਰੂਪ ਦੀ ਇਹ ਬੜੀ ਵੱਡੀ ਦੇਣ ਹੈ ਕਿ ਮਨੁੱਖ ਨੂੰ ਬ੍ਰਹਮੀ ਹੋਂਦ ਦੇ ਸਾਹਵੇਂ (parallel) ਰੱਖ ਕੇ ਵਿਚਾਰਦਾ ਹੈ। ਬਲਕਿ ਬਹੁਤ ਵਾਰ ਰਬੀ ਰਮਜ਼ਾਂ ਦੀ ਸਮਝ ਆਉਂਦੀ ਹੀ ਮਾਨਵੀ ਹੋਂਦ ਕਰਕੇ ਹੈ। ਸੰਦੇਹ ਨਹੀਂ, ਮਾਨਵੀ ਹੋਂਦ ਨੂੰ ਅਕਸਰ ਬਾਲੜੀ, ਨਵ੍ਹਬਾਲੀ, ਦੇ ਸੰਕੇਤਾਂ ਰਾਹੀਂ ਹੀ ਰੂਪਮਾਨ ਕੀਤਾ ਗਿਆ ਹੈ।

## ਫੁਟ ਨੋਟ

1. ਵੇਦ ਦੇ ਰਚਨਾ-ਕਾਲ ਬਾਰੇ ਵਿਦਵਾਨ ਇਕ ਮਤ ਨਹੀਂ। ਮੈਕਸਮੂਲਰ ਵੇਦ ਨੂੰ 1300 ਸੰਨ ਈਸਵੀ ਪੂਰਬ ਮੰਨਦਾ ਹੈ। ਵਿਨਟਰਨੈਟਸ ਨੇ 2000 ਸੰਨ ਈਸਵੀ ਪੂਰਬ ਮੰਨਿਆ ਹੈ। ਜੈਕੋਬੀ ਨੇ 4500 ਸੰਨ ਈਸਵੀ ਪੂਰਬ ਕਿਹਾ ਹੈ। ਲੋਕ ਮਾਨ ਨੇ ਵੇਦ ਨੂੰ 8000 ਈਸਵੀ ਪੂਰਬ ਕਿਹਾ ਹੈ। ਅਬਿਨਾਸ਼ ਚੰਦਰ ਗੁਪਤ ਨੇ ਵੇਦ ਨੂੰ 2500 ਪੂਰਬ ਈਸਵੀ ਮੰਨਿਆ ਹੈ। ਸਪਸ਼ਟ ਹੈ, ਵਿਦਵਾਨ ਅੱਜ ਤਕ ਵੀ ਵੇਦ ਦਾ ਰਚਨਾ-ਕਾਲ ਨਿਸ਼ਚਿਤ ਨਹੀਂ ਕਰ ਸਕੇ ਪਰ ਇਤਨਾ ਤਾਂ ਸਰਬ ਪ੍ਰਵਾਣਿਤ ਹੈ ਕਿ ਵੇਦ ਸੰਸਾਰ ਦਾ ਸਭ ਤੋਂ ਪੁਰਾਣਾ ਸਾਹਿਤ ਹੈ।

ਇਸ ਦੀ ਪਰਾ ਪ੍ਰਾਚੀਨਤਾ ਦਾ ਪ੍ਰਮਾਣ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਵੇਦ ਦੇ ਸਹੀ ਅਧਿਅਨ ਕਰਨ ਲਈ ਵਿਭਿੰਨ ਜੁਗਤਾਂ ਹੋਂਦ ਵਿਚ ਆਈਆਂ ਜਿਹਾ ਕਿ—ਸਿਖਸ਼ਾ, ਕਲਪ, ਵਿਆਕਰਣ, ਨਿਰੁਕਤ, ਛੰਦ ਅਤੇ ਜੋਤਿਸ਼। ਇਨ੍ਹਾਂ ਨੂੰ ਹੀ ਵੇਦਾਂਗ (ਵੇਦ+ਅੰਗ) ਕਿਹਾ ਗਿਆ ਹੈ। ਸਮੇਂ ਦੇ ਬੀਤਣ ਨਾਲ ਵੇਦ ਨੂੰ ਸਮਝਣਾ ਕਠਿਨ ਹੁੰਦਾ ਗਿਆ। ਜ਼ਾਹਿਰ ਹੈ, ਵੇਦ ਅੰਗਾਂ ਤੋਂ ਬਾਅਦ, ਚਾਰ ਸ਼ਾਸਤਰ ਉਪਨਿਸ਼ਦ ਆਖਿਆਨ ਆਦਿ ਹੋਂਦ ਵਿਚ ਆਏ। ਇਹ ਸਾਰੇ ਵੇਦ-ਵਿਸਤਾਰ ਹੀ ਕਰਦੇ ਰਹੇ।

2. ਦਰਸ਼ਨ ਦੇਖ ਭਈ **ਨਿਹਕੇਵਲ** ਜਨਮ ਮਰੰਣ ਦੁਖ ਨਾਸਾ।

3. **ਨਿੱਜ ਭਗਤੀ** ਸੀਲਵੰਤੀ ਨਾਰ, ਰੂਪ ਅਨੂਪ ਪੂਰੀ ਆਚਾਰ।

4.ੳ. ਸਾਧਨ ਦੁਬਲੀਆਂ ਜੀਉ **ਪਿਰ** ਕੇ ਹਾਵੇ। ਗਉੜੀ ਪੂਰਬੀ ਛੰਤ ਮ:੧

ਅ. ਸੁਣ **ਨਾਹ** ਪ੍ਰਭੂ ਜੀਉ ਏਕ ਲੜੀ ਬਨ ਮਾਹੇ। ਗਉੜੀ ਛੰਤ ਮਹਲਾ ੧



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ੲ. ਮੇਰੀ ਇਛ ਪੁਨੀ ਜੀਉ ਹਮ ਘਰ **ਸਾਜਨ** ਆਇਆ ।
ਗਉੜੀ ਪੂਰਬੀ ਛੰਤ ਮਹਲਾ ੧
ਸ. ਧਨ ਪਿਰਹਿ ਮੇਲਾ ਹੋਇ ਸੁਆਮੀ । ਆਸਾ ਛੰਤ ਮਹਲਾ ੧
ਹ. ਹਮ ਘਰ ਸਾਚਾ ਸੋਹਿਲੜਾ ਪ੍ਰਭ ਆਇਅੜੇ **ਮੀਤਾ** ਰਾਮ । ਆਸਾ ਛੰਤ ਮਹਲਾ ੧
ਕ. ਮੇਰਾ ਮਨੋ ਮੇਰਾ ਮਨ ਰਾਤਾ ਰਾਮ **ਪਿਆਰੇ** ਰਾਮ । ਆਸਾ ਮਹਲਾ ੧
ਖ. ਧਨ ਭਾਇ ਭਗਤੀ ਦੇਖਿ **ਪ੍ਰੀਤਮ** ਕਾਮ ਕ੍ਰੋਧ ਨਿਵਾਰਿਆ । ਬਿਲਾਵਲ ਮਹਲਾ ੧
ਗ. **ਮੇਰੇ ਲਾਲ ਰੰਗੀਲੇ** ਹਮ **ਲਾਲਨ** ਕੇ ਲਾਲੇ । ਤੁਖਰੀ ਮਹਲਾ ੧
ਘ. **ਮੋਹਨਿ** ਮੋਹਿ ਲੀਆ ਮਨੁ ਮੇਰਾ । ਤੁਖਾਰੀ ਮਹਲਾ ੧
ਙ. ਵਾਰੀ **ਖਸਮ** ਕਢਾਏ ਕਿਰਤੁ ਕਮਾਵਣਾ । ਵਡਹੰਸ ਮਹਲਾ ੧
ਸਚੁ ਮਨਿ ਸਜਨ ਸੰਤੋਖ ਮੇਲਾ ਗੁਰਮਤੀ **ਸਹੁ** ਜਾਣਿਆ ।
ਗਉੜੀ ਪੂਰਬੀ ਛੰਤ ਮਹਲਾ ੧
5.ੳ. **ਗੁਰ** ਪੁਛਿ ਲਿਖਾਉਗੀ ਜੀਉ ਸ਼ਬਦ ਸੁਨੇਹਾ । ਗਉੜੀ ਪੂਰਬੀ ਛੰਤ ਮ: ੧
ਅ. ਨਾਨਕਾ **ਹਰਿ** ਵਰੁ ਵੇਖਿ ਬਿਗਸੀ । ਆਸਾ ਛੰਤ ਮਹਲਾ ੧
ੲ. ਹਮ ਘਰ ਸਾਚਾ ਸੋਹਿਲੜਾ **ਪ੍ਰਭ** ਆਇਅੜੇ ਮੀਤਾ ਰਾਮ । ਆਸਾ ਮਹਲਾ ੧
ਸ. **ਸਾਚੁ ਸਾਹਿਬੋ ਆਦਿ ਪੁਰਖ ਅਪਰੰਪਰੈ** ਧਾਰੇ ਰਾਮ । ਆਸਾ ਮਹਲਾ ੧
ਹ. **ਆਦਿ ਜੁਗਾਦੀ ਹੈ ਭੀ ਹੋਸੀ** ਅਵਰ ਝੂਠਾ ਸਭ ਮਾਨੋ । ਆਸਾ ਮਹਲਾ ੧
ਕ.ਤੂ ਸਭਨੀ ਥਾਈ ਜਿਥੇ ਹਉ ਜਾਈ ਸਾਚਾ **ਸਿਰਜਣਹਾਰ** ਜੀਉ । ਆਸਾ ਛੰਤ ਮ:੧
ਖ. ਸਭਨਾਂ ਕਾ **ਦਾਤਾ ਕਰਮ ਬਿਧਾਤਾ ਦੂਖ ਬਿਸਾਰਣ ਹਾਰ ।**
ਗ. **ਸਤਿਗੁਰ** ਪੂਛਿ ਨ ਮਾਰਗਿ ਚਾਲੀ । ਸੂਹੀ ਛੰਤ ਮਹਲਾ ੧
ਘ. ਬਾਬਾ ਮੈ ਵਰੁ ਦੇਹਿ ਮੈਂ ਹਰਿ ਵਰੁ ਭਾਵੈ ਤਿਸਕੀ **ਬਲਿਰਾਮ** ਜੀਉ ।
ਙ. ਤ੍ਰਿਭਵਣ **ਕੰਤ** ਰਵੈ ਸੋਹਾਗਣ ।
6.ੳ. ਨਾਨਕ ਨਾਮ ਬਿਨਾ **ਦੋਹਾਗਣਿ** ਛੂਟੀ ਝੂਠਿ ਵਿਛੁੰਨਿਆ । ਧਨਾਸਰੀ ਛੰਤ ਮ:੧
ਅ. **ਅਵਗੁਣਿਆਰੀ** ਕੰਤਿ ਵਿਸਾਰੀ ਛੂਟੀ ਵਿਧਣ ਰੈਣੀ । ਧਨਾਸਰੀ ਛੰਤ ਮ:੧
ੲ. ਨਾਮ ਬਿਨਾ **ਕੂੜਿਆਰ** ਕੂੜ ਕਮਾਣਿਆ ਜੀਉ । ਧਨਾਸਰੀ ਛੰਤ ਮ:੧
7. ੳ. ਮੁੰਧ ਰੈਣਿ ਦੁਹੇਲੜੀਆ ਜੀਉ ਨੀਂਦ ਨਾ ਆਵੈ ।
ਅ. ਸੁਣ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ।
8. ੳ. ਮੁੰਧ ਜੋਬਨਿ ਬਾਲੜੀਏ ਮੇਰਾ ਪਿਰ ਰਲੀਆਲਾ ਰਾਮ ।
ਅ. ਭਰਿ ਜੋਬਨਿ ਮੈ ਮਤ ਪੇਈਅੜੈ ਘਰ ਪਾਹੁਣੀ ਬਲਿ ਰਾਮ ਜੀਉ ।
ੲ. ਬਾਬਾ ਮੈ ਵਰੁ ਦੇਹਿ ਮੈਂ ਹਰਿ ਵਰੁ ਭਾਵੈ ਤਿਸਕੀ ਬਲਿਰਾਮ ਜੀਉ ।
ਸ. ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ ।
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ।
ਹ. ਆਵਹੁ ਮੀਤ ਪਿਆਰੇ ਮੰਗਲ ਗਾਵਹੁ ਨਾਰੇ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ. ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ।

ਖ. ਮੁੰਧ ਨਵੇਲੜੀਆ ਗੋਇਲਿ ਆਈ ਰਾਮ ।

ਗ. ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ।

ਘ. ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ ।

ਙ. ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ।
ਵਖਰੁ ਰਾਖ ਮੁਈਏ ਆਵੈ ਵਾਰੀ ਰਾਮ ।

9. ਪਤੀ- ਮੁੰਧ ਜੋਬਨਿ ਬਾਲੜੀਏ ਮੇਰਾ **ਪਿਰੁ** ਰਲੀਆਲਾ ਰਾਮ
ਪਤਨੀ **ਧਨ** ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ
ਆ: ਗ੍ਰੰ: 435

ਮਾਲਕ ਆਓ ਨਾ ਜਾਉ ਕਹੀ ਅਪਨੇ **ਸਹ** ਨਾਲੀ ਰਾਮ
ਦਾਸੀ ਨਾਹ ਅਪਨੇ ਸੰਗਿ **ਦਾਸੀ** ਮੈ ਭਗਤਿ ਹਰਿ ਕੀ ਭਾਵਏ
ਆ: ਗ੍ਰੰ: 843

ਪਿਰ- ਰਾਮ ਨਾਮ ਰਸਾਲ ਰਸੀਆ
ਪਿਰੀਆ ਰਵੈ ਸਾਚਿ ਪਿਆਰੀਆ ਆ: ਗ੍ਰੰ: 843

ਸਾਹਿਬ- ਰਾਜੋ ਤਾ ਤੇਰਾ ਸਦਾ ਨਿਹਥਲੁ ਇਹੁ ਕਬਹੁ ਨਾ ਜਾਵਏ
ਸੇਵਕ ਚਾਕਰੁ ਤ ਤੇਰਾ ਸੋਇ ਹੋਵੈ ਜੋਇ ਹੋਵੈ ਜੋਇ ਸਹਿਜ ਸਮਾਵਏ ।
ਆ: ਗ੍ਰੰ: 567

10. ਡਾ. ਹਰਿਭਜਨ ਸਿੰਘ, ਸਾਹਿਤ ਵਿਗਿਆਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਘੋੜੀਆਂ

ਵਿਉਤਪੱਤੀ ਅਨੁਸਾਰ ਘੋੜੀ ਸੰਸਕ੍ਰਿਤ ਦੇ ਘੋਟਕ ਸ਼ਬਦ ਤੋਂ ਬਣਿਆ ਹੈ। ਪ੍ਰਾਕ੍ਰਿਤ ਵਿਚ ਘੋਟਕ ਤੋਂ ਘੋੜਾ ਹੋ ਗਿਆ ਤੇ ਇਸੇ ਤਰ੍ਹਾਂ ਪੰਜਾਬੀ ਵਿਚ ਵੀ ਘੋੜਾ ਸ਼ਬਦ ਹੀ ਪ੍ਰਚਲਿਤ ਹੈ। ਘੋੜੀ ਘੋੜਾ ਦਾ ਇਸਤ੍ਰੀ ਲਿੰਗ ਹੈ ਤੇ ਘੋੜੀਆਂ ਬਹੁਵਚਨ ਸ਼ਬਦ। ਕਾਹਨ ਸਿੰਘ ਨਾਭਾ ਅਨੁਸਾਰ ਸ਼ਾਦੀ ਦੇ ਮੌਕੇ ਉਪਰ ਬਰਾਤ ਨੂੰ ਡੇਰਾ ਦੇਣ ਤੋਂ ਬਾਅਦ ਵਿਆਹ ਸੰਸਕਾਰ ਤੋਂ ਪਹਿਲਾਂ ਲਾੜੇ ਨੂੰ ਘੋੜੀ ਉਤੇ ਸਵਾਰ ਕਰਾ ਕੇ ਲਾੜੀ ਦੇ ਘਰ ਲੈ ਜਾਂਦੇ ਸਨ। ਇਸੇ ਰਸਮ ਦਾ ਨਾਮ ਘੋੜੀ ਹੈ। ਪਿਛੋਂ ਸ਼ਾਇਦ, ਇਸ ਰਸਮ ਵਿਚ ਹੌਲੀ ਹੌਲੀ ਤਬਦੀਲੀ ਆਉਂਦੀ ਗਈ ਤੇ ਅਜ ਕਲ੍ਹ ਘੋੜੀ ਦੀ ਰਸਮ ਲਾੜੇ ਦੇ ਘਰ ਹੀ ਜੰਞ ਚੜ੍ਹਨ ਵੇਲੇ ਹੁੰਦੀ ਹੈ ਤੇ ਜੰਞ ਦੇ ਢੁੱਕਾ ਵੇਲੇ ਲਾੜਾ ਘੋੜੀ ਉਪਰ ਬੈਠ ਕੇ ਆਉਂਦਾ ਹੈ। ਲਾੜੇ ਦੀ ਘੋੜੀ ਚੜ੍ਹਨ ਵੇਲੇ, ਭੈਣਾਂ ਵੀਰਾਂ ਦੇ ਸ਼ਗਨ ਮਨਾਉਂਦਿਆਂ ਜੋ ਗੀਤ ਗਾਉਂਦੀਆਂ ਹਨ ਉਨ੍ਹਾਂ ਦੀ ਸੰਗਿਆ ਘੋੜੀਆਂ ਹੈ। ਲਾੜਾ ਆਪਣੇ ਘਰੋਂ ਘੋੜੀ ਉਪਰ ਚੜ੍ਹੇ ਜੇਹਾ ਕਿ ਅਜਕਲ੍ਹ ਪ੍ਰਚਲਤ ਹੈ, ਜਾਂ ਭਾਈ ਕਾਹਨ ਸਿੰਘ ਅਨੁਸਾਰ ਲੜਕੀ ਦੇ ਸ਼ਹਿਰ ਪੁੱਜ ਕੇ ਜੰਞ ਦਾ ਡੇਰਾ ਕਰਨ ਉਪਰੰਤ ਲਾੜੇ ਨੂੰ ਲਾੜੀ ਦੇ ਘਰ ਘੋੜੀ ਉਪਰ ਬਿਠਾ ਕੇ ਲੈ ਜਾਇਆ ਜਾਂਦਾ ਸੀ। ਦੋਹਾਂ ਹਾਲਤਾ ਵਿਚ ਭੈਣਾਂ ਖ਼ੁਸ਼ੀ ਦੇ ਗੀਤ ਗਾਉਂਦੀਆਂ ਸਨ। ਅਜ ਵੀ ਪੰਜਾਬ ਵਿਚ ਇਹ ਰਸਮ ਮੌਜੂਦ ਹੈ ਤੇ ਭੈਣਾਂ ਬੜੀ ਖ਼ੁਸ਼ੀ ਨਾਲ ਇਸ ਰਸਮ ਸਮੇਂ ਘੋੜੀਆਂ ਗਾਉਂਦੀਆਂ ਹਨ।

ਗੁਰੂ ਰਾਮਦਾਸ ਜੀ ਨੇ ਇਸ ਰਸਮ ਦਾ ਰੂਪਾਂਤਰਣ ਕਰਦੇ ਹੋਏ ਵਡਹੰਸੁ ਰਾਗ ਵਿਚ ਜੋ ਘੋੜੀਆਂ ਰਚੀਆਂ ਹਨ,ਉਹਨਾਂ ਵਿਚ ਲੋਕ-ਪਰਲੋਕ ਦੇ ਸੁਖਾਂ ਨੂੰ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ ਹੈ। ਦੇਹ ਰੂਪੀ ਲਾੜੀ ਨੂੰ ਘੋੜੀ ਦੇ ਪ੍ਰਤੀਕ ਰਾਹੀਂ ਰੂਪਮਾਨ ਕੀਤਾ ਗਿਆ ਹੈ। ਇਸ ਪ੍ਰਤੀਕ ਦੇ ਚਾਰ ਡੰਡੇ ਹਨ—ਦੇਹ ਰੂਪੀ ਘੋੜੀ ਉਤੇ ਚੜ੍ਹ ਕੇ, ਸਾਧ ਸੰਗਤ ਦੀ ਜੰਞ ਲੈ ਕੇ, ਸੰਸਾਰ ਦਾ ਕਠਿਨ ਮਾਰਗ ਕਟਣ ਉਪ੍ਰੰਤ ਜੀਵਾਤਮਾ ਦਾ ਹਰੀ ਨਾਲ ਮਿਲਾਪ ਹੁੰਦਾ ਹੈ। ਇਸ ਰਚਨਾ ਵਿਚ ਪਹਿਲਾਂ ਦੇਹ ਨੂੰ ਸਜੀਲੀ ਘੋੜੀ ਦਾ ਪ੍ਰਤੀਕ ਦਿੱਤਾ ਗਿਆ ਹੈ। ਫਿਰ ਗੁਰੂ-ਨਾਮ ਜਪਣ ਦੇ ਵਸੀਲਿਆਂ ਨੂੰ ਜ਼ੀਨ ਬਣਾਇਆ ਹੈ, ਫਿਰ ਮਨ ਨੂੰ ਕਾਬੂ ਕਰਨ ਦੇ ਸਾਧਨਾਂ ਨੂੰ ਲਗਾਮ ਤੇ ਚਾਬਕ ਦਸ ਕੇ ਅਜੇਹੀ ਸਵਾਰੀ ਦੀ ਵਡਿਆਈ ਕੀਤੀ ਹੈ ਜੋ ਅੰਤ ਪਿਆਰੇ ਨਾਲ ਜਾ ਮਿਲਉਂਦੀ ਹੈ।

'ਘੋੜੀਆਂ' ਲੋਕ-ਕਾਵਿ-ਰੂਪ ਘੋੜੀਆਂ ਦੀ ਧਾਰਨਾ ਉਪਰ ਰਚੀਆਂ ਗਈਆਂ ਹਨ। ਇਹ ਰੂਪ ਕੇਵਲ ਗੁਰੂ ਰਾਮਦਾਸ ਜੀ ਨੇ ਹੀ ਅਪਣਾਇਆ ਹੈ। ਘੋੜੀਆਂ ਇਕ ਪ੍ਰਤੀਕ ਹੈ ਜਿਸ ਵਿਚ ਵਿਆਹ ਨਾਲ ਸੰਬੰਧਿਤ ਘੋੜੀ ਰਸਮ ਦਾ ਲੌਕਿਕ ਵਰਣਨ ਮੌਜੂਦ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ ਦੇ ਸਮੇਂ ਅਸੀਂ ਤੋਰਾਂ ਸੁਹਣੀ ਘੋੜੀ ਨੂੰ ਸ਼ਿਗਾਰਿਆ ਜਾਂਦਾ ਹੈ। ਉਸ ਉਪਰ ਜੜਾਊ ਕਾਠੀ ਪਾਈ ਜਾਂਦੀ ਹੈ। ਘੋੜੀ ਅਥਰੀ ਹੋ ਕੇ ਭੱਜ ਨਾ ਪਵੇ, ਉਸ ਨੂੰ ਜ਼ਬਤ ਵਿਚ ਰਖਣ ਲਈ ਲਗਾਮ ਪਾਈ ਜਾਂਦੀ ਹੈ। ਕਦੀ ਕਦੀ ਉਹ ਚਲਦਿਆਂ ਲੋੜ ਨਾਲੋਂ ਵਧ ਮੁੱਠੀ ਹੋ ਜਾਂਦੀ ਹੈ ਤਾਂ ਉਸ ਨੂੰ ਚਾਬਕ ਵੀ ਮਾਰਨੀ ਪੈਂਦੀ। ਖ਼ੁਸ਼ੀ ਨਾਲ ਹੱਸਦੇ ਖੇਡਦੇ ਅਖੀਰ ਲਾੜੀ ਦੇ ਘਰ ਪਹੁੰਚ ਜਾਈਦਾ ਹੈ। ਇਸ ਤਰ੍ਹਾਂ ਲਾੜੇ ਲਾੜੀ ਦਾ ਮਿਲਾਪ ਹੁੰਦਾ ਹੈ।

'ਘੋੜੀਆਂ' ਅਸਲ ਵਿਚ ਦੂਹਰੇ ਭਾਵ allegory ਵਾਲੀ ਰਚਨਾ ਹੈ। ਇਸ ਰਸਮ ਨਾਲ ਇਕ ਪਾਸੇ, ਬਾਹਰੀ ਵਾਤਾਵਰਣ ਨੂੰ ਪੇਸ਼ ਕੀਤਾ ਹੈ। ਦੂਜੇ ਪਾਸੇ, ਜੀਵ-ਦੇਹ ਤੇ ਜੀਵਾਤਮਾ ਨੂੰ ਪ੍ਰਭੂ ਪਤੀ ਦੀ ਪ੍ਰਾਪਤੀ ਕਿਨਾਂ ਸਾਧਨਾਂ ਨਾਲ ਹੋ ਸਕਦੀ ਹੈ, ਉਨ੍ਹਾਂ ਦਾ ਵਰਣਨ ਹੈ। ਰੂਪਕ ਵਜੋਂ ਮਨੁੱਖਾ ਦੇਹੀ ਘੋੜੀ ਵਾਂਗ ਸੁਘੜ ਤੇ ਬਾਂਕੀ ਹੈ। ਜਿਸ ਤਰ੍ਹਾਂ ਦੂਲਹਾ ਘੋੜੀ ਉਤੇ ਸਵਾਰ ਹੋਣ ਸਮੇਂ ਖ਼ੁਸ਼ੀ ਨਾਲ ਲਾਲ ਸੂਹਾ ਹੋ ਜਾਂਦਾ ਹੈ ਇਸ ਤਰ੍ਹਾਂ ਅਧਿਆਤਕ ਮਾਰਗ ਉਪਰ ਤੁਰਨ ਵਾਲਾ ਸਾਧਕ ਉਤਸ਼ਾਹ ਭਰਪੂਰ ਆਨੰਦ ਦੇ ਫੁਹਾਰੇ ਛੱਡਦਾ ਹੈ। ਇਕ ਪਾਸੇ, ਘੋੜੀ ਉਪਰ ਕਾਠੀ ਪਾਈ ਜਾਂਦੀ ਹੈ। ਦੂਸਰੇ ਪਾਸੇ, ਜੀਵਾਤਮਾ ਹਰਿ ਨਾਮ ਨਾਲ ਆਪਣੇ ਆਪ ਨੂੰ ਜੋੜ ਕੇ ਅਥਵਾ ਸੋਹਣਾ ਬਣਾ ਲੈਂਦੀ ਹੈ। ਘੋੜੀ ਬੇਕਾਬੂ ਨਾ ਹੋ ਜਾਵੇ ਉਸ ਨੂੰ ਲਗਾਮ ਪਾਈ ਜਾਂਦੀ ਹੈ, ਇਸੇ ਤਰ੍ਹਾਂ ਮਨ ਨੂੰ ਕਾਬੂ ਰੱਖਣ ਲਈ ਗਿਆਨ ਦਾ ਅੰਕੁਸ਼ ਪਾਇਆ ਜਾਂਦਾ ਹੈ। ਘੋੜੀ ਲਾੜੇ ਨੂੰ ਲਾੜੀ ਦੇ ਘਰ ਪੁਚਾਣ ਦਾ ਸਾਧਨ ਹੈ। ਇਸੇ ਤਰ੍ਹਾਂ ਦੇਹ ਮਨੁੱਖ ਨੂੰ ਸਾਧ ਸੰਗਤ ਵਿਚ ਲਿਜਾਣ ਦਾ ਮਾਧਿਅਮ ਹੈ। ਲਾੜਾ ਲਾੜੀ ਮਿਲਣ ਉਪ੍ਰੰਤ ਆਨੰਦ ਨੂੰ ਪ੍ਰਾਪਤ ਹੁੰਦੇ ਹਨ ਇਸੇ ਤਰ੍ਹਾਂ ਜੀਵਾਤਮਾ ਗੁਰੂ ਦੀ ਕ੍ਰਿਪਾ ਨਾਲ ਸਾਧ ਸੰਗਤ ਨੂੰ ਮਿਲ ਕੇ ਅਨੰਦ-ਤਰੰਗਤ ਹੋ ਉਠਦੀ ਹੈ। ਉਹ ਸਰੀਰ ਧੰਨ ਹੈ ਜੋ ਜੀਵ ਨੂੰ ਸਤਿਗੁਰੂ ਦੇ ਦੁਆਰੇ ਪਹੁੰਚਾ ਕੇ ਅਧਿਆਤਮਕ ਮੰਡਲ ਤਕ ਪੁਚਾ ਦੇਂਦਾ ਹੈ। ਜ਼ਾਹਿਰ ਹੈ, ਘੋੜੀਆਂ ਦੀ ਯਾਤਰਾ ਲੌਕਿਕਤਾ ਤੋਂ ਅਲੌਕਿਕਤਾ ਵਲ ਹੈ। ਵਾਸਤਵਿਕ ਰਸਮ ਤੋਂ ਅਧਿਆਤਮ ਮਰਮ ਨੂੰ ਪ੍ਰਾਪਤ ਹੋਣਾ ਹੈ।

ੴ ਸਤਿਗੁਰ ਪ੍ਰਸਾਦਿ ॥

**ਵਡਹੰਸੁ ਮਹਲਾ ੪ ਘੋੜੀਆ** (ਆਦਿ ਗ੍ਰੰਥ 575)

ਦੇਹ ਤੇਜਣਿ[1] ਜੀ ਰਾਮਿ ਉਪਾਈਆ ਰਾਮ
ਧਨੁ ਮਾਣਸ ਜਨਮੁ ਪੁੰਨਿ[2] ਪਾਈਆ ਰਾਮ
ਮਾਣਸ ਜਨਮੁ ਵਡਪੁੰਨੇ ਪਾਇਆ ਦੇਹ ਸੁ ਕੰਚਨ[3] ਚੰਗੜੀਆ
ਗੁਰਮੁਖਿ ਰੰਗੁ ਚਲੂਲਾ[4] ਪਾਵੈ ਹਰਿ ਹਰਿ ਹਰਿ ਨਵਰੰਗੜੀਆ[5]
ਏਹ ਦੇਹ ਸੁਬਾਂਕੀ[6] ਜਿਤੁ ਹਰਿ ਜਾਪੀ[7] ਹਰਿ ਹਰਿ ਨਾਮਿ ਸੁਹਾਵੀਆ[8]
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇਹ ਪਾਵਉ ਜੀਨੁ[9] ਬੁਝਿ ਚੰਗਾ ਰਾਮ
ਚੜਿ ਲੰਘਾ ਜੀ ਬਿਖਮੁ ਭੁਇਅੰਗਾ[10] ਰਾਮ
ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ[11] ਸਬਦਿ ਤਰਾਏ
ਅਨਦਿਨੁ ਹਰਿ ਰੰਗਿ ਹਰਿਗੁਣ ਗਾਵੈ ਹਰਿ ਰੰਗੀ ਹਰਿ ਰੰਗਾ
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥੨॥
ਕੜੀਆਲੁ[12] ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ[14] ਗੁਰਮੁਖਿ ਜੀਤਿਆ[15]
ਅਘੜੋ[16] ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ[17] ਹਰਿ ਰੰਗੁ ਤੁਰੀ[18] ਚੜਾਇਆ
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥
ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ[19] ਰਾਮ
ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇ ਕਿਰਤੁ ਜੁੜੰਦਾ
ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ
ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤਜਨਾ ਜੰਞ ਆਈ
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥੪॥

## ਵਡਹੰਸੁ ਮਹਲਾ ੪

ਦੇਹ ਤੇਜਨੜੀ[20] ਹਰਿ ਨਵਰੰਗੀਆ ਰਾਮ
ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ
ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ[21] ਮਿਤਿ[22] ਜਾਣੀਆ
ਸਭ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ[23]
ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤ ਹਰਿ ਜਨ ਮੰਗੀਆ
ਜਨੁ ਕਹੈ ਕਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ ॥੧॥
ਦੇਹ ਕੰਚਨ ਜੀਨੁ[24] ਸੁਵਿਨਾ ਰਾਮ
ਜੜਿ ਹਰਿ ਹਰਿ ਨਾਮੁ ਰਤੰਨਾ ਰਾਮ
ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ[25]
ਗੁਰ ਸਬਦੁ ਪਾਇਆ ਹਰਿਨਾਮੁ ਧਿਆਇਆ, ਵਡਭਾਗੀ ਹਰਿ ਰੰਗ ਹਰਿ ਬਣੇ
ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ[26] ਹਰਿ ਨਵਰੰਗੀਆ
ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ ॥੨॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੜੀਆਲੁ[27] ਮੁਖੇ ਗੁਰਿ ਅੰਕਸੁ[28] ਪਾਇਆ ਰਾਮ
ਮਨੁ ਮੈਗਲੁ[29] ਗੁਰ ਸਬਦਿ ਵਸਿ ਆਇਆ ਰਾਮ
ਮਨੁ ਵਸਗਤਿ[30] ਆਇਆ ਪਰਮ ਪਦੁ ਪਾਇਆ ਸਾਧਨ ਕੰਤਿ ਪਿਆਰੀ
ਅੰਤਰਿ ਪ੍ਰੇਮ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ
ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ
ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ ॥੩॥
ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ
ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ
ਹਰਿ ਗਾਇ ਮੰਗਲੁ[32] ਰਾਮਨਾਮਾ ਹਰਿ ਸੇਵ ਸੇਵਕ ਸੇਵਕੀ[33]
ਪ੍ਰਭ ਜਾਏ ਪਾਵੈ ਰੰਗ ਮਹਲੀ[34] ਹਰਿ ਰੰਗ ਮਹਲੀ[35] ਹਰਿ ਰੰਗੁ ਮਾਣੇ ਰੰਗਕੀ
ਗੁਣ ਰਾਮ ਗਾਏ ਮਨਿ ਸੁਭਾਏ[36] ਹਰਿ ਗੁਰਮਤੀ ਮਨਿ ਧਿਆਇਆ
ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਹਰਿ ਪਾਇਆ[37] ॥

## ਫੁਟ ਨੋਟ

1 ਘੋੜੀ, 2 ਦੁਬਾਰਾ, 3 ਦੇਹ ਸੋਨੇ ਵਾਂਗ ਸੋਹਣੀ ਭਾਵ ਅਮੋਲਕ ਹੈ,4 ਚੂੰ ਲਾਲਾ (ਫ਼ਾਰਸੀ,ਪੋਸਤ ਦੇ ਫੁੱਲ ਵਰਗਾ ਗੂੜ੍ਹਾ ਲਾਲ)5 ਨਵੇਂ ਰੰਗ ਵਿਚ ਰੰਗੀ ਹੋਈ,6 ਸੁੰਦਰ, 7 ਜਪਾਂ,8 ਸੁਹਾਵਣੀ ਹੋ ਗਈ ਹੈ,9 ਜੀਨ ਅਥਵਾ ਦੇਹ ਨੂੰ ਇਹ ਕਾਠੀ ਪਾਵਾਂ ਕਿ ਚੰਗੇ ਹਰੀ ਨੂੰ ਜਾਣ ਲਹਾਂ,10 ਸੰਸਾਰ ਸਮੁੰਦਰ,11 ਗੁਰੂ ਮਲਾਹ ਹੈ ਤੇ ਸ਼ਬਦ ਨਾਲ ਤਾਰਦਾ ਹੈ,12 ਲੋਹੇ ਦੀ ਲਗਾਮ, 13 ਜਿਤ ਕੇ, 14 ਫਤਹ ਪਾਈ, 15 ਨਾ ਘੜੇ ਹੋਏ ਮਨ ਨੂੰ ਘੜੇ ਅਥਵਾ ਸੋਧੇ, 16 ਉਚਾਰੀ, 17-18-19 ਘੋੜੀ, 20 ਗਤੀ, 21 ਅੰਦਾਜ਼ਾ, 22 ਜਪਣ ਨਾਲ, 23 ਕਾਠੀ, 24 ਸੋਨੇ ਦੀ ਹੈ, 25 ਬਹੁਤ, 26 ਨਵਾਂ ਤਨ ਅਥਵਾ ਜੁਆਨ, 27 ਲਗਾਮ, 28 ਲੋਹੇ ਦੀ ਸੀਖ ਜਿਸ ਨਾਲ ਮਹਾਵਤ ਹਾਥੀ ਉਤੇ ਕੰਟਰੋਲ ਕਰਦਾ ਹੈ, 29 ਹਾਥੀ ਅਥਵਾ ਮਨ ਹਾਥੀ ਦੀ ਤਰ੍ਹਾਂ ਹੈ, 30 ਵਸ ਵਿਚ ਆਇਆ, 31 ਨਾਲ, 32 ਖ਼ੁਸ਼ੀ ਦਾ ਗੀਤ, 33 ਦਾਸਾਂ ਦੀ ਦਾਸੀ ਹੋ ਕੇ, 34 ਪ੍ਰੇਮ ਅਵਸਥਾ, ਆਨੰਦ ਘਰ, 35 ਚੰਗਾ ਲਗ ਗਿਆ ਹੈ, 36 ਪ੍ਰਭੂ ਦੀ ਪ੍ਰਾਪਤੀ ਹੋਈ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅਲਾਹਣੀਆਂ

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕਦੇਵ ਜੀ ਤੇ ਗੁਰੂ ਅਮਰਦਾਸ ਜੀ ਨੇ ਵਡਹੰਸ ਰਾਗ ਵਿਚ ਅਲਾਹਣੀ ਰਚਨਾ ਦੀ ਸਿਰਜਣਾ ਕੀਤੀ ਹੈ। ਇਥੇ ਉਨ੍ਹਾਂ ਦਾ ਮੂਲ ਪਾਠ ਨਾ ਦੇ ਕੇ ਅਲਾਹਣੀ ਦਾ ਅਧਿਐਨ ਪੇਸ਼ ਕੀਤਾ ਰਿਹਾ ਹੈ।

ਉਹ ਗੀਤ ਜਿਸ ਵਿਚ ਕਿਸੇ ਦੇ ਗੁਣ ਗਾਏ ਜਾਣ। ਖ਼ਾਸ ਕਰਕੇ ਮੋਏ ਪ੍ਰਾਣੀ ਦੇ ਗੁਣ, ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਨੂੰ ਅਲਾਹੁਣੀ ਕਿਹਾ ਜਾਂਦਾ ਹੈ। ਡਾ. ਚਰਨ ਸਿੰਘ ਨੇ ਇਸ ਦਾ ਮੂਲ ਸੰਬੰਧ ਆਲਾਪ ਨਾਲ ਜੋੜਿਆ ਹੈ। ਨਾਇਣ ਦਾ ਮ੍ਰਿਤੂ ਵਿਰਲਾਪ ਜੋ ਉਹ ਮੁਰਦੇ ਲਈ ਕੀਰਨੇ ਪਾਉਂਦੀ ਤੇ ਇਸਤ੍ਰੀਆਂ ਨੂੰ ਪਿਟਾਉਂਦੀ ਹੈ, ਨੂੰ ਅਲਾਹੁਣੀ ਕਿਹਾ ਜਾਂਦਾ ਹੈ। ਨਾਇਣ ਅਲਾਹੁਣੀ ਨੂੰ ਇਕ ਖ਼ਾਸ ਹੇਕ ਨਾਲ ਗਾਉਂਦੀ ਹੈ। ਅਲਾਪ ਆਮ ਤੌਰ ਤੇ ਅੱਧਾ ਕੁ ਉਚਾਰ ਕੇ ਅੱਧਾ ਕੁ ਗਾ ਕੇ ਲਿਆ ਜਾਂਦਾ ਹੈ। ਸ਼ਾਇਦ ਇਹੀ ਕਾਰਣ ਹੈ, ਇਸ ਦਾ ਮੂਲ ਸੰਬੰਧ ਅਲਾਪ ਨਾਲ ਜੋੜਿਆ ਗਿਆ ਹੈ।

ਕੁਲ ਮਿਲਾ ਕੇ, ਇਸ ਨੂੰ ਲੋਕ-ਕਾਵਿ ਦੀ ਇਕ ਵੰਨਗੀ ਵਜੋਂ ਸਵੀਕਾਰਿਆ ਗਿਆ ਹੈ। ਮ੍ਰਿਤਕ ਪ੍ਰਾਣੀ ਦੇ ਗੁਣ ਗਾਨ ਕਰਨ ਲਈ ਸਾਡੀ ਲੋਕ ਬੋਲੀ ਵਿਚ ਤਿੰਨ ਸ਼ਬਦ ਮੌਜੂਦ ਹਨ—ਕੀਰਨੇ, ਵੈਣ ਤੇ ਅਲਾਹੁਣੀ। ਸ਼ਾਇਦ, ਕਿਸੇ ਕਾਰਣ ਅਲਾਹੁਣੀ ਨੂੰ ਸ਼ਲਾਘਾ ਗੀਤ ਕਿਹਾ ਗਿਆ ਹੈ। ਕੀਰਨੇ ਤੇ ਵੈਣ ਵਿਚ ਇਕੱਲਾ ਵਿਅਕਤੀ ਮ੍ਰਿਤਕ ਦੇ ਗੁਣ ਕਰਮ ਦੀ ਸਲਾਘਾ ਕਰਦਾ ਹੈ। ਤੇ ਇਸ ਦਾ ਅੰਦਾਜ਼ ਖ਼ਾਲਸ ਆਪਣਾ ਹੀ ਹੈ। ਵੈਣ ਤੇ ਕੀਰਨੇ ਆਮ ਤੌਰ ਤੇ ਇਸਤਰੀਆਂ ਇਕ ਦੂਜੇ ਦੇ ਗੱਲ ਲਗ ਕੇ ਰੋਂਦੀਆਂ ਹੋਈਆਂ ਪਾਉਂਦੀਆਂ ਹਨ। ਪਰ ਅਲਾਹੁਣੀਆਂ ਪਾਉਣ ਲਈ ਇਸ ਦਾ ਨਿਰੋਲ ਆਪਣਾ ਹੀ ਢੰਗ ਹੈ। ਬਿਰਾਦਰੀ ਦੀਆਂ ਸਭ ਔਰਤਾਂ ਗੋਲ ਘੇਰੇ ਵਿਚ ਖਲੋ ਜਾਂਦੀਆਂ ਹਨ ਤੇ ਵਿਚਕਾਰ ਨਾਇਣ। ਨਾਇਣ ਮ੍ਰਿਤਕ ਦੀ ਉਮਰ ਤੇ ਸੰਬੰਧ ਦੇ ਅਨੁਸਾਰ ਉਸ ਦੀ ਸ਼ਲਾਘਾ ਭਰੇ ਬਚਨ ਰੁਦਨਮਈ ਸੁਰ ਵਿਚ ਉਚਾਰਦੀ ਹੈ ਤੇ ਨਾਲ ਹੀ ਮੱਥੇ, ਛਾਤੀ ਤੇ ਪਟਾਂ ਉਪਰ ਪਿਟਦੀ ਵੀ ਹੈ। ਨਾਇਣ ਦੇ ਪਿੱਛੇ ਪਿੱਛੇ ਘੇਰੇ ਵਿਚ ਖਲੋਤੀਆਂ ਇਸਤ੍ਰੀਆਂ ਮ੍ਰਿਤਕ ਦੇ ਲਿੰਗ ਅਤੇ ਉਮਰਾਂ ਅਨੁਸਾਰ ਤੁਕਾਂਗ ਉਚਾਰਦੀਆਂ ਹਨ। ਇਹ ਤੁਕਾਂਗ ਜੇ ਜੁਆਨ ਹੋਵੇ ਤਾਂ 'ਹਾਇਹਾ ਸ਼ੇਰਾ ਸਰੂ ਜਿਹਾ' ਤੇ ਜੇ ਜੁਆਨ ਇਸਤਰੀ ਹੋਵੇ ਤਾਂ ਹਾਇਹਾ ਧੀਏ ਮੋਰਨੀਏ ਆਦਿ ਇਕ ਲੈਅ ਵਿਚ ਦੁਹਰਾਏ ਜਾਂਦੇ ਹਨ। ਅਸਲ ਵਿਚ ਅਲਾਹੁਣੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸੰਬੰਧ ਮ੍ਰਿਤਕ ਦੀ ਉਮਰ ਅਤੇ ਰਿਸ਼ਤੇ ਨਾਲ ਹੁੰਦਾ ਹੈ ਤੇ ਸਮੇਂ ਅਨੁਸਾਰ ਨਾਇਣ ਦੀ ਅਗਵਾਈ ਹੇਠ ਗਾਈਆਂ ਜਾਂਦੀਆਂ ਹਨ।

ਇਹ ਕਾਵਿ-ਰੂਪ ਜਿਥੇ ਸਾਡੇ ਲੋਕ ਗੀਤਾਂ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ ਉਥੇ ਪੱਛਮੀ ਸਾਹਿਤ ਵਿਚ ਵੀ ਇਸਦੀ ਬਲਵਾਨ ਪਰੰਪਰਾ ਹੈ। ਪੱਛਮੀ ਸਾਹਿਤ ਵਿਚ ਇਹ ਗੀਤਾਂ ਦੀ ਇਕ ਕਿਸਮ ਹੈ। ਇਸ ਨੂੰ Elegy ਕਿਹਾ ਜਾਂਦਾ ਹੈ। ਇਹ ਗਰੀਕ ਸ਼ਬਦ Elegeia ਤੋਂ ਬਣਿਆ ਹੈ ਜਿਸ ਦਾ ਅਰਥ ਹੈ, ਸੋਗੀ ਗੀਤ। ਉਹ ਸੋਗੀ ਤੇ ਕਰੁਣਾਮਈ ਗੀਤ ਜੋ ਮ੍ਰਿਤਕ ਦੀ ਪ੍ਰਸੰਸਾ ਕਰਦਾ ਹੈ। ਕੈਂਸਲਜ਼ਐਨਸਾਈਕਲੋਪੀਡੀਆ ਅਨੁਸਾਰ Elegy ਦਾ ਮੂਲ ਸੰਬੰਧ ਸੋਗ ਨਾਲ ਨਹੀਂ ਸਗੋਂ ਬਾਂਸਰੀ ਗੀਤਾਂ ਨਾਲ ਸੀ। ਇਨ੍ਹਾਂ ਗੀਤਾਂ ਨੂੰ Elegiac metre ਦੀ ਬੰਦਿਸ਼ ਵਿਚ ਰਚਿਆ ਜਾਂਦਾ ਸੀ। ਹੌਲੀ ਹੌਲੀ ਗਰੀਕ ਵਿਚ ਇਹ ਰੂਪ Elegy ਦੇ ਨਾਮ ਨਾਲ ਮਸ਼ਹੂਰ ਹੋ ਗਿਆ। ਉਦੋਂ Elegy ਦੇ ਅੰਤਰਗਤ-ਟਪਰੀਵਾਸਾਂ ਦੇ ਗੀਤ ਉਪਦੇਸ਼ਾਤਮਕ ਗੀਤ ਤੇ ਯਾਦ-ਗਾਰੀ ਗੀਤ ਉਚਾਰੇ ਜਾਂਦੇ ਸਨ। ਪਰਵਰਤੀ ਗਰੀਕ ਲੇਖਕਾਂ ਨੇ Elegy ਨੂੰ ਬ੍ਰਿਹਾਤਮਕ ਅਤੇ ਯਾਦਗਾਰੀ ਵਿਸ਼ਿਆਂ ਨੂੰ ਰੂਪਮਾਨ ਕਰਨ ਲਈ ਵਰਤਿਆ ਹੈ। ਲਾਤੀਨੀ ਵਿਚ ਵੀ ਪਿਆਰ ਦੇ ਵਿਯੋਗਾਤਮਕ ਪੱਖ ਨੂੰ ਪ੍ਰਗਟਾਣ ਵਾਲੀਆਂ ਕਵਿਤਾਵਾਂ ਨੂੰ Elegy ਕਿਹਾ ਜਾਂਦਾ ਰਿਹਾ ਹੈ। ਇੰਗਲੈਂਡ ਦੇ ਪ੍ਰਸਿੱਧ ਆਲੋਚਕ ਕਾਲਰਜ Coeridge ਨੇ Elegy ਦਾ ਸੰਬੰਧ ਨਾ ਤਾਂ Elegiac metre ਨਾਲ ਜੋੜਿਆ ਹੈ ਤੇ ਨਾ ਹੀ ਸੋਗੀ ਕਰੁਣਮਈ ਵਿਸ਼ੇ ਨਾਲ। ਪਰ ਇਤਨਾ ਤਾਂ ਸਪਸ਼ਟ ਹੀ ਹੈ ਅੰਗਰੇਜ਼ੀ ਸਾਹਿਤ ਵਿਚ ਢੇਰ ਸਾਰੇ ਕਵੀਆਂ ਨੇ ਇਸ ਨੂੰ ਮ੍ਰਿਤਕ ਦੇ ਯਾਦਗਾਰੀ ਰੂਪ ਨੂੰ ਚਿੱਤਰਣ ਲਈ ਵਰਤਿਆ ਹੈ[1]। ਜੇ ਰਤਾ ਹੋਰ ਪਿਛੇਰੇ ਚਲੇ ਜਾਈਏ ਤਾਂ ਪਤਾ ਲਗੇਗਾ ਇਸ ਦਾ ਪ੍ਰਯੋਗ ਪੱਛਮ ਦੇ ਲਗਭਗ ਸਾਰੇ ਦੇਸਾਂ ਦੇ ਲੇਖਕਾਂ ਨੇ ਕੀਤਾ ਹੈ।[2]

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਪੱਛਮੀ ਸਾਹਿਤ ਵਿਚ Elegy ਨੂੰ ਸਾਹਿਤਕ ਕਾਵਿ-ਰੂਪ ਕਰਕੇ ਹੀ ਪ੍ਰਵਾਨਿਆ ਗਿਆ ਹੈ ਹਾਲਾਂਕਿ ਇਸਦਾ ਮੂਲ ਸੰਬੰਧ ਬਾਂਸਰੀ ਗੀਤਾਂ ਨਾਲ ਸੀ। ਅਸਲ ਵਿਚ ਇਹ ਕੋਈ ਅਪਵਾਦ ਨਹੀਂ, ਸੁਨਿਸਚਿਤ ਸਾਹਿਤਕ ਰੂਪ ਲੋਕ ਗੀਤਾਂ ਦੇ ਹੀ ਸੁਧਰੇ ਹੋਏ ਰੂਪ ਹਨ। ਪਰ ਇਹ ਧਿਆਨ ਰਹੇ ਪੰਜਾਬੀ ਸਾਹਿਤ ਵਿਚ ਅਲਾਹੁਣੀ ਲੋਕ ਕਾਵਿ-ਰੂਪ ਕਰਕੇ ਹੀ ਪ੍ਰਵਾਨਿਆ ਗਿਆ ਹੈ। ਇਸ ਦਾ ਸੁਧਰਿਆ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਇਆ ਹੈ। ਗੁਰੂ ਨਾਨਕ ਦੇਵ ਨੇ ਲੋਕ-ਕਾਵਿ-ਰੂਪ ਦੀਆ ਟੇਕਾਂ ਨੂੰ ਅਧਿਆਤਮਕ ਅਰਥਾਂ ਵਿਚ ਹੀ ਉਜਾਗਰ ਕੀਤਾ ਹੈ। ਇਹੀ ਗੁਰੂ ਨਾਨਕ ਦੇਵ ਜਾਂ ਗੁਰਬਾਣੀ ਵਿਚ ਪੇਸ਼ ਹੋਏ ਲੋਕ ਕਾਵਿ ਰੂਪਾਂ ਦੀ ਵਿਲੱਖਣਤਾ ਵੀ ਹੈ।

ਕੁਲ ਮਿਲਾ ਕੇ, ਅਲਾਹਣੀ ਇਕ ਸ਼ਲਾਘਾ ਗੀਤ ਹੈ ਜੋ ਮ੍ਰਿਤਕ ਦੇ ਗੁਣ ਕਰਮ ਦੀ ਪ੍ਰਸ਼ੰਸਾ ਕਰੁਣਾਮਈ ਸੁਰ ਵਿਚ ਕਰਦੀ ਹੈ। ਪੀੜਤ ਹਿਰਦੇ ਦੀਆਂ ਭਾਵਨਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਿਰਦੇ ਵੇਧਕ ਸਗੀ ਬੋਲਾਂ ਰਾਹੀਂ ਸਾਕਾਰ ਹੁੰਦੀਆਂ ਹਨ। ਮਨੁੱਖ ਆਪਣੀ ਕੁਲ ਉਮਰਾ 'ਰਿਸ਼ਤੇ' ਪਿੱਛੇ ਭਟਕਦਿਆਂ ਗੁਜ਼ਾਰ ਦਿੰਦਾ ਹੈ। ਇਹ ਰਿਸ਼ਤਾ ਕਦੀ ਖ਼ੂਨ ਦਾ ਹੁੰਦਾ ਹੈ ਤੇ ਕਦੀ ਭਾਵਨਾ ਦਾ। ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਰੂਪ ਦੀ ਮਹੱਤਤਾ ਨੂੰ ਨਾ ਕੇਵਲ ਸਵੀਕਾਰ ਹੀ ਕੀਤਾ ਹੈ ਸਗੋਂ ਚਿੱਤ ਦ੍ਰਵਿਤ ਕਰਨ ਵਾਲੇ ਇਸ ਕਾਵਿ ਰੂਪ ਉਪਰ ਆਪਣੀ ਮੋਹਰ ਵੀ ਲਾਈ ਹੈ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਨੇ ਵਡਹੰਸ ਰਾਗ ਵਿਚ ਇਸ ਕਾਵਿ-ਰੂਪ ਨੂੰ ਬਾਣੀ ਸੰਚਾਰ ਦਾ ਮਾਧਿਅਮ ਬਣਾਇਆ ਹੈ।

ਲੋਕ-ਕਾਵਿ-ਰੂਪ ਵਿਚ ਅਲਾਹੁਣੀ ਪ੍ਰਾਣੀ ਦੀ ਬਿਨਸ ਗਈ ਦੇਹ ਨਾਲ ਸੰਬੰਧਿਤ ਹੈ ਪਰ ਗੁਰੂ ਨਾਨਕ ਦੇਵ ਨੇ ਅਲਾਹੁਣੀ ਦਾ ਘੇਰਾ ਬਹੁਤ ਵਿਸ਼ਾਲ ਕਰ ਦਿਤਾ ਹੈ। ਬ੍ਰਹਿਮੰਡ ਅਤੇ ਮਨੁੱਖਾ ਸਰੀਰ ਦੇ ਦੋ ਧੁਰੇ ਹਨ ਸੰਜੋਗ ਅਤੇ ਵਿਜੋਗ ਜਾਂ ਆਵਣ ਅਤੇ ਜਾਣ। ਗੁਰੂ ਨਾਨਕ ਦੇਵ ਨੇ ਸਾਧਾਰਣ ਸੰਸਾਰੀ ਦੇ ਦੇਹਾਂਤ ਦੀ ਗੱਲ ਨੂੰ ਤਿਆਗ ਕੇ ਬ੍ਰਹਿਮੰਡ ਦੇ ਬੁਨਿਆਦੀ ਨੇਮ ਨੂੰ ਇਸ ਦਾ ਵਿਸ਼ਾ ਬਣਾਇਆ ਹੈ। ਬ੍ਰਹਮ ਨੇ ਸੰਸਾਰ ਦੀ ਸਿਰਜਣਾ ਉਪਰੰਤ ਸਭ ਜੀਵਾਂ ਨੂੰ ਆਪੋ ਆਪਣੇ ਧੰਦੇ ਲਾ ਦਿੰਤਾ ਹੈ। ਬ੍ਰਹਿਮੰਡ ਦੇ ਬਾਕੀ ਉਪਕਰਣਾਂ ਵਾਂਗ ਮਨੁੱਖਾ ਸਰੀਰ ਵੀ ਇਕ ਵਸਤੂ ਹੀ ਹੈ। ਉਹ ਵੀ ਸੰਸਾਰ ਦੀਆਂ ਬਾਕੀ ਵਸਤੂਆਂ ਵਾਂਗ ਰੂਪ ਗ੍ਰਹਿਣ ਕਰਦਾ ਤੇ ਬਿਨਸ ਜਾਂਦਾ ਹੈ। ਅਸਲ ਵਿਚ ਇਹ ਸੰਸਾਰ ਦਾ ਨੇਮ ਹੈ। ਆਪਣੇ ਅੰਤਿਮ ਅਰਥਾਂ ਵਿਚ ਮਨੁੱਖਾ ਸਰੀਰ ਦਾ ਕੋਈ ਰਿਸ਼ਤਾ ਨਾਤਾ ਨਹੀਂ। ਪੁਤ, ਭਰਾ, ਭਤੀਜਾ ਆਦਿ ਨਾਤੇ ਸਭ ਸਰੀਰਕ ਹੀ ਹਨ। ਇਹ ਨਾਤੇ ਸਦਾ ਨਿੱਭਣ ਵਾਲੇ ਨਹੀਂ ਅਥਵਾ ਇਹ ਰਿਸ਼ਤੇ ਦੇਹ ਬਿਨਸਣ ਦੇ ਨਾਲ ਹੀ ਸਮਾਪਤ ਹੋ ਜਾਂਦੇ ਹਨ—

ਸਾਹਿਬੁ ਸਿਮਰਿਹੁ ਭਾਈ ਹੋ ਸਭਨਾ ਏਹੁ ਪਇਆਣਾ।
ਏਥੈ ਧੰਧਾ ਕੂੜਾ ਚਾਰਿ ਦਿਹਾ। ਆਗੈ ਸਰਪਰ ਜਾਣਾ॥ ਆ:ਗ੍ਰੰ: 579

ਸੋ ਰਿਸ਼ਤੇਦਾਰ ਮ੍ਰਿਤਕ ਲਈ ਰੋਣਾ ਬੇਕਾਰ ਹੈ। ਅਸਲ ਵਿਚ—

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।
ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ। (ਆ: ਗ੍ਰੰਥ-579)

ਮਨੁੱਖ ਨੂੰ ਪਾਰਬ੍ਰਹਮ ਨਾਲ ਸੱਚਾ ਤੇ ਤੋੜ ਚੜਣ ਵਾਲਾ ਸੰਬੰਧ ਬਨਾਣਾ ਚਾਹੀਦਾ ਹੈ। ਸੰਬੰਧ ਅਸਲ ਵਿਚ ਸਿਰੇ ਹੀ ਉਹ ਚੜਦਾ ਹੈ ਜਿਸ ਦਾ ਆਧਾਰ ਵਿਚਾਰ ਹੋਵੇ—

ਸੁਣਿਅਹੁ ਕੰਤ ਮਲੇਲੀਹੋ ਪਿਰੁ ਸੇਵਿਹੁ ਸ਼ਬਦਿ ਵੀਚਾਰਿ।
ਅਵਗੁਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ।
ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨ ਪਿਰੁ ਮਰੈ ਨ ਜਾਏ।
ਗੁਰਮੁਖਿ ਜਾਤਾ ਸਬਦਿ ਪਛਾਣਾ ਸਾਚੈ ਪ੍ਰੇਮ ਸਮਾਏ। (ਆਦਿ ਗ੍ਰੰਥ-583)

ਵੰਨਗੀ ਦਰਪੇਸ਼ ਹੈ—


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ੴ ਸਤਿਗੁਰ ਪ੍ਰਸਾਦਿ ॥

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ (ਆਦਿ ਗ੍ਰੰਥ-578)

ਧੰਨੁ ਸਿਰੰਦਾ[3] ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ।
ਮੁਹਲਤਿ[4] ਪੁਨ ਪਾਈ ਭਰੀ ਜਾਨਅ ਘਤਿ ਚਲਾਇਆ ।
ਜਾਨੀ[6] ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ।
ਕਾਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ[6] ਮੇਰੀ ਮਾਏ ।
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ।
ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ।੧।
ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ[7] ।
ਏਥੇ ਧੰਧਾ ਕੂੜਾ ਚਾਰਿ ਦਿਹਾ[8] ਆਗੈ ਸਰਪਰ[9] ਜਾਣਾ ।
ਆਗੈ ਸਰਪਰ ਜਾਣਾ ਜਿਉ ਮਿਹਮਾਣਾ[10] ਕਾਹੇ ਗਾਰਬੁ ਕੀਜੈ ।
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ।
ਆਗੈ ਹੁਕਮੁ ਨ ਚਲੈ ਮੂਲੇ ਸਿਰਿ[11] ਸਿਰਿ ਕਿਆ ਵਿਹਾਣਾ[12] ।
ਸਾਹਿਬ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ।੨।
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ[13] ਏਹੁ ਸੰਸਾਰੋ ।
ਜਲਿ ਥਲਿ ਮਹੀਅਲਿ[14] ਰਵਿ ਰਹਿਆ ਸਾਚੜਾ ਸਿਰਜਣਹਾਰੋ ।
ਸਾਚਾ ਸਿਰਜਣਹਾਰੋ ਅਲਖ[15] ਅਪਾਰੋ ।ਤਾਕਾ ਅੰਤੁ ਨ ਪਾਇਆ ।
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ।
ਢਾਹੇ[17] ਢਾਹਿ ਉਸਾਰੇ[18] ਆਪੇ ਹੁਕਮਿ ਸਵਾਰਣ[15] ਹਾਰੋ ।
ਸੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ।੩।
ਨਾਨਕ ਰੁੰਨਾ[29] ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ।
ਵਾਲੇਵੇ[21] ਕਾਰਣਿ ਬਾਬਾ ਹੋਈਐ ਰੋਵਣੁ ਸਗਲ ਬਿਕਾਰੋ[22] ।
ਰੋਵਣੁ ਸਗਲ ਬਿਕਾਰੋ ਗਾਫਲੁ[23] ਸੰਸਾਰੋ ਮਾਇਆ ਕਾਰਣਿ ਰੋਵੈ ।
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹ ਤਨੁ ਏਵੈ ਖੋਵੈ ।
ਐਸੇ ਆਇਆ ਸਭੁ ਕੋ ਜਾਸੀ[24] ਕੂੜਿ ਕਰਹੁ ਅਹੰਕਾਰੋ ।
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ।੪।੧।

ਅਖੀਰ ਵਿਚ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਮਹਲਾ ੧ ਨੇ ਕੁਲ ਪੰਜ ਅਲਾਹਣੀਆਂ ਦੀ ਰਚਨਾ ਕੀਤੀ ਹੈ। ਇਸ ਦਾ ਮੋਟਾ ਜਿਹਾ ਰੂਪਾਕਾਰ 4 ਬੰਦ ਤੇ ਹਰ ਬੰਦ 6 ਤੁਕਾਂ ਦਾ ਹੈ। ਪਰ ਖੁਦ ਗੁਰੂ ਨਾਨਕ ਦੇਵ ਨੇ ਇਸ ਨੇਮ ਨੂੰ ਤੋੜਿਆ ਵੀ ਹੈ। ਗੁਰੂ ਨਾਨਕ ਰਚਿਤ ਤੀਜੀ ਅਲਾਹਣੀ ਦਾ ਦੂਸਰਾ ਬੰਦ 5 ਤੁਕਾ ਤੇ ਬਾਕੀ ਦੇ ਸਤ ਬੰਦ ਚਾਰ ਤੁਕੇ ਹਨ। ਇਕ ਅਲਾਹਣੀ ਦੇ ਕੁਲ ਬੰਦ ਅੱਠ ਹਨ। ਉਂਝ ਮਹਲਾ 1 ਦੀਆਂ ਅਲਾਹੁਣੀਆਂ ਅੰਕ—1, 2, 4, 5 ਤੇ ਮਹਲਾ 3 ਦੀਆਂ ਚਾਰੇ


CC-0. In Public Domain. Gurukul Kangri Collection, Haridwar

ਅਲਾਹਣੀਆਂ 4 ਬੰਦ ਤੇ ਹਰ ਬੰਦ ਛੇ ਤੁਕਾਂ ਦਾ ਧਾਰਨੀ ਹੈ। ਕੁਲ ਮਿਲਾ ਕੇ, ਇਹ ਕਿਹਾ ਜਾ ਸਕਦਾ ਹੈ ਅਲਾਹਣੀ ਲਈ ਗੁਰੂ ਨਾਨਕ ਨੇ ਚਾਰ ਬੰਦ ਤੇ ਹਰ ਬੰਦ ਵਿਚ ਛੇ ਤੁਕਾਂ ਹੋਣ ਦਾ ਵਿਧਾਨ ਕੀਤਾ ਹੈ।

Digitized by Arya Samaj Foundation Chennai and eGangotri

ਇਥੇ ਇਹ ਧਿਆਨ ਰਹੇ ਪੰਜਾਬੀ ਸਾਹਿਤ ਵਿਚ ਅਲਾਹਣੀ ਪਹਿਲਾਂ ਪਹਿਲਾਂ ਲੋਕ ਗੀਤਾਂ ਵਿਚ ਪੇਸ਼ ਹੋਈ ਤੇ ਇਸ ਦਾ ਸੁਧਾਰਿਆ ਰੂਪ ਬਾਣੀ-ਸਿਰਜਣਾਂ ਦਾ ਅੰਗ ਬਣਿਆ। ਰੂਪਾਂਤਰਣ-ਪ੍ਰਕਿਰਿਆਂ ਵਿਚ ਨਾ ਕੇਵਲ ਇਸ ਦੀ ਥੀਮ ਹੀ ਬਦਲੀ ਸਗੋਂ ਇਸ ਦਾ ਬਾਹਰਲਾ ਢਾਂਚਾ ਵੀ ਬਦਲ ਗਿਆ। ਇਹ ਕਾਵਿ-ਬੰਦਿਸ਼ ਤੋਂ ਵਧੀਕ ਰਾਗ-ਲੈਅ ਦੀ ਅਨੁਸਾਰੀ ਹੋ ਨਿਬੜੀ।

## ਫੁਟ ਨੋਟ

1 a. Milton's Lycidas, on the death of Edward King.

b. Gray's Elegy in a country-yard

c. Shelley's Adonais, Commemorating John Keats.

d. Tennyson's In memoriam written in memory of Arthur H. Hallam.

e. Mathew Arnold's Thyrsis to commemorate Arthur Hugh clough.

2. a. Villon's sense of flight of life and beauty, (15th century France)

b. Ronsard's Elegies (16th Century France)

c. Chiabera's Epitaphs and Filicacia's elegies (17th century Italy)

d. Johnson's Vanity of Human wishes (18th century England).

e. Pushkin's Elegy on the portrait of F. M. Barcley de Tolly (19th century Russia)

f. The Elegias and Rimas de Sombria of Roman Jimonez (19th-20th century Spain)

3. ਸਿਰਜਣ ਵਾਲਾ, 4. ਮਿਆਦ, 5. ਪਿਆਰਾ, 6. ਪੂਰੇ ਹੋ ਗਏ, 7. ਕੂਚ ਕਰਨਾ, ਮਰ ਜਾਣਾ ਹੈ। 8. ਦਿਨ, 9. ਜ਼ਰੂਰ, 10. ਮਹਿਮਾਨ, 11. ਹਰ ਇਕ ਉਪਰ, 12. ਗੁਜ਼ਰੇਗੀ, 13. ਬਹਾਨਾ, 13. ਪੁਲ਼ਾੜ, 14. ਜੋ ਸਮਝ ਵਿਚ ਨਾ ਆਵੇ, 15. ਬੇਅੰਤ, 16. ਡੇਗਣਾ ਅਥਵਾ ਮਾਰਦਾ ਹੈ, 17. ਬਣਾਂਦਾ ਅਥਵਾ ਪੈਦਾ ਕਰਦਾ ਹੈ. 18. ਆਪਣੇ ਹੁਕਮ ਨੂੰ ਆਪ ਸੰਵਾਰਨ ਵਾਲਾ, 19. ਰੋਇਆ ਹੋਇਆ, 20. ਪਦਾਰਥ ਘਰ ਦਾ ਸਾਮਾਨ, 21. ਬੇਅਰਥ, 22. ਬੇਖਬਰ, 23. ਮਰੇਗਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅੰਜਲੀਆ

ਅੰਜੁਲੀ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦਾ ਅਰਥ ਹੈ ਹੱਥ ਜੋੜ ਕੇ ਬੇਨਤੀ, ਪ੍ਰਾਰਥਨਾ ਜਾਂ ਅਰਦਾਸ ਕਰਨੀ। ਪੰਜਾਬੀ ਸਾਹਿਤ ਕੋਸ਼ ਵੀ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ। ਭਾਈ ਕਾਹਨ ਸਿੰਘ ਅੰਜੁਲੀ ਦਾ ਸੰਬੰਧ ਉਸ ਕਿਰਿਆ ਨਾਲ ਜੋੜਦੇ ਹਨ ਜੋ ਉਪਰਲੇ ਮਤ ਦੀ ਪੁਸ਼ਟੀ ਕਰਦੇ ਹੋਏ ਇਸਦਾ ਅਰਥ ਇਕ ਖ਼ਾਸ ਰੀਤ ਨਾਲ ਜੋੜਦੇ ਹਨ। ਪਾਣੀ ਦੀ ਚੁਲੀ ਜੋ ਪਿਤਰਾਂ ਤੇ ਦੇਵੀ ਦੇਵਤਿਆਂ ਨਮਿਤ ਅਰਪਣ ਕੀਤੀ ਜਾਵੇ ਉਸ ਨੂੰ ਅੰਜਲੀ ਕਹਿੰਦੇ ਹਨ। ਇਸ ਤੋਂ ਇਲਾਵਾ ਹਿੰਦੂਆਂ ਵਿਚ ਇਕ ਰੀਤ ਹੈ ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ ਤਾਂ ਮੁਰਦੇ ਦੇ ਦਾਹ ਮਗਰੋਂ ਪਾਣੀ ਵਿਚ ਤਿਲ ਮਿਲਾ ਕੇ ਚੁਲੀਆਂ ਦੇਣ ਦੀ ਰੀਤ ਹੈ ਜਿਸ ਨੂੰ ਤਿਲਅੰਜੁਲੀ ਜਾਂ ਤਿਲਾਂਜਲੀ ਵੀ ਕਹਿੰਦੇ ਹਨ। ਲੋਕ-ਵਿਸ਼ਵਾਸ ਅਨੁਸਾਰ ਇਹ ਪਾਣੀ ਮਰੇ ਪ੍ਰਾਣੀ ਨੂੰ ਅਗਲੇ ਲੋਕ ਵਿਚ ਪ੍ਰਾਪਤ ਹੁੰਦਾ ਹੈ।

ਅੰਜਲੀਆਂ ਅੰਜੁਲੀ ਦਾ ਬਹੁ ਵਚਨ ਹੀ ਹੈ। ਇਹ ਕਾਵਿ-ਰੂਪ ਕੇਵਲ ਗੁਰੂ ਅਰਜਨ ਦੇਵ ਨੇ ਹੀ ਅਪਣਾਇਆ ਹੈ। ਮਾਰੂ ਰਾਗ ਵਿਚ ਦੋ ਅੰਜਲੀਆਂ ਦਰਜ ਹਨ। ਇੰਜ ਮਾਲੂਮ ਹੁੰਦਾ ਹੈ, 'ਅੰਜੁਲੀ' ਦਾ ਅੰਜਲੀ, ਪੰਜਾਬੀ ਉਚਾਰਣ ਨੂੰ ਮੁਖ ਰੱਖ ਕੇ ਹੀ ਕੀਤਾ ਗਿਆ ਹੈ। ਇਥੇ ਇਹ ਸੰਕੇਤ ਇਸ ਕਰਕੇ ਕੀਤਾ ਗਿਆ ਹੈ ਕਿ ਕੁਝ ਕੋਸ਼ਾਂ ਨੇ ਅੰਜੁਲੀ ਨੂੰ ਅੰਜਲੀ ਕਰਕੇ ਲਿਖਿਆ ਹੈ।

ੴ ਸਤਿਗੁਰ ਪ੍ਰਸਾਦਿ

ਮਾਰੂ ਮਹਲਾ ੫ ਘਰੁ ੮ **ਅੰਜੁਲੀਆ** (ਆਦਿ ਗ੍ਰੰਥ-1019)

ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ।
ਜਿਸੁ ਗ੍ਰਿਹਿ ਥੋਰੀ[1] ਸੁ ਫਿਰੈ ਭ੍ਰਮੰਤਾ।
ਦੁਹੂ[2] ਬਿਵਸਥਾ[3] ਤੇ ਜੋ ਮੁਕਤਾ ਸੋਈ ਸੁਹੇਲਾ[4] ਭਾਲੀਐ ।੧।
ਗ੍ਰਿਹ ਰਾਜ[5] ਮਾਹ ਨਰਕੁ ਉਦਾਸ[6] ਕਰੋਧਾ
ਬਹੁ ਬਿਧਿ[7] ਬੇਦ[8] ਪਾਠ ਸਭਿ ਸੋਧਾ[9]।
ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ।੨।
ਜਾਗਤ[10] ਸੂਤਾ ਭਰਮਿ ਵਿਗੂਤਾ[11]।
ਬਿਨੁ ਗੁਰ ਮੁਕਤਿ ਨ ਹੋਈਐ ਮੀਤਾ।
ਸਾਧ ਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ।੩।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਮ ਕਰੇ ਤ ਬਧਾ[2] ਨਹ ਕਰੇ ਤੁ ਨਿੰਦਾ ।
ਮੋਹ ਮਗਨ ਮਨੁ ਵਿਆਪਿਆ ਚਿੰਦਾ[3] ।
ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ[4] ।੪
ਸੰਸਾਰੈ ਮਹਿ ਸਹਸਾ ਬਿਆਪੈ ।
ਅਕਥ ਕਥਾ ਅਗੋਚਰ ਨਹੀ ਜਾਪੈ ।
ਜਿਸਹਿ ਬੁਝਾਏ ਸੋਈ ਬੁਝੈ ਓਹੁ ਬਾਲਕ ਵਾਗੀ[5] ਪਾਲੀਐ ।੫।
ਛੋਡਿ ਬਹੈ ਤਉ ਛੂਟੈ ਨਾਹੀ
ਜਉ ਸੰਚੈ ਤਉ ਡਉ ਮਨ ਮਾਹੀ ।
ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ[6] ।੬।
ਜੋ ਸੂਰਾ ਤਿਸ ਹੀ ਹੋਇ ਮਰਣਾ ।
ਜੋ ਭਾਗੈ ਤਿਸੁ ਜੋਨੀ ਫਿਰਣਾ ।
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਿਮੈ ਦੁਰਮਤਿ ਜਾਲੀਐ ।੭।
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ।
ਕਰਿ ਕਰਿ ਵੇਖੈ ਅਪਣੇ ਜਚਨਾ[7] ।
ਨਾਨਕ ਕੇ ਪੂਰਨ ਸੁਖ ਦਾਤੇ ਤੂ ਦੇਹਿ ਤ ਨਾਮੁ ਸਮਾਲੀਐ[8] ।੮।

ਮਾਰੂ ਮਹਲਾ ੫

ਬਿਰਖੈ[9] ਹੇਠਿ ਸਭ ਜੰਤ ਇਕਠੇ ।
ਇਕ ਤਤੇ[10] ਇਕ ਬੋਲਨਿ ਮਿਠੇ ।
ਅਸਤੁ[11] ਉਦੋਤੁ[12] ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ।੧।
ਪਾਪ ਕਰੇਦੜ ਸਰਪਰ[13] ਮੁਠੇ[14] ।
ਅਜਰਾਈਲਿ[15] ਫੜੇ ਫੜਿ ਕੁਠੇ[16] ।
ਦੋਜਕਿ ਪਾਏ ਸਿਰਜਣ ਹਾਰੇ ਲੇਖਾ ਮੰਗੈ ਬਾਣੀਆ[17] ।੨।
ਸੰਗਿ ਨਾ ਕੋਈ ਭਈਆ[18] ਬੇਬਾ[19] ।
ਮਾਲੁ ਜੋਬਨੁ ਧਨੁ ਛਡਿ ਵਵੇਸ[20] ।
ਕਰਣ ਕਰੀਮ ਨਾ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ।੩।
ਖੁਸਿ ਖੁਸਿ ਲੈਦਾ ਵਸਤੁ ਪਰਾਈ ।
ਵੇਖੈ ਸੁਣੇ ਤੇਰੈ ਨਾਲਿ ਖੁਦਾਈ[21] ।
ਦੁਨੀਆ ਲਬਿ ਪਇਆ ਖਾਤ[31] ਅੰਦਰਿ ਅਗਲੀ ਗਲ ਨ ਜਾਣੀਆ ।੪।
ਜਮਿ ਜਮਿ ਮਰੈ ਮਰੈ ਫਿਰਿ ਜੰਮੈ ।
ਬਹੁਤੁ ਸਜਾਇ ਪਇਆ ਦੋਸਿ[32] ਲੰਮੈ ।
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ।੫।
ਖਾਲਕ ਥਾਵਹੁ ਭੁਲਾ ਮੁਠਾ ।
ਦੁਨੀਆ ਖੇਲੁ ਬੁਰਾ ਰੁਠ ਤੁਠਾ[33] ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਦਕੁ ਸਬੂਰੀ ਸਤੁ ਨ ਮਿਲਿਓ ਵਤੈ ਆਪਣ ਭਾਣੀਆ ।੬।

ਮਉਲਾ ਖੇਲ ਕਰੇ ਸਭਿ ਆਪੇ ।

ਇਕਿ ਕਢੇ ਇਕ ਲਹਿਰਿ[34] ਵਿਆਪੇ ।

ਜਿਉ ਨਚਾਏ ਤਿਉ ਤਿਉ ਨਚਨਿ ਸਿਰਿ ਸਿਰਿ ਕਿਰਤ ਵਿਹਾਣੀਆ[35] ।੭।

ਮਿਹਰ ਕਰੇ ਤਾ ਖਸਮੁ ਧਿਆਈ ।

ਸੰਤਾ ਸੰਗਤਿ ਨਰਕਿ ਨ ਪਾਈ ।

ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ[36] ।੮।

ਥੀਮ ਦੇ ਪੱਖੋਂ ਅੰਜੁਲੀਆ ਦੀ ਬਾਣੀ ਉਸ ਰੀਤ ਨਾਲ ਸੰਬੰਧਿਤ ਨਹੀਂ ਲਗਦੀਆਂ ਜੋ ਰੀਤ ਹਿੰਦੂਆ ਵਿਚ ਤਿਲ-ਅੰਜਲੀ ਨਾਲ ਸੰਬੰਧਿਤ ਹੈ । ਇਹ ਦੋਵੇਂ ਅੰਜੁਲੀਆ ਉਪਦੇਸ਼ਾਤਮਕ ਅੰਸ਼ ਵਧੇਰੇ ਕਰਕੇ ਪੇਸ਼ ਕਰਦੀਆਂ ਹਨ । ਇਹ ਵਿਅਕਤੀ ਵਿਸ਼ੇਸ਼ ਦੇ ਅੰਤਿਮ ਹਸਰ ਨਾਲੋਂ ਪ੍ਰਾਣੀ ਮਾਤਰ ਦੇ ਅਖੀਰ ਨਾਲ ਵਧੇਰੇ ਸੰਬੰਧਿਤ ਹਨ । ਸੰਸਾਰ ਦੀ ਗਤੀ ਨੂੰ ਇਕ ਬ੍ਰਿਛ ਦੇ ਰੂਪਕ ਰਾਹੀਂ ਸਮਝਾਇਆ ਗਿਆ ਹੈ—

ਬਿਰਖੇ ਹੇਠਿ ਸਭ ਜੰਤ ਇਕਗੇ ਇਕ ਤਤੇ ਇਕ ਬੋਲਨ ਮਿਠੇ ।

ਅਸਤੁ ਉਦੋਤੁ ਭਇਆ ਉਠ ਚਲੇ ਜਿਉਂ ਜਿਉਂ ਅਉਧ ਵਿਹਾਣੀਆ ।।

ਇਸ ਤਰ੍ਹਾਂ ਬਿਰਛ ਉਪਰ ਮਿੱਠਾ ਤੇ ਖਰ੍ਹਵੇ ਸੁਰ ਵਾਲੇ ਸਾਰੇ ਪੰਛੀ ਬੈਠੇ ਹੁੰਦੇ ਹਨ ਤੇ ਆਪੋ ਆਪਣੀ ਸੁਰ ਵਿਚ ਅਲਾਪਦੇ ਹਨ । ਰਾਤ ਤੋਂ ਬਾਅਦ ਜਿਵੇਂ ਹੀ ਸੂਰਜ ਉਦੇ ਹੁੰਦਾ ਹੈ, ਸਾਰੇ ਉੱਡ ਜਾਂਦੇ ਹਨ। ਇਸੇ ਤਰ੍ਹਾਂ ਮਨੁੱਖ ਵੀ ਆਰਜਾ ਦੇ ਬੀਤਣ ਨਾਲ ਇਸ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ । ਅਸਲ ਵਿਚ ਮਨੁੱਖ ਮਾਇਆ ਦੀ ਜਕੜ ਤੋਂ ਨਿਕਲਕੇ ਇਸ ਅੰਤਿਮ ਸਚ ਨੂੰ ਪਛਾਣ ਹੀ ਨਹੀਂ ਸਕਦਾ—ਮਾਇਆ ਦੇ ਬੰਧਨ ਤੇ ਭਰਮ ਹਨ ਹੀ ਕੁਝ ਅਜਿਹੇ । ਪਰ ਸੰਤਾਂ ਜਾਂ ਰੱਬ ਦੇ ਰਾਹ ਉਤੇ ਤੁਰਨ ਵਾਲਿਆਂ ਦੀ ਸੰਗਤ ਕਰਨ ਨਾਲ ਇਸ ਤੱਥ ਦੀ ਵੀ ਸੋਝੀ ਆ ਜਾਂਦੀ ਹੈ । ਜ਼ਾਹਿਰ ਹੈ, ਅੰਜੁਲੀ ਦੀ ਥੀਮ ਰੀਤ ਨਾਲ ਸੰਬੰਧਿਤ ਨਾ ਹੋ ਕੇ ਸੰਸਾਰ ਦੀ ਮੂਲ ਗਤੀ ਨਾਲ ਜਾ ਜੁੜਦੀ ਹੈ । ਇਨ੍ਹਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਸੰਸਾਰ ਦੇ ਮੂਲ ਸੰਕਲਪ ਨੂੰ ਪੇਸ਼ ਕਰਦੀਆਂ ਹਨ ।

ਰੂਪਾਕਾਰ ਦੇ ਪੱਖੋਂ ਇਹ ਦੋਵੇਂ ਅੱਠ ਅੱਠ ਪਦਾਂ ਦੀਆਂ ਧਾਰਨੀ ਹਨ ਤੇ ਹਰ ਬੰਦ ਦੀਆਂ ਤਿੰਨ ਪੰਕਤੀਆਂ ਹਨ । ਪਹਿਲੀਆਂ ਦੋ ਪੰਕਤੀਆਂ ਛੋਟੀਆਂ ਤੇ ਤੀਸਰੀ ਲੰਮੇਰੀ ਹੈ । ਇਹ ਨੇਮ ਦੋਹਾਂ ਅੰਜੁਲੀਆਂ ਵਿਚ ਕਰੜਾਈ ਨਾਲ ਨਿਬਾਹਿਆ ਗਿਆ ਹੈ । ਸਪਸ਼ਟ ਹੈ, ਦੋਵੇਂ ਅੰਜੁਲੀਆਂ ਇਕੋ ਛੰਦ ਵਿਚ ਰਚੀਆਂ ਗਈਆਂ ਹਨ ।

ਇਥੇ ਇਹ ਨਿਖੇੜਾ ਕਰਨਾ ਜੋਗ ਪ੍ਰਤੀਤ ਹੁੰਦਾ ਹੈ ਅਲਾਹੁਣੀਆਂ ਅਤੇ ਅੰਜੁਲੀਆਂ ਆਪਣੀ ਥੀਮ ਕਰਕੇ ਮੇਲ ਖਾਂਦੀਆਂ ਹਨ । ਦੋਹਾਂ ਵਿਚ ਅੰਤਰ ਕੇਵਲ ਇਤਨਾ ਹੈ, ਅਲਾਹੁਣੀਆਂ ਆਪਣੇ ਸ਼ਬਦ-ਖੇਤਰ ਕਰਕੇ ਘਰੋਗੀ ਵਾਤਾਵਰਣ ਨਾਲ ਜੋੜਦੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਤੇ ਅੰਜੁਲੀਆਂ ਵਧੈਰੈ ਕਰਕੇ ਸੰਕਲਪਿਕ ਹਨ, ਪਰ ਇਸਦਾ ਅਰਥ ਇਹੁ ਕਦਾਚਿਤ ਨਹੀਂ ਕਿ ਅਲਾਹੁਣੀਆਂ ਸੰਕਲਪ-ਵਿਸ਼ੇਸ਼ ਤੋਂ ਵਿਰਵੀਆਂ ਹਨ ।

## ਫੁਟ ਨੋਟ

1. ਥੋੜੀ, 2. ਦੋਹਾ, 3. ਹਾਲਤਾਂ 4. ਸੁਖੀ, 5. ਗ੍ਰਿਹਸਤ ਵਿਚ ਨਰਕ ਹੈ, 6. ਉਦਾਸੀ ਕਰੋਧੀ ਹੋ ਜਾਂਦਾ ਹੈ, 7. ਬਹੁ ਪ੍ਰਕਾਰੀ, 8. ਵੇਦ, 9. ਵਾਚੇ ਹਨ, 10. ਸੁਤਿਆਂ ਤੇ ਜਾਗਦਿਆਂ, 11. ਭਰਮ ਵਿਚ ਖ਼ਰਾਬ ਹੋ ਰਿਹਾ ਹੈ, 12. ਬੰਧਨ ਵਿਚ ਪੈਂਦਾ ਹੈ, 13. ਚਿੰਤਾ ਵਿਚ, 14. ਹਿਰਦੇ ਵਿਚ ਮਹਿਸੂਸ ਕਰੇ, 15. ਵਾਂਗ, 16. ਝੁਲਦੇ; 17. ਖ਼ਿਆਲ ਜੋ ਉਸਨੂੰ ਜਚਦੇ ਹਨ, 18. ਯਾਦ ਕਰੀਦਾ ਹੈ, 19. ਰੁਖ, 20. ਕਉੜਾ, 21. ਡੁਬਿਆ ਸੂਰਜ, 22. ਉਦੈ ਹੋਇਆ ਅਥਵਾ ਉਮਰ ਰੂਪੀ ਰਾਗ ਗੁਜ਼ਰ ਗਈ, 23. ਜ਼ਰੂਰ, 24. ਲੁਟੇ ਗਏ, 25. ਮੌਤ ਦਾ 26. ਕੋਹੇ, 27. ਧਰਮਰਾਜ, 28. ਭਾਈ, 29. ਭੈਣ, 30, ਚਲਾ ਜਾਂਦਾ ਹੈ, 31. ਖ਼ੁਦਾ, 32. ਟੋਏ ਵਿਚ, 33. ਜਨਮ ਮਰਨ ਦੇ ਲੰਮੇ ਗੇੜ ਵਿਚ, 34. ਮਾਇਆ ਦੀ ਖੇਡ ਵਿਚ ਕਦੀ ਮਨੀਜਦਾ ਤੇ ਕਦੀ ਰੁਸਦਾ ਹੈ, 35. ਮਾਇਆ ਦੀ ਲਹਿਰ, 36. ਹਰ ਇਕ ਦੇ ਸਿਰ ਤੇ ਕੀਤੇ ਕਰਮ ਚਲਦੇ ਹਨ, 37. ਵਖਿਆਣ, ਕਹੀਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਦ

ਸਦ ਬਹੁਅਰਥਕ ਸ਼ਬਦ ਹੈ। ਡਾ: ਚਰਨ ਸਿੰਘ ਅਨੁਸਾਰ 'ਸਦ' ਸਦਾ ਦਾ ਸੰਖੇਪ ਰੂਪ ਹੈ ਜਿਸ ਦਾ ਅਰਥ ਹੈ, ਸਚ, ਹਮੇਸ਼ਾ। ਇਸਦਾ ਦੂਜਾ ਅਰਥ ਹੈ, ਆਵਾਜ਼ ਖ਼ਾਸ ਕਰਕੇ ਜਦੋਂ ਫ਼ਕੀਰ ਸਾਧੂ ਕਿਸੇ ਗ੍ਰਹਿਸਤੀ ਦੇ ਬੂਹੇ ਅੱਗੇ ਲੰਮੀ ਆਵਾਜ਼ ਦੇਂਦੇ ਹਨ ਉਸਨੂੰ ਵੀ ਸਦ ਕਿਹਾ ਜਾਂਦਾ ਹੈ। ਰਾਮਕਲੀ ਰਾਗ ਵਿਚ ਬਾਬਾ ਸੁੰਦਰ ਕ੍ਰਿਤ ਸਦ ਹੈ ਜੋ ਪਰੰਪਰਾ ਅਨੁਸਾਰ ਉਨ੍ਹਾਂ ਨੇ ਤੀਸਰੇ ਗੁਰੂ ਦੇ ਜੋਤੀ ਜੋਤ ਸਮਾਉਣ ਉਪਰੰਤ ਰਚੀ। ਇਸ ਵਿਚ ਤੀਸਰੇ ਪਾਤਸ਼ਾਹ ਦਾ ਆਦੇਸ਼ ਵੀ ਸ਼ਾਮਲ ਹੀ ਤੇ ਮ੍ਰਿਤਕ ਉਪਰੰਤ ਕੀਤੀਆਂ ਗਈਆਂ ਰੀਤਾਂ ਦਾ ਖੰਡਨ ਵੀ। ਇਥੇ 'ਸਦ' ਤੋਂ ਭਾਵ ਵਾਹਿਗੁਰੂ ਦੇ ਦਰੋਂ ਗੁਰੂ ਅਮਰਦਾਸ ਜੀ ਨੂੰ ਸੱਦਾ ਆਉਣ ਤੋਂ ਹੈ। ਭਾਈ ਕਾਹਨ ਸਿੰਘ ਉਪਰੋਕਤ ਅਰਥਾਂ ਦੀ ਪੁਸ਼ਟੀ ਕਰਨ ਦੇ ਨਾਲ ਨਾਲ ਇਸ ਦਾ ਸੰਬੰਧ ਲੋਕ ਗੀਤਾਂ ਨਾਲ ਜੋੜਦੇ ਹਨ। ਇਹ ਇਕ ਪ੍ਰਕਾਰ ਦਾ ਗੀਤ ਹੈ ਜੋ ਅਨੇਕ ਪ੍ਰਕਾਰੀ ਛੰਦਾਂ ਵਿਚ ਰਚਿਆ ਜਾ ਸਕਦਾ ਹੈ। ਇਹ ਛੰਦ ਕਿਸੇ ਖ਼ਾਸ ਜਾਤੀ ਨਾਲ ਸੰਬੰਧਿਤ ਨਹੀਂ ਸਗੋਂ ਪੇਂਡੂ ਲੋਕਾਂ ਦਾ ਪਿਆਰਾ ਜਿਹਾ ਗੀਤ ਹੈ। ਇਸ ਦੇ ਗਾਉਣ ਦਾ ਅਪਣਾ ਵਿਲੱਖਣ ਅੰਦਾਜ਼ ਹੈ। ਇਹ ਲੰਮੀ ਹੇਕ ਨਾਲ ਗਾਇਆ ਜਾਂਦਾ ਹੈ। ਡਾ: ਵਣਜਾਰਾ ਵੀ ਇਸ ਤੱਥ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਸਦ ਦਾ ਕੋਸ਼ਗਤ ਅਰਥ ਸੱਦਾ, ਬੁਲਾਵਾ, ਹਾਕ, ਜਾਂ ਵਾਜ ਦੇਣਾ ਹੈ। ਆਰੰਭ ਵਿਚ ਸਦ ਦਾ ਪ੍ਰਯੋਗ ਉਨ੍ਹਾਂ ਗੀਤਾਂ ਲਈ ਕੀਤਾ ਜਾਂਦਾ ਸੀ ਜਿਨ੍ਹਾਂ ਵਿਚ ਪ੍ਰੇਮੀ ਪ੍ਰੇਮਿਕਾ ਨੂੰ ਸੰਬੋਧਨ ਕਰਕੇ ਮਨ ਦੀ ਕੋਈ ਵੇਦਨਾ ਰੂਪਮਾਨ ਕਰਦਾ ਸੀ। ਸਮੇਂ ਨਾਲ ਇਹ ਕਾਵਿ-ਰੂਪ ਕਿਸੇ ਮਰ ਗਏ ਪਿਆਰੇ ਦੇ ਵੈਰਾਗ ਵਿਚ ਪ੍ਰਗਟਾਏ ਭਾਵਾਂ ਲਈ ਰੂੜ ਹੋ ਗਿਆ। ਸਦ ਤੇ ਅਲਾਹਣੀ ਥੀਮ ਤੇ ਦ੍ਰਿਸ਼ਟੀ ਦੇ ਪੱਖੋਂ ਸਮਾਨਭਾਵੀ ਹਨ। ਦੋਹਾਂ ਵਿਚ ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਗੁਣਾਂ ਦਾ ਜਸ ਤੇ ਸੰਸਾਰ ਦੀ ਨਾਸ਼ਮਾਨਤਾ ਦਾ ਵਰਣਨ ਹੁੰਦਾ ਹੈ। ਸੋਗੀ ਵਾਤਾਵਰਣ ਨੂੰ ਕਰੁਣਾ ਭਰੇ ਸ਼ਬਦਾਂ ਵਿਚ ਸਿਰਜਿਆ ਜਾਂਦਾ ਹੈ। ਡਾ: ਵਣਜਾਰਾ ਬੇਦੀ ਨੇ ਇਨ੍ਹਾਂ ਦੋਹਾਂ ਦਾ ਵਿਵੇਚਨ ਬੜੀ ਬਰੀਕੀ ਨਾਲ ਕਰਦੇ ਹੋਏ ਇਨ੍ਹਾਂ ਦਾ ਅੰਤਰ ਨਿਖੇੜਾ ਵੀ ਕੀਤਾ ਹੈ। ਸਦ ਤੇ ਅਲਾਹਣੀ ਵਿਚ ਬੁਨਿਆਦੀ ਅੰਤਰ ਚਰਿੱਤਰ ਦਾ ਹੈ। ਅਲਾਹਣੀ ਕਿਸੇ ਮ੍ਰਿਤਕ ਦੇ ਸੋਗ ਵੇਲੇ ਪਾਈ ਜਾਂਦੀ ਹੈ ਪਰ ਸਦ ਕਿਸੇ ਵੇਲੇ ਵੀ ਗਾਈ ਜਾ ਸਕਦੀ ਹੈ। ਸਦ ਅਲਾਹਣੀ ਨਾਲੋਂ ਵਧੇਰੇ ਸੂਖਮ ਅਤੇ ਨਿਰਮਲ ਹੈ। ਅਲਾਹੁਣੀ ਵਿਚ ਭਾਵ ਵਿਕਾਰ ਦੀ ਸੀਮਾਂ ਉੱਤੇ ਜਾ ਪੁਜਦਾ ਹੈ ਪਰ ਸਦ ਵਿਚ ਭਾਫ ਸੰਤੁਲਨ ਵਿਚ ਰਹਿੰਦਾ ਹੈ। ਸਭ ਤੋਂ ਵਿਸ਼ੇਸ਼ ਗੱਲ ਜੋ ਸਦ ਨੂੰ ਅਲਾਹੁਣੀ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਖੇੜਦੀ ਹੈ, ਉਹ ਉਸ ਦੀ ਗਾਇਨ ਸ਼ੈਲੀ ਹੈ, ਸਦ ਹਮੇਸ਼ਾਂ ਲੰਮੀ ਹੇਕ ਵਿਚ ਗਾਈ ਜਾਂਦੀ ਹੈ ਇੰਜ ਜਿਵੇਂ ਕੋਈ ਵਿਛੜੇ ਸੰਬੰਧੀ ਜਾਂ ਪਿਆਰੇ ਨੂੰ ਆਵਾਜ਼ ਦੇ ਕੇ ਯਾਦ ਕਰ ਰਿਹਾ ਹੋਵੇ। ਪਰ ਅਲਾਹਣੀ ਉੱਚੀ ਤੇ ਤਿੱਖੀ ਸੁਰ ਵਿਚ ਛਾਤੀ ਤੇ ਸਿਰ ਪਿਟਦਿਆਂ ਅਲਾਪੀ ਜਾਂਦੀ ਹੈ।

ਸਦ ਪੰਜਾਬ ਦੇ ਗਭਰੂਆਂ ਦਾ ਸਰਬ ਪ੍ਰਿਅ ਗੀਤ ਹੈ। ਇਸ ਨੂੰ ਗਾਉਂਦੇ ਸਮੇਂ ਖੱਬਾ ਹੱਥ ਕੰਨ ਉੱਤੇ ਧਰ ਕੇ ਸੱਜਾ ਹੱਥ ਫੈਲਾ ਕੇ ਲੰਮੀ ਹੇਕ ਕੱਢੀ ਜਾਂਦੀ ਹੈ। ਪੰਜਾਬੀ ਸਾਹਿਤ ਵਿਚ 'ਮਿਰਜਾ ਪੀਲੂ ਦੀ ਸਦ' ਖ਼ਾਸੀ ਪ੍ਰਸਿੱਧਤਾ ਨੂੰ ਪ੍ਰਾਪਤ ਹੈ।

ਇੰਝ ਮਾਲੂਮ ਹੁੰਦਾ ਹੈ, ਮੱਧਕਾਲ ਸਮੇਂ ਇਸ ਗਾਇਨ ਸ਼ੈਲੀ ਵਿਚ ਲੋਕ ਖ਼ਾਸ ਦਿਲਚਸਪੀ ਰੱਖਦੇ ਸਨ। ਬਾਬਾ ਸੁੰਦਰ ਨੇ 'ਰਾਮਕਲੀ ਸਦ' ਵਿਚ ਉਸ ਸੋਗੀ ਵਾਤਾਵਰਣ ਦਾ ਨਿਸ਼ੇਧ ਕੀਤਾ ਹੈ ਜੋ ਮ੍ਰਿਤਕ ਤੋਂ ਮਗਰੋਂ ਆਮ ਘਰਾਂ ਵਿਚ ਵੇਖਿਆ ਜਾਂਦਾ ਹੈ। ਪਰ ਇਸ ਦੇ ਨਾਲ ਹੀ "ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸ ਜੀਉ" ਰੱਬ ਦਾ ਭਾਣਾ ਮੰਨਣ ਲਈ ਉਪਦੇਸ਼ ਕੀਤਾ ਹੈ। ਇਸ ਵਿਚ ਗੁਰੂ ਨਾਲ ਸੰਬੰਧਿਤ ਇਤਿਹਾਸਕ ਅੰਸ਼ ਵੀ ਆਪਣਾ ਸਿਰ ਚੁੱਕਦੇ ਵਿਖਾਈ ਦੇਂਦੇ ਹਨ।

੧ੴ ਸਤਿਗੁਰ ਪ੍ਰਸਾਦਿ

## ਰਾਮਕਲੀ ਸਦੁ (ਆਦਿ ਗ੍ਰੰਥ-923)

ਜਗਿ ਦਾਤਾ ਸੋਇ ਭਗਤਿ ਵਛਲੁ[1] ਤਿਹੁ[2] ਲੋਇ[3] ਜੀਉ।
ਗੁਰ ਸਬਦਿ ਸਮਾਵਦੇ ਅਵਰੁ ਨ ਜਾਣੈ ਕੋਇ ਜੀਉ।
ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੈ।
ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੈ।
ਆਇਆ ਹਕਾਰਾ[4] ਚਲਣਵਾਰਾ ਹਰਿ ਰਾਮ ਨਾਮਿ ਸਮਾਇਆ।
ਜਗਿ ਅਮਰੁ[5] ਅਟਲੁ ਅਤੋਲੁ ਠਾਕਰੁ ਭਗਤਿ ਤੇ ਹਰਿ ਪਾਇਆ।੧।
ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ।
ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ।
ਪੈਜ ਰਾਖਹੁ ਹਰਿਜਨਹ ਕੇਰੀ[6] ਹਰਿ ਦੇਹੁ ਨਾਮੁ ਨਿਰੰਜਨੋ[7]।
ਅੰਤਿ ਚਲਦਿਆ ਹੋਇ ਬੇਲੀ ਜਮ ਦੂਤ ਕਾਲੁ ਨਿਖੰਜਨੋ[8]।
ਸਤਿਗੁਰੁ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ।
ਹਰਿ ਧਾਰਿ ਕਿਰਪਾ ਸਤਿਗੁਰੂ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ।੨।
ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੇ ਹਰਿ ਭਾਣਾ ਆਉ ਮੈ ਪਾਸਿ ਜੀਉ।
ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭ ਕਰੇ ਸਾਬਾਸਿ ਜੀਉ।
ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ[9]।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਨੰਦ ਅਨਹਦ[10] ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ।
ਤੁਸੀਂ ਪੁਤ ਭਾਈ ਪਰਵਾਰ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ[11] ਜੀਉ ।
ਧੁਰ ਲਿਖਿਆ ਪਰਵਾਣਾ[12] ਫਿਰੈ[13] ਨਾ ਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ।੩।
ਸਤਿਗੁਰਿ[14] ਭਾਣੈ ਆਪਣੈ ਬਹਿ ਪਰਿਵਾਰੁ ਸਦਾਇਆ ।
ਮਤ ਮੈ ਪਿਛ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ[65] ।
ਮਿਤੁ[16] ਪੈਝੈ[17] ਮਿਤੁ ਬਿਗਸੈ[18] ਜਿਸੁ ਮਿਤ ਕੀ ਪੈਜ ਭਾਵਏ ।
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ[19] ।
ਸਤਿਗੁਰੂ ਪਰਤਖਿ[20] ਹੋਦੈ ਬਹਿ ਰਾਜੁ ਆਪਿ ਟਿਕਾਇਆ ।
ਸਭਿ ਸਿਖ ਬੰਧਪ[21] ਪੁਤ ਭਾਈ ਰਾਮਦਾਸ ਪੈਰੀ ਪਾਇਆ ।੪।
ਅੰਤੇ[22] ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ[23] ਜੀਉ ।
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ।
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗ ਗੁਰ ਭਾਵਏ ।
ਪਿੰਡਾਂ[25] ਪਤਲਿ[26] ਕਿਰਿਆ ਦੀਵਾ[27] ਫੁਲ ਹਰਿ ਸਰਿ[28] ਪਾਵਏ ।
ਹਰਿ ਭਾਇਆ ਸਤਿਗੁਰੂ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ।
ਰਾਮਦਾਸ ਸੋਢੀ ਤਿਲਕੁ ਦੀਆਂ ਗੁਰ ਸਬਦੁ ਸਚੁ ਨੀਸਾਣੁ ਜੀਉ ।੫।
ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ[29] ਜੀਉ ।
ਮੋਹਰੀ[30] ਪੁਤੁ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ ।
ਸਭ ਪਵੈ ਪੈਰੀ ਸਤਿਗੁਰੂ ਕੈਰੀ[31] ਜਿਥੈ ਗੁਰੂ ਆਪੁ ਰਖਿਆ ।
ਕੋਈ ਕਰਿ[32] ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ[33] ਨਿਵਾਇਆ ।
ਹਰਿ ਗੁਰਹਿ ਭਾਣਾ[34] ਦੀਈ[35] ਵਡਿਆਈ ਧੁਰਿ[36] ਲਿਖਿਆ ਲੇਖੁ ਰਜਾਇ ਜੀਉ।
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ।੭।

ਸਦ ਗੁਰੂ ਅਮਰਦਾਸ ਜੀ ਦੇ ਪ੍ਰਲੋਕ ਗਮਨ ਤੋਂ ਪਹਿਲਾਂ ਜੋ ਉਪਦੇਸ਼ ਉਨ੍ਹਾਂ ਨੇ ਆਪਣੇ ਪੁੱਤਰਾਂ ਪੋਤਰਿਆਂ ਨੂੰ ਦਿਤਾ ਉਸ ਦਾ ਨਿਰੂਪਣ ਕਰਨ ਦੇ ਨਾਲ ਨਾਲ ਗੁਰੂ ਰਾਮਦਾਸ ਜੀ ਦੀ ਗੁਰਆਈ ਵਲ ਵੀ ਸੰਕੇਤ ਕਰਦੀ ਹੈ। ਇਸ ਵਿਚ ਮ੍ਰਿਤਕ ਨਾਲ ਸੋਬੰਧਿਤ ਰੀਤਾਂ ਪਿੰਡ, ਪਤਲ ਕਿਰਿਆ, ਦੀਵਾ ਤੇ ਫੁਲ ਆਦਿ ਦਾ ਨਿਸ਼ੇਧ ਕਰਕੇ ਹਰੀ ਨਾਮ ਨਾਲ ਜੁੜਨ ਦਾ ਉਪਦੇਸ਼ ਕੀਤਾ ਹੈ।

ਰੂਪਾਕਾਰ ਦੀ ਦ੍ਰਿਸ਼ਟੀ ਤੋਂ ਇਹ ਕਹਿਣਾ ਉਚਿਤ ਹੈ ਇਸ ਰਚਨਾ ਦੇ ਕੁਲ 6 ਬੰਦ 6 ਤੁਕਾਂ ਦਾ ਧਾਰਨੀ ਹੈ। ਛੰਦ ਦੀ ਦ੍ਰਿਸ਼ਟੀ ਤੋਂ ਇਹ ਹੁਲਾਸ ਛੰਦ ਦੀ ਬੰਦਿਸ਼ ਵਿਚ ਪੇਸ਼ ਹੋਈ ਹੈ।

ਕੁਲ ਮਿਲਾ ਕੇ, ਗੁਰੂ ਗ੍ਰੰਥ ਸਾਹਿਬ ਵਿਚ 'ਸਦ' ਹੀ ਇਕੋ ਇਕ ਅਜਿਹੀ ਰਚਨਾ ਹੈ ਜੋ ਤਤਕਾਲੀਨ ਗੁਰੂ ਇਤਿਹਾਸ ਦੇ ਅੰਸ਼ਾਂ ਨੂੰ ਪੇਸ਼ ਕਰਦੀ ਹੈ। ਗੁਰੂਗੱਦੀ ਦਾ ਆਕਰਸ਼ਣ ਤੇ ਪਰਿਵਾਰਕ ਫੁਟ ਨੂੰ 'ਸਦ' ਰਚਨਾ ਨੇ ਸਾਫ਼ਗੋਈ ਨਾਲ ਪੇਸ਼ ਕੀਤਾ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਫੁਟ ਨੋਟ

1. ਪਿਆਰਾ, 2. ਤਿੰਨ, 3. ਲੋਕ, 4. ਹੁਕਮ, ਸੱਦਾ, 5. ਗੁਰੂ ਅਮਰਦਾਸ, 6. ਦੀ, 7. ਮਾਇਆ ਤੋਂ ਰਹਿਤ, 8. ਕਾਲ ਨੂੰ ਨਿਕੰਮਾ ਕਰ ਦੇਣ ਵਾਲਾ, 9. ਚੰਗਾ ਲਗੇ, 10. ਆਤਮ ਮੰਡਲ ਦਾ ਸੰਗੀਤ ਜੋ ਬਿਨਾਂ ਵਜਾਏ ਵਜਦਾ ਹੈ ਜਾਂ ਆਤਮ ਆਨੰਦ ਦੀ ਸੰਗੀਤਕ ਸ਼ਕਲ, 11. ਨਿਰਣੈ, 12. ਹੁਕਮ, 13. ਟਲਦਾ, 14. ਗੁਰੂ ਅਮਰਦਾਸ ਜੀ, 15. ਚੰਗਾ ਨਹੀਂ ਲਗਦਾ, 16. ਮਿੱਤਰ, 17. ਪਹਿਨੀਏ ਦਾ ਪੁਰਾਤਨ ਰੂਪ ਪੈਂਝੇ ਹੈ ਅਥਵਾ ਮਿੱਤਰ ਉਸਨੂੰ ਧਾਰਨ ਕਰੋ, 18. ਖ਼ੁਸ਼ੀ ਹੋਵੇ, 19. ਪਹਿਨਾਉਂਦਾ ਹੈ ਅਥਵਾ ਇਜ਼ਤਦਾਰ ਬਣਾਇਆ ਹੈ, 20. ਗੁਰੂ ਅਮਰਦਾਸ ਜੀ ਆਪਣੇ ਜੀਵਨ ਵਿਚ ਹੀ ਗੁਰੂ ਰਾਮਦਾਸ ਨੂੰ ਪ੍ਰਤੱਖ ਗੁਰੂ ਬਣਾਇਆ ਹੈ, 21, ਰਿਸ਼ਤੇ-ਦਾਰ, 22. ਅਖ਼ੀਰ, 23. ਨਿਰੋਲ ਕੀਰਤਨ, ਸ਼ੁਧ ਕੀਰਤਨ, 24. ਵਿਮਾਨ ਦੀ ਸ਼ਕਲ ਦਾ ਤਖਤਾ ਭਾਵ ਅਰਥੀ ਨੂੰ ਸਜਾਣ ਨਾਲੋਂ ਹਰੀ ਦੀ ਕਥਾ ਕਰਦਿਆਂ ਲੈ ਜਾਣਾ, 25. ਪੇੜੇ, 26. ਪੱਤਿਆਂ ਦੀ ਬਣੇ ਹੋਏ ਡੂੰਨੇ ਜਿਸ ਵਿਚ ਪਿੰਡ ਰਖੀਦੇ ਹਨ, 27. ਗੁਰੂ ਜੀ ਉਪਦੇਸ਼ ਦੇ ਰਹੇ ਹਨ ਪਿੰਡ, ਪਤਲ, ਕਿਰਿਆ ਦੀਵਾ ਤੇ ਫੁੱਲ ਇਨ੍ਹਾਂ ਸਭਨਾਂ ਦੀ ਬਜਾਏ, 28. ਹਰੀਹਰ-ਹਰੀ ਦੇ ਸਤਿਸੰਗ ਵਿਚ ਜੁੜਨਾ, 29. ਭਾਣਾ ਮੰਨ ਲਿਆ, 30. ਗੁਰੂ ਅਮਰਦਾਸ ਜੀ ਦੇ ਸਪੁੱਤਰ ਦਾ ਨਾਮ ਹੈ, 31. ਦੇ, 32. ਈਰਖਾ ਦਵੈਸ਼, 33. ਲਿਆ ਕੇ, 34. ਗੁਰੂ ਅਮਰਦਾਸ ਨੂੰ ਚੰਗਾ ਲਗਾ, 35. ਗੁਰੂ ਰਾਮਦਾਸ ਨੂੰ ਆਪ ਵਡਿਆਈ ਦਿਤੀ, 36. ਮੁੱਢ ਤੋਂ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੁੰਦਾਵਣੀ

ਮੁੰਦਾਵਣੀ ਇਕ ਰੀਤ ਹੈ। ਜੋ ਧਨੀ ਪੋਠੋਹਾਰ ਵਿਚ ਜੰਞ ਦੇ ਰੋਟੀ ਖਾਣ ਸਮੇਂ 'ਥਾਲੀ' ਬੰਨ੍ਹ ਕੇ ਕੀਤੀ ਜਾਂਦੀ ਸੀ। ਇਹ ਰੀਤ ਕੇਂਦਰੀ ਪੰਜਾਬ ਦੀ ਜੰਞ ਬੰਨ੍ਹਣ ਦੀ ਰੀਤ ਨਾਲ ਮੇਲ ਖਾਂਦੀ ਹੈ। ਇਸ ਰੀਤ ਸਮੇਂ ਜੋ ਗੀਤ ਗਾਏ ਜਾਂਦੇ ਤੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ, ਉਹ ਪੋਠੋਹਾਰ ਵਿਚ ਮੁੰਦਾਵਣੀ ਅਖਵਾਉਂਦੀਆਂ ਹਨ। ਇਨ੍ਹਾਂ ਗੀਤਾਂ ਵਿਚੋਂ ਥਾਲੀ ਤੇ ਉਸ ਵਿਚ ਪਾਈਆਂ ਵਸਤਾਂ ਦਾ ਜ਼ਿਕਰ ਲਾਜ਼ਮੀ ਹੈ।

ਮਹਾਨ ਕੋਸ਼ ਅਨੁਸਾਰ ਇਹ ਮੁਹਰ ਜਾਂ ਛਾਪ ਲਾਉਣ ਦੀ ਕ੍ਰਿਆ ਹੈ। ਮੁੰਦਾਵਣੀ ਦਾ ਅਰਥ ਬੁਝਾਰਤਾਂ ਵੀ ਕੀਤਾ ਜਾਂਦਾ ਹੈ। ਬੁਝਾਰਤ ਦੇ ਅਰਥਾਂ ਵਿਚ ਵੀ ਮੁੰਦਾਵਣੀ ਸ਼ਬਦ ਦਾ ਪ੍ਰਯੋਗ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਗਿਆ ਹੈ। 'ਏਹ ਮੁੰਦਾਵਣੀ ਸਤਿਗੁਰੂ ਪਾਈ ਗੁਰਸਿਖਾਂ ਲਧੀ ਭਾਲਿ (ਵਾਰ ਸੋਰਠ ਮਹਲਾ-੩) ਇਥੇ ਇਹ ਸਬਦ ਤੁਕ ਵਿਚ ਆਇਆ ਹੈ, ਸਿਰਲੇਖ ਵਜੋਂ ਨਹੀਂ। ਅਖੀਰ ਵਿਚ ਮੁੰਦਾਵਣੀ ਮਹਲਾ 5 ਸਿਰਲੇਖ ਦੇ ਰੂਪ ਵਿਚ ਆਈ ਹੈ ਜਿਸ ਦਾ ਭਾਵ ਹੈ ਅੰਤਮ ਛਾਪ ਜਾਂ ਮੂਹਰ। ਸਮਾਪਤੀ ਉਪਰ ਮੁਦ੍ਰਾਂਕਣ ਕਰਕੇ ਇਹ ਉਪਦੇਸ਼ ਹੈ ਕਿ ਇਥੇ ਧਰਮ-ਗ੍ਰੰਥ ਦੇ ਪਾਠ ਦਾ ਭੋਗ ਹੈ। ਜੇ ਮਹਾਨ ਕੋਸ਼ ਅਨੁਸਾਰ ਇਹ ਮੰਨ ਲਿਆ ਜਾਏ ਕਿ ਮੁੰਦਾਵਣੀ ਅੰਤਮ ਮੁਹਰ ਹੈ ਤਾਂ ਪ੍ਰਸ਼ਨ ਪੈਦਾ ਹੁੰਦਾ ਹੈ, ਮੁਹਰ ਲਗਣ ਤੋਂ ਬਅਦ ਤਾਂ ਖ਼ਾਲੀ ਦਸਖ਼ਤ ਕਰਨੇ ਹੀ ਰਹਿ ਜਾਂਦੇ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਮੁੰਦਾਵਣੀ ਤੋਂ ਬਾਅਦ ਰਾਗਮਾਲਾ ਵੀ ਅੰਕਿਤ ਕੀਤੀ ਗਈ ਹੈ। ਮੁਹਰ ਲਗਣ ਤੋਂ ਬਾਅਦ ਕੁਝ ਵੀ ਲਿਖਣਾ ਸੰਦੇਹ ਉਤਪੰਨ ਕਰਦਾ ਹੈ। ਗਹੁ ਨਾਲ ਵਿਚਾਰਿਆਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਥੀਮ ਅਨੁਸਾਰ ਮੁੰਦਾਵਣੀ ਹੀ ਇਸ ਦੀ ਅੰਤਿਮ ਮੋਹਰ ਹੈ। ਇਸ ਦੇ ਸੰਪਾਦਕ ਨੇ ਸਪਸ਼ਟ ਕਰ ਦਿਤਾ ਹੈ ਕਿ ਇਸ ਮਹਾਨ ਗ੍ਰੰਥ (ਥਾਲ) ਵਿਚ ਸਤਿ ਸੰਤੋਖ ਅਤੇ ਨਾਮ ਜੋ ਕੁਲ ਕਾਇਨਾਤ ਦਾ ਆਸਰਾ ਹਨ, ਰੱਖੇ ਗਏ ਹਨ, ਜੋ ਕੋਈ ਇਸ ਗ੍ਰੰਥ ਦੀ ਵਿਚਾਰ ਕਰੇਗਾ, ਪਢਾ ਕੇ ਵਰਤੇਗਾ, ਉਸ ਦੀ ਕਲਿਆਣ ਹੋਵੇਗੀ। ਜ਼ਾਹਿਰ ਹੈ, ਮੁੰਦਾਵਣੀ ਗੁਰੂ ਗ੍ਰੰਥ ਸਾਹਿਬ ਵਿਚ ਦਾਰਸ਼ਨਿਕ ਬੁਝਾਰਤ ਦੇ ਅਰਥਾਂ ਵਿਚ ਵੀ ਤੇ ਮੁਹਰ ਦੇ ਅਰਥਾਂ ਵਿਚ ਵੀ ਹੈ। ਜੇ ਮੁੰਦਾਵਣੀ ਨੂੰ ਡਾ: ਬੇਦੀ ਅਨੁਸਾਰ ਥਾਲੀ ਬੰਨ੍ਹਣ ਦੀ ਰੀਤ ਵਾਂਗ ਵੀ ਮੰਨ ਲਿਆ ਜਾਏ ਤਾਂ ਇਸ ਰਚਨਾ ਵਿਚਲੀ ਸ਼ਬਦ ਬੁਣਦੀ ਪੇਸ਼ ਹੋਈ ਹੈ। ਲੋਕ ਗੀਤ ਵਿਚ ਪ੍ਰਚਲਤ ਮੁੰਦਾਵਣੀ 'ਥਾਲ ਵਿਚ ਤਿੰਨ ਵਸਤੂ ਪਈਉ ਸਤ ਸੰਤੋਖ ਵੀਚਾਰੋ' ਦੇ ਇਕ ਵਿਸ਼ੇਸ ਸੰਦਰਭ ਨੂੰ ਉਜਾਗਰ ਕਰਦੀ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਹੀ ਮਹਲਾ ੫ (ਆਦਿ ਗ੍ਰੰਥ-1429)

ਥਾਲੁ[1] ਵਿਚਿ ਤਿੰਨਿ ਵਸਤੂ ਪਈਓ[2] ਸਤੁ ਸੰਤੋਖੁ ਵੀਚਾਰੋ[3] ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ[4] ਜਿਸ ਕਾ[5] ਸਭਸੁ[6] ਅਧਾਰੋ ।
ਜੇ ਕੋ[7] ਖਾਵੈ ਜੇ ਕੋ ਭੁੰਚੈ[8] ਤਿਸ[9] ਕਾ ਹੋਇ ਉਧਾਰੋ ।
ਏਹ ਵਸਤੂ ਤਜੀ ਨਹ[10] ਜਾਈ ਨਿਤ ਨਿਤ ਰਖੁ ਉਰਿਧਾਰੋ[11] ।
ਤਮ[12] ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ[13] ।੧।

## ਫੁਟ ਨੋਟ

1. ਗੁਰੂ ਗ੍ਰੰਥ ਸਾਹਿਬ ਰੂਪੀ ਥਾਲ, 2. ਪਈਆਂ ਹਨ, 3. ਵਿਚਾਰ, 4. ਪਿਆ ਹੈ; 5. ਦਾ, 6. ਸਾਰਿਆਂ ਦਾ, 7. ਕੋਈ, 8. ਭੋਗਦਾ ਹੈ, 9. ਉਸ, 10. ਨਹੀਂ, 11. ਹਿਰਦੇ ਵਿਚ ਧਾਰਦਾ ਹੈ, 12. ਹਨੇਰਾ, 13. ਪਸਾਰਾ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਤਿਥੀਵਾਰਕ ਰੂਪ

ਪਹਿਰੇ ਮਹਲਾ ੧ (ਪੰਨਾ 74)
ਪਹਿਰੇ ਮਹਲਾ ੪ (ਪੰਨਾ 76)
ਪਹਿਰੇ ਮਹਲਾ ੫ (ਪੰਨਾ 77)
ਦਿਨਰੈਣਿ ਮਹਲਾ ੫
ਵਾਰਸਤ ਮਹਲਾ ੩
ਵਾਰਸਤ ਕਬੀਰ ਜੀ
ਥਿਤੀ ਮਹਲਾ ੧
ਥਿਤੀ ਮਹਲਾ ੫
ਥਿਤੀ ਕਬੀਰ ਜੀ
ਰੁਤੀ ਮਹਲਾ ੫
ਬਾਰਾਂਮਾਹ ਮਹਲਾ ੧
ਬਾਰਾਂਮਾਹ ਮਾਝ ਮਹਲਾ ੫

## ਤਿਥੀਵਾਰਕ

ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਅਨੁਸ਼ਠਾਨਿਕ ਰੂਪਾਂ ਤੋਂ ਬਾਅਦ ਤਿਥੀਵਾਰਕ (Calendaric) ਰੂਪਾਂ ਦਾ ਦੂਸਰਾ ਦਰਜਾ ਹੈ। ਇਹ ਉਹ ਰੂਪ ਹਨ। ਜਿਨ੍ਹਾਂ ਦਾ ਸੰਬੰਧ ਕਿਸੇ ਨਾ ਕਿਸੇ ਦਿਨ, ਦਿਹਾਰ ਜਾਂ ਤਿਥੀ ਨਾਲ ਹੈ। ਇਸੇ ਕਰਕੇ ਹੀ ਇਨ੍ਹਾਂ ਨੂੰ ਤਿਥੀਵਾਰਕ ਸੰਗਿਆ ਦਿਤੀ ਗਈ ਹੈ। ਇਹ ਰਚਨਾ-ਰੂਪ ਲੋਕ-ਦ੍ਰਿਸ਼ਟੀ ਨੂੰ ਪੇਸ਼ ਕਰਦੇ ਹਨ। ਜੇ ਕਿਸੇ ਦਿਨ ਕੋਈ ਦੁਰਘਟਨਾ ਵਾਪਰ ਗਈ ਤਾਂ ਉਹ ਦਿਨ ਜਾਂ ਤਿਥੀ ਅਪਸ਼ਗਨ ਨਾਲ ਜੁੜ ਗਈ। ਇਸੇ ਤਰ੍ਹਾਂ ਜੇ ਕਿਸੇ ਦਿਨ ਕੋਈ ਸ਼ੁਭ ਗੱਲ ਵਾਪਰ ਗਈ ਤਾਂ ਉਸ ਦਿਨ ਨੂੰ ਸ਼ੁਭ ਗਿਣਿਆ ਜਾਣ ਲਗਾ। ਹੌਲੀ ਹੌਲੀ ਦਿਨਾਂ ਨਾਲ ਸ਼ੁਭ ਅਸ਼ੁਭ ਦੇ ਭਾਵ ਜੁੜਦੇ ਗਏ ਤੇ ਇਹ ਵਧਦੇ ਵਧਦੇ ਵਹਿਮ ਦੀ ਹੱਦ ਤਕ ਪੁੱਜ ਗਏ, ਮਾਲੂਮ ਹੁੰਦਾ ਹੈ, ਇਨ੍ਹਾਂ ਰਚਨਾ-ਰੂਪਾਂ ਦੀ ਉਤਪਤੀ ਲੋਕ-ਚਿੱਤ ਦੀ ਆਤਮ-ਅਭਿਵਿਅਕਤੀ ਦੇ ਰੂਪ ਵਿਚ ਹੋਈ। ਲੋਕ-ਸਾਹਿਤ ਦੇ ਵਿਗਿਆਨੀਆਂ ਦੇ ਅਨੁਸਾਰ ਆਰੰਭ ਕਾਲ ਤੋਂ ਸਪਤਾਹ ਦੇ ਹਰੇਕ ਦਿਨ ਨਾਲ ਕੋਈ ਨਾ ਕੋਈ ਮਨੌਤ, ਭਰਮ ਅਤੇ ਭਾਵਨਾ ਜੁੜ ਗਈ ਜੋ ਪਹਿਲਾਂ ਪਹਿਲ ਕਿਸੇ ਗੀਤ ਜਾਂ ਟੱਪੇ ਰਾਹੀਂ ਪੇਸ਼ ਹੁੰਦੀ ਰਹੀ ਤੇ ਫਿਰ ਹੌਲੀ ਹੌਲੀ ਅਕਾਰ ਵਿਚ ਵਧਦੀ ਹੋਈ ਕਿਸੇ ਰੂਪ-ਵਿਸ਼ੇਸ਼ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਵਾਨ ਹੈ ਕਿ ਇਕ ਖਿਤ, ਦਿਨ, ਵਾਰ, ਤਿਥੀ, ਮਹੀਨੇ, ਰੁੱਤ ਨਾਲ ਇਕ ਕਰਮ ਨੂੰ ਜੋੜ ਕੇ ਵੇਖਦਾ ਹੈ ਤੇ ਸ਼ਾਇਦ ਇਹੀ ਉਸ ਦਾ ਚਰਿੱਤਰ ਵਿਸ਼ੇਸ਼ ਵੀ ਹੁੰਦਾ ਹੈ।

ਮਨੁੱਖ ਦੀ ਆਦਿਮ ਚੇਤਨਾ ਸਮੂਹ ਭਾਵੀ ਹੈ। ਇਕੱਠਿਆਂ ਇਕੋ ਪਰਿਵਾਰ ਵਿਚ ਰਹਿਣਾ, ਮਿਲ ਕੇ ਕੰਮ ਕਰਨਾ, ਇਕ ਦੂਜੇ ਦੇ ਕੰਮ ਆਉਣਾ, ਆਦਿਮ ਚੇਤਨਾ ਦੇ ਹੀ ਪ੍ਰਮਾਣ ਹਨ। ਸੁਖ ਦਾ ਵੇਲਾ ਬੀਤਦਿਆਂ ਪਤਾ ਨਹੀਂ ਲਗਦਾ ਪਰ ਦੁੱਖ ਦੀ ਘੜੀ ਦਾ ਪਲ ਪਲ ਵੀ ਬੜਾ ਜ਼ਾਲਮ ਹੁੰਦਾ ਹੈ। ਪਹਿਲੇ ਵਕਤਾ ਵਿਚ ਮਨੁੱਖ ਦੇ ਕੰਮਾਂ ਧੰਧਿਆਂ ਵਿਚ ਬਹੁਤੀ ਵੰਨਸਵੰਨਤਾ ਨਜ਼ਰ ਨਹੀਂ ਆਉਂਦੀ—

ਉੱਤਮ ਖੇਤੀ ਮਧਮ ਵਪਾਰ, ਧ੍ਰਿਗ ਚਾਕਰੀ ਭੀਖ ਨਦਾਰ।

ਬਦਲਦੇ ਹਾਲਾਤ ਨਾਲ ਜ਼ਰੂਰਤਾਂ ਵੀ ਬਦਲੀਆਂ। ਮਨੁੱਖ ਘਰ ਦੀ ਵਾਹੀ ਛਡ ਕੇ ਸੁਦਾਗਰ ਬਣ ਗਿਆ, ਇਹ ਵੀ ਸਾਮੂਹਿਕ ਲੋੜਾਂ ਦੀ ਪੂਰਤੀ ਲਈ ਹੀ ਸੀ, ਘਰ ਦੇ ਕੁਝ ਮਰਦ ਘਰੋਂ ਬਾਹਰ ਜਾ ਕੇ ਕੰਮ ਕਰਨ ਲਗ। ਸਾਂਝੇ ਪਰਿਵਾਰਾਂ ਦੀਆਂ ਮੁਟਿਆਰਾਂ ਆਪਣੀਆਂ ਬਜ਼ੁਰਗ ਸੱਸਾਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋ ਕੇ ਆਪਣੇ ਮਹਿਬੂਬ ਪਤੀਆਂ ਲਈ ਪਲ ਪਲ ਗਿਣਦੀਆਂ। ਅਜਿਹੇ ਰਚਨਾ-ਰੂਪ ਜੋ ਸਮੇਂ ਦੀ ਚੇਤੰਨਤਾ ਨਾਲ ਸੰਬੰਧਿਤ ਹਨ ਕਿਸੇ ਇਸੇ ਤਰ੍ਹਾਂ ਦੇ ਵੇਲੇ ਦੀ ਹੀ ਉਪਜ ਹਨ, ਡਾ: ਵਣਜਾਰਾ ਬੇਦੀ ਨੇ ਅਜਿਹੇ ਲੋਕ-ਕਾਵਿ ਨੂੰ ਸਮੇਂ ਦੇ ਫੈਲਾਉ ਉਤੇ ਅਧਾਰਿਤ ਕਿਹਾ ਹੈ ਪਰ **ਲੇਖਿਕਾ ਦੀ ਜਾਚੇ, ਇਹ ਸਮੇਂ ਦੇ ਵਕਫੇ ਦੀ ਚੇਤੰਨਤਾ ਉਪਰ ਆਧਾਰਿਤ ਲੋਕ-ਕਾਵਿ ਹੈ।**

ਇਥੇ ਇਕ ਹੋਰ ਨੁਕਤਾ ਵੀ ਨਿਖੇੜਨਾ ਉਚਿਤ ਹੈ। ਸਮਾਜਕ ਵਰਗਾਂ ਦੀ ਵੰਡ ਅਨੇਕ-ਦ੍ਰਿਸ਼ਟੀਆਂ ਤੋਂ ਹੋ ਸਕਦੀ ਹੈ, ਪਰ ਇਸ ਦੀ ਮੋਟੀ ਜਿਹੀ ਵੰਡ ਦੋ ਸਮੂਹਾਂ ਵਿਚ ਵੀ ਕੀਤੀ ਜਾ ਸਕਦੀ ਹੈ। ਇਹ ਦੋ ਸਮੂਹ ਸਮੇਂ ਦੀ ਚੇਤਨਾ ਨਾਲ ਜੁੜੇ ਹੋਏ ਹਨ। ਇਕ ਉਹ ਸਮੂਹ ਹੈ ਜਿਸ ਦੀ ਚੇਤਨਾ ਲੌਕਿਕ ਸੰਜੋਗ ਵਿਜੋਗ ਨਾਲ ਸੰਬੰਧਿਤ ਹੈ। ਦੂਸਰਾ ਉਹ ਸਮੂਹ ਜਿਸ ਦੀ ਸੂਰਤ ਬ੍ਰਹਿਮੰਡੀ ਪ੍ਰਕਿਰਿਆ ਨਾਲ ਸੰਬੰਧਿਤ ਹੈ। ਸੰਸਾਰ ਵਿਚ ਜੋ ਜੰਮਦਾ ਹੈ, ਮਰਦਾ ਵੀ ਹੈ। ਜੋ ਬਣਦਾ ਹੈ, ਉਹ ਟੁੱਟਦਾ ਵੀ ਹੈ। ਬਣਨਾ ਤੇ ਬਿਨਸਣਾ ਉਹ ਮੂਲ ਬੁਨਿਆਦੀ ਕੰਮ ਹੈ ਜਿਸ ਦਾ ਸੰਬੰਧ ਮਨੁੱਖ ਨਾਲ ਵੀ ਹੈ ਤੇ ਬ੍ਰਹਿਮੰਡੀ ਗਤੀ ਨਾਲ ਵੀ। ਬਣਨ ਤੇ ਬਿਨਸਣ ਦਾ ਬੁਨਿਆਦੀ ਰਿਸ਼ਤਾ ਸਮੇਂ ਨਾਲ ਹੈ। ਮਨੁੱਖਾ ਸਰੀਰ ਬਣਨ ਤੇ ਬਿਨਸਣ ਦੇ ਵਿਚਕਾਰਲੇ ਸਮੇਂ ਨੂੰ ਹੀ ਭੋਗਦਾ ਹੈ। ਧਾਰਮਿਕ-ਵਿਸ਼ਵਾਸ ਅਨੁਸਾਰ ਅੰਤ ਸਮਾਂ ਸਭ ਜੀਵਾਂ ਲਈ ਨਿਸ਼ਚਿਤ ਹੈ ਤੇ ਉਸਨੂੰ ਟਾਲਿਆ ਨਹੀਂ ਜਾ ਸਕਦਾ। ਮਨੁੱਖ ਨੂੰ ਸਾਹਾਂ ਦੀ ਨਿਸ਼ਚਿਤ ਪੂੰਜੀ ਮਿਲਦੀ ਹੈ ਤੇ ਉਹ ਉਸੇ ਨੂੰ ਹੀ ਭੋਗਦਾ ਹੈ। ਸਾਹਾਂ ਦੀ ਪੂੰਜੀ ਦਾ ਸਦੁਪਯੋਗ ਕਰਨ ਲਈ ਧਾਰਮਿਕ ਰਹਿਬਰਾਂ ਨੇ ਸਭ ਤੋਂ ਵਧ ਬਲ ਦਿਤਾ ਹੈ। ਅਸਲ ਵਿਚ ਸਮਾਂ ਸਦਾ ਤੋਂ ਹੀ ਮਨੁੱਖ ਉਪਰ ਹਾਵੀ ਰਿਹਾ ਹੈ। ਮਨੁੱਖ ਤੇ ਕਾਲ ਦੋਵੇਂ ਹੀ ਅਕਾਲ ਦੀ ਹੀ ਉਪਜ ਹਨ। ਪਰ ਤਾਂ ਵੀ ਮਨੁੱਖ ਕਾਲ ਦੇ ਮਤੀਹ ਰਿਹਾ ਹੈ। ਕਾਲ ਨੂੰ ਮਨੁੱਖ ਨਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਝਾ ਸਕਿਆ ਹੈ ਤੇ ਨਾ ਹੀ ਨਕਾਰ ਸਕਿਆ ਹੈ। ਨਤੀਜੇ ਵਜੋਂ, ਸਮੇਂ ਦੀ ਸ਼ਕਤੀ ਨੂੰ ਆਪਣੇ ਨਾਲੋਂ ਵੱਡਾ ਮੰਨ ਕੇ ਇਸ ਦਾ ਪਵਿਤਰੀਕਰਣ ਕਰ ਦਿਤਾ ਗਿਆ ਹੈ ਤੇ ਇਸ ਨੂੰ ਦੇਵੀ ਮੰਨ ਕੇ ਇਸ ਦੀ ਸ਼ੋਭਾ ਕੀਤੀ ਹੈ—

ਭਿੰਨੀ ਰੈਨੜੀਏ ਚਮਕਣ ਤਾਰੇ।
ਜਾਗਣ ਸੰਤ ਜਨਾ ਮੇਰੇ ਰਾਮ ਪਿਆਰੇ।

ਜ਼ਾਹਿਰ ਹੈ, ਦੇਵ ਵਾਂਗੂ ਕਾਲ ਨੂੰ ਵੀ ਦੇਵੀ ਸ਼ਕਤੀ ਮੰਨਿਆ ਗਿਆ ਹੈ ਤੇ ਇਸੇ ਕਰਕੇ ਮਨੁੱਖ ਨੇ ਇਸ ਦੇ ਮਤੀਹ ਹੋਣਾ ਸਵੀਕਾਰ ਕਰ ਲਿਆ ਹੈ। ਗੱਲ ਇਥੇ ਹੀ ਮੁਕਦੀ ਨਹੀਂ। ਮਨੁੱਖੀ ਚੇਤਨਾ ਨੇ ਕਾਲ ਨੂੰ ਖੰਡ ਖੰਡ ਕਰਕੇ ਵੰਡਿਆ ਹੈ। ਖੰਡ ਖੰਡ ਨੂੰ ਵਡਿਆਇਆ ਹੈ। ਪਰ ਉਦੋਂ ਜਦੋਂ ਪਲ ਨਿਰੀ ਗਤੀ ਨਾ ਰਹਿ ਕੇ ਹਰੀ ਦੀ ਯਾਦ ਨਾਲ ਜੁੜ ਜਾਂਦਾ ਹੈ—

ਇਕ ਚਿਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨਾ ਆਇਓ।

ਇਹ ਕਾਲ-ਚੇਤਨਾ ਸਮੇਂ ਵਿਚ ਫੈਲਦੀ ਹੈ। ਮਨੁੱਖ ਪਲਾਂ ਤੋਂ ਪਹਿਰਾ ਵਲ ਯਾਤਰਾ ਕਰਦਾ ਹੈ। ਪਹਿਰ ਵੀ ਉਹੀ ਸਫ਼ਲੇ ਹਨ ਜਿੰਨਾ ਵਿਚ ਪਰਮਾਤਮਾ ਵਲ ਧਿਆਨ ਕੀਤਾ ਜਾਂਦਾ ਹੈ। ਦਿਨ ਰੈਣਿ ਬਿਤ, ਬਾਰਾਂ ਮਾਹ (ਮਹੀਨੇ) ਤੇ ਰੁਤੀ ਇਸੇ ਦ੍ਰਿਸ਼ਟੀ ਦੀ ਹੀ ਉਪਜ ਸਾਪਦੇ ਹਨ। ਇਨ੍ਹਾਂ ਰੂਪਾਂ ਵਿਚ ਲੋਕ ਮਾਨਸ ਤੇ ਲੋਕ ਵਿਸ਼ਵਾਸ ਦਾ ਮੂੰਹ ਅਧਿਆਤਮਕਤਾ ਵਲ ਕਰ ਦਿਤਾ ਗਿਆ ਹੈ। ਹਰੀ ਦੀ ਯਾਦ ਵਿਚ ਬਿਤਾਇਆ ਛੋਟੇ ਤੋਂ ਛੋਟਾ ਤੇ ਵੱਡੇ ਤੋਂ ਵੱਡਾ ਅਰਸਾ ਸਫਲਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਨ੍ਹਾਂ ਰਚਨਾ-ਰੂਪਾਂ ਨੂੰ ਕਾਲ ਬੋਧਕ ਰੂਪਾਂ ਦਾ ਨਾਮ ਵੀ ਦਿਤਾ ਜਾ ਸਕਦਾ ਹੈ ਇਸ ਲਈ ਹਲਕੀ ਜਿਹੀ ਵਿਚਾਰ ਕਾਲ-ਚੇਤਨਾ ਬਾਰੇ ਕਰਨੀ ਉਚਿਤ ਹੈ।

ਮਨੁੱਖੀ ਚੇਤਨਾ ਕਾਲ ਬਾਰੇ ਸਦਾ ਤੋਂ ਹੀ ਸੁਚੇਤ ਰਹੀ ਹੈ। ਇਸ ਦਾ ਅਹਿਸਾਸ ਕਰਾਉਣ ਵਾਲਾ ਸਭ ਤੋਂ ਸਸ਼ਕਤ ਮਾਧਿਅਮ ਮਨੁੱਖਾ ਸਰੀਰ ਹੈ। ਮਨੁੱਖ ਨਾ ਚਾਹੁੰਦੇ ਹੋਏ ਵੀ ਜਦੋਂ ਆਪਣੇ ਪਿਆਰਿਆਂ ਤੋਂ ਵਿਛੁੰਨ ਜਾਂਦਾ ਹੈ ਤੇ ਮੌਤ ਦੇ ਸਾਹਮਣੇ ਉਸ ਦਾ ਵਸ ਨਹੀਂ ਚਲਦਾ ਤਾਂ ਅੰਤਾਂ ਦੀ ਲਾਚਾਰੀ ਉਸਦੀ ਚੇਤਨਾ ਨੂੰ ਕੁਰੇਦਦੀ ਹੈ। ਜਦੋਂ ਕਦੀ ਕੋਈ ਮਾਂ ਬੇਵਕਤੀ ਤੜਪਦੇ ਬਾਲ ਨੂੰ ਵਿਲਕਦਿਆਂ ਛਡ ਕੇ ਮਰ ਜਾਂਦੀ ਹੈ ਜਾਂ ਕੋਈ ਬਾਪ ਮਾਸੂਮ ਬਾਲਾਂ ਨੂੰ ਦੇਰ ਤਕ ਆਪਣੀ ਛਤਰ ਛਾਇਆ ਹੇਠ ਨਹੀਂ ਰੱਖ ਸਕਦਾ ਜਾਂ ਕਿਸੇ ਮਾਂ ਦੀ ਗੋਦ ਸੁੰਨੀ ਹੋ ਜਾਂਦੀ ਹੈ ਤਾਂ ਮਨੁੱਖ ਦੀ ਚੇਤਨਾ ਨੂੰ ਕੋਈ ਨਿਆਇਸ਼ੀਲ ਉੱਤਰ ਨਹੀਂ ਅਹੁੜਦਾ। ਕਦੀ ਉਚ ਪਰਮਸੱਤਾ ਨੂੰ ਕੋਸਦਾ ਹੈ ਤੇ ਕਦੀ ਧਾਰਮਿਕ ਵਿਸ਼ਵਾਸ ਅਨੁਸਾਰ ਗੋਣਵੇਂ ਸਾਹਾਂ ਦੀ ਗੱਲ ਸੋਚਦਾ ਹੈ। ਉਮਰ ਬਾਰੇ ਅਜ ਵੀ ਸਾਡਾ ਲੋਭ-ਵਿਸ਼ਵਾਸ 'ਰਾਈ ਵਧੇ ਨ ਤਿਲ ਘਟੇ, ਜੋ ਲਿਖਿਆ ਕਰਤਾਰ' ਵਿਚ ਹੈ। ਮਨੁੱਖ ਮਿਥੀ ਹੋਈ ਆਰਜਾ ਬਿਤਾ ਕੇ ਇਸ ਦੁਨੀਆਂ ਤੋਂ ਕੂਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਜਾਂਦਾ ਹੈ । ਕਿਸੇ ਨੂੰ ਹਜ਼ਾਰ ਜ਼ਰੂਰੀ ਕੰਮ ਹੋਵੇ ਇਕ ਸਾਹ ਵੀ ਫਾਲਤੂ ਨਹੀਂ ਮਿਲਦਾ । ਗੁਰਬਾਣੀ ਵੀ ਅਜਿਹੇ ਵਿਸ਼ਵਾਸ ਦੀ ਪੁਸ਼ਟੀ ਕਰਦੀ ਹੈ—

ਇਕ ਰਤੀ ਬਿਲਮ ਨਾ ਦੇਵਨੀ ਵਣਜਾਰਿਆਂ ਮਿਤ੍ਰਾ ।
ਓਨੀ ਤਕੜੇ ਪਾਇ ਹਾਥ ।

ਵੇਖਦਿਆਂ ਵੇਖਦਿਆਂ ਹੀ ਜਦੋਂ ਸਾਰੀ ਖੇਡ ਮੁਕ ਜਾਂਦੀ ਹੈ ਤਾਂ ਕਹਿਰਾਂ ਦੀ ਉਦਾਸੀ ਬਿਨਾਂ ਮਨੁੱਖ ਦੇ ਪਲੇ ਹੋਰ ਕੁਝ ਨਹੀਂ ਰਹਿ ਜਾਂਦਾ । ਮਨੁੱਖ ਘਰ ਪਰਿਵਾਰ ਵਿਚ ਰਹਿੰਦਿਆਂ ਸਾਰੀ ਆਰਜਾ ਥੋਕ ਦੇ ਭਾਅ ਗੁਆ ਦੇਂਦਾ ਹੈ ਪਰ ਸਮੇਂ ਦਾ ਮਾਰਮਿਕ ਅਹਿਸਾਸ ਜੋ ਉਸ ਨੂੰ ਹਲੂਣ ਜਾਂਦਾ ਹੈ ਉਹ ਕਿਸੇ ਮਿੱਤਰ ਪਿਆਰੇ ਦੀ ਮ੍ਰਿਤੂ ਦਾ ਅਨੁਭਵ ਹੀ ਹੈ ।

ਧਾਰਮਿਕ ਆਗੂਆਂ ਨੇ ਆਮ ਤੌਰ ਤੇ ਮਨੁੱਖ ਦੀ ਇਸ ਅਣਗਹਿਲੀ ਪ੍ਰਤੀ ਉਸਨੂੰ ਸੁਚੇਤ ਕੀਤਾ ਹੈ । ਸਮੇਂ ਦੀ ਬਰੀਕੀ ਨਾਲ ਕੀਤੀ ਵੰਡ : ਵਿਸ਼ਾ, ਚਿਸਾ, ਪਲ, ਘੜੀ ਪਹਿਰ, ਦਿਨ ਆਦਿ ਇਸ ਤੱਥ ਦੀ ਹੀ ਪ੍ਰੋੜ੍ਹਤਾ ਕਰਦਾ ਹੈ ਕਿ ਮਨੁੱਖ ਮਾਤਰ ਨੂੰ ਅਕਾਰਥ ਵਿਹਾਉਂਦੇ ਵੇਲੇ ਲਈ ਚੇਤੰਨ ਕੀਤਾ ਜਾਏ । ਕਾਲ ਵਿਹਾਣ ਤੇ ਸਮੇਂ ਦੇ ਸਦੁਪਯੋਗ ਪ੍ਰਤੀ ਬਾਣੀਕਾਰਾਂ ਨੇ ਬਾਰੰਬਾਰ ਚਿਤਾਵਨੀ ਦਿਤੀ ਹੈ ।

ਹੁਣ ਸੁਆਲ ਪੈਦਾ ਹੁੰਦਾ ਹੈ, ਕਾਲ ਹੈ ਕੀ ਸ਼ੈਅ ? ਕਾਲ ਬਹੁਅਰਥਕ ਸ਼ਬਦ ਹੈ । ਕਾਲ ਗਤੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਤੇ ਗਤੀ ਵਿਸ਼ੇਸ਼ ਦੇ ਸਮਾਪਤੀ ਬਿੰਦੂ ਨੂੰ ਵੀ ਕਾਲ ਕਹਿੰਦੇ ਹਨ । ਜਿਹਾ ਕਿ ਮਨੁੱਖਾ ਸਰੀਰ ਦਾ ਕਾਲ । ਕਾਲ ਸਮੇਂ ਦੇ ਬੋਧ ਨਾਲ ਵੀ ਸੰਬੰਧਿਤ ਹੈ । ਸਮਾਂ ਜੋ ਕਿ ਸਦੀਆਂ ਤੋਂ ਨਿਰੰਤਰ ਚਾਲੇ ਤੁਰਿਆ ਆ ਰਿਹਾ ਹੈ । ਇਸਦੀ ਲਪੇਟ ਵਿਚ ਪੂਰੀ ਦੀ ਪੂਰੀ ਬ੍ਰਹਿਮੰਡੀ ਪ੍ਰਕਿਰਿਆ ਆ ਜਾਂਦੀ ਹੈ । ਨਿਰੰਤਰਤਾ, ਸਦੀਵੀਪਨ ਤੇ ਸਜਰਾਪਨ ਰੱਖਣ ਕਰਕੇ ਬ੍ਰਹਿਮੰਡ ਤੇ ਕਾਲ ਸਹਿ ਧਰਮੀ ਬਣ ਜਾਂਦੇ ਹਨ । ਦੋਵੇਂ ਗਤੀ ਰੂਪ ਹਨ ਤੇ ਦੋਹਾਂ ਦਾ ਨਿਯੰਤ੍ਰਣ ਕਰਨ ਵਾਲੀ ਇਕ ਹੋਰ ਪਰਮ ਸ਼ਕਤੀ ਹੈ ਜਿਸ ਦਾ ਪ੍ਰਾਚੀਨਤਮ ਰੂਪ ਅਕਾਲ ਹੈ । ਦੂਸਰੇ ਸ਼ਬਦਾਂ ਵਿਚ ਇਹ ਉਹ ਸ਼ਕਤੀ ਹੈ ਜਿਸ ਦਾ ਕਾਲ ਨਹੀਂ ਹੁੰਦਾ । ਗੁਰਮਤਿ ਵਿਚ ਇਸੇ ਨੂੰ 'ਅਕਾਲ ਮੂਰਤਿ' ਆਖਿਆ ਗਿਆ ਹੈ । ਅਕਾਲ ਬ੍ਰਹਮ ਦਾ ਉਹ ਰੂਪ ਹੈ ਜੋ ਨਾ ਬਿਨਸਦਾ ਹੈ ਨਾ ਰੂਪ ਧਾਰਦਾ ਹੈ ਤੇ ਨਾ ਬਦਲਦਾ ਹੈ । ਇਸੇ ਲਈ ਇਹ ਅਜੂਨੀ ਹੈ । ਸੈਭੰ ਹੋਣਾ ਹੀ ਇਸਦਾ ਅਮਲੀ ਤੇ ਅੰਤਿਮ ਰੂਪ ਹੈ । ਜ਼ਾਹਿਰ ਹੈ, ਸੈਭੰ ਤੇ ਅਜੂਨੀ ਅਕਾਲ ਦੇ ਹੀ ਸਮਾਨਾਰਥੀ ਹੋਣ ਦੇ ਨਾਲ ਨਾਲ ਬ੍ਰਹਮ ਦੀ ਪਰਾ ਪ੍ਰਾਚੀਨਤਮ ਅਵਸਥਾ ਦੇ ਸੂਚਕ ਵੀ ਹਨ । ਇਹ ਅਕਾਲ ਹੀ ਕਾਲ ਨੂੰ ਨਿਯੰਤਰਿਤ ਕਰਦਾ ਹੈ । ਸਵੇਤਾਸਵਤ੍ਰ ਉਪਨਿਸ਼ਦ ਵਿਚ ਬ੍ਰਹਮ ਨੂੰ 'ਤਮੇਕਨੇਮੀ ਕਰਕੈ ਮੰਨਿਆ ਗਿਆ ਹੈ ਜਿਸ ਦਾ ਅਰਥ ਹੈ 'ਧੁਰਾ' ਜਿਸ ਦੇ ਦੁਆਲੇ ਸਾਰੀ ਬ੍ਰਹਿਮੰਡੀ ਗਤੀ ਚਲ ਰਹੀ ਹੈ । ਉਪਨਿਸ਼ਦਕਾਰਾ ਨੇ ਬ੍ਰਹਮ ਦੇ ਧੁਰਾ-ਰੂਪ ਨੂੰ ਸਮਝਾਣ ਲਈ ਪਹੀਏ ਦਾ ਰੂਪਕ ਵਰਤਿਆ ਹੈ । ਪਹੀਏ ਦੇ ਐਨ ਵਿਚਕਾਰ ਧੁਰਾ ਲਗਾ ਹੁੰਦਾ ਹੈ ਜਿਸ ਵਿਚ

 CC-0. In Public Domain. Gurukul Kangri Collection, Haridwar

ਪੁਠੀਆਂ ਤੇ ਅਰ ਲਗੇ ਹੋਏ ਹਨ। ਧੁਰੋ ਤੋਂ ਅਗਾਂਹ ਅਰ ਦਾ ਅਕਾਰ ਫੈਲਦਾ ਜਾਂਦਾ
Digitized by Arya Samaj Foundation Chennai and eGangotri
ਹੈ ਤੇ ਇਹ ਸਭ ਇਕ ਚੱਕਰ ਵਿਚ ਵਲਣ ਲਗ ਪੈਂਦਾ ਹੈ। ਠੀਕ ਇਸੇ ਤਰ੍ਹਾਂ ਸ੍ਰਿਸ਼ਟੀ ਦੀ ਗਤੀ ਦਾ ਮੂਲ ਧੁਰਾ ਬ੍ਰਹਮ ਆਪ ਹੀ ਹੈ। ਉਹੀ ਕਾਲ ਦਾ ਸਿਰਜਕ ਹੈ। 'ਕਾਲ ਅਸਲ' ਵਿਚ ਇਕ ਨੇਮ, ਇਕ ਸਿਸਟਮ ਵੀ ਹੈ। ਇਸੇ ਦੇ ਅਧੀਨ ਸਾਰਾ ਬ੍ਰਹਿਮੰਡ ਵਿਚਰ ਰਿਹਾ ਹੈ।

ਆਚਾਰੀਆਂ ਨੇ ਜਿਥੇ ਸ੍ਰਿਸ਼ਟੀ ਦੇ ਸੰਘਾਰ-ਕਾਰਣਾਂ ਉਪਰ ਵੀ ਗਹਿਰਾ ਚਿੰਤਨ ਕੀਤਾ ਹੈ। ਅਨੁਭਵਾਦੀਆਂ ਨੇ ਆਪਣੇ ਆਪਣੇ ਵਿਚਾਰ ਵਿਅਕਤ ਕਰਦੇ ਹੋਏ ਸ੍ਰਿਸ਼ਟੀ ਦੀ ਹੋਂਦ ਦੇ ਸਤ ਕਾਰਣ ਮੰਨੇ ਹਨ—ਕਾਲ, ਸੁਭਾਵ, ਨਿਯਤੀ, ਯਦ੍ਰ ਇੱਛਾ (ਆਕਸਮਿਕਤਾ) ਭੂਤ (ਪੰਜ ਸੂਖਮ ਤੱਤ, ਸ਼ਬਦ, ਸਪਰਸ਼, ਰੂਪ ਰਸ, ਗੰਧ), ਯੋਨੀ ਤੇ ਪੁਰਸ਼। ਇਨ੍ਹਾਂ ਸਾਰਿਆਂ ਨੂੰ ਨਿਯੰਤ੍ਰਣ ਕਰਨ ਵਾਲੀ ਸ਼ਕਤੀ ਨੂੰ 'ਦੇਵਾਤਮ' ਕਿਹਾ ਗਿਆ ਹੈ।

ਇਹ ਆਪਣੇ ਗੁਣਾਂ ਕਰਕੇ ਅਛਾਦਤ (ਢੱਕੀ) ਹੋਈ ਸਾਡੇ ਅਨੁਭਵ ਦਾ ਅੰਗ ਨਹੀਂ ਬਣਦੀ। ਇਹੀ ਉਹ ਅਚਿੰਤ ਜਾਂ ਅਕਾਲ ਸ਼ਕਤੀ ਹੈ ਜੋ ਸ੍ਰਿਸ਼ਟੀ ਦੇ ਮੂਲ ਕਾਰਣਾਂ ਦਾ ਕਾਰਣ ਹੈ। ਸਪਸ਼ਟ ਹੈ, ਅਕਾਲ ਨੇ ਹੀ ਕਾਲ ਨੂੰ ਬਣਾਇਆ ਹੈ। ਇਸ ਦਾ ਸਥੂਲ ਅਨੁਭਵ ਮਨੁੱਖਾਂ, ਸਰੀਰ ਦੇ ਬਿਨਸਣ ਸਮੇਂ ਹੁੰਦਾ ਹੈ। ਆਪਣੇ ਅੰਤਿਮ ਅਰਥਾਂ ਵਿਚ ਮਨੁੱਖਾ ਸਰੀਰ ਅੰਤਾਂ ਦੀ ਲਾਚਾਰ ਵਸਤੂ ਹੈ ਜੋ ਚਾਹੁੰਦੇ ਨਾ ਚਾਹੁੰਦੇ ਹੋਏ ਵੀ ਗਤੀ ਵਿਚ ਬੱਝਾ ਰਹਿੰਦਾ ਹੈ। ਜਦ ਗਤੀ ਵਿਚ ਬੱਝਣਾ ਹੀ ਇਸ ਦੀ ਅੰਤਿਮ ਹੋਣੀ ਹੈ ਤਾਂ ਕਿਉਂ ਨਾ ਸਮੇਂ ਦਾ ਸਦਾਪਯੋਗ ਕੀਤਾ ਜਾਏ। ਇਸ ਲਈ ਆਚਾਰੀਆ ਨੇ ਸਮੇਂ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਲੈ ਕੇ ਜੁਗਾਂ ਦੀ ਕਲਪਨਾ ਕੀਤੀ ਹੈ ਜੋ ਕਲਪ ਕਲਪਾਤਰਾਂ ਉਪਰ ਜਾ ਕੇ ਸਮਾਪਤ ਹੋਈ ਹੈ (ਚਾਰ ਜੁਗਾਂ ਦਾ ਇਕ ਕਲਪ ਹੁੰਦਾ ਹੈ)

ਕਾਲ ਗਿਆਨ ਦੇ ਆਚਾਰੀਆਂ ਨੇ ਸੂਰਜ ਉਦੈ ਤੋਂ ਹੀ ਕਾਲ ਗਤੀ ਦਾ ਵਰਨਣ ਕੀਤਾ ਹੈ ਇਸ ਦੀ ਪੁਸ਼ਟੀ ਖ਼ੁਦ ਗੁਰੂ ਨਾਨਕ ਦੇਵ ਨੇ ਵੀ ਕੀਤੀ ਹੈ—

ਵਿਸੂਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ
ਸੂਰਜ ਏਕੋ ਰੁਤ ਅਨੇਕ ਨਾਨਕ ਕਰਤੇ ਕੇ ਕੇਤੇ ਵੇਸ।

ਕਾਲ-ਆਚਾਰੀਆਂ ਨੇ ਵਿਸੂਏ ਤੋਂ ਪਹਿਲਾਂ ਵੀ ਇਕ ਛੋਟੀ ਇਕਾਈ ਗਿਣਾਈ ਹੈ ਜਿਸ ਨੂੰ ਨਿਮਖ ਜਾਂ ਨਿਮੇਖ ਕਿਹਾ ਜਾਂਦਾ ਹੈ। ਅੱਖ ਝਮਕਣ ਜਿੰਨੇ ਸਮੇਂ ਨੂੰ ਨਿਮਖ ਕਿਹਾ ਜਾਂਦਾ ਹੈ। 15 ਨਿਮਖ ਦਾ ਇਕ ਵਿਸਾ, 15 ਵਿਸੂਏ ਦਾ ਇਕ ਚਸਾ, 30 ਚਸਾ ਦਾ ਇਕ ਪਲ, 60 ਪਲਾਂ ਦੀ ਇਕ ਘੜੀ, 8 ਘੜੀਆਂ ਦਾ ਇਕ ਪਹਿਰ, ਅਠ ਪਹਿਰਾਂ ਜਾਂ 64 ਘੜੀਆਂ ਦਾ ਦਿਨ ਰਾਤ। ਇਕ ਦਿਨ ਰਾਤ ਨੂੰ ਵਾਰ ਜਾਂ ਥਿਤ ਦਾ ਨਾਮ ਦਿਤਾ ਗਿਆ ਹੈ। ਜੋਤਿਸ਼ ਮਤ ਅਨੁਸਾਰ ਵਾਰ ਦਾ ਕਾਲ ਸਥਿਰ ਰਹਿੰਦਾ



CC-0. In Public Domain. Gurukul Kangri Collection, Haridwar

ਹੈ ਪਰ ਥਿਤ ਦਾ ਕਾਲ ਵਧਦਾ ਘਟਦਾ ਰਹਿੰਦਾ ਹੈ। ਇਸ ਕਾਰਣ ਜੋਤਿਸ਼ ਮਤ ਕਾਲ-ਗਿਆਨ ਦਾ ਸੰਬੰਧ ਸੂਰਜ ਨਾਲ ਜੋੜਦੇ ਹਨ। ਵਿਗਿਆਨ ਤੇ ਜੋਤਸ਼ ਦੋਵੇਂ ਇਕ ਮਤ ਹਨ—ਬ੍ਰਹਿਮੰਡ ਦਾ ਸਰਬ ਪ੍ਰਥਮ ਗ੍ਰਹਿ ਸੂਰਜ ਹੈ। ਵਾਰ, ਥਿਤਾਂ, ਨਛਤਰ ਆਦਿ ਸੂਰਜ ਦੇ ਗ੍ਰਹਿ ਉਪ ਗ੍ਰਹਿ ਦੇ ਸੰਜੋਗ ਦਾ ਹੀ ਫ਼ਲ ਹਨ।

ਸੂਰਜ ਦੇ ਗ੍ਰਹਿ ਉਪਗ੍ਰਹਿ ਦੇ ਨਾਮ ਨਾਲ ਹੀ ਸਤ ਵਾਰਾਂ ਦੇ ਨਾਮ ਸਰਬ ਵਿਖਿਆਤ ਹਨ—

ਰਵੀ (ਐਤਵਾਰ) ਸੂਰਜ
ਸੋਮ—ਚੰਦਰਮਾ
ਮੰਗਲ—ਮੰਗ਼ਲ ਗ੍ਰਹਿ
ਬੁਧ—ਬੁਧ ਗ੍ਰਹਿ
ਵੀਰ—ਬ੍ਰਹਸਪਤੀ
ਸ਼ੁਕਰ—ਸ਼ੁਕਰ ਗ੍ਰਹਿ
ਸ਼ਨੀ—ਸ਼ਨੀ ਗ੍ਰਹਿ

ਜੋਤਿਸ਼ ਮਤ ਨੇ ਇਨ੍ਹਾਂ ਗ੍ਰਹਿਂ ਦਾ ਸ਼ੁਭ ਅਸ਼ੁਭ ਫ਼ਲ 12 ਰਾਸ਼ੀਆਂ ਤੇ 27 ਨਛਤ੍ਰਾਂ ਦੀ ਗਤੀ ਨਾਲ ਜੋੜਿਆ ਹੈ। ਇਹ ਸਾਰੇ ਸ਼ੁਭ ਅਸ਼ੁਭ ਫ਼ਲ ਦੇ ਦਿਉਤਕ (ਦੇਣ ਵਾਲੇ) ਹਨ। ਸੂਰਜ ਦੀ ਗਤੀ ਧੀਮੀ ਤੇ ਘੇਰਾ ਵੱਡਾ ਹੈ। ਦੂਜੇ ਪਾਸੇ, ਥਿਤਾਂ ਚੰਦ੍ਰਮਾ ਦੀ ਗਤੀ ਨਾਲ ਸੰਬੰਧਿਤ ਹਨ। ਚੰਦ੍ਰਮਾ ਦੀ ਗਤੀ ਤਿੱਖੀ ਤੇ ਘੇਰਾ ਛੋਟਾ ਹੈ। ਜੋਤਿਸ਼ ਮਤ ਅਨੁਸਾਰ ਕੁਲ 12 ਰਾਸ਼ੀਆਂ ਹਨ। ਚੰਦ੍ਰਮਾ ਦੀ ਗਤੀ ਨਿਸ਼ਚਿਤ ਨਾ ਹੋਣ ਕਰਕੇ ਉਹ ਕਿਸੇ ਰਾਸ਼ੀ ਵਿਚ ਇਕ ਦਿਨ ਤੇ ਕਿਸੇ ਵਿਚ ਦੋ ਜਾਂ ਤਿੰਨ ਦਿਨ ਵੀ ਕਟਦਾ ਹੈ। ਇਸਤੋਂ ਉਲਟ ਸੂਰਜ ਇਕ ਰਾਸ਼ੀ ਵਿਚ ਇਕ ਮਹੀਨਾ ਰਹਿੰਦਾ ਹੈ। ਦੂਸਰੀ ਰਾਸ਼ੀ ਦੇ ਪਰਵੇਸ਼ ਦਿਨ ਦਾ ਨਾਮ ਸੰਗ੍ਰਾਂਦ ਹੈ। ਜ਼ਾਹਿਰ ਹੈ, ਸਾਲ ਵਿਚ ਬਾਰਾਂ ਮਹੀਨੇ ਤੇ ਬਾਰਾਂ ਸੰਗ੍ਰਾਂਦਾਂ ਹੁੰਦੀਆਂ ਹਨ। ਬਾਰਾਂ ਮਾਹਾਂ ਦਾ ਸੰਬੰਧ ਕਾਲ ਦੀ ਇਸੇ ਗਤੀ ਨਾਲ ਹੈ।

ਜੋਤਿਸ਼ ਆਚਾਰੀਆਂ ਨੇ ਚੰਦ੍ਰਮਾਸ ਵੀ ਮੰਨਿਆ ਹੈ। ਪੂਰਣਮਾਸੀ ਦਾ ਅਰਥ ਹੈ, ਪੂਰਾ ਮਹੀਨਾ। ਪੂਰਣਮਾਸੀ ਵੀ ਅਸਲ ਵਿਚ ਇਕ ਥਿਤ ਹੈ ਜੋ ਚੰਦਰਮਾਸ ਦੇ ਦੋ ਪੱਖ ਹੁੰਦੇ ਹਨ—ਪਹਿਲਾ, ਵਦੀ ਤੇ ਦੂਜਾ, ਸੁਦੀ। ਇਸੇ ਨੂੰ ਕ੍ਰਮਵਾਰ ਹਨੇਰ ਤੇ ਚਾਨਣਾ ਪੱਖ ਕਿਹਾ ਜਾਂਦਾ ਹੈ। ਪੂਰਣਮਾਸੀ ਤੋਂ ਬਾਅਦ ਹਨੇਰਾ ਤੇ ਅਮਾਵਸ ਤੋਂ ਬਾਅਦ ਚਨਣਾ ਪੱਖ ਲਗਦਾ ਹੈ। ਚੰਦ੍ਰਮਾ ਦੀ ਗਤੀ ਅਨੁਸਾਰ ਹਰ ਤੀਜੇ ਸਾਲ 13 ਮਹੀਨੇ ਹੋ ਜਾਂਦੇ ਹਨ ਜਿਸ ਨੂੰ ਲੌਂਦ ਦਾ ਮਹੀਨਾ ਕਿਹਾ ਜਾਂਦਾ ਹੈ। ਜੋਤਸ਼ ਵਾਲੇ ਇਸ ਨੂੰ ਮਲ ਮਾਸ ਵੀ ਕਹਿੰਦੇ ਹਨ ਜੋ ਅਪਵਿੱਤਰ ਗਿਣਿਆ ਜਾਂਦਾ ਹੈ। ਹਿੰਦੂ ਸਿੱਖ ਤੇ ਮੁਸਲਮਾਨਾਂ ਦੇ ਅਧਿਕਤਰ ਤਿਉਹਾਰ ਚੰਦ੍ਰਮਾਸ ਦੇ ਅਨੁਸਾਰ ਮਨਾਏ ਜਾਂਦੇ ਹਨ। ਇਹੀ ਕਾਰਣ ਹੈ ਗੁਰਪੁਰਬਾਂ ਦੀਆਂ ਮਿਤੀਆਂ ਵਿਚ ਫਰਕ ਆਉਂਦਾ ਰਹਿੰਦਾ ਹੈ।



Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਸਾਹਿਬਾਨ ਨੇ ਵਹਿਮ ਭਰਮ ਤੋਂ ਮੁਕਤ ਹੋਣ ਕਰਕੇ ਚੰਦਰਮਾਸ ਅਨੁਸਾਰ ਗੁਰਪੁਰਬ ਤੇ ਸੂਰਜ ਮਾਸ ਅਨੁਸਾਰ ਸੰਗ੍ਰਾਂਦ ਮਨਾਉਣ ਦੀ ਪਿਰਤ ਪਾਈ ਹੈ। ਇਸਦੇ ਨਾਲ ਹੀ ਸੂਰਜਮਾਸ ਅਨੁਸਾਰ ਸਤਵਾਰੇ ਤੇ ਬਾਰਮਾਹੇ ਲਿਖੇ ਗਏ ਹਨ ਤੇ ਥਿਤਾਂ ਚੰਦ੍ਰਮਾਸ ਅਨੁਸਾਰ। ਇਸੇ ਤਰ੍ਹਾਂ ਰੁਤੀ ਕਾਵਿ-ਰੂਪ ਦਾ ਸੰਬੰਧ ਵੀ ਸੂਰਜ ਦੇ ਆਇਨ (ਘਰ) ਨਾਲ ਹੈ। ਸੂਰਜ ਦੀ ਗਤੀ ਜਿਵੇਂ ਜਿਵੇਂ ਮਧ ਰੇਖਾ ਤੋਂ ਚੜ੍ਹਦੀ ਜਾਂ ਢਲਦੀ ਹੈ ਤਾਂ ਆਕਾਸ਼ ਦੇ ਵਾਯੂਮੰਡਲ ਵਿਚ ਪਰਿਵਰਤਨ ਆਉਂਦਾ ਹੈ: ਇਹ ਪਰਿਵਰਤਨ ਦੋ ਮਹੀਨਿਆਂ ਦੇ ਵਕਫ਼ੇ ਵਿਚ ਸਪਸ਼ਟ ਦਿਸਣ ਲਗ ਪੈਂਦਾ ਹੈ ਤੇ ਇਸੇ ਨੂੰ ਰੁੱਤ ਕਿਹਾ ਜਾਂਦਾ ਹੈ। ਇੰਵ ਮਾਲੂਮ ਹੁੰਦਾ ਹੈ, ਬਾਣੀਕਾਰ ਲੋਕਾਂ ਵਿਸ਼ਵਾਸ ਦੀ ਸ਼ਕਤੀ ਪ੍ਰਤੀ ਸੁਚੇਤ ਸਨ ਤੇ ਇਹ ਵੀ ਜਾਣਦੇ ਸਨ ਜਿੰਨੀ ਦੇਰ ਇਸ ਵਿਸ਼ਵਾਸ ਨੂੰ ਨਵੀਂ ਦਿਸ਼ਾ ਨਾ ਦਿਤੀ ਜਾਵੇ ਉੱਨੀ ਦੇਰ ਲੋਕ ਵਹਿਮਾਂ ਭਰਮਾਂ ਵਿਚ ਫਸੇ ਹੀ ਰਹਿਣਗੇ। ਸ਼ਾਇਦ, ਇਸੇ ਉਦੇਸ਼ ਨੂੰ ਮੁਖ ਰੱਖ ਕੇ ਹੀ ਅਜਿਹੇ ਕਾਵਿ ਰੂਪਾਂ ਦਾ ਰੁਪਾਂਤਰਣ ਬਾਣੀ ਵਿਚ ਕੀਤਾ ਗਿਆ ਹੈ।

ਪਰ ਇਹ ਧਿਆਨ ਰਹੇ ਸਾਡੇ ਸਾਰੇ ਵਿਦਵਾਨ ਇਸ ਤੱਥ ਨਾਲ ਵੀ ਸਹਿਮਤ ਹਨ ਕਿ ਪੰਜਾਬੀ ਦਾ ਬਹੁਤ ਸਾਰਾ ਸਾਹਿਤ ਠੀਕ ਤਰ੍ਹਾਂ ਸੰਭਾਲਿਆ ਨਹੀਂ ਜਾ ਸਕਿਆ ਭਾਵੇਂ ਇਸ ਦਾ ਮੁਖ ਕਾਰਣ ਪੰਜਾਬ ਵਿਚ ਰਾਜਸੀ ਗੜਬੜੀ ਹੀ ਰਹੀ ਹੈ। ਹੋ ਸਕਦਾ ਹੈ, ਪੰਜਾਬੀ ਲੋਕ ਸਾਹਿਤ ਵਿਚ ਬਾਰਮਾਂਹ ਦੀ ਪਿਰਤ ਮੌਜੂਦ ਹੋਵੇ ਪਰ ਉਸ ਦੀ ਵੰਨਗੀ ਸਾਡੇ ਤਕ ਨਾ ਪਹੁੰਚੀ ਸਕੀ ਹੋਵੇ। ਨਾਲੇ ਲੰਮੇ ਅਰਸੇ ਤਕ ਮੌਖਿਕ-ਰੂਪ ਰਹਿਣਾ ਵੀ ਤਾਂ ਲੋਕ-ਸਾਹਿਤ ਦੀ ਹੋਣੀ ਹੈ। ਹੋ ਸਕਦਾ ਹੈ, ਇਸ ਦਾ ਮੌਖਿਕ ਰੂਪ ਲੋਕ ਬੁਲ੍ਹਾਂ ਉਪਰ ਚੜ੍ਹਿਆ ਹੋਵੇ ਪਰ ਲਿਖਤੀ ਰੂਪ ਵਿਚ ਬਾਰਾਂਮਾਹ ਤੁਖਾਰੀ ਹੀ ਹੋਵੇ। ਨਿਰਸੰਦੇਹ, ਬਾਰਾਮਾਂਹ ਤੁਖਾਰੀ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਬਾਰਾਂਮਾਹ ਹੈ ਪਰ ਬਾਰਾਮਾਂਹ ਦੇ ਇਤਨੇ ਪਰਪੱਕ ਰੂਪ ਤੋਂ ਪਹਿਲਾਂ ਨਿਸ਼ਚੇ ਹੀ ਇਸ ਦੀ ਪਿਰਤ ਲੋਕ ਸਾਹਿਤ ਦੇ ਰਚਣਹਾਰਿਆ ਵਿਚ ਮੌਜੂਦ ਹੋਵੇਗੀ।

ਅੰਤ ਵਿਚ ਇਤਨਾ ਸੰਕੇਤ ਕਰ ਦੇਣਾ ਜੋਗ ਪ੍ਰਤੀਤ ਹੁੰਦਾ ਹੈ, ਤਿਥੀਵਾਰਕ ਰਚਨਾ-ਰੂਪਾਂ ਨੂੰ ਵਾਚਣ ਲਗਿਆਂ ਰਾਗ-ਕ੍ਰਮ ਦਾ ਧਿਆਨ ਨਹੀਂ ਰੱਖਿਆ ਗਿਆ ਸਗੋਂ ਕਾਲ-ਖੰਡ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਚਾਰ ਪਹਿਰਾਂ ਦਾ ਦਿਨ ਹੁੰਦਾ ਹੈ ਤੇ ਅਠ ਪਹਿਰਾਂ ਦਾ ਦਿਨ ਰਾਤ। ਸਤ ਦਿਨਾਂ ਦਾ ਸਤਵਾਰਾ (ਹਫਤਾ) ਹੁੰਦਾ ਹੈ। ਥਿਤ ਦਾ ਸੰਬੰਧ ਪੰਦਰਾਂ ਦਿਨਾਂ ਨਾਲ ਹੁੰਦਾ ਹੈ। ਰੁੱਤ ਦਾ ਸੰਬੰਧ ਦੋ ਮਹੀਨਿਆਂ ਨਾਲ ਹੁੰਦਾ ਹੈ ਤੇ 6 ਰੁਤਾਂ ਦੀ ਰੁਤੀ ਰਚਨਾ ਹੈ। ਬਾਰਾਂ ਮਹੀਨਿਆਂ ਵਿਚ ਫੈਲੀ ਕਾਵਿ-ਰਚਨਾ ਨੂੰ ਬਾਰਾਂਮਾਹ ਕਿਹਾ ਜਾਂਦਾ ਹੈ। ਇਥੇ ਇਨ੍ਹਾਂ ਨੂੰ ਕ੍ਰਮ ਵਾਰ ਵਾਚਣ ਤੋਂ ਏਨਾ ਹੀ ਭਾਵ ਹੈ ਕਿ ਰੂਪ ਵਿਸ਼ੇਸ਼ ਵਿਚ ਬਾਣੀਕਾਰ ਵਿਸ਼ੇਸ਼ ਦੇ ਦ੍ਰਿਸ਼ਟੀ-ਬਿੰਦੂ ਦਾ ਅਧਿਐਨ ਕੀਤਾ ਜਾ ਸਕੇ। ਜੇ ਕੋਈ ਰਚਨਾ-ਰੂਪ ਇਕ ਤੋਂ ਵਧੀਕ ਬਾਣੀਕਾਰ ਨੇ ਰਚਿਆ ਹੈ ਤਾਂ ਮਹਲਾ-ਕ੍ਰਮਤਾਂ ਨੂੰ ਧਿਆਨ ਵਿਚ ਰੱਖ ਕੇ ਵਾਚਿਆ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ ਹੈ। ਮਤ ਤਰਾਜ ਸਾਹਿਬਾਨ ਤੇ ਜੋਤਸ਼ ਰਤਨ-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ-ਕ੍ਰਮ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਸਾਹਿਬਾਨ ਤੋਂ ਬਾਅਦ ਹੀ ਆਂਕੇ ਗਏ ਹਨ।

## ਫੁਟ ਨੋਟ

ਜੋਤਸ਼ ਮਤ ਅਨੁਸਾਰ ਸਾਲ ਦੇ ਸਠ ਸੰਬਤਸਰ ਹੁੰਦੇ ਹਨ। ਇਸ ਦਾ ਸੰਕੇਤ ਮਹਲਾ ੧ ਦੀਆਂ ਥਿਤਾਂ ਵਿਚ ਮੌਜੂਦ ਹੈ। ਕਹਿੰਦੇ ਹਨ ਹਰ ਸੰਮਤ ਜਾਂ ਸਾਲ ਦਾ ਇਕ ਅਭਿਮਾਨੀ ਦੇਵਤਾ ਹੁੰਦਾ ਹੈ ਜਿਸ ਦਾ ਨਾਮ ਸੰਬਤਸਰ ਹੁੰਦਾ ਹੈ। ਇਹ ਗਿਣਤੀ ਵਿਚ ਸਠ ਹੁੰਦੇ ਹਨ। ਜਿਨ੍ਹਾਂ ਨੂੰ ਵੀਹ ਦੇ ਭਾਗ ਨਾਲ ਤਿੰਨ ਹਿਸਿਆਂ ਵਿਚ ਵੰਡਿਆ ਜਾਂਦਾ ਹੈ। ਇਨ੍ਹਾਂ ਦੇ ਮਾਲਕ ਤਿੰਨ ਮੁਖੀ ਦੇਵਤਾ—ਸ਼ਿਵ ਵਿਸ਼ਨੂੰ ਤੇ ਬ੍ਰਹਮਾ ਹਨ। ਹਰ ਸੰਬਤਸਰ ਦਾ ਆਪਣਾ ਆਪਣਾ ਫਲਾਦੇਸ਼ ਹੈ ਜਿਸ ਨੂੰ ਪੰਚਾਂਗ ਆਚਾਰੀਆਂ ਸਮੇਂ ਸਮੇਂ ਲਿਖਦੇ ਰਹਿੰਦੇ ਹਨ।ਜੋਤਸ਼ ਅਨੁਸਾਰ ਸੰਗ੍ਰਾਂਦਾ ਦੇ ਵੀ ਫਲ ਹੁੰਦੇ ਹਨ ਤੇ ਇਹ ਕੁਲ ਗਿਣਤੀ ਵਿਚ ਵੀਹ ਹਨ। ਇਸ ਤੋਂ ਉਲਟ ਸਾਲ ਦੀਆਂ 12 ਸੰਗ੍ਰਾਂਦਾ ਨੂੰ ਤਿੰਨ ਪ੍ਰਕਾਰਾਂ ਵਿਚ ਵੰਡਿਆ ਗਿਆ ਹੈ। ਪਹਿਲੀ ਕਿਸਮ ਦੀਆਂ ਸੰਗ੍ਰਾਂਦਾਂ, 15 ਮਹੂਰਤ ਦੀਆਂ ਹੁੰਦੀਆਂ ਹਨ। ਦੂਜੀ ਤਰ੍ਹਾਂ ਦੀਆਂ 30 ਮਹੂਰਤੀ ਤੇ ਤੀਜੀ ਵੰਨਗੀ ਦੇ ਅਧੀਨ 45 ਮਹੂਰਤੀ ਸੰਗ੍ਰਾਂਦਾ ਆਉਂਦੀਆਂ ਹਨ। ਇਥੇ ਇਹ ਧਿਆਨ ਰਹੇ ਇਕ ਮਹੂਰਤ ਸਾਢੇ ਤਿੰਨ ਘੜੀਆਂ ਦਾ ਹੁੰਦਾ ਹੈ ਤੇ ਇਕ ਮੂਰਤ ਅਧੀ ਘੜੀ ਦਾ। ਜੇ 15 ਮਹੂਰਤੀ ਸੰਗ੍ਰਾਂਦ ਹੋਵੇ ਤਾਂ ਸੰਸਾਰ ਦੀਆਂ ਵਸਤਾਂ ਵਿਚ ਤੇਜ਼ੀ ਆਉਂਦੀ ਹੈ ਤੇ ਜੇ 45 ਮਹੂਰਤੀ ਸੰਗ੍ਰਾਂਦ ਹੋਵੇ ਤਾਂ ਵਸਤਾਂ ਦੇ ਭਾਅ ਵਿਚ ਮੰਦਾ ਆਉਂਦਾ ਹੈ। 30 ਮਹੂਰਤੀ ਸੰਗ੍ਰਾਂਦ ਦਰਮਿਆਨੀ ਹੁੰਦੀ ਹੈ। ਜੋਤਸ਼ ਮਤ ਵਾਲੇ ਇਹ ਮੰਨਦੇ ਹਨ ਕਿ ਹਰ ਸੰਗਰਾਂਦ ਦਾ ਫਲ ਹਰ ਮਨੁੱਖ ਨੂੰ ਇਕੋ ਜਿਹਾ ਨਹੀਂ ਮਿਲਦਾ। ਜੋਤਿਸ਼ ਮਤ ਵਾਲੇ ਸੂਰਜ ਦੇ ਦੋ ਆਇਨ (ਘਰ) ਮੰਨਦੇ ਹਨ—ਉਤਰਾਇਣ ਤੇ ਦਖਣਾਇਣ 14 ਪੋਹ ਤੋਂ 12 ਹਾੜ ਤਕ ਉਤਰਾਇਣ ਤੇ 13 ਹਾੜ ਤੋਂ 13 ਪੋਹ ਤਕ ਦਖਣਾ-ਇਣ ਹੁੰਦਾ ਹੈ। ਸੂਰਜ ਦੇ ਆਇਨ ਦਾ ਸੰਬੰਧ ਰੁੱਤਾਂ ਨਾਲ ਹੁੰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਹਿਰੇ

ਇਹ ਰੂਪ ਤਿੰਨ ਗੁਰੂ ਸਾਹਿਬਾਨ ਨੇ ਅਪਨਾਇਆ ਹੈ—

ਸਿਰੀ ਰਾਗ ਪਹਿਰੇ ਮਹਲਾ ੧

,, ਮਹਲਾ ੪

,, ਮਹਲਾ ੫

ਇਸ ਕਾਵਿ ਰੂਪ ਦੀ ਆਪਣੀ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਹ ਸੰਬੋਧਨੀ ਕਾਵਿ ਵਾਲੇ ਗੁਣ ਤੇ ਵਿਸ਼ੇਸ਼ਤਾਵਾਂ ਰੱਖਦਾ ਹੈ। ਇਸ ਬਾਣੀ ਵਿਚ ਮਨੁੱਖ ਨੂੰ ਵਣਜਾਰਾ ਕਰਕੇ ਸੰਬੋਧਨ ਕੀਤਾ ਗਿਆ ਹੈ ਜੋ ਰਾਤ ਕਿਧਰੇ ਪਰਦੇਸ ਵਿਚ ਕਟਦਾ ਹੈ ਤੇ ਆਪਣੇ ਸੌਦੇ ਦੀ ਸੰਭਾਲ ਲਈ ਪੂਰੀ ਰਾਤ ਦਾ ਇਕ ਇਕ ਪਹਿਰ ਅੱਖਾਂ ਵਿਚੋਂ ਕੱਢ ਦਿੰਦਾ ਹੈ ਪਰ ਆਪਣਾ ਸੌਦਾ ਬਚਾ ਲੈਂਦਾ ਹੈ। ਇਕ, ਪਰਦੇਸ ਦੂਜਾ, ਕੀਮਤੀ ਸਾਮਾਨ ਤੀਜਾ, ਚੋਰ ਚਕਾਰੀ ਦਾ ਡਰ ਚਉਥਾ, ਕੁਦਰਤੀ ਕਹਿਰ ਦਾ ਡਰ ਅਜਿਹੀ ਤ੍ਰਾਸਦ ਸਥਿਤੀ ਵਿਚ ਵਣਜਾਰੇ ਦੇਸ ਪਰਦੇਸ ਘੁੰਮਦੇ ਰਹਿੰਦੇ ਸਨ। ਸਉਦਾ ਵੇਚ ਵਟ ਕੇ ਲਾਭ ਸਮੇਤ ਵਾਪਸ ਘਰਾਂ ਨੂੰ ਪਰਤਦੇ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਅੰਤ ਨਹੀਂ ਸੀ ਰਹਿੰਦਾ।

ਵਣਜਾਰੇ ਦਾ ਅਰਥ ਹੈ ਵਣਜ ਜਾਂ ਵਾਪਾਰ ਕਰਨ ਵਾਲਾ। ਇਸ ਕਾਵਿ-ਰੂਪ ਵਿਚ ਮਨੁੱਖਾ ਜੀਵਨ ਨੂੰ ਸੰਬੋਧਿਤ ਕਰਕੇ ਇਹ ਉਪਦੇਸ਼ ਦਿਤਾ ਗਿਆ ਹੈ ਕਿ ਜੀਵਨ ਰੂਪੀ ਰਾਤ ਦੇ ਚਾਰ ਪਹਿਰ ਹਨ ਜੋ ਅਸਲ ਵਿਚ ਮਨੁੱਖੀ ਜੀਵਨ ਦੀਆਂ ਚਾਰ ਅਵਸਥਾਵਾਂ ਵਲ ਸੰਕੇਤ ਕਰਦੀਆਂ ਹਨ। ਜੀਵਨ ਜੋ ਵਣਜਾਰੇ ਦੇ ਰੂਪ ਵਿਚ ਇਸ ਦੁਨੀਆਂ ਵਿਚ ਨਾਮ ਦਾ ਵਣਜ ਕਰਨ ਆਉਂਦਾ ਹੈ ਉਸ ਨੂੰ ਇਨ੍ਹਾਂ ਬੀਤ ਰਹੀਆਂ ਅਵਸਥਾਵਾਂ ਦਾ ਸਹੀ ਅਹਿਸਾਸ ਹੋਣਾ ਚਾਹੀਦਾ ਹੈ ਤਾਂ ਹੀ ਉਹ ਸੌਦਾਗਰ ਵਾਂਗ ਸਾਹਾਂ ਦੀ ਪੂੰਜੀ ਖਰਚ ਕੇ, ਨਾਮ ਸਿਮਰਨ ਕਰਕੇ ਕੁਝ ਲਾਭ ਪ੍ਰਾਪਤ ਕਰਕੇ, ਦਰਗਾਹ ਵਿਚ ਆਤਮਕ ਆਨੰਦ ਨੂੰ ਪ੍ਰਾਪਤ ਹੋਵੇਗਾ।

ਮਨੁੱਖੀ ਜੀਵਨ ਅਤੇ ਸਮਾਂ ਦੋਵੇਂ ਨਿਰੰਤਰ ਚਾਲੇ ਇਕ ਦੂਜੇ ਦੇ ਹਾਣੀ ਬਣ ਕੇ ਤੁਰੇ ਜਾ ਰਹੇ ਹਨ। ਨਾ ਸਮਾਂ ਰੋਕਿਆ ਰੁਕਦਾ ਹੈ ਤੇ ਨਾ ਹੀ ਜੀਵਨਗਤੀ। ਕ੍ਰੋੜਾਂ ਅਰਬਾਂ ਰੁਪਏ ਖ਼ਰਚ ਕੇ ਵੀ ਜੇ ਕੋਈ ਧਨੀ ਜੀਵਨ ਦੀ ਕਿਸੇ ਵਿਸ਼ੇਸ਼ ਅਵਸਥਾ ਉਪਰ ਟਿਕਿਆ ਰਹਿਣਾ ਚਾਹੇ ਤਾਂ ਇਹ ਸੰਭਵ ਨਹੀਂ। ਮਨੁੱਖਾ ਸਰੀਰ ਇਕ ਉਹ ਮਸ਼ੀਨ ਹੈ ਜਿਸ ਦੀ ਗਤੀ ਨੂੰ ਕੇਵਲ ਰੱਬ ਆਪ ਹੀ ਰੋਕ ਸਕਦਾ ਹੈ ਤੇ ਜਦੋਂ ਇਸ ਦੀ ਗਤੀ ਇਕ ਵਾਰ ਰੁਕ ਜਾਵੇ ਤਾਂ ਇਸ ਨੂੰ ਉਸ ਤੋਂ ਬਿਨਾਂ ਕੋਈ ਹੋਰ ਹਰਕਤ ਵਿਚ ਨਹੀਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆ ਸਕਦਾ। ਮਨੁੱਖ ਇਸ ਗਿਆਨ-ਤੱਥ ਨੂੰ ਜਾਣਨ ਦੇ ਬਾਵਜੂਦ ਵੀ ਆਪਣਾ ਅਮੋਲਕ ਸਮਾਂ ਵਿਅਰਥ ਗੁਆ ਰਿਹਾ ਹੈ। ਇਨ੍ਹਾਂ ਪਹਿਰਿਆਂ ਵਿਚ ਮਨੁੱਖੀ ਜੀਵਨ ਦੀਆਂ ਚਾਰ ਅਵਸਥਾਵਾਂ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਪਹਿਲੀ ਬਾਲਪਨ, ਦੂਜੀ ਜਵਾਨੀ, ਤੀਜੀ ਅਧਖੜ ਉਮਰਾਂ ਤੇ ਚੌਥੀ ਬੁਢਾਪਾ। ਪਰ ਇਹ ਧਿਆਨ ਰਹੇ, ਮਨੁੱਖੀ ਜੀਵਨ ਦੇ ਆਰੰਭ ਤੋਂ ਪਹਿਲਾਂ ਵੀ ਇਕ ਅਵਸਥਾ ਹੈ ਜਦੋਂ ਮਨੁੱਖ ਮਾਂ ਦੇ ਗਰਭ ਵਿਚ ਨਿੰਮਦਾ, ਪਲਦਾ ਤੇ ਫਿਰ ਜੰਮਦਾ ਹੈ, ਉਸ ਦਾ ਜ਼ਿਕਰ ਵੀ ਲਗਭਗ ਪਹਿਰੇ ਦੇ ਸਾਰੇ ਰਚਨਹਾਰਾਂ ਨੂੰ ਕੀਤਾ ਹੈ। ਹਰ ਇਕ ਅਵਸਥਾ ਅਤੀਤ ਨਾਲ ਸੰਬੰਧਿਤ ਹੋ ਜਾਂਦੀ ਹੈ। ਬਚਪਨ ਬੀਤਣ ਤੋਂ ਬਾਅਦ ਬਚਪਨ ਦਾ ਅਹਿਸਾਸ ਹੁੰਦਾ ਹੈ। ਜਵਾਨ ਜਵਾਨੀ ਦਾ ਮੁੱਲ ਨਹੀਂ ਪਾਉਂਦਾ ਤੇ ਬੁਢਾਪਾ ਜਵਾਨੀ ਦਾ ਮੁੱਲ ਦੇ ਨਹੀਂ ਸਕਦਾ। ਜੋਬਨ-ਮਤਾ ਜੀਵ ਮਾਇਆ ਦੀ ਵੰਨਸਵੰਨਤਾ ਵੇਖ ਕੇ ਚੁਧਿਆ ਜਾਂਦਾ ਹੈ। ਹਕੀਕਤ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਮਾਰੂ ਬੁਢਾਪਾ ਹੱਡਾਂ ਨੂੰ ਕੜਕਾਉਂਦਾ ਹੈ। ਇਹ ਜੀਵਨ ਦੇ ਅੰਤ ਦੀ ਨਿਸ਼ਾਨੀ ਹੈ। ਅੰਤ ਵਿਚ ਇਸ ਕਰਮ-ਰੂਪੀ ਦੇਹੀ ਵਿਚ ਹਰੀ ਨਾਮ ਦਾ ਬੀਜ ਬੀਜਣ ਲਈ ਪ੍ਰੇਰਣਾ ਦਿਤੀ ਹੈ। ਰੱਬੀ ਦਰਗਾਹ ਵਿਚ ਇਸ ਤੋਂ ਬਿਨਾਂ ਸਨਮਾਨ ਜੋਗੇ ਸਥਾਨ ਮਿਲਣਾ ਨਾ ਮੁਮਕਿਨ ਹੈ। ਨਾਲੇ, ਇਹ ਤਾਂ ਉਹ ਲਾਭ ਯੁਕਤ ਵਸਤੂ ਹੈ ਜੋ ਮਨੁੱਖ ਵਣਜਾਰੇ ਵਾਂਗ ਕਮਾਉਣ ਆਇਆ ਹੈ। ਵੰਨਗੀ ਹਾਜ਼ਰ ਹੈ—

ੴ ਸਤਿਗੁਰ ਪ੍ਰਸਾਦਿ ॥

**ਸਿਰੀ ਰਾਗ ਪਹਰੇ ਮਹਲਾ ੧ ਘਰੁ ੧** (ਆਦਿ ਗ੍ਰੰਥ-74)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ[1]।
ਉਰਧ[2] ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖੰਸਮ ਸੇਤੀ ਅਰਦਾਸਿ।
ਖਸਮ ਸੇਤੀ ਅਰਦਾਸਿ ਵਖਾਣੈ[3] ਉਰਧ ਧਿਆਨਿ ਲਿਵਲਾਗਾ।
ਨਾ ਮਰਜਾਦੁ[4] ਆਇਆ ਕਲਿ[5] ਭੀਤਰਿ[6] ਬ ਹੁੜਿ ਜਾਸੀ ਨਾਗਾ।
ਜੈਸੀ ਕਲਮ ਵੁੜੀ[7] ਹੈ ਮਸਤਕਿ ਤੈਸੀ ਜੀਅੜੇ ਪਾਸਿ।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਾਇਆ ਗਰਭਾਸਿ ॥੧॥
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ[8] ਘਰਿ ਕਾਨੁ[9]।
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ।
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀਂ ਕਛੁ ਤੇਰਾ।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ।
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ।
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ[10] ਭਇਆ ਸੰਗਿ ਮਾਇਆ ।
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ[11] ਜਨਮੁ ਗਵਾਇਆ ।
ਧਰਮ ਸੇਤੀ ਵਾਪਾਰ ਨ ਕੀਤੇ ਕਰਮੁ ਨ ਕੀਤੋ ਮਿਤੁ[12] ।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ[13] ਆਇਆ ਖੇਤੁ ।
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ।
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ।
ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ ।
ਸਾਈ ਵਸਤੁ ਪਰਾਪਤਿ ਹੋਈ ਜਿਸ ਸਿਉ ਲਾਇਆ ਹੇਤੁ ।
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥

ਸਿਰੀ ਰਾਗ ਵਿਚ ਮਹਲਾ 1 ਨੇ 2 ਪਹਿਰੇ, ਮਹਲਾ 4 ਨੇ ਇਕ ਤੇ ਮਹਲਾ 5 ਨੇ ਵੀ ਇਕ ਪਹਿਰੇ ਦੀ ਰਚਨਾ ਕੀਤੀ ਹੈ। ਥੀਮ-ਪੈਟਰਨ ਦੀ ਦ੍ਰਿਸ਼ਟੀ ਤੋਂ ਮਹਲਾ 4 ਅਤੇ 5 ਮਹਲਾ 1 ਦੀ ਅਨੁਸਾਰਤਾ ਕੀਤੀ ਹੈ। ਤਿੰਨੇ ਗੁਰੂ ਸਾਹਿਬਾਨ ਮਨੁੱਖਾ ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਵਾਂਗ ਵੰਡਦੇ ਹਨ। ਤਿੰਨੇ ਇਕ ਮਤ ਹਨ ਕਿ ਜੀਵਾਤਮਾ ਪਰਮਾਤਮ ਦੇ ਹੁਕਮ ਨਾਲ ਹੀ ਮਾਂ ਦਾ ਗਰਭ ਧਾਰਣ ਕਰਦੀ ਹੈ। ਤਿੰਨਾਂ ਨੇ ਮਨੁੱਖੀ ਜੀਵਨ ਦੀਆਂ ਪੰਜ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਇਕ ਜਨਮ ਲੈਣ ਤੋਂ ਪਹਿਲਾਂ ਦੀ ਤੇ ਚਾਰ ਜਨਮ ਤੋਂ ਬਾਅਦ ਦੀਆਂ।

ਰੂਪਾਕਾਰ ਦੀ ਦ੍ਰਿਸ਼ਟੀ ਤੋਂ ਪਹਰੇ ਦਾ ਇਕ ਬੰਦ 6 ਤੁਕਾਂ ਦਾ ਧਾਰਣੀ ਹੈ। ਮਹਲਾ 1 ਦਾ ਪਹਿਲਾ ਪਹਰਾ ਚਾਰ ਬੰਦ ਤੇ ਦੂਜਾ ਪੰਜ ਬੰਦਾਂ ਦਾ ਧਾਰਣੀ ਹੈ। ਇਸੇ ਤਰ੍ਹਾਂ ਮਹਲਾ 4 ਰਚਿਤ ਪਹਿਰਾ ਚਾਰ ਬੰਦਾਂ ਦਾ ਹੈ ਤੇ ਹਰ ਬੰਦ ਦੀਆਂ 6 ਤੁਕਾਂ ਹਨ। ਮਹਲਾ 5 ਨੇ ਇਕੋ ਪਹਿਰਾ ਰਚਿਆ ਹੈ। ਉਸਦੇ ਪੰਜ ਬੰਦ ਹਨ ਤੇ ਹਰ ਬੰਦ ਦੀਆਂ 6 ਤੁਕਾਂ ਹਨ।

ਕੁਲ ਮਿਲਾ ਕੇ ਪਹਿਰਾ ਕਾਵਿ-ਰੂਪ ਦਾ ਵਿਧਾਨ ਚਾਰ ਬੰਦਾਂ ਦਾ ਹੋਣਾ ਲਾਜ਼ਮੀ ਹੈ ਤੇ ਹਰ ਬੰਦ 6 ਤੁਕਾਂ ਦਾ ਧਾਰਣੀ ਹੁੰਦਾ ਹੈ। ਪਹਿਰੇ ਦੀ ਬੰਦ ਸੰਖਿਆ ਵਿਚ ਭਾਵੇਂ ਅਪਵਾਦ ਮੌਜੂਦ ਹੈ ਪਰ ਤੁਕ-ਸੰਖਿਆ ਨੂੰ ਸਭ ਗੁਰੂ ਸਾਹਿਬਾਨ ਨੇ ਕਰੜਾਈ ਨਾਲ ਨਿਬਾਹਿਆ ਹੈ।

## ਫੁਟ ਨੋਟ

1. ਗਰਭ ਵਿਚ, 2. ਉਲਟਾ, 3. ਕਹਿੰਦਾ, 4. ਮਰਿਆਦਾ ਰਹਿਤ ਅਥਵਾ ਪੈਦਾ ਹੋਣ ਸਮੇਂ ਮਨੁੱਖ ਦੇ ਜਿਸਮ ਉਪਰ ਕੋਈ ਧਾਰਮਿਕ ਨਿਸ਼ਾਨ ਨਹੀਂ ਹੁੰਦਾ, 5. ਕਲਜੁਗ, 6. ਵਿਚ, 7. ਵੱਗੀ ਹੈ, ਚਲੀ ਹੈ, 8. ਜਸੋਧਾ, 9. ਕ੍ਰਿਸ਼ਨ, 10. ਵਿਆਕੁਲ, 11. ਨਿਸਫਲ, 12. ਮਿੱਤਰ, 13. ਵਾਢੀ ਕਰਨ ਵਾਲਾ ਅਥਵਾ ਜਮਦੂਤ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮਹਲਾ ੫ ਦਿਨਰੈਣਿ

ਇਹ ਰੂਪ ਕੇਵਲ ਗੁਰੂ ਅਰਜਨ ਦੇਵ ਜੀ ਨੇ ਵਰਤਿਆ ਹੈ। ਇਹ ਵੀ ਕਾਲ ਬੋਧਕ ਰਚਨਾ ਹੈ। ਇਸ ਤੋਂ ਪਹਿਲਾਂ ਪਹਰਿਆਂ ਵਿਚ ਮਨੁੱਖਾ ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ। ਇਸ ਵਿਚ ਰਾਤ ਦੇ ਨਾਲ ਦਿਨ ਵੀ ਜੋੜ ਦਿਤਾ ਹੈ। ਇਸ ਸ਼ਬਦ ਦਾ ਸਿਰਲੇਖ ਦਿਨ ਰੈਣਿ ਇਸ ਲਈ ਹੈ ਕਿ ਇਸ ਵਿਚ ਮਨੁੱਖ ਨੂੰ ਦਿਨ ਰਾਤ ਵਿਚ ਜੋ ਜੋ ਸ਼ੁਭ ਕੰਮ ਕਰਨੇ ਚਾਹੀਦੇ ਉਹ ਬਿਆਨ ਕੀਤੇ ਗਏ ਹਨ[1]। ਇਸ ਰਚਨਾ ਦੇ ਪਾਠ ਉਪਰੰਤ ਇਹ ਕਿਹਾ ਜਾ ਸਕਦਾ ਹੈ ਇਸ ਵਿਚ ਜ਼ਿੰਦਗੀ ਦੇ ਦੋਹਾਂ ਹਿਸਿਆਂ ਦਿਨ (ਸੁਖ) ਰਾਤ (ਦੁਖ), ਵਿਚ ਪਰਮਾਤਮਾ ਨੂੰ ਨਾ ਭੁਲਾਉਣ ਦਾ ਉਪਦੇਸ਼ ਹੈ। ਅਸਲ ਵਿਚ ਮਨੁੱਖੀ ਜ਼ਿੰਦਗੀ ਵਿਚ ਸੁਖ ਅਤੇ ਦੁਖ ਦੋਵੇਂ ਸਮਵਿਥ ਹੋ ਕੇ ਤੁਰਦੇ ਹਨ। ਸਗੋਂ ਜੇ ਗਹੁ ਨਾਲ ਵੇਖਿਆ ਜਾਏ ਤਾਂ ਜ਼ਿੰਦਗੀ ਵਿਚ ਦੁਖ ਦੀ ਮਾਤਰਾ ਵਧੇਰੇ ਹੈ 'ਸੁਖ ਮਾਂਗਤ ਦੁਖ ਆਗਲ ਆਵੇ' ਜਾਂ 'ਜਤਨ ਬਹੁਤ ਸੁਖ ਕੇ ਕੀਏ ਦੁਖ ਕਾ ਕੀਉ ਨਾ ਕੋਇ' ਜ਼ਾਹਿਰ ਹੈ, ਸੁਖ ਜਤਨ ਕਰਨ ਉਪਰੰਤ ਵੀ ਉਤਨਾ ਪ੍ਰਾਪਤ ਨਹੀਂ ਹੁੰਦਾ ਜਿਤਨਾ ਮਨੁੱਖ ਚਾਹੁੰਦਾ ਹੈ ਪਰ ਦੁਖ ਬਿਨਾਂ ਮੰਗਿਆ ਹੀ ਸਹਜ ਵਿਚ ਪ੍ਰਾਪਤ ਹੋ ਜਾਂਦਾ ਹੈ। ਮਨੁੱਖ ਜਿਥੇ ਦੁਖ ਪਾ ਕੇ ਉਲਾਰ ਹੋ ਜਾਂਦਾ ਹੈ ਉਥੇ ਸੁਖ ਦੀ ਪ੍ਰਾਪਤੀ ਨਾਲ ਵੀ ਅਸੰਤੁਲਿਤ ਹੋ ਜਾਂਦਾ ਹੈ। ਥੋੜੀ ਜਿਹੀ ਪ੍ਰਸੰਸਾ, ਛੋਟਾ ਜਿਹਾ ਇਨਾਮ, ਇਕ ਅੱਧ ਤਾਰੀਫ਼ ਦਾ ਬਚਨ ਹੀ ਬਹੁਤ ਵੇਰਾ ਮਨੁੱਖ ਦਾ ਸੰਤੁਲਨ ਗੁਆ ਦੇਂਦਾ ਹੈ। ਗੁਰੂ ਸਾਹਿਬ ਦੀ ਕਾਲ ਚੇਤਨਾ ਸਮਾਂ ਵਿਅਰਥ ਗੁਆਉਣ ਦੇ ਹੱਕ ਵਿਚ ਨਹੀਂ। ਇਹੀ ਕਾਰਣ ਹੈ, ਮਨੁੱਖ ਨੂੰ ਦਿਨ ਅਤੇ ਰਾਤ ਨਿਰਲਪਤ ਹੋ ਕੇ ਜੋ ਵੀ ਸ਼ੁਭ ਕਰਮ ਕਰਨੇ ਚਾਹੀਦੇ ਹਨ ਉਨ੍ਹਾਂ ਨੂੰ ਇਸ ਰਚਨਾ ਵਿਚ ਬਾਰੰਬਾਰ ਦ੍ਰਿੜ ਕਰਵਾਇਆ ਗਿਆ ਹੈ। ਇਸ ਰਚਨਾ ਦੀ ਮੁਖ ਥੀਮ ਪ੍ਰਭੂ ਸਿਮਰਨ ਅਤੇ ਸੇਵਾ ਹੈ। ਆਪਾ ਭਾਵ ਤਿਆਗ ਕੇ, ਸਤਿਗੁਰੂ ਦੀ ਸੇਵਾ ਕਰਨੀ, ਖਿਮਾ-ਗਰੀਬੀ ਨੂੰ ਧਾਰਨ ਕਰਨਾ, ਸਾਧ ਸੰਗਤ ਵਿਚ ਜਾਣਾ, ਗੁਰਮੁਖਾਂ ਪਾਸੋਂ ਰਾਹਨੁਮਾਈ ਲੈ ਕੇ ਹਰ ਪਲ, ਛਿਣ, ਪ੍ਰਭੂ ਦਾ ਜਾਪ ਕਰਨਾ ਹੀ ਇਸ ਰਚਨਾ ਦੀਆਂ ਇਕਾਈਆਂ ਹਨ। 'ਆਪ ਕਮਾਣੈ ਵਿਛੜੀ ਦੋਸ ਨਾ ਕਾਹੂ ਦੇਣ।'

ਆਦਿ ਪੰਕਤੀਆਂ ਰਾਹੀਂ ਬਾਰੰਬਾਰ ਉਚੇਰੇ ਕਰਮ ਕਰਨ ਲਈ ਪ੍ਰੇਰਿਆ ਗਿਆ ਹੈ। ਜੋ ਜੀਅ ਹਰਿ ਤੇ ਵਿਛੜੇ ਸੇ ਸੁਖਿ ਨ ਵਸਨਿ ਭੈਣ' ਅਜਿਹੀਆਂ ਪੰਕਤੀਆਂ ਹਨ ਜੋ ਮਨੁੱਖ ਨੂੰ ਪ੍ਰਭੂ ਪ੍ਰਾਪਤੀ ਦੇ ਰਾਹ ਉਪਰ ਤੋਰਦੀਆਂ ਹਨ। ਕੁਲ ਮਿਲਾ ਕੇ, ਇਹ ਉਪਦੇਸ਼ਾਤਮਕ ਰਚਨਾ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ ਸਤਿਗੁਰ ਪ੍ਰਸਾਦਿ ॥

## ਮਾਝ ਮਹਲਾ ੫ ਦਿਨਰੈਣਿ (ਆਦਿ ਗ੍ਰੰਥ 136)

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣਿ ।
ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ[1] ।
ਜਨਮ ਜਨਮ ਕਾਂ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ[2] ।
ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ।
ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ[3] ।
ਆਪ ਕਮਾਣੈ ਵਿਛੁੜੀ ਦੋਸ ਨ ਕਾਹੂ ਦੇਣ ।
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ।
ਹਰਿ ਤੁਧੁ ਵਿਣੁ ਖਾਕੂ[4] ਰੂਲਣਾ ਕਹੀਐ ਕਿਥੈ ਵੈਣ ।
ਨਾਨਕ ਕੀ ਬੇਨੰਤੀਆ ਹਰਿ ਸੁਰਜਨੁ[5] ਦੇਖਾ ਨੈਣ ।੧।
ਜੀਅ[6] ਕੀ ਬਿਰਥਾ[7] ਸੋ ਸੁਣੈ ਹਰਿ ਸੰਮ੍ਰਿਥ ਪੁਰਖੁ ਅਪਾਰੁ ।
ਮਰਣਿ ਜੀਵਣਿ ਅਰਾਧਣਾ ਸਭਨਾ ਕਾ ਆਧਾਰੁ ।
ਸਸੁਰੈ[8] ਪੇਈਐ[9] ਤਿਸੁ ਕੰਤੁ ਕੀ ਵਡਾ ਜਿਸੁ ਪਰਵਾਰੁ ।
ਊਚਾ ਅਗਮ ਅਗਾਧਿ ਬੋਧ[10] ਕਿਛੁ ਅੰਤੁ ਨ ਪਾਰਾਵਾਰੁ ।
ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ[11] ।
ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ ।
ਆਦਿ ਜੁਗਾਦਿ ਰਖਦਾ ਸਚੁ ਨਾਮੁ ਕਰਤਾਰੁ ।
ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ।
ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ[12] ।
ਦਿਨੁ ਰੈਣਿ ਜਿ ਪ੍ਰਭ ਕਉ ਸੇਵਦੇ ਤਿਨ ਕੈ ਸਦ ਬਲਿਹਾਰ[13] ।੨।
ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ।
ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ ।
ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ[13]
ਕੀਮਤਿ ਕਹਣ ਨ ਜਾਈਐ ਪਰਮੇਸੁਰੁ ਬੇਅੰਤੁ ।
ਜਿਸੁ ਮਨ ਵਸੈ ਨਰਾਇਣੋ ਸੋ ਕਹੀਐ ਭਗਵੰਤੁ ।
ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ ।
ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ[14] ।
ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ।੩।
ਸਰਬ ਕਲਾ ਪ੍ਰਭ ਪੂਰਣੋ ਮੰਝੂ ਨਿਮਾਣੀ ਥਾਉ ।
ਹਰਿ ਓਟ ਗਹੀ[15] ਮਨ ਅੰਤਰੈ[16] ਜਪਿ ਜਪਿ ਜੀਵਾਂ ਨਾਉ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ[17] ਸਮਾਉ ।
ਜਿਉ ਤੂ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ।
ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ।
ਦੂਜੀ ਜਾਇ[18] ਨ ਸੁਝਈ ਕਿਥੇ ਕੂਕਣਿ[19] ਜਾਉ ।
ਅਗਿਆਨ ਬਿਨਾਸਨ[20] ਤਮਹਰਣ[21] ਊਚੇ ਅਗਮ ਅਮਾਉ[22] ।
ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ।
ਸਰਬ ਕਲਿਆਣਾ ਤਿਤੁ ਦਿਨਿ ਹਰ ਪਰਸੀ ਗੁਰ ਕੇ ਪਾਉ ।੪।

ਰੂਪਕਾਰ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਚਾਰ ਬੰਦਾਂ ਦੀ ਧਾਰਣੀ ਹੈ ਪਰ ਤੁਕ ਵਿਵਿਧਤਾ ਇਸ ਵਿਚ ਵਿਲੱਖਣ ਹੈ । ਜਿਸ ਦਾ ਵੇਰਵਾ ਇਸ ਪ੍ਰਕਾਰ ਹੈ—

ਪਹਿਲਾ ਬੰਦ 9 ਪੰਕਤੀਆਂ
ਦੂਜਾ ਬੰਦ 10 ਪੰਕਤੀਆਂ
ਤੀਜਾ ਬੰਦ 8 ਪੰਕਤੀਆਂ
ਚੌਥਾ ਬੰਦ 9 ਪੰਕਤੀਆਂ

ਇਥੇ ਇਹ ਧਿਆਨ ਰਹੇ, ਇਸ ਰਚਨਾ ਵਿਚ ਰਹਾਉ ਦਾ ਪ੍ਰਯੋਗ ਨਹੀਂ ਕੀਤਾ ਗਿਆ ਤੇ ਇਸ ਰਚਨਾ ਦਾ ਸਿਰਲੇਖ ਲੋਕ ਕਾਵਿ ਰੂਪ ਦਾ ਹੀ ਬੋਧਕ ਹੈ ।

## ਫੁਟ ਨੋਟ

1. ਬੋਲ, 2. ਸੰਬੰਧੀ, ਰਿਸ਼ਤੇਦਾਰ, 3. ਆਕਾਸ਼ ਮੰਡਲ, 4.ਖਾਕ ਵਿਚ, 5. ਹਰੀ ਵਰਗੇ ਉਤਮ ਪੁਰਖ ਨੂੰ, 6. ਦਿਲ, 7.ਹਾਲ, 8. ਪਰਲੋਕ, 9.ਇਹ ਲੋਕ, 10. ਜਿਸ ਦੇ ਗਿਆਨ ਦੀ ਥਾਹ ਨਹੀਂ, 11. ਚਰਨ ਧੂੜ, 12. ਅੰਤ ਨਹੀਂ, 13. ਕੁਰਬਾਨ, 14. ਮੰਤਰ, 15. ਨਾਸ, 16. ਪਕੜੀ, 17. ਵਿਚ, 18. ਵਿਚ, ਨਾਲ, 19. ਜਗਹ, ਸਥਾਨ,20.ਕਹਿਣ, 21.ਨਾਸ ਕਰਨ ਵਾਲਾ,22.ਅਗਿਆਨਤਾ ਨੂੰ ਦੂਰ ਕਰਨ ਵਾਲਾ, 23. ਅਮਿਤਾ ਜਿਸਦਾ ਮਾਪ ਨਾ ਹੋ ਸਕੇ, 24.ਪ੍ਰਯੋਜਨ, 25. ਛੁਹਾਂਗਾ, 26. ਥਰਨ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਾਰਸਤ

ਸੰਸਕ੍ਰਿਤ ਵਿਚ ਵਾਰ ਦਾ ਅਰਥ ਹੈ ਕਾਲ, ਮੌਕਿਆ, ਅਵਸਰ ਅਤੇ ਦਿਨ। ਪੰਜਾਬੀ ਲੋਕ ਗੀਤਾਂ ਵਿਚ ਇਹ ਸਤ ਵਾਰ ਕਰਕੇ ਵਧੇਰੇ ਪ੍ਰਸਿੱਧ ਹੈ। ਸਾਡੇ ਲੋਕ ਵਿਸ਼ਵਾਸ ਵਿਚ ਕੁਝ ਵਾਰਾਂ ਨਾਲ ਵਹਿਮ ਭਰਮ ਜੁੜੇ ਹੋਏ ਹਨ ਤੇ ਕੁਝ ਨੂੰ ਬਹੁਤ ਹੀ ਚੰਗਾ ਜਾਣਿਆ ਜਾਂਦਾ ਹੈ ਜਿਵੇਂ ਕਿ ਬੁਧਵਾਰ। ਇਹ ਵਹਿਮ ਭਰਮ ਅਜੇ ਵੀ ਸਾਡੇ ਘਰਾਂ ਵਿਚ ਮੌਜੂਦ ਹਨ। ਇਹ ਵਹਿਮ ਭਰਮ ਵਾਰਾਂ ਨਾਲ ਕਦੋਂ ਤੋਂ ਜੁੜਨੇ ਆਰੰਭ ਹੋਏ ? ਸ਼ਾਇਦ ਇਹ ਆਦਿਮ ਚੇਤਨਾ ਜਿੰਨੇ ਹੀ ਪੁਰਾਣੇ ਹਨ। ਇੰਜ ਮਾਲੂਮ ਹੁੰਦਾ ਹੈ, ਜੇ ਕਿਸੇ ਨਾਲ ਕਿਸੇ ਦਿਨ ਬੁਰੀ ਘਟਨਾ ਵਾਪਰ ਗਈ ਤਾਂ ਉਸ ਨਾਲ ਭੈੜੇਪਨ ਦੀ ਗੱਲ ਜੁੜ ਗਈ। ਜੇ ਕਿਸੇ ਦਿਨ ਕਿਸੇ ਨੂੰ ਕੋਈ ਖ਼ੁਸ਼ੀ ਦੀ ਖ਼ਬਰ ਮਿਲ ਗਈ ਤਾਂ ਉਸ ਲਈ ਉਹ ਦਿਨ ਯਾਦਗਾਰੀ ਬਣ ਗਿਆ। ਸ਼ਾਇਦ ਇਸੇ ਤਰ੍ਹਾਂ ਲੋਕ ਸਮੂਹ ਦੇ ਵਿਅਕਤੀਗਤ ਅਨੁਭਵ ਹੀ ਮੰਦੇ ਜਾਂ ਚੰਗੇ ਦੀ ਭਾਵਨਾ ਨਾਲ ਇਨ੍ਹਾਂ ਜੁੜਕੇ ਵਾਰਾਂ ਨਾਲ ਸੰਬੰਧਿਤ ਹੋ ਗਈ।

ਡਾ: ਵਣਜਾਰਾ ਬੇਦੀ ਅਨੁਸਾਰ ਇਸ ਵਿਚ ਕਿਸੇ ਵਿਚਾਰ ਭਾਵਨਾ ਤੇ ਮਨੌਤ ਨੂੰ ਹਫ਼ਤੇ ਦੇ ਸਤਵਾਰਾਂ ਨੂੰ ਆਧਾਰ ਬਣਾ ਕੇ, ਪ੍ਰਗਟ ਕੀਤਾ ਜਾਂਦਾ ਹੈ। ਇਸ ਕਾਵਿ ਰੂਪ ਦੀ ਉਤਪਤੀ ਲੋਕ-ਚਿੱਤ ਦੀ ਹੀ ਆਤਮ-ਅਭਿਵਿਅਕਤੀ ਦੇ ਰੂਪ ਵਿਚ ਹੋਈ। ਆਰੰਭ ਕਾਲ ਤੋਂ ਹੀ ਹਫ਼ਤੇ ਦੇ ਹਰੇਕ ਦਿਨ ਨਾਲ ਕੁਝ ਮਨੌਤਾਂ, ਭਾਵ ਤੇ ਭਰਮ ਵਹਿਮ ਜੁੜੇ ਆ ਰਹੇ ਹਨ ਤੇ ਇਹ ਕਿਸੇ ਗੀਤ ਜਾਂ ਟੱਪੇ ਰਾਹੀਂ ਅਭਿਵਿਅਕਤ ਹੁੰਦੇ ਰਹੇ ਹਨ। ਇਸ ਤਰ੍ਹਾਂ ਦਿਨ ਵਿਸ਼ੇਸ਼ ਨਾਲ ਜੁੜਿਆ ਭਰਮ ਜਾਂ ਸਗਨ ਜਿਨ੍ਹਾਂ ਗੀਤਾਂ ਰਾਹੀਂ ਪ੍ਰਗਟ ਹੁੰਦਾ ਰਿਹਾ ਹੈ, ਉਹੀ ਸਤਵਾਰਾ ਅਖਵਾਇਆ ਹੈ।

ਇਸ ਕਾਵਿ ਰੂਪ ਦੀ ਇਕ ਹੋਰ ਵਿਸ਼ੇਸ਼ਤਾ ਵੀ ਹੈ। ਸੀਹਰਫ਼ੀ ਵਾਂਗੂ ਕਾਵਿ-ਪਦ ਦਿਨ ਵਿਸ਼ੇਸ਼ ਦੇ ਨਾਮ ਨਾਲ ਆਰੰਭ ਹੁੰਦਾ ਹੈ। ਲੋਕ ਚਿੱਤ ਵਾਰ ਵਿਸ਼ੇਸ਼ ਨਾਲ ਇਕ ਵਿਸ਼ੇਸ਼ ਕਰਮ ਨੂੰ ਜੋੜ ਕੇ ਵੇਖਦਾ ਹੈ ਤੇ ਇਹੀ ਉਸ ਦਿਨ ਦਾ ਨਾਮ ਵਾਰ ਸਤ ਕਰਕੇ ਆਂਕਿਆ ਹੈ।

ੴ ਸਤਿਗੁਰ ਪ੍ਰਸਾਦਿ ॥

**ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੭** (ਆਦਿ ਗ੍ਰੰਥ-841)

ਆਦਿਤਵਾਰਿ[1] ਆਦਿ ਪੁਰਖੁ ਹੈ ਸੋਈ ਆਪੇ ਵਰਤੈ ਅਵਰੁ ਨ ਕੋਈ।
ਓਤਿ ਪੋਤਿ[2] ਜਗੁ ਰਹਿਆ ਪਰੋਈ ਆਪੇ ਕਰਤਾ ਕਰੈ ਸੁ ਹੋਈ।
ਨਾਮਿ ਰਤੇ ਸਦਾ ਸੁਖੁ ਹੋਈ ਗੁਰਮੁਖਿ ਵਿਰਲਾ ਬੁਝੈ ਕੋਈ ।੧।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਿਰਦੈ ਜਪਨੀ ਜਪਉ ਗੁਣਤਾਸਾ[3] ।
ਹਰਿ ਅਗਮ ਅਗੋਚਰ ਅਪਰੰਪਰ ਸੁਆਮੀ
ਜਨਪਗਿ[4] ਲਗਿ ਧਿਆਵਹੁ ਹੋਇ ਦਾਸਨਿ ਦਾਸਾ । ਰਹਾਉ ।
ਸੋਮਵਾਰਿ ਸਚਿ ਰਹਿਆ ਸਮਾਇ ।
ਤਿਸਕੀ ਕੀਮਤਿ ਕਹੀ ਨਾ ਜਾਇ ।
ਆਖਿ ਆਖਿ ਰਹੋ ਸਭਿ ਲਿਵਲਾਇ ।
ਜਿਸੁ ਦੇਵੈ ਤਿਸੁ ਪਲੈ ਪਾਇ ।
ਅਗਮ ਅਗੋਚਰੁ ਲਖਿਆ ਨਾ ਜਾਇ ।
ਗੁਰ ਕੈ ਸਬਦਿ ਹਰਿ ਰਹਿਆ ਸਮਾਇ ।੨।
ਮੰਗਲਿ ਮਾਇਆ ਮੋਹੁ ਉਪਾਇਆ ।
ਆਪੇ ਸਿਰਿ ਸਿਰਿ[5] ਧੰਧੈ ਲਾਇਆ ।
ਆਪਿ ਬੁਝਾਏ ਸੋਈ ਬੂਝੈ ।
ਗੁਰ ਕੈ ਸਬਦਿ ਦਰੁ ਘਰੁ ਸੂਝੈ ।
ਪ੍ਰੇਮ ਭਗਤਿ ਕਰੈ ਲਿਵਲਾਇ ।
ਹਉਮੈ ਮਮਤਾ ਸਬਦਿ ਜਲਾਇ ।੩।
ਬੁਧ ਵਾਰਿ ਆਪੇ ਬੁਧਿ ਸਾਰੁ ।
ਗੁਰਮੁਖਿ ਕਰਣੀ ਸਬਦੁ ਵੀਚਾਰੁ ।
ਨਾਮਿ ਰਤੇ ਮਨੁ ਨਿਰਮਲੁ ਹੋਇ ।
ਹਰਿ ਗੁਣ ਗਾਵੈ ਹਉਮੈ ਮਲੁ ਖੋਇ ।
ਦਰਿ ਸਚੈ ਸਦ ਸੋਭਾ ਪਾਏ ।
ਨਾਮਿ ਰਤੇ ਗੁਰ ਸਬਦਿ ਸੁਹਾਏ ।੪।
ਲਾਹਾ ਨਾਮੁ ਪਾਏ ਗੁਰਦੁਆਰਿ ।
ਆਪੇ ਦੇਵੈ ਦੇਵਣਹਾਰੁ ।
ਜੋ ਦੇਵੈ ਤਿਸ ਕਉ ਬਲਿ ਜਾਈਐ ।
ਗੁਰਪਰਸਾਦੀ ਆਪੁ ਗਵਾਈਐ ।
ਨਾਨਕ ਨਾਮ ਰਖਹੁ ਉਰਧਾਰਿ ।
ਦੇਵਣਹਾਰੇ ਕਉ ਜੈਕਾਰੁ[7] ।੫।
ਵੀਬਵਾਰਿ ਵੀਰ[8] ਭਰਿਮ ਭੁਲਾਏ ।
ਪ੍ਰੇਤ ਭੂਤ ਸਭਿ ਦੂਜੇ ਲਾਏ ।
ਆਪਿ ਉਪਾਏ ਕਰ ਵੇਖੈ ਵੇਕਾ[9] ।
ਸਭਨਾ ਕਰਤੇ ਤੇਰੀ ਟੇਕਾ ।
ਜੀਅ ਜੋਤ ਤੇਰੀ ਸਰਣਾਈ ।
ਸੋ ਮਿਲੈ ਜਿਸੁ ਲੈਹਿ ਮਿਲਾਈ ।੬।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਕ੍ਰਵਾਰਿ ਪ੍ਰਭੁ ਰਹਿਆਂ ਸਮਾਈ ।
ਆਪਿ ਉਪਾਇ ਸਭ ਕੀਮਤਿ ਪਾਈ।
ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ।
ਸਚੁ ਸੰਜਮੁ ਕਰਣੀ ਹੈ ਕਾਰ ।
ਵਰਤੁ ਨੇਮੁ ਨਿਤਾਪ੍ਰਤਿ[10] ਪੂਜਾ ।
ਬਿਨੁ ਬੂਝੈ ਸਭੁ ਭਾਉ ਹੈ ਦੂਜਾ ।੭।
ਛਨਿਛਰ ਵਾਰ ਸਉਣ[11] ਸਾਸਤ[12] ਬੀਚਾਰੁ ।
ਹਉਮੈ ਮੇਰਾ ਭਰਮੈ ਸੰਸਾਰ ।
ਮਨਮੁਖੁ ਅੰਧਾ ਦੂਜੈ ਭਾਇ ।
ਜਮ ਦਰਿ ਬਾਧਾ ਚੋਟਾ ਖਾਇ ।
ਗੁਰ ਪਰਸਾਦੀ ਸਦਾ ਸੁਖੁ ਪਾਏ ।
ਸਚੁ ਕਰਣੀ ਸਾਚਿ ਲਿਵਲਾਏ ।੮।
ਸਤਿਗੁਰ ਸੇਵਹਿ ਸੇ ਵਡਭਾਗੀ ।
ਹਉਮੈ ਮਾਰਿ ਸਚਿ ਲਿਵਲਾਗੀ ।
ਤੇਰੇ ਰੰਗਿ ਰਾਤੇ ਸਹਜਿ ਸੁਭਾਇ ।
ਤੂ ਸੁਖਦਾਤਾ ਲੈਹਿ ਮਿਲਾਇ ।
ਏਕਸ ਤੇ ਦੂਜਾ ਨਾਹੀ ਕੋਇ ।
ਗੁਰਮੁਖਿ ਬੂਝੈ ਸੋਝੀ ਹੋਇ ।੯।
ਪੱਦ੍ਰਹ[13] ਥਿਤੀ ਤੈ ਸਤ ਵਾਰ ।
ਮਾਹ[14] ਰੁਤੀ[15] ਆਵਹਿ ਵਾਰ ਵਾਰ ।
ਦਿਨਸੁ ਰੈਣਿ ਤਿਵੈ ਸੰਸਾਰੁ ।
ਆਵਾ ਗਉਣ[16] ਕੀਤਾ ਕਰਤਾਰਿ ।
ਨਿਹਚਲੁ ਸਾਚੁ ਰਹਿਆ ਕਲਧਾਰਿ[17] ।
ਨਾਨਕ ਗੁਰਮੁਖਿ[18] ਬੂਝੈ ਕੋ ਸਬਦੁ ਵੀਚਾਰਿ ।੧੦।

## ਫੁਟ ਨੋਟ

1. ਐਤਵਾਰ, 2. ਤਾਣਾ ਪੇਟਾ, 3. ਗੁਣਾਂ ਦੇ ਭਾਂਡੇ ਅਥਵਾ ਵਾਹਿਗੁਰੂ ਨੂੰ 4. ਚਰਣ, 5. ਆਪੋ ਆਪਣੇ, 6. ਸੰਭਾਲ, 7. ਜੈ ਜੈ ਕਰਕੇ ਨਮਸਕਾਰ ਕਰਨਾ, 8. ਭੀਰ (ਹਨੂੰਮਾਨ ਭੈਰਉ ਆਦਿ) ਪੁਰਾਣਾ ਅਨੁਸਾਰ ਬਵੰਜਾ ਬੀਰ ਹਨ, 9.ਵੰਨਸੁਵੰਨੇ 10. ਹਰ ਰੋਜ਼, 11. ਸਗਨ, 12. ਸ਼ਾਸਤਰ, 13. ਪੰਦਰਾਂ ਥਿਤਾਂ, 14. ਮਹੀਨਾ, 15. ਰੁੱਤਾਂ, 16. ਆਵਣਜਾਣ, 17. ਕਲਾ ਜਾਂ ਸ਼ਕਤੀ ਵਰਤਾ ਕੇ, 18. ਗੁਰੂ ਦੇ ਦੇ ਮੁਖ ਦੁਆਰਾ ਪ੍ਰਾਪਤ ਗਿਆਨ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ ਸਤਿਗੁਰ ਪ੍ਰਸਾਦਿ ॥

**ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭** (ਆਦਿ ਗ੍ਰੰਥ-344)

ਬਾਰ ਬਾਰ ਹਰਿ ਕੇ ਗੁਨ ਗਾਵਉ ।
ਗੁਰ ਗਮਿ1 ਭੇਦੁ ਸੁ ਹਰਿ ਕਾ ਪਾਵਉ ।੧। ਰਹਾਉ।
ਆਦਿਤ[2] ਕਰੈ ਭਾਗਤਿ ਆਰੰਭ ।
ਕਾਇਆ ਮੰਦਰ ਮਨਸਾ[3] ਥੰਭ[4] ।
ਅਹਿਨਿਸਿ ਅਖੰਡ ਸੁਰਹੀ[5] ਜਾਇ ।
ਤਉ ਅਨਹਦ ਬੇਣੁ[6] ਸਹਸ ਮਹਿ ਬਾਇ[7] ।੧।
ਸੋਮਵਾਰਿ ਸਸਿ[8] ਅੰਮ੍ਰਿਤੁ ਝਰੈ ।
ਚਾਖਤ ਬੇਗਿ[9] ਸਗਲ ਬਿਖ ਹਰੈ ।
ਬਾਣੀ ਰੋਕਿਆ ਰਹੈ ਦੁਆਰ[10] ।
ਤਉ ਮਨੁ ਮਤ[11] ਵਾਰੋ ਪੀਵਨਹਾਰ ।੨।
ਮੰਗਲਵਾਰੇ ਲੇ ਮਾਹੀਤਿ[12] ।
ਪੰਚ ਚੋਰ ਕੀ ਜਾਣੈ ਰੀਤਿ ।
ਘਰ ਛੋਡੇ ਬਾਹਰਿ ਜਿਨਿ[13] ਜਾਇ ।
ਨਾਤਰੁ[14] ਖਰਾ ਰਿਸੈ[15] ਹੈ [16]ਰਾਇ ।੩।
ਬੁਧਵਾਰਿ ਬੁਧਿ ਕਰ ਪ੍ਰਗਾਸ ।
ਹਿਰਦੈ ਕਮਲ ਮਹਿ ਹਰਿ ਕਾ ਬਾਸ[17] ।
ਗੁਰ ਮਿਲਿ ਦੋਊ ਏਕ ਸਮਾ[18] ਧਰੈ ।
ਉਰਧ ਪੰਕ[19] ਲੈ ਸੂਧ[20] ਕਰੈ ।੪।
ਬ੍ਰਿਹਸਪਤ ਬਿਖਿਆ[21] ਦੇਇ ਬਹਾਇ[22] ।
ਤੀਨਿ ਦੇਵ[23] ਏਕ ਸੰਗਿ ਲਾਇ ।
ਤੀਨਿ ਨਦੀ[24] ਤਹ ਤ੍ਰਿਕੁਟੀ[25] ਮਾਹਿ ।
ਅਹਿਨਿਸਿ[26] ਕਸਮਲ[27] ਧੋਵਹਿ ਨਾਹਿ ।੫।
ਸੁਕ੍ਰਿਤੁ[28] ਸਹਾਰੈ ਸੁ ਇਹ ਬ੍ਰਤਿ ਚੜੈ ।
ਅਨਦਿਨ ਆਪਿ ਆਪ ਸਿਉ ਲੜੈ[29] ।
ਸੁਰਖੀ[30] ਪਾਚਉ ਰਾਖੈ ਸਬੈ ।
ਤਉ ਦੂਜੀ[31] ਦ੍ਰਿਸ਼ਟਿ ਨ ਪੈਸੇ ਕਬੈ ।੬।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਰ[32] ਥਿਰੁ ਕਰਿ ਰਾਖ ਸੋਇ ।
ਜੋਤਿ ਦੀਵਟੀ[33] ਘਟ ਮਹਿ ਜੋਇ ।
ਬਾਹਿਰਿ ਭੀਤਰਿ ਭਇਆ ਪ੍ਰਗਾਸੁ ।
ਤਬ ਹੂਆ ਸਗਲ ਕਰਮ ਕਾ ਨਾਸੁ ।੭।
ਜਬ ਲਗੁ ਘਟ ਮਹਿ ਦੂਜੀ ਆਨ[34] ।
ਤਉ ਲਉ ਮਹਲਿ ਨ ਲਾਭੈ ਜਾਨ ।
ਰਮਤ[35] ਰਾਮ ਸਿਉ ਲਾਗੋ ਰੰਗੁ ।
ਕਹਿ ਕਬੀਰ ਤਬ ਨਿਰਮਲ ਅੰਗ[36] ।੮। ।

ਸਪਸ਼ਟ ਹੈ ਮਹਲਾ ੩ ਨੇ ਵਾਰ ਸਤ ਵਿਚ ਸਤਵਾਰੇ ਨਾਲ ਸੰਬੰਧਿਤ ਭਰਮਾਂ ਦਾ ਖੰਡਨ ਕਰ ਕੇ ਉਹਨਾਂ ਦੇ ਨਾਲ ਵਿਸ਼ੇਸ਼ ਕਰਮ-ਭਾਵਨਾ ਨੂੰ ਜੋੜਿਆ ਹੈ ਜਿਸ ਨਾਲ ਮਨੁੱਖ ਪ੍ਰਭੂ ਪ੍ਰਾਪਤੀ ਦੇ ਰਾਹ ਉਪਰ ਤੁਰਦਾ ਹੈ। ਇਥੇ ਇਹ ਧਿਆਨ ਰਹੇ ਇਹ ਕਰਮ-ਭਾਵਨਾ ਕਿਸੇ ਵਿਸ਼ੇਸ਼ ਕਰਮ ਨਾਲ ਸੰਬੰਧਿਤ ਨਾ ਹੋ ਕੇ ਸੰਕਲਪ ਹੀ ਹੈ ਜਿਸਦਾ ਕੇਵਲ ਮਨਨ ਕੀਤਾ ਜਾ ਸਕਦਾ ਹੈ, ਦੂਸਰੇ ਸ਼ਬਦਾਂ ਵਿਚ ਗਿਆਨ-ਕਰਮ ਰਾਹੀਂ ਅਸਲੀ ਮਰਮ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਕੁਝ ਪੰਕਤੀਆਂ ਪੇਸ਼ ਹਨ—

ੳ. ਸੋਮਵਾਰਿ ਸਚਿ ਰਹਿਆ ਸਮਾਇ
ਅ. ਮੰਗਲਿ ਮਾਇਆ ਮੋਹੁ ਉਪਾਇਆ
ੲ. ਬੁਧਿਵਾਰਿ ਆਪੇ ਬੁਧਿ ਸਾਰੁ
ਸ. ਵੀਰਵਾਰ ਵੀਰ ਭਰਮ ਭੁਲਾਏ
ਹ. ਸੁਕਰਵਾਰ ਪ੍ਰਭ ਰਹਿਆ ਸਮਾਈ
ਕ. ਛਨਿਛਰਵਾਰ ਸਉਣ ਸਾਬਤ ਬੀਚਾਰੁ

ਰੂਪਾਕਾਰ ਦੀ ਦ੍ਰਿਸ਼ਟੀ ਤੋਂ ਇਸ ਰਚਨਾ ਦੇ ਦਸ ਬੰਦ ਹਨ। ਹਰ ਬੰਦ ਛੇ ਤੁਕਾਂ ਦਾ ਧਾਰਣੀ ਹੈ। ਇਸ ਕਾਵਿ ਰੂਪ ਵਿਚ ਇਕ ਹੋਰ ਗੱਲ ਖਾਸ ਵਿਲੱਖਣ ਹੈ, ਉਹ ਹੈ ਇਸ ਵਿਚਲੀ ਰਹਾਉ—

ਹਿਰਦੈ ਜਪਨੀ ਜਪਉ ਗੁਣਤਾਸਾ ॥
ਹਰਿ ਅਗਮ ਅਗੋਚਰ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਹੁ
ਹੋਇ ਦਾਸਨਿ ਦਾਸਾ ॥

ਇਸ ਰਚਨਾ ਦੇ ਆਰੰਭ ਵਿਚ ਹੀ 'ਹਿਰਦੈ ਜਪਨੀ ਜਪਉ ਗੁਣਤਾਸਾ' ਕਹਿ ਕੇ ਮਨੁੱਖ ਨੂੰ ਨਿਰਭਉ ਬਣਨ ਲਈ ਉਪਦੇਸ਼ ਦਿੱਤਾ ਹੈ। ਬ੍ਰਹਮ ਸਰਬ ਗੁਣਾਂ ਦਾ ਖ਼ਜ਼ਾਨਾ ਹੈ, ਉਸ ਦੀ ਆਰਾਧਨਾ ਕਰਨ ਨਾਲ ਹਰ ਪ੍ਰਕਾਰ ਦੇ ਵਿਘਨ ਸਮਾਪਤ ਹੋ ਜਾਂਦੇ ਹਨ। ਰਹਾਉ ਦੇ ਅਗਲੇ ਅਧ ਵਿਚ 'ਅਗਮ ਅਗੋਚਰ ਅਪਰੰਪਰ ਸੁਆਮੀ' ਚਾਰ ਵਿਸ਼ੇਸ਼ਣ ਉਸ ਹਰੀ ਦੇ ਗਿਣਵਾਏ ਹਨ ਜੋ ਹਰੀ ਏਨੇ ਗੁਣਾਂ ਦਾ ਸੁਆਮੀ ਹੈ ਉਸ ਦੇ ਚਰਨਾਂ ਦੇ ਦਾਸ ਦੇ ਦਾਸ ਬਣਨਾ ਚਾਹੀਦਾ ਹੈ। ਜੇਹੜੇ ਜੀਵ ਹਰੀ ਦੇ ਦਾਸ ਬਣ ਜਾਂਦੇ ਹਨ ਉਹਨਾਂ ਦੇ ਸਾਰੇ ਕਾਰਜ ਆਪ ਵਾਹਿਗੁਰੂ ਕਰਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਵਾਰ ਕਬੀਰ ਜੀਓ ਕੇ ੭

ਇਹ ਰਚਨਾ ਅਠ ਬੰਦਾਂ ਦੀ ਹੈ। ਹਰ ਬੰਦ ਚਾਰ ਤੁਕਾਂ ਦਾ ਧਾਰਣੀ ਹੈ। ਕਬੀਰ ਜੀ ਨੇ ਆਰੰਭ ਵਿਚ ਹੀ ਰਹਾਉ ਦੀ ਪੰਕਤੀ "ਬਾਰ ਬਾਰ ਹਰਿ ਕੇ ਗੁਨ ਗਾਵਉ ਗੁਰ ਗਮਿ ਭੇਦ ਸੁ ਹਰਿ ਕਾ ਪਾਵਉ ॥" ਕਹਿ ਕੇ ਬਾਰੰਬਾਰ ਹਰਿ ਗੁਣ ਗਾਨ ਨੂੰ ਹੀ ਦ੍ਰਿੜ੍ਹ ਕਰਾਇਆ ਹੈ। ਅਸਲ ਵਿਚ ਹਰੀ ਗੁਣ-ਗਾਨ ਹੀ ਪਾਰਬ੍ਰਹਮ ਦੇ ਗਿਆਨ ਦਾ ਸਭ ਤੋਂ ਉੱਤਮ ਮਾਧਿਅਮ ਹੈ। ਜੇਹੜੇ ਜੀਵ ਪਾਰਬ੍ਰਹਮ ਨੂੰ ਦ੍ਰਿੜ੍ਹ ਅਕੀਦੇ ਨਾਲ ਅਰਾਧਦੇ ਹਨ, ਉਨ੍ਹਾਂ ਦੇ ਸਾਰੇ ਕਾਰਜ ਨਿਰਵਿਘਨ ਸਮਾਪਤ ਹੋ ਜਾਂਦੇ ਹਨ। ਅਸਲ ਵਿਚ ਦਿਨ ਨਾ ਚੰਗੇ ਹੁੰਦੇ ਹਨ ਨਾ ਮਾੜੇ। ਮਨੁੱਖੀ ਕਰਮ ਹੀ ਕਰਮ ਦਾ ਫਲ ਦੇਂਦਾ ਹੈ। ਮਨੁੱਖ ਛੋਟੇ ਸਗਨ-ਅਪਸਗਨ ਨਾ ਵਿਚਾਰ ਕੇ ਹਰੀ ਦਾ ਜਾਪ ਕਰੇ, ਇਸਦੇ ਨਾਲ ਨਾ ਕੇਵਲ ਉਸ ਦੇ ਸਾਰੇ ਕਾਰਜ ਰਾਸ ਹੀ ਹੋਣਗੇ, ਸਗੋਂ ਉਸ ਦੇ ਸਰੀਰਕ ਅੰਗ ਵੀ ਪ੍ਰਭੂ ਨਾਮ ਨਾਲ ਪਵਿੱਤਰ ਹੋ ਜਾਣਗੇ। ਕਬੀਰ ਜੀ ਵੀ ਇਸ ਰਚਨਾ ਰਾਹੀਂ ਗੁਰੂ ਸਾਹਿਬ ਵਾਂਙੂ ਮਨੁੱਖ ਨੂੰ ਵਹਿਮ ਭਰਮ ਤਿਆਗ ਕੇ ਹਰੀ ਨਾਮ ਦਾ ਸਿਮਰਨ ਕਰਨ ਲਈ ਉਪਦੇਸ਼ ਦੇਂਦੇ ਹਨ। ਕੁਲ ਮਿਲਾ ਕੇ, ਵਾਰ ਲੋਕ ਵਿਸ਼ਵਾਸ ਨੂੰ ਸਿਧੇ ਰਾਹ ਪਾਣ ਦਾ ਹੀ ਯਤਨ ਹੈ।

ਅੰਤ ਵਿਚ, ਗੁਰੂ ਅਮਰਦਾਸ ਦੀਆਂ ਇਹ ਪੰਕਤੀਆਂ ਪੇਸ਼ ਕਰਨੀਆਂ ਉਚਿਤ ਹਨ:

ਪੰਦ੍ਰਹ ਥਿਤੀ ਤੇ ਸਤ ਵਾਰ ਮਾਹਾ ਰੁਤੀ ਆਵਹਿ ਵਾਰ ਵਾਰ ॥
ਦਿਨਸੁ ਰੈਣਿ ਤਿਵੈ ਸੰਸਾਰ ਆਵਾਗਉਣ ਕੀਤਾ ਕਰਤਾਰਿ ॥

ਦਿਨ ਵਾਰ ਤੇ ਥਿਤਾਂ ਸਭ ਪਰਮ ਸੱਤਾ ਨੇ ਆਪ ਹੀ ਬਣਾਈਆਂ ਹਨ। ਇਹ ਸਭ ਵਾਰੋ ਵਾਰੀ ਆਉਂਦੇ ਤੇ ਆਪਣਾ ਚੱਕਰ ਸਮਾਪਤ ਕਰ ਜਾਂਦੇ ਹਨ। ਇਹਨਾਂ ਨਾਲ ਮੰਦਾ ਚੰਗਾ ਭਾਵ ਜੋੜਨਾ ਨਿਰਮੂਲ ਹੈ।

## ਫੁਟ ਨੋਟ

1. ਪਹੁੰਚ ਕੇ, 2. ਐਤਵਾਰ, 3. ਖਾਹਸ਼ਾਂ, 4. ਰੋਕੋ, 5. ਬਿਰਤੀ, 6. ਵੀਣਾ, 7. ਵਜਦੀ ਹੈ, 8. ਚੰਦ੍ਰਮਾ ਰੂਪੀ ਵਾਹਿਗੁਰੂ, 9. ਛੇਤੀ ਨਾਲ, ਵੇਗ ਨਾਲ, 10. ਟਿਕਾਣੇ, 11. ਮਸਤ, 12. ਅਸਲੀਅਤ ਜਾਣਨ ਤੋਂ ਬਾਅਦ, 13. ਹਰਗਿਜ ਨਾ, 14. ਨਹੀਂ ਤਾਂ, 15. ਗੁਸੇ, 16. ਹੈਰਾਨ ਹੋਕੇ, 17. ਟਿਕਾਣਾ, 18. ਇਕੋ ਜਿਹਾ, 19. ਉਲਟਾ ਕਮਲ, 20. ਸਿੱਧਾ ਕਰੇ, 21. ਵਿਸ਼ੇ, 22. ਰੁੜ੍ਹਾ, 22 ਬ੍ਰਹਮਾ ਵਿਸ਼ਨੂੰ ਮਹੇਸ਼ ਦੇ ਭੇਦ ਨੂੰ ਮਿਟਾ ਕੇ ਇਕੋ ਰੱਬ ਨੂੰ ਮੰਨੇ, 23. ਕਰਮ, ਗਿਆਨ ਤੇ ਭਗਤੀ ਇਹ ਤਿੰਨ ਨਦੀਆਂ, 24. ਤਿੰਨਾਂ ਦਾ ਜੋੜ ਆਪ ਵਾਹਿਗੁਰੂ, 25. ਦਿਨ ਰਾਤ, 26. ਪਾਪ, 27. ਸ਼ੁਕਰਵਾਰ ਵਾਲੇ ਦਿਨ ਜੋ ਚੰਗੇ ਕਰਮ ਦੇ ਅਸਰ ਨੂੰ ਜਰਦਾ ਹੈ, 28. ਆਪਣੇ ਮਨ ਨੂੰ ਮਾਰੇ, 29. ਇੰਦ੍ਰੀਆਂ, 30. ਤਾ ਦਵੇਤ ਵਾਲੀ ਦ੍ਰਿਸ਼ਟੀ ਵਿਚ ਕਦੀ ਨਹੀਂ ਪਵੇਗਾ, 31. ਸ਼ਨੀਚਰਵਾਰ, 32. ਬਤੀ—ਜੋ ਪ੍ਰਭੂ ਜੋਤ ਦੀ ਹਿਰਦੇ ਵਿਚ ਹੈ, 33. ਦੂਸਰੇ ਦੀ ਸ਼ਰਨ ਲੈਣ ਦਾ ਭਾਵ ਮਨ ਵਿਚ ਹੈ, 34. ਰਾਮ ਸਿਮਰਦਿਆਂ, 35. ਸਰੀਰਕ ਅੰਗ ਪਵਿੱਤਰ ਹੁੰਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਥਿਤੀ

ਸੰਸਕ੍ਰਿਤ ਦਾ ਸ਼ਬਦ ਤਿਥੀ ਪੰਜਾਬੀ ਵਿਚ ਵਰਣ ਤਬਦੀਲੀ ਕਾਰਣ ਥਿਤੀ ਹੋ ਗਿਆ ਹੈ। ਇਸ ਦਾ ਅਰਥ ਹੈ, ਚੰਦ੍ਰਮਾਂ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਦੋਹਾਂ ਪੱਖਾਂ ਦੀਆਂ ਤਰੀਕਾਂ। ਉਂਞ ਇਸਦਾ ਅਰਥ ਸਥਿਤੀ, ਠਹਿਰਾਉ ਜਾਂ ਕਾਇਮੀ ਵੀ ਹੈ। ਗੁਰਬਾਣੀ ਵਿਚ ਥਿਤ ਸ਼ਬਦ ਦਾ ਪ੍ਰਯੋਗ ਇਸ ਅਰਥ ਵਿਚ ਕਈ ਥਾਈਂ ਕੀਤਾ ਗਿਆ ਹੈ—

ੳ. ਢੂੰਢ ਵੰਞਾਈ ਥੀਆ ਥਿਤਾ-ਮਹਲਾ ੫

ਅ. ਥਿਤਿ ਪਾਈ ਚੂਕੇ ਭ੍ਰਮਗਵਨਾ-ਮਹਲਾ ੫

ਸਪਸ਼ਟ ਹੈ, ਥਿਤੀ ਤਿਥੀ ਦਾ ਹੀ ਵਿਕ੍ਰਤ ਰੂਪ ਹੈ। ਪਰ ਇਹ ਧਿਆਨ ਰਹੇ ਥਿਤੀ ਕਾਵਿ-ਰੂਪ ਇਸ ਤੋਂ ਵੱਥਰੇ ਅਰਥਾਂ ਵਿਚ ਪੇਸ਼ ਹੋਇਆ ਹੈ। ਸਾਡੇ ਲੋਕ ਮੁਹਾਵਰੇ ਵਿਚ ਦੋ ਸਬਦ ਹਨ—ਚਾਨਣਾ ਤੇ ਹਨੇਰਾ ਪੱਖ। ਗੁਰੂ ਸਾਹਿਬ ਦੇ ਗੁਰਪੁਰਬਾਂ ਦੇ ਨਾਲ ਵੀ ਪੱਖ ਸੂਚਕ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ : ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਮਿਤੀ ਨਾਲ 'ਪੋਹ ਸੁਦੀ ਸਪਤਮੀ' ਆਮ ਪ੍ਰਚਲਿਤ ਹੈ। ਪੋਹ ਮਹੀਨੇ ਦਾ ਨਾਮ ਹੈ ਤੇ ਸਪਤਮੀ ਦਾ ਅਰਥ ਹੈ ਸਤ। ਪਰ ਸੁਦੀ ਕੀ ਹੋਇਆ ? ਜੋਤਸ਼ ਅਨੁਸਾਰ ਚੰਦਰਮਾ ਵਧਦਾ ਘਟਦਾ ਰਹਿੰਦਾ ਹੈ। ਅਮਾਵਸ ਤੋਂ ਬਾਅਦ ਚੰਦਰਮਾ ਵਧਦਾ ਹੈ, ਇਸ ਨੂੰ ਚਾਨਣਾ ਪੱਖ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਇਸੇ ਨੂੰ ਸ਼ੁਕਲ ਦਾ ਅਰਥ ਹੈ ਚਾਨਣਾ ਜਾਂ ਚਿੱਟਾ : ਸ਼ੁਕਲ ਦਾ ਤਦਭਵ ਰੂਪ ਸੁਦੀ ਹੈ। ਦੂਸਰੇ ਸ਼ਬਦਾਂ ਵਿਚ ਚਾਨਣੇ ਪੱਖ ਨੂੰ ਸੁਦੀ ਕਿਹਾ ਜਾਂਦਾ ਹੈ।

ਪੂਰਨਮਾਸ਼ੀ ਤੋਂ ਬਾਅਦ ਹਨੇਰਾ ਪੱਖ ਸ਼ੁਰੂ ਹੁੰਦਾ ਹੈ। ਸੰਸਕ੍ਰਿਤ ਵਿਚ ਇਸ ਨੂੰ ਬਹੁਲ ਕਿਹਾ ਜਾਂਦਾ ਹੈ। ਪੰਜਾਬੀ ਵਿਚ ਵਰਣ ਬਦਲਾਉ ਕਰਕੇ ਬਹੁਰ ਵੇਰਾਂ ਵ ਨੂੰ ਬ ਤੇ ਬ ਨੂੰ ਵ ਉਚਾਰਿਆ ਜਾਂਦਾ ਹੈ। ਵਦੀ ਬਹੁਲ ਦਾ ਹੀ ਤਦਭਵ ਰੂਪ ਹੈ। ਇਸ ਨੂੰ ਕ੍ਰਿਸ਼ਨ ਪੱਖ ਵੀ ਆਖਦੇ ਹਨ। ਜ਼ਾਹਿਰ ਹੈ, ਵਦੀ ਦਾ ਸੰਬੰਧ ਹਨੇਰੇ ਪੱਖ ਨਾਲ ਹੈ।

ਭਾਰਤੀ ਲੋਕ-ਪਰੰਪਰਾ ਵਿਚ ਥਿਤਾਂ ਨਾਲ ਅਨੇਕ ਤਰ੍ਹਾਂ ਦੇ ਵਹਿਮ ਭਰਮ ਜੁੜੇ ਹੋਏ ਹਨ। ਵਹਿਮ-ਗ੍ਰਸਤ ਹੋ ਕੇ ਲੋਕਾਂ ਨੂੰ ਅਕਾਰਣ ਹੀ ਕਈ ਕਲੇਸ਼ਾਂ ਵਿਚੋਂ ਲੰਘਣਾ ਪੈਂਦਾ ਸੀ ਤੇ ਜਾਂ ਫਿਰ ਬ੍ਰਾਹਮਣ ਸ਼੍ਰੇਣੀ ਦੇ ਅਰਥੀ ਹੋ ਕੇ ਸੰਕਟ ਨਵ੍ਰਿਤੀ ਦੇ ਜਤਨ ਕਰਨੇ ਪੈਂਦੇ ਸੀ। ਗੁਰੂ ਸਾਹਿਬ ਨੇ ਲੋਕਾਂ ਨੂੰ ਨਿਰਮੂਲ ਖੇਦ ਵਿਚੋਂ ਕੱਢਣ ਲਈ ਤੇ ਸੰਤੁਲਿਤ ਦ੍ਰਿਸ਼ਟੀ ਪ੍ਰਦਾਨ ਕਰਨ ਲਈ ਹੀ ਥਿਤੀ ਦੀ ਰਚਨਾ ਕੀਤੀ ਜਾਪਦੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੁਲ 16 ਥਿਤਾਂ ਹਨ ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—ਏਕਮ, ਦੂਜ, ਤੀਜ, ਚੌਥ, ਪੰਚਮੀ, ਛਟੀ, ਸਪਤਮੀ, ਅਸ਼ਟਮੀ, ਨੌਮੀ, ਦਸਮੀ, ਏਕਾਦਸੀ ਦੁਆਦਸੀ, ਤ੍ਰੈਦਸੀ, ਤੌਦਸ, ਅਮਾਵਸ ਅਤੇ ਪੁੰਨਿਆ। ਇਹ ਤਿਥਾਂ ਇਕ ਚੱਕਰ ਵਿਚ ਚਲਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਜੋੜ ਨਾਲ ਹੀ ਮਹੀਨੇ, ਰੁੱਤਾਂ, ਸਾਲ ਤੇ ਸਦੀਆਂ ਬਣਦੇ ਹਨ। ਅਮਾਵਸ ਤੋਂ ਬਾਅਦ ਚੌਦਾਂ ਥਿਤਾਂ ਚਾਨਣੇ ਪੱਖ ਦੇ ਅਧੀਨ ਆਉਂਦੀਆਂ ਹਨ। ਇਸੇ ਤਰ੍ਹਾਂ ਪੂਰਨਮਾਸ਼ੀ ਤੋਂ ਬਾਅਦ ਚੌਦਾਂ ਥਿਤਾਂ ਹਨੇਰੇ ਪੱਖ ਦੇ ਅੰਤਰਗਤ ਆਉਂਦੀਆਂ ਹਨ। ਇਹੀ ਕਾਲ-ਚੱਕਰ ਦਾ ਨੇਮ ਹੈ ਤੇ ਕਾਲ ਦੀ ਨਿਰੰਤਰਤਾ ਦਾ ਆਧਾਰ ਵੀ।

ਆਦਿ ਗ੍ਰੰਥ ਵਿਚ ਤਿੰਨ ਥਿਤੀਆਂ ਦਰਜ ਹਨ। ਪਹਿਲੀ ਮਹਲਾ ੧ ਦੀ ਦੂਸਰੀ ਮਹਲਾ ੫ ਦੀ ਤੇ ਤੀਸਰੀ ਰਾਗ ਗਉੜੀ ਥਿਤੀ ਕਬੀਰ ਜੀ ਕੀ ਹੈ। ਇਨ੍ਹਾਂ ਤਿੰਨਾਂ ਵਿਚੋਂ ਦੋ ਥਿਤੀਆਂ ਗਉੜੀ ਰਾਗ ਵਿਚ ਹਨ। ਤੇ ਤੀਸਰੀ ਬਿਲਾਵਲ ਰਾਗ ਵਿਚ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ 15 ਸੰਤ-ਭਗਤਾਂ ਵਿਚੋਂ ਇਕੱਲੇ ਕਬੀਰ ਜੀ ਹੀ ਅਜਿਹੇ ਹਨ ਜਿਨ੍ਹਾਂ ਨੇ ਲੋਕ-ਕਾਵਿ-ਰੂਪਾਂ ਉਪਰ ਵੀ ਹੱਥ ਅਜ਼ਮਾਇਆ ਹੈ। ਕਬੀਰ ਜੀ ਨੇ ਵਾਰ ਸਤ ਵੀ ਗਉੜੀ ਰਾਗ ਵਿਚ ਹੀ ਸਿਰਜੇ ਹਨ। ਵੰਨਗੀ ਵਜੋਂ ਕਬੀਰ ਜੀ ਰਚਿਤ ਥਿਤੀ-ਰਚਨਾ ਹਾਜ਼ਰ ਹੈ—

੧ੴ ਸਤਿਗੁਰ ਪ੍ਰਸਾਦਿ ॥

**ਰਾਗ ਗਉੜੀ ਥਿਤੀ ਕਬੀਰ ਜੀ ਕੀ** (ਆਦਿ ਗ੍ਰੰਥ-343)

ਸਲੋਕੁ—ਪੰਦ੍ਰਹ ਥਿੰਤੀ ਸਾਤ ਵਾਰ।
ਕਹਿ ਕਬੀਰ ਉਰਵਾਰ ਨ ਪਾਰ।
ਸਾਧਿਕ ਸਿਧ ਲਖੈ ਜਉ ਭੇਉ[1]
ਆਪੇ ਕਰਤਾ ਆਪੇ ਦੇਉ।੧।

ਥਿੰਤੀ—ਅੰਮਾਵਸ ਮਹਿ ਆਸ ਨਿਵਾਰਹੁ।
ਅੰਤਰਜਾਮੀ ਰਾਮੁ ਸਮਾਰਹੁ।
ਜੀਵਤ ਪਾਵਹੁ ਮੋਖ ਦੁਆਰ।
ਅਨਭਉ ਸਬਦੁ ਤਤੁ ਨਿਜੁ ਸਾਰ।੧।
ਚਰਨ ਕਮਲ ਗੋਬਿੰਦ ਰੰਗੁ ਲਾਗਾ।
ਸੰਤ ਪ੍ਰਸਾਦਿ ਭਏ ਮਨ ਨਿਰਮਲ।
ਹਰਿ ਕੀਰਤਨ ਮਹਿ ਅਨਦਿਨੁ ਜਾਗਾ।ਰਹਾਉ।
ਪਰਿਵਾ[2] ਪ੍ਰੀਤਮ ਕਰਹੁ ਬੀਚਾਰ।
ਘਟ ਮਹਿ ਖੇਲੈ ਅਘਟ ਅਪਾਰ।
ਕਾਲ ਕਲਪਨਾ ਕਦੇ ਨ ਖਾਇ।
ਆਦਿ ਪੁਰਖ ਮਹਿ ਰਹੈ ਸਮਾਇ।੨।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਤੀਆ[4] ਦੂਹਾ ਕਰਿ ਜਾਨੈ ਅਗ ।
ਮਾਇਆ ਬ੍ਰਹਮ ਰਮੈ ਸਭ ਸੰਗ ।
ਨਾ ਉਹ ਬਢੈ ਨ ਘਟਤਾ ਜਾਇ ।
ਅਕੁਲ ਨਿਰੰਜਨ ਏਕੈ ਭਾਇਆ ।੩।
ਤ੍ਰਿਤੀਆ[5] ਤੀਨੇ ਸਮ[6] ਕਰਿ ਲਿਆਵੈ ।
ਆਨਦ ਮੂਲ ਪਰਪ ਪਦੁ ਪਾਵੈ ।
ਸਾਧ ਸੰਗਤਿ ਉਪਜੈ ਬਿਸਾਸੁ ।
ਬਾਹਰਿ ਭੀਤਰਿ ਸਦਾ ਪ੍ਰਗਾਸ ।੪।
ਚਉਥਹਿ[7] ਚੰਚਲ ਮਨ ਕਉ ਗਹਹੁ[8] ।
ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ।
ਜਲ ਥਲ ਮਾਹੇ ਆਪਹਿ ਆਪ ।
ਆਪੈ ਜਪਹੁ ਆਪਨਾ ਜਾਪੁ ।੫।
ਪਾਚੈ[9] ਪੰਚ ਤਤ ਬਿਸਥਾਰ ।
ਕਨਿਕ ਕਾਮਿਨੀ ਜੁਗ ਬਿਉਹਾਰ ।
ਪ੍ਰੇਮ ਸੁਧਾ ਰਸੁ ਪੀਵੈ ਕੋਇ ।
ਜਰਾ ਮਰਣ ਦੁਖੁ ਫੇਰਿ ਨ ਹੋਇ ।੬।
ਛਠਿ[10] ਖਟੁ[11] ਚਕ੍ਰ ਛਹੂੰ[12] ਦਿਸ ਧਾਇ ।
ਬਿਨੁ ਪਰਚੈ[13] ਨਹੀ ਥਿਰਾ[14] ਰਹਾਇ ।
ਦੁਬਿਧਾ ਮੇਟਿ ਖਿਮਾ ਗਹਿ ਰਹਹੁ ।
ਕਰਮ ਧਰਮ ਕੀ ਸੂਲ ਨ ਸਹਹੁ ।੭।
ਸਾਤੈਂ ਸਬਿ ਕਰਿ ਬਾਚਾ[15] ਜਾਣਿ ।
ਆਤਮ ਰਾਮੁ ਲੇਹੁ ਪਰਵਾਣਿ ।
ਛੂਟੈ ਸੰਸਾ ਮਿਟਿ ਜਾਹਿ ਦੁਖ ।
ਸੁੰਨ ਸਰੋਵਰਿ ਪਾਵਹੁ ਸੁਖ ।੮।
ਅਸਟਮੀ[16] ਅਧਟਧਾਤੁ ਕੀ ਕਾਇਆ ।
ਤਾ ਮਹਿ ਅਕੁਲ[17] ਮਹਾਨਿਧਿ ਰਾਇਆ ।
ਗੁਰਗਮ ਗਿਆਨ ਬਤਾਵੈ ਭੇਦ ।
ਉਲਟਾ ਰਹੈ ਅਭੰਗ[18] ਅਛੇਦ ।।੯।।
ਨਉਮੀ[19] ਨਵੈ ਦੁਆਰ ਕਉ ਸਾਧਿ ।
ਬਹਤੀ ਮਨਸਾ ਰਾਖਹੁ ਬਾਂਧਿ ।
ਲੋਭ ਮੋਹ ਸਭ ਬੀਸਰਿ ਜਾਹੁ ।
ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ।।੧੦।।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਸਮੀ[20] ਦੇਹਿ ਦਸ ਹੋਇ ਅਨੰਦ ।
ਛੁਟੈ ਭਰਮੁ ਮਿਲੈ ਗੋਬਿੰਦ ।
ਜੋਤਿ ਸਰੂਪੀ ਤਤ ਅਨੂਪ ।
ਅਮਲ[21] ਨ ਮਲਨ ਛਾਹ ਨਹੀ ਧੂਪ ॥੧੧॥
ਏਕਾਦਸੀ ਏਕ ਦਿਸ ਧਾਵੈ ।
ਤਉ ਜੋਨੀ ਸੰਕਟ ਬਹੁਰਿ ਨ ਆਵੈ ।
ਸੀਤਲ ਨਿਰਮਲ ਭਇਆ ਸਰੀਰਾ ।
ਦੂਰਿ ਬਤਾਵਤ ਪਾਇਆ ਨੀਰਾ[22] ॥੧੨॥
ਬਾਰਸਿ[23] ਬਾਰਹ ਉਗਵੈ[2] ਸੂਰ[24] ।
ਅਹਿਨਿਸਿ ਬਾਜੇ ਅਨਹਦ ਤੂਰ ।
ਦੇਖਿਆ ਤਿਹੂੰ ਲੋਕ ਕਾ ਪੀਉ ।
ਅਚਰਜੁ ਭਇਆ ਜੀਵਤੇ ਸੀਉ ॥੧੩॥
ਤੈਰਸਿ[25] ਤੇਰਹ ਅਗਮ ਬਖਾਣਿ ।
ਅਰਧ ਉਰਧ ਬਿਚਿ ਸਮ ਪਹਿਚਾਣਿ ।
ਨੀਚ ਊਚ ਨਹੀਂ ਮਾਨ ਅਮਾਨ ।
ਬਿਆਪਿਕ ਰਾਮ ਸਗਲ ਸਾਮਾਨ ॥੧੪॥
ਚਉਦਸਿ[28] ਚਉਦਹ ਲੋਕ ਮਝਾਰਿ[29] ।
ਰੋਮ ਰੋਮ ਮਹਿ ਬਸਹਿ ਮੁਰਾਰਿ ।
ਸਤ ਸੰਤੋਖ ਕਾ ਧਰਹੁ ਧਿਆਨ ।
ਕਥਨੀ ਕਥੀਐ ਬ੍ਰਹਮ ਗਿਆਨ ॥੧੫॥
ਪੂਨਿਉ[30] ਪੂਰਾ ਚੰਦ ਅਕਾਸ ।
ਪਸਰਹਿ ਕਲਾ ਸਹਜ ਪਰਗਾਸ ।
ਆਦਿ ਅੰਤਿ ਮਧਿ ਹੋਇ ਰਹਿਆ ਥੀਰ[31] ।
ਸੁਖ ਸਾਗਰ ਮਹਿ ਰਮਹਿ[32] ਕਬੀਰ ॥੧੬॥

ਰੂਪਾਕਾਰ ਦੀ ਦ੍ਰਿਸ਼ਟੀ ਤੋਂ ਥਿਤੀ-ਰੂਪ ਦੀ ਰਚਨਾ ਲਈ ਕਿਸੇ ਵਿਸ਼ੇਸ਼ ਕਾਵਿ-ਰੂਪ ਨੂੰ ਅੰਗ ਵਿਧਾਨ ਨਹੀਂ ਕੀਤਾ ਗਿਆ । ਮਹਲਾ ੧ ਨੇ ਥਿਤੀ ਰਚਨਾ ਨੂੰ ਕੁਲ ਵੀਹ ਬੰਦਾਂ ਵਿਚ ਸਿਰਜਿਆ ਹੈ । ਇਕ ਪਾਸੇ, ਲੋਕ ਵਿਸ਼ਵਾਸ ਹਨ । ਦੂਜੇ ਪਾਸੇ ਅਧਿਆਤਮ ਗਿਆਨ । ਖੰਡਨ-ਮੰਡਨ ਸ਼ੈਲੀ ਰਾਹੀਂ ਲੋਕ-ਵਹਿਮਾਂ ਭਰਮਾਂ ਦਾ ਖੰਡਨ ਕੀਤਾ ਗਿਆ ਹੈ ਤੇ ਅਧਿਆਤਮ ਗਿਆਨ ਦਾ ਮੰਡਨ । ਥੀਮ ਦੇ ਪਖੋਂ ਮਹਲਾ ੧ ਤੇ ਮਹਲਾ ੫ ਦੀ ਥਿਤੀ ਵਿਚ ਵਿਸ਼ੇਸ਼ ਅੰਤਰ ਨਹੀਂ ।

ਥਿਤੀ ਗਉੜੀ ਮਹਲਾ ੫ ਵਿਚ 17 ਸਲੋਕ ਅਤੇ 17 ਪਉੜੀਆਂ ਦਰਜ ਹਨ । ਪਹਿਲੇ ਸਲੋਕ ਫਿਰ ਪਉੜੀ । ਸਲੋਕ ਅਤੇ ਪਉੜੀ ਥੀਮ ਦੇ ਪੱਖੋਂ ਸਮਾਨਾਰਥੀ ਹਨ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਤੀ ਪਰੰਪਰਾ ਅਨੁਸਾਰ ਲੋਕ ਥਿਤਾਂ ਨੂੰ ਮਾਨਤਾ ਵੀ ਦੇਂਦੇ ਹਨ ਤੇ ਉਨ੍ਹਾਂ ਨਾਲ ਵਿਸ਼ੇਸ਼ ਕਿੰਤੂ ਜੋੜ ਕੇ ਦੁਖੀ ਵੀ ਹੁੰਦੇ ਹਨ। ਇਸ ਰਚਨਾ ਰਾਹੀਂ ਇਨ੍ਹਾਂ ਥਿਤਾਂ ਨਾਲ ਜੁੜੇ ਭਰਮਾਂ ਦਾ ਨਿਸ਼ੇਧ ਕਰਕੇ ਮਨੁੱਖ ਨੂੰ ਕਿਸ ਤਰ੍ਹਾਂ ਹਰ ਥਿਤ ਬਾਰੇ ਸੋਚਣਾ ਚਾਹੀਦਾ ਹੈ, ਦਾ ਉਪਦੇਸ਼ ਕੀਤਾ ਗਿਆ ਹੈ। ਇਥੇ ਥਿਤ ਵਿਸ਼ੇਸ਼ ਨਾਲ ਜੋੜੇ ਗਏ ਸੰਕਲਪ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ।

ਏਕਮ ਨੂੰ ਅਕਾਲ ਪੁਰਖ ਦੀ ਉਪਾਸਨਾ ਕਰੋ। ਦੂਜ ਨੂੰ ਦਵੈਤ ਮਾਰ ਕੇ ਸਾਧ ਸੰਗਤ ਵਿਚ ਜਾਉਗੇ। ਤੀਜ ਮਾਇਆ ਦੇ ਤਿੰਨ ਗੁਣੀ ਪ੍ਰਭਾਵ ਤੋਂ ਬਚ ਕੇ ਹਰੀ ਰਚਨਾ ਵਿਚ ਲਗੋ। ਚੌਥ ਨੂੰ ਹਉਮੈਂ ਛੱਡ ਕੇ ਨਾਮ ਜਪੋ। ਪੰਚਮੀ ਨੂੰ ਪੰਜ ਵਿਕਾਰਾਂ ਤੋਂ ਮੁਕਤ ਹੋਵੋ। ਛਟੀ-ਛੇ ਸ਼ਾਸਤਰ ਤੇ ਸਤਾਈ ਸਿੰਮ੍ਰਤੀਆਂ ਵੀ ਪਰਮਾਤਮਾ ਦੀ ਬੇਅੰਤਤਾ ਨੂੰ ਦ੍ਰਿੜ ਕਰਾਉਂਦੀਆਂ ਹਨ। ਸਪਤਮੀ ਨੂੰ ਨਾਮ ਧਨ ਇਕੱਠਾ ਕਰੋ। ਅਸ਼ਟਮੀ ਅਠੇ ਪਹਿਰ ਪ੍ਰਭੂ ਦਾ ਗੁਣਾਨੁਵਾਦ ਕਰੋ। ਨੌਮੀ ਨੌ ਮੋਰੀਆਂ ਵਾਲੇ ਸਰੀਰ ਦਾ ਮਾਣ ਨਾ ਕਰੋ। ਦਸਮੀ ਦਸੋਦਿਸ਼ਾ ਦੀ ਖੋਜ ਤੋਂ ਇਹ ਪਤਾ ਲਗਦਾ ਹੈ, ਪ੍ਰਭੂ ਕਿਰਪਾ ਨਾਲ ਮਨ ਵਸ ਆਉਂਦਾ ਹੈ। ਏਕਾਦਸੀ—ਇਕ ਪਰਮੇਸਰ ਕਰਕੇ ਹੀ ਮਨੁੱਖ ਸ਼ੁਭ ਗੁਣਾਂ ਵਿਚ ਪਰਵਿਰਤ ਹੁੰਦਾ ਹੈ। ਦੁਆਦਸ਼ੀ ਵਾਲੇ ਦਿਨ ਦਾ ਇਸ਼ਨਾਨ ਕਰੋ। ਤਰੋਦਸੀ ਮਾਇਆ ਦੇ ਤਿੰਨ ਗੁਣਾਂ ਤੋਂ ਬਚੋ ਤੇ ਨਾਲ ਹੀ ਆਧਿ ਬਿਆਧਿ ਤੇ ਉਪਾਧੀ ਦੇ ਸਾਰੇ ਇਲਾਜ ਬ੍ਰਹਮ ਦਾ ਨਾਮ ਹੀ ਹੈ। ਚਉਦਸ ਬ੍ਰਹਮ ਚੌਦਾਂ ਭਵਨਾਂ ਤੇ ਚਾਰ ਕੁੰਟਾਂ ਵਿਚ ਰਮਿਆ ਮਹਿਸੂਸ ਕਰੋ। ਅਮਾਵਸ ਆਤਮ ਗੁਣਾਂ ਨਾਲ ਹੀ ਦੁਰਮਤ ਤੋਂ ਬਚਿਆ ਜਾ ਸਕਦਾ ਹੈ। ਪੁੰਨਿਆ-ਪੂਰਣ ਪ੍ਰਭੂ ਆਪ ਹੀ ਹਰ ਥਾਂ ਸਮਰੱਥ ਹੈ। ਸਤਾਰਵੇਂ ਸਲੋਕ ਵਿਚ ਇਸ ਸਾਰੀ ਰਚਨਾ ਦਾ ਸਿਧਾਂਤ ਵਰਣਨ ਹੈ। ਹਰ ਮਹਜ਼ਬ ਦਾ ਮੰਨਣਹਾਰ ਨਾਮ ਜਪ ਕੇ ਹੀ ਉਤਮ ਗਤੀ ਨੂੰ ਪ੍ਰਾਪਤ ਹੋ ਸਕਦਾ ਹੈ। ਧਨਵਾਨ, ਗਿਆਨਵਾਨ ਤੇ ਕੁਲਵਾਨ ਉਹੀ ਹੈ ਜੋ ਹਰੀ ਦਾ ਨਾਮ ਜਪਦਾ ਹੈ। ਨਾਮ ਸਿਮਰਨ ਨਾਲ ਖੱਤਰੀ, ਬ੍ਰਾਹਮਣ,ਸੂਦ, ਵੈਸ਼ ਸਭ ਦੀ ਕਲਿਆਨ ਹੁੰਦੀ ਹੈ।

ਗਉੜੀ ਥਿਤੀ ਕਬੀਰ ਜੀ ਕੀ ਦੇ ਕੁਲ ਬੰਦ 16 ਹਨ। ਹਰ ਬੰਦ ਚਉਤੁਕਾ ਹੈ। ਕਬੀਰ ਜੀ ਨੇ ਥਿਤੀ ਦਾ ਕ੍ਰਮ ਅਮਾਵਸ ਤੋਂ ਆਰੰਭ ਕਰਕੇ ਪੂਰਣਮਾਸ਼ੀ ਉਪਰ ਸਮਾਪਤ ਕੀਤਾ ਹੈ। ਸੋਲਾਂ ਥਿਤਾਂ ਦੇ ਸੰਕਲਪ ਦੀ ਪੇਸ਼ਕਾਰੀ ਸੋਲਾਂ ਬੰਦਾਂ ਰਾਹੀਂ ਹੋਈ ਹੈ। ਥੀਮ ਦੇ ਪਖੋਂ ਗਉੜੀ ਥਿਤੀ ਕਬੀਰ ਜੀ ਕੀ ਤੇ ਥਿਤੀ ਗਉੜੀ ਮਹਲਾ ੫ ਵਿਚ ਅੰਤਰ ਨਹੀਂ। ਦੋਹਾਂ ਬਾਣੀਕਾਰਾਂ ਨੇ ਲੌਕਿਕ ਦਿਨ ਦਿਹਾਰਾਂ ਦਾ ਸੰਬੰਧ ਅਧਿਆਤਮਿਕਤਾ ਨਾਲ ਜੋੜਿਆ ਹੈ।

ਇੰਝ ਮਾਲੂਮ ਹੁੰਦਾ ਹੈ ਲੋਕ ਧਰਮ ਦੇ ਅੰਤ੍ਰੀਵ ਮੁੱਲਾਂ (value) ਨੂੰ ਭੁੱਲ ਕੇ ਬਾਹਰੀ ਪੱਖ ਉਪਰ ਵਧੇਰੇ ਜ਼ੋਰ ਦੇਣ ਲਗ ਪਏ ਹਨ ਤੇ ਕਈ ਤਾਂ ਦਿਨ-ਦਿਹਾੜਾਂ ਨੂੰ ਹੀ ਸਭ ਕੁਝ ਮੰਨੀ ਬੈਠੇ ਸਨ। ਆਦਿ ਗ੍ਰੰਥ ਵਿਚ ਗੁਰੂ ਸਾਹਿਬਾਨ ਨੇ ਲੌਕਿਕ ਰੀਤਾ ਰਸਮਾ ਜਿਹਾ ਕਿ 'ਘੋੜੀਆਂ' ਆਦਿ ਦੀ ਰਚਨਾ ਕੀਤੀ ਹੈ। ਇਸੇ ਤਰ੍ਹਾਂ ਪੂਜਾ ਵਿਸ਼ੇਸ਼



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਵਿਧੀ ਨੂੰ ਆਰਤੀ ਰਾਹੀਂ ਪੇਸ਼ ਕੀਤਾ ਹੈ। ਪਰ ਕਬੀਰ ਜੀ ਇਨ੍ਹਾਂ ਕਾਵਿ-ਰੂਪਾਂ ਵਲ ਰੁਚਿਤ ਨਹੀਂ ਹੋਏ। ਕਾਲ ਬੋਧਕ ਕਾਵਿ ਰੂਪਾਂ ਵਿਚੋਂ ਵੀ ਕਬੀਰ ਜੀ ਨੇ ਪਹਰੇ, ਦਿਨਰੈਣਿ, ਰੁਤੀ ਬਾਰਾਂਮਾਹ ਵਿਚ ਦਿਲਚਸਪੀ ਨਹੀਂ ਵਿਖਾਈ ਪਰ ਵਾਰ ਸਤ ਤੇ ਥਿਤੀ ਨੇ ਕਬੀਰ ਜੀ ਦਾ ਧਿਆਨ ਆਕਰਸ਼ਿਤ ਕੀਤਾ ਹੈ। ਇਸ ਦਾ ਇਕੋ ਇਕ ਕਾਰਣ, ਬ੍ਰਾਹਮਣ ਸ੍ਰੇਣੀ ਆਮ ਜਨਤਾ ਨੂੰ ਭਰਮ ਭੁਲੇਖਿਆਂ ਵਿਚ ਪਾ ਕੇ ਗੁੰਮਰਾਹ ਕਰ ਰਹੀ ਸੀ, ਤੋਂ ਮੁਕਤ ਕਰਨਾ ਹੀ ਜਾਪਦਾ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਬ੍ਰਾਹਮਣਾਂ ਦੁਆਰਾ ਬਾਹਰੀ ਫੋਕਟ ਕਰਮਾਂ ਉਤੇ ਦਿਤੇ ਗਏ ਬਲ ਦਾ ਨਿਸ਼ੇਧ ਅਨੇਕ ਵਾਰ ਕੀਤਾ ਹੈ। ਸ਼ਾਇਦ ਇਹੀ ਕਾਰਣ ਹੈ, ਆਮ ਲੋਕ ਨਿੱਤ ਵਰਤਾਰੇ ਵਿਚ ਭਰਮੀ ਬਣ ਗਏ ਸਨ। ਉਨ੍ਹਾਂ ਦੀ ਭਰਮ ਨਿਵਰਤੀ ਲਈ ਹੀ ਇਨ੍ਹਾਂ ਦੋਹਾਂ ਰੂਪਾਂ ਨੂੰ ਬਾਣੀ ਸਿਰਜਣ ਦਾ ਮਾਧਿਅਮ ਬਣਾਇਆ ਗਿਆ ਹੈ।

ਇਥੇ ਇਹ ਧਿਆਨ ਰਹੇ ਥਿਤੀ ਰਚਨਾ-ਰੂਪ ਦੇ ਬਾਰੰਬਾਰ ਪ੍ਰਯੋਗ ਨੇ ਇਸ ਨੂੰ ਰੂਪਾਕਾਰ ਬਣਨ ਦੇ ਸਮਰੱਥ ਬਣਾ ਦਿਤਾ ਹੈ। ਥਿਤ ਵਿਸ਼ੇਸ਼ ਨਾਲ ਜੁੜੇ ਲੋਕ-ਭਰਮਾਂ ਦਾ ਰੂਪਾਂਤਰਣ ਜਦੋਂ ਗੁਰਬਾਣੀ ਸਾਹਿਤ ਵਿਚ ਹੋਇਆ ਤਾਂ ਇਕ ਪਾਸੇ, ਥਿਤ ਵਿਸ਼ੇਸ਼ ਨਾਲ ਜੁੜੇ ਵਹਿਮ ਭਰਮ ਟੁੱਟਦੇ ਗਏ। ਦੂਜੇ ਪਾਸੇ, ਥਿਤ ਵਿਸ਼ੇਸ਼ ਨਾਲ ਦਾਰਸ਼ਨਿਕ ਸੰਕਲਪ ਜੁੜਦੇ ਗਏ। ਫਲ ਸਰੂਪ, ਇਹ ਰੂਪਾਕਾਰ ਗੁਰਮਤਿ ਸਾਹਿਤ ਵਿਚ ਹੀ ਨਿਸ਼ਚਿਤ ਰੂਪ ਨੂੰ ਪ੍ਰਾਪਤ ਵੀ ਹੋਇਆ ਤੇ ਸਮਾਪਤ ਵੀ। ਪੰਜਾਬੀ ਸਾਹਿਤ ਵਿਚ ਗੁਰਮਤਿ ਸਾਹਿਤ ਤੋਂ ਬਿਨਾਂ ਥਿਤੀ-ਰੂਪ ਦੀ ਵਰਤੋਂ ਸ਼ਾਇਦ ਹੀ ਕਿਸੇ ਹੋਰ ਸਾਹਿਤ-ਕਾਰ ਨੇ ਕੀਤੀ ਹੋਵੇ।

## ਫੁਟ ਨੋਟ

1. ਭੇਦ, 2. ਏਕਮ ਥਿਤ, 3. ਦੂਜੀ ਥਿਤ, 4. ਸੰਸਾਰ ਦੇ ਦੋ ਅੰਗ : ਪਹਿਲਾ ਬ੍ਰਹਮ, ਦੂਜਾ ਮਾਇਆ, 5. ਤੀਸਰੀ ਥਿਤ, 6. ਇਕੋ ਜਿਹੇ, 7. ਚਉਥੀ ਥਿਤ, 8. ਪਕੜੋ, 9. ਪੰਜਵੀਂ ਥਿਤ, 10. ਛੇਵੀਂ ਥਿਤ, 11. ਛੇ, 12. ਛੇ, 13. ਗਿਆਨ, 14. ਟਿਕਦਾ, 15. ਬਚਨ, 16. ਅਠਵੀਂ ਥਿਤ, 17. ਕੁਲ ਰਹਤ, 18. ਜਿਸ ਨੂੰ ਭੰਗ ਨਾ ਕੀਤਾ ਜਾ ਸਕੇ, 19. ਨੌਵੀਂ ਥਿਤ, 20. ਦਸਵੀਂ ਥਿਤ, 21. ਮਲ ਤੋਂ ਰਹਤ, 22. ਨੇੜੇ, 23. ਬਾਹਰੀਂ ਥਿਤ, 23. ਚੜ੍ਹਦਾ, 24. ਸੂਰਜ, 25. ਤੇਰਵੀਂ ਥਿਤ, 26. ਚੌਦਵੀਂ ਥਿਤ, 27. ਵਿਚ, 28. ਪੂਰਨਮਾਸ਼ੀ ਦੀ ਥਿਤ, 29. ਥਿਰ, 30. ਵਿਚਰਦਾ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਾਮਕਲੀ ਮਹਲਾ ੫ ਰੁਤੀ ਸਲੋਕ

ਰੁਤੀ ਰਚਨਾ ਨੂੰ ਵਾਚਣ ਤੋਂ ਪਹਿਲਾਂ ਰੁਤੀ ਕਾਵਿ-ਰੂਪ ਉਪਰ ਸੰਖੇਪ ਵਿਚਾਰ ਕਰਨੀ ਸੰਗਤ ਹੈ। ਭਾਰਤੀ ਕਾਵਿ ਸਾਹਿਤ ਵਿਚ 'ਖਟ ਰਿਤੂ ਵਰਣਨ' ਇਕ ਸੁਤੰਤਰ ਕਾਵਿ-ਰੂਪ ਹੈ। ਕਾਲੀ ਦਾਸ ਨੇ ਹੀ ਇਸ ਰੂਪ ਦਾ ਆਰੰਭ ਕੀਤਾ ਹੋਵੇ, ਸੰਦੇਹ ਯੁਕਤ ਹੈ। ਪਰ ਇਤਨਾ ਤਾਂ ਨਿਸ਼ਚਿਤ ਹੀ ਹੈ ਕਿ ਕਾਲੀਦਾਸ ਨੇ ਆਪਣੀਆਂ ਰਚਨਾਵਾਂ ਵਿਚ ਖ਼ਾਸ ਖ਼ਾਸ ਰੁੱਤਾਂ ਦਾ ਵਰਣਨ ਸੁੰਦਰ ਢੰਗ ਨਾਲ ਕੀਤਾ ਹੈ ਜਿਹਾ ਕਿ ਮੇਘਦੂਤ ਵਿਚ ਬਰਖਾ ਰੁੱਤ ਦਾ ਵਰਣਨ। ਇਸ ਤੋਂ ਛੁੱਟ ਕਾਲੀਦਾਸ ਨੇ ਰਿਤੂ ਸੰਹਾਰ ਵਿਚ ਸ਼ਡ ਰਿਤੂ ਵਰਣਨ ਕਰਕੇ ਇਸ ਕਾਵਿ ਰੂਪ ਦੀ ਸੁਤੰਤਰ ਹੋਂਦ ਨੂੰ ਸੁਰਜੀਤ ਰੱਖਿਆ ਹੈ। ਸੰਸਕ੍ਰਿਤ ਸਾਹਿਤ ਵਿਚ ਖਟ ਰਿਤੂ ਵਰਣਨ ਦੀ ਪਰੰਪਰਾ ਦੇਰ ਤਕ ਚਲਦੀ ਰਹੀ ਜਿਹਾ ਕਿ ਅਠਵੀਂ ਸਦੀ ਦੀ ਰਚਨਾ ਅਮਰ ਸ਼ਤਕ।

ਅਨੁਮਾਨ ਹੈ ਗੁਰੂ ਕਾਲ ਤਕ ਖਟ ਰਿਤੂ ਵਰਣਨ ਦੇ ਨਾਲ ਨਾਲ ਬਾਰਾਂਮਾਹ ਰੂਪ ਵੀ ਸੁਤੰਤਰ ਰੂਪ ਗ੍ਰਹਿਣ ਕਰ ਚੁੱਕਾ ਹੋਵੇਗਾ। ਬਾਰਾਂਮਾਹ ਅਸਲ ਵਿਚ 'ਖਟ ਰਿਤੂ' ਵਰਣਨ ਦਾ ਹੀ ਖੁਲਾਸਾ ਰੂਪ ਹੈ। ਗੁਰੂ ਅਰਜਨ ਦੇਵ ਨੇ 'ਖਟ ਰਿਤੂ' ਵਰਣਨ ਦਾ ਦੂਸਰਾ ਨਾਮ ਰੁਤੀ ਰੱਖ ਕੇ ਪੇਸ਼ ਕੀਤਾ ਹੈ।

'ਰੁਤੀ ਰੁੱਤ ਦਾ ਬਹੁਵਚਨ ਹੈ। ਇਸ ਵਿਚ ਭਾਰਤੀ ਕੈਲੰਡਰ ਦੇ ਅਨੁਸਾਰ ਛੇ ਰੁੱਤਾਂ ਦਾ ਵਰਣਨ ਕੀਤਾ ਗਿਆ ਹੈ। ਇੰਝ ਲਗਦਾ ਹੈ, ਗਿਆਨ ਵਿਹੂਣੇ ਲੋਕ ਪ੍ਰਭੂ-ਸਿਮਰਨ ਕਰਨ ਲਈ ਵੀ ਪਹਰ ਦਿਨ, ਥਿਤ ਆਦਿ ਦੇ ਨਾਲ ਨਾਲ ਰੁੱਤ ਦਾ ਵਿਚਾਰ ਕਰਨ ਲਗ ਪਏ ਸਨ! ਇੰਝ ਜਿਵੇਂ ਫਲਾਣੀ ਰੁੱਤ ਆਏਗੀ ਤਾਂ ਨਾਮ ਜਪਾਂਗੇ ਜਾਂ ਸ਼ੁਭ ਕਰਮ ਕਰਾਂਗੇ। ਰੁੱਤ ਨਾਲ ਜੁੜੇ ਇਸ ਲੋਕ ਵਿਸ਼ਵਾਸ ਦੀ ਸੇਧ ਸੁਧਾਈ ਕਰਨੀ ਜਾਂ ਰੁੱਤ ਵਿਸ਼ੇਸ਼ ਨਾਲ ਸਾਂਝ ਪੁਆਉਣੀ ਹੀ 'ਰੁਤੀ-ਸਿਰਜਨ' ਦਾ ਮੰਤਵ ਹੋ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ ॥

**ਰਾਮਕਲੀ ਮਹਲਾ ੫ ਰੁਤੀ** (ਆਦਿ ਗ੍ਰੰਥ-921)

ਸਲੋਕੁ—ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ[1] ਸਾਧਹ ਧੂਰਿ।
ਆਪੁ ਨਿਵਾਰਿ[2] ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ।
ਕਿਲਵਿਖ[3] ਕਾਟਣ ਭੈਹਰਣ[4] ਸੁਖ ਸਾਗਰ ਹਰਿ ਰਾਇ।
ਦੀਨ ਦਇਆਲ ਦੁਖ ਭੰਜਨੋ[5] ਨਾਨਕ ਨੀਤ[6] ਧਿਆਇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਤੁ—ਜਸੁ ਗਾਵਹੁ ਵਡਭਾਗੀ ਹੋ ਕਰਿ ਕਿਰਪਾ ਭਗਵੰਤ ਜੀਉ ।
ਰੁਤੀ[7] ਮਾਹ[8] ਮੂਰਤ[9] ਘੜੀ[10] ਗੁਣ ਉਚਰਤ ਸੋਭਾਵੰਤ ਜੀਉ ।
ਗੁਣ[11] ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ ।
ਸਫਲ ਜਨਮੁ ਭਇਆ ਤਿਨ ਕਾ ਜਿਨੀ ਸੋ ਪ੍ਰਭੁ ਪਾਇਆ ।
ਪੁੰਨਦਾਨ ਨਾ ਤੁਲਿ[12] ਕਿਰਿਆ ਹਰਿ ਸਰਬ ਪਾਪਾ ਹੰਤ[13] ਜੀਉ ।
ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ ਰਹੰਤ[14] ਜੀਉ ।੧।

ਸਲੋਕ—ਉਦਮੁ ਅਗਮੁ ਅਗੋਚਰੋ ਚਰਨ ਕਮਲ ਨਮਸਕਾਰ ।
ਕਥਨੀ ਸਾ ਤੁਧੁ ਭਾਵਸੀ ਨਾਨਕ ਨਾਮ ਆਧਾਰ ।
ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ ।
ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ ।

ਛੰਤੁ—ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ[15] ਜੀਉ ।
ਹਰਿ ਜੀਉ ਨਾਹੁ[16] ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ।
ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ[17] ।
ਸੁੰਦਰੁ ਸੁਘਰੁ ਸੁਜਾਣੁ ਬੇਤਾ[18] ਗੁਣ ਗੋਵਿੰਦ ਅਮੁਲਿਆ ।
ਵਡਭਾਗਿ ਪਾਇਆ ਦੂਖੁ ਗਵਾਇਆ ਭਈ ਪੂਰਨ ਆਸ ਜੀਉ ।
ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ[19] ਜੀਉ ।੨।

ਸਲੋਕੁ—ਸਾਧ ਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ।
ਕੋਮਲ[20] ਬੰਧਨ ਬਾਧੀਆ[21] ਨਾਨਕ ਕਰਮਹਿ[22] ਲੇਖ ।
ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ ।
ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ।

ਛੰਤੁ—ਗ੍ਰੀਖਮ[23] ਰੁਤਿ ਅਤਿ ਗਾਖੜੀ[24] ਜੇਠ ਅਖਾੜੈ ਘਾਮ[25] ਜੀਉ ।
ਪ੍ਰੇਮ ਵਿਛੋਹੁ[26] ਦੁਹਾਗਣੀ[27] ਦ੍ਰਿਸ਼ਟਿ ਨ ਕਰੀ ਰਾਮ ਜੀਉ ।
ਨਹ ਦ੍ਰਿਸ਼ਟਿ ਆਵੈ ਮਰਤ ਹਾਵੈ ਮਹਾ ਗਾਰਬਿ[29] ਮੁਠੀਆ[30] ।
ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ ।
ਕਰਿ ਪਾਪ ਜੋਨੀ ਭੈ ਭੀਤ ਹੋਈ ਦਇ[31] ਸਾਸਨ ਜਾਮ ਜੀਉ ।
ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਤਨ ਕਾਮ ਜੀਉ ।੩।

ਸਲੋਕ—ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣ ਨ ਜਾਇ ।
ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ ।
ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ।
ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ।

ਛੰਤੁ—ਰੁਤਿ ਬਰਸੁ ਸਹੇਲੀਆ ਸਾਵਣ ਭਾਦਵੇ ਆਨੰਦ ਜੀਉ ।
ਘਣ[32] ਉਨਵਿ[33] ਉਠੇ ਜਲ ਥਲ ਪੂਰਿਆ ਮਕਰੰਦ[34] ਜੀਉ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭੁ ਪੂਰਿ ਰਹਿਆ ਸਰਬ ਨਾਈ[35] ਹਰਿ ਨਾਮ ਨਵਨਿਧਿ ਗ੍ਰਿਹ ਭਰੇ ।
ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ।
ਪ੍ਰਿਅ ਰੰਗਿ ਜਾਗੇ ਨਹ ਛਿਦ੍ਰ[36] ਲਾਗੇ ਕ੍ਰਿਪਾਲੁ ਸਦ ਬਖਸਿੰਦ ਜੀਉ ।
ਬਿਨਵੰਤਿ ਨਾਨਕ ਹਰਿ ਕੰਤੁ ਪਾਇਆ ਸਦਾ ਮਨਿ ਭਾਵੰਦੁ[37] ਜੀਉ ।

ਸਲੋਕੁ—ਆਸ ਪਿਆਸੀ ਮੈਂ ਫਿਰਉ ਕਬ ਪੇਖਉ ਗੋਪਾਲ ।
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ ।
ਬਿਨੁ ਮਿਲਬੇ[38] ਸਾਂਤ ਨ ਉਪਜੈ ਤਿਲੁ[39] ਪਲੁ ਰਹਿਣੁ ਨ ਜਾਇ ।
ਹਰਿ ਸਾਧਹ[40] ਸਰਣਾਗਤੀ ਨਾਨਕ ਆਸ[41] ਪੁਜਾਇ[42] ।

ਛੰਤੁ—ਰੁਤਿ ਸਰਦ ਅਡੰਬਰੋ[43] ਅਸੂ ਕਤਕੇ ਹਰਿ ਪਿਆਸ ਜੀਉ ।
ਖੋਜੰਤੀ ਦਰਸਨ ਫਿਰਤ ਕਬ ਮਿਲੀਐ ਗੁਣਤਾਸ[44] ਜੀਉ ।
ਬਿਨੁ ਕੰਤ ਪਿਆਰੇ ਨਹ ਸੂਖ ਸਾਰੇ[45] ਹਾਰ ਕੰਙਣ ਧ੍ਰਿਗੁ ਬਨਾ[46] ।
ਸੁੰਦਰਿ ਸੁਜਾਣਿ ਚਤੁਰਿ ਬੇਤੀ[47] ਸਾਸ ਬਿਨੁ ਜੈਸੇ ਤਨਾ ।
ਈਤ ਊਤੇ[48] ਦਹਦਿਸ ਅਲੋਕਨ[49] ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ।
ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ।੫।

ਸਲੋਕੁ—ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ।
ਨਾਨਕ ਪ੍ਰਭ ਪੂਰਨ ਮਿਲੇ ਦੁਤੀਆ[50] ਬਿਨਸੀ ਭ੍ਰਾਂਤਿ[51] ।
ਸਾਧ ਪਠਾਏ[52] ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ।
ਨਾਨਕ ਭ੍ਰਮ ਭੈ ਮਿਟਿ ਗਏ ਰਮਣ[53] ਰਾਮ ਭਰਪੂਰਿ ।

ਛੰਤੁ—ਰੁਤਿ ਸਿਸੀਅਰ[55] ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ।
ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ[56] ਜੀਉ ।
ਸਭਿ ਕਾਮ ਪੂਰੇ ਮਿਲਿ ਹਜੂਰੇ ਹਰਿ ਚਰਣ ਸੇਵਕ ਸੇਵਿਆ ।
ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ[77] ।
ਭਾਉ ਭਗਤਿ ਗੋਬਿੰਦ ਬਾਂਛਤ[68] ਜਮੁ ਨ ਸਾਕੈ ਜੋਹਿ ਜੀਉ ।
ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ ।੬।

ਸਲੋਕ—ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ[6] ।
ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ।
ਨਾਦ[60] ਬਿਨੋਦ[61] ਅਨੰਦ ਕੋਡ[62] ਪ੍ਰਿਅ ਪ੍ਰੀਤਮ ਸੰਗਿ ਬਨੇ ।
ਮਨ ਬਾਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ।

ਛੰਤੁ—ਹਿਮ ਕਰ[63] ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ।
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ।
ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਣ[64] ਤ੍ਰਿਣ[63] ਤ੍ਰਿਭਵਣ[65] ਭਏ ਹਰਿਆ ਦੇਖਿ ਦਰਸਨ ਮੋਹੀਆ ।
ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ[66] ਜੀਉ ।
ਬਿਨਵੰਤ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ।੭।

ਸਲੋਕੁ—ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ।
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ।
ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ।
ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ[67] ।

ਛੰਤੁ—ਚਰਣ ਬਿਰਾਜਤ[68] ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ।
ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ[69] ਜੀਉ ।
ਹਰਿ ਰੰਗਿ ਰਾਤੇ ਸਹਿਜ ਮਾਤੇ ਤਿਲੁ ਨ ਮਨ ਤੇ ਬੀਸਰੈ[70] ।
ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ[71] ।
ਗੋਬਿੰਦ ਗੁਣ ਨਿਧਿ ਸ੍ਰੀ ਰੰਗ[72] ਸੁਆਮੀ ਆਦਿ[73] ਕਉ ਆਦੇਸੁ[74] ਜੀਉ ।
ਬਿਨਵੰਤਿ ਨਾਨਕ ਮਇਆ[75] ਧਾਰਹੁ ਜੁਗ ਜੁਗੋ ਇਕ ਵੇਸੁ ਜੀਉ ।੮।

ਰੁਤੀ ਇਕ ਛੰਤ ਹੈ ਜਿਸ ਦੇ ਅਠ ਬੰਦ ਹਨ । ਹਰ ਬੰਦ ਦੀਆਂ ਛੇ ਤੁਕਾਂ ਹਨ । ਹਰ ਇਕ ਬੰਦ ਦੇ ਆਰੰਭ ਵਿਚ ਦੋ ਦੋ ਸਲੋਕ ਦਰਜ ਹਨ । ਦੂਸਰੇ ਸ਼ਬਦਾਂ ਵਿਚ ਇਹ ਰਚਨਾ 8 ਛੰਤ ਤੇ 16 ਸਲੋਕਾਂ ਦੀ ਧਾਰਣੀ ਹੈ । ਸਾਰੇ ਦੇ ਸਾਰੇ ਛੰਤ ਛੇ ਤੁਕੇ ਤੇ ਸਾਰੇ ਦੇ ਸਾਰੇ ਸਲੋਕ ਦੁਤੁਕੇ ਹਨ । ਇਸ ਕਾਵਿ-ਰੂਪ ਦਾ ਪ੍ਰਯੋਗ ਕੇਵਲ ਪੰਚਮ ਗੁਰੂ ਨੇ ਹੀ ਕੀਤਾ ਹੈ ।

ਰੁਤੀ ਰਚਨਾ ਰੁੱਤਾਂ ਦੇ ਵਰਣਨ ਦੇ ਨਾਲ ਨਾਲ ਇਸ ਤੱਥ ਉਪਰ ਬਲ ਦੇਂਦੀ ਹੈ ਕਿ ਰੁੱਤਾਂ ਵਿਚ ਕੁਝ ਨਹੀਂ ਪਿਆ । ਹਰੀ ਸਿਮਰਨ ਕਿਸੇ ਵੀ ਰੁੱਤ ਵਿਚ ਕੀਤਾ ਜਾ ਸਕਦਾ ਹੈ । ਜਿਸ ਰੁੱਤ ਵਿਚ ਵੀ ਹਰੀ ਸਿਮਰਨ ਕੀਤਾ ਜਾਏ ਉਹੀ ਰੁੱਤ ਸੁਹਾਵਣੀ ਬਣ ਜਾਂਦੀ ਹੈ ।

ਰੁਤੀ ਰਚਨਾ ਵਿਚ ਛੇ ਰੁੱਤਾਂ ਦਾ ਪ੍ਰਕਿਰਤੀ ਚਿਤਰਣ ਹੈ । ਪ੍ਰਕਿਰਤੀ ਚਿੱਤਰਣ ਵਾਲੀਆਂ ਰਚਨਾਵਾਂ ਆਮ ਤੌਰ ਤੇ ਬਸੰਤ ਰੁੱਤ ਨਾਲ ਆਰੰਭ ਹੁੰਦੀਆਂ ਹਨ ਜਿਹਾ ਕਿ ਬਾਰਾਂਮਾਹ ਆਦਿ । ਇਹ ਰਚਨਾ ਵੀ ਬਸੰਤ ਰੁੱਤ ਦੇ ਵਰਣਨ ਨਾਲ ਆਰੰਭ ਹੁੰਦੀ ਹੈ । ਇਸ ਰਚਨਾ ਵਿਚਲੇ ਸਲੋਕ-ਨਿਰਵਿਸ਼ੇਸ਼ ਹਨ ਅਥਵਾ ਪ੍ਰਕਿਰਤੀ ਚਿੱਤਰਣ ਦਾ ਅੰਸ਼ ਇਨ੍ਹਾਂ ਵਿਚ ਨਹੀਂ । ਉਂਞ ਪ੍ਰਭੂ ਪਰਾਇਣ ਹੋਣ ਉਪਰ ਇਨ੍ਹਾਂ ਦਾ ਵਿਸ਼ੇਸ਼ ਬਲ ਹੈ ।

ਰੁਤੀ ਰਚਨਾ ਦਾ ਪਹਿਲਾ ਛੰਤ-ਮੰਗਲ ਰੂਪ ਹੈ ਤੇ ਅੰਤਿਮ ਛੰਤ ਨਾਮ ਜਪਣ ਵਾਲਿਆਂ ਦੀ ਬਿਰਤੀ ਦਾ ਉਲੇਖ ਕਰਦਾ ਹੈ । ਬਾਕੀ ਦੇ ਛੇ ਛੰਤਾਂ ਨੂੰ ਦੋ ਦੋ ਮਹੀਨਿਆਂ ਵਿਚ ਵੰਡਿਆ ਗਿਆ ਹੈ । ਦੂਸਰੇ ਸ਼ਬਦਾਂ ਵਿਚ ਛੇ ਛੰਤਾਂ ਵਿਚ ਛੇ ਰੁੱਤਾਂ ਦੀ ਪੇਸ਼ਕਾਰੀ ਹੋਈ ਹੈ ।

ਚੇਤਰ ਵੈਸਾਖ ਦੀ ਬਸੰਤ ਰੁੱਤ ਨੇ ਪ੍ਰਭੂ ਨੂੰ ਸਾਰੀ ਬਨਸਪਤੀ, ਸ੍ਰਿਸ਼ਟੀ ਤੇ ਆਪਣੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿਰਦੇ ਵਿਚ ਮਉਲਿਆਂ ਪ੍ਰਤੀਤ ਕੀਤਾ ਗਿਆ ਹੈ ਜਿਸ ਦੇ ਅਨੁਭਵ ਨਾਲ ਸਾਰੇ ਦੁਖਾਂ ਦਾ ਤ੍ਰਾਸ ਮਿਟ ਜਾਂਦਾ ਹੈ।

ਜੇਠ ਹਾੜ ਦੀ ਗ੍ਰੀਖਮ ਰੁੱਤ ਦੇ ਰੂਪਕ ਰਾਹੀਂ ਜਿਨ੍ਹਾਂ ਉਪਰ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਹੀਂ ਹੁੰਦੀ ਉਨ੍ਹਾਂ ਦੁਹਾਗਣੀਆਂ ਨੂੰ ਪ੍ਰਭੂ ਦਾ ਵਿਜੋਗ ਸਹਿਣਾ ਪੈਂਦਾ ਹੈ। ਇਹ ਹਉਮੈਂ ਕਰਕੇ ਲੁਟੀਆਂ ਜਾਂਦੀਆਂ ਹਨ ਤੇ ਅੰਤ ਜਮਾਂ ਦੀ ਮਾਰ ਸਹਿੰਦੀਆਂ ਹਨ।

ਸਾਵਣ ਭਾਦਰੋਂ ਦੀ ਬਰਖਾ ਰੁੱਤ ਨੂੰ ਸੁਹਾਵਣਾ ਦਸਦੇ ਹੋਏ ਨਾਮ ਜਪਣ ਵਾਲਿਆਂ ਦੀ ਆਨੰਦਾਇਕ ਅਵਸਥਾ ਦਾ ਜ਼ਿਕਰ ਕੀਤਾ ਹੈ। ਇਹ ਪ੍ਰਭੂ ਪ੍ਰੇਮ ਵਿਚ ਹਰ ਵੇਲੇ ਜਾਗਣ ਵਾਲੇ ਲੋਕ ਹਨ ਤੇ ਉਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਛਿਦ੍ਰ (ਦੋਸ਼) ਸਾਹਮਣੇ ਨਹੀਂ ਆਉਂਦਾ।

ਅਸੂ ਕਤਕ ਦੀ ਸਰਦ ਰੁੱਤ ਦਾ ਵਰਣਨ ਕਰਕੇ ਜੀਵ ਰੂਪੀ ਇਸਤ੍ਰੀ ਵਲੋਂ ਪ੍ਰਭੂ ਪਤੀ ਦੇ ਦਰਸ਼ਨਾਂ ਲਈ ਬਿਹਲਤਾ ਪ੍ਰਗਟ ਕੀਤੀ ਹੈ।

ਮਘਰ ਪੋਹ ਦੀ ਸਿਸੀਅਰ ਰੁੱਤ ਵਿਚ ਪ੍ਰਭੂ-ਪ੍ਰਾਪਤੀ ਤੋਂ ਬਾਅਦ ਮਾਇਆ ਮੋਹ ਦੀ ਜਲਨ ਬੁਝ ਜਾਂਦੀ ਹੈ।

ਮਾਘ ਫੱਗਣ ਦੀ ਹਿਮਕਰ ਰੁਤ ਵਿਚ ਪ੍ਰਭੂ ਮਿਲਾਪ ਦੀ ਖ਼ੁਸ਼ੀ ਨਾਲ ਸੁਹਾਗਣੀ ਵਲੋਂ ਸਖੀਆਂ, ਸਹੇਲੀਆਂ, ਭਗਤਾਂ ਤੇ ਗੁਰਮੁਖਾ ਦਾ ਜਸ ਗਾਉਣ ਦੀ ਪ੍ਰੇਰਣਾ।

ਅਸਲ ਵਿਚ ਰੁਤੀ ਇਕ ਰੂਪਕ ਹੈ ਜਿਸ ਰਾਹੀਂ ਪ੍ਰਭੂ-ਪ੍ਰੀਤ ਦੇ ਵਿਭਿੰਨ ਪੜਾਵਾਂ ਦਾ ਉਲੇਖ ਕੀਤਾ ਗਿਆ ਹੈ। ਪ੍ਰਭੂ-ਪ੍ਰੀਤ ਦਾ ਪਹਿਲਾ ਪੜਾਅ ਪ੍ਰੀਤ-ਅਹਿਸਾਸ ਹੈ ਤੇ ਅੰਤਿਮ ਪੜਾਅ ਪ੍ਰਭੂ-ਪ੍ਰਾਪਤੀ। ਦੋਹਾਂ ਅਵਸਥਾਵਾਂ ਵਿਚ ਸਾਧਕ ਨੂੰ ਆਨੰਦ ਦੀ ਪ੍ਰਾਪਤੀ ਤਾਂ ਹੁੰਦੀ ਹੀ ਹੈ ਪਰ ਵਿਜੋਗੀ ਘੜੀਆਂ ਦਾ ਮਾਰਮਿਕ ਨਿਰੂਪਣ ਵੀ ਇਸ ਰਚਨਾ ਦਾ ਅੰਗ ਹੈ। ਪ੍ਰਭੂ ਲੋਚਾ ਵਰਗਾ ਹੋਰ ਕੋਈ ਆਨੰਦ ਨਹੀਂ। ਅਸਲ ਵਿਚ ਇਹ ਰਚਨਾ ਪ੍ਰਕ੍ਰਿਤੀ ਚਿੱਤਰਣ ਨਾਲੋਂ ਪ੍ਰਕਿਰਤੀ ਦਾ ਜੋ ਮਨੁੱਖੀ ਮਨ ਉਪਰ ਪ੍ਰਭਾਵ ਪੈਂਦਾ ਹੈ, ਉਸ ਨੂੰ ਅਧਿਆਤਮਕ ਅਰਥਾਂ ਰਾਹੀਂ ਉਜਾਗਰ ਕਰਦੀ ਹੈ। ਪ੍ਰਕਿਰਤਕ ਪ੍ਰਭਾਵ ਦਾ ਅਧਿਆਤਮੀ ਕਰਣ ਕਰਨਾ ਹੀ ਇਸ ਰਚਨਾ ਦਾ ਮੂਲ ਹੈ।

## ਫੁਟ ਨੋਟ

1. ਮੰਗਦਾ ਹਾਂ, 2. ਆਪਾ ਭਾਵ ਦੂਰ ਕਰਕੇ, 3. ਪਾਪ, 4. ਦੂਰ ਕਰਨ ਵਾਲਾ ਭੈਅ, 5. ਦੁੱਖ ਦੂਰ ਕਰਨ ਵਾਲਾ, 6. ਹਮੇਸ਼ਾਂ, 7. ਰੁਤਾਂ, 8. ਮਹੀਨੇ, 9. ਮਹੂਰਤ 10. ਸਮਾਂ, 11. ਹਰੀ ਦੇ ਗੁਣਾਂ ਵਿਚ ਰੰਗੇ ਹੋਏ, 12. ਬਰਾਬਰ, 13. ਨਾਸ ਕਰਨ ਵਾਲਾ, 14. ਰਹਿ ਜਾਂਦਾ ਹੈ, 15. ਮਹੀਨੇ, 16. ਪਿਆਰਾ ਪਤੀ, 17. ਖਿੜ ਗਿਆ ਹੈ, 18. ਜਾਣਨ ਵਾਲਾ, 19. ਡਰ, 20. ਮਾਇਆ ਦੇ ਨਾਸ਼ਕ ਬੰਧਨ, 21. ਬੰਨ੍ਹਿਆ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਹੈਂਇਆ, 22. ਕਰਮਾਂ ਦੇ ਲੇਖ ਅਨੁਸਾਰ, 24. ਗਰਮੀ, 25. ਕਠਿਨ, 26. ਹਾੜ, 27. ਗਰਮੀ, 28. ਵਿਛੋੜਾ, 29. ਮੰਦੇ ਕਰਮਾਂ ਵਾਲੀ, 30. ਹੰਕਾਰ, 31.ਠਗਿਆ 32. ਜਮਦੂਤ ਤਾੜਨਾ ਕਰਦੇ ਹਨ, 33. ਬਦਲ, 34. ਝੁਕ ਦੀ ਖੁਸ਼ਬੋਈ ਵਾਲੀ ਥਾਂ 35. ਥਾਂ, 36. ਕੋਈ ਦੋਸ਼ ਨਾ ਲਗਾ, 37. ਚੰਗਾ ਲਗਾ, 38. ਮਿਲਣ, 39. ਜ਼ਰਾ ਜਿੰਨਾ ਵੀ, 40, ਸਾਧਾਂ ਦੀ, 41. ਮਨਸਾ, 42. ਪੂਰੀ ਕਰੇ, 43. ਸਜ ਧਜ, 44. ਗੁਣਾਂ ਦਾ ਖਜ਼ਾਨਾ, 45. ਖਾਈਏ, 46. ਬਣ ਗਿਆ, 47. ਜਾਣਨਹਾਰ, 48. ਇਥੇ ਉਥੇ, 49. ਵੇਖਦੀ ਹਾਂ, 50. ਦੂਜਾ, 51. ਭਰਮ, 52. ਭੇਜੇ ਹਨ, 53. ਸਿਮਰਨ ਨਾਲ ਉਸ ਭਰਪੂਰ, ਹਰੀ ਨੂੰ, 54. ਸਿਆਲ, 55. ਧੋਖਾ, 56. ਜਿਸ ਦਾ ਭੇਦ ਨਹੀਂ ਪਾਇਆ ਜਾ ਸਕਦਾ, 57. ਮੰਗਦੇ, 58. ਮੰਗਦੇ, 59. ਚਿੱਤ, 60. ਗਾਣੇ, 61. ਤਮਾਸੈ, 62. ਕੌਤਕ, 63. ਸਰਦੀ ਬਰਫ਼ ਪੈਣ ਵਾਲੀ ਰੁੱਤ, 64. ਜੰਗਲ, 65. ਘਾਹ ਬੂਟੇ, 66. ਸਾਰਾ ਜੰਗਲ, 67, ਮੰਦਰ, 68. ਕੰਢਾ (ਸੰਸਾਰ ਸਾਗਰ ਦਾ), 69. ਬਿਰਾਜ, 70. ਦਾਖਲ, 71. ਵਿਸਰਦਾ, 72. ਜਗਤ ਦਾ ਮਾਲਕ, 73. ਵਿਸ਼ਨੂੰ, 74. ਪ੍ਰਥਮ, 75. ਨਮਸਕਾਰ, 76. ਕ੍ਰਿਪਾ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬਾਰਾਂਮਾਹ

ਬਾਰਾਂਮਾਹ ਲੋਕ-ਕਾਵਿ ਪੱਧਤੀ ਹੈ। ਪ੍ਰਕਿਰਤੀ ਦਾ ਮਨੁੱਖੀ ਮਨ ਉਪਰ ਪ੍ਰਭਾਵ ਪੈਣਾ ਕੁਦਰਤੀ ਹੈ। ਬਦਲਾਂ ਦੀ ਛਾ ਜਾਣਾ, ਨਿੱਕੀ ਨਿੱਕੀ ਭੂਰ ਦਾ ਵੱਸਣਾ, ਮਨੁੱਖੀ ਮਨ ਉਪਰ ਆਪਣਾ ਹੀ ਪ੍ਰਭਾਵ ਰੱਖਦਾ ਹੈ। ਅਨੇਕ ਵੇਰ ਇਸ ਦਾ ਪ੍ਰਤੀਕਰਮ ਇਹ ਵੀ ਹੁੰਦਾ ਹੈ ਮਨੁੱਖ ਖੁਲ੍ਹੀ ਥਾਂ ਉਪਰ ਆ ਕੇ ਬਦਲਾਂ ਦੇ ਮੌਸਮ ਨੂੰ ਮਾਨਣ ਲੱਗ ਜਾਂਦਾ ਹੈ। ਪੱਤਝੜ ਵਿਚ ਪੱਤਿਆਂ ਦਾ ਡਿਗਣਾ, ਰੁੱਖਾਂ ਦਾ ਰੁੰਡ ਮਰੁੰਡ ਹੋ ਖਲੋ ਜਾਣਾ। ਕਈ ਵੇਰ ਮਨ ਵਿਚ ਅੰਤਾਂ ਦੀ ਉਦਾਸੀ ਪੈਦਾ ਕਰ ਦੇਂਦਾ ਹੈ।

ਉਦਾਸੀ ਮਨੁੱਖੀ ਮਨ ਦੇ ਸਦਾ ਤੋਂ ਅੰਗ ਸੰਗ ਰਹੀ ਹੈ। ਉਦਾਸੀ ਮਨੁੱਖ ਦੇ ਵਾਤਾਵਰਣ ਦੀ ਅਸੰਗਤੀ ਕਾਰਣ ਵੀ ਹੋ ਜਾਂਦੀ ਹੈ। ਮਨ ਦੇ ਤਣਾਉ ਵਿਚੋਂ ਵੀ ਪੈਦਾ ਹੋ ਜਾਂਦੀ ਹੈ। ਪਿਆਰੇ ਦੀ ਅਣਹੋਂਦ ਵਿਚ ਵੀ ਤੇ ਕਿਸੇ ਵਸਤੂ ਦੇ ਖੁਸ ਜਾਣ ਦੇ ਡਰੋਂ ਵੀ।

ਬਾਰਾਂਮਾਹਿਆਂ ਵਿਚ ਜੋ ਉਦਾਸੀ ਪੇਸ਼ ਹੋਈ ਹੈ ਉਸ ਦਾ ਮੂਲ ਸੰਬੰਧ ਪਿਆਰ ਦੇ ਵਿਜੋਗਾਤਮਕ ਪੱਖ ਨਾਲ ਹੈ। ਪਿਆਰੇ ਦੀ ਅਣਹੋਂਦ ਵਿਚ ਕੁਝ ਵੀ ਚੰਗਾ ਨਹੀਂ ਲਗਦਾ। ਪ੍ਰਾਪਤ ਅਪ੍ਰਾਪਤ ਲਗਣ ਲਗ ਪੈਂਦਾ ਹੈ ਤੇ ਹੋਰ ਤਾਂ ਹੋਰ ਪ੍ਰਕਿਰਤੀ ਵੀ ਕਈ ਵਾਰ ਮੂੰਹ ਚਿੜਾਉਣ ਲਗ ਪੈਂਦੀ ਹੈ। ਅਸਲ ਵਿਚ ਉਦਾਸੀ ਦਾ ਸੰਬੰਧ ਮਨੁੱਖ ਦੀ ਮਾਨਸਿਕਤਾ ਨਾਲ ਹੈ। ਮਾਨਸਿਕ ਅਵਸਥਾ ਅਨੁਸਾਰ ਹੀ ਮਨੁੱਖ ਪ੍ਰਕਿਰਤੀ ਨੂੰ ਗ੍ਰਹਿਣ ਕਰਦਾ ਜਾਂ ਮਾਣਦਾ ਹੈ। ਮਨ ਦੀ ਉਦਾਸੀ ਵਿਚ ਹੱਸਦੇ ਫੁੱਲ ਵੀ ਰੋਣੇ ਰੋਣੇ ਜਾਪਦੇ ਹਨ।

ਪੰਜਾਬ ਦੀ ਧਰਤੀ ਸੰਘਰਸ਼ੀ ਤੇ ਕਰਮਸ਼ੀਲ ਜੋਧਿਆਂ ਦੀ ਧਰਤੀ ਰਹੀ ਹੈ। ਇਨ੍ਹਾਂ ਨੂੰ ਦੇਸ਼ ਦੀ ਆਬਰੂ ਬਚਾਉਣ ਲਈ ਘਰੋਂ ਪਰਦੇਸੀ ਹੋਣਾ ਪੈਂਦਾ ਸੀ। ਪ੍ਰਦੇਸੀ ਮਾਹੀ ਦੀ ਯਾਦ ਵਿਚ ਇਸਤ੍ਰੀਆਂ ਹੰਝੂ ਵਗਾਉਂਦੀਆਂ ਤੇ ਕੁਝ ਤੁਕਬੰਦੀ ਵੀ ਕਰਦੀਆਂ। ਪ੍ਰਕਿਰਤਕ ਸੁਹਜ ਜਦੋਂ ਆਪਣੇ ਜੋਬਨ ਵਿਚ ਨਿਖਰਦਾ ਤਾਂ ਸੁਆਣੀਆਂ ਦਾ ਮਨ ਨੱਚਣ ਗਾਉਣ ਨੂੰ ਕਰਦਾ ਪਰ ਜਿਨ੍ਹਾਂ ਦੇ ਮਾਹੀ ਘਰੋਂ ਬਾਹਰ ਹੁੰਦੇ ਉਹ ਬ੍ਰਿਹੋਂ ਕੁਠੀਆਂ ਮਹੀਨਿਆਂ ਦੇ ਨਾਮ ਨਾਲ ਤੁਕਬੰਦੀ ਕਰਦੀਆਂ। ਹੌਲੀ ਹੌਲੀ ਇਹ ਤੁਕਾਂ ਦੂਸਰਿਆਂ ਤਕ ਪਹੁੰਚੀਆਂ ਤੇ ਉਨ੍ਹਾਂ ਕੋਲ ਵੀ ਜਿਨ੍ਹਾਂ ਪਾਸ ਜ਼ਬਾਨ ਦੀ ਸ਼ਕਤੀ ਵੀ ਮੌਜੂਦ ਸੀ। ਹੌਲੀ ਹੌਲੀ ਕਵੀ ਮਨਾਂ ਨੇ ਇਸ ਕਾਵਿ-ਰੂਪ ਨੂੰ ਤਰਤੀਬ ਦਿਤੀ। ਇਕ ਪਾਸੇ, ਪ੍ਰਾਕ੍ਰਿਤਕ ਵਾਤਾਵਰਣ ਸੀ। ਦੂਜੇ ਪਾਸੇ ਮਨੁੱਖੀ ਮਨ ਦੀ ਉਦਾਸੀ ਦੋਹਾਂ ਦਾ ਰਸ ਗੁਧਾ ਚਿੱਤਰਣ ਇਨ੍ਹਾਂ ਬਾਰਾਂਮਾਹਿਆਂ ਦਾ ਖਾਸਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਵ ਮਾਲਮ ਹੁੰਦਾ ਹੈ ਕਿ ਇਹ ਰਚਨਾ ਰੂਪ ਉਤੇ ਹਰਮਨ ਪਿਆਰਾ ਸੀ। ਤਾਹੀਉਂ ਇਸ ਰੂਪ ਦੀ ਵਰਤੋਂ ਪਹਿਲੋਂ ਪਹਿਲ ਗੁਰੂ ਨਾਨਕ ਦੇਵ ਨੇ ਤੁਖਾਰੀ ਰਾਗ (ਪੰਨਾ 1107) ਵਿਚ ਕੀਤੀ ਤੇ ਫਿਰ ਗੁਰੂ ਅਰਜਨ ਦੇਵ ਨੇ ਮਾਝ ਰਾਗ ਵਿਚ (ਪੰਨਾ 133) ਅਧਿਆਤਮਕ ਅਰਥਾਂ ਨੂੰ ਸਿਰਜਣ ਲਈ ਕੀਤੀ।

ਗੁਰੂ ਸਾਹਿਬਾਨ ਦੀ ਇਕ ਖ਼ਾਸ ਵਿਲੱਖਣਤਾ ਇਹ ਹੈ, ਉਨ੍ਹਾਂ ਨੇ ਲੋਕ ਕਾਵਿ-ਰੂਪ ਦੇ ਬਾਹਰੀ ਰੂਪ (form) ਨੂੰ ਅਪਣਾਇਆ ਹੈ ਤੇ ਉਸ ਦੇ ਵਥ ਦੀ ਬਿਰਤੀ ਨੂੰ ਵੀ। ਪਰ ਵਥ (Content) ਹਮੇਸ਼ਾ ਆਪਣਾ ਹੀ ਰੱਖਿਆ ਹੈ। ਗੁਰਬਾਣੀ ਦੇ ਵਥ ਬਾਰੇ ਜੇ ਇਕ ਸ਼ਬਦ ਵਿਚ ਦਸਣਾ ਚਾਹੀਏ ਤਾਂ ਇਹ ਬ੍ਰਹਮ ਦੇ ਅਧਿਆਤਮੀ ਕਾਰਜ ਨਾਲ ਸੰਬੰਧਿਤ ਵਸਤੂ ਹੈ। ਗੁਰੂ ਸਾਹਿਬਾਨ ਨੇ ਲੌਕਿਕਤਾ ਦਾ ਅਧਿਆਤਮੀਕਰਣ ਕੀਤਾ ਹੈ ਤੇ ਲੌਕਿਕਤਾ ਦਾ ਪ੍ਰਯੋਗ ਕੇਵਲ ਰੂਪਕ ਦੇ ਤੌਰ ਤੇ ਹੋਇਆ ਹੈ। ਫਲਸਰੂਪ, ਲੋਕ ਕਾਵਿ-ਰੂਪ ਦਾ ਨਾਮ ਤਾਂ ਗੁਰਮਤਿ ਸਾਹਿਤ ਵਿਚ ਮੌਜੂਦ ਹੈ ਪਰ ਨਿਰੋਲ ਆਪਣੀਆਂ ਰੂੜ੍ਹੀਆਂ ਇਨ੍ਹਾਂ ਰੂਪਾਂ ਦਾ ਸ਼ਿੰਗਾਰ ਹਨ।

ਦੋਹਾਂ ਬਾਰਾਂਮਾਹਿਆਂ ਦੇ ਪਾਠ-ਅਧਿਐਨ ਉਪਰੰਤ ਬਾਰਾਂਮਾਹ ਨੂੰ ਦੂਹਰੇ ਭਾਵ ਵਾਲੀ ਰਚਨਾ (Allegory) ਵੀ ਕਿਹਾ ਜਾ ਸਕਦਾ ਹੈ। ਬਾਰਾਂ ਮਹੀਨਿਆ ਦੇ ਬਾਹਰੀ ਵਾਤਾਵਰਣ ਨੂੰ ਇਕ ਰੂਪਕ ਦੇ ਤੌਰ ਉਤੇ ਵਰਤ ਕੇ ਸਾਧਕ ਦੇ ਅੰਤ੍ਰੀਵ ਮਨ ਵਿਚ ਝਾਤ ਪੁਆਈ ਗਈ ਹੈ।

ਕਾਵਿ-ਵੰਨਗੀ ਦੇ ਤੌਰ ਤੇ ਬਾਰਾਂਮਾਹ ਪ੍ਰਗੀਤ ਕਰਕੇ ਸਵੀਕਾਰਿਆ ਗਿਆ ਹੈ। ਪ੍ਰਗੀਤ ਦੀ ਆਪਣੀ ਨਿੱਜੀ ਵਿਲੱਖਣਤਾ ਹੀ ਹੈ ਕਿ ਇਹ ਨਿੱਜ ਪੀੜਾ ਤੋਂ ਆਰੰਭ ਹੋ ਕੇ ਨਿੱਜ-ਮੁਕਤ ਹੋ ਜਾਂਦਾ ਹੈ। ਇਨ੍ਹਾਂ ਬਾਰਾਂਮਾਹਿਆਂ ਦਾ ਪਾਠ-ਅਧਿਐਨ ਤੋਂ ਪਤਾ ਲਗਦਾ ਹੈ ਇਹ ਰਚਨਾ-ਰੂਪ ਦੋ ਧਿਰਾਂ ਸਿਰਜਦਾ ਹੈ। ਪਹਿਲੀ ਧਿਰ ਪਾਰਲੌਕਿਕ ਸੱਤਹ ਹੈ ਤੇ ਦੂਸਰੀ ਧਿਰ ਲੌਕਿਕ ਹੈ। ਰਚਨਾ-ਪਾਠ ਅਨੇਕ ਥਾਈਂ ਇਕ ਭਰਮ ਪੈਦਾ ਕਰਦਾ ਹੈ ਕਿ ਇਸ ਵਿਚ ਪੇਸ਼ ਹੋਈ ਦੂਸਰੀ ਧਿਰ ਲੌਕਿਕ ਹੋਣ ਦੇ ਨਾਲ ਨਾਲ ਇਸਤਰੀ ਹੈ, ਪਰ ਨਾਲੋਂ ਨਾਲ ਇਹ ਭਰਮ ਟੁੱਟਦਾ ਵੀ ਜਾਂਦਾ ਹੈ ਤੇ ਅਖੀਰ ਤਕ ਪਹੁੰਚਦਿਆਂ ਪਹੁੰਚਦਿਆ ਇਹੀ ਧਿਰ ਜੀਵਾਤਮਾ ਬਣ ਕੇ ਰਹਿ ਜਾਂਦੀ ਹੈ। ਬਾਣੀ-ਪਾਠ ਵਿਚਲੀ ਪਹਿਲੀ ਧਿਰ ਦੂਸਰੀ ਧਿਰ ਨੂੰ ਸੰਬੋਧਿਤ ਹੁੰਦੀ ਹੈ ਤੇ ਪਾਠਕ ਤੀਜੇ ਤਿਹਾਕ ਵਾਂਗ ਪ੍ਰੋਖ ਖਲੋਕੇ ਉਪਦੇਸ਼ ਸੁਣਦਾ ਹੈ। ਇਹੀ ਪ੍ਰਗੀਤ ਦਾ ਪ੍ਰਮੁਖ ਪਛਾਣ-ਚਿਹਨ ਵੀ ਹੈ। ਇਸ ਰਚਨਾ ਵਿਚਲਾ ਉਪਦੇਸ਼ਾਤਮਕ ਅੰਸ਼ ਅਖੀਰ ਰਚਨਾ-ਪਾਠ ਵਿਚੋਂ ਪ੍ਰਤੀਬਿੰਬਤ ਦੋਹਾਂ ਧਿਰਾਂ ਨਾਲ ਸੰਬੰਧਿਤ ਨਾ ਹੋ ਕੇ ਰਚਨਾ-ਬਾਹਰੇ ਪਾਠਕ ਜਾਂ ਅਨੁਆਈ ਨਾਲ ਸੰਬੰਧਿਤ ਹੋ ਜਾਂਦਾ ਹੈ।

ਅੰਤ ਵਿਚ, ਇਹ ਸੰਕੇਤ ਕਰਨਾ ਉਚਿਤ ਹੈ, ਗੁਰਮਤਿ ਸਾਹਿਤ ਵਿਚ ਬਾਰਾਂਮਾਹ ਲਈ ਪਉੜੀ ਕਾਵਿ-ਛੰਦ ਦਾ ਹੀ ਵਿਧਾਨ ਕੀਤਾ ਗਿਆ ਹੈ ਜਿਸ ਦਾ ਸਪਸ਼ਟ ਪ੍ਰਮਾਣ ਗੁਰੂ ਨਾਨਕ ਦੇਵ ਰਚਿਤ ਬਾਰਾਂਮਾਹ ਤੁਖਾਰੀ ਤੇ ਗੁਰੂ ਅਰਜਨ ਦੇਵ ਰਚਿਤ ਬਾਰਾਂਮਾਹ ਮਾਝ ਹਨ। ਦੋਹਾਂ ਬਾਣੀਕਾਰਾਂ ਨੇ ਇਸ ਰਚਨਾ-ਰੂਪ ਨੂੰ ਪਉੜੀ-ਛੰਦ ਰਾਹੀਂ ਸੰਪੰਨ ਕੀਤਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਤੁਤੀ ਆਤਮਕ-ਰੂਪ

ਸੋਦਰ ਮਹਲਾ ੧
ਸੋ ਪੁਰਖ ਮਹਲਾ ੧
ਆਰਤੀ ਮਹਲਾ ੧
ਮੰਗਲ ਮਹਲਾ ੪

## ਸਤੁਤੀ ਆਤਮਕ-ਰੂਪ—

ਜੁਗ ਜੁਗਾਤਰਾਂ ਤੋਂ ਹੀ ਪ੍ਰਭੂ ਦੀ ਉਸਤਤ ਹੁੰਦੀ ਰਹੀ ਹੈ ਤੇ ਪ੍ਰਭੂ-ਮਹਿਮਾਂ ਅਜ ਵੀ ਅਨੇਕ ਰੂਪਾਂ ਅਤੇ ਵਿਧੀਆਂ ਨਾਲ ਕੀਤੀ ਜਾਂਦੀ ਹੈ। ਪ੍ਰਭੂ ਨੂੰ ਸਰਵੋਚ ਹਸਤੀ ਮੰਨ ਕੇ ਉਸਦੇ ਗੁਣ-ਲੱਛਣਾਂ ਦਾ ਅਨੁਵਾਦ ਕੀਤਾ ਜਾਂਦਾ ਹੈ। ਇਕ ਪਾਸੇ, ਉਹ ਇਕੱਲਾ ਹੀ ਇਸ ਸਾਰੇ ਪਸਾਰੇ ਵਿਚ ਮੌਜੂਦ ਹੈ। ਦੂਜੇ ਪਾਸੇ, ਉਸ ਦੀ ਹੋਂਦ ਨੂੰ ਵੰਨਸੁਵੰਨੇ ਖੇਤਰਾਂ ਵਿਚ, ਲੋਕਾਂ ਵਿਚ, ਜੀਵਨ-ਵਿਧੀਆਂ ਵਿਚ ਬ੍ਰਹਿਮੰਡੀ ਰੰਗੀਨੀ ਵਿਚ, ਸਾਰੀ ਲੋਕਾਈ ਦੀ ਬਹੁਰੰਗਤਾ ਵਿਚ ਤੇ ਕੁਲ ਕਾਇਨਾਤ ਨੂੰ ਇਕ ਸੂਤਰ ਵਿਚ ਪ੍ਰੋਣ ਵਾਲਾ ਅਨੰਦ ਰੂਪ ਮੰਨਿਆ ਗਿਆ ਹੈ। ਉਹ ਹਰ ਥਾਂ ਹੈ, ਪਰ ਕਿਧਰੇ ਵੀ ਨਹੀਂ। ਉਹ ਵਸਤੂ ਸੰਸਾਰ ਦੇ ਵੱਡੇ ਤੋਂ ਵੱਡੇ ਤੇ ਛੋਟੇ ਤੋਂ ਛੋਟੇ ਉਪਕਰਣ ਵਿਚ ਮੌਜੂਦ ਹੈ ਪਰ ਉਸ ਉਪਰ ਜਗਤ ਵਾਲੇ ਨੇਮ ਲਾਗੂ ਨਹੀਂ ਹੁੰਦੇ। ਉਹ ਕਰਤਾ ਹੈ, ਪਰ ਆਪਣੀ ਕਰਤਾਰੀ ਰਚਨਾ ਤੋਂ ਭਿੰਨ ਹੈ। ਇਹ ਬ੍ਰਹਿਮੰਡੀ ਜਗਤ ਕਦੋਂ ਤੋਂ ਬਣਿਆ, ਇਸਦੇ ਚਲਾਣ ਵਿਚ ਕਿਹੜੇ ਕਿਹੜੇ ਨੇਮ ਕੰਮ ਕਰ ਰਹੇ ਹਨ ? ਚੰਦ ਸੂਰਜ ਕਿਸ ਨੇਮ ਆਧੀਨ ਨਿਰੰਤਰ ਚਲ ਰਹੇ ਹਨ। ਵੰਨਸੁਵੰਨੇ ਮੌਸਮ ਕਿਵੇਂ ਆਉਂਦੇ ਜਾਂਦੇ ਰਹਿੰਦੇ ਹਨ ? ਫੁੱਲਾਂ ਵਰਗੇ ਬਾਲ ਕਿਵੇਂ ਬਿਰਧ ਬਾਬੇ, ਬਣਕੇ ਮੌਤ ਦਾ ਗ੍ਰਾਸ ਬਣ ਜਾਂਦੇ ਹਨ ? ਨਿਰਮਲ ਜਲ ਦੇ ਫੁਹਾਰੇ ਕਿਧਰੋਂ ਆਉਂਦੇ ਤੇ ਕਿਧਰ ਚਲੇ ਜਾਂਦੇ ਹਨ, ਇਹ ਰੂਪ-ਪਰਿਵਰਤਨ ਕੀ ਸ਼ੈਅ ਹੈ ? ਅਜਿਹੇ ਸੁਆਲ ਮਨੁੱਖੀ ਚੇਤਨਾ ਨੂੰ ਝੰਜੋੜਦੇ ਹਨ ? ਉਸ ਨੂੰ ਕੁਝ ਬੁਨਿਆਦੀ ਪ੍ਰਸ਼ਨਾਂ ਦੇ ਉੱਤਰ ਨਹੀਂ ਲੱਭਦੇ।

ਮਨੁੱਖ ਉਸ ਰੱਬੀ ਹੋਂਦ ਅਗੇ ਬਹੁਤ ਹੀ ਨਿਮਾਣਾ, ਨਿਤਾਣਾ, ਤੇ ਲਾਚਾਰ ਜਿਹੀ ਸ਼ੈਅ ਹੈ। ਉਹ ਅਤਿ ਅਸਚਰਜ ਹੋ ਕੇ ਪ੍ਰਭੂ-ਮਹਿਮਾਂ ਕਰਨ ਲਗ ਜਾਂਦਾ ਹੈ ਜਾਂ ਉਦੋਂ ਜਦੋਂ ਉਸ ਨੂੰ ਪ੍ਰਭੂ ਦੀ ਰਹੱਸਮਯਤਾ ਦੀ ਸਮਝ ਨਹੀਂ ਆਉਂਦੀ ਤਾਂ ਪ੍ਰਭੂ ਦੇ ਗੁਣਗਾਨ ਕਰਨ ਲਗ ਜਾਂਦਾ ਹੈ।

ਉਂਞ ਤਾਂ ਪਰੰਪਰਿਕ ਪ੍ਰਚਲਿਤ ਰੂਪ 'ਆਰਤੀ' ਪ੍ਰਭੂ-ਸਤੁਤੀ ਦੀ ਮੁਖ ਵਿਧੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੰਨੀ ਗਈ ਹੈ ਪਰ ਗੁਰੂ ਨਾਨਕ ਦੇਵ ਨੇ ਦੋ ਹੋਰ ਅਜਿਹੇ ਰੂਪਾਂ ਦੀ ਰਚਨਾ ਵੀ ਕੀਤੀ ਹੈ। ਉਹ ਹਨ—'ਸੋਦਰ' ਅਤੇ 'ਸੋ ਪੁਰਖੁ' ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਤੁਖਾਰੀ ਰਾਗ ਨਿਰੋਲ ਗੁਰੂਆਂ ਦੀ ਦੇਣ ਹੈ ਇਸੇ ਤਰ੍ਹਾਂ ਗੁਰਬਾਣੀ ਜਗਤ ਵਿਚ ਕੁਝ ਅਜਿਹੇ ਰੂਪ ਵੀ ਹਨ ਜਿਨ੍ਹਾਂ ਦੀ ਰਚਨਾ ਕੇਵਲ ਗੁਰੂ ਸਾਹਿਬਾਨ ਨੇ ਕੀਤੀ ਹੈ। ਜਿਹਾ ਕਿ ਸੋਦਰੁ ਅਤੇ ਸੋਪੁਰਖੁ ਨਿਰੋਲ 'ਸਤੁਤੀ ਆਤਮਕ-ਰੂਪ' ਹਨ ਪਰ ਗੁਰੂ ਨਾਨਕ ਦੇਵ ਦੇ ਪਰਵਰਤੀਆਂ ਨੇ ਅਜਿਹੇ ਰੂਪਾਂ ਦੀ ਨਾ ਹੀ ਵਰਤੋਂ ਕੀਤੀ ਹੈ ਤੇ ਨਾ ਸਿਰਜਨਾ ਹੀ, ਪਰ ਕਿਉਂਕਿ ਇਹ ਦੋਵੇਂ ਰੂਪ ਗੁਰੂ ਗ੍ਰੰਥ ਵਿਚ ਮੌਜੂਦ ਹਨ ਇਸ ਲਈ ਉਨ੍ਹਾਂ ਨੂੰ ਇਥੇ ਦਰਜ ਕਰਨਾ ਮੁਨਾਸਿਬ ਜਾਪਦਾ ਹੈ।

'ਸੋਦਰੁ' ਅਤੇ 'ਸੋ ਪੁਰਖੁ' ਦੋਵੇਂ ਰੂਪ ਦਾਰਸ਼ਨਿਕ ਪੁੱਛਣਾਂ ਰਾਹੀਂ ਪਹਿਲਾ ਪਾਰਲੌਕਿਕ ਹੋਂਦ ਦੇ 'ਇਕ ਰੂਪ' ਬਾਰੇ ਸੁਆਲ ਕਰਦੇ ਹਨ ਤੇ ਫਿਰ ਦੋਵੇਂ ਹੀ ਇਕ ਤੋਂ ਅਨੇਕ ਦੇ ਪਾਸਾਰ ਦੀ ਬਹੁਰੰਗਤਾ ਨੂੰ ਰੂਪਮਾਨ ਕਰਦੇ ਹਨ। ਪਾਰਲੌਕਿਕ ਹੋਂਦ ਦੀ ਮਹਿਮਾ ਇਨ੍ਹਾਂ ਰੂਪਾਂ ਦੇ ਡੂੰਘ ਵਿਚ ਹੈ। ਇਹੀ ਤਥ 'ਆਰਤੀ' ਅਤੇ 'ਮੰਗਲ' ਰੂਪਾਂ ਬਾਰੇ ਵੀ ਸੱਚ ਹੈ। ਇਸੇ ਕਰਕੇ ਇਨ੍ਹਾਂ ਸਾਰਿਆਂ ਨੂੰ ਇਕ ਥਾਂ ਪੇਸ਼ ਕੀਤਾ ਗਿਆ ਹੈ।

## ਸੋਦਰੁ/ਸੋ ਪੁਰਖੁ—

'ਸੋਦਰੁ' ਬਾਣੀ ਦਾ ਨਾਮ ਹੈ। ਇਸ ਵਿਚ ਇਕੋ ਸ਼ਬਦ ਸ਼ਾਮਲ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਵਾਰ ਅੰਕਿਤ ਕੀਤਾ ਗਿਆ ਹੈ। ਪਹਿਲੀ ਵਾਰ ਜਪੁਜੀ ਦੀ ਸਤਾਈਵੀਂ ਪਉੜੀ ਕਰਕੇ। ਦੂਜੀ ਵਾਰ 'ਸੋਦਰੁ' ਨਾਮ ਵਿਸ਼ੇਸ਼ ਦੇ ਅਧੀਨ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਅੰਕ ਅਠ ਉਪਰ। ਤੇ, ਤੀਜੀ ਵਾਰ ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਪੰਨਾ 347 ਉਪਰ ਦਰਜ ਹੈ। ਤਿੰਨਾਂ ਥਾਵਾਂ ਉਪਰ ਦਰਜ ਪਾਠ ਵਿਚ ਥੋੜ੍ਹਾ ਥੋੜ੍ਹਾ ਫਰਕ ਵੀ ਹੈ। ਪਰ ਤਿੰਨਾਂ ਥਾਵਾਂ ਉਪਰ ਇਹ ਮਹਲਾ ੧ ਦੇ ਨਾਮ ਹੇਠ ਹੀ ਦਰਜ ਹੈ। ਸੋਦਰੁ ਦੀ ਜੇ ਸੰਧੀ ਅਵਛੇਦ ਕਰੀਏ ਤਾਂ ਇਸ ਦਾ ਅਰਥ ਬਣ ਜਾਂਦਾ ਹੈ ਸੋ-ਦਰ—ਉਹ ਦਰਵਾਜ਼ਾ। ਅਸਲ ਵਿਚ ਇਹ ਇਕ ਦਾਰਸ਼ਨਿਕ ਪੁੱਛਣਾ ਹੈ ਕਿ ਪਰਾ-ਪਰਾਥਮਿਕ ਹੋਂਦ ਦਾ ਘਰ ਜਾਂ ਦਰਵਾਜ਼ਾ ਕਿਹੋ ਜਿਹਾ ਹੈ? ਇਹ ਰਚਨਾ-ਰੂਪ ਕੇਵਲ ਇਕੋ ਵਾਰ ਹੀ ਬਾਣੀ-ਸਿਰਜਣ ਦਾ ਅੰਗ-ਬਣਿਆ ਹੈ। ਇਹ ਸ਼ਬਦ ਆਪਣੀ ਪ੍ਰਕ੍ਰਿਤੀ ਵਿਚ ਪਰਾ ਪ੍ਰਾਥਮਿਕ ਹੋਂਦ ਦੇ ਗੁਣ-ਲੱਛਣਾਂ ਦਾ ਅਨੁਵਾਦ ਕਰਦਾ ਹੈ। ਇਕ ਵਿਚ ਅਨੇਕ ਅਤੇ ਅਨੇਕ ਵਿਚ ਇਕ ਦੇ ਸੰਕਲਪ ਦੀ ਪੇਸ਼ਕਾਰੀ ਇਸ ਰਚਨਾ-ਰੂਪ ਤੇ ਡੂੰਘ ਵਿਚ ਹੈ। ਇਸਦਾ ਮੂਲ ਸੁਰ ਮਹਿਮਾਮਈ ਹੈ। ਪਰ ਇਹ ਮਹਿਮਾ ਨਿਰੀ ਮਹਿਮਾ ਹੀ ਨਹੀਂ ਇਸ ਵਿਚ ਕੁਝ ਬੁਨਿਆਦੀ ਨੁਕਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਉਠਾਏ ਗਏ ਹਨ ਤੇ ਉਸ ਮੂਲ ਹੋਂਦ ਦੀ ਰਹੱਸਮਯਤਾ ਦਾ ਵਰਣਨ ਵੀ ਦਾਰਸ਼ਨਿਕ ਕੋਡ ਰਾਹੀਂ ਹੋਇਆ ਹੈ। ਵੰਨਸੁਵੰਨਤਾ ਦੀ ਅਦਭੁੱਤ ਪੇਸ਼ਕਾਰੀ ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾ-ਰੂਪ ਦੀ ਹੀ ਵਿਲੱਖਣਤਾ ਨਹੀਂ ਸਗੋਂ ਸਾਰੇ ਸਤੁਤੀ ਕਾਵਿ ਦਾ ਵੀ ਪ੍ਰਮੁਖ ਪਛਾਣ-ਚਿਹਨ ਹੈ। ਇਸੇ ਸਥਾਪਨਾ ਨੂੰ ਜੇ ਮੁਖ ਰਖੀਏ ਤਾਂ 'ਸੋ ਪੁਰਖੁ' ਅਤੇ 'ਆਰਤੀ' ਰਚਨਾ ਵਿਚ ਵੀ ਅਜਿਹੇ ਗੁਣ-ਲੱਛਣਾਂ ਦਾ ਦੀਦਾਰ ਮੌਜੂਦ ਹੈ।

ਸੋ ਪੁਰਖੁ ਰਚਨਾ ਦੀ ਜਾਣ-ਪਛਾਣ ਵੱਖਰੀ ਨਾ ਦੇ ਕੇ ਹੁਣ ਸੋਦਰ ਅਤੇ ਸੋ ਪੁਰਖੁ ਦੀ ਮੂਲ-ਬਾਣੀ ਪੇਸ਼ ਹੈ—

ੴ ਸਤਿਗੁਰ ਪ੍ਰਸਾਦਿ ॥

**ਸੋਦਰੁ ਰਾਗ ਆਸਾ ਮਹਲਾ ੧** (ਆਦਿ ਗ੍ਰੰਥ ੪)

ਸੋਦਰੁ[1] ਕੇਹਾ ਸੋ ਘਰੁ ਕੇਹਾ[2] ਜਿਤੁ[3] ਬਹਿ ਸਰਬ ਸਮਾਲੇ।
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ[4]।
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ।
ਗਾਵਨਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ।
ਗਾਵਨਿ ਤੁਧਨੋ ਚਿਤੁ ਗੁਪਤੁ[5] ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ।
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ[6] ਤੇਰੇ ਸਦਾ ਸਵਾਰੇ।
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆਂ ਦਰਿ ਨਾਲੇ।
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧ ਨੋ ਸਾਧ ਬੀਚਾਰੇ।
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧ ਨੋ ਵੀਰ ਕਰਾਰੇ[7]।
ਗਾਵਨਿ ਤੁਧਨੋ ਪੰਡਿਤ ਪੜਨਿ ਰਿਖੀਸਰੁ ਜੁਗੁ ਜੁਗੁ ਵੇਦਾ ਨਾਲੇ।
ਗਾਵਨਿ ਤੁਧਨੋ ਮੋਹਣੀਆਂ ਮਨੁ ਮੋਹਨਿ ਸੁਰਗੁ ਮਛੁ[8] ਪਇਆਲੇ[9]।
ਗਾਵਨਿ ਤੁਧਨੋ ਰਤਨ[10] ਉਪਾਏ ਤੇਰੇ ਅਠ ਸਠਿ ਤੀਰਥ ਨਾਲੇ।
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧ ਨੋ ਖਾਣੀ ਚਾਰੇ[11]।
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ।
ਸੇਈ ਤੁਧਨੋ ਗਾਵਨਿ ਜੋ ਤੁਧ ਭਾਵਨਿ ਰਤੇ ਤੇਰੇ ਭਗਤ ਰਸਾਲੇ।
ਹੋਰਿ ਕੇਤੇ ਤੁਧ ਨੋ ਗਾਵਨਿ ਸਿ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ।
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ।
ਹੈਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ।
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ।
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ[12] ਰਜਾਈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ ਸਤਿਗੁਰ ਪ੍ਰਸਾਦਿ ॥

**ਰਾਗੁ ਆਸਾ ਮਹਲਾ ੪ ਸੋ ਪੁਰਖੁ** (ਆਦਿ ਗ੍ਰੰਥ-10)

ਸੋ ਪੁਰਖੁ ਨਿਰੰਜਨੁ[13] ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ।
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੈ ਸਿਰਜਣਹਾਰਾ ।
ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ।
ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ।
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ।
ਤੂੰ ਘਟ[14] ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ।
ਇਕਿ ਦਾਤੇ ਇਕਿ ਭੋਖਾਰੀ ਜੀ ਸਭਿ ਤੇਰੇ ਚੋਜ[15] ਵਿਡਾਣਾ[16] ।
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਝੁ ਬਿਨੁ ਅਵਰੁ ਨ ਜਾਣਾ ।
ਤੂੰ ਪਾਰਬ੍ਰਹਮੁ ਬੇਅੰਤੁ ਬੇਅੱਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ[17] ।
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ।
ਹਰਿ ਧਿਆਵਹਿ ਹਰਿ ਧਿਆਵਹਿ ਤੁਧ ਜੀ ਸੇ ਜਨ ਜੁਗ ਮਹਿ ਸੁਖਵਾਸੀ ।
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਟੂਟੀ ਜਮ ਕੀਫਾਸੀ ।
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨਕਾ[18] ਭਉ ਸਭੁ ਗਵਾਸੀ ।
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ[19] ।
ਸੇ ਧੰਨੁ ਸੇ ਸੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ।
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬਿਅੰਤਾ ।
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ।
ਤੇਰੀ ਅਨਿਕ ਤੇਰੀ ਅਨਿਕ ਕਰਹਿ ਪੂਜਾ ਸੀ ਤਪੁ ਤਾਪਹਿ ਜਪਹਿ ਬੇਅੰਤਾ ।
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤ[20] ਸਾਸਤ[21] ਜੀ ਕਰਿ ਕਿਰਿਆ[22] ਖਟੁ[23] ਕਰਮ ਕਰੰਤਾ[24] ।
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰ ਭਗਵੰਤਾ ।
ਤੂ ਆਦਿ ਪੁਰਖੁ ਅਮਰੰਪਰੁ[25] ਕਰਤਾ ਜੀ ਤੁਧੁ ਜੇਵਡੁ[26] ਅਵਰੁ ਨ ਕੋਈ ।
ਤੂੰ ਜਗੁ ਜਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ।
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ।
ਤੁਧੁ ਆਪੇ ਸ੍ਰਿਸ਼ਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ[27] ।
ਜਨੁ ਨਾਨਕ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ[28] ।

**ਆਰਤੀ—**

ਆਰਤੀ ਦੀ ਵਿਉਤਪਤੀ ਸੰਸਕ੍ਰਿਤ ਦੇ ਸ਼ਬਦ 'ਅਰਾਤ੍ਰਿਕ' ਤੋਂ ਹੋਈ ਹੈ ਜਿਸ ਦਾ ਅਰਥ ਕਿਸੇ ਦੇਵਤੇ ਦੀ ਮੂਰਤੀ ਅਗੇ ਜਾਂ ਪੂਜਨੀਕ ਹਸਤੀ ਦੇ ਸਨਮੁਖ ਖਲੋ ਕੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਤ ਵੇਲੇ ਪੂਜਾ ਕਰਨੀ ਹੈ। ਪੰਜਾਬੀ ਸਾਹਿਤ ਕੋਸ਼ ਵੀ ਇਸੇ ਮੱਤ ਦੀ ਪੁਸ਼ਟੀ ਕਰਦਾ ਹੈ। ਗੁਰਸ਼ਬਦ ਰਤਨਾਕਰ ਵਿਚ ਅਰਾਤ੍ਰਿਕ ਜੋ ਰਾਤ ਤੋਂ ਬਿਨਾਂ ਵੀ ਹੋਵੇ, ਅਰਥ ਕੀਤਾ ਗਿਆ ਹੈ। ਇਸ ਤੋਂ ਇਕ ਸੰਕੇਤ ਇਹ ਵੀ ਮਿਲਦਾ ਹੈ ਆਰਤੀ ਦਿਨ ਵੇਲੇ ਵੀ ਕੀਤੀ ਜਾਂਦੀ ਰਹੀ ਹੈ। ਡਾ: ਵਣਜਾਰਾ ਬੇਦੀ ਨੇ ਆਰਤੀ ਨੂੰ ਆਰੱਤਿ ਦਾ ਵਿਕ੍ਰਤ ਰੂਪ ਕਰਕੇ ਲਿਖਿਆ ਹੈ ਜਿਸ ਦਾ ਅਰਥ ਹੈ—ਦੁੱਖੀ, ਆਤੁਰ ਮਨੁੱਖ ਜਿਸ ਵਿਧੀ ਰਾਹੀਂ ਦੇਵਤਾ ਦੀ ਪੂਜਾ ਕਰਦਾ ਹੈ, ਉਹੀ ਆਰਤੀ ਹੈ। ਡਾ: ਬੇਦੀ ਨੇ ਆਰਤੀ ਦਾ ਇਕ ਹੋਰ ਅਰਥ ਵੀ ਕੀਤਾ ਹੈ—ਆਰਤੀ ਸ਼ਬਦ ਅਰਾਤ੍ਰਿਕ ਦਾ ਅਪਭ੍ਰੰਸ਼ ਰੂਪ ਹੈ ਜਿਸ ਦਾ ਅਰਥ ਹੈ—ਉਹ ਜੋਤ ਜੋ ਰਾਤ ਦੇ ਹਿਤ ਵਜੋਂ ਨਾ ਜਗਾਈ ਜਾਵੇ। ਆਰਤੀ ਵੇਲੇ ਜੋ ਜੋਤਾਂ ਜਗਾਈਆਂ ਜਾਂਦੀਆਂ ਹਨ ਉਨ੍ਹਾਂ ਦਾ ਮਨੋਰਥ ਰਾਤ ਦਾ ਹਨੇਰਾ ਦੂਰ ਕਰਨਾ ਨਹੀਂ ਹੁੰਦਾ ਸਗੋਂ ਇਸ ਰੀਤ ਪਿੱਛੇ ਆਦਿਮ ਪ੍ਰਾਣੀ ਦਾ ਹੀ ਵਿਸ਼ਵਾਸ ਕੰਮ ਕਰ ਰਿਹਾ ਹੈ। ਇਹ ਵਿਸ਼ਵਾਸ ਹੈ ਕਿ ਜੋਤ ਜਗਾਣ ਨਾਲ ਬਦਰੂਹਾਂ ਨੱਠ ਜਾਂਦੀਆਂ ਹਨ। ਸ਼ਾਇਦ ਇਹੀ ਕਾਰਣ ਹੈ, ਅਜੇ ਵੀ ਰਾਤ ਸਮੇਂ ਚੌਰਾਹਿਆਂ ਉੱਤੇ, ਖੂਹਾਂ ਅਤੇ ਪੂਜਾ ਸਥਾਨਾਂ ਉਪਰ ਜੋਤ ਜਗਾਈ ਜਾਂਦੀ ਹੈ। ਇਸਦਾ ਇਕ ਦੂਸਰਾ ਪਹਿਲੂ ਰਾਤ ਸਮੇਂ ਲੋਅ ਕਰਨਾ ਵੀ ਹੋ ਸਕਦਾ ਹੈ।

ਮੂਲ ਰੂਪ ਵਿਚ ਆਰਤੀ ਇਕ ਗੀਤ ਪੱਧਤੀ ਹੈ ਜਿਸ ਦਾ ਸੰਬੰਧ ਕੀਰਤਨ ਨਾਲ ਹੈ। ਇਸ ਪੱਧਤੀ ਨੂੰ ਸਰਗੁਣ ਜਾਂ ਸਾਕਾਰ ਦੀ ਉਪਾਸਨਾ ਕਰਨ ਵਿਚ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਪਰ ਇਹ ਧਿਆਨ ਰਹੇ ਪੂਜਾ ਨਿਰੀ ਰਾਤ ਸਮੇਂ ਨਹੀਂ ਕੀਤੀ ਜਾਂਦੀ। ਜੋਤ ਜਗਾਣ ਦਾ ਸੰਬੰਧ ਰਾਤ ਸਮੇਂ ਨਾਲ ਨਾ ਹੋ ਕੇ ਉਸ ਰੀਤ ਨਾਲ ਸੰਬੰਧਿਤ ਹੈ ਜੋ ਇਸ਼ਟ ਦੀ ਪੂਜਾ ਕਰਨ ਸਮੇਂ ਕੀਤੀ ਜਾਂਦੀ ਹੈ। ਆਰਤੀ ਦਿਨੇ ਹੋਵੇ ਜਾਂ ਰਾਤ ਹਿੰਦੂ ਮੰਦਿਰਾਂ ਵਿਚ ਜੋਤ ਜਗਾਈ ਹੀ ਜਾਂਦੀ ਹੈ।

ਆਰਤੀ ਸਮੇਂ ਵੱਡੇ ਥਾਲ ਵਿਚ ਘਿਓ ਦੇ ਦੀਵੇ ਥਾਲ ਕੇ ਸੁਗੰਧਿਤ ਰੂਪ ਜਲਾ ਕੇ ਆਪਣੇ ਇਸ਼ਟ ਦੀ ਮੂਰਤੀ ਦੁਆਲੇ ਸਜਿਓਂ ਖੱਬੇ ਵਲ ਥਾਲ ਨੂੰ ਘੁਮਾਇਆ ਜਾਂਦਾ ਹੈ। ਹਿੰਦੂਮਤ ਅਨੁਸਾਰ ਚਾਰ ਵਾਰੀ ਚਰਣਾਂ ਅੱਗੇ, ਦੋ ਵਾਰ ਨਾਭਿ ਉੱਤੇ, ਇਕ ਵਾਰ ਮੂੰਹ ਉੱਤੇ ਤੇ ਸਤ ਵਾਰ ਸਾਰੇ ਸਰੀਰ ਉਪਰ ਜਲਦੇ ਦੀਵੇ ਥਾਲ ਸਮੇਤ ਘੁਮਾਉਣੇ ਚਾਹੀਦੇ ਹਨ। ਦੀਵੇ ਇਕ ਤੋਂ ਲੈ ਕੇ ਸੌ ਤਕ ਜਗਾਉਣ ਦਾ ਵਿਧਾਨ ਹੈ। ਪਰ ਹੁਣ ਦੀਵਿਆਂ ਦੀ ਸੰਖਿਆ ਘਟਦੀ ਜਾ ਰਹੀ ਹੈ। ਅਜਕਲ੍ਹ ਪੰਜ ਸਤ, ਨੌਂ ਜਾਂ ਗਿਆਰਾਂ ਦੀਵੇ ਹੀ ਰੱਖੇ ਜਾਂਦੇ ਹਨ।

ਗੁਰਮਤਿ ਵਿਚ ਆਰਤੀ ਰੀਤ ਨਾਲੋਂ ਆਰਤੀ ਦਾ ਸੰਕਲਪ ਵਧੇਰੇ ਮਹੱਤਵ ਨੂੰ ਪ੍ਰਾਪਤ ਹੋਇਆ ਹੈ। ਆਰਤੀ ਕੀਰਤਨ ਸੋਹਿਲਾ ਦੀ ਬਾਣੀ ਵਿਚੋਂ ਇਕ ਸ਼ਬਦ ਹੈ। ਕੀਰਤਨ ਸੋਹਿਲਾ ਰਾਤ ਸਮੇਂ ਪੜ੍ਹਨ ਦੀ ਬਾਣੀ ਹੈ। ਗੁਰਮਤ ਅਨੁਸਾਰ ਸ਼ਾਮ ਸੰਧਿਆ ਵੇਲੇ ਸੋਦਰ ਰਹਿਰਾਸ ਤੇ ਸੋਣ ਵੇਲੇ ਕੀਰਤਨ ਸੋਹਿਲਾ ਪੜ੍ਹਨ ਦਾ ਵਿਧਾਨ ਕੀਤਾ ਗਿਆ ਹੈ। ਕੀਰਤਨ ਸੋਹਿਲਾ ਵਿਚ ਹੀ ਆਰਤੀ ਵਾਲਾ ਸ਼ਬਦ "ਗਗਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਥਾਲ ਰਵਿ'' ਵਾਲਾ ਸ਼ਬਦ ਵੀ ਸੰਕਲਿਤ ਹੈ। ਪਰੰਪਰਾ ਅਨੁਸਾਰ ਇਹ ਰਵਾਇਤ ਹੈ ਗੁਰੂ ਨਾਨਕ ਦੇਵ ਜਦੋਂ ਯਾਤਰਾ ਕਰਦੇ ਜਗਨ ਨਾਥ ਪੁਰੀ ਪੁਜੇ ਤਾਂ ਸੰਧਿਆ ਵੇਲੇ ਪੰਡਿਤਾਂ ਨੇ ਆਰਤੀ ਕੀਤੀ ਤੇ ਗੁਰੂ ਨਾਨਕ ਦੇਵ ਜੀ ਉਸ ਵਿਚ ਸ਼ਾਮਲ ਨਾ ਹੋਏ ਪੰਡਿਤਾਂ ਦੇ ਕਾਰਣ ਪੁੱਛਣ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਆਰਤੀ ਦਾ ਸ਼ਬਦ ਉਚਾਰਣ ਕੀਤਾ ਤੇ ਇਸ ਦੇ ਨਾਲ ਹੀ ਉਨ੍ਹਾਂ ਦੀ ਉਸ ਵਿਧੀ ਦਾ ਨਿਸ਼ੇਧ ਵੀ ਜੋ ਉਹ ਆਰਤੀ ਕਰਨ ਸਮੇਂ ਧੂਪ ਦੀਪ ਆਦਿ ਜਲਾਂਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਆਰਤੀ ਸਿਰਲੇਖ ਹੈ ਗੁਰੂ ਨਾਨਕ ਦੇਵ ਰਚਿਤ ਇਕੋ ਹੀ ਸ਼ਬਦ ਅੰਕਿਤ ਹੈ ਪਰ ਪਰੰਪਰਾ ਅਨੁਸਾਰ ਜੋ ਆਰਤੀ ਦਾ ਉਚਾਰਣ ਕੀਤਾ ਜਾਂਦਾ ਹੈ ਉਸ ਵਿਚ ਕੁਝ ਹੋਰ ਸ਼ਬਦ ਵੀ ਸੰਕਲਿਤ ਹਨ। ਇਨ੍ਹਾਂ ਵਿਚ ਇਕ ਸ਼ਬਦ ਧੰਨੇ ਜਟ ਦਾ ਵੀ ਹੈ। ਧੰਨੇ ਜਟ ਨੇ ਮੂਰਤੀ ਦੀ ਪੂਜਾ ਨਾਲੋਂ ਪਰਮਾਤਮਾ ਦੀ ਆਰਤੀ ਉਤਾਰੀ ਤੇ ਮੂਰਤੀ ਦੇ ਮੁਕਾਬਲੇ ਉਤੋਂ ਪਰਮਾਤਮਾ ਦੀ ਵਡਿਆਈ ਤੇ ਗੌਰਵ ਨੂੰ ਦਰਸਾਣ ਲਈ ਆਰਤੀ ਦੀ ਬਜਾਏ ਆਰਤਾ ਸ਼ਬਦ ਦਾ ਪ੍ਰਯੋਗ ਕੀਤਾ ''ਗੋਪਾਲ ਤੇਰੋ ਆਰਤਾ'' ਜ਼ਾਹਿਰ ਹੈ, ਗੁਰਮਤਿ ਵਿਚ ਆਰਤੀ ਨਾਲ ਸੰਬੰਧਿਤ ਸੰਕਲਪ ਪਾਰਬ੍ਰਹਮ ਦੀ ਅਪਾਰ ਵਡਿਆਈ ਤੇ ਬੇਅੰਤਤਾ ਦਾ ਗੁਣ ਗਾਨ ਕਰਨਾ ਹੀ ਹੈ। ਗੁਰਮਤਿ ਵਿਚ ਆਰਤੀ ਕਰਦੇ ਸਮੇਂ ਦੀਵੇ ਨਹੀਂ ਜਗਾਏ ਜਾਂਦੇ ਪਰ ਆਰਤੀ ਦੇ ਦੌਰਾਨ ਗੁਰੂ ਗ੍ਰੰਥ ਸਾਹਿਬ ਉਪਰ ''ਫੂਲਨ ਕੀ ਬਰਖਾ ਬਰਖਾਵੇ'' ਪੰਕਤੀ ਪੜ੍ਹਨ ਸਮੇਂ ਫੁਲਾਂ ਨੂੰ ਬਰਸਾਇਆ ਵੀ ਜਾਂਦਾ ਹੈ ਤੇ ਨਹੀਂ ਵੀ। ਸਿੱਖ ਮਤ ਵਿਚ ਆਰਤੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਣ ਪਾਠ ਵਿਸ਼ੇਸ਼ ਕਰਕੇ ਆਖੱਡ ਪਾਠ ਤੇ ਸੰਪੁਟ ਪਾਠ ਆਦਿ ਦੇ ਭੋਗ ਉਪਰ ਕੀਤੀ ਜਾਂਦੀ ਹੈ। ਉਂਵ ਰਹਿਰਾਸ ਦੇ ਪਾਠ ਉਪਰੰਤ ਲਗਭਗ ਸਾਰੇ ਗੁਰਦਵਾਰਿਆਂ ਵਿਚ ਆਰਤੀ ਕੀਰਤਨ ਰੂਪ ਵਿਚ ਕੀਤੀ ਜਾਂਦੀ ਹੈ। ਹਜੂਰ ਸਾਹਿਬ ਸੰਧਿਆ ਵੇਲੇ ਰਹਿਰਾਸ ਦੇ ਪਾਠ ਉਪਰੰਤ ਧੂਪ ਦੀਪ ਸਮੇਤ ਖੜੇ ਹੋ ਕੇ ਆਰਤੀ ਕੀਤੀ ਜਾਂਦੀ ਹੈ।

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਗੁਰੂ ਗ੍ਰੰਥ ਸਾਹਿਬ ਵਿਚ ਆਰਤੀ ਸਿਰਲੇਖ ਹੇਠ ਗੁਰੂ ਨਾਨਕ ਦੇਵ ਰਚਿਤ ਇਕੋ ਹੀ ਸ਼ਬਦ ਦਰਜ ਹੈ ਪਰ ਅਜਕਲ੍ਹ ਆਰਤੀ ਦੇ ਨਾਲ ਹੋਰ ਜਿਹੜੇ ਸ਼ਬਦ ਪੜ੍ਹੇ ਜਾਂਦੇ ਹਨ ਉਨ੍ਹਾਂ ਵਲ ਸੰਕੇਤ ਕਰਨਾ ਉਚਿਤ ਮਾਲੂਮ ਹੁੰਦਾ ਹੈ। ਉਨ੍ਹਾਂ ਸ਼ਬਦਾਂ ਦਾ ਵੇਰਵਾ ਇਸ ਪ੍ਰਕਾਰ ਹੈ—

1. ਧਨਾਸਰੀ ਮਹਲਾ ੧ ਆਰਤੀ —ਗਗਨ ਮੈਂ ਥਾਲ
2. ਧਨਾਸਰੀ ਰਵਿਦਾਸ ਜੀਉ —ਨਾਮ ਤੇਰੋ ਆਰਤੀ ਮਜਨ ਮੁਰਾਰੇ
3. ਧਨਾਸਰੀ ਸ੍ਰੀ ਸੈਣੂ —ਧੂਪ ਦੀਪ ਘ੍ਰਿਤ ਸਾਜਿ ਆਰਤੀ
4. ਪ੍ਰਭਾਤੀ ਕਬੀਰ ਜੀਉ —ਸੁੰਨ ਸੰਧਿਆ ਤੇਰੀ ਦੇਵ ਦੇਵਾਕਰ
5. ਧੰਨਾ (ਧਨਾਸਰੀ) ਗੋਪਾਲ ਤੇਰੋ ਆਰਤਾ
6. ਦਸਮ ਗੁਰੂ ਯਾਤੇ ਪ੍ਰਸੰਨ ਭਏ ਹੈ ਮਹਾਂ ਮੁਨਿ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. ਦਸਮ ਗੁਰੂ — ਸਖਨ ਕੀ ਧੁਨਿ ਘੰਟਨ ਕੀ
8. ,, — ਹੇ ਰਵਿ ਹੇ ਸਸਿ ਹੇ ਕਰੁਣਾ ਨਿਧਿ
9. ,, — ਪਾਹਿ ਗਹੇ ਜਬ ਤੇ ਤੁਮਰੇ
10. ,, — ਸਗਲ ਦੁਆਰ ਕਉ ਛਾਡ
11. ,, — ਐਸੋ ਚੰਡ ਪ੍ਰਤਾਪ
12. ,, — ਚੱਤ੍ਰ ਚਕ੍ਰ ਵਰਤੀ

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ, ਗੁਰੂਧਾਮ ਵਿਸ਼ੇਸ਼ ਉਪਰ ਆਰਤੀ ਦਾ ਇਕ ਅੱਧ ਸ਼ਬਦ ਵੱਖਰਾ ਜਾਂ ਹੋਰ ਵੀ ਜੋੜ, ਲਿਆ ਗਿਆ ਹੈ ਜਿਹਾ ਕਿ ਗੁਰਦੁਆਰੇ ਸੀਸ ਗੰਜ ਵਿਚ 'ਆਰਤੀ' ਵਿਚ "ਤੇਗ ਬਹਾਦਰ ਕੇ ਚਲਤ", ਇਸੇ ਤਰ੍ਹਾਂ ਹਜ਼ੂਰ ਸਾਹਿਬ ਦਸਮ ਗੁਰੂ ਦੀ ਬਾਣੀ ਦੇ ਸ਼ਬਦ ਆਰਤੀ ਵਿਚ ਪ੍ਰਚਲਿਤ ਹਨ।

ਹੁਣ ਇਕ ਬੁਨਿਆਦੀ ਪ੍ਰਸ਼ਨ ਸਾਹਮਣੇ ਆਉਂਦਾ ਹੈ ਮੂਲ ਰੂਪ ਵਿਚ ਆਰਤੀ ਸਿਰਲੇਖ ਦੇ ਆਧੀਨ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਹੀ ਸ਼ਬਦ ਹੈ ਫਿਰ ਬਾਕੀ ਦੇ ਇਹ ਸ਼ਬਦ ਕਦੋਂ ਤੇ ਕਿਵੇਂ ਪ੍ਰਚਲਿਤ ਹੋ ਗਏ। ਗੁਰੂ ਨਾਨਕ ਦੇਵ ਨੇ 'ਆਰਤੀ' ਧਨਾਸਰੀ ਰਾਗ ਵਿਚ ਉਚਾਰਣ ਕੀਤੀ। ਇਸੇ ਤਰ੍ਹਾਂ ਆਰਤੀ ਵਿਚ ਸੰਕਲਿਤ ਰਵਿਦਾਸ, ਸੈਣ ਧੰਨਾ ਦੇ ਸ਼ਬਦ ਵੀ ਧਨਾਸਰੀ ਰਾਗ ਵਿਚੋਂ ਹੀ ਲਏ ਗਏ ਹਨ। ਕਬੀਰ ਦਾ ਸ਼ਬਦ ਪ੍ਰਭਾਤੀ ਰਾਗ ਦਾ ਹੈ ਤੇ ਬਾਕੀ ਦੇ ਸਤ ਸ਼ਬਦ ਦਸਮ ਗੁਰੂ ਉਚਰਿਤ ਹਨ। ਇਨ੍ਹਾਂ ਸਾਰਿਆਂ ਸ਼ਬਦਾਂ ਵਿਚ ਪੇਸ਼ ਹੋਈ ਥੀਮ ਦਾ ਮੂਲ ਸੰਬੰਧ ਪ੍ਰਭੂ ਦੇ ਜਸ ਕੀਰਤ ਨਾਲ ਹੈ। ਵਡਿਆਈ ਵੀ ਉਹ ਜੋ ਆਰਤੀ ਦੀ ਰੀਤ ਦੁਆਰਾ ਕੀਤੀ ਜਾਏ। ਇਨ੍ਹਾਂ ਪਦਾਂ ਵਿਚ ਆਰਤੀ ਨਾਲ ਸੰਬੰਧਿਤ, ਧੂਪ, ਦੀਪ, ਘਿਉ, ਸੰਧਿਆ, ਸੰਖ ਦੀ ਧੁਨੀ, ਘੰਟੀਆਂ ਦੀ ਆਵਾਜ਼, ਫੁਲਾਂ ਦੀ, ਬਰਖਾ ਆਦਿ ਸ਼ਬਦ ਆਰਤੀ ਦੀ ਰਸਮ ਨਾਲ ਸੰਬੰਧਿਤ ਮਾਹੌਲ ਨੂੰ ਹੀ ਦਰਸਾਂਦੇ ਹਨ। ਆਮ ਤੌਰ ਤੇ ਆਰਤੀ ਸਮੇਂ ਮੰਗਲ-ਮਯ ਮਾਹੌਲ ਹੁੰਦਾ ਹੈ—ਮੰਗਲਾ ਹਰਿ ਮੰਗਲਾ ਆਦਿ ਤੁਕਾਗ ਉਸੇ ਮੰਗਲਮਈ ਵਾਤਾਵਰਣ ਦੀ ਪੇਸ਼ਕਾਰੀ ਕਰਦੇ ਹਨ। ਦਸਮ ਗੁਰੂ ਰਚਿਤ ਪਹਿਲੇ ਦੋ ਸ਼ਬਦ ਵੀ ਆਰਤੀ ਦੇ ਮਾਹੌਲ ਨਾਲ ਸੰਬੰਧਿਤ ਹਨ ਤੇ ਬਾਕੀ ਦੇ ਸਾਰੇ ਸ਼ਬਦ ਪਾਰਬ੍ਰਹਮ ਦੇ ਵਿਰਾਟ ਰੂਪ ਦੀ ਜਸ ਕੀਰਤੀ ਨੂੰ ਹੀ ਪੇਸ਼ ਕਰਦੇ ਹਨ। ਇੰਵ ਮਾਲੂਮ ਹੁੰਦਾ ਹੈ, ਗੁਰੂ ਘਰ ਦੇ ਪਿਆਰਿਆਂ ਨੇ ਆਰਤੀ ਮਾਹੌਲ ਨੂੰ ਪ੍ਰਤੀਬਿੰਬਤ ਕਰਨ ਵਾਲੇ ਸਾਰੇ ਸ਼ਬਦਾਂ ਨੂੰ ਇਕੱਠਿਆਂ ਪੜ੍ਹਨ ਦਾ ਆਰੰਭ ਦਸਮ ਗੁਰੂ ਤੋਂ ਬਾਅਦ ਜਾਂ ਦਸਮ ਗੁਰੂ ਦੇ ਸਾਹਮਣੇ ਹੀ ਕੀਤਾ ਹੈ। ਦਸਮ ਗੁਰੂ ਦੇ ਸ਼ਬਦਾਂ ਦਾ ਸੰਕਲਨ ਕਰਕੇ ਹੀ ਆਰਤੀ ਪ੍ਰਤੀ ਅਜਿਹਾ ਅਨੁਮਾਨ ਲਾਇਆ ਜਾ ਸਕਦਾ ਹੈ।

ਆਰਤੀ ਦੇ ਨਾਲ ਲਗਦੇ ਦੂਸਰੇ ਸ਼ਬਦ ਪੰਚਮ ਗੁਰੂ-ਉਚਰਿਤ ਹਨ। ਇਹ ਵੀ ਸਰੇ 'ਮਹਿਮਾ' ਵਾਚਕ ਸ਼ਬਦ ਹਨ। ਸਤਿਗੁਰੂ ਦੀ ਦਿਆਲਤਾ ਬਿਨਾਂ ਕੋਈ ਵੀ ਕੰਮ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਫਲ ਨਹੀਂ ਹੋ ਸਕਦਾ। ਸਤਿਗੁਰੂ ਦੀ ਉਚੇ ਅਪਾਰ ਮਹਿਮਾਂ ਦਾ ਵਰਣਨ ਹੀ ਪ੍ਰਭੂ ਦੀ ਆਰਤੀ ਹੈ। ਸ਼ਾਇਦ ਇਹੀ ਕਾਰਣ ਹੈ, ਇਸ ਤਰ੍ਹਾਂ ਦੇ ਸ਼ਬਦ ਆਰਤੀ ਦੇ ਅੰਤ ਵਿਚ ਸਾਮੂਹਿਕ ਰੂਪ ਵਿਚ ਪੜ੍ਹੇ ਜਾਂਦੇ ਹਨ।

੧ੴ ਸਤਿਗੁਰ ਪ੍ਰਸਾਦਿ ॥

**ਧਨਾਸਰੀ ਮਹਲਾ ੧ ਆਰਤੀ** (ਆਦਿ ਗ੍ਰੰਥ-663)

ਗਗਨ[29] ਮੈ[30] ਥਾਲੁ ਰਵਿ[31] ਚੰਦੁ ਦੀਪਕ ਬਨੇ ਤਾਰਿਕਾ[32] ਮੰਡਲ ਜਨਕ[33] ਮੋਤੀ।
ਧੂਪੁ ਮਲ[34] ਆਨਲੋ ਪਵਣੁ[35] ਚਵਰੋ ਕਰੇ ਸਗਲ[36] ਬਨਰਾਇ[37] ਫੂਲੰਤ[38] ਜੋਤੀ।
ਕੈਸੀ ਆਰਤੀ ਹੋਇ ਭਵ ਖੰਡਨਾ[39] ਤੇਰੀ ਆਰਤੀ।
ਅਨਹਤਾ ਸਬਦ ਵਾਜੰਤ[40] ।ਰਹਾਉ।
ਸਹਸ ਤਵ ਨੈਨ ਨਨ[42] ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ[43]
ਸਹਸ ਪਦਾ[44] ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ[45] ਇਵ ਚਲਤ[46] ਮੋਹੀ[47]।
ਸਭ ਮਹਿ ਜੋਤਿ ਜੋਹਿ ਹੈ ਸੋਇ[48]।
ਤਿਸਕੈ[49] ਚਾਨਣਿ ਸਭਿ ਮਹਿ ਚਾਨਣੁ ਹੋਇ।
ਗੁਰ ਸਾਖੀ ਜੋਤਿ ਪਰਗਟੁ[50] ਹੋਇ।
ਜੋ ਤਿਸੁ ਭਾਵੈ ਸੁ ਆਰਤੀ ਹੋਇ।
ਹਰਿ ਚਰਣ ਕਮਲ ਮਕਰੰਦ[51] ਲੋਭਿਤ[52] ਮਨੋ।
ਅਨਦਿਨੋ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ[53] ਤੇਰੈ ਨਾਮਿ[54] ਵਾਸ[55]॥

ਜ਼ਾਹਿਰ ਹੈ, ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਦੇ ਵਿਰਾਟ ਸਰੂਪ ਦੀ ਵਿਆਖਿਆ ਹੀ ਨਹੀਂ ਕੀਤੀ ਸਗੋਂ ਇਹ ਵੀ ਦਰਸਾਇਆ ਹੈ ਕਿ ਉਸ ਵਿਰਾਟ, ਬੇਅੰਤ ਅਨੂਪ ਪ੍ਰਭੂ ਦੀ ਆਰਤੀ ਮਨੁੱਖ ਉਤਾਰ ਹੀ ਨਹੀਂ ਸਕਦਾ ਸਗੋਂ ਬ੍ਰਹਿਮੰਡ ਦੀ ਅਪਾਰ ਲੀਲ੍ਹਾ ਸਹਿਜ ਭਾਵ ਵਿਚ ਹੀ ਆਰਤੀ ਕਰ ਰਹੀ ਹੈ। ਇਹ ਸ਼ਬਦ ਗੁਰੂ ਨਾਨਕ ਦੇਵ ਦੀ ਸਰਵੋਚ ਕਲਪਨਾ ਉਡਾਰੀ ਦੀ ਥਹੁ ਦੇਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਨਿਰਗੁਣ ਤੇ ਸਰਗੁਣ ਨੂੰ ਸਮਵਿਥ ਵੀ ਰੱਖਿਆ ਹੈ ਤੇ ਨਿਰਗੁਣ ਸਰਗੁਣ ਦੇ ਭੇਦ ਉਪਰੰਤ ਦੋਹਾਂ ਦੀ ਅਭੇਦਤਾ ਸਥਾਪਿਤ ਕੀਤੀ ਹੈ। ਅਕਾਰ ਸਾਕਾਰ ਦੋਹਾਂ ਦੀ ਵਖਰਤਾ ਤੇ ਇਕ ਰਸ ਇਕਰੂਪਤਾ ਦਾ ਪ੍ਰਗਟਾ ਅਦੁੱਤੀ ਹੈ। ਪਰ ਇਹ ਧਿਆਨ ਰਹੇ, ਮੁਖ ਬਲ ਇਥੇ ਵੀ ਪ੍ਰਭੂ ਦੇ ਜਸ ਕੀਰਤ ਉਪਰ ਹੀ ਹੈ। ਮਨੁੱਖ ਆਪਣੀ ਸੀਮਿਤਤਾ ਵਿਚ ਬੰਨ੍ਹਿਆਂ ਹੋਣ ਕਰਕੇ ਉਸ ਅਸੀਮ, ਅਪਾਰ, ਅਨੂਪ, ਅਗਮ, ਅਗੋਚਰ ਪ੍ਰਭੂ ਦੀ ਆਰਤੀ ਅਸਲੀ ਰੂਪ ਵਿਚ ਕਰ ਹੀ ਨਹੀਂ ਸਕਦਾ—"ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ" ਪ੍ਰਭੂ ਦੀ ਕ੍ਰਿਪਾ ਨਾਲ ਹੀ ਪ੍ਰਭੂ ਜੋਤ ਦੀ ਸੂਖਮਤਾ ਤੇ ਵਿਆਪਕਤਾ ਨੂੰ ਅਨੁਭਵਿਆ ਜਾ ਸਕਦਾ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

**ਮੰਗਲ—**

ਮੰਗਲ ਸ਼ਬਦ ਸੰਸਕ੍ਰਿਤ ਦੇ ਮੰਗ ਧਾਤੂ ਦਾ ਵਿਉਤਪਤ ਰੂਪ ਹੈ। ਮੰਗਲ ਦੇ ਅਰਥ ਅਨੰਦ ਵਿਚ ਹੋਣਾ, ਖ਼ੁਸ਼ੀ ਕਰਨਾ, ਹਰਕਤ ਕਰਨਾ ਤੇ ਧਾਕੇ ਜਾਣਾ ਆਦਿ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੰਗਲ ਦਾ ਪ੍ਰਯੋਗ ਤਿੰਨ ਤਰ੍ਹਾਂ ਕੀਤਾ ਗਿਆ ਹੈ—

ੳ. ਮੰਗਲ ਸਿਰਲੇਖ ਕਰਕੇ—

i ਛੰਤ ਬਿਲਾਵਲ ਮਹਲਾ ੪ ਮੰਗਲ—ਆਦਿ ਗ੍ਰੰਥ ਪੰਨਾ 844

ii ਬਿਲਾਵਲ ਮਹਲਾ ੫ ਛੰਤ ਮੰਗਲ—ਆਦਿ ਗ੍ਰੰਥ ਪੰਨਾ-847

ਅ. ਮੰਗਲ ਸ਼ਬਦ ਕਰਕੇ—

ਮੰਗਲ ਗਾਵਹੁ ਨਾਰੇ।
ਮੰਗਲ ਸੁਖ ਕਲਿਆਣ ਤਿਥਾਈ
ਮੰਗਲ ਸਾਜੁ ਭਇਆ ਪ੍ਰਭੂ ਅਪਨਾ ਗਾਇਆ ਰਾਮੁ।

ੲ. ਮੰਗਲ ਮੰਗਲਾਚਰਣ ਕਰਕੇ—

ਮੰਗਲ ਧਰਮ ਵਿਸ਼ੇਸ਼ ਦੇ ਇਸ਼ਟ ਦਾ ਪਰੰਪਰਾਗਤ ਅਭਿਨੰਦਨ ਕਰਨ ਦਾ ਸੂਚਕ ਹੈ। ਮੰਗਲ ਦਾ ਲਾਜਮੀ ਸਥਾਨ ਗ੍ਰੰਥ ਦੇ ਆਰੰਭ ਵਿਚ ਹੀ ਹੈ। ਇਹ ਆਪਣੇ ਇਸ਼ਟ ਤੋਂ ਅਸ਼ੀਰਵਾਦ ਲੈਣ ਲਈ ਉਸ ਦੀ ਸੋਭਾ ਵਜੋਂ ਉਚਾਰੇ ਜਾਂਦੇ ਹਨ। ਲਗਭਗ ਸਭ ਧਰਮ ਗ੍ਰੰਥਾਂ ਦੇ ਆਰੰਭ ਵਿਚ ਮੰਗਲ ਵਾਕ ਅੰਕਿਤ ਕੀਤੇ ਗਏ ਮਿਲਦੇ ਹਨ—

i ਬਿਸਮਿੱਲਾ ਹਿ ਰਹਮਾਨੁੱਰਹੀਮ (ਕੁਰਾਨ ਮਜੀਦ)

ii ਓਅੰ-ਇਹ ਉਹ ਮੰਗਲਮਈ ਸ਼ਬਦ ਹੈ, ਜਿਸ ਦਾ ਪ੍ਰਯੋਗ ਵੇਦ ਅਤੇ ਉਪ-ਨਿਸ਼ਦ ਦੇ ਆਰੰਭ ਵਿਚ ਵੀ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਪੰਜ ਪ੍ਰਕਾਰ ਦੇ ਮੰਗਲ ਦਰਜ ਹਨ—

i ੧ੴ

ii ੧ੴ ਸਤਿਗੁਰ ਪ੍ਰਸਾਦਿ।

iii ੧ੴ ਸਤਿਨਾਮ ਗੁਰ ਪ੍ਰਸਾਦਿ।

iv ੧ੴ ਸਤਿਨਾਮ ਕਰਤਾ ਪੁਰਖ ਗੁਰਪ੍ਰਸਾਦਿ।

v ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਉਪਰ ਸੰਕੇਤਿਕ ਇਨ੍ਹਾਂ ਸਾਰਿਆਂ ਮੰਗਲਾਂ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ ਪੁਸਤਕ ਵਿਚ ਵਿਸਤਾਰ ਸਾਹਿਤ ਕੰਮ ਕੀਤਾ ਜਾ ਚੁੱਕਾ ਹੈ। ਇਸ ਲਈ ਇਥੇ ਦੁਹਰਾਉ ਕਰਨਾ ਉਚਿਤ ਮਾਲੂਮ ਨਹੀਂ ਹੁੰਦਾ। ਹਾਲ ਦੀ ਘੜੀ ਇਥੇ ਉਹ ਦੋਵੇਂ ਮੰਗਲ-ਪਾਠ ਪੇਸ਼ ਹਨ ਜੋ ਆਦਿ ਗ੍ਰੰਥ ਵਿਚ ਮੰਗਲ ਸਿਰਲੇਖ ਕਰਕੇ ਅੰਕਿਤ ਹਨ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ ਸਤਿਗੁਰ ਪ੍ਰਸਾਦਿ ॥

## ਛੰਤ ਬਿਲਾਵਲੁ ਮਹਲਾ ੪ ਮੰਗਲ (ਆਦਿ ਗ੍ਰੰਥ-844)

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ।
ਗੁਰਿ ਤੁਠੈ[53] ਹਰਿ ਪ੍ਰਭੁ ਪਾਇਆ ਰੰਗਿ ਰਲੀਆ[54] ਮਾਣਾ ਰਾਮ ।
ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ[55] ਰਾਮ ।
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥੧॥
ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ।
ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ।
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਮੈ[57] ਰਾਮ ।
ਜਨੁ ਨਾਨਕ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ[58] ਰਾਮ ॥੨॥
ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ[59] ਵੇਰਾ ਰਾਮ ।
ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ[60] ਰਾਮ ।
ਜਿਨ ਮਾਣਸ ਜਨਮਿ ਨ ਪਾਇਆ ਤਿਨ ਭਾਗੁ ਮੰਦੇਰਾ[61] ਰਾਮ ।
ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨ ਤੇਰਾ ਰਾਮ ॥੩॥
ਗੁਰਿ ਹਰਿ ਪ੍ਰਭੁ ਅਗਮੁ[62] ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ[63] ਰਾਮ ।
ਭਗਤਿ[64] ਵਛਲੁ ਹਰਿ ਨਾਮ ਹੈ ਗੁਰਮੁਖਿ ਹਰਿ ਲੀਨਾ ਰਾਮ ।
ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ[65] ਰਾਮ ।
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭੁ ਕੀਨਾ[66] ਰਾਮ ।

ੴ ਸਤਿਗੁਰ ਪ੍ਰਸਾਦਿ ॥

## ਬਿਲਾਵਲੁ ਮਹਲਾ ੫ ਛੰਤ ਮੰਗਲ (ਆਦਿ ਗ੍ਰੰਥ-847)

ਸਲੋਕੁ—ਸੁੰਦਰ ਸਾਤ ਦਇਆਲ ਪ੍ਰਭ ਸਰਬ ਸੁਖਾਂ ਨਿਧਿ[67] ਪੀਉ ।
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ।
ਛੰਤੁ—ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ।
ਮਾਨ[68] ਨਿਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ।
ਛੱਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ।
ਨਾਨਕ ਪਉ ਸਰਣਾਈ ਰਾਮਰਾਇ ਥਿਰੁ ਹੋਇ ਸੁਹਾਗੋ ਰਾਮ ॥੧॥
ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ।
ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ[69] ਰਾਮ ।
ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਿਰਾਈਐ ਰਾਮ ।
ਨਾਨਕ ਭਗਤਿ ਭਾਉ ਕਰ ਦਇਆਲ ਕੀ ਜੀਵਨ ਪਦੁ ਪਾਈਐ ਰਾਮ ॥੨॥
ਸ੍ਰੀ ਗੋਪਾਲੁ[70] ਨ ਉਚਰਹਿ ਬਲਿ[71] ਗਈਏ ਦੁਹਚਾਰਣਿ ਰਸਨਾ ਰਾਮ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ[73] ਰਾਮ ।
ਭੂਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ।
ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ[74] ਬਿਸਟਾ ਕ੍ਰਿਮ[7] ਭਸਮਾ ਰਾਮ ॥੩॥
ਲਾਇ ਬਿਰਹੁ[76] ਭਗਵੰਤ ਸੰਗੈ ਹੋਇ ਮਿਲੁ ਬੈਰਾਗਨਿ[77] ਰਾਮ ।
ਚੰਦਨ ਚੀਰ[78] ਸੁਗੰਧ ਰਸਾ ਹਉਮੈ ਬਿਖੁ[79] ਤਿਆਗਨਿ ਨਾਮ ।
ਈਤ[80] ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਨਾਮ ।
ਨਾਨਕੁ ਜਿਨਿ ਪ੍ਰਭੁ ਪਾਇਆ ਆਪਣਾ
ਸਾ[67] ਅਟਲ ਸੁਹਾਗਨਿ ਰਾਮ ॥੩॥

ਇਨ੍ਹਾਂ ਦੋਹਾਂ ਮੰਗਲਾਂ ਦੇ ਮੂਲ-ਪਾਠ ਨੂੰ ਜੇ ਵਾਚਿਆ ਜਾਵੇ ਤਾਂ ਇਨ੍ਹਾ ਦੀ ਤੁਕ-ਬੰਦਿਸ਼ ਤੋਂ ਇਹ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਲੈਅ ਛੰਤ ਵਾਲੀ ਹੈ। ਆਦਿ ਗ੍ਰੰਥ ਵਿਚ ਛੰਤ ਵੀ ਮੰਗਲਮਈ ਹੀ ਹਨ। ਪਰ ਸੁਆਲ ਪੈਦਾ ਹੁੰਦਾ ਹੈ ਇਨ੍ਹਾਂ ਦੇ ਸਿਰਜਣ-ਹਾਰਾਂ ਨੇ ਇਨ੍ਹਾਂ ਦੀ ਮੂਲ ਬੰਦਿਸ਼ ਦੇ ਨਾਲ ਜਿਥੇ ਇਸ ਦੇ ਕਾਵਿ-ਰੂਪ ਵਲ ਸੰਕੇਤ ਕੀਤਾ ਹੈ ਉਥੇ ਇਸ ਦੀ ਧੁਨੀ ਵਿਸ਼ੇਸ਼ ਵਲ ਵੀ ਇਸ਼ਾਰਾ ਕੀਤਾ ਹੈ। ਇਸ ਤੱਥ ਦੀ ਰਤਾ ਖੁਲਾਸੀ ਵਿਆਖਿਆ ਕਰਨੀ ਉਚਿਤ ਹੈ। ਇਨ੍ਹਾਂ ਮੰਗਲਾਂ ਦੇ ਸਿਰਲੇਖ ਹਨ—

ੳ. ਛੰਤ ਬਿਲਾਵਲ ਮਹਲਾ ੪ ਮੰਗਲ।

ਅ. ਬਿਲਾਵਲ ਮਹਲਾ ੫ ਛੰਤ ਮੰਗਲ।

ਇਥੇ (ੳ) ਦੇ ਸੰਦਰਭ ਵਿਚ ਛੰਤ ਕਾਵਿ-ਰੂਪ ਵਿਸ਼ੇਸ਼, ਬਿਲਾਵਲ ਰਾਗ-ਬੰਦਿਸ਼ ਵਿਸ਼ੇਸ਼, ਮਹਲਾ ੪ ਕਰਤਾ ਵਿਸ਼ੇਸ਼ ਤੇ ਮੰਗਲ ਧੁਨੀ ਵਿਸ਼ੇਸ਼ ਦਾ ਸੰਕੇਤਿਕ ਹੈ।

ਇਸੇ ਤਰ੍ਹਾਂ (ਅ) ਦੇ ਸੰਦਰਭ ਵਿਚ ਬਿਲਾਵਲ ਰਾਗ ਬੰਦਿਸ਼ ਵਿਸ਼ੇਸ਼, ਮਹਲਾ ੫ ਕਰਤਾ ਵਿਸ਼ੇਸ਼, ਛੰਤ ਕਾਵਿ-ਰੂਪ ਵਿਸ਼ੇਸ਼ ਤੇ ਮੰਗਲ ਧੁਨੀ ਵਿਸ਼ੇਸ਼ ਦਾ ਸੰਕੇਤਿਕ ਹੈ। ਇਨ੍ਹਾਂ ਮੰਗਲਾ ਦਾ ਮੂਲ-ਪਾਠ ਛੰਤ-ਬਾਣੀ ਨਾਲ ਮੇਲ ਖਾਂਦਾ ਹੈ। ਰੂਪਕੀ ਤੇ ਥੀਮਕੀ ਜੁਗਤਾਂ ਵਿਚ ਵੀ ਮੰਗਲ ਅਤੇ ਛੰਤ ਸਹਿਧਰਮੀ ਹਨ। ਕੁਲ ਮਿਲਾ ਕੇ, ਮੰਗਲ ਸਿਰਲੇਖ ਇਥੇ ਧੁਨੀ ਵਿਸ਼ੇਸ਼ ਦੇ ਅਰਥਾਂ ਵਿਚ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਰੂਪ-ਵਿਸ਼ੇਸ਼ ਦੇ ਅਰਥਾਂ ਵਿਚ ਨਹੀਂ। ਪਰ ਇਸ ਤੱਥ ਨੂੰ ਸਥਾਪਿਤ ਕਰਨ ਲਈ ਵੀ ਤਾ ਮੂਲ-ਪਾਠ ਦੀ ਲੋੜ ਸੀ। ਦੁਹਰਾਉ ਦਾ ਦੋਸ਼ ਲੈ ਕੇ ਵੀ ਇਹ ਕਿਹਾ ਜਾ ਸਕਦਾ ਹੈ ਇਨ੍ਹਾਂ ਮੰਗਲਾਂ ਦਾ ਮੂਲ-ਪਾਠ ਛੰਤ ਰੂਪ ਦਾ ਧਾਰਣੀ ਹੈ ਤੇ ਅਸਲ ਵਿਚ ਇਹ ਛੰਤ ਹੀ ਹਨ। ਇਸੇ ਲਈ ਇਨ੍ਹਾਂ ਨੂੰ ਆਦਿ ਗ੍ਰੰਥ ਛੰਤ ਵਿਵੇਚਨ ਪੁਸਤਕ ਵਿਚ ਵੀ ਸ਼ਾਮਲ ਕੀਤਾ ਗਿਆ ਹੈ।

ਅੰਤ ਵਿਚ, ਇਹ ਸਪਸ਼ਟ ਕਰਨਾ ਉਚਿਤ ਹੈ ਭਾਵੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਹੀ ਮੰਗਲ ਰੂਪ ਪਰ ਬਾਣੀਕਾਰਾਂ ਨੇ ਤਾਂ ਵੀ ਬਾਣੀ ਦੀ ਬਿਰਤੀ ਅਤੇ ਬਾਣੀ-ਰੂਪ ਵਿਚ ਅੰਤਰ ਸਪਸ਼ਟ ਕਰਨਾ ਉਚਿਤ ਸਮਝਿਆ ਹੈ। ਜ਼ਾਹਿਰ ਹੈ, ਸੋਦਰੁ, ਸੋਪੁਰਖੁ, ਆਰਤੀ ਅਤੇ ਮੰਗਲ ਸਤੁਤੀ ਆਤਮਕ ਰੂਪ ਹਨ। ਇਨ੍ਹਾਂ ਦਾ ਪ੍ਰਯੋਗ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਹੀ ਹੋਇਆ ਹੈ ਤੇ ਇਹ ਰੂਪਾਕਾਰ ਵਿਚ ਪਰਣਿਤ ਨਹੀਂ ਹੋ ਸਕੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਫੁਟ ਨੋਟ

1. ਦਰਵਾਜ਼ਾ, 2. ਕਿਹੜਾ, 3. ਜਿਥੇ, 4. ਵਜਾਉਣ ਵਾਲੇ, 5. ਧਰਮ ਰਾਜ ਦੇ ਮੁਨਸ਼ੀ ਚਿੱਤਰ ਗੁਪਤ, 6. ਚੰਗੇ ਲਗਦੇ ਹਨ, 7. ਕਰੜੇ, 8. ਮਾਤ ਲੋਕ ਦੀਆਂ, 9. ਪਤਾਲ ਦੀਆਂ, 10. ਚੰਦ੍ਰਮਾ ਤੇ ਕਾਮਧੇਨ ਗਊ ਆਦਿ ਜੋ ਸਮੁੰਦਰ ਨੂੰ ਮਥ ਕੇ ਦੇਵਤਿਆਂ ਨੂੰ ਸਮੁੰਦਰ ਵਿਚੋਂ ਚੌਦਾਂ ਰਤਨ ਕਢੇ ਸੀ, 11. ਚਾਰੇ ਖਾਣੀਆਂ—ਅੰਡਜ ਜੇਰਜ ਸੇਤਜ ਤੇ ਉਤਭੁਜ ਅਥਵਾ ਸਾਰੀ ਸ੍ਰਿਸ਼ਟੀ ਦੀ ਪੈਦਾਇਸ਼ ਚਾਰ ਤਰੀਕਿਆਂ ਨਾਲ ਹੋਈ ਹੈ ਜਿਹਾ ਕਿ ਅੰਡੇ ਤੋਂ ਪੈਦਾ ਹੋਣ ਵਾਲੇ ਜੀਵ, ਜਿਉਰ ਤੋਂ ਪੈਦਾ ਹੋਣ ਵਾਲੇ ਜੀਵ, ਪਸੀਨੇ ਤੋਂ ਪੈਦਾ ਹੋਣ ਵਾਲੇ ਜੀਵ ਤੇ ਬਨਸਪਤੀ, 12. ਰਜ਼ਾ ਵਿਚ ਰਹਿਣਾ ਹੀ ਬਣਦਾ ਹੈ, 13. ਅਦ੍ਰਿਸ਼, 14. ਹਰ ਇਕ ਦਿਲ ਵਿਚ, 15. ਕੌਤਕ, 16. ਅਸਚਰਜ, 17. ਬਿਆਨ ਕਰਾਂ, 18. ਡਰ, 19. ਸਮਾਣਗੇ, ਲੀਨ ਹੋਣਗੇ, 20. ਸਿੰਮ੍ਰਤੀਆਂ ਜੋ ਗਿਣਤੀ ਵਿਚ 21 ਹਨ, 22, ਛੇ ਸ਼ਾਸਤਰ ਜੋ ਦਰਸ਼ਨ ਦੇ ਗ੍ਰੰਥ ਹਨ, 23. ਧਰਮ-ਸੰਸਕਾਰ, 24. ਛੇ ਤਰ੍ਹਾਂ ਦੇ ਕਰਮ ਇਹ ਹਨ। ਪੜ੍ਹਨਾ-ਪੜ੍ਹਾਉਣਾ, ਯਗ ਕਰਨਾ-ਕਰਾਉਣਾ, ਦਾਨ ਦੇਣਾ ਤੇ ਲੈਣਾ, 25. ਕਰਦਾ, 26. ਪਰੇ ਤੋਂ ਪਰੇ, ਬੇਹਦ, 27. ਜਿਹਾ. 28. ਲੈਅ ਕੀਤੀ, ਮੁਕਾ ਦਿਤੀ, 29. ਜਾਨਣ ਵਾਲਾ, 30. ਆਸਮਾਨ, 31. ਰੂਪੀ, 32. ਸੂਰਜ, 33. ਤਾਰਿਆਂ ਦਾ ਸਮੂਹ, 34. ਸਮਝੇ, 35. ਦਖਣ ਦੇ ਮਲਯਗਿਰੀ ਪਹਾੜ ਜਿਥੇ ਚੰਦਨ ਉਗਦਾ ਹੈ ਅਥਵਾ ਚੰਦਨ ਨਾਲ ਸੁਗੰਧਿਤ ਹਵਾ, ਧੂਪ ਹੈ, 36. ਹਵਾ, 37. ਸਾਰੀ, 38. ਹਰਿਆਵਲ, 39. ਤੇਰੀ ਪੂਜਾ ਲਈ ਫੁੱਲ ਹਨ, 40. ਭੈਅ ਨੂੰ ਖੰਡਨ ਕਰਨ ਵਾਲਾ ਪ੍ਰਭੂ, 41. ਅਨਹਤ-ਚੋਟ ਤੋਂ ਰਹਿਤ ਭਾਵ ਆਵਾਜ਼ ਤੋਂ ਰਹਿਤ ਵਜਾ ਰਿਹਾ ਹੈ, 42. ਨਗਾਰਾ, 43. ਹਜ਼ਾਰ, 44. ਇਕ ਵੀ ਨਹੀਂ, 45. ਤੇਰੀ, 46. ਚਰਣ, 47. ਨੱਕ, 48. ਕੌਤਕ, 49. ਆਕਰਸ਼ਿਤ, 50. ਉਹੀ, 51. ਗੁਰੂ ਦੀ ਸਿਖਿਆ, 52. ਦਿਸਦੀ, 53. ਫੁੱਲ ਦਾ ਮਿੱਠਾ ਰਸ, 54. ਲਲਚਾ, 55. ਦਿਨ ਰਾਤ, 56. ਮੈਨੂੰ, 57. ਹੈ; 58. ਹੋ ਜਾਵੇ, 59. ਵਾਸਾ ਅਥਵਾ ਨਾਮ ਵਿਚ ਵਾਸਾ ਹੋ ਜਾਵੇ, 60. ਮਿਹਰਵਾਨ, 61. ਮੌਜਾਂ 62. ਮੱਥੇ ਉਤੇ ਭਾਗਾਂ ਦੀ ਮਣੀ, 63. ਰੰਗੀਜਦਾ, 64. ਰੱਜਦਾ, 65. ਹਰੀ ਵਿਚ ਰਮ ਜਾਣ ਦਾ ਵੇਲਾ ਅਥਵਾ ਸਿਮਰਨ ਕਰਨ ਦਾ, 66. ਵੇਲਾ, 67. ਬਹੁਤਾ, 68. ਮੰਦਾ ਬੁਰਾ, 69. ਜਿਸ ਤਕ ਪਹੁੰਚਿਆ ਨਾ ਜਾ ਸਕੇ, 70. ਭਿੱਜ ਗਿਆ, 71. ਭਗਤੀ ਭਾਵ ਨੂੰ ਪਿਆਰ ਕਰਨ ਵਾਲਾ, 72. ਮਛਲੀ, 73. ਕੀਤਾ ਹੈ, 74. ਖਜ਼ਾਨਾ, 75. ਮਾਨ ਅਪਮਾਨ, 76. ਭਰਮਾਏ, 77. ਵਾਹਿਗੁਰੂ, 78. ਸੜ ਜਾਈਏ, 79. ਕਾਂ, 80. ਗ੍ਰਾਸ ਬਨਾਣਾ ਅਥਵਾ ਖਾਣਾ, 81. ਟੱਟੀ, ਪਖਾਨਾ, 82. ਕੀੜੇ, 83. ਪਿਆਰ, 84. ਤਿਆਗੀ ਹੋ ਕੇ, 85. ਕਪੜੇ, 86. ਜ਼ਹਿਰ, 87. ਇਧਰ ਉਧਰ, 88. ਉਹ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਉਦਯੋਗਾਤਮਕ ਰੂਪ

ਕਰਹਲੇ ਮਹਲਾ ੪
ਵਣਜਾਰਾ ਮਹਲਾ ੪

## ਉਦਯੋਗਾਤਮਕ ਰੂਪ—

ਇਹ ਅਜੇਹੇ ਗੀਤ ਹੁੰਦੇ ਹਨ ਜੋ ਕਿਸੇ ਨਾ ਕਿਸੇ ਕੰਮ ਕਰਦੇ ਸਮੇਂ ਗਾਏ ਜਾਂਦੇ ਹਨ। ਕਬੀਰ ਜੀ ਦੀ ਇਕ ਪੰਕਤੀ ਹੈ—

ਹਾਥ ਪਾਉਂ ਸੇ ਕਾਮ ਸਭੁ ਚੀਤਿ ਨਿਰੰਜਨ ਨਾਲ ॥

ਇਸ ਪੰਕਤੀ ਦੇ ਮੂਲ ਵਿਚ ਲੋਕ ਭਾਵਨਾ ਹੀ ਕੰਮ ਕਰਦੀ ਦਿਸਦੀ ਹੈ। ਆਮ ਤੌਰ 'ਤੇ ਸਾਧਾਰਣ ਲੋਕਾਂ ਤੇ ਸੰਤਾਂ ਸਾਧੂਆਂ ਦਾ ਇਹ ਵਿਚਾਰ ਰਿਹਾ ਹੈ ਕਿ 'ਹਥ ਕਾਰ ਵਲ ਚਿੱਤ ਯਾਰ ਵਲ' ਇਥੇ ਯਾਰ ਸ਼ਬਦ ਪ੍ਰਤੀਕਾਤਮਕ ਹੈ। ਇਸ ਦਾ ਅਰਥ ਚਾਹੇ ਕਿਸੇ ਦੁਨਿਆਵੀ ਮਿੱਤਰ ਦਾ ਸਮਝ ਲਉ ਜਾਂ ਰੱਬੀ ਹੋਂਦ। ਪਰ ਇਕ ਗੱਲ ਸਾਫ਼ ਹੈ, ਸਾਡੇ ਲੋਕ ਵਿਸ਼ਵਾਸ ਵਿਚ ਇਹ ਤੱਥ ਮੌਜੂਦ ਹੈ ਕਿ ਹੱਥਾਂ ਨਾਲ ਕੰਮ ਕਰਦੇ ਸਮੇਂ ਕਿਸੇ ਪਰਮ ਪਿਆਰੇ ਨੂੰ ਵੀ ਯਾਦ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਇਹ ਭਾਵਨਾਂ ਹੋਰਨਾਂ ਕਾਰਜਾਂ ਨਾਲ ਵੀ ਜੁੜੀ ਹੋਈ ਹੈ। ਜੇਹਾ ਕਿ ਔਰਤਾਂ ਚੱਕੀ ਚਲਾਂਦਿਆਂ, ਚਰਖਾ ਕੱਤਦਿਆਂ, ਪਾਣੀ ਭਰਨ ਜਾਂਦਿਆਂ, ਪੀਂਘਾ ਝੂਟਦੇ ਆਦਿ ਗਾਉਂਦੀਆਂ ਹਨ।

ਘਰੋਗੀ ਕੰਮਾਂ ਤੋਂ ਇਲਾਵਾ ਭਾਰਾ ਜਾਂ ਔਖਾ ਕੰਮ ਕਰਦਿਆਂ ਮਜ਼ਦੂਰ ਲੋਕ ਨਾਲੇ ਕੰਮ ਕਰਦੇ ਹਨ ਤੇ ਨਾਲੇ ਗਾਉਂਦੇ ਰਹਿੰਦੇ ਹਨ। ਯਾਤਰਾ ਗੀਤ ਵੀ ਕੁਝ ਇਸੇ ਤਰ੍ਹਾਂ ਦੇ ਭਾਵ ਨਾਲ ਸੰਬੰਧਿਤ ਹਨ। ਯਾਤਰਾ ਕਰਦੇ ਸਮੇਂ ਰਾਹ ਦੀਆਂ ਔਕੜਾਂ ਨੂੰ ਭੁਲਾਣ ਹਿਤ ਹੀ ਲੋਕ ਗਾਇਆ ਕਰਦੇ ਹਨ, ਇਹ ਗੱਲ ਅਜ ਵੀ ਵੇਖਣ ਵਿਚ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਉਦਯੋਗਾਤਮਕ ਗੀਤ ਵਿਚੋਂ ਕੇਵਲ ਯਾਤਰਾ ਗੀਤ ਹੀ ਦਰਜ ਕੀਤੇ ਗਏ ਹਨ। ਇਨ੍ਹਾਂ ਦਾ ਨਾਮ ਹੈ—ਕਰਹਲੇ ਅਤੇ ਵਣਜਾਰਾ।

## ਕਰਹਲੇ—

ਕਰਹਲਾ ਦਾ ਮੂਲ ਸ੍ਰੋਤ ਸੰਸਕ੍ਰਿਤ ਹੈ। ਸੰਸਕ੍ਰਿਤ ਵਿਚ ਕਰਭ ਅਤੇ ਕ੍ਰਮੇਲ ਦੋ ਸ਼ਬਦ ਹਨ। ਇਹ ਡਿੰਗਲ ਭਾਸ਼ਾ ਵਿਚ ਕਰਭ ਦਾ ਸਾਮਾਨਾਰਥੀ ਹੈ। ਪੁਰਾਤਨ ਪੰਜਾਬੀ ਵਿਚ ਕਰਹੇ ਨੂੰ ਕਰਹਲ ਕਹਿੰਦੇ ਹਨ। ਕਰਹਲ ਦਾ ਅਰਥ ਹੈ ਊਠ। ਕਰਹਲੇ ਕਰਹਲ ਦਾ ਬਹੁਵਚਨ ਹੈ। ਭਾਈ ਕਾਹਨ ਸਿੰਘ ਅਨੁਸਾਰ ਕਰਹਲ ਦਾ ਮੂਲ ਸੰਸਕ੍ਰਿਤ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰੇਮੇਲ ਸ਼ਬਦ ਹੈ। ਸਿੰਧੀ ਵਿਚ ਕਰਹੋ ਸ਼ਬਦ ਹੈ ਜਿਸ ਦਾ ਅਰਥ ਹੈ ਦੀਰਘ ਜੰਘ ਅਥਵਾ ਵੱਡੀਆਂ ਲਤਾਂ ਵਾਲਾ ਸੁਤਰ ਜਾਂ ਊਠ।

ਪੁਰਾਣੇ ਜ਼ਮਾਨੇ ਵਿਚ ਆਵਾਜਾਈ ਦੇ ਸਾਧਨ ਘਟ ਹੋਣ ਕਰਕੇ ਲੋਕ ਸਮਾਨ ਦੀ ਢੋਆ ਢੁਆਈ ਵਿਚ ਊਠਾਂ ਤੋਂ ਕੰਮ ਲੈਂਦੇ ਸਨ। ਵਪਾਰੀ ਲੋਕ ਊਠ ਲੱਦ ਕੇ ਲੈ ਜਾਂਦੇ ਸਨ ਤੇ ਪ੍ਰਦੇਸਾਂ ਵਿਚ ਰੁਜ਼ਗਾਰ ਦੀ ਖ਼ਾਤਰ ਨਿਤ ਹੀ ਯਾਤਰਾ ਉਪਰ ਤੁਰੇ ਰਹਿੰਦੇ ਸ਼ਨ। ਦੂਸ਼ਰੇ ਸ਼ਬਦਾਂ ਵਿਚ ਨਿਤ-ਭਟਕਣ ਹੀ ਇਨ੍ਹਾਂ ਊਠਾਂ ਵਾਲਿਆਂ ਦੀ ਹੋਣੀ ਸੀ। ਸ਼ਬਦਾਰਥ ਅਨੁਸਾਰ ਇਹ ਊਠਾਂ ਵਾਲੇ ਨਿਤ ਪ੍ਰਦੇਸੀ ਤਾਂ ਹੁੰਦੇ ਹੀ ਸਨ ਪਰ ਆਪਣੇ ਸਫ਼ਰ ਦੇ ਦੌਰਾਨ ਇਹ ਇਕ ਖ਼ਾਸ ਸੁਰ ਵਾਲਾ ਗੀਤ ਵੀ ਗਾਉਂਦੇ ਰਹਿੰਦੇ ਸਨ।

ਹੁਣ ਸੁਆਲ ਪੈਦਾ ਹੁੰਦਾ ਹੈ 'ਕਰਹਲੇ' ਸਿਰਲੇਖ ਆਦਿ ਗ੍ਰੰਥ ਵਿਚ ਕੇਵਲ ਮਹਲਾ ੪ ਨੇ ਹੀ ਪ੍ਰਯੋਗ ਕੀਤਾ ਹੈ। ਕਰਹਲੇ ਇਕ ਰੂਪਕ ਵੀ ਹੈ ਤੇ ਲੈਅ ਸੰਕੇਤਕ ਵੀ। ਜਿਵੇਂ ਊਠਾਂ ਵਾਲੇ ਨਿਤ ਪ੍ਰਦੇਸੀ ਰਹਿੰਦੇ ਸਨ ਇਸੇ ਤਰ੍ਹਾਂ ਜੀਵਾਤਮਾ ਵੀ ਜਨਮ ਮਰਣ ਦੇ ਗੇੜ ਵਿਚ ਪੈ ਕੇ ਭਟਕਦੀ ਰਹਿੰਦੀ ਹੈ। ਇਥੇ ਜੀਵਾਤਮਾ ਨੂੰ ਇਕ ਰੂਪਕ ਰਾਹੀਂ ਉਪਦੇਸ਼ ਦਿੱਤਾ ਹੈ। ਦੂਜਾ, ਆਦਿ ਗ੍ਰੰਥ ਵਿਚ ਕੁਝ ਹੋਰ ਸਿਰਲੇਖ ਅਜੇਹੇ ਵੀ ਹਨ ਜੋ ਲੈਅ ਸੰਕੇਤਕ ਵੀ ਹਨ, ਜੇਹਾ ਕਿ 'ਆਸਾ ਮਹਲਾ ੫ ਬਿਰਹੜੇ ਛੰਤਾਂ ਕੀ ਜਤਿ' ਦਾ ਅਰਥ ਹੈ ਇਹ ਛੰਤ ਵੀ ਛੰਤਾਂ ਦੀ ਲੈਅ ਵਿਚ ਹੀ ਗਾਉਣਾ ਹੈ।

ਇਸੇ ਤਰ੍ਹਾਂ ਅਨੁਮਾਨ ਹੈ, 'ਕਰਹਲੇ' ਵੀ ਸ਼ਾਇਦ ਉਸ ਲੈਅ ਵਲ ਸੰਕੇਤ ਕਰਦਾ ਹੋਵੇ, ਜੋ ਊਠਾਂ ਵਾਲੇ ਪ੍ਰਦੇਸ-ਯਾਤਰਾ ਕਰਦੇ ਸਮੇਂ ਗਾਇਆ ਕਰਦੇ ਸਨ।

ਸਾਡਾ ਬਹੁਤ ਸਾਰਾ ਲੋਕ-ਸੰਗੀਤ ਪੀੜ੍ਹੀ-ਦਰ-ਪੀੜ੍ਹੀ ਲੋਕ ਬੁਲ੍ਹਾਂ ਉਪਰ ਤੁਰਦਾ ਆਇਆ ਹੈ। ਸਭਿਅਤਾ ਦੇ ਬਦਲਣ ਨਾਲ ਲੋਕ ਸੰਗੀਤ ਦੀ ਸਹੀ ਸਾਰ ਸੰਭਾਲ ਨਹੀਂ ਕੀਤੀ ਜਾ ਸਕੀ। ਉਂਝ ਕੰਮ ਕਰਦਿਆਂ ਗਾਉਣਾ ਅਜ ਵੀ ਅਸੀਂ ਦੇਖਦੇ ਹਾਂ। ਸੀਵਰ ਦੀ ਲਾਈਨਾਂ ਪਾਉਣ ਵਾਲੇ ਵੱਡੇ ਵੱਡੇ ਭਾਰੇ ਭਾਰੇ ਭਾਰੇ ਰੋਲਰ ਜਿਨ੍ਹਾਂ ਨੂੰ ਉਹ ਧਰਤੀ ਦੇ ਅੰਦਰ ਗਡਦੇ ਹਨ। ਉਨ੍ਹਾਂ ਨੂੰ ਖਿਚਦੇ ਸਮੇਂ ਬਹੁਤ ਸਾਰੇ ਮਜ਼ਦੂਰ ਮਿਲ ਕੇ ਨਾਲ ਨਾਲ ਗਾਉਂਦੇ ਵੀ ਰਹਿੰਦੇ ਹਨ।

ਅਜੇ ਵੀ ਪਿੰਡਾਂ ਵਿਚ ਮੁਟਿਆਰਾਂ ਜਦੋਂ ਕਿਧਰੇ ਇਕੱਠੀਆਂ ਹੋ ਕੇ ਤੁਰਦੀਆਂ ਜਾਂਦੀਆਂ ਹਨ ਤਾਂ ਨਾਲ ਨਾਲ ਮਿਲ ਕੇ ਗਾਉਂਦੀਆਂ ਵੀ ਰਹਿੰਦੀਆਂ ਹਨ। ਇਸ ਤਰ੍ਹਾਂ ਥਕਾਵਟ ਦਾ ਅਹਿਸਾਸ ਬਹੁਤ ਘਟ ਹੁੰਦਾ ਹੈ।

ਸ਼ਬਦਾਰਥ ਅਨੁਸਾਰ ਊਠਾਂ ਵਾਲੇ ਇਕ ਖ਼ਾਸ ਲੈਅ ਉਪਰ ਗੀਤ ਵੀ ਗਾਉਂਦੇ ਰਹਿੰਦੇ ਸਨ। ਇਕ ਸਾਰਥਕ ਟਿੱਪਣੀ ਹੈ। ਪ੍ਰਦੇਸ਼ ਦਾ ਵਸੇਬਾ, ਸਫਰ ਦੀਆਂ ਕਠਿਨਾਈਆਂ, ਧੁਪ ਮੀਂਹ, ਜੰਗਲ, ਸਰਦੀ ਗਰਮੀ, ਜੰਗਲੀ ਜਾਨਵਰਾਂ ਦਾ ਭੈਅ ਕੋਈ ਵੱਡੀ ਗੱਲ ਨਹੀਂ ਜੋ ਇਹ ਊਠਾਂ ਵਾਲੇ ਸਫ਼ਰ ਕਰਦਿਆਂ ਨਾਲ ਗਾਉਂਦੇ ਹੋਣ। ਹੋ ਸਕਦਾ ਹੈ, ਗੁਰੂ ਰਾਮਦਾਸ ਜੀ ਦੇ ਸਮੇਂ ਇਹ ਲੈਅ ਵਧੇਰੇ ਪ੍ਰਚਲਿਤ ਹੋਵੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਟੇਪ-ਰਿਕਾਰਡਰ ਜਾਂ ਰਿਕਾਰਡ ਦੀ ਅਣਹੋਂਦ ਕਰਕੇ ਇਹ ਲੋਕ ਧਾਰਨਾ ਸਾਡੇ ਤਕ ਨਾ ਪਹੁੰਚ ਸਕੀ ਹੋਵੇ। ਕੁਲ ਮਿਲਾਕੇ ਕਰਹਲੇ ਦੋ ਤੱਥਾਂ ਨੂੰ ਉਜਾਗਰ ਕਰਦਾ ਹੈ—ਪਹਿਲਾ, ਕਰਹਲੇ ਦਾ ਪ੍ਰਯੋਗ ਇਕ ਰੂਪਕ ਵਜੋਂ ਕੀਤਾ ਗਿਆ ਹੈ। ਦੂਜਾ, ਇਹ ਇਕ ਖ਼ਾਸ ਲੈਅ ਦਾ ਸੰਕੇਤਕ ਵੀ ਹੋ ਸਕਦਾ ਹੈ ਅਥਵਾ ਉਹ ਲੋਕ ਧਾਰਨਾ ਜਿਸ ਦਾ ਸੰਬੰਧ ਆਜੜੀ-ਗੀਤਾ ਨਾਲ ਵੀ ਹੋ ਸਕਦਾ ਹੈ, ਵਲ ਸੰਕੇਤ ਕਰਦਾ ਹੈ।

ੴ ਸਤਿਗੁਰ ਪ੍ਰਸਾਦਿ ॥

**ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ** (ਆਦਿ ਗ੍ਰੰਥ-234)

ਕਰਹਲੇ[1] ਮਨ ਪਰਦੇਸੀਆਂ ਕਿਉ ਮਿਲੀਐ ਹਰਿ ਮਾਇ।
ਗੁਰੂ ਭਾਗਿ ਪੂਰੇ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥
ਮਨ ਕਰਹਲਾ ਸਤਿਗੁਰੂ ਪੁਰਖੁ ਧਿਆਏ ॥ਰਹਾਉ॥
ਮਨ ਕਰਹਲਾ ਵੀਚਾਰੀਆ ਹਰਿ ਰਾਮ ਧਿਆਇ।
ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥
ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ।
ਪਰਤਖਿ ਪਿਰੁ ਘਰਿ[2] ਨਾਲਿ ਪਿਆਰਾ ਵਿਛੁੜਿ ਚੋਟਾ[3] ਖਾਇ ॥੩॥
ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ[4] ਭਾਲਾਇ[5]।
ਉਪਾਇ[6] ਕਿਤੈ ਨ ਲਭਦੀ ਗੁਰੂ ਹਿਰਦੈ ਹਰਿ ਦੇਖਾਇ ॥੪॥
ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵਲਾਇ।
ਘਰੁ[7] ਜਾਇ ਪਾਵਰਿ ਰੰਗਿ[8] ਮਹਲੀ ਗੁਰੂ ਮੇਲੇ ਹਰਿ ਮੇਲਾਇ ॥੫॥
ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ[9]।
ਪਾਖੰਡਿ ਲੋਭੀ[10] ਮਾਰੀਐ ਜਮ ਡੰਡੁ[11] ਦੇਇ ਸਜਾਇ ॥੬॥
ਮਨ ਕਰਹਲਾ ਮੇਰੋ ਪ੍ਰਾਨ ਤੂ ਮੈਲੁ ਪਾਖੰਡੁ ਭਰਮੁ ਗਵਾਇ।
ਹਰਿ ਅੰਮ੍ਰਿਤਸਰੁ[12] ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥
ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ[13] ਸੁਣਾਇ।
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨਾ ਕੋਈ ਜਾਇ ॥੮॥
ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ[14] ਪਾਇ।
ਹਰਿ ਦਰਗਹ ਪੈਨਾਇਆ[15] ਰਰਿ ਆਪਿ ਲਇਆ ਗਲਿ ਲਾਇ ॥੯॥
ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ।
ਗੁਰ ਆਗੈ ਕਰ ਜੋਦੜੀ[16] ਜਨ ਨਾਨਕ ਹਰਿ ਮੈਲਾਇ ॥੧੦॥

**ਗਉੜੀ ਮਹਲਾ ੪**

ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਇ।
ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ।੧।ਰਹਾਉ।
ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ[17] ਜਾਲਿ ।
ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥
ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੂ ਭਾਲਿ ।
ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੇ ਤੇਰੈ ਨਾਲਿ ॥੩॥
ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ।
ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥੪॥
ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ[18] ਸਮਾਲਿ ।
ਗੁਰਿ ਨਉ[19] ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥
ਮਨ ਕਰਹਲਾ ਤੂੰ ਚੰਚਲ ਚਤੁਰਾਈ ਛਡਿ ਵਿਕਰਾਲਿ[20] ।
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ।
ਗੁਰ ਗਿਆਨ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ।
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥
ਰੰਗ ਰਤੜੇ[21] ਮਨ ਕਰਹਲੇ ਹਰਿ ਰੰਗੁ ਸਚਾ ਸਮਾਲਿ ।
ਹਰਿ ਰੰਗੁ ਕਦੇ ਨ ਉਤਰੇ ਗੁਰ ਸੇਵਾ ਸਬਦ ਸਮਾਲਿ ॥੯॥
ਹਮ ਪੰਖੀ ਮਨ ਕਰਹਲੇ ਹਰਿ ਤਰਵਰੁ[22] ਪੁਰਖੁ ਅਕਾਲਿ ॥
ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥

'ਕਰਹਲੇ' ਦੀ ਮੂਲ ਬਾਣੀ ਦੇ ਆਰੰਭ ਵਿਚ ਇਸ ਉਪਰ ਵਿਚਾਰ ਕਰਦਿਆਂ ਦੋ ਨੁਕਤੇ ਸਾਹਮਣੇ ਆਏ ਸਨ ਪਹਿਲਾਂ, 'ਕਰਹਲੇ' ਦਾ ਪ੍ਰਯੋਗ ਰੂਪਕ ਵਜੋਂ ਹੋਇਆ ਹੈ ਤੇ ਦੂਸਰਾ ਸ਼ਾਇਦ, ਕਰਹਲੇ ਵਿਸ਼ੇਸ਼ ਲੈਅ ਦੇ ਸੰਕੇਤਕ ਹਨ । ਪਰ ਇਸ ਦੀ ਮੂਲ ਬਾਣੀ ਤੋਂ ਜੋ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਹੈ, ਇਸ ਦਾ ਪ੍ਰਯੋਗ ਰੂਪਕ ਦੇ ਤੌਰ ਤੇ ਕੀਤਾ ਗਿਆ ਕਹਿਣਾ ਵਧੇਰੇ ਜੋਗ ਪ੍ਰਤੀਤ ਹੁੰਦਾ ਹੈ । ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰ ਪੁਰਾਣੇ ਆਚਾਰੀਆ ਇਕ ਮਤ ਹਨ ਕਿ ਸ਼ਬਦ ਵਿਚਲੀ ਰਹਾਉ ਸ਼ਬਦ ਦੇ ਕੇਂਦਰੀ ਨੁਕਤੇ ਨੂੰ ਸਪਸ਼ਟਤਾ ਦੇਂਦੀ ਹੈ । ਇਸ ਪੱਖੋਂ ਦੋਹਾਂ ਕਰਹਲਿਆਂ ਦੀਆਂ ਰਹਾਉ ਦਾ ਮੂਲ ਪਾਠ ਇਸ ਪ੍ਰਕਾਰ ਹੈ—

ੳ. ਮਨ ਕਰਹਲਾ ਸਤਿਗੁਰੁ ਪੁਰਖੁ ਧਿਆਏ ।
ਅ. ਮਨ ਕਰਹਲਾ ਗੁਰ ਗੋਬਿੰਦ ਸਮਾਲਿ ।

ਜ਼ਾਹਿਰ ਹੈ, ਮਨ ਨੂੰ ਕਰਹਲਾ ਜਾਂ ਪ੍ਰਦੇਸੀ ਸੰਬੋਧਨ ਕਰਕੇ ਸਤਿਗੁਰੂ ਦੀ ਅਰਾਧਨਾ ਕਰਨ ਲਈ ਉਪਦੇਸ਼ ਦਿਤਾ ਹੈ । ਗੁਰਮਤਿ ਵਿਚ 'ਮਨ' ਦਾ ਸੰਕਲਪ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਮਹੱਤਵਪੂਰਣ ਬਲ ਦਿਤਾ ਗਿਆ ਹੈ। ਮਨ ਦਾ ਸਹਿਜ ਰੂਪ ਹੈ ਹੀ ਆਪੇ ਤੋਂ ਬਾਹਰ ਬਿਰਨਾ। ਮਨ ਫੁਰਨਾ ਰੂਪ ਹੋ ਕੇ ਅੰਤਰ ਆਤਮਾ ਵਿਚ ਕੇਂਦਰਿਤ ਜਾਂ ਇਕਾਗਰ ਹੋਣ ਦੀ ਬਜਾਏ ਬਾਹਰ ਭਟਕਦਾ ਰਹਿੰਦਾ ਹੈ। ਇਸੇ ਕਰਕੇ ਇਸ ਨੂੰ ਪਰਦੇਸੀ (ਜੋ ਦੂਸਰੇ ਦੇ ਦੇਸ਼ ਵਿਚ ਵਿਚਰਦਾ ਰਹਿੰਦਾ ਹੈ ਕਿਹਾ ਗਿਆ ਹੈ। ਇਥੇ ਕਰਹਲਾ ਬਾਣੀ ਵਿਚ ਮਨ ਨੂੰ ਬਾਰੰਬਾਰ ਸੰਬੋਧਿਤ ਕੀਤਾ ਗਿਆ ਹੈ। 'ਮਨ ਕਰਹਲੇ' ਦਾ ਪ੍ਰਯੋਗ ਹਰ ਦੂਸਰੀ ਪੰਕਤੀ ਵਿਚ ਕੀਤਾ ਗਿਆ ਹੈ। ਬਾਰੰਬਾਰ ਸੰਬੋਧਨ ਇਸਨੂੰ ਅੰਗਰੇਜ਼ੀ ਵਿਚਲੇ Ode ਕਾਵਿ-ਰੂਪ ਦੇ ਨੇੜੇ ਜਾ ਖਲ੍ਹਾਰਦਾ ਹੈ। Ode ਲਾਜ਼ਮੀ ਤੌਰ ਤੇ ਗਾਈ ਗਾਣ ਵਾਲੀ ਪ੍ਰਗੀਤਕ ਰਚਨਾ ਹੈ। ਇਸ ਦਾ ਨਿਵੇਕਲਾ ਗੁਣ ਸੰਬੋਧਨੀ ਹੋਣਾ ਹੈ। ਕਰਹਲੇ ਇਕ ਪਾਸੇ, ਉਪਦੇਸ਼ਾਤਮਕ ਰਚਨਾ ਹੈ। ਦੂਜੇ ਪਾਸੇ, ਸੰਬੋਧਨੀ। ਤੇ ਇਹੀ ਇਸ ਰੂਪ ਦੀ ਵਿਲੱਖਣਤਾ ਵੀ ਹੈ।

ਰੂਪਕਾਰ ਦੇ ਪਖੋਂ ਦੋਵੇਂ ਕਰਹਲੇ 10 ਬੰਦਾਂ ਦੇ ਧਾਰਣੀ ਹਨ। ਹਰ ਬੰਦ ਦੋ ਤੁਕਾਂ ਦਾ ਹੈ। ਵਿਲੱਖਣਤਾ ਇਹ ਹੈ ਕਿ ਦੋਹਾਂ ਵਿਚ ਰਹਾਉ ਦਾ ਪ੍ਰਯੋਗ ਕੀਤਾ ਗਿਆ ਹੈ। ਲੇਖਿਕਾ ਦੀ ਖੋਜ ਅਨੁਸਾਰ ਜਿਹੜੀਆਂ ਬਾਣੀਆਂ ਲੋਕ ਧਾਰਨਾ ਉਪਰ ਲਿਖੀਆਂ ਗਈਆਂ ਹਨ ਉਨ੍ਹਾਂ ਵਿਚ ਰਹਾਉ ਆਮ ਤੌਰ ਉਤੇ ਨਹੀਂ ਹੁੰਦੀ ਭਾਵੇਂ ਇਸ ਦਾ ਇਕ ਅੱਧ ਅਪਵਾਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ, ਪਰ ਉਥੇ ਇਹ ਨੁਕਤਾ ਹੋਰ ਖੋਜ ਦੀ ਮੰਗ ਕਰਦਾ ਹੈ। ਰਹਾਉ ਦਾ ਮੂਲ ਸੰਬੰਧ ਰਾਗ ਦੀ ਟੇਕ ਨਾਲ ਹੁੰਦਾ ਹੈ। ਉਦਾਹਰਣ ਵਜੋਂ ਅਲਾਹਣੀ, ਆਰਤੀ, ਅੰਜਲੀਆਂ ਤੇ ਸ਼ਦ ਵਿਚ ਰਹਾਉ ਦਾ ਪ੍ਰਯੋਗ ਨਹੀਂ ਕੀਤਾ ਗਿਆ ਤੇ ਇਥੋਂ ਹੀ ਸਾਡੇ ਮਤ ਦੀ ਪੁਸ਼ਟੀ ਵੀ ਹੁੰਦੀ ਹੈ।

ਇੰਝ ਮਾਲੂਮ ਹੁੰਦਾ ਹੈ' 'ਕਰਹਲੇ' ਸ਼ਬਦ ਦਾ ਪ੍ਰਯੋਗ ਇਕ ਰੂਪਕ ਵਜੋਂ ਕੀਤਾ ਗਿਆ ਹੈ, ਕਾਵਿ ਰੂਪ ਕਰਕੇ ਨਹੀਂ। ਇਸ ਰਚਨਾ ਦਾ ਮੂਲ ਸੰਬੰਧ ਲੋਕ ਕਾਵਿ-ਰੂਪ ਨਾਲ ਨਾ ਹੋ ਕੇ ਸਾਹਿਤਕ ਰੂਪ Ode ਅਥਵਾ ਪ੍ਰਗੀਤ ਨਾਲ ਹੈ। ਸੰਦੇਹ ਨਹੀਂ 'ਕਰਹਲੇ ਸ਼ਬਦ ਦਾ ਪ੍ਰਯੋਗ ਇਸ ਵਿਚ ਲੋਕ ਗੀਤ ਵਾਲਾ ਵਾਤਾਵਰਣਕ ਰੰਗ ਵੀ ਭਰਦਾ ਹੈ।

**ਵਣਜਾਰਾ**

ਵਣਜਾਰਾ ਦਾ ਅਰਥ ਹੈ, ਵਣਜ ਜਾਂ ਵਪਾਰ ਕਰਨ ਵਾਲਾ। ਵਣਜਾਰੇ ਲੋਕ ਅਕਸਰ ਇਕ ਥਾਂ ਤੋਂ ਦੂਸਰੀ ਥਾਂ ਉਪਰ ਵਪਾਰ ਕਰਨ ਲਈ ਜਾਂਦੇ ਰਹਿੰਦੇ ਸਨ ਤੇ ਅੱਜ ਵੀ ਜਾਂਦੇ ਹਨ। ਸਫ਼ਰ ਦੀਆਂ ਕਠਿਨਾਈਆਂ ਦੁਖ ਭੁੱਖ, ਮੀਂਹ, ਹਨੇਰੀ, ਪਾਲਾ, ਗਰਮੀ ਆਦਿ ਇਹ ਸਿਰ ਉਪਰ ਸਹਾਰ ਕੇ ਵੀ ਲਾਭ ਪ੍ਰਾਪਤ ਕਰਨ ਦੀ ਗੱਲ ਸੋਚਦੇ ਸਨ। ਸਫ਼ਰ ਕਰਦਿਆਂ ਗਾਉਣਾ ਅੱਜ ਵੀ ਕਈ ਥਾਂਈਂ ਵੇਖਿਆ ਜਾਂਦਾ ਹੈ। ਰਾਹ ਦੀ ਔਖਿਆਈ ਨੂੰ ਭੁੱਲਣ ਦੇ ਜਤਨ ਵਿਚ ਹੀ ਯਾਤਰੂ ਲੋਕ ਗੀਤ ਜਾਂ ਭਜਨ ਗਾਉਣ ਲਗ ਪੈਂਦੇ ਹਨ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਣਜਾਰਾ ਦਾ ਸੰਬੰਧ ਵੀ ਯਾਤਰਾ ਗੀਤਾਂ ਨਾਲ ਹੈ। ਗੁਰੂ ਰਾਮਦਾਸ ਨੇ 'ਵਣਜਾਰਾ' ਰੂਪ-ਰਚਨਾ ਵਿਚ ਵਣਜਾਰਾ ਰੂਪਕ ਦੀ ਵਰਤੋਂ ਕੀਤੀ ਹੈ। ਇਹ ਉਪਦੇਸ਼ਾਤਮਕ ਰਚਨਾ ਹੈ। ਅਸਲੀ ਵਣਜ ਮਾਇਆ ਨੂੰ ਕਮਾਉਣ ਦਾ ਨਹੀਂ, ਮਨੁੱਖ ਨੂੰ ਹਰਿ ਹਰਿ ਉਤਮ ਨਾਮ ਹੈ ਦੀ ਕਮਾਈ ਕਰਨੀ ਚਾਹੀਦੀ ਹੈ। ਵਣਜਾਰਿਆਂ ਦਾ ਕੰਮ ਹੈ ਹਿੰਮਤ ਨਾਲ, ਦੁਖ-ਸੁਖ ਝਲ ਕੇ ਪਰਦੇਸਾਂ ਵਿਚ ਕਮਾਈ ਕਰਨ ਜਾਣਾ ਪਰ ਜੇ ਭਾਗਾਂ ਵਿਚ ਸੁਖ ਹੋਵੇ ਤਾਂ ਹੀ ਮਾਇਆ ਦੀ ਪ੍ਰਾਪਤੀ ਹੁੰਦੀ ਹੈ। ਇਥੇ 'ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ, ਗੁਰੂ ਦੀ ਸਰਣ ਵਿਚ ਜਾਣ ਦਾ ਉਪਦੇਸ਼ ਹੈ। ਗੁਰੂ ਦੀ ਸਰਣ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਕੁਲ ਮਿਲਾਕੇ, ਵਣਜਾਰੇ ਦੀਆਂ ਵਿਭਿੰਨ ਲੋੜਾਂ ਨੂੰ ਮੁਖ ਰਖਕੇ ਪਹਿਲੇ ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਬਾਅਦ ਵਿਚ ਵਣਜਾਰੇ ਨੂੰ ਲੋਕ ਨਾਲੋਂ ਪਰਲੋਕ ਮੁਖ ਹੋਣ ਦਾ ਉਪਦੇਸ਼ ਦਿਤਾ ਹੈ। ਦੁਨਿਆਵੀ ਵਪਾਰ ਦਾ ਸੰਦਰਭ ਉਭਾਰ ਕੇ ਅਲੌਕਿਕ ਵਪਾਰ ਕਰਨ ਦੀ ਪ੍ਰੇਰਣਾ ਦਿਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਣਜਾਰਾ-ਰੂਪ ਦੀ ਵਰਤੋਂ ਕੇਵਲ ਚੌਥੇ ਗੁਰੂ ਨੇ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਣਜਾਰਾ ਇਕ ਰਚਨਾ ਹੈ ਤੇ ਨਾਮ-ਵਣਜ ਕਰਨ ਦਾ ਉਪਦੇਸ ਦ੍ਰਿੜ੍ਹ ਕਰਾਉਂਦੀ ਹੈ।

ੴ ਸਤਿਗੁਰਪ੍ਰਸਾਦਿ ॥

**ਸਿਰੀ ਰਾਗੁ ਮਹਲਾ ੪ ਵਣਜਾਰਾ** (ਆਦਿ ਗ੍ਰੰਥ 81)

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ[23] ਸਭੁ ਕੋਇ ਜੀਉ ।
ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਹਮਈਆ ਸੋਇ ।
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ।
ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ।
ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ[24] ਹੋਇ ॥੧॥

ਮੈ ਹਰਿ ਬਿਨੁ ਅਵਰੁ ਨ ਕੋਇ ।
ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ।
ਵਡਭਾਗਿ ਪਰਾਪਤਿ ਹੋਇ ।ਰਹਾਉ।
ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ।
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੂਆ ਪੁਤੁ ਨਿਨਾਉ ।
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ।
ਵਡਭਾਗੀ ਗੁਰ ਪਾਇਆ ਹਰਿ ਅਹਿਨਿਸਿ ਲਗਾ ਭਾਉ ।
ਜਨ ਨਾਨਕਿ ਬ੍ਰਹਮ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਿ ਹਰਿ ਹੀਰ ਲਗਾ ਚਾਉ ।
ਗੁਰਿਪੂਰੇ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ।।ਰਹਾਉ।।
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ ।
ਚਲਦਿਆਂ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ।
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੂਠਾ ਆਇ ।
ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ।
ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ।।੩।।
ਮਨ ਹਰਿ ਹਰਿ ਪ੍ਰੀਤਿ ਲਗਾਇ ।
ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ।੧।ਰਹਾਉ।
ਹਰਿ ਆਪੇ ਆਪੁ ਉਪਾਇਦਾ[25] ਹਰਿ ਆਪੇ ਦੇਵੈ ਲੇਇ ।.
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ।
ਗੁਰਮੁਖਾ ਮਨਿ ਪਰਗਾਸੁ[26] ਹੈ ਸੇ ਵਿਰਲੇ ਕੋਈ[27] ਕੇ ।
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ[28] ।
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੂਠੜਾ[29] ਹੈ ।।੪।।
ਮਨਿ ਹਰਿ ਹਰਿ ਜਪਨੁ[30] ਕਰੇ ।
ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ[31] ਦੁਖ ਪਰਹਰੇ[32] ।ਰਹਾਉ
ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ[33] ।
ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ ।
ਮੈ ਧਰ ਨਾਮੁ ਅਧਾਰ ਹੈ ਹਰਿ ਨਾਮੈ ਤੇ ਗਤਿ ਮਤਿ ।
ਮੈ ਹਰਿ ਹਰਿ ਨਾਮ ਵਿਸਾਹੁ[34] ਹੈ ਹਰਿ ਨਾਮੇ ਹੀ ਜਤਿ ਪਤਿ ।
ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ।।੫।।
ਹਰਿ ਧਿਆਵਹੁ ਹਰਿ ਪ੍ਰਭੁ ਸਤਿ ।
ਗੁਰਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ[35] ।।ਰਹਾਉ।।
ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰਪਾਸਿ ।
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪਰਗਾਸਿ ।
ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ।
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ।
ਜਨ ਨਾਨਕ ਗੁਰ ਤਿਨ ਪਾਇਆ ਜਿਨਾ ਆਪਿ ਤੁਠਾ[36] ਗੁਣਤਾਸਿ[37] ।।੬।।
ਹਰਿ ਧਿਆਵਹੁ ਸਾਸਿ ਗਿਰਾਸਿ[38] ।
ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ[39] ।।ਰਹਾਉ।।



CC-0. In Public Domain. Gurukul Kangri Collection, Haridwar

## ਫੁਟ ਨੋਟ

Digitized by Arya Samaj Foundation Chennai and eGangotri

1. ਭਟਕਣ ਰੂਪ ਪਰਦੇਸੀ ਮਨ, 2. ਘਰ (ਦਿਲ) ਵਿਚ ਅਥਵਾ ਅੰਤਰ ਆਤਮੇ, 3. ਦੁਖ, 4. ਖੋਜ, 5. ਖੋਜ ਕਰੋ, 6. ਤਰੀਕਾ, ਸਾਧਨ, 7. ਹਿਰਦੇ ਵਿਚ, 8. ਪ੍ਰੇਮ ਦੇ ਮਹਿਲ ਵਿਚ, 9. ਛੱਡ ਦੇਹ, 10. ਲੋਭ ਕਰਕੇ, 11. ਮਰਦਾ ਹੈ, 12. ਡੰਡੇ, 13. ਗੁਰੂ ਨੇ ਹਰੀ ਨਾਮ ਦਾ ਸਰੋਵਰ ਭਰ ਰੱਖਿਆ ਹੈ, 14. ਸਿਖਿਆ, 15. ਗੁਰੂ ਨਾਲ ਰਸੂਖ ਪਾ ਕੇ, 16. ਇਜ਼ਤ ਮਿਲੀ ਹੈ, 17. ਬੇਨਤੀ, 18. ਮਾਇਆ ਦੇ ਵੱਡੇ ਜਾਲ ਵਿਚ, 19. ਅੰਤਰ ਆਤਮਾ ਵਿਚ ਹਰੀ ਦੀ ਜੋਤ ਨੂੰ ਸਿਮਰੋ, 20. ਨਾਮ ਜੋ ਹਰਿ ਤਰ੍ਹਾਂ ਦੇ ਸੁਖਾਂ ਦਾ ਖਜ਼ਾਨਾ ਹੈ, 21. ਡਰਾਉਣੀ, 22.ਮਾਇਆ ਦੇ ਰੰਗ ਵਿਚ ਰਤੇ ਹੋਏ 23.ਬਿਰਛ, 24.ਸਿਰਜਿਆ, 25.ਸਹਾਈ, ਮਦਦਗਾਰ, 26.ਪੈਦਾ ਕਰਦਾ, 27.ਚਾਨਣਾ, 28. ਕੋਈ, 29. ਗੁਰੂ ਦੀ ਮਤ ਨਾਲ, 30. ਵਸਿਆ, 31. ਜਾਪ, 32. ਦੂਰ ਕੀਤੇ, 33. ਭਾਂਡ, ਤਰੀਕਾ, 34. ਭਰੋਸਾ, 35. ਪੈਦਾ ਹੁੰਦੇ, 36. ਕਿਰਪਾਲ ਹੋਇਆ, 37. ਗੁਣਾਂ ਦਾ ਖ਼ਜ਼ਾਨਾ, 38. ਰੋਟੀ ਖਾਂਦਿਆਂ, 39. ਰਹੁ-ਰੀਤ ਅਥਵਾ ਨਾਮ ਜਪਣਾ ਜਿਨ੍ਹਾਂ ਦੀ ਰਹੁ-ਰੀਤ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੋਕ ਮੁਹਾਵਰਾ ਬੋਧਕ

ਬਿਰਹੜੇ ਮਹਲਾ ੫
ਕੁਚਜੀ ਮਹਲਾ ੧
ਸੁਚਜੀ ਮਹਲਾ ੧
ਗੁਣਵੰਤੀ ਮਹਲਾ ੫

**ਲੋਕ ਮੁਹਾਵਰਾ ਬੋਧਕ—**

ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅਜਿਹੇ ਰੂਪ ਹਨ ਜਿਨ੍ਹਾਂ ਦੀ ਰੰਗਤ ਲੋਕ ਬੋਲਚਾਲ ਵਾਲੀ ਹੈ। ਇਹ ਨਾ ਤਾਂ ਅਨੁਸ਼ਠਾਨਿਕ ਹਨ, ਨਾ ਤਿਥੀਵਾਰਕ, ਨਾ ਸਤੁਤੀਵਾਚਕ ਤੇ ਨਾ ਹੀ ਯਾਤਰਾ ਬੋਧਕ। ਇਨ੍ਹਾਂ ਦਾ ਮੂਲ ਸੰਬੰਧ ਘਰੋਗੀ ਵਾਤਾਵਰਣ ਨਾਲ ਹੈ। ਘਰਾਂ ਦੇ ਕੰਮ ਦੀ ਵੀ ਇਕ ਖ਼ਾਸ ਤਕਨੀਕ ਹੁੰਦੀ ਹੈ। ਕੁਝ ਇਸਤਰੀਆਂ ਇਸ ਦੀ ਮੁਹਾਰਤ ਰੱਖਦੀਆਂ ਹਨ ਤੇ ਕੁਝ ਨਹੀਂ। ਜਿਸ ਤਰ੍ਹਾਂ ਘਰ ਦੇ ਸਾਰੇ ਕੰਮ ਨੂੰ ਸਫਲਤਾ ਪੂਰਬਕ ਨਿਬਾਹੁਣ ਵਾਲੀ ਇਸਤਰੀ ਨੂੰ ਸੁਚੱਜੀ ਕਿਹਾ ਜਾਂਦਾ ਹੈ। ਉਸੇ ਤਰ੍ਹਾਂ ਘਰੋਗੀ ਕੰਮਾਂ ਵਿਚ ਪੂਰੀ ਯੋਗਤਾ ਨਾ ਰੱਖਣ ਵਾਲੀ ਇਸਤਰੀ ਨੂੰ ਕੁਚੱਜੀ ਵੀ ਕਿਹਾ ਜਾਂਦਾ ਹੈ। ਘਰੋਗੀ ਸੁਖਚੈਨ ਲਈ ਸਲੀਕੇ ਦਾ ਮਹੱਤਵਪੂਰਣ ਰੋਲ ਹੈ। ਇਸ ਰਚਨਾ-ਰੂਪ ਵਿਚ ਸੰਦਰਭ ਤਾਂ ਘਰੋਗੀ ਹੈ ਪਰ ਇਸ ਦਾ ਮੁਖ ਪਰਲੋਕ ਵਲ ਹੈ ਅਥਵਾ ਅਧਿਆ-ਤਮਕ ਗੁਣ-ਗ੍ਰਹਿਣ ਕਰਨ ਦੀ ਪ੍ਰੇਰਣਾ ਹੈ।

ਗੁਰੂ ਨਾਨਕ ਦੇਵ ਨੇ ਇਹ ਰਚਨਾ-ਰੂਪ ਘਰੋਗੀ ਵਾਤਾਵਰਣ ਨਾਲ ਜੋੜ ਕੇ ਅਧਿਆਤਮਕ ਗੁਣਾਂ ਨੂੰ ਉਭਾਰਿਆ ਹੈ। 'ਕੁਚਜੀ' ਅਤੇ 'ਸੁਚਜੀ' ਗੁਰੂ ਨਾਨਕ ਦੇਵ ਨੇ ਰਚੇ ਹਨ। ਇਸੇ ਰੂਪ ਦਾ ਅਨੁਸਰਣ ਕਰਕੇ ਮਹਲਾ ੫ ਨੇ 'ਗੁਣਵੰਤੀ' ਰਚਨਾ ਦਾ ਸਿਰਜਣ ਕੀਤਾ ਹੈ। ਇਹ ਧਿਆਨ ਰਹੇ, ਕੁਚਜੀ ਸੁਚਜੀ ਤੇ ਲੋਕ ਯੋਗਤਾ ਨਾਲ ਸੰਬੰਧਿਤ ਗੁਣਵੰਤੀ ਸੂਹੀ ਰਾਗ ਦੀ ਬੰਦਿਸ਼ ਵਿਚ ਹੀ ਪੇਸ਼ ਹੋਏ ਹਨ। ਇਹ ਤਿੰਨੇ ਗੁਣਾਤਮਕ ਰਚਨਾਵਾਂ ਹਨ। ਇਕ ਪਾਸੇ, ਲੋਕ-ਜੀਵਨ ਨਾਲ ਸੰਬੰਧਿਤ ਗੁਣ ਹਨ ਤੇ ਦੂਜੇ ਪਾਸੇ, ਧਾਰਮਕ-ਜੀਵਨ ਨਾਲ ਜੁੜੇ ਹੋਏ ਗੁਣ। ਕੁਲ ਮਿਲਾ ਕੇ, ਇਸ ਰੂਪ ਦੀ ਬਿਰਤੀ ਉਪਦੇਸ਼ਾਤਮਕ ਹੈ।

ਇਥੇ ਇਹ ਧਿਆਨ ਰਹੇ ਲੋਕ ਜੀਵਨ ਵਿਚ ਸੁਖ ਨਾਲੋਂ ਦੁਖ ਦੀ ਮਾਤਰਾ ਵਧੇਰੇ ਹੈ। 'ਬਿਰਹੜੇ' ਰਚਨਾ ਵਿਚ ਦੁਨਿਆਵੀ ਦੁਖ ਤੋਂ ਅਧਿਆਤਮਕ ਸੁਖ ਦੀ ਯਾਤਰਾ ਦਾ ਕਥਨ ਹੈ। ਬਿਰਹੜੇ ਵੀ ਲੋਕ-ਮੁਹਾਵਰੇ ਦੀ ਸਾਖ ਭਰਦੇ ਹਨ।



CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਵਿਛੋੜੇ ਦੇ ਗੀਤ ਨੂੰ ਪੰਜਾਬੀ ਲੋਕ ਬੋਲੀ ਵਿਚ ਬਿਰਹਾ ਤੇ ਬਿਰਹੜਾ ਕਿਹਾ ਜਾਂਦਾ ਰਿਹਾ ਹੈ। ਇਸ ਰਚਨਾ ਦਾ ਪੂਰਾ ਸਿਰਲੇਖ ਹੈ—"ਆਸਾ ਮਹਲਾ ੫ ਬਿਰਹੜੇ ਘਰ ੪ ਛੰਤਾਂ ਕੀ ਜਤਿ" ਇਸ ਸਿਰਲੇਖ ਦਾ ਪਹਿਲਾ ਅਧ ਤਾਂ ਸਪਸ਼ਟ ਹੈ ਕਿ ਇਹ ਰਚਨਾ ਪੰਚਮ ਗੁਰੂ ਦੀ ਹੈ। ਦੂਸਰੇ ਅਧ—ਛੰਤਾ ਕੀ ਜਤਿ ਤੋਂ ਭਾਵ ਹੈ ਕਿ ਇਨ੍ਹਾਂ ਨੂੰ ਛੰਤਾਂ ਵਾਲੀ ਲੈਅ ਉਪਰ ਗਾਇਆ ਜਾਵੇ। ਛੰਤ ਅਤੇ ਬਿਰਹੜੇ ਦੋਵੇਂ ਲੋਕ ਗੀਤ ਹਨ। ਛੰਤ-ਪ੍ਰਭੂ ਪਰਮੇਸ਼ਰ ਦੀ ਮਹਿਮਾ ਵਿਚ ਗਾਏ ਜਾਂਦੇ ਹਨ ਤੇ ਵਿਅ ਹ ਦਾ ਹੂਪਕ ਇਨ੍ਹਾਂ ਦੀ ਲਾਜ਼ਮੀ ਸ਼ਰਤ ਹੈ। ਪਰ ਬਿਰਹੜੇ-ਬ੍ਰਿਹੋਂ ਭਰੇ ਉਚਾਰ ਹਨ, 'ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮ ਦੇਇ ਮਿਲਾਇ' ਮਨ ਦੀ ਤੀਬਰ ਲੋਚ ਨੂੰ ਪ੍ਰਕਾਸ਼ਮਾਨ ਕਰਦੇ ਚਨ। ਇਸ ਦਿਲ ਟੁੰਬਵੀਂ ਲਾਲਸਾ ਕਾਰਣ ਹੀ 'ਸੁਖੁ ਸੀਗਾਰ ਬਿਖਿਆ ਕੇ ਕੇ ਫੀਕੇ ਤਜਿ ਛੋਡੇ ਮੇਰੀ ਮਾਇ' ਵਾਲੀ ਅਵਸਥਾ ਆਣ ਪੁੱਜੀ ਹੈ। ਇਸ ਅਵਸਥਾ ਦਾ ਜ਼ਿਕਰ ਮੂੰਹ ਨਾਲ ਕੀਤਾ ਹੀ ਨਹੀਂ ਜਾ ਸਕਦਾ ਪਰ 'ਸਾਚੀ ਪ੍ਰੀਤ ਨ ਤੁਟਈ ਪਿਆਰੇ ਜੁਗ ਜੁਗ ਰਹੀ ਸਮਾਇ' ਬ੍ਰਿਹੋਂ ਭਰੇ ਸ਼ਬਦ ਦਿਲ ਹਲੂਣਵੇਂ ਹਨ। ਵੈਗ ਤਿੱਖਾ ਪਰ ਨਿੱਕੇ ਨਿੱਕੇ ਦਰਦ ਦਾ ਪ੍ਰਤੀਕ ਹੈ। ਜੀਵ ਆਪਣੇ ਭਰਮ ਸਦਕਾ ਵਿਛੜ ਕੇ ਦੁਖ ਪਾਉਂਦਾ ਹੈ। ਦੁਖ ਮਾਰੂ ਹੈ ਪਰ ਪ੍ਰਭੂ-ਸੰਜੋਗ ਇਸ ਸਭ ਕਾਸੇ ਦਾ ਦਾਰੂ।

ਇਸ ਰਚਨਾ ਦੀਆਂ ਕੁਲ ਤਿੰਨ ਅਸਟਪਦੀਆਂ ਹਨ।
ਹਰ ਇਕ ਅਸਟਪਦੀ ਦੇ ਅੱਠ ਬੰਦ ਹਨ।
ਹਰ ਇਕ ਬੰਦ ਇਕ ਪੰਕਤੀ ਦਾ ਹੈ।

ਅੰਤ ਵਿਚ, ਇਹ ਸੰਕੇਤ ਕਰਨਾ ਉਚਿਤ ਹੈ, ਕੁਚਜੀ, ਸੁਚਜੀ, ਗੁਣਵੰਤੀ ਤੇ ਬਿਰਹੜੇ ਲੋਕ ਮੁਹਾਂਦਰਾ ਤਾਂ ਰੱਖਦੇ ਹਨ ਪਰ ਇਨ੍ਹਾਂ ਨੂੰ ਸੁਤੰਤਰ ਰੂਪਾਕਾਰ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹ ਸਾਰੇ ਲੋਕ-ਮੁਹਾਵਰੇ ਦੀ ਝਲਕ ਤਾਂ ਰੱਖਦੇ ਹੀ ਹਨ ਪਰ ਸਮੇਂ ਦੇ ਪਰਵਾਹ ਨਾਲ ਕਾਵਿ-ਸੰਸਾਰ ਵਿਚ ਰੂਪਾਕਾਰ ਵਿਸ਼ੇਸ਼ ਵਿਚ ਪਰਣਿਤ ਨਹੀਂ ਹੋਏ।

੧ੴ ਸਤਿਗੁਰ ਪ੍ਰਸਾਦਿ ॥

**ਆਸਾ ਮਹਲਾ ੫ ਬਿਰਹੜੇ ਘਰੁ ੪ ਛੰਤਾ ਕੀ ਜਤਿ** (ਆਦਿ ਗ੍ਰੰਥ-431)

ਪਾਰਬ੍ਰਹਮੁ ਪ੍ਰਭੂ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ।
ਜਿਸ ਸਿਮਰਤ ਦੁਖ ਬਿਸਰਹਿ ਪਿਆਰੇ ਸੋ ਕਿਉ ਤਜਣਾ[1] ਜਾਇ।
ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ।
ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ।
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ।
ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ[2] ਨ ਕਾਹੂ[3] ਜਾਇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿ ਰਸੁ ਜਿਨੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ[4] ।
ਅੰਚਲੁ[5] ਗਹਿਆ[6] ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ ।।੮।।੧।।

ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ ।
ਸੁੰਦਰੁ ਸੁਘੜੁ ਸੁਜਾਣ ਪ੍ਰਭ, ਮੇਰਾ ਜੀਵਨੁ ਦਰਸੁ ਦਿਖਾਇ ।
ਜੋ ਜੀਅ ਤੁਝ ਤੇ ਬੀਛੁਰੇ[7] ਪਿਆਰੇ ਜਨਮਿ ਮਰਹਿ ਬਿਖੁ ਖਾਇ ।
ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ ਤਿਸ ਕੈ ਲਾਗਉ ਪਾਇ ।
ਜੋ ਸੁਖੁ ਦਰਸਨ ਪੇਖਤੇ[8] ਪਿਆਰੇ ਮੁਖ ਤੇ ਕਹਣੁ ਨ ਜਾਇ ।
ਸਾਚੀ ਪ੍ਰੀਤ ਨਾ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ।
ਜੋ ਤੁਧੁ ਭਾਵੈ ਸੋ ਭਲਾ ਪਿਆਰੇ ਨੇਰੀ ਅਮਰੁ ਰਜਾਇ ।
ਨਾਨਕ ਰੰਗਿ ਰਤੇ ਨਰਾਇਣੈ ਪਿਆਰੇ ਮਾਤੇ ਸਹਜਿ ਸੁਭਾਇ ।।੮।।੨।।

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ ।
ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ ।
ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ।
ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ ।
ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ ।
ਸਾਈ[9] ਕਾਰ[10] ਕਮਾਵਣੀ ਪਿਆਰੇ ਧੁਰਿ ਮਸਤਕਿ ਲੇਖੁ ਲਿਖਾਰਿ ।
ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ।
ਸੰਸਾਰ ਕੂਪ[11] ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ ।।੮।।3।।

ਇਥੇ ਇਹ ਸੰਕੇਤ ਕਰਨਾ ਉਚਿਤ ਹੈ, ਇਸ ਰਚਨਾ ਦਾ ਨਾਮ ਲੋਕ ਬੋਲੀ ਦੀ ਵਿਸ਼ੇਸ਼ ਝਲਕ ਤਾਂ ਦੇਂਦਾ ਹੈ, ਪਰ ਰਚਨਾ ਵਿਚਲਾ ਪਾਠ ਕਿਸੇ ਵਿਸ਼ੇਸ਼ ਲੋਕ ਨਾਇਕ ਨੂੰ ਪੇਸ਼ ਨਹੀਂ ਕਰਦਾ ਜਿਸ ਲਈ ਕੋਈ ਬਿਰਹਨ ਵਿਸ਼ੇਸ਼ ਬਿਰਹੜੇ ਦਾ ਗੀਤ ਗਾ ਰਹੀ ਹੋਵੇ । ਇਸ ਰਚਨਾ ਦੀ ਪਹਿਲੀ ਧਿਰ ਸਦਾ ਸੁਹਾਗ ਉਹੀ ਹੈ ਤੇ ਦੂਸਰੀ ਧਿਰ 'ਸਦਾ ਭਟਕਦੀ' ਜੀਵਾਤਮਾ । ਇਕ ਤਰ੍ਹਾਂ ਜੀਵਾਤਮਾ ਦਾ ਪਰਮਾਤਮਾ ਲਈ 'ਬਿਰਹਾ' ਹੀ ਇਸ ਰਚਨਾ ਦਾ ਪ੍ਰਾਣ-ਤੱਤ ਹੈ ।

**ਕੁਚਜੀ/ਸੁਚਜੀ/ਗੁਣਵੰਤੀ—**

ਸੂਹੀ ਰਾਗ ਵਿਚ ਕੁਚਜੀ ਤੇ ਸੁਚਜੀ ਮਹਲਾ ੧ ਰਚਿਤ ਰਚਨਾਵਾਂ ਹਨ ਤੇ ਗੁਣਵੰਤੀ ਮਹਲਾ ੫ ਦੀ ਰਚਨਾ ਹੈ । ਜਿਨ੍ਹਾਂ ਤਿੰਨਾਂ ਦੀ ਇਕਰੂਪਤਾ ਇਹ ਹੈ ਇਹ ਤਿੰਨੇ ਗੁਣ ਵਾਚਕ ਰਚਨਾਵਾਂ ਹਨ । ਨਾਮ ਦੇ ਪੱਖੋਂ ਪੰਜਾਬੀ ਲੋਕ ਮੁਹਾਵਰੇ ਦੀ ਰੰਗਤ ਰੱਖਦੀਆਂ ਹਨ ਤੇ ਤਿੰਨਾਂ ਦੀ ਖ਼ਾਸੀਅਤ ਇਹ ਹੈ, ਇਹ ਲੋਕ ਰੰਗਤ ਦੇ ਨਾਲ ਨਾਲ ਅਧਿਆਤਮਕ ਅਰਥਾਂ ਨੂੰ ਵੀ ਸਿਰਜਦੀਆਂ ਹਨ ।

ਪੰਜਾਬੀ ਵਿਚ ਕੁਝ ਲੋਕ ਗੀਤ ਤੇ ਅਖਾਣ ਕੁਚਜੀ ਸੁਚਸੀ ਦੇ ਸਿਰਲੇਖ ਹੇਠ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦੇ ਹੰਨ । ਕੁਚਜੀ ਨਾਮ ਦਾ ਕਾਵਿ-ਰੂਪ ਲਹਿੰਦੀ ਵਿਚ ਬੜਾ ਪ੍ਰਸਿੱਧ ਰਿਹਾ ਹੈ। ਵਿਚਾਰ ਵਾਲੀ ਗੱਲ ਤਾਂ ਇਹ ਹੈ ਗੁਰੂ ਨਾਨਕ ਰਚਿਤ ਕੁਚਜੀ/ਸੁਚਜੀ ਵਿਚ ਲਹਿੰਦੀ ਬੋਲੀ ਦੀ ਸ਼ਬਦਾਵਲੀ ਦੀ ਚੋਖੀ ਵਰਤੋਂ ਹੈ । ਅਸਲ ਵਿਚ ਗੁਰਮਤ ਦੀ ਪ੍ਰੀਭਾਸ਼ਕ ਸ਼ਬਦਾਵਲੀ ਅਨੁਸਾਰ ਕੁਚੱਜੀ ਨੂੰ ਮਨਮੁਖ ਤੇ ਸੁਚਜੀ ਨੂੰ ਗੁਰਮੁਖ ਦੇ ਅਰਥਾਂ ਵਿਚ ਪਾਰਿਭਾਸਤ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਨੇ ਲੋਕ ਮੁਹਾਵਰੇ ਰਾਹੀਂ ਅਧਿਆਤਮਕ ਮਰਮ ਨੂੰ ਉਜਾਗਰ ਕੀਤਾ ਹੈ। ਦੂਸਰ ਸ਼ਬਦਾਂ ਵਿਚ ਮਨਮੁਖ ਤੇ ਗੁਰਮੁਖ ਸੰਕਲਪਨਾਵਾਂ ਦਾ ਇਸਤਰੀਕਰਣ ਕੁਚਜੀ ਸੁਚਜੀ ਦੇ ਪ੍ਰਤੀਕ ਰਾਹੀਂ ਕੀਤਾ ਗਿਆ ਹੈ।

ਗੁਣਵੰਤੀ ਇਸਤਰੀ ਪ੍ਰਤੀਕ ਹੈ। ਪ੍ਰਥਮ ਗੁਰੂ ਨੇ ਕੁਚਜੀ ਸੁਚਜੀ ਪ੍ਰਤੀਕ ਦਾ ਪ੍ਰਯੋਗ ਕੀਤਾ ਹੈ ਤੇ ਪੰਚਮ ਗੁਰੂ ਵੀ ਇਨ੍ਹਾਂ ਗੁਣਵਾਚਕ ਪ੍ਰਤੀਕਾਂ ਤੋਂ ਪ੍ਰਭਾਵਿਤ ਹੋਏ ਲਗਦੇ ਹਨ। ਉਨ੍ਹਾਂ ਨੇ ਸੁਚੱਜੀ ਸ਼ਬਦ ਨਾ ਵਰਤ ਕੇ ਗੁਣਵੰਤੀ ਪ੍ਰਤੀਕ ਦਾ ਪ੍ਰਯੋਗ ਕੀਤਾ ਹੈ। ਇਸ ਰਚਨਾ ਦੀ ਥੀਮ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਇਸ ਰਚਨਾ ਵਿਚ ਪੇਸ਼ ਹੋਇਆ 'ਗੁਰ ਸਿਖੜਾ' ਗੁਣਵੰਤੀ ਦਾ ਹੀ ਪ੍ਰਤੀਕ ਹੈ। ਗੁਰਸਿਖ ਅਤੇ ਗੁਣਵੰਤੀ ਇਸ ਰਚਨਾ ਵਿਚ ਸਮਾਨਾਰਥੀ ਹੋਕੇ ਵਿਚਰਦੇ ਹਨ।

ੴ ਸਤਿਗੁਰ ਪ੍ਰਸਾਦਿ ॥

**ਰਾਗੁ ਸੂਹੀ ਮਹਲਾ ੧ ਕੁਚਜੀ** (ਆਦਿ ਗ੍ਰੰਥ 762)

ਸੰਞੁ [2] ਕੁਚਜੀ ਅੰਮਾਵਣਿ[13] ਡੋਸੜੇ[14] ਹਉ[15] ਕਿਉ[16] ਸਹੁ ਰਾਵਣਿ[17] ਜਾਉ ਜਾਉ ।
ਇਕ ਦੂ[18] ਇਕਿ ਚੜੁੰਢੀਆਂ[19] ਕਉਣੁ ਜਾਣੈ ਮੇਰਾ ਨਾਉ ਜੀਉ ।
ਜਿਨੀ ਸਖੀ ਸਹੁ ਰਾਵਿਆ ਸੋ[20] ਅੰਬੀ[21] ਛਾਵੜੀ[22] ਏਹਿ[23] ਜੀਉ ।
ਸੇ ਗੁਣ ਮੰਞੁ ਨ ਆਵਨੀ ਹਉ ਕੈ[24] ਜੀ ਦੋਸ ਧਰੇਉ[25] ਜੀਉ ।
ਕਿਆ ਗੁਣ ਤੇਰੇ ਵਿਥਰਾ[26] ਹਉ ਕਿਆ[27] ਕਿਆ ਘਿਨਾ[28] ਤੇਰਾ ਨਾਉ ਜੀਉ ।
ਇਕਤੁ[29] ਟੋਲਿ[30] ਹਉ ਸਦ ਕੁਰਬਾਣੇ ਤੇਰੈ ਜਾਉ ਜੀਉ ।
ਸੁਇਨਾ ਰੁਪਾ ਰੰਗਲਾ ਮੋਤੀ ਤੈ ਮਾਣਿਕੁ ਜੀਉ ।
ਸੇ ਵਸਤੂ ਸਹਿ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ ।
ਮੰਦਰ ਮਿਟੀ ਸੰਦੜੈ[31] ਪਥਰ ਕੀਤੇ ਰਾਹਿ[32] ਜੀਉ ।
ਹਉ ਏਨੀ ਟੋਲੀ ਭੁਲੀ ਅਸੁ[33] ਤਿਸੁ ਕੰਤੁ ਨ ਬੈਠੀ ਪਾਸ ਜੀਉ ।
ਅੰਬਰਿ[34] ਕੂੰਜਾ ਕੁਰਲੀਆ ਬਗ[35] ਬਹਿਠੇ ਆਇ ਜੀਉ ।
ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ।
ਸੁਤੀ ਸੁਤੀ ਝਾਲੁ[36] ਥੀਆ ਭੁਲੀ ਵਾਟੜੀਆਸੁ ਜੀਉ ।
ਤੈ ਸਹ ਨਾਲਹੁ ਮੁਤੀਅਸੁ[37] ਦੁਖਾਂ ਕੂੰ ਧਰੀਆਸੁ[38] ਜੀਉ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ।
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ[39] ਕਾਈ[40] ਰਾਤ ਜੀਉ ।

## ਸੂਹੀ ਮਹਲਾ ੧ ਸੁਚਜੀ (ਆਦਿ ਗ੍ਰੰਥ 762)

ਜਾ ਤੂ ਤਾ ਮੈ ਸਭ ਕੋ ਤੂ ਸਾਹਿਬ ਮੇਰੀ ਰਾਸਿ ਜੀਉ ।
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ।
ਭਾਣੈ[42] ਤਖਤਿ ਵਡਾਈਆ ਭਾਣੈ ਭੀਖ[43] ਉਦਾਸਿ ਜੀਉ ।
ਭਾਣੈ ਲਥ ਸਿਰਿ ਸਰੁ[44] ਵਹੈ ਕਮਲੁ ਫੁਲੈ ਆਕਾਸਿ ਜੀਉ ।
ਭਾਣੈ ਭਵਜਲੁ[45] ਲੰਘੀਐ ਭਾਣੈ ਮੰਝਿ ਭਰੀਆਸਿ[46] ਜੀਉ ।
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ।
ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ[47] ਪਈਆਸਿ[48] ਜੀਉ ।
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ।
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥

## ਸੂਹੀ ਮਹਲਾ ੫ ਗੁਣਵੰਤੀ (ਆਦਿ ਗ੍ਰੰਥ 763)

ਜੋ ਦੀਸੈ ਗੁਰਸਿਖੜਾ[49] ਤਿਸੁ ਨਿਵਿ ਨਿਵ ਲਾਗਉ[50] ਪਾਇ[51] ਜੀਉ ।
ਆਖਾ ਬਿਰਥਾ[52] ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ।
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ[53] ਨ ਕਾਹੂ ਜਾਇ ਜੀਉ ।
ਇਹੁ ਮਨੁ ਤੈ[54] ਕੂੰ ਡੇਵਸਾ[55] ਮੈ ਮਾਰਗੁ ਦੇਹੁ ਬਤਾਇ ਜੀਉ ।
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ[56] ਤਉ[57] ਸਰਣਾਇ[58] ਜੀਉ ।
ਮੈ ਆਸਾ ਰਖੀ ਚਿਤਿ ਮਹਿ[59] ਮੇਰਾ ਸਭੋ ਦੁਖੁ ਗਵਾਇ ਜੀਉ ।
ਇਤੁ ਮਾਰਗਿ ਚਲੇ ਭਾਈਅੜੇ[60] ਗੁਰੁ ਕਹੈ ਸੁ ਕਾਰ[61] ਕਮਾਇ[62] ਜੀਉ ।
ਤਿਆਗੇ ਮਨ ਕੀ ਮਤੜੀ[63] ਵਿਸਰੈ[64] ਦੂਜਾ[65] ਭਾਉ ਜੀਉ ।
ਇਉ ਪਾਵਹਿ ਹਰਿ ਦਰਸਾਵੜਾ[66] ਨਹ ਲਗੈ ਤਤੀ[67] ਵਾਉ ਜੀਉ ।
ਹਉ ਆਪਹੁ[68] ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ।
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ[69] ਜੀਉ ।
ਮੈ ਬਹੁੜਿ[70] ਨਾ ਤ੍ਰਿਸਨਾ ਭੁਖੜੀ[71] ਹਉ ਰਜਾ[72] ਤ੍ਰਿਪਤਿ ਅਘਾਇ[73] ਜੀਉ ।
ਜੋ ਦੀਸੈ ਗੁਰ ਸਿਖੜਾ[74] ਤਿਸੁ ਨਿਵਿ ਨਿਵਿ ਲਾਗਉ[75] ਪਾਇ[76] ਜੀਉ ॥੩॥

ਕੁਚਜੀ ਸੁਚਜੀ ਦੇ ਰਚਨਾ-ਪਾਠ ਤੋਂ ਬਾਅਦ ਇਹ ਹੋਰ ਤੱਥ ਨਿਖਰ ਕੇ ਸਾਹਮਣੇ ਆਉਂਦਾ ਹੈ। ਇਨ੍ਹਾਂ ਦੋਹਾਂ ਰਚਨਾਵਾਂ ਦੀ ਪੇਸ਼ਕਾਰੀ ਉਤਮ ਪੁਰਖ ਵਿਚ ਹੋਈ ਹੈ। ਕੁਚਜੀ ਦੇ ਮਨ ਦੇ ਆਖੇ ਲਗਣ ਵਾਲਾ ਜਗਿਆਸੂ ਆਪਣੇ ਅਵਗੁਣਾਂ ਦਾ ਇਜ਼ਹਾਰ ਕਰਦਾ ਹੈ। ਦੁਨਿਆਵੀ ਪਦਾਰਥ ਤਾਂ ਕੇਵਲ ਵਰਤਣ ਲਈ ਸਨ ਪਰ ਮਾਇਆ ਦੀ ਚਮਕ ਵਿਚ ਗੁਆਚਾ ਜੀਵ ਇਸੇ ਨੂੰ ਹੀ ਸਭ ਕੁਝ ਸਮਝ ਬੈਠਾ ਹੈ। ਇਹੀ ਕਾਰਣ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਅਗਿਆਨਤਾ ਵਿਚ ਹੀ ਸਾਰੀ ਉਮਰ ਬੀਤ ਗਈ ਹੈ। ਭਟਕਦਾ ਜੀਵ ਆਪਣੇ ਅੰਤਿਮ ਅਰਥਾਂ ਵਿਚ ਪ੍ਰਮਾਤਮਾ ਨੂੰ ਨਿਰਾਪੁਰਾ ਭੁਲਾ ਨਹੀਂ ਸਕਦਾ, ਸਗੋਂ ਕਦੇ ਕਦਾਈਂ ਤਰਸ ਕੇ ਸੰਜੋਗ ਦੀ ਇਕ ਅੱਧ ਘੜੀ ਨੂੰ ਚਿਤਵਦਾ ਵੀ ਹੈ "ਸਭਿ ਰਾਤੀਂ ਸੋਹਾਗਣੀ ਮੈਂ ਡੁਹਾਗਣਿ ਕਾਈ ਰਾਤ ਜੀਉ ॥" ਇਹ ਰਚਨਾ 16 ਪੰਕਤੀਆਂ ਦੀ ਹੋਣ ਕਰਕੇ ਨਾ ਬਹੁਤ ਲੰਮੇਰੀ ਹੈ ਤੇ ਨਾ ਹੀ ਬਹੁਤ ਛੋਟੇਰੀ।

ਸੁਚਜੀ ਵਿਚ ਗੁਰਮੁਖਿ ਦੀ ਅਵਸਥਾ ਦਾ ਨਿਰੂਪਣ ਹੈ। ਗੁਰਮੁਖਿ ਦੀ ਸਭ ਤੋਂ ਵਡੀ ਨਿਸ਼ਾਨੀ ਰੱਬੀ ਰਜ਼ਾ ਵਿਚ ਰਹਿਣ ਦੀ ਹੈ। ਗੁਰਮੁਖ ਸੰਸਾਰ ਦੀ ਹਰ ਨਿੱਕੀ ਮੋਟੀ ਘਟਨਾ ਦਾ ਕਾਰਨ ਪ੍ਰਮਾਤਮਾ ਨੂੰ ਹੀ ਮੰਨਦਾ ਹੈ। ਵੇਖਣ ਵਿਚ ਉਹ ਕਾਰਜ ਮਨੁੱਖ ਲਈ ਕਿੰਨਾ ਵੀ ਦੁਖਦਾਈ ਕਿਉਂ ਨਾ ਹੋਵੇ, ਮਨੁੱਖ ਨੂੰ ਰੱਬ ਦੇ ਹੁਕਮ ਵਿਚ ਹੀ ਸੁਖ ਮਨਾਉਣਾ ਚਾਹੀਦਾ ਹੈ। ਇਸ ਰਚਨਾ ਦਾ ਵਧੇਰੇ ਬਲ 'ਹੁਕਮ' ਉਪਰ ਹੈ। ਅਕਾਰ ਦੀ ਦ੍ਰਿਸ਼ਟੀ ਤੋਂ ਇਹ ਛੁਟੇਰੀ ਰਚਨਾ ਹੈ। ਇਸ ਦੀਆਂ ਕੁਲ ਦਸ ਪੰਕਤੀਆਂ ਹਨ।

ਗੁਣਵੰਤੀ ਪੰਚਮ ਗੁਰੂ ਦੀ ਰਚਨਾ ਹੈ। ਇਹ ਰਚਨਾ ਗੁਰਸਿਖ ਦੇ ਗੁਣ-ਕਰਮ ਦੀ ਥਹੁ ਦੇਂਦੀ ਹੈ। ਪੰਚਮ ਗੁਰੂ ਦੀ ਇਸ ਰਚਨਾ ਵਿਚ ਸੰਬਾਦੀ ਸੁਰ ਉਚੇਰਾ ਹੈ। "ਹਉ ਆਪਹੁ ਬੋਲਿ ਨਾ ਜਾਣਦਾ ਮੈਂ ਕਹਿਆ ਸਭ ਹੁਕਮਾਉ ਜੀਉ ॥" ਇਸ ਵਿਧੀ ਰਾਹੀਂ ਗੁਰੂ ਦੀ ਸੰਖਿਆ ਮੰਨਣ ਵਾਲੇ ਸਾਧਕ ਦੀ ਜੋ ਅਵਸਥਾ ਬਣ ਗਈ ਹੈ ਉਸ ਦਾ ਨਿਰੂਪਣ ਕੀਤਾ ਗਿਆ ਹੈ। ਅਕਾਰ ਦੀ ਦ੍ਰਿਸ਼ਟੀ ਤੋਂ ਇਹ ਲਘੂ ਅਕਾਰੀ ਰਚਨਾ ਹੈ। ਇਸ ਦੀਆਂ ਕੁਲ ਤੇਰ੍ਹਾਂ ਪੰਕਤੀਆਂ ਹਨ।

ਕੁਲ ਮਿਲਾ ਕੇ ਕੁਚਜੀ, ਸੁਚਜੀ ਤੇ ਗੁਣਵੰਤੀ ਲੋਕ ਮੁਹਾਵਰੇ ਦੀ ਸ਼ਨਾਖ਼ਤ ਦੇਣ ਦੇ ਨਾਲ ਨਾਲ ਅਧਿਆਤਮਿਕਤਾ ਨੂੰ ਸਾਰਥਿਕਤਾ ਨਾਲ ਉਜਾਗਰ ਕਰਦੀਆਂ ਹਨ ਤੇ ਇਹੀ ਇਨ੍ਹਾਂ ਦਾ ਅਦੁੱਤੀਪਨ ਹੈ।

ਇਥੇ ਇਕ ਹੋਰ ਨਿਖੇੜਾ ਕਰ ਲੈਣਾ ਉਚਿਤ ਪ੍ਰਤੀਤ ਹੁੰਦਾ ਹੈ। 'ਕੁਚਜੀ' ਤੇ 'ਸੁਚਜੀ' ਰਚਨਾਵਾਂ ਵਿਚਲੀ ਦੂਜੀ ਧਿਰ (ਜੀਵਾਤਮਾ) ਇਸਤਰੀ-ਰੂਪ ਹੈ। ਇਸ ਤੋਂ ਉਲਟ 'ਗੁਣਵੰਤੀ' ਵਿਚਲੀ ਦੂਜੀ ਧਿਰ ਪੁਰਖ ਰੂਪ ਵਿਚ ਪੇਸ਼ ਹੁੰਦੀ ਹੈ। ਭਾਵੇਂ ਰਚਨਾ ਵਿਸ਼ੇਸ਼ ਦਾ ਨਾਮ ਇਸਤਰੀ ਵਾਚਕ ਹੋਣ ਕਰਕੇ ਇਹ ਭੁਲੇਖਾ ਪਾਉਂਦਾ ਹੈ ਕਿ ਇਸ ਵਿਚਲੀ ਦੂਸਰੀ ਹੋਂਦ ਵੀ ਇਸਤਰੀ ਵਾਚਕ ਹੀ ਹੋਵੇਗੀ, ਪਰ ਗੱਲ ਇਸ ਤੋਂ ਉਲਟ ਹੈ "ਹਉਂ ਆਪਹੁ ਬੋਲ ਨ ਜਾਣਦਾ" ਆਦਿ ਤੁਕਾਂਗ ਇਸ ਤੱਥ ਦੀ ਪੁਸ਼ਟੀ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਦਰਅਸਲ, ਇਹ ਗੁਣ-ਬੋਧਕ ਰਚਨਾ ਹੈ ਜੋ ਗੁਣਵੰਤ ਸਾਧਕ ਵਿਚ ਹੋਣੇ ਚਾਹੀਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਫੁਟ ਨੋਟ

1. ਤਿਆਗਣਾ, 2. ਦੂਜੇ ਕੋਲ, 3. ਕਿਸੇ, 4. ਰੱਜ ਗਏ, 5. ਲੜ, 6. ਫੜਿਆ 7. ਵਿਛੜੇ, 8. ਵੇਖਣ ਨਾਲ, 9. ਉਹ, 10. ਕੰਮ, 11. ਖੂਹ, 12. ਮੈਂ (ਲਹਿੰਦੀ), 13. ਨਾ ਸਮਾਣ ਵਾਲੇ ਅਥਵਾ ਅ-ਮਾਵਣਿ, 14. ਦੋਸ਼, 15. ਮੈਂ, 16. ਕਿਵੇਂ, 17. ਭੋਗਣ, ਮਾਨਣ, 18. ਤੋਂ, 19. ਚੜ੍ਹ ਕੇ, 20. ਉਹ, 21. ਅੰਬ ਦੀ, 22. ਛਾਂ ਥਲੇ, 23. ਹਨ, 24. ਕਿਸ ਨੂੰ, 25. ਦਿਆਂ, 26. ਵਿਸਤਾਰ ਨਾਲ ਦਸਾਂ, 27. ਕੀ ਕੀ, 28. ਲਵਾਂ, 29. ਇਕ, 30. ਖੂਬੀ, 31. ਪਹੁੰਚ ਸਕਦੀ, 32. ਦੇ, 33.ਪਥਰਾਂ ਨਾਲ ਸਜਾਏ ਹੋਏ, 34. ਮੈਂ ਇਨ੍ਹਾਂ ਵਡਿਆਈ ਦੇ ਸਮਾਨਾ ਵਿਚ ਭੁਲੀ ਰਹੀ, 35. ਅਸਮਾਨ ਵਿਚ, 36. ਚਿੱਟੇ ਵਾਲ ਆ ਗਏ ਹਨ, 37. ਸਵੇਰ ਹੋ ਗਈ, 38. ਵਿਛੜ ਗਈ, 39. ਇਕੱਠਾ ਕੀਤਾ ਹੈ, 40. ਪਤੀ ਤੋਂ ਵਿਛੜੀ ਹੋਈ, 41. ਕੋਈ ਇਕ ਰਾਤ ਦਿਓ, 42. ਹੁਕਮ ਵਿਚ, 43. ਭਿਖਿਆ, 44. ਸਰੋਵਰ, 45. ਸੰਸਾਰ ਸਾਗਰ, 46. ਵਿਚ, 47. ਜਹਾਜ ਭਰੀ ਕੇ ਡੁਬ ਜਾਂਦਾ ਹੈ, 48. ਡਰਾ-ਉਣਾ, 49. ਡਿਗ, 50. ਪੈਂਦੀ ਹਾਂ, 51. ਸਿੱਖ, 52, ਲਗ ਜਾਵਾਂ. 53. ਪੈਰ, 54. ਦਿਲ ਦਾ ਹਾਲ, 55. ਹੋਰ ਕਿਸੇ ਪਾਸੇ, 56. ਤੈਨੂੰ (ਲਹਿੰਦੀ) 57. ਦੇਵਾਂਗਾ, 58. ਵੇਖੀ, ਢੂੰਡੀ, 59. ਤੇਰੀ, 60. ਸਰਣ, 61. ਵਿਚ, 62. ਭਰਾ, 63. ਕੰਮ, 64. ਕਰ, 65. ਮਤ, ਮਨ ਦਾ ਆਪ ਹੁਦਰਾਪਨ, 66. ਭੁਲ ਜਾਏਂ, 67. ਦਵੈਤ ਭਾਵ, 68. ਦਰਸਨ, 69. ਤਕਲੀਫ ਨਹੀਂ ਹੋਵੇਗੀ, 70. ਆਪ, 71. ਹੁਕਮ ਦੇ ਅਨੁਸਾਰ, 72. ਮਿਹਰ, 73. ਮੈਨੂੰ ਫਿਰ ਕੋਈ, 74. ਭੁਖ, 75. ਰਜ ਗਿਆ ਹਾਂ, 76. ਖਾ ਕੇ ਰਜਣ ਤੋਂ ਬਾਅਦ ਦੀ ਅਵਸਥਾ ਨੂੰ ਅਘਾਣਾ ਕਹਿੰਦੇ ਹਨ, 77. ਉਸਦੇ, 78. ਲਗਦਾ ਹਾਂ, 79. ਚਰਨਾਂ ਨੂੰ ।

77



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accn no
Class no
Tot no
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਮਹਿੰਦਰ ਕੌਰ ਗਿਲ ਨੇ ਪੰਚਮ ਗੁਰੂ ਦੇ ਜੀਵਨ ਅਤੇ ਬਾਣੀ ਦੇ ਅਧਿਐਨ (1971) ਨਾਲ ਸ਼ੁਰੂ ਕੀਤਾ, ਜਿਸ ਲਈ ਦਿੱਲੀ ਯੂਨੀਵਰਸਿਟੀ ਨੇ ਉਹਨੂੰ ਪੀਐਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ। ਉਸਦੇ ਬਾਅਦ ਉਹ ਨਿਰੰਤਰ ਗੁਰਬਾਣੀ ਅਤੇ ਗੁਰੂ-ਇਤਿਹਾਸ ਦੇ ਅਧਿਐਨ ਵਿਚ ਲੀਨ ਰਹੀ ਹੈ। ਲਗਪਗ ਵੀਹ ਸਾਲਾਂ ਵਿਚ ਚਾਲੀ ਤੋਂ ਉਪਰ ਪੁਸਤਕਾਂ ਦੀ ਲੇਖਿਕਾ ਡਾ. ਮਹਿੰਦਰ ਕੌਰ ਗਿਲ ਦਾ ਜੀਵਨ-ਸਾਧਨਾ ਅਤੇ ਅਧਿਆਤਮ-ਸਾਧਨਾ ਦੀ ਉੱਤਮ ਉਦਾਹਰਣ ਹੈ। ਅਜਿਹੀ ਇਕਾਗਰ ਸਾਧਨਾ ਕਾਰਨ ਹੀ ਉਹਦਾ ਨਾਂ ਭਾਈ ਵੀਰ ਸਿੰਘ, ਭਾਈ ਜ਼ੋਧ ਸਿੰਘ, ਪ੍ਰੋਫੈਸਰ ਸਾਹਿਬ ਸਿੰਘ ਆਦਿ ਦੀ ਪਰੰਪਰਾ ਵਿਚ ਗਿਣਨ ਜੋਗ ਪ੍ਰਤੀਤ ਹੁੰਦਾ ਹੈ। ਇਸ ਪਰੰਪਰਾ ਵਿਚ ਉਹ ਪਹਿਲੀ ਅਤੇ ਹੁਣ ਤਕ ਇਕੋ ਇਕ ਮਹਿਲਾ ਲੇਖਿਕਾ ਹੈ।

ਉਹਦੀਆਂ ਲਿਖਤਾਂ ਰਾਹੀਂ ਧਰਮ-ਚਿੰਤਨ ਨੂੰ ਆਧੁਨਿਕ ਦਿਖ ਪ੍ਰਾਪਤੀ ਹੋਈ ਹੈ। ਲੋਕਯਾਨ ਤੋਂ ਲੈ ਕੇ ਸਾਹਿਤ-ਵਿਗਿਆਨ ਤਕ ਦੀਆਂ ਅੰਤਰ-ਦ੍ਰਿਸ਼ਟੀਆਂ ਨੇ ਉਹਦੇ ਚਿੰਤਨ ਦਾ ਚਿਹਰਾ-ਮੁਹਰਾ ਨਿਖਾਰਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar